PANJAB TIMES
# ਪੰਜਾਬ ਟਾਈਮਜ਼
£2
ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ
17th - 24th April 2025 • Issue No. 3076
Europe's Leading Panjabi Weekly Since 1965
Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!

Tel: 020 8571 6680
India:+91-181 5086389

## ਗ੍ਰੇਵਜ਼ੈਂਡ ਵਿਖੇ ਸ੍ਰੀ ਗੁਰੂ ਨਾਨਕ ਦਰਬਾਰ ਗੁਰਦੁਆਰਾ ਸਾਹਿਬ ਵੱਲੋਂ ਖਾਲਸਾ ਸਾਜਨਾ ਸਬੰਧੀ ਆਯੋਜਿਤ ਕੀਤੇ ਗਏ ਨਗਰ ਕੀਰਤਨ ਵਿੱਚ ਹਜ਼ਾਰਾਂ ਸੰਗਤਾਂ ਵੱਲੋਂ ਸ਼ਿਰਕਤ



ਹੋਰ ਤਸਵੀਰਾਂ ਆਖਰੀ ਪੰਨੇ 'ਤੇ ਅਤੇ ਖ਼ਬਰ ਅੰਦਰ ਦੇਖੋ:





## ਜਥੇਦਾਰ ਗੜਗੱਜ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਨੂੰ ਸਿਰੌਪਾ ਦੇ ਕੇ ਬਾਦਲ ਦਲ ਨੂੰ ਦਿੱਤੀ ਮਾਨਤਾ

- ਕੀ ਅਕਾਲ ਤਖ਼ਤ ਵੱਲੋਂ ਬਣਾਈ ਭਰਤੀ ਕਮੇਟੀ ਦੇ ਭਵਿੱਖ 'ਤੇ ਪ੍ਰਸ਼ਨ ਚਿੰਨ੍ਹ ਲੱਗ ਗਿਆ?
- ਅਕਾਲੀ ਧੜਿਆਂ ਵਿਚ ਮੁੜ ਟਕਰਾਅ ਹੋਣ ਦੀ ਸੰਭਾਵਨਾ



## ਬਾਜਵਾ ਦੇ ਸੂਬੇ ਵਿਚ 50 ਬੰਬ ਆਉਣ ਬਾਰੇ ਦਿੱਤੇ ਗਏ ਬਿਆਨ ਕਾਰਨ ਸਿਆਸੀ ਹਲਚਲ ਮਚੀ ....

- ਬਾਜਵਾ ਵਿਰੁੱਧ ਆਪ ਸਰਕਾਰ ਦੀ ਕਾਰਵਾਈ ਨੇ ਕਾਂਗਰਸ ਲੀਡਰਸ਼ਿਪ ਕੀਤੀ ਇਕਮੁੱਠ
- ਅਕਾਲੀ ਤੇ ਭਾਜਪਾ ਆਗੂਆਂ ਨੇ ਵੀ ਪੁਲਿਸ ਕਾਰਵਾਈ ਦੀ ਕੀਤੀ ਨਿੰਦਾ
- 'ਆਪ' ਵਲੋਂ ਅਮਨ ਅਰੋੜਾ ਦੀ ਅਗਵਾਈ ਵਿਚ ਬਾਜਵਾ ਖਿਲਾਫ ਰੋਸ ਪ੍ਰਦਰਸ਼ਨ
- ਬੰਬਾਂ ਦੀ ਕਹਾਣੀ ਘੜ ਕੇ ਪੰਜਾਬੀਆਂ ਵਿਚ ਦਹਿਸ਼ਤ ਫੈਲਾ ਰਹੇ ਹਨ ਬਾਜਵਾ : ਮੁੱਖ ਮੰਤਰੀ



## ਵਿਸਾਖੀ ਜੋੜ ਮੇਲੇ ਮੌਕੇ ਲੱਖਾਂ ਦੀ ਤਾਦਾਦ ਵਿਚ ਸੰਗਤਾਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਦਰਸ਼ਨਾਂ ਨੂੰ ਪਹੁੰਚੀਆਂ

- ਸਿੰਘ ਸਾਹਿਬ ਨੇ ਕੌਮ ਦੇ ਨਾਂਅ ਜਾਰੀ ਕੀਤਾ ਸੰਦੇਸ਼
- ਬਾਦਲ ਦਲ, ਮਾਨ ਦਲ, ਅੰਮ੍ਰਿਤਪਾਲ ਸਿੰਘ ਧੜੇ ਤੇ ਬਸਪਾ ਨੇ ਕੀਤੀਆਂ ਕਾਨਫਰੰਸਾਂ
- ਅਕਾਲੀ ਦਲ ਦੇ ਸੱਤਾ ਵਿਚ ਆਉਣ 'ਤੇ ਪੰਜਾਬ 'ਚੋਂ ਗੈਂਗਸਟਰਾਂ ਅਤੇ ਨਸ਼ਾ ਤਸਕਰਾਂ ਦਾ ਹੋਵੇਗਾ ਸਫਾਇਆ- ਸੁਖਬੀਰ









# ਟਰੰਪ ਦੇ ਰਾਹ ਚ ਅੜਿੱਕਾ ਬਣ ਰਹੇ ਜੱਜ ਖੁੱਡੇ ਲਾਈਨ

ਵਾਸ਼ਿੰਗਟਨ : ਟਰੰਪ ਦੇ ਰਾਹ ਵਿਚ ਅੜਿੱਕਾ ਬਣ ਰਹੇ ਜ਼ਿਲ੍ਹਾ ਜੱਜਾਂ ਨੂੰ ਖੁੱਡੇ ਲਾਈਨ ਲਾ ਦਿਤਾ ਗਿਆ ਹੈ ਅਤੇ ਹੁਣ ਉਹ ਬਰਥਰਾਈਟ ਸਿਟੀਜ਼ਨਸ਼ਿਪ ਤੇ ਲੱਗੀ ਰੋਕ ਹਟਾਉਣ ਜਾਂ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਤੇ ਰੋਕ ਲਾਉਣ ਵਰਗੇ ਵੱਡੇ ਹੁਕਮ ਜਾਰੀ ਨਹੀਂ ਕਰ ਸਕਣਗੇ। ਟਰੰਪ ਸਰਕਾਰ ਵੱਲੋਂ ਚੁੱਪ–ਚਪੀਤੇ ਲਿਆਂਦਾ ਨੋ ਰੋਗ ਰੂਲੰਗਜ਼ ਐਕਟ ਹਾਊਸ ਆਫ਼ ਰਿਪ੍ਰਜ਼ੈਂਟੇਟਿਵਜ਼ ਵਿਚ ਪਾਸ ਕਰ ਦਿਤਾ ਗਿਆ ਹੈ ਅਤੇ ਸੱਤਾਧਾਰੀ ਰਿਪਬਲਿਕਨ ਪਾਰਟੀ ਦੇ ਬਹੁਮਤ ਵਾਲੀ ਸੈਨੇਟ ਵਿਚ ਵੀ ਜਲਦ ਪਾਸ ਕੀਤਾ ਜਾ ਸਕਦਾ ਹੈ। ਸੰਸਦ ਦੇ ਹੇਠਲੇ ਸਦਨ ਵਿਚ 219 ਮੈਂਬਰ ਬਿਲ ਦੇ ਹੱਕ ਵਿਚ ਭੁਗਤੇ ਜਦਕਿ 213 ਮੈਂਬਰਾਂ ਨੇ ਇਸ ਦਾ ਵਿਰੋਧ ਕੀਤਾ। ਨਵਾਂ ਕਾਨੂੰਨ ਫੈਡਰਲ ਜ਼ਿਲ੍ਹਾ ਅਦਾਲਤਾਂ ਨੂੰ ਸਰਕਾਰੀ ਨੀਤੀਆਂ ਉਤੇ ਕੌਮੀ ਪੱਧਰ ਦੀ ਰੋਕ ਲਾਉਣ ਤੋਂ ਵਰਜਦਾ ਹੈ ਅਤੇ ਟਰੰਪ ਸਰਕਾਰ ਦੇ ਏਜੰਡੇ ਵਿਚ ਕੋਈ ਨਿਆਂਇਕ ਅੜਿੱਕਾ ਬਰਦਾਸ਼ਤ ਨਹੀਂ ਕਰਦਾ।

ਬਿਲ ਦਾ ਖਰੜਾ ਤਿਆਰ ਕਰਨ ਵਾਲੇ ਕੈਲੇਫੋਰਨੀਆ ਤੋਂ ਰਿਪਬਲਿਕਨ ਪਾਰਟੀ ਦੇ ਕਾਂਗਰਸ ਮੈਂਬਰ ਡੈਲਰ ਈਸਾ ਨੇ ਕਿਹਾ ਕਿ ਕਈ ਜੱਜਾਂ ਦੇ ਫੈਸਲੇ ਟਰੰਪ ਸਰਕਾਰ ਨੂੰ ਅੱਗੇ ਵਧਣ ਤੋਂ ਰੋਕ ਰਹੇ ਸਨ। ਕੁਝ ਜੱਜ ਆਪਣੇ ਦਾਇਰੇ ਵਿਚੋਂ ਬਾਹਰ ਆਉਂਦਿਆਂ ਸਿਆਸੀ ਪ੍ਰਕਿਰਿਆ ਵਿਚ ਦਖਲ ਦਿੰਦੇ ਵੀ ਨਜ਼ਰ ਆਏ।




Explore our great range
of styles to discover yours

What's your type? Our collection has something for everyone. Refreshed retro looks, sharp geometrics, loud and clear transparents, a range of bold colours, and subtle, understated styles. Our experts can help you choose, and together we'll find the pair for you.

Specsavers

# ਬਾਜਵਾ ਦੇ ਸੂਬੇ ਵਿਚ 50 ਬੰਬ ਆਉਣ ਬਾਰੇ ਦਿੱਤੇ ਗਏ ਬਿਆਨ ਕਾਰਨ ਸਿਆਸੀ ਹਲਚਲ ਮੱਚੀ

ਨਿਊਜ਼ ਵਿਸ਼ਲੇਸ਼ਣ

**✪ ਬਾਜਵਾ ਵਿਰੁੱਧ ਆਪ ਸਰਕਾਰ ਦੀ ਕਾਰਵਾਈ ਨੇ ਕਾਂਗਰਸ ਲੀਡਰਸ਼ਿਪ ਕੀਤੀ ਇਕਮੁੱਠ ✪ ਅਕਾਲੀ ਤੇ ਭਾਜਪਾ ਆਗੂਆਂ ਨੇ ਵੀ ਪੁਲਿਸ ਕਾਰਵਾਈ ਦੀ ਕੀਤੀ ਨਿੰਦਾ ✪ 'ਆਪ' ਵਲੋਂ ਅਮਨ ਅਰੋੜਾ ਦੀ ਅਗਵਾਈ ਵਿਚ ਬਾਜਵਾ ਖਿਲਾਫ ਰੋਸ ਪ੍ਰਦਰਸ਼ਨ ✪ ਬੰਬਾਂ ਦੀ ਕਹਾਣੀ ਘੜ ਕੇ ਪੰਜਾਬੀਆਂ ਵਿਚ ਦਹਿਸ਼ਤ ਫੈਲਾ ਰਹੇ ਹਨ ਬਾਜਵਾ : ਮੁੱਖ ਮੰਤਰੀ**

## ਬਾਜਵਾ ਨੂੰ ਹਾਈਕੋਰਟ ਤੋਂ ਵੱਡੀ ਰਾਹਤ

## 22 ਅਪ੍ਰੈਲ ਤੱਕ ਗ੍ਰਿਫਤਾਰੀ 'ਤੇ ਲੱਗੀ ਰੋਕ



ਪੰਜਾਬ ਕਾਂਗਰਸ ਦੇ ਵਿਧਾਇਕ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵੱਲੋਂ ਆਪਣੇ ਖਿਲਾਫ ਦਰਜ ਐਫਆਈਆਰ ਦੇ ਮਾਮਲੇ ਵਿੱਚ ਦਾਇਰ ਪਟੀਸ਼ਨ 'ਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਸੁਣਵਾਈ ਹੋਈ। ਅਦਾਲਤ ਨੇ ਬਾਜਵਾ ਨੂੰ ਵੱਡੀ ਰਾਹਤ ਦਿੱਤੀ ਹੈ। ਉਸਦੀ ਗ੍ਰਿਫ਼ਤਾਰੀ 'ਤੇ 22 ਅਪ੍ਰੈਲ ਤੱਕ ਪਾਬੰਦੀ ਲਗਾ ਦਿੱਤੀ ਗਈ ਹੈ। ਇਸ ਦੌਰਾਨ ਪੰਜਾਬ ਸਰਕਾਰ ਨੂੰ ਮਾਮਲੇ ਦੇ ਪ੍ਰਤੀਕਰਮ ਸਬੰਧੀ ਜਵਾਬ ਦਾਖਲ ਕਰਨ ਲਈ ਕਿਹਾ ਗਿਆ ਹੈ। ਇਹ ਨੋਟਿਸ ਸਰਕਾਰ ਦੀਆਂ ਕਾਰਵਾਈਆਂ ਅਤੇ ਕੇਸ ਦੀ ਸੰਵੇਦਨਸ਼ੀਲਤਾ 'ਤੇ ਵਿਚਾਰ ਕਰਨ ਲਈ ਜਾਰੀ ਕੀਤਾ ਗਿਆ ਹੈ। ਇਸ ਫੈਸਲੇ ਨੇ ਸਿਆਸੀ ਹਲਕਿਆਂ ਵਿੱਚ ਚਰਚਾ ਦਾ ਵਿਸ਼ਾ ਬਣ ਗਿਆ ਹੈ। ਬਾਜਵਾ ਦੇ ਸਮਰਥਕਾਂ ਨੇ ਇਸ ਨੂੰ ਵੱਡੀ ਜਿੱਤ ਕਰਾਰ ਦਿੱਤਾ ਹੈ। ਇਸ ਮਾਮਲੇ 'ਤੇ ਅਗਲੀ ਸੁਣਵਾਈ ਸਮੇਂ ਸਰਕਾਰ ਦਾ ਜਵਾਬ ਅਹਿਮ ਹੋਵੇਗਾ।

ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਵੱਲੋਂ ਇਕ ਇੰਟਰਵਿਊ ਦੌਰਾਨ ਸੂਬੇ ਵਿਚ 50 ਬੰਬ ਆਉਣ ਬਾਰੇ ਦਿੱਤੇ ਗਏ ਬਿਆਨ ਕਾਰਨ ਉਨ੍ਹਾਂ 'ਤੇ ਐੱਫਆਈਆਰ ਤੋਂ ਬਾਅਦ ਇਹ ਮਾਮਲਾ ਹੋਰ ਭਖ ਗਿਆ ਹੈ। ਬਾਜਵਾ ਦਾ ਇਹ ਬਿਆਨ ਉਦੋਂ ਆਇਆ ਜਦੋਂ ਸੂਬੇ ਵਿਚ ਲਗਾਤਾਰ ਗ੍ਰਨੇਡ ਹਮਲਿਆਂ ਕਾਰਨ ਸੁਰੱਖਿਆ ਪ੍ਰਬੰਧ ਚਿੰਤਾ ਦਾ ਵਿਸ਼ਾ ਬਣੇ ਹੋਏ ਹਨ। ਜਲੰਧਰ ਵਿਚ ਸਾਬਕਾ ਮੰਤਰੀ ਮਨੋਰੰਜਨ ਕਾਲੀਆ ਦੇ ਘਰ 'ਤੇ ਧਮਾਕੇ ਤੋਂ ਬਾਅਦ 'ਆਪ' ਸਰਕਾਰ ਲਈ ਸੁਰੱਖਿਆ ਪ੍ਰਬੰਧ ਪੁਖਤਾ ਕਰਨੇ ਚੁਣੌਤੀ ਬਣੇ ਹੋਏ ਹਨ।

ਬਾਜਵਾ ਦੇ ਬਿਆਨ ਮਗਰੋਂ ਸਰਕਾਰ ਲਗਾਤਾਰ ਉਨ੍ਹਾਂ ਕੋਲੋਂ ਸਨਸਨੀਖੇਜ਼ ਖੁਲਾਸੇ ਦੇ ਸਰੋਤ ਬਾਰੇ ਪੁੱਛਣ ਦਾ ਯਤਨ ਕਰ ਰਹੀ ਹੈ। ਅਧਿਕਾਰੀਆਂ ਵੱਲੋਂ ਮੋਹਾਲੀ ਦੇ ਸਾਈਬਰ ਥਾਣੇ ਵਿਚ ਉਨ੍ਹਾਂ ਨੂੰ ਸਵਾਲ-ਜਵਾਬ ਕੀਤੇ ਗਏ। ਇਸ ਪੁੱਛਗਿੱਛ ਦੌਰਾਨ ਥਾਣੇ ਦੇ ਬਾਹਰ ਕਾਂਗਰਸ ਤੇ 'ਆਪ' ਦੇ ਵਰਕਰਾਂ ਨੇ ਇਕ-ਦੂਜੇ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰਦਿਆਂ ਤੋਹਮਤਬਾਜ਼ੀ ਕੀਤੀ ਹੈ। ਸੂਬੇ ਵਿਚ 50 ਬੰਬ ਆਏ, 18 ਚੱਲੇ ਤੇ 32 ਬਾਕੀ ਹਨ' ਵਾਲੇ ਬਾਜਵਾ ਦੇ ਇਸ ਬਿਆਨ ਨੇ ਸੂਬੇ ਵਿਚ ਨਵਾਂ ਮੁੱਦਾ ਤਾਂ ਛੇੜਿਆ ਹੀ ਹੈ, ਇਸ ਦੇ ਨਾਲ ਹੀ ਵਿਰੋਧੀਆਂ ਨੂੰ ਜ਼ਰੂਰ ਇਕ ਮੰਚ 'ਤੇ ਇਕੱਠੇ ਕਰ ਦਿੱਤਾ ਹੈ।

ਲੁਧਿਆਣਾ ਦੀ ਜ਼ਿਮਨੀ ਚੋਣ ਵੀ ਸਿਰ 'ਤੇ ਹੈ ਤੇ ਹੁਣ ਤੱਕ ਕਾਂਗਰਸ ਦੀ ਖ਼ਾਨਾਜੰਗੀ ਵੀ ਲਗਾਤਾਰ ਚਰਚਾ ਦਾ ਵਿਸ਼ਾ ਬਣੀ ਹੋਈ ਸੀ। ਹੁਣ ਬਾਜਵਾ ਦੇ ਸਮਰਥਨ ਵਿਚ ਉਨ੍ਹਾਂ ਦੀ ਪਾਰਟੀ ਦੇ ਉਹ ਆਗੂ ਵੀ ਆ ਗਏ ਹਨ ਜਿਨ੍ਹਾਂ ਦੀ ਉਨ੍ਹਾਂ ਨਾਲ ਸਿਆਸੀ ਸੁਰ ਨਹੀਂ ਮਿਲਦੀ ਸੀ।

ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਅਗਵਾਈ ਵਿਚ ਇਹ ਰੋਸ ਧਰਨਾ ਪ੍ਰਤਾਪ ਸਿੰਘ ਬਾਜਵਾ ਦੇ ਥਾਣੇ 'ਚੋਂ ਬਾਹਰ ਆਉਣ ਤੱਕ ਜਾਰੀ ਰਿਹਾ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਜਾ ਵੜਿੰਗ, ਕਪੂਰਥਲਾ ਤੋਂ ਵਿਧਾਇਕ ਰਾਣਾ ਗੁਰਜੀਤ ਸਿੰਘ, ਪਾਰਟੀ ਦੇ ਸੀਨੀਅਰ ਆਗੂ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਇਹ ਕਾਰਵਾਈ ਸੱਤਾਧਾਰੀ ਪਾਰਟੀ ਵਲੋਂ ਵਿਰੋਧੀ ਧਿਰ ਦੀ ਆਵਾਜ਼ ਨੂੰ ਦਬਾਉਣ ਲਈ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਪ੍ਰਤਾਪ ਸਿੰਘ ਬਾਜਵਾ ਨਾਲ ਇਕਜੁੱਟ ਹੈ। ਉਹਨਾਂ ਨੇ ਪਰਚੇ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ। ਧਰਨੇ ਪ੍ਰਦਰਸ਼ਨ ਦੌਰਾਨ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ, ਸੰਸਦ ਮੈਂਬਰ ਡਾ. ਅਮਰ ਸਿੰਘ, ਵਿਧਾਇਕ ਸੁਖਪਾਲ ਸਿੰਘ ਖਹਿਰਾ, ਸਾਬਕਾ ਮੰਤਰੀ ਬਲਬੀਰ ਸਿੰਘ ਸਿੱਧੂ, ਸਾਬਕਾ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਰਾਜਕੁਮਾਰ ਵੇਰਕਾ, ਕੁਲਜੀਤ ਸਿੰਘ ਨਾਗਰਾ, ਸਿਮਰਨਜੀਤ ਸਿੰਘ ਬੈਂਸ, ਰਾਣਾ ਕੇ. ਪੀ. ਸਿੰਘ, ਸਮੇਤ ਵੱਡੀ ਗਿਣਤੀ ਵਿਚ ਕਾਂਗਰਸੀ ਆਗੂ ਤੇ ਵਰਕਰ ਹਾਜ਼ਰ ਸਨ।

ਪੁੱਛਗਿੱਛ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਪ੍ਰਤਾਪ ਸਿੰਘ ਬਾਜਵਾ ਨੇ ਕਾਨੂੰਨ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਉਂਦਿਆਂ ਕਿਹਾ ਕਿ ਵਿਰੋਧੀ ਧਿਰ ਦੇ ਨੇਤਾ ਹੋਣ ਦੇ ਬਾਵਜੂਦ ਵੀ ਪੁਲਿਸ ਨੇ ਉਨ੍ਹਾਂ ਤੋਂ ਕਰੀਬ 6 ਘੰਟੇ ਪੁੱਛਗਿੱਛ ਕੀਤੀ, ਜੋ ਕਿ ਸੰਵਿਧਾਨਕ ਅਹੁਦੇ ਦੀ ਤੌਹੀਨ ਹੈ। ਉਨ੍ਹਾਂ ਦੱਸਿਆ ਕਿ ਪੁੱਛਗਿੱਛ ਦੌਰਾਨ ਪੁਲਿਸ ਦਾ ਵਤੀਰਾ ਵੀ ਠੀਕ ਨਹੀਂ ਸੀ। ਉਨ੍ਹਾਂ ਕਿਹਾ ਕਿ ਇਹ ਐਫ. ਆਈ. ਆਰ. ਉਨ੍ਹਾਂ ਦੇ ਅਕਸ ਨੂੰ ਖ਼ਰਾਬ ਕਰਨ ਅਤੇ ਪੰਜਾਬ ਦੇ ਲੋਕਾਂ ਦਾ ਧਿਆਨ ਸੂਬੇ ਦੇ ਅਸਲ ਮੁੱਦਿਆਂ ਤੋਂ ਹਟਾਉਣ ਲਈ ਦਰਜ ਕੀਤੀ ਗਈ ਹੈ।

### ਬਾਦਲ ਅਕਾਲੀ ਦਲ, ਭਾਜਪਾ ਬਾਜਵਾ ਦੀ ਪਿਠ 'ਤੇ

ਦਿਲਚਸਪ ਗੱਲ ਇਹ ਸੀ ਕਿ ਅਕਾਲੀ ਆਗੂਆਂ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਵਲੋਂ ਪੁਲਿਸ ਕਰਵਾਈ ਨੂੰ ਸਿਆਸੀ ਬਦਲਾਖੋਰੀ ਦੱਸਿਆ ਗਿਆ ਅਤੇ ਦੋਸ਼ ਲਗਾਏ ਕਿ ਅਮਨ ਕਾਨੂੰਨ ਕਾਇਮ ਰੱਖਣ ਵਿਚ ਅਸਫਲਤਾ ਦੇ ਮਾਮਲਿਆਂ 'ਤੇ ਸਰਕਾਰ ਕਿਸੇ ਨੂੰ ਬੋਲਣ ਨਹੀਂ ਦੇਣਾ ਚਾਹੁੰਦੀ। ਭਾਜਪਾ ਆਗੂ ਤੇ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਵਲੋਂ ਵੀ ਪੁਲਿਸ ਕਾਰਵਾਈ ਦੀ ਤਿੱਖੀ ਨੁਕਤਾਚੀਨੀ ਕੀਤੀ ਗਈ ਅਤੇ ਇਸ ਨੂੰ ਸਿਆਸੀ ਵਿਰੋਧੀਆਂ ਵਿਰੁੱਧ ਪੁਲਿਸ ਦੀ ਦੁਰਵਰਤੋਂ ਦੱਸਿਆ।

### ਕੀ ਕਾਂਗਰਸ ਨੂੰ ਰਾਜਸੀ ਫਾਇਦਾ ਹੋਵੇਗਾ ?

ਰਾਜਸੀ ਹਲਕਿਆਂ ਵਿਚ ਬਹਿਸ ਹੁਣ ਇਹ ਹੋ ਰਹੀ ਹੈ ਕਿ ਜੇਕਰ ਬਾਜਵਾ ਦਾ ਬਿਆਨ ਬੇਲੋੜਾ ਸੀ ਤਾਂ ਸਰਕਾਰ ਵਲੋਂ ਉਸ ਵਿਰੁੱਧ ਵੱਡੀ ਕਾਰਵਾਈ ਕਰਦਿਆਂ ਉਸ ਨੂੰ ਅਜਿਹੀ ਮਹੱਤਤਾ ਕਿਉਂ ਦਿੱਤੀ ਗਈ, ਜਿਸ ਨੇ ਸੂਬੇ ਵਿਚ ਸਮੁੱਚੀ ਕਾਂਗਰਸ ਨੂੰ ਹੀ ਲਾਮਬੰਦ ਕਰ ਦਿੱਤਾ। ਰਾਜਸੀ ਹਲਕਿਆਂ ਦਾ ਮੰਨਣਾ ਹੈ ਕਿ ਲੁਧਿਆਣਾ ਜ਼ਿਮਨੀ ਚੋਣ ਤੋਂ ਪਹਿਲਾਂ ਕਾਂਗਰਸ ਨੂੰ ਇਕਮੁੱਠ ਤੇ ਲਾਮਬੰਦ ਕਰਨਾ ਸਰਕਾਰ ਜਾਂ ਦੂਜੀਆਂ ਧਿਰਾਂ ਲਈ ਕਿਸੇ ਤਰ੍ਹਾਂ ਵੀ ਫ਼ਾਇਦੇਮੰਦ ਨਹੀਂ ਹੋ ਸਕਦਾ। ਵੈਸੇ ਵੀ ਪੰਜਾਬ ਦਾ ਇਤਿਹਾਸ ਹੈ, ਜਦੋਂ ਵੀ ਕੋਈ ਸਰਕਾਰ ਕਿਸੇ ਦੂਜੀ ਸਿਆਸੀ ਧਿਰ ਨੂੰ ਪੁਲਿਸ ਜਾਂ ਸਰਕਾਰ ਦੀ ਸ਼ਕਤੀ ਨਾਲ ਦਬਾਉਣ ਦੀ ਕੋਸ਼ਿਸ਼ ਕਰਦੀ ਹੈ, ਉਸ ਦਾ ਦਬਾਏ ਜਾਣ ਵਾਲੀ ਧਿਰ ਨੂੰ ਫ਼ਾਇਦਾ ਹੀ ਮਿਲਦਾ ਰਿਹਾ ਹੈ। ਪ੍ਰਤਾਪ ਸਿੰਘ ਬਾਜਵਾ ਵਲੋਂ ਕੇਸ ਰੱਦ ਕਰਨ ਸੰਬੰਧੀ ਹਾਈਕੋਰਟ ਵਿਚ ਦਾਇਰ ਪਟੀਸ਼ਨ 'ਤੇ ਹਾਈ ਕੋਰਟ ਵਲੋਂ ਵੀ ਸੁਣਵਾਈ ਕੀਤੀ ਜਾ ਰਹੀ ਅਤੇ ਸਰਕਾਰ ਲਈ ਆਪਣੇ ਦੋਸ਼ਾਂ ਨੂੰ ਠੀਕ ਠਹਿਰਾਉਣ ਅਤੇ ਪੁਲਿਸ ਕੇਸ ਨੂੰ ਕਾਇਮ ਰੱਖਣਾ ਵੀ ਇਕ ਵੱਡੀ ਚੁਣੌਤੀ ਹੋਵੇਗੀ, ਕਿਉਂਕਿ ਕਾਂਗਰਸ ਪਾਰਟੀ ਇਸ ਕਾਨੂੰਨੀ ਲੜਾਈ ਲਈ ਵੀ ਪੂਰੀ ਸ਼ਕਤੀ ਝੋਕ ਰਹੀ ਹੈ। ਪੁੱਛਗਿੱਛ ਦੌਰਾਨ ਵੀ ਬਾਜਵਾ ਦਿੱਲੀ ਦੇ ਇਕ ਨਾਮੀ ਵਕੀਲ ਨੂੰ ਨਾਲ ਲੈ ਕੇ ਗਏ ਸਨ, ਜਦੋਂਕਿ ਸਰਕਾਰ ਵਲੋਂ ਵੀ ਇਸ ਕੇਸ ਲਈ ਨਾਮੀ ਵਕੀਲਾਂ ਨਾਲ ਗੱਲਬਾਤ ਕੀਤੀ ਜਾ ਰਹੀ ਹੈ ਅਤੇ ਸਰਕਾਰ ਲਈ ਵੀ ਇਹ ਕੇਸ ਵੱਕਾਰ ਦਾ ਮੁੱਦਾ ਬਣਿਆ ਹੋਇਆ ਹੈ।

### ਆਪ ਵੀ ਜਨਤਕ ਤੌਰ ਉਪਰ ਬਾਜਵਾ ਖਿਲਾਫ ਸਰਗਰਮ

ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵਲੋਂ ਬੰਬਾਂ ਬਾਰੇ ਦਿੱਤੇ ਬਿਆਨ ਨੂੰ ਲੈ ਕੇ ਆਮ ਆਦਮੀ ਪਾਰਟੀ ਵਲੋਂ ਸੂਬਾ ਪ੍ਰਧਾਨ ਅਮਨ ਅਰੋੜਾ ਦੀ ਅਗਵਾਈ ਹੇਠ ਸਥਾਨਕ ਫੇਜ਼-2 ਵਿਖੇ ਬਾਜਵਾ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਸੂਬਾ ਪ੍ਰਧਾਨ ਅਮਨ ਅਰੋੜਾ, ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਅਤੇ ਡਾ. ਬਲਬੀਰ ਸਿੰਘ ਸਮੇਤ ਕਈ ਪਾਰਟੀ ਆਗੂਆਂ ਅਤੇ ਵਰਕਰਾਂ ਵਲੋਂ ਕਾਂਗਰਸ ਖ਼ਿਲਾਫ਼ ਨਾਅਰੇਬਾਜ਼ੀ ਕਰਦਿਆਂ ਪ੍ਰਤਾਪ ਸਿੰਘ ਬਾਜਵਾ ਤੋਂ ਜਵਾਬਦੇਹੀ ਦੀ ਮੰਗ ਕੀਤੀ ਗਈ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਅਮਨ ਅਰੋੜਾ ਨੇ ਪ੍ਰਤਾਪ ਸਿੰਘ ਬਾਜਵਾ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਪੰਜਾਬ 'ਚ 50 ਗ੍ਰਨੇਡ ਹੋਣ ਬਾਰੇ ਬਾਜਵਾ ਦੇ ਬੇਬੁਨਿਆਦ ਦਾਅਵੇ 'ਆਪ' ਸਰਕਾਰ ਅਧੀਨ ਸੂਬੇ ਵਿਚ ਬਹਾਲ ਹੋਈ ਸ਼ਾਂਤੀ ਨੂੰ ਭੰਗ ਕਰਨ ਅਤੇ ਦਹਿਸ਼ਤ ਪੈਦਾ ਕਰਨ ਦੀ ਕੋਸ਼ਿਸ਼ ਹੈ। ਉਨ੍ਹਾਂ ਕਿਹਾ ਕਿ ਜੇਕਰ ਬਾਜਵਾ ਕੋਲ ਭਰੋਸੇਯੋਗ ਜਾਣਕਾਰੀ ਹੈ ਤਾਂ ਉਹ ਇਸ ਨੂੰ ਪੰਜਾਬ ਪੁਲਿਸ ਨਾਲ ਕਿਉਂ ਨਹੀਂ ਸਾਂਝਾ ਕਰ ਰਹੇ ? ਉਨ੍ਹਾਂ ਕਿਹਾ ਕਿ ਜੇਕਰ ਬਾਜਵਾ ਦੇ ਦਾਅਵੇ ਸੱਚੇ ਹਨ ਤਾਂ ਉਨ੍ਹਾਂ ਖ਼ਿਲਾਫ਼ ਦਰਜ ਐਫ. ਆਈ. ਆਰ. ਤੁਰੰਤ ਰੱਦ ਕਰ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਖ਼ੁਫ਼ੀਆ ਏਜੰਸੀਆਂ ਵਿਚ ਜਨਤਾ ਦੇ ਵਿਸ਼ਵਾਸ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰਕੇ ਬਾਜਵਾ ਉਨ੍ਹਾਂ ਤਾਕਤਾਂ ਦੇ ਹੱਥਾਂ ਵਿਚ ਖੇਡ ਰਹੇ ਹਨ ਜੋ ਕਿ ਸੂਬੇ ਵਿਚ ਅਸ਼ਾਂਤੀ ਫੈਲਾਉਣਾ ਚਾਹੁੰਦੀਆਂ ਹਨ। ਇਸ ਮੌਕੇ 'ਆਪ' ਆਗੂਆਂ ਨੇ ਐਲਾਨ ਕੀਤਾ ਕਿ ਜੇਕਰ ਬਾਜਵਾ ਸਹਿਯੋਗ ਨਹੀਂ ਕਰਦੇ ਜਾਂ ਮੁਆਫ਼ੀ ਨਹੀਂ ਮੰਗਦੇ ਤਾਂ ਪਾਰਟੀ ਆਪਣੇ ਵਿਰੋਧ ਪ੍ਰਦਰਸ਼ਨਾਂ ਨੂੰ ਤੇਜ਼ ਕਰੇਗੀ ਅਤੇ ਉਨ੍ਹਾਂ ਦੀ ਰਿਹਾਇਸ਼ ਵੱਲ ਮਾਰਚ ਕਰੇਗੀ।

ਪ੍ਰਤਾਪ ਸਿੰਘ ਬਾਜਵਾ 'ਤੇ ਨਿਸ਼ਾਨਾ ਸਾਧਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਬਾਜਵਾ ਆਪਣੇ ਸੌੜੇ ਮੁਫਾਦ ਲਈ ਕਿਸੇ ਅਣਸੁਖਾਵੀਂ ਘਟਨਾ ਦੇ ਵਾਪਰਨ ਦੀ ਉਡੀਕ ਕਰ ਰਹੇ ਹਨ ਤਾਂ ਕਿ ਲੋਕਾਂ ਵਿੱਚ ਦਹਿਸ਼ਤ ਫੈਲਾਈ ਜਾ ਸਕੇ। ਮੁੱਖ ਮੰਤਰੀ ਨੇ ਕਿਹਾ ਕਿ ਜੇਕਰ ਬਾਜਵਾ ਕੋਲ ਬੰਬਾਂ ਬਾਰੇ ਕਿਸੇ ਤਰ੍ਹਾਂ ਦੀ ਜਾਣਕਾਰੀ ਹੈ ਤਾਂ ਉਹ ਇਸ ਨੂੰ ਜਨਤਕ ਕਰਨ ਤੋਂ ਝਿਜਕ ਕਿਉਂ ਰਹੇ ਹਨ। ਉਨ੍ਹਾਂ ਕਿਹਾ ਕਿ ਅਜਿਹਾ ਜਾਪਦਾ ਹੈ ਕਿ ਬਾਜਵਾ ਇਹ ਬੰਬ ਚੱਲਣ ਦੀ ਉਡੀਕ ਵਿੱਚ ਬੈਠੇ ਹਨ ਕਿਉਂਕਿ ਉਹ ਪੰਜਾਬ ਦੀ ਅਮਨ-ਕਾਨੂੰਨ ਦੀ ਵਿਵਸਥਾ ਦੀ ਆੜ ਵਿੱਚ ਸਿਆਸੀ ਰੋਟੀਆਂ ਸੇਕਣ ਦੀ ਤਾਕ ਵਿੱਚ ਬੈਠੇ ਹਨ।

### ਕੀ ਮਾਮਲਾ ਹੈ

ਜ਼ਿਕਰਯੋਗ ਹੈ ਕਿ ਜਲੰਧਰ ਵਿਚ ਭਾਜਪਾ ਨੇਤਾ ਮਨੋਰੰਜਨ ਕਾਲੀਆ ਦੇ ਘਰ 'ਤੇ ਗ੍ਰਨੇਡ ਹਮਲੇ ਤੋਂ ਬਾਅਦ ਬਾਜਵਾ ਨੇ ਇਕ ਨਿੱਜੀ ਚੈਨਲ ਨੂੰ ਦਿੱਤੀ ਇੰਟਰਵਿਊ ਵਿਚ ਕਿਹਾ ਸੀ ਕਿ ਪੰਜਾਬ ਵਿਚ 50 ਬੰਬ ਆਏ ਹਨ, ਇਨ੍ਹਾਂ ਵਿਚੋਂ 18 ਚੱਲ ਗਏ ਹਨ ਅਤੇ 32 ਬਚੇ ਹਨ। ਇਸੇ ਨੂੰ ਲੈ ਕੇ ਪੁਲਿਸ ਨੇ ਲੰਘੇ ਐਤਵਾਰ ਨੂੰ ਉਨ੍ਹਾਂ 'ਤੇ ਮੋਹਾਲੀ ਵਿਚ ਕੇਸ ਦਰਜ ਕੀਤਾ ਸੀ। ਪੁਲਿਸ ਸੂਤਰਾਂ ਦਾ ਕਹਿਣਾ ਹੈ ਕਿ ਬਾਜਵਾ ਨੂੰ ਲਗਪਗ 25 ਸਵਾਲ ਪੁੱਛੇ ਗਏ ਪਰ ਉਹ ਪੁੱਛਗਿੱਛ ਵਿਚ ਸਹਿਯੋਗ ਨਹੀਂ ਕਰ ਰਹੇ ਸਨ। ਸੂਤਰ ਦੱਸਦੇ ਹਨ ਕਿ ਬਾਜਵਾ ਨੇ ਬਚੇ ਹੋਏ 32 ਬੰਬਾਂ ਦੀ ਸੂਚਨਾ ਦੇਣ ਤੋਂ ਵੀ ਇਨਕਾਰ ਕੀਤਾ। ਪੁਲਿਸ ਜਾਂ ਫ਼ੌਜ 'ਚ ਕਿਸੇ ਸੋਰਸ ਦੀ ਗੱਲ ਤੋਂ ਵੀ ਇਨਕਾਰ ਕੀਤਾ। ਪੁਲਿਸ ਨੇ ਬਾਜਵਾ ਨੂੰ ਪੁੱਛਗਿੱਛ ਲਈ ਅਗਲੀ ਤਰੀਕ ਭਾਵੇਂ ਨਹੀਂ ਦਿੱਤੀ ਪਰ ਦਹਿਸ਼ਤ ਫੈਲਾਉਣ ਦੇ ਮਾਮਲੇ 'ਚ ਪੁਲਿਸ ਉਨ੍ਹਾਂ 'ਤੇ ਸ਼ਿਕੰਜਾ ਕੱਸ ਸਕਦੀ ਹੈ।

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਜਥੇਦਾਰ ਗੜਗੱਜ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਨੂੰ ਸਿਰੋਪਾ ਦੇਕੇ ਬਾਦਲ ਦਲ ਨੂੰ ਦਿੱਤੀ ਮਾਨਤਾ

## ✪ ਕੀ ਅਕਾਲ ਤਖ਼ਤ ਵੱਲੋਂ ਬਣਾਈ ਭਰਤੀ ਕਮੇਟੀ ਦੇ ਭਵਿੱਖ 'ਤੇ ਪ੍ਰਸ਼ਨ ਚਿੰਨ੍ਹ ਲੱਗ ਗਿਆ? ✪ ਅਕਾਲੀ ਧੜਿਆਂ ਵਿਚ ਮੁੜ ਟਕਰਾਅ ਹੋਣ ਦੀ ਸੰਭਾਵਨਾ

ਸ਼੍ਰੋਮਣੀ ਅਕਾਲੀ ਦਲ ਵੱਲੋਂ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨ ਵਜੋਂ ਮੁੜ ਚੋਣ ਕਰਨ ਅਤੇ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਉਨ੍ਹਾਂ ਨੂੰ ਸਿਰੋਪਾ ਦਿੱਤੇ ਜਾਣ ਤੋਂ ਬਾਅਦ ਸਿਆਸੀ ਤੇ ਪੰਥਕ ਹਲਕਿਆਂ ਵਿਚ ਬਹਿਸ ਛਿੜ ਗਈ ਹੈ ਕਿ ਕੀ ਦੋ ਦਸੰਬਰ ਨੂੰ ਅਕਾਲ ਤਖ਼ਤ ਦੀ ਫਸੀਲ ਤੋਂ ਅਕਾਲੀ ਦਲ ਦੀ ਭਰਤੀ ਸਬੰਧੀ ਬਣਾਈ ਗਈ ਕਮੇਟੀ ਦੇ ਭਵਿੱਖ 'ਤੇ ਸਵਾਲੀਆ ਨਿਸ਼ਾਨ ਲੱਗ ਗਿਆ ਹੈ? ਪਰ ਹੁਣ ਸੁਖਬੀਰ ਸਿੰਘ ਬਾਦਲ ਕਾਰਜਕਾਰੀ ਜਥੇਦਾਰ ਤੋਂ ਸਨਮਾਨਿਤ ਹੋਣ ਬਾਅਦ ਧਾਰਮਿਕ ਤੇ ਸਿਆਸੀ ਤੌਰ 'ਤੇ ਕਾਫ਼ੀ ਹੱਦ ਤੱਕ ਆਪਣੇ ਆਪ ਨੂੰ ਸੁਰਖਰੂ ਹੋਇਆ ਸਮਝ ਰਹੇ ਹਨ।ਲੁਧਿਆਣਾ ਵਿਧਾਨ ਸਭਾ ਹਲਕਾ ਪੱਛਮੀ ਦੀ ਉਪ ਚੋਣ ਲਈ ਸ਼੍ਰੋ,ਮਣੀ ਅਕਾਲੀ ਦਲ ਨੇ ਵੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ, ਜਿਸ ਲਈ ਇਸ ਹਲਕੇ ਤੋਂ ਅਕਾਲੀ ਦਲ ਦੀ ਟਿਕਟ ਤੇ ਚੋਣ ਲੜਣ ਦੇ ਦਾਅਵੇਦਾਰਾਂ ਵੱਲੋਂ ਲਗਾਤਾਰ ਪਾਰਟੀ ਦੀ ਹਾਈਕਮਾਨ ਤੇ ਉਮੀਦਵਾਰ ਦੇ ਐਲਾਨ ਕਰਨ ਦਾ ਦਬਾਅ ਬਣਾਇਆ ਜਾ ਰਿਹਾ ਸੀ, ਉਸ ਨੂੰ ਦੇਖਦੇ ਹੋਏ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਲੁਧਿਆਣਾ ਪੁੱਜੇ। ਇਸ ਦੌਰਾਨ ਉਨ੍ਹਾਂ ਅਕਾਲੀ ਦਲ ਦੇ ਸੀਨੀਅਰ ਆਗੂਆਂ ਨਾਲ ਗੁਪਤ ਮੀਟਿੰਗ ਕਰਨ ਤੋਂ ਬਾਅਦ ਟਿਕਟ ਦੇ ਦਾਅਵੇਦਾਰਾਂ ਤੋਂ ਵੀ ਉਨ੍ਹਾਂ ਵੱਲੋਂ ਪਾਰਟੀ ਲਈ ਕੀਤੇ ਜਾ ਰਹੇ ਕੰਮਾਂ ਦੀ ਵਿਸਥਾਰ ਨਾਲ ਜਾਣਕਾਰੀ ਲਈ। ਇਸ ਤੋਂ ਇਲਾਵਾ ਹਲਕੇ ਦੇ ਹਾਲਾਤਾਂ ਨੂੰ ਜਾਣਨ ਲਈ ਬਾਦਲ ਨੇ ਬੀਤੀਆਂ ਨਗਰ ਨਿਗਮ ਚੋਣਾਂ ਵਿੱਚ ਪਾਰਟੀ ਦੇ ਹਲਕੇ ਅਧੀਨ ਆਉਂਦੇ ਵਾਰਡਾਂ ਤੋਂ ਉਮੀਦਵਾਰ ਰਹੇ ਨੇਤਾਵਾਂ ਤੋਂ ਵੀ ਜ਼ਮੀਨੀ ਹਾਲਾਤ ਜਾਣੇ। ਇਸ ਦੌਰਾਨ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਸੁਖਬੀਰ ਬਾਦਲ ਨੇ ਸਮੂਹ ਨੇਤਾਵਾਂ ਤੋਂ ਵਿਧਾਨ ਸਭਾ ਹਲਕਾ ਪੱਛਮੀ ਦੀ ਉਪ ਚੋਣ ਵਿੱਚ ਉਮੀਦਵਾਰ ਸਬੰਧੀ ਉਨ੍ਹਾਂ ਦੀ ਰਾਏ ਜਾਣੀ। ਸੂਤਰਾਂ ਦੀ ਮੰਨੀਏ ਤਾਂ ਵਿਧਾਨ ਸਭਾ ਹਲਕਾ ਪੱਛਮੀ ਤੋਂ ਅਕਾਲੀਦਲ ਦੀ ਟਿਕਟ ਤੇ ਚੋਣ ਲੜਣ ਵਾਲੇ ਨੇਤਾਵਾਂ ਵਿੱਚ ਕਾਫ਼ੀ ਉਤਸ਼ਾਹ ਹੈ, ਜਿਨ੍ਹਾਂ ਵੱਲੋਂ ਪਾਰਟੀ ਵੱਲੋਂ ਇਸ ਚੋਣ ਨੂੰ ਲੜਣ ਦੇ ਲਏ ਗਏ ਫੈਸਲੇ ਦਾ ਸਵਾਗਤ ਕੀਤਾ ਹੈ। ਦੱਸਣਾ ਬਣਦਾ ਹੈ ਕਿ ਲੁਧਿਆਣਾ ਪੁੱਜੇ ਸੁਖਬੀਰ ਬਾਦਲ ਨੇ ਪਾਰਟੀ ਦੇ ਨੇਤਾਵਾਂ ਨੂੰ ਉਪ ਚੋਣ ਨੂੰ ਲੜਣ ਲਈ ਪਾਰਟੀ ਵੱਲੋਂ ਪਿਛਲੇ ਸਮੇਂ ਦੌਰਾਨ ਪੰਜਾਬ ਦੇ ਵਿਕਾਸ ਲਈ ਕੀਤੇ ਕੰਮਾਂ ਨੂੰ ਘਰ ਘਰ ਪਹੁੰਚਾਉਣ ਦੀ ਤਾਕੀਦ ਕੀਤੀ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਹਲਕੇ ਅਧੀਨ ਆਉਂਦੇ ਸਾਰੇ ਇਲਾਕਿਆਂ ਦੇ ਇਕੱਲੇ ਇਕੱਲੇ ਘਰ ਤੱਕ ਪਾਰਟੀ ਦੀਆਂ ਨੀਤੀਆਂ ਨੂੰ ਸਹੀ ਤਰੀਕੇ ਨਾਲ ਪਹੁੰਚਾਵਾਂਗੇ ਤਾਂ ਹੀ ਨਤੀਜੇ ਸ਼੍ਰੋਮਣੀ ਅਕਾਲੀ ਦਲ ਦੇ ਹੱਕ ਵਿੱਚ ਆਉਣਗੇ। ਸੂਤਰਾਂ ਦੀ ਮੰਨੀਏ ਤਾਂ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੇ ਲੁਧਿਆਣਾ ਦੇ ਨੇਤਾਵਾਂ ਨੂੰ ਜਲਦ ਉਮੀਦਵਾਰ ਦਾ ਐਲਾਨ ਕਰਨ ਦਾ ਭਰੋਸਾ ਦਿੱਤਾ ਹੈ ਪਰ ਇਸ ਦੌਰਾਨ ਉਨ੍ਹਾਂ ਸਮੂਹ ਵਰਕਰਾਂ ਨੂੰ ਤੱਕੜੇ ਹੋ ਕੇ ਇਨ੍ਹਾਂ ਚੋਣਾਂ ਵਿੱਚ ਪਾਰਟੀ ਦੀਆਂ ਨੀਤੀਆਂ ਦਾ ਪ੍ਰਚਾਰ ਕਰਨ ਦੀ ਡਿਊਟੀ ਲਗਾ ਦਿੱਤੀ ਹੈ।



ਪੰਜਾਬ ਟਾਈਮਜ ਅਨੁਸਾਰ ਤਤਕਾਲੀ ਪੰਜ ਸਿੰਘ ਸਾਹਿਬਾਨ ਨੇ ਵੱਖ ਹੋਏ ਧੜੇ ਨੂੰ ਅਲੱਗ ਚੁੱਲਾ ਸਮੇਟ ਕੇ ਅਕਾਲੀ ਦਲ ਦੀ ਮਜ਼ਬੂਤੀ ਲਈ ਵੀ ਕਾਰਜ ਕਰਨ ਦਾ ਆਦੇਸ਼ ਜਾਰੀ ਕਰਨ ਦੇ ਨਾਲ ਨਾਲ ਦੋਵੇਂ ਧਿਰਾਂ ਨੂੰ ਇਕੱਠੇ ਹੋ ਕੇ ਚੱਲਣ ਦਾ ਵੀ ਆਦੇਸ਼ ਜਾਰੀ ਕੀਤਾ ਸੀ, ਪਰ ਇਸ ਆਦੇਸ਼ ਦਾ ਪੂਰੀ ਤਰ੍ਹਾਂ ਪਾਲਣ ਕਰਨ ਵਿਚ ਦੋਵਾਂ ਧਿਰਾਂ ਵਿਚ ਕੋਈ ਸਹਿਮਤੀ ਬਣਦੀ ਫ਼ਿਲਹਾਲ ਨਜ਼ਰ ਨਹੀਂ ਆ ਰਹੀ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ (ਭਰਤੀ ਕਮੇਟੀ) ਵਲੋਂ ਵੀ ਆਉਂਦੇ ਸਮੇਂ ਵਿਚ ਵੱਖਰੇ ਅਕਾਲੀ ਦਲ ਦੀ ਚੋਣ ਕਰਨ ਦੀ ਸੂਰਤ ਵਿਚ ਉਸ ਨਵੇਂ ਦਲ ਪ੍ਰਤੀ ਕਾਰਜਕਾਰੀ ਜਥੇਦਾਰ ਦਾ ਪ੍ਰਤੀਕਰਮ ਕੀ ਹੋਵੇਗਾ? ਇਸ ਦੀਆਂ ਕਿਆਸਰਾਈਆਂ ਵੀ ਪੰਥਕ ਹਲਕਿਆਂ ਵਲੋਂ ਲਗਾਈਆਂ ਜਾ ਰਹੀਆਂ ਹਨ। ਮੌਜੂਦਾ ਪੰਥਕ ਹਾਲਾਤ ਅਨੁਸਾਰ ਤਾਂ ਪੰਥਕ ਏਕਤਾ ਦੀ ਥਾਂ ਦੋਵਾਂ ਅਕਾਲੀ ਧੜਿਆਂ ਵਿਚ ਫ਼ਿਲਹਾਲ ਮੁੜ ਟਕਰਾਅ ਹੋਣ ਦੇ ਆਸਾਰ ਨਜ਼ਰ ਆ ਰਹੇ ਹਨ।

ਦੂਜੇ ਪਾਸੇ ਭਰਤੀ ਕਮੇਟੀ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਜਾਰੀ ਰੱਖਣ ਦਾ ਫੈਸਲਾ ਕੀਤਾ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਸਬੰਧੀ ਅਕਾਲ ਤਖ਼ਤ ਤੋਂ ਬਣਾਈ ਗਈ ਕਮੇਟੀ ਵਿੱਚ ਇਸ ਵੇਲੇ ਗੁਰਪ੍ਰਤਾਪ ਸਿੰਘ ਵਡਾਲਾ, ਮਨਪ੍ਰੀਤ ਸਿੰਘ ਇਆਲੀ, ਸੰਤਾ ਸਿੰਘ ਉਮੈਦਪੁਰੀ, ਇਕਬਾਲ ਸਿੰਘ ਝੂੰਦਾ ਅਤੇ ਸਤਵੰਤ ਕੌਰ ਦੇ ਰੂਪ ਵਿੱਚ ਪੰਜ ਮੈਂਬਰ ਸ਼ਾਮਲ ਹਨ। ਕਮੇਟੀ ਨੇ 18 ਮਾਰਚ ਨੂੰ ਅਕਾਲ ਤਖ਼ਤ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਮੈਂਬਰਸ਼ਿਪ ਵਾਸਤੇ ਭਰਤੀ ਮੁਹਿੰਮ ਸ਼ੁਰੂ ਕੀਤੀ ਸੀ। ਇਸ ਬਾਰੇ ਜਥੇਦਾਰ ਵਡਾਲਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੀ ਚੋਣ ਅਕਾਲ ਤਖ਼ਤ ਦੇ ਨਿਰਦੇਸ਼ਾਂ ਦੀ ਉਲੰਘਣਾ ਕਰਕੇ ਕਰਵਾਈ ਗਈ ਹੈ। ਉਨ੍ਹਾਂ ਦੱਸਿਆ ਕਿ ਭਰਤੀ ਕਮੇਟੀ, ਜੋ ਅਕਾਲ ਤਖ਼ਤ ਤੋਂ ਬਣਾਈ ਗਈ ਸੀ, ਵੱਲੋਂ ਭਰਤੀ ਮੁਹਿੰਮ ਨੂੰ ਨਿਰੰਤਰ ਜਾਰੀ ਰੱਖਿਆ ਜਾ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ 10 ਅਪਰੈਲ ਤੱਕ 15 ਲੱਖ ਤੋਂ ਵੱਧ ਮੈਂਬਰ ਰਜਿਸਟਰ ਕੀਤੇ ਜਾ ਚੁੱਕੇ ਹਨ ਅਤੇ ਲਗਪਗ 7 ਲੱਖ ਹੋਰ ਮੈਂਬਰਸ਼ਿਪ ਪਰਫਾਰਮਿਆਂ ਦੀ ਮੰਗ ਆ ਚੁੱਕੀ ਹੈ।ਭਰਤੀ ਕਮੇਟੀ ਨੇ ਸੰਭਾਵਨਾ ਪ੍ਰਗਟਾਈ ਕਿ ਇਹ ਮੁਹਿੰਮ ਜੂਨ ਮਹੀਨੇ ਤੱਕ ਮੁਕੰਮਲ ਹੋ ਜਾਵੇਗੀ ਅਤੇ ਇਸ ਤੋਂ ਬਾਅਦ ਇਸ ਮਾਮਲੇ ਵਿੱਚ ਅਕਾਲ ਤਖ਼ਤ ਤੋਂ ਅਗਲੇ ਹੁਕਮਾਂ ਮੁਤਾਬਕ ਕਾਰਵਾਈ ਕੀਤੀ ਜਾਵੇਗੀ।

ਭਰਤੀ ਕਮੇਟੀ ਦੇ ਇਕ ਹੋਰ ਮੈਂਬਰ ਮਨਪ੍ਰੀਤ ਸਿੰਘ ਇਯਾਲੀ ਨੇ ਕਿਹਾ ਕਿ ਕਮੇਟੀ ਵਲੋਂ ਪਾਰਦਰਸ਼ੀ ਢੰਗ ਨਾਲ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਉਪਰੰਤ ਨਵੇਂ ਡੈਲੀਗੇਟ ਚੁਣ ਕੇ ਪੰਥ ਪ੍ਰਵਾਨਿਤ ਲੀਡਰਸ਼ਿਪ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਬੇਨਤੀ ਕਰਨ ਉਪਰੰਤ ਕੌਮ ਤੇ ਪੰਥ ਦੇ ਹਵਾਲੇ ਕੀਤੀ ਜਾਵੇਗੀ। ਇਸ ਦੇ ਨਾਲ ਹੀ ਇਯਾਲੀ ਨੇ ਸਪੱਸ਼ਟ ਕੀਤਾ ਕਿ ਇੱਕ ਧੜਾ ਵਾਰ ਵਾਰ ਭਰਤੀ ਕਮੇਟੀ ਨੂੰ ਨਿਗਰਾਨ ਕਮੇਟੀ ਦੱਸ ਕੇ ਗੁਮਰਾਹ ਕਰ ਰਿਹਾ ਹੈ, ਜਦੋਂ ਕਿ 2 ਦਸੰਬਰ ਨੂੰ ਜਾਰੀ ਹੁਕਮਨਾਮਾ ਸਾਹਿਬ ਵਿਚ ਕਿਤੇ ਵੀ ਨਿਗਰਾਨ ਸ਼ਬਦ ਤੱਕ ਨਹੀਂ ਹੈ। ਇਯਾਲੀ ਨੇ ਮੁੜ ਪੰਥ ਪ੍ਰਸਤ ਅਤੇ ਪੰਜਾਬ ਪ੍ਰਸਤ ਸੰਗਤਾਂ ਨੂੰ ਅਪੀਲ ਕੀਤੀ ਕਿ ਆਓ ਰਲ ਕੇ ਪੰਜਾਬ ਦੀ ਮਾਂ ਪਾਰਟੀ ਅਤੇ ਪੰਥ ਦੀ ਨੁਮਾਇੰਦਾ ਜਮਾਤ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਮੁਹਿੰਮ ਦਾ ਹਿੱਸਾ ਬਣੀਏ। ਇਸ ਦੇ ਨਾਲ ਹੀ ਇਯਾਲੀ ਨੇ ਮੁੜ ਦੁਹਰਾਇਆ ਕਿ ਪੰਜ ਮੈਂਬਰੀ ਭਰਤੀ ਕਮੇਟੀ ਬਕਾਇਦਗੀ ਨਾਲ ਦਰੁਸਤ ਭਰਤੀ ਕਰਕੇ ਸੂਬੇ ਨੂੰ ਪੰਥ ਪ੍ਰਸਤ ਅਤੇ ਪੰਜਾਬ ਪ੍ਰਸਤ ਲੀਡਰਸ਼ਿਪ ਦੇਵੇਗੀ। ਇਯਾਲੀ ਨੇ ਸੰਤੁਸ਼ਟੀ ਜਾਹਰ ਕੀਤੀ ਕਿ 10 ਅਪ੍ਰੈਲ ਸ਼ਾਮ ਤੱਕ 15 ਲੱਖ 64 ਹਜ਼ਾਰ ਦੀ ਮੈਂਬਰਸ਼ਿਪ ਕੀਤੀ ਜਾ ਚੁੱਕੀ ਹੈ ਅਤੇ 7 ਲੱਖ ਦੇ ਕਰੀਬ ਮੰਗ ਹੈ।ਇਸ ਦੌਰਾਨ ਕੁੱਝ ਆਗੂਆਂ ਨੇ ਕਿਹਾ ਕਿ ਬਾਦਲ ਅਕਾਲੀ ਦਲ ਦਾ ਮੁਕਾਬਲਾ ਕਰਨ ਲਈ ਪੰਥ ਪ੍ਰਵਾਨਿਤ ਅਜਿਹੀ ਵੱਡੀ ਜਥੇਬੰਦੀ ਦੀ ਲੋੜ ਹੈ, ਜਿਸ ਮੰਚ 'ਤੇ ਸਮੁੱਚਾ ਸਿੱਖ ਜਗਤ ਇਕੱਠਾ ਹੋਵੇ। ਸ਼੍ਰੋਮਣੀ ਅਕਾਲੀ ਦਲ ਨੇ ਲਗਪਗ 27 ਲੱਖ 68 ਹਜ਼ਾਰ ਮੈਂਬਰਾਂ ਦੀ ਭਰਤੀ ਕਰਨ ਦਾ ਦਾਅਵਾ ਕੀਤਾ ਹੈ।

# ਵਕਫ ਬਿਲ ਦਾ ਵਿਰੋਧ ਵੀ ਹੁਣ ਦੇਸ਼ਧ੍ਰੋਹ ਬਣਿਆ

## ✪ ਯੂਪੀ ਸਰਕਾਰ ਮੁਸਲਮਾਨਾਂ ਉਪਰ ਜ਼ੁਲਮ ਕਰਨ ਲੱਗੀ





ਦੁਨੀਆ ਦੇ ਸਾਰੇ ਲੋਕਤੰਤਰੀ ਦੇਸ਼ਾਂ ਵਿਚ ਸੰਸਦ ਦੁਆਰਾ ਪਾਸ ਕੀਤੇ ਗਏ ਕਾਨੂੰਨਾਂ ਦਾ ਨਾਗਰਿਕ ਸਮੂਹ ਅਤੇ ਰਾਜਨੀਤਕ ਪਾਰਟੀਆਂ ਵਿਰੋਧ ਕਰਦੀਆਂ ਹਨ, ਪਰ ਇਨ੍ਹਾਂ ਵਿਰੋਧ ਕਰਨ ਵਾਲਿਆਂ ਨੂੰ ਕੋਈ ਵੀ ਗੱਦਾਰ ਜਾਂ ਦੇਸ਼ਧ੍ਰੋਹੀ ਨਹੀਂ ਕਹਿੰਦਾ। ਭਾਰਤ ਵਿਚ ਵੀ ਆਜ਼ਾਦੀ ਤੋਂ ਬਾਅਦ ਕਈ ਕਾਨੂੰਨ ਬਣਾਏ ਗਏ ਜਿਨ੍ਹਾਂ ਦਾ ਵਿਆਪਕ ਵਿਰੋਧ ਹੋਇਆ, ਪਰ ਵਿਰੋਧ ਕਰਨ ਵਾਲਿਆਂ ਨੂੰ ਕਦੇ ਕਿਸੇ ਨੇ ਗੱਦਾਰ ਨਹੀਂ ਕਿਹਾ ਤੇ ਨਾ ਹੀ ਸਰਕਾਰ ਨੇ ਉਨ੍ਹਾਂ ਵਿਰੁੱਧ ਕੋਈ ਅਪਰਾਧਿਕ ਮਾਮਲਾ ਦਰਜ ਕੀਤਾ। ਪਰ ਹੁਣ ਭਾਜਪਾ ਨੇ ਕਾਨੂੰਨ ਦਾ ਵਿਰੋਧ ਕਰਨ ਵਾਲਿਆਂ ਨੂੰ ਗੱਦਾਰ ਮੰਨਣਾ ਸ਼ੁਰੂ ਕਰ ਦਿੱਤਾ ਹੈ। ਦਿੱਲੀ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਮਹਾਰਾਸ਼ਟਰ, ਰਾਜਸਥਾਨ, ਗੁਜਰਾਤ ਆਦਿ ਕਈ ਸੂਬਿਆਂ 'ਚ ਭਾਜਪਾ ਨੇ ਰਾਹੁਲ ਗਾਂਧੀ, ਸ਼ਰਦ ਪਵਾਰ, ਲਾਲੂ ਪ੍ਰਸਾਦ, ਅਖਿਲੇਸ਼ ਯਾਦਵ ਆਦਿ ਨੇਤਾਵਾਂ ਦੀਆਂ ਤਸਵੀਰਾਂ ਵਾਲੇ ਪੋਸਟਰ ਲਗਾਏ ਹਨ, ਜਿਨ੍ਹਾਂ 'ਤੇ ਲਿਖਿਆ ਹੈ, 'ਵਕਫ਼ ਬਿੱਲ ਦਾ ਵਿਰੋਧ ਕਰਨ ਵਾਲੇ ਗੱਦਾਰ।' ਉੱਤਰ ਪ੍ਰਦੇਸ਼ 'ਚ ਤਾਂ ਕਾਨੂੰਨ ਦਾ ਵਿਰੋਧ ਕਰਨ 'ਤੇ ਨੋਟਿਸ ਭੇਜੇ ਜਾ ਰਹੇ ਹਨ। ਜ਼ਿਕਰਯੋਗ ਹੈ ਕਿ ਬੀਤੀ 3 ਅਪ੍ਰੈਲ ਨੂੰ ਸੰਸਦ ਵਲੋਂ ਪਾਸ ਕੀਤੇ ਗਏ ਵਕਫ਼ ਕਾਨੂੰਨ ਖ਼ਿਲਾਫ਼ 4 ਅਪ੍ਰੈਲ ਨੂੰ ਮੁਜ਼ੱਫਰਨਗਰ 'ਚ ਜੁੰਮੇ ਦੀ ਨਮਾਜ਼ ਅਦਾ ਕਰਨ ਗਏ ਲੋਕਾਂ ਨੇ ਆਪਣੀਆਂ ਬਾਹਾਂ 'ਤੇ ਕਾਲੀਆਂ ਪੱਟੀਆਂ ਬੰਨ੍ਹ ਕੇ ਇਸ ਦਾ ਵਿਰੋਧ ਕੀਤਾ ਸੀ। ਸਰਕਾਰ ਨੇ ਅਜਿਹੇ ਲਗਭਗ ਤਿੰਨ ਸੌ ਲੋਕਾਂ ਨੂੰ ਨੋਟਿਸ ਭੇਜ ਕੇ ਕਿਹਾ ਹੈ ਕਿ ਉਹ ਥਾਣੇ ਪਹੁੰਚ ਕੇ ਦੋ ਲੱਖ ਰੁਪਏ ਦਾ ਮੁਚਲਕਾ ਜਮ੍ਹਾਂ ਕਰਵਾਉਣ ਤੇ ਦੋ ਜ਼ਮਾਨਤੀ ਆਪਣੇ ਨਾਲ ਲੈ ਕੇ ਆਉਣ। ਕਾਲੀ ਪੱਟੀ ਬੰਨ੍ਹ ਕੇ ਜਾਂ ਸੜਕ 'ਤੇ ਵੀ ਉੱਤਰ ਕੇ ਸਰਕਾਰ ਦੇ ਬਣਾਏ ਗਏ ਕਾਨੂੰਨ ਦਾ ਵਿਰੋਧ ਕਰਨਾ ਅਪਰਾਧ ਕਿਵੇਂ ਹੋ ਗਿਆ? ਪੰਜਾਬ ਟਾਈਮਜ ਦਾ ਮੰਨਣਾ ਹੈ ਕਿ ਅਜਿਹੀਆਂ ਗਤੀਵਿਧੀਆਂ ਦੋ ਸਾਲ ਬਾਅਦ ਉੱਤਰ ਪ੍ਰਦੇਸ਼ 'ਚ ਹੋਣ ਵਾਲੀਆਂ ਚੋਣਾਂ ਤੱਕ ਜਾਰੀ ਰਹਿਣਗੀਆਂ, ਜਿਸ ਤੋਂ ਇਹ ਸੁਨੇਹਾ ਜਾਵੇ ਕਿ ਸਰਕਾਰ ਮੁਸਲਮਾਨਾਂ 'ਤੇ ਸਖ਼ਤੀ ਵਰਤ ਰਹੀ ਹੈ।

# ਵਿਸਾਖੀ ਜੋੜ ਮੇਲੇ ਮੌਕੇ ਲੱਖਾਂ ਦੀ ਤਾਦਾਦ ਵਿਚ ਸੰਗਤਾਂ ਤਖ਼ਤ ਸ੍ਰੀ ਦਮਦਮਾ ਸਾਹਿਬ ਦਰਸ਼ਨਾਂ ਨੂੰ ਪਹੁੰਚੀਆਂ

## ✪ ਸਿੰਘ ਸਾਹਿਬ ਨੇ ਕੌਮ ਦੇ ਨਾਂਅ ਜਾਰੀ ਕੀਤਾ ਸੰਦੇਸ਼ ✪ ਬਾਦਲ ਦਲ, ਮਾਨ ਦਲ, ਅੰਮ੍ਰਿਤ ਪਾਲ ਸਿੰਘ ਧੜੇ ਤੇ ਬਸਪਾ ਨੇ ਕੀਤੀਆਂ ਕਾਨਫਰੰਸਾਂ ✪ ਅਕਾਲੀ ਦਲ ਦੇ ਸੱਤਾ ਵਿਚ ਆਉਣ 'ਤੇ ਪੰਜਾਬ 'ਚੋਂ ਗੈਂਗਸਟਰਾਂ ਅਤੇ ਨਸ਼ਾ ਤਸਕਰਾਂ ਦਾ ਹੋਵੇਗਾ ਸਫਾਇਆ-ਸੁਖਬੀਰ







ਤਲਵੰਡੀ ਸਾਬੋ-ਖ਼ਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਮੌਕੇ ਸਿੱਖ ਕੌਮ ਦੇ ਚੌਥੇ ਤਖ਼ਤ, ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਸਜਾਏ ਗਏ ਜੋੜ ਮੇਲੇ ਦੇ ਤੀਜੇ ਦਿਨ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਪਾਵਨ ਸਰੋਵਰਾਂ ਵਿਚ ਇਸ਼ਨਾਨ ਕਰਕੇ ਤਖ਼ਤ ਸਾਹਿਬ ਅਤੇ ਹੋਰਨਾਂ ਗੁਰਦੁਆਰਾ ਸਾਹਿਬਾਨ ਵਿਚ ਨਤਮਸਤਕ ਹੋਈਆਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਤਖ਼ਤ ਸਾਹਿਬ ਦੇ ਜਥੇਦਾਰ ਬਾਬਾ ਟੇਕ ਸਿੰਘ ਦੀ ਅਗਵਾਈ ਹੇਠ ਕਰਵਾਏ ਗੁਰਮਤਿ ਸਮਾਗਮਾਂ ਵਿਚ ਪੰਥ ਪ੍ਰਸਿੱਧ ਧਾਰਮਿਕ ਸ਼ਖ਼ਸੀਅਤਾਂ ਨੇ ਹਾਜ਼ਰੀ ਲਵਾਈ। ਹਾਲਾਂਕਿ, ਇਸ ਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਾਹਿਬ ਗੁਰਮਤਿ ਸਮਾਗਮਾਂ ਵਿਚ ਨਹੀ ਪਹੁੰਚੇ। ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਸੁਸ਼ੋਭਿਤ ਪੁਰਾਤਨ ਸ਼ਸਤਰਾਂ ਦੇ ਸੰਗਤਾਂ ਨੂੰ ਦਰਸ਼ਨ ਕਰਵਾਏ ਗਏ। ਉਪਰੰਤ ਤਖ਼ਤ ਸਾਹਿਬ ਦੇ ਜਥੇਦਾਰ ਬਾਬਾ ਟੇਕ ਸਿੰਘ ਨੇ ਤਖ਼ਤ ਸਾਹਿਬ ਦੀ ਫਸੀਲ ਤੋਂ ਕੌਮ ਦੇ ਨਾਂਅ ਸੰਦੇਸ਼ ਜਾਰੀ ਕਰਦਿਆਂ ਕੌਮ ਦੀ ਚੜ੍ਹਦੀਕਲਾ ਲਈ ਸਮੁੱਚੀ ਸਿੱਖ ਕੌਮ ਨੂੰ ਕੌਮੀ ਨਿਸ਼ਾਨ ਥੱਲੇ ਇਕੱਤਰ ਹੋਣ ਦੀ ਅਪੀਲ ਕਰਦਿਆਂ ਸੰਗਤਾਂ ਨੂੰ ਖੰਡੇ ਬਾਟੇ ਦੀ ਪਾਹੁਲ ਛਕ ਕੇ ਗੁਰੂ ਦੇ ਲੜ ਲੱਗਣ ਲਈ ਵੀ ਪ੍ਰੇਰਿਤ ਕੀਤਾ। ਉਪਰੰਤ ਤਖ਼ਤ ਸਾਹਿਬ ਕੰਪਲੈਕਸ ਵਿਖੇ ਧਾਰਮਿਕ ਦੀਵਾਨ ਸਜਾਏ ਗਏ, ਜਿਨ੍ਹਾਂ ਵਿਚ ਸ੍ਰੀ ਦਰਬਾਰ ਸਾਹਿਬ ਅੰਮਿਬਸਰ ਸਾਹਿਬ ਦੇ ਹਜ਼ੂਰੀ ਰਾਗੀ ਜਥਿਆਂ ਵਲੋਂ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ।

ਸਿੱਖ ਕੌਮ ਦੇ ਚੌਥੇ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਚੱਲ ਰਹੇ ਵਿਸਾਖੀ ਮੇਲੇ ਦੇ ਦੇ ਤੀਜੇ ਦਿਨ ਸ਼੍ਰੋਮਣੀ ਅਕਾਲੀ ਦਲ (ਬ), ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਅਕਾਲੀ ਦਲ ਵਾਰਿਸ ਪੰਜਾਬ ਦੇ, ਸਮਾਜ ਸੇਵੀ ਲੱਖਾ ਸਧਾਣਾ ਅਤੇ ਬਸਪਾ ਵੱਲੋਂ ਸਿਆਸੀ ਕਾਨਫਰੰਸਾਂ ਕੀਤੀ ਗਈਆਂ। ਕਾਨਫਰੰਸਾਂ 'ਚ ਜਿੱਥੇ ਪੰਜਾਬ ਦੇ ਮੁੱਦਿਆਂ ਦੀ ਗੱਲ ਕੀਤੀ ਗਈ ਉੱਥੇ ਪਾਰਟੀਆਂ ਨੇ 2027 ਦੀਆਂ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਦਾ ਵੀ ਬਿਗਲ ਵਜਾਇਆ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵਲੋਂ ਤਖਤ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਵਿਖੇ 'ਮੀਰੀ-ਪੀਰੀ ਕਾਨ.ਫਰੰਸ' ਕੀਤੀ ਗਈ, ਜਿਸ ਦੀ ਅਗਵਾਈ ਅਕਾਲੀ ਦਲ ਅੰਮ੍ਰਿਤਸਰ.ਦੇ ਕੌਮੀ ਪ੍ਰਧਾਨ ਤੇ ਸਾਬਕਾ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਕੀਤੀ। ਸ. ਮਾਨ ਨੇ ਇੱਥੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਹਿੰਦ ਹਕੂਮਤ ਵਲੋਂ ਪਿਛਲੇ ਲੰਬੇ ਸਮੇਂ ਤੋਂ ਸਿੱਖ ਕੌਮ ਨਾਲ ਜ਼ਿਆਦਤੀਆਂ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਵਿਚ ਬੇਅਦਬੀਆਂ ਦਾ ਇਨਸਾ.ਫ ਨਾ ਮਿਲਣਾ, ਪੰਜਾਬ ਦੇ ਦਰਿਆਈ ਪਾਣੀਆਂ ਦੀ ਲੁੱਟ, ਪੰਜਾਬੀ ਬੋਲਦੇ ਇਲਾਕੇ ਪੰਜਾਬ ਹਵਾਲੇ ਨਾ ਕਰਨਾ, ਬੰਦੀ ਸਿੰਘਾਂ ਦੀ ਰਿਹਾਈ ਨਾ ਹੋਣਾ, ਸ਼੍ਰੋਮਣੀ ਕਮੇਟੀ ਦੀਆਂ ਚੋਣਾ ਸਮੇਂ ਸਿਰ ਨਾ ਕਰਵਾਉਣਾ, ਸਿੱਖ ਨਸਲਕੁਸ਼ੀ ਦੇ ਦੋਸ਼ੀਆਂ ਖ਼ਿਲਾ.ਫ ਕਾਰਵਾਈ ਨਾ ਹੋਣਾ ਅਤੇ ਝੂਠੇ ਪੁਲਿਸ ਮੁਕਾਬਲਿਆਂ 'ਚ ਸ਼ਹੀਦ ਕੀਤੇ ਸਿੱਖ ਨੌਜਵਾਨਾਂ ਦੇ ਪਰਿਵਾਰਿਕ ਮੈਂਬਰਾਂ ਨੂੰ ਗੁਲਾਮੀ ਦਾ ਅਹਿਸਾਸ ਕਰਵਾਉਣਾ ਸ਼ਾਮਿਲ ਹੈ, ਪਰ ਇਨ੍ਹਾਂ ਸਾਰੇ ਮਸਲਿਆਂ ਦਾ ਹੱਲ ਅਤੇ ਸਿੱਖ ਕੌਮ ਦੀ ਆਜ਼ਾਦ ਬਾਦਸ਼ਾਹੀ ਖ਼ਾਲਿਸਤਾਨ ਦੀ ਸਥਾਪਤੀ ਬਿਨ੍ਹਾਂ ਸੰਭਵ ਨਹੀਂ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਸਾਡੇ ਧਾਰਮਿਕ ਖੇਤਰ 'ਚ ਬੇਲੋੜੀ ਦਖ਼ਲ-ਅੰਦਾਜ਼ੀ ਕਰ ਰਹੀ ਹੈ। ਖ਼ੁ.ਫੀਆ ਏਜੰਸੀਆਂ ਵਿਦੇਸ਼ਾਂ 'ਚ ਸਿੱਖਾਂ ਨੂੰ ਸਾਜ਼ਿਸ਼ ਤਹਿਤ ਕਤਲ ਕਰਵਾ ਰਹੀਆਂ ਹਨ ਤੇ ਹੁਣ ਪੰਜਾਬ 'ਚ ਸਿੱਖ ਨੌਜਵਾਨਾਂ ਨੂੰ ਗੈਂਗਸਟਰਵਾਦ ਦੇ ਨਾਂਅ ਹੇਠਾਂ ਝੂਠੇ ਪੁਲਿਸ ਮੁਕਾਬਲਿਆਂ ਰਾਹੀਂ ਖ਼ਤਮ ਕਰਨ ਦਾ ਰਾਹ ਚੁਣਿਆ ਗਿਆ ਹੈ, ਜਿਸ ਨੂੰ ਰੋਕਣ ਲਈ ਸਿੱਖ ਕੌਮ ਨੂੰ ਇਕਜੁੱਟ ਹੋਣ ਦੀ ਲੋੜ ਹੈ। ਇਸ ਮੌਕੇ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਈਮਾਨ ਸਿੰਘ ਮਾਨ, ਯੂਨਾਈਟਿਡ ਅਕਾਲੀ ਦਲ ਦੇ ਪ੍ਰਧਾਨ ਗੁਰਦੀਪ ਸਿੰਘ ਬਠਿੰਡਾ, ਪ੍ਰੋ. ਮਹਿੰਦਰਪਾਲ ਸਿੰਘ ਨਾਰੀਕੇ, ਬੀਬੀ ਅੰਮ੍ਰਿਤ ਕੌਰ ਮਲੋਆ (ਪੁੱਤਰੀ ਸ਼ਹੀਦ ਭਾਈ ਬੇਅੰਤ ਸਿੰਘ), ਬੀਬੀ ਚਰਨਜੀਤ ਕੌਰ (ਮਾਤਾ ਅਵਤਾਰ ਸਿੰਘ ਖੰਡਾ), ਪਰਵਿੰਦਰ ਸਿੰਘ ਝੋਟਾ ਮਾਨਸਾ ਆਦਿ ਮੌਜੂਦ ਸਨ।

ਇਸ ਮੌਕੇ ਵੱਖਰੀ ਕਾਨਫਰੰਸ ਦੌਰਾਨ ਸੂਬੇ ਦੇ ਸਾਬਕਾ ਉਪ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ (ਬ) ਦੇ ਮੁੜ ਪ੍ਰਧਾਨ ਬਣੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਵਿਚ ਉਨ੍ਹਾਂ ਦੀ ਸਰਕਾਰ ਬਣਨ 'ਤੇ ਸੂਬੇ ਅੰਦਰ ਕੋਈ ਵੀ ਗੈਂਗਸਟਰ ਜਾਂ ਨਸ਼ਾ ਤਸਕਰ ਨਹੀਂ ਰਹਿਣ ਦਿੱਤਾ ਜਾਵੇਗਾ। ਪੰਜਾਬੀ ਨੌਜਵਾਨਾਂ ਦੇ ਪ੍ਰਵਾਸ ਨੂੰ ਠੱਲ੍ਹ ਪਾਉਣ ਲਈ ਉਨ੍ਹਾਂ ਦੀ ਸਰਕਾਰ ਦੌਰਾਨ ਸਰਕਾਰੀ ਨੌਕਰੀਆਂ ਸਿਰ.ਫ ਪੰਜਾਬੀ ਨੌਜਵਾਨਾਂ ਨੂੰ ਹੀ ਦਿੱਤੀਆਂ ਜਾਣਗੀਆਂ ਅਤੇ ਇਕ ਵਿਸ਼ੇਸ਼ ਕਾਨੂੰਨ ਪਾਸ ਕਰਕੇ ਸੂਬੇ ਅੰਦਰ ਕਿਸੇ ਵੀ ਬਾਹਰੀ ਸੂਬੇ ਦੇ ਵਿਅਕਤੀ ਨੂੰ ਖੇਤੀਬਾੜੀ ਲਈ ਜ਼ਮੀਨ ਖ਼ਰੀਦਣ 'ਤੇ ਮੁਕੰਮਲ ਪਾਬੰਦੀ ਲਗਾਈ ਜਾਵੇਗੀ। ਇਸ ਮੌਕੇ ਉਨ੍ਹਾਂ ਪੰਥ ਨੂੰ ਆਪਸੀ ਏਕੇ ਦੀ ਜੋਸ਼ੀਲੀ ਅਪੀਲ ਕਰਦਿਆਂ ਕਿਹਾ ਕਿ ਪੰਜਾਬ, ਪੰਜਾਬੀਅਤ ਅਤੇ ਖ਼ਾਲਸਾ ਪੰਥ ਦੇ ਹਿੱਤਾਂ ਲਈ ਸਾਰੇ ਅਕਾਲੀਆਂ ਨੂੰ ਸ਼੍ਰੋਮਣੀ ਅਕਾਲੀ ਦਲ 'ਚ ਘਰ ਵਾਪਸੀ ਕਰ ਲੈਣੀ ਚਾਹੀਦੀ ਹੈ, ਕਿਉਂਕਿ ਹੁਣ ਸਮਾਂ ਆ ਗਿਆ ਹੈ ਕਿ ਪੰਜਾਬ ਨੂੰ ਕਾਂਗਰਸ ਅਤੇ ਆਮ ਆਦਮੀ ਪਾਰਟੀ (ਆਪ) ਦੀ ਲੁੱਟ ਤੋਂ ਬਚਾਇਆ ਜਾਵੇ ਅਤੇ ਅਕਾਲੀ ਦਲ 'ਚ ਵਿਸ਼ਵਾਸ ਪ੍ਰਗਟ ਕੀਤਾ ਜਾਵੇ। ਸੁਖਬੀਰ ਨੇ ਕਿਹਾ ਕਿ ਪਾਰਟੀ ਦਾ ਨੁਕਸਾਨ ਕਰਨ ਲਈ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ ਅਤੇ ਸਿੱਖ ਸੰਸਥਾਵਾਂ ਦੀ ਸ਼ਾਖ਼ ਨੂੰ ਖੋਰਾ ਲਗਾਇਆ ਜਾ ਰਿਹਾ, ਜਿਸ ਤਹਿਤ ਪਹਿਲਾਂ ਤਖ਼ਤ ਸ੍ਰੀ ਹਜ਼ੂਰ ਸਾਹਿਬ (ਨਾਂਦੇੜ) ਅਤੇ ਤਖ਼ਤ ਸ੍ਰੀ ਪਟਨਾ ਸਾਹਿਬ (ਬਿਹਾਰ) ਦੀਆਂ ਪ੍ਰਬੰਧਕ ਕਮੇਟੀਆਂ ਦਾ ਵਿਸਥਾਰ ਕਰਕੇ ਉਨ੍ਹਾਂ ਨੂੰ ਸਰਕਾਰੀ ਕੰਟਰੋਲ ਅਧੀਨ ਕੀਤਾ ਗਿਆ ਹੈ ਅਤੇ ਤਖ਼ਤ ਸਾਹਿਬਾਨ ਦੇ ਜਥੇਦਾਰਾਂ ਨੂੰ ਆਪਣੇ ਵੱਲ ਕਰਨ ਦੀਆਂ ਕੋਸ਼ਿਸ਼ ਕੀਤੀ ਗਈਆਂ। ਉਨ੍ਹਾਂ ਕਿਹਾ ਕਿ ਇਹ ਵਰਤਾਰਾ ਉਦੋਂ ਸ਼ੁਰੂ ਕੀਤਾ ਗਿਆ, ਜਦੋਂ ਸ਼੍ਰੋਮਣੀ ਅਕਾਲੀ ਦਲ ਨੇ ਕੌਮੀ ਜਮਹੂਰੀ ਗੱਠਜੋੜ (ਐਨ.ਡੀ.ਏ.) ਨੂੰ ਛੱਡਿਆ। ਉਨ੍ਹਾਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਨ੍ਹਾਂ ਸਮੇਤ ਹੋਰਾਂ ਨੇ ਪੰਥ ਦੇ ਵੱਕਾਰ ਨੂੰ ਮਜ਼ਬੂਤ ਕਰਨ ਦੀ ਥਾਂ ਪੰਥ ਦਾ ਨੁਕਸਾਨ ਕਰਨ ਦੀ ਕੋਸ਼ਿਸ਼ ਕੀਤੀ ਪਰ ਮੈਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਧੰਨਵਾਦੀ ਹਾਂ, ਜਿਸ ਨੇ ਤਖ਼ਤ ਸਾਹਿਬ ਦਾ ਕੰਟਰੋਲ ਉਸ ਕੇਂਦਰ ਸਰਕਾਰ ਤੋਂ ਵਾਪਸ ਲੈ ਲਿਆ, ਜਿਸ ਨੇ ਜਥੇਦਾਰਾਂ 'ਤੇ ਸਿੱਖ ਕੌਮ ਖ਼ਿਲਾ.ਫ .ਫੈਸਲੇ ਲੈਣ ਲਈ ਦਬਾਅ ਬਣਾਇਆ।

ਇਸ ਮੌਕੇ ਦਿੱਲੀ ਦੇ ਸੀਨੀਅਰ ਅਕਾਲੀ ਆਗੂ ਪਰਮਜੀਤ ਸਿੰਘ ਸਰਨਾ, ਡਾ. ਦਲਜੀਤ ਸਿੰਘ ਚੀਮਾ, ਇਸਤਰੀ ਅਕਾਲੀ ਦਲ ਦੀ ਪ੍ਰਧਾਨ ਹਰਗੋਬਿੰਦ ਕੌਰ, ਯੂਥ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਸਾਬਕਾ ਮੰਤਰੀ ਜਨਮੇਜਾ ਸਿੰਘ ਸੇਖੋਂ, ਸਾਬਕਾ ਮੰਤਰੀ ਹੀਰਾ ਸਿੰਘ ਗਾਬੜੀਆ, ਸਾਬਕਾ ਮੰਤਰੀ ਮਨਤਾਰ ਸਿੰਘ ਬਰਾੜ ਆਦਿ ਮੌਜੂਦ ਸਨ।

ਅਕਾਲੀ ਦਲ ਵਾਰਿਸ ਪੰਜਾਬ ਦੇ ਜਥੇਬੰਦੀ ਦੀ ਕਾਨਫਰੰਸ ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਪੰਥਕ ਮਸਲਿਆਂ, ਸਿੱਖ ਕੌਮ ਦੀ ਭਵਿੱਖ ਨੀਤੀ ਅਤੇ ਪੰਜਾਬ ਦੀ ਮੌਜੂਦਾ ਸਥਿਤੀ 'ਤੇ ਗੱਲ ਕੀਤੀ। ਕਾਨਫਰੰਸ ਨੂੰ ਫਰੀਦਕੋਟ ਤੋਂ ਸੰਸਦ ਮੈਂਬਰ ਸਰਬਜੀਤ ਸਿੰਘ ਖਾਲਸਾ, ਸੰਸਦ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ, ਦੀਪ ਸਿੱਧੂ ਦੇ ਭਰਾ ਮਨਦੀਪ ਸਿੱਧੂ, ਜਸਕਰਨ ਸਿੰਘ ਕਾਹਨ ਸਿੰਘ ਵਾਲਾ ਤੇ ਇਮਾਨ ਸਿੰਘ ਖਾਰਾ ਆਦਿ ਬੁਲਾਰਿਆਂ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਕਿਹਾ ਕਿ ਵਾਰਿਸ ਪੰਜਾਬ ਦੇ ਜਥੇਬੰਦੀ ਨੇ ਪੰਜਾਬ 'ਚ ਭਰੋਸੇਯੋਗ ਪ੍ਰਸ਼ਾਸਨ ਦੀ ਲੋੜ, ਕਿਸਾਨ, ਮਜ਼ਦੂਰ, ਵਪਾਰੀ ਵਰਗ ਅਤੇ ਨੌਜਵਾਨਾਂ ਦੀ ਹੱਕੀ ਲੜਾਈ ਨੂੰ ਤਰਜੀਹ ਦੇਣ ਦਾ ਮੁੱਖ ਏਜੰਡਾ ਰੱਖਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ 'ਚ ਕਥਿਤ ਸਰਕਾਰੀ ਧੱਕੇਸ਼ਾਹੀ, ਪੰਜਾਬ ਤੇ ਸਿੱਖ ਵਿਰੋਧੀ .ਫੈਸਲੇ, ਬਾਹਰਲਿਆਂ ਨੂੰ ਨੌਕਰੀਆਂ ਦੇਣੀਆਂ ਤੇ ਸੂਬੇ ਦੇ ਨੌਜਵਾਨਾਂ ਦੀ ਬੇਰੁਜ਼ਗਾਰੀ ਗੰਭੀਰ ਮੁੱਦੇ ਹਨ। ਉਨ੍ਹਾਂ ਨੇ ਭਾਈ ਅੰਮ੍ਰਿਤਪਾਲ ਸਿੰਘ ਸਣੇ ਜੇਲ੍ਹਾਂ 'ਚ ਬੰਦ ਬੇਗੁਨਾਹ ਸਿੱਖ ਨੌਜਵਾਨਾਂ ਦੀ ਤੁਰੰਤ ਰਿਹਾਈ ਦੀ ਮੰਗ ਕੀਤੀ। ਆਗੂਆਂ ਨੇ ਹੋਰ ਰੋਜ਼ ਨੌਜਵਾਨਾਂ ਦੇ ਕਥਿਤ ਝੂਠੇ ਪੁਲੀਸ ਮੁਕਾਬਲੇ ਬਣਾਉਣ ਦੀ ਨਿਖੇਧੀ ਕੀਤੀ।

ਇੱਥੇ ਅੱਜ ਵਿਸਾਖੀ ਮੇਲੇ ਮੌਕੇ ਬਹੁਜਨ ਸਮਾਜ ਪਾਰਟੀ ਨੇ ਸਿਆਸੀ ਕਾਨਫਰੰਸ ਕਰਦਿਆਂ ਰਾਜ ਦੀ ਪ੍ਰਾਪਤੀ ਲਈ ਬਹੁਜਨ ਸਮਾਜ ਨੂੰ ਇੱਕ ਹੋਣ ਦੀ ਅਪੀਲ ਕੀਤੀ। ਕਾਨਫਰੰਸ ਨੂੰ ਸਬੋਧਨ ਕਰਦਿਆਂ ਬਸਪਾ ਦੇ ਸੂਬਾ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਪੰਜਾਬ ਵਿੱਚ ਬਦਲਾਅ ਦੇ ਨਾਂ 'ਤੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਦੇ ਕਾਰਜਕਾਲ ਦੌਰਾਨ ਦਲਿਤਾਂ ਅਤੇ ਪਛੜੇ ਵਰਗਾਂ ਦੇ ਲੋਕਾਂ ਲਈ ਹਾਲਾਤ ਹੋਰ ਵੀ ਮਾੜੇ ਬਣ ਗਏ ਹਨ। ਇਸ ਸਰਕਾਰ ਨੇ ਜਿੱਥੇ ਦਲਿਤ ਭਲਾਈ ਸਕੀਮਾਂ ਤਕਰੀਬਨ ਬੰਦ ਹੀ ਕਰ ਦਿੱਤੀਆਂ ਹਨ, ਉੱਥੇ ਪੰਜਾਬ ਦੇ ਕਿਸਾਨੀ ਸੰਘਰਸ਼ ਨੂੰ ਸੱਟ ਮਾਰ ਕੇ ਇਹ ਦੱਸ ਦਿੱਤਾ ਹੈ ਕਿ ਉਨ੍ਹਾਂ ਦਾ ਪੰਜਾਬ ਜਾਂ ਪੰਜਾਬੀਆਂ ਦੇ ਸਰੋਕਾਰਾਂ ਨਾਲ ਕੋਈ ਵਾਹ ਵਾਸਤਾ ਨਹੀਂ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਹੁਣ ਲੋਕ 2027 ਵਿੱਚ ਬਸਪਾ ਨੂੰ ਇੱਕ ਮੌਕਾ ਦੇਣ।

ਖਾਲਸਾ ਸਾਜਨਾ ਦਿਵਸ 'ਵਿਸਾਖੀ' ਮੌਕੇ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਚੱਲ ਰਿਹਾ ਜੋੜ ਮੇਲਾ ਬੀਤੇ ਦਿਨੀਂ ਦੁਪਹਿਰ ਗੁਰੂ ਕੀਆਂ ਲਾਡਲੀਆਂ ਨਿਹੰਗ ਸਿੰਘ ਫੌਜਾਂ ਵੱਲੋਂ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ (96 ਕਰੋੜੀ) ਦੇ ਮੁਖੀ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਦੀ ਅਗਵਾਈ ਹੇਠ ਖਾਲਸਾਈ ਜਾਹੋ ਜਲਾਲ ਨਾਲ ਮਹੱਲਾ ਸਜਾਉਣ ਉਪਰੰਤ ਰਸਮੀ ਤੌਰ 'ਤੇ ਸਮਾਪਤ ਹੋ ਗਿਆ।

# ਪੰਜਾਬ ਕਾਂਗਰਸ ਦੀ ਫੁੱਟ ਹਾਈਕਮਾਂਡ ਦੀਆਂ ਉਮੀਦਾਂ ਨੂੰ ਕਰ ਸਕਦੀ ਏ ਚਕਨਾਚੂਰ

## ✪ ਆਮ ਆਦਮੀ ਪਾਰਟੀ ਸੰਕਟ ਵਿਚ ਫਸੀ, ਕਈ ਧੜਿਆਂ ਵਿਚ ਵੰਡੀ





ਜੇ ਸਾਲ ਕੁ ਪਹਿਲਾਂ ਹੋਈਆਂ ਲੋਕ ਸਭਾ ਚੋਣਾਂ ਦੇ ਨਤੀਜਿਆਂ ਨੂੰ ਛੱਡ ਦਿੱਤਾ ਜਾਵੇ ਤਾਂ ਪਿਛਲੇ ਤਿੰਨ ਸਾਲਾਂ ਵਿੱਚ ਅਜਿਹਾ ਕੀ ਵਾਪਰਿਆ ਹੈ ਜਿਸ ਤੋਂ ਪੰਜਾਬ ਵਿੱਚ ਵਿਰੋਧੀ ਧਿਰ ਕਾਂਗਰਸ ਪਾਰਟੀ ਨੂੰ ਹੁਣੇ ਆਸ ਹੋ ਗਈ ਹੈ ਕਿ ਰਾਜ ਵਿੱਚ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਇਸ ਦੀ ਜਿੱਤ ਅਤੇ ਸੱਤਾ ਵਿੱਚ ਵਾਪਸੀ ਤੈਅ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤਾਂ ਇਹ ਵੀ ਕਹਿਣ ਲੱਗ ਪਏ ਹਨ ਕਿ "ਇਹ ਕੰਧ 'ਤੇ ਲਿਖਿਆ ਹੋਇਆ ਹੈ"। ਕੁੱਲ ਹਿੰਦ ਕਾਂਗਰਸ ਕਮੇਟੀ ਦਾ ਹੁਣੇ-ਹੁਣੇ ਅਹਿਮਦਾਬਾਦ (ਗੁਜਰਾਤ) ਵਿੱਚ ਸੰਮੇਲਨ ਹੋ ਕੇ ਹਟਿਆ ਹੈ ਜਿਸ ਵਿੱਚ ਪਾਰਟੀ ਨੇ ਗੁਜਰਾਤ ਵਰਗੇ ਸੂਬਿਆਂ ਵਿੱਚ ਆਪਣਾ ਗੁਆਚਿਆ ਆਧਾਰ ਮੁੜ ਹਾਸਿਲ ਕਰਨ ਲਈ ਰਣਨੀਤੀ ਘੜਨ 'ਤੇ ਕਾਫ਼ੀ ਪੁਣ-ਛਾਣ ਕੀਤੀ ਹੈ। ਪੰਜਾਬ ਦਾ ਦਸਤੂਰ ਤੇ ਮਿਜ਼ਾਜ ਵੱਖਰਾ ਰਿਹਾ ਹੈ ਜਿੱਥੇ ਕਾਂਗਰਸ ਮੁੱਢ ਤੋਂ ਹੀ ਸੱਤਾ ਦੀ ਮਜ਼ਬੂਤ ਦਾਅਵੇਦਾਰ ਬਣੀ ਰਹੀ ਹੈ। ਪਰ ਇਹ ਗੱਲ ਹਰਿਆਣਾ ਅਤੇ ਕੁਝ ਹੋਰ ਰਾਜਾਂ ਵਿੱਚ ਵੀ ਕਹੀ ਜਾਂਦੀ ਸੀ ਜਿੱਥੇ ਇਸੇ ਸਾਲ ਇਸ ਨੂੰ ਲਗਾਤਾਰ ਤੀਜੀ ਵਾਰ ਨਮੋਸ਼ੀਜਨਕ ਹਾਰ ਦਾ ਸਾਹਮਣਾ ਕਰਨਾ ਪਿਆ ਸੀ।

ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਬਹੁਤ ਸਾਰੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੰਜਾਬ ਸਿਰ ਕਰਜ਼ੇ ਦਾ ਬੋਝ ਵਧਦਾ ਜਾ ਰਿਹਾ ਹੈ ਅਤੇ ਅਰਥਚਾਰੇ ਦਾ ਮੂੰਹ ਮੱਥਾ ਨਹੀਂ ਬੱਝ ਰਿਹਾ। ਖੇਤੀਬਾੜੀ ਸੰਕਟ ਲਗਾਤਾਰ ਗਹਿਰਾ ਹੁੰਦਾ ਜਾ ਰਿਹਾ ਹੈ ਅਤੇ ਹੁਣ ਵਿਦੇਸ਼ ਜਾ ਕੇ ਕਮਾਈਆਂ ਦੇ ਰਾਹ ਬੰਦ ਹੋਣ ਕਰ ਕੇ ਨੌਜਵਾਨਾਂ ਲਈ ਰੁਜ਼ਗਾਰ ਦੇ ਹਾਲਾਤ ਹੋਰ ਜ਼ਿਆਦਾ ਗੰਭੀਰ ਬਣ ਗਏ ਹਨ ਅਤੇ ਸਭ ਤੋਂ ਵੱਧ, ਅਮਨ ਕਾਨੂੰਨ ਦੀ ਹਾਲਤ ਵਿਗੜਦੀ ਜਾ ਰਹੀ ਹੈ ਤੇ ਇਸ ਲਈ ਜ਼ਿੰਮੇਵਾਰ ਮੋਹਰੀ ਏਜੰਸੀ, ਭਾਵ ਪੰਜਾਬ ਪੁਲੀਸ ਹਰ ਰੋਜ਼ ਗ਼ਲਤ ਕਾਰਨਾਂ ਕਰ ਕੇ ਸੁਰਖ਼ੀਆਂ ਵਿੱਚ ਛਾਈ ਹੋਈ ਹੈ। ਉਂਝ, ਸੱਤਾਧਾਰੀ ਧਿਰ ਕਿਸਾਨ ਜਥੇਬੰਦੀਆਂ ਦੀ ਚੁਣੌਤੀ ਨੂੰ 'ਕਰੜੇ ਹੱਥੀਂ' ਨਿਪਟਣ ਵਿੱਚ ਸਫ਼ਲ ਰਹੀ ਹੈ ਜਦੋਂਕਿ ਕਾਂਗਰਸ ਸਮੇਤ ਸਾਰੀਆਂ ਵਿਰੋਧੀ ਪਾਰਟੀਆਂ ਸਰਕਾਰ ਨੂੰ ਵਿਧਾਨ ਸਭਾ ਦੇ ਅੰਦਰ ਜਾਂ ਸੜਕਾਂ 'ਤੇ ਘੇਰਨ ਵਿੱਚ ਨਾਕਾਮ ਸਾਬਿਤ ਹੋਈਆਂ ਹਨ। ਇਹ ਵੀ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਅਜਿਹਾ ਕੋਈ ਤਰੱਦਦ ਹੀ ਨਹੀਂ ਕੀਤਾ ਜਾਂ ਉਹ ਆਪਣੇ ਅੰਦਰੂਨੀ ਝਗੜੇ ਝੇੜਿਆਂ ਵਿੱਚ ਹੀ ਘਿਰੀਆਂ ਹੋਈਆਂ ਹਨ।



ਕੁਝ ਸਮਾਂ ਪਹਿਲਾਂ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਇਹ ਦਾਅਵਾ ਕੀਤਾ ਸੀ ਕਿ 'ਆਪ' ਦੇ 32 ਵਿਧਾਇਕ ਉਨ੍ਹਾਂ ਦੇ 'ਸੰਪਰਕ' ਵਿੱਚ ਹਨ ਅਤੇ ਸਰਕਾਰ ਕਿਸੇ ਵੀ ਸਮੇਂ ਡਿੱਗ ਸਕਦੀ ਹੈ। ਰਾਜਾ ਵੜਿੰਗ ਦਾ ਕਹਿਣਾ ਹੈ ਕਿ 'ਪੰਜਾਬ ਦੇ ਲੋਕ ਇਸ ਸਰਕਾਰ ਤੋਂ ਤੰਗ ਆ ਚੁੱਕੇ ਹਨ ਤੇ ਇਸ ਕੋਲੋਂ ਛੇਤੀ ਛੁਟਕਾਰਾ ਪਾਉਣ ਲਈ ਕਾਹਲੇ ਹਨ।' ਜੇ ਇਸ ਦਾ ਮਤਲਬ ਇਹ ਹੈ ਕਿ ਪੰਜਾਬ ਦੇ ਲੋਕ ਕਾਂਗਰਸ ਨੂੰ ਸੱਤਾ ਵਿੱਚ ਲਿਆਉਣ ਦਾ ਮਨ ਬਣਾ ਚੁੱਕੇ ਹਨ ਤਾਂ ਇਹ ਖੁਸ਼ਫਹਿਮੀ ਹੈ।

> ਪੰਥਕ ਟਾਈਮਜ ਦਾ ਮੰਨਣਾ ਹੈ ਕਿ ਕਾਂਗਰਸ ਆਗੂਆਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਹੁਣ ਬੈਠੇ ਬਿਠਾਏ ਸੱਤਾ ਦਾ ਥਾਲ ਮਿਲਣ ਦੇ ਦਿਨ ਲੱਦ ਗਏ ਹਨ। ਪੰਜਾਬ ਦੇ ਸਿਆਸੀ ਧਰਾਤਲ ਵਿੱਚ ਲਗਾਤਾਰ ਤਬਦੀਲੀ ਆ ਰਹੀ ਹੈ। ਕੀ ਕਾਂਗਰਸ ਕੋਲ ਪੰਜਾਬ ਦੇ ਸਿਆਸੀ, ਆਰਥਿਕ ਤੇ ਸਮਾਜੀ ਧਰਾਤਲ ਨਾਲ ਜੁੜਨ ਦਾ ਕੋਈ ਬਿਰਤਾਂਤ ਮੌਜੂਦ ਹੈ? ਕੀ ਧੜਿਆਂ ਵਿਚ ਵੰਡੀ ਕਾਂਗਰਸੀ ਲੀਡਰਸ਼ਿਪ ਇਕਮੁੱਠ ਹੋ ਸਕੇਗੀ? ਕੀ ਪ੍ਰਗਟ ਸਿੰਘ, ਰਾਣਾ ਗੁਰਜੀਤ ਸਿੰਘ, ਚਰਨਜੀਤ ਸਿੰਘ ਚੰਨੀ, ਪ੍ਰਤਾਪ ਸਿੰਘ ਬਾਜਵਾ, ਰਾਜਾ ਵੜਿੰਗ ਆਪਸ ਵਿਚ ਏਕਤਾ ਕਰ ਸਕਣਗੇ? ਜਦੋਂ ਆਮ ਆਦਮੀ ਪਾਰਟੀ ਤੋਂ ਲੋਕਾਂ ਦਾ ਮੋਹ ਭੰਗ ਹੋ ਰਿਹਾ ਹੈ, ਅਕਾਲੀ ਬੁਰੀ ਤਰ੍ਹਾਂ ਵੰਡੇ ਹੋਏ ਹਨ, ਭਾਜਪਾ ਵਿਚ ਉਨ੍ਹਾਂ ਨੂੰ ਵਿਸ਼ਵਾਸ ਨਹੀਂ, ਪੰਜਾਬ ਦੇ ਕਾਂਗਰਸ ਆਗੂ ਪੰਜਾਬ ਦੇ ਭਲੇ ਲਈ ਰਾਜਨੀਤਕ ਸੂਝ ਤੋਂ ਕੰਮ ਲੈਂਦੇ ਹੋਏ ਇਕ ਯੂਨਿਟ ਵਜੋਂ ਕੰਮ ਕਰਨ ਨਹੀਂ ਤਾਂ ਹਰਿਆਣਾ ਦੀ ਲੀਡਰਸ਼ਿਪ ਵਾਂਗ ਹੱਥ ਮਲਦੇ ਰਹਿ ਜਾਣਗੇ।

# ਮੋਦੀ ਦਾ ਹਿੰਦੀ ਮੋਹ ਤਾਮਿਲਨਾਡੂ ਨਾਲ ਟਕਰਾਅ ਦਾ ਕਾਰਨ ਬਣਿਆ

## ✪ ਮੁੱਖ ਮੰਤਰੀ ਐਮ.ਕੇ. ਸਟਾਲਿਨ ਨੇ ਕੇਂਦਰ ਸਰਕਾਰ ਵਿਰੁੱਧ ਮੋਰਚਾ ਖੋਲ੍ਹਿਆ

ਤਾਮਿਲਨਾਡੂ ਵਿਚ ਇਕ ਸਾਲ ਬਾਅਦ ਚੋਣਾਂ ਹਨ ਤੇ ਭਾਜਪਾ ਕਿਸੇ ਤਰ੍ਹਾਂ ਉੱਥੇ ਪੈਰ ਜਮਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਦੂਜੇ ਪਾਸੇ ਸੂਬੇ ਦੇ ਮੁੱਖ ਮੰਤਰੀ ਐਮ.ਕੇ. ਸਟਾਲਿਨ ਨੇ ਕੇਂਦਰ ਸਰਕਾਰ ਵਿਰੁੱਧ ਮੋਰਚਾ ਖੋਲ੍ਹ ਰੱਖਿਆ ਹੈ। ਪਰ ਇਸ ਦਾ ਮਤਲਬ ਇਹ ਤਾਂ ਨਹੀਂ ਹੋ ਸਕਦਾ ਕਿ ਪ੍ਰਧਾਨ ਮੰਤਰੀ ਸੂਬੇ ਦੇ ਦੌਰੇ 'ਤੇ ਜਾਣਗੇ ਤਾਂ ਉਹ ਮੁੱਖ ਮੰਤਰੀ ਦਾ ਮਜ਼ਾਕ ਉਡਾਉਣਗੇ ਤੇ ਉਨ੍ਹਾਂ ਨੂੰ ਖਿਝਾਉਣ ਲਈ ਹੋਛੀਆਂ ਗੱਲਾਂ ਕਰਨਗੇ। ਮੁੱਖ ਮੰਤਰੀ ਸਟਾਲਿਨ ਨੇ ਯਕੀਨੀ ਤੌਰ 'ਤੇ ਪ੍ਰੋਟੋਕਾਲ ਤੋੜਿਆ ਤੇ ਪ੍ਰਧਾਨ ਮੰਤਰੀ ਦਾ ਸਵਾਗਤ ਕਰਨ ਨਹੀਂ ਗਏ। ਸਟਾਲਿਨ ਨੇ ਗਲਤੀ ਕੀਤੀ,



ਪਰ ਪ੍ਰਧਾਨ ਮੰਤਰੀ ਨੇ ਵੀ ਸੂਬੇ ਦੇ ਲੋਕਾਂ ਦੀ ਸੰਵੇਦਨਸ਼ੀਲਤਾ ਨੂੰ ਸਮਝੇ ਬਿਨਾਂ ਹੀ ਭਾਸ਼ਾ ਦੇ ਮੁੱਦੇ 'ਤੇ ਸਟਾਲਿਨ ਨੂੰ ਖਿਝਾਇਆ।

ਉਨ੍ਹਾਂ ਕਿਹਾ ਕਿ ਤਾਮਿਲ ਦੇ ਮਾਣ ਨੂੰ ਬਣਾਈ ਰੱਖਣ ਲਈ ਘੱਟੋ-ਘੱਟ ਮੁੱਖ ਮੰਤਰੀ ਤਾਮਿਲ ਭਾਸ਼ਾ 'ਚ ਦਸਤਖ਼ਤ ਤਾਂ ਕਰਨ। ਸਵਾਲ ਇਹ ਹੈ ਕਿ ਕੀ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਅਜਿਹਾ ਕਹਿਣਾ ਸ਼ੋਭਾ ਦਿੰਦਾ ਹੈ? ਮੋਦੀ ਖ਼ੁਦ ਭਾਸ਼ਾ ਦੇ ਆਧਾਰ 'ਤੇ ਬਣੇ ਸੂਬੇ ਤੋਂ ਆਉਂਦੇ ਹਨ, ਪਰ ਕੀ ਉਨ੍ਹਾਂ ਨੇ ਗੁਜਰਾਤ ਦੇ ਮੁੱਖ ਮੰਤਰੀ ਹੁੰਦਿਆਂ ਕਦੇ ਗੁਜਰਾਤੀ ਭਾਸ਼ਾ ਦੇ ਮਾਣ ਨੂੰ ਵਧਾਉਣ ਲਈ ਗੁਜਰਾਤੀ 'ਚ ਦਸਤਖ਼ਤ ਕੀਤੇ? ਗੁਜਰਾਤ 'ਚ ਰਹਿੰਦਿਆਂ ਉਹ ਹਮੇਸ਼ਾ ਸਿਰਫ਼ ਛੇ ਕਰੋੜ ਗੁਜਰਾਤੀਆਂ ਦੀ ਗੱਲ ਕਰਦੇ ਸਨ, ਜਿਵੇਂ ਹੁਣ ਸਟਾਲਿਨ ਤਾਮਿਲ ਲੋਕਾਂ ਦੀ ਗੱਲ ਕਰਦੇ ਹਨ। ਇਸੇ ਤਰ੍ਹਾਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਸਟਾਲਿਨ ਮੈਡੀਕਲ ਦੀ ਪੜ੍ਹਾਈ ਤਾਮਿਲ ਭਾਸ਼ਾ ਵਿਚ ਕਰਵਾਉਣ। ਇਹ ਗੱਲ ਵੀ ਸਟਾਲਿਨ ਨੂੰ ਤਾਮਿਲ ਪ੍ਰਤੀ ਉਸ ਦੇ ਪਿਆਰ ਬਾਰੇ ਖਿਝਾਉਣ ਲਈ ਕਹੀ ਗਈ।

> ਪੰਜਾਬ ਟਾਈਮਜ ਦਾ ਮੰਨਣਾ ਹੈ ਕਿ ਸਾਰੇ ਦੇਸ਼ 'ਚ ਹਿੰਦੀ ਨੂੰ ਪ੍ਰਮੁੱਖਤਾ ਦਿਵਾਉਣ 'ਚ ਲੱਗੀ ਮੋਦੀ ਸਰਕਾਰ ਪਹਿਲਾਂ ਮੈਡੀਕਲ ਤੇ ਇੰਜੀਨੀਅਰਿੰਗ ਦਾ ਇਕ ਵੀ ਬੈਚ ਹਿੰਦੀ 'ਚ ਪੜ੍ਹਾ ਕੇ ਦਿਖਾਉਣ, ਫਿਰ ਸੂਬਿਆਂ ਨੂੰ ਖਿਝਾਉਣ ਤਾਂ ਗੱਲ ਸਮਝ ਵਿਚ ਆਵੇਗੀ।

# ਮੁਕਾਬਲੇ ਮਗਰੋਂ ਮੰਡੀ ਗੋਬਿੰਦਗੜ੍ਹ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਲੁਟੇਰਾ

## ✪ ਹਥਿਆਰ ਬਰਾਮਦੀ ਲਈ ਲਿਜਾ ਰਹੇ ਮੁਲਾਜ਼ਮਾਂ 'ਤੇ ਚਲਾਈ ਗੋਲੀ


ਐੱਸਐੱਸਪੀ ਸ਼ੁਭਮ ਅਗਰਵਾਲ

ਮੰਡੀ ਗੋਬਿੰਦਗੜ੍ਹ-ਮੰਡੀ ਗੋਬਿੰਦਗੜ੍ਹ ਦੇ ਫੋਕਲ ਪੁਆਇੰਟ ਵਿਚ ਬੀਤੇ ਦਿਨੀਂ ਉਸ ਵੇਲੇ ਪੁਲਿਸ ਅਤੇ ਬਦਮਾਸ਼ ਵਿਚਾਲੇ ਮੁਕਾਬਲਾ ਹੋ ਗਿਆ ਜਦੋਂ ਤਰਨ ਤਾਰਨ ਤੋਂ ਫੜ ਕੇ ਰਿਮਾਂਡ 'ਤੇ ਲਿਆਂਦੇ ਗਏ ਉਕਤ ਬਦਮਾਸ਼ ਨੂੰ ਹਥਿਆਰ ਦੀ ਰਿਕਵਰੀ ਲਈ ਮੰਡੀ ਗੋਬਿੰਦਗੜ੍ਹ ਦੇ ਫੋਕਲ ਪੁਆਇੰਟ ਦੀ ਇਕ ਬੰਦ ਪਈ ਫੈਕਟਰੀ ਵਿਚ ਲੁਕੋ ਕੇ ਰੱਖੀ ਗਈ ਪਿਸਤੌਲ ਰਿਕਵਰ ਕਰਨ ਲਈ ਲਿਆਂਦਾ ਗਿਆ ਸੀ। ਇਸੇ ਦੌਰਾਨ ਮੌਕਾ ਪਾ ਕੇ ਲੁਟੇਰੇ ਨੇ ਪੁਲਿਸ ਮੁਲਾਜਮਾਂ ਤੇ ਹੀ ਗੋਲੀ ਚਲਾ ਕੇ ਭੱਜਣ ਦੀ ਕੋਸ਼ਿਸ਼ ਕੀਤੀ ਤਾਂ ਪੁਲਿਸ ਨੇ ਜਵਾਬੀ ਕਾਰਵਾਈ 'ਚ ਬਦਮਾਸ਼ ਦੀ ਲੱਤ 'ਤੇ ਗੋਲ਼ੀ ਮਾਰ ਕੇ ਜ਼ਖ਼ਮੀ ਕਰ ਦਿੱਤਾ। ਹਲਾਂਕਿ ਇਸ ਮੁਕਾਬਲੇ 'ਚ ਇਕ ਪੁਲਿਸ ਮੁਲਾਜ਼ਮ ਵੀ ਜ਼ਖ਼ਮੀ ਹੋ ਗਿਆ। ਪੁਲਿਸ ਵਲੋਂ ਜ਼ਖ਼ਮੀ ਬਦਮਾਸ਼ ਨੂੰ ਸਥਾਨਕ ਸਿਵਲ ਹਸਪਤਾਲ ਪਹੁੰਚਾਇਆ ਜਿਥੋਂ ਡਾਕਟਰਾਂ ਨੇ ਉਸਨੂੰ ਪਟਿਆਲਾ ਦੇ ਰਾਜਿੰਦਰਾ ਹਸਪਤਾਲ ਲਈ ਰੈਫਰ ਕਰ ਦਿੱਤਾ। ਐੱਸਐੱਸਪੀ ਸ਼ੁਭਮ ਅਗਰਵਾਲ ਨੇ ਦੱਸਿਆ ਕਿ 12 ਅਪ੍ਰੈਲ ਦੀ ਰਾਤ ਮੰਡੀ ਗੋਬਿੰਦਗੜ੍ਹ ਦੇ ਅਮਲੋਹ ਰੋਡ ਦੇਵਗਨ ਮਿਲ ਕੰਪਲੈਕਸ ਵਿੱਚ ਉਕਤ ਲੁਟੇਰੇ ਵਲੋਂ ਅਰਬਾਜ਼ ਖਾਂ ਦੀ ਲੱਤ 'ਤੇ ਗੋਲ਼ੀ ਮਾਰ ਕੇ ਉਸਦੀ ਸੋਨੇ ਦੀ ਚੇਨ, ਅਤੇ ਕੁਝ ਪੈਸੇ ਲੈਕੇ ਫ਼ਰਾਰ ਹੋ ਗਿਆ ਸੀ। 12 ਘੰਟੇ ਕਿ ਭਾਰੀ ਮੁਸ਼ੱਕਤ ਦੇ ਦੌਰਾਨ ਉਕਤ ਬਦਮਾਸ਼ ਸੰਨੀ ਅਤੇ ਇਸਦਾ ਇੱਕ ਸਾਥੀ ਮਨਪ੍ਰੀਤ ਨੂੰ ਤਰਨ ਤਾਰਨ ਤੋਂ ਗ੍ਰਿਫ਼ਤਾਰ ਕਰ ਲਿਆ ਸੀ। ਸੰਨੀ ਪਾਸੋਂ ਵਾਰਦਾਤ 'ਚ ਇਸਤੇਮਾਲ ਕੀਤੀ ਪਿਸਤੌਲ ਬਰਾਮਦ ਕਰਨ ਲਈ ਉਸਦੀ ਨਿਸ਼ਾਨਦੇਹੀ 'ਤੇ ਲਿਆਂਦਾ ਗਿਆ ਸੀ।

# ਵਿਸਾਖੀ 1978 ਦੇ ਸ਼ਹੀਦਾਂ ਦੀ ਯਾਦ ਵਿੱਚ ਸਾਲਾਨਾ ਇੰਟਰਨੈਸ਼ਨਲ ਅਖੰਡ ਕੀਰਤਨ ਸਮਾਗਮ ਆਰੰਭ – ਰਘਬੀਰ ਸਿੰਘ, ਰਾਜਿੰਦਰ ਸਿੰਘ ਪੁਰੇਵਾਲ

ਡਰਬੀ (ਪੰਜਾਬ ਟਾਈਮਜ਼) – ਮਿਡਲੈਂਡ ਦੇ ਸ਼ਹਿਰ ਡਰਬੀ ਵਿਖੇ ਹਰ ਸਾਲ ਦੀ ਤਰ੍ਹਾਂ ਅਖੰਡ ਕੀਰਤਨੀ ਜਥਾ ਯੂ ਕੇ ਅਤੇ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਡਰਬੀ ਦੀ ਪ੍ਰਬੰਧਕ ਕਮੇਟੀ ਤੇ ਸਮੂਹ ਸੰਗਤਾਂ ਵੱਲੋਂ ਇਸ ਗੁਰੂ ਘਰ ਵਿਖੇ ਸਾਲਾਨਾ ਇੰਟਰਨੈਸ਼ਨਲ ਸਮਾਗਮ 14 ਅਪ੍ਰੈਲ ਤੋਂ 21 ਅਪ੍ਰੈਲ ਤੱਕ ਆਯੋਜਿਤ ਕੀਤੇ ਗਏ ਹਨ। ਸ੍ਰੀ ਗੁਰੂ ਸਿੰਘ ਸਭਾ ਡਰਬੀ ਦੇ ਪ੍ਰਧਾਨ ਰਘਬੀਰ ਸਿੰਘ ਅਤੇ ਸਿੱਖ ਅਜਾਇਬਘਰ ਡਰਬੀ ਦੇ ਚੇਅਰਮੈਨ ਤੇ ਸਿੰਘ ਸਭਾ ਦੇ ਜਨਰਲ ਸਕੱਤਰ ਰਾਜਿੰਦਰ ਸਿੰਘ ਪੁਰੇ-ਵਾਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਸਮਾਗਮ ਲੰਮੇ ਸਮੇਂ ਤੋਂ ਇਸ ਗੁਰੂ ਘਰ ਵਿਖੇ ਹਰ ਸਾਲ ਵਿਸਾਖੀ 1978 ਦੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਕਰਵਾਏ ਜਾਂਦੇ ਹਨ। ਪੰਥ ਦੇ ਜੁਝਾਰੂ ਆਗੂ ਗੁਰਪੁਰ ਵਾਸੀ ਭਾਈ ਮਹਿਲ ਸਿੰਘ ਦੀ ਆਤਮਕ ਸ਼ਾਂਤੀ ਲਈ ਅਰਦਾਸ ਕੀਤੀ ਜਾਵੇਗੀ।

ਉਹਨਾਂ ਦੱਸਿਆ ਕਿ ਇਸ ਸਾਲ ਦੇ ਪ੍ਰੋਗਰਾਮ 14 ਅਪ੍ਰੈਲ ਸੋਮਵਾਰ ਵਿਸਾਖੀ ਵਾਲੇ ਦਿਨ ਤੋਂ ਸ੍ਰੀ ਅਖੰਡ ਪਾਠ ਦੇ ਆਰੰਭ ਨਾਲ ਸ਼ੁਰੂ ਹੋ ਚੁੱਕੇ ਹਨ। ਇਹਨਾਂ ਸਮਾਗਮਾਂ ਵਿੱਚ ਯੂ ਕੇ, ਅਮਰੀਕਾ, ਕੈਨੇਡਾ, ਆਸਟ੍ਰੇਲੀਆ ਅਤੇ ਯੂਰਪ ਦੇ ਕਈ ਦੇਸ਼ਾਂ ਤੋਂ ਅਖੰਡ ਕੀਰਤ-



ਰਾਜਿੰਦਰ ਸਿੰਘ ਪੁਰੇਵਾਲ, ਰਘਬੀਰ ਸਿੰਘ

ਨੀ ਜਥੇ ਦੇ ਨਿਸ਼ਕਾਮ ਕੀਰਤਨੀਏ ਆ ਕੇ ਭਾਗ ਲੈਂਦੇ ਹਨ । ਐਤਵਾਰ 20 ਅਪ੍ਰੈਲ ਨੂੰ ਪੰਥਕ ਬੁਧੀਜੀਵੀ ਪੰਥ ਦੀ ਚੜ੍ਹਦੀ ਕਲਾ ਲਈ ਆਪਣੇ ਵਿਚਾਰ ਪੇਸ਼ ਕਰਨਗੇ। ਅਤੇ ਸ਼ਾਮ ਨੂੰ 5:30 ਵਜੇ ਰੈਣ ਸਬਾਈ ਸਮਾਗਮ ਆਰੰਭ ਹੋਣਗੇ। ਇਹ ਪ੍ਰੋਗਰਾਮ ਕਈ ਟੀਵੀ ਚੈਨਲਾਂ ਅਤੇ ਯੂ ਟਿਊਬ ਅਤੇ ਰੇਡੀਓ ਚੈਨਲਾਂ 'ਤੇ ਲਾਈਵ ਪ੍ਰਸਾਰਿਤ ਕੀਤੇ ਜਾਣਗੇ। ਵਿਦੇਸ਼ ਤੋਂ ਆਉਣ ਵਾਲੀਆਂ ਸੰਗਤਾਂ ਲਈ ਰਿਹਾਇਸ਼ ਦਾ ਪ੍ਰਬੰਧ ਕੀਤਾ ਗਿਆ ਹੈ ਅਤੇ ਅਜਾਇਬ ਘਰ ਦੇ ਦਰਸ਼ਨਾਂ ਲਈ ਆਉਣ ਵਾਲੀਆਂ ਸੰਗਤਾਂ ਵਾਸਤੇ ਟੂਰ ਗਾਈਡ ਦਾ ਵੀ ਪ੍ਰਬੰਧ ਕੀਤਾ ਗਿਆ ਹੈ।

# ਅਮਰੀਕੀ ਕਾਂਗਰਸ ਵੱਲੋਂ 'ਸਾਕਾ ਨਕੋਦਰ' ਨੂੰ ਮਾਨਤਾ ਦੇਣ ਵਾਲਾ ਮਤਾ ਪਾਸ

### ✪ ਪਾਸ ਹੋਏ ਮਤੇ ਦੀ ਕਾਪੀ ਸਾਕਾ ਨਕੋਦਰ ਦੇ ਸ਼ਹੀਦ ਹੋਏ ਸਿੱਖ ਨੌਜਵਾਨ ਦੇ ਮਾਪਿਆਂ ਨੂੰ ਕਾਂਗਰਸਮੈਨ ਜਿੰਮੀ ਨੇ ਕੀਤੀ ਭੇਟ

**ਖਾਸ ਖਬਰ**

ਅਮਰੀਕੀ ਕਾਂਗਰਸ ਨੇ ਸਾਕਾ ਨਕੋਦਰ ਨੂੰ ਮਾਨਤਾ ਦੇਣ ਵਾਲਾ ਮਤਾ ਪਾਸ ਕਰ ਦਿੱਤਾ ਹੈ। ਪਾਸ ਹੋਏ ਮਤੇ ਦੀ ਕਾਪੀ ਸਾਕਾ ਨਕੋਦਰ ਦੇ ਸ਼ਹੀਦ ਹੋਏ ਸਿੱਖ ਨੌਜਵਾਨ ਦੇ ਮਾਪਿਆਂ ਨੂੰ ਕਾਂਗਰਸਮੈਨ ਜਿੰਮੀ ਪਾਨੇਟਾ ਨੇ ਅਮਰੀਕਾ ਦੇ ਸੈਨ ਹੋਜ਼ੇ ਦੇ ਗੁਰਦੁਆਰੇ ਵਿੱਚ ਵਿਸਾਖੀ ਦੇ ਸਮਾਗਮ ਦੌਰਾਨ ਭੇਟ ਕੀਤੀ। ਹਾਲਾਂਕਿ ਇਹ ਮਤਾ 6 ਫਰਵਰੀ ਨੂੰ ਪਾਸ ਕੀਤਾ ਗਿਆ ਸੀ। ਮਤੇ ਵਿੱਚ ਪੰਜਾਬ ਪੁਲੀਸ ਦੀਆਂ ਗੋਲੀਆਂ ਨਾਲ ਸ਼ਹੀਦ ਹੋਏ ਚਾਰ ਨੌਜਵਾਨਾਂ ਦਾ ਜ਼ਿਕਰ ਕੀਤਾ ਗਿਆ ਹੈ।

ਇਸ ਦੌਰਾਨ ਭਾਈ ਰਵਿੰਦਰ ਸਿੰਘ, ਭਾਈ ਹਰਮਿੰਦਰ ਸਿੰਘ, ਭਾਈ ਝਿਲਮਣ ਸਿੰਘ ਅਤੇ ਭਾਈ ਬਲਧੀਰ ਸਿੰਘ ਨੂੰ 6 ਫਰਵਰੀ ਨੂੰ ਅਮਰੀਕੀ ਕਾਂਗਰਸ ਵੱਲੋਂ ਸ਼ਰਧਾਂਜਲੀ ਦਿੱਤੀ ਗਈ ਸੀ। ਪਾਸ ਕੀਤੇ ਮਤੇ ਦੀ ਕਾਪੀ ਇਸ ਸਾਕੇ ਵਿੱਚ ਸ਼ਹੀਦ ਹੋਏ ਭਾਈ ਰਵਿੰਦਰ ਸਿੰਘ ਲਿੱਤਰਾਂ ਦੇ ਮਾਪਿਆਂ ਬਾਪੂ ਬਲਦੇਵ ਸਿੰਘ ਅਤੇ ਮਾਤਾ ਬਲਦੀਪ ਕੌਰ ਨੂੰ ਵੀ ਭੇਟ ਕੀਤੀ ਗਈ। ਦੁੱਖ ਦੀ ਗੱਲ ਹੈ ਕਿ ਬਾਕੀ ਦੇ ਤਿੰਨ ਸ਼ਹੀਦਾਂ ਦੇ ਮਾਪੇ ਆਪਣੇ ਪੁੱਤਰਾਂ ਨੂੰ ਇਨਸਾਫ਼ ਨਾ ਮਿਲਣ ਤੋਂ ਬਿਨਾਂ ਹੀ ਅਕਾਲ ਚਲਾਣਾ ਕਰ ਗਏ। ਜ਼ਿਕਰਯੋਗ ਹੈ ਕਿ ਪੰਜਾਬ ਵਿਧਾਨ ਸਭਾ ਵਿੱਚ ਇਨ੍ਹਾਂ ਚਾਰੇ ਸਿੱਖ ਨੌਜਵਾਨਾਂ ਨੂੰ ਸ਼ਰਧਾਂਜਲੀ ਤਾਂ ਦਿੱਤੀ ਗਈ ਸੀ ਪਰ ਇਸ ਕਤਲੇਆਮ ਦੀ ਜਾਂਚ ਰਿਪੋਰਟ ਕਦੇ ਵੀ ਸਦਨ




ਵਿੱਚ ਨਹੀਂ ਰੱਖੀ ਗਈ।

ਕਾਬਲੇਗੌਰ ਹੈ ਕਿ 4 ਫਰਵਰੀ 1986 ਨੂੰ ਵਾਪਰਿਆ ਨਕੋਦਰ ਬੇਅਦਬੀ ਕਾਂਡ ਬਹੁਤ ਚਰਚਾ ਵਿੱਚ ਰਿਹਾ ਸੀ। ਘਟਨਾ ਦੇ ਲਗਪਗ 40 ਸਾਲ ਬੀਤ ਜਾਣ ਦੇ ਬਾਵਜੂਦ ਕੋਈ ਮੁਲਜ਼ਮ ਫੜਿਆ ਨਹੀਂ ਗਿਆ ਤੇ ਨਾ ਹੀ ਕਿਸੇ ਨੂੰ ਦੋਸ਼ੀ ਠਹਿਰਾਇਆ ਗਿਆ ਹੈ। ਪੰਜਾਬ ਸਰਕਾਰ ਵੱਲੋਂ ਨਿਯੁਕਤ ਜਸਟਿਸ ਗੁਰਨਾਮ ਸਿੰਘ ਜਾਂਚ ਕਮਿਸ਼ਨ ਨੇ 31 ਅਕਤੂਬਰ, 1986 ਨੂੰ ਰਿਪੋਰਟ ਪੇਸ਼ ਕਰ ਦਿੱਤੀ ਸੀ। ਇਹ ਰਿਪੋਰਟ ਕਦੇ ਵੀ ਪੰਜਾਬ ਵਿਧਾਨ ਸਭਾ ਵਿੱਚ ਨਹੀਂ ਰੱਖੀ ਗਈ। ਕਾਂਗਰਸਮੈਨ ਪਾਨੇਟਾ ਪ੍ਰਤੀ ਦੀ ਸ਼ਲਾਘਾ ਕਰਦੇ ਹੋਏ ਬਾਪੂ ਬਲਦੇਵ ਸਿੰਘ ਨੇ ਕਿਹਾ ਕਿ ਭਾਰਤ ਸਰਕਾਰ ਦੀ ਕਿਸੇ ਵੀ ਸੰਸਥਾ ਤੋਂ ਇਨਸਾਫ਼ ਦੀ ਕੋਈ ਉਮੀਦ ਨਹੀਂ ਬਚੀ ਹੈ। ਕੈਲੇਫੋਰਨੀਆ ਤੋਂ ਅਮਰੀਕੀ ਕਾਂਗਰਸ ਦੇ ਪ੍ਰਤੀਨਿਧੀ ਜਿੰਮੀ ਪਾਨੇਟਾ ਨੇ ਮਤਾ ਪਾਸ ਹੋਣ ਦੌਰਾਨ ਸਪੀਕਰ ਨੂੰ ਕਿਹਾ ਸੀ ਕਿ ਉਹ 4 ਫਰਵਰੀ 1986 ਨੂੰ ਸਾਕਾ ਨਕੋਦਰ ਦਿਵਸ ਵਜੋਂ ਮਾਨਤਾ ਦਿੰਦੇ ਹਨ। ਉਸ ਦਿਨ ਪੰਜਾਬ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਸ਼ਾਂਤੀਪੂਰਵਕ ਵਿਰੋਧ ਕਰਦੇ ਹੋਏ ਚਾਰ ਨਿਹੱਥੇ ਸਿੱਖ ਵਿਦਿਆਰਥੀਆਂ ਨੂੰ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਇਸ ਕੇਸ ਵਿੱਚ ਕਿਸੇ ਨੂੰ ਵੀ ਦੋਸ਼ੀ ਨਹੀਂ ਠਹਿਰਾਇਆ ਗਿਆ ਤੇ ਨਾ ਹੀ ਕਦੇ ਕਿਸੇ ਨੂੰ ਅਦਾਲਤ ਦੇ ਕਟਹਿਰੇ ਵਿੱਚ ਖੜ੍ਹਾ ਕੀਤਾ ਗਿਆ। ਇੱਥੋਂ ਤੱਕ ਕਿ ਸਰਕਾਰ ਵੱਲੋਂ ਬਣਾਏ ਜਾਂਚ ਕਮਿਸ਼ਨ 'ਤੇ ਕੋਈ ਕਾਰਵਾਈ ਨਹੀਂ ਕੀਤੀ ਗਈ। 4 ਫਰਵਰੀ ਪੰਜਾਬ ਦੇ ਸਿੱਖਾਂ ਲਈ ਹੀ ਨਹੀਂ ਸਗੋਂ ਅਮਰੀਕਾ ਦੇ ਸਿੱਖਾਂ ਲਈ ਵੀ ਇੱਕ ਕਾਲਾ ਦਿਨ ਬਣਿਆ ਹੋਇਆ ਹੈ।

# ਸਾਬਕਾ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਨੂੰ ਸੁਪਰੀਮ ਕੋਰਟ ਨੇ ਦਿੱਤੀ ਜ਼ਮਾਨਤ

ਨਾਭਾ-ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਨੂੰ ਆਮਦਨ ਤੋਂ ਬਾਅਦ ਜਾਇਦਾਦ ਮਾਮਲੇ ਵਿੱਚ ਸੁਪਰੀਮ ਕੋਰਟ ਤੋਂ ਵੱਡੀ ਰਾਹਤ ਮਿਲੀ ਹੈ। ਸੁਪਰੀਮ ਕੋਰਟ ਨੇ ਧਰਮਸੋਤ ਨੂੰ ਜ਼ਮਾਨਤ ਦੇ ਦਿੱਤੀ ਹੈ। ਧਰਮਸੋਤ ਸ਼ਾਮ ਤੱਕ ਨਾਭਾ ਦੀ ਨਵੀਂ ਜ਼ਿਲ੍ਹਾ ਜੇਲ੍ਹ 'ਚੋਂ ਬਾਹਰ ਆ ਸਕਦੇ ਹਨ। ਕਾਬਿਲੇਗੌਰ ਹੈ ਕਿ ਸਾਧੂ ਸਿੰਘ ਧਰਮਸੋਤ ਇਸ ਸਮੇਂ ਨਾਭਾ ਕੇਂਦਰੀ ਜੇਲ੍ਹ ਵਿੱਚ ਬੰਦ ਹੈ।



### ਕੀ ਹੈ ਪੂਰਾ ਮਾਮਲਾ

ਦੱਸ ਦਈਏ ਕਿ ਈਡੀ ਨੇ ਸਾਧੂ ਸਿੰਘ ਧਰਮਸੋਤ ਨੂੰ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਸੀ। ਧਰਮਸੋਤ ਨੂੰ ਜਨਵਰੀ ਵਿੱਚ ਈਡੀ ਨੇ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਸੀ। ਧਰਮਸੋਤ 'ਤੇ ਦੋਸ਼ ਹੈ ਕਿ ਜਦੋਂ ਉਹ ਮਾਰਚ 2016 ਤੋਂ ਮਾਰਚ 2022 ਤੱਕ ਜੰਗਲਾਤ ਮੰਤਰੀ ਸਨ, ਉਸ ਸਮੇਂ ਦੌਰਾਨ ਉਨ੍ਹਾਂ ਦੀ ਆਮਦਨ 2.37 ਕਰੋੜ ਰੁਪਏ ਸੀ, ਜਦੋਂ ਕਿ ਉਨ੍ਹਾਂ ਵੱਲੋਂ 8.76 ਕਰੋੜ ਰੁਪਏ ਖਰਚ ਕੀਤੇ ਗਏ ਸਨ।

# ਅਮਰੀਕੀ ਟੈਕਸਾਂ ਕਾਰਨ ਭਾਰਤ ਦੀ ਵਿਕਾਸ ਦਰ ਘਟ ਸਕਦੀ ਏ

ਨਵੀਂ ਦਿੱਲੀ-ਅਮਰੀਕੀ ਜਵਾਬੀ ਟੈਕਸ ਲਾਗੂ ਹੋਣ ਨਾਲ ਅਗਲੇ ਦੋ ਸਾਲਾਂ ਅੰਦਰ ਭਾਰਤ, ਚੀਨ ਤੇ ਜਪਾਨ ਜਿਹੇ ਅਹਿਮ ਏਸ਼ੀਆ-ਪ੍ਰਸ਼ਾਂਤ ਮੁਲਕਾਂ ਦੇ ਅਰਥਚਾਰਿਆਂ ਦੀ ਵਿਕਾਸ ਦਰ 'ਚ 0.20 ਤੋਂ 0.40 ਫੀਸਦ ਤੱਕ ਦੀ ਗਿਰਾਵਟ ਆ ਸਕਦੀ ਹੈ। ਐੱਸਐਂਡਪੀ ਗਲੋਬਲ ਰੇਟਿੰਗਜ਼ ਨੇ ਅੱਜ ਕਿਹਾ ਕਿ ਅਮਰੀਕਾ ਦੀ ਜਵਾਬੀ ਟੈਕਸ ਲਾਉਣ ਦੀ ਧਮਕੀ ਨੇ ਆਲਮੀ ਵਪਾਰ ਤੇ ਭਰੋਸੇ ਨੂੰ ਘੱਟ ਕਰ ਦਿੱਤਾ ਹੈ। ਚੀਨ ਤੇ ਅਮਰੀਕਾ ਨਾਲ ਬਰਾਮਦ ਦੇ ਖੇਤਰ ਦੀ ਨਿਰਭਰਤਾ ਦਾ ਨਿਰਮਾਣਕਰਤਾਵਾਂ ਤੇ ਛੋਟੇ ਅਰਥਚਾਰਿਆਂ 'ਤੇ ਬਹੁਤ ਜ਼ਿਆਦਾ ਅਸਰ ਪਵੇਗਾ। ਐੱਸ ਐਂਡ ਪੀ ਗਲੋਬਲ ਰੇਟਿੰਗ ਦੇ ਖੋਜ ਮੁਖੀ (ਏਸ਼ੀਆ-ਪ੍ਰਸ਼ਾਂਤ) ਯੂਨਿਸ ਟੈਨ ਨੇ ਕਿਹਾ, 'ਜੇ ਦੋ ਅਪਰੈਲ, 2025 ਨੂੰ ਐਲਾਨੇ ਟੈਕਸ ਮੁੜ ਲਾਗੂ ਹੋ ਜਾਂਦੇ ਹਨ ਤਾਂ ਇਸ ਦੇ ਭੂ-ਰਾਜਨੀਤਕ ਤੇ ਆਰਥਿਕ ਨਤੀਜੇ ਗੰਭੀਰ ਹੋਣਗੇ।' ਐੱਸਐਂਡਪੀ ਨੇ ਮਾਰਚ 2025 ਤੇ 2026 ਲਈ ਕ੍ਰਮਵਾਰ 6.5 ਫੀਸਦ ਤੇ 6.8 ਫੀਸਦ ਦੀ ਵਿਕਾਸ ਦਰ ਦਾ ਅਨੁਮਾਨ ਲਾਇਆ ਸੀ।

# ਅੰਮ੍ਰਿਤਧਾਰੀ ਮਹਿਲਾ ਕਤਲ ਮਾਮਲਾ: ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਪਿੰਡ ਕੰਗ ਪੁੱਜੇ ਜਥੇਦਾਰ ਗੜਗੱਜ

ਹਲਕਾ ਖਡੂਰ ਸਾਹਿਬ ਦੇ ਪਿੰਡ ਕੰਗ ਵਿਖੇ ਬੀਤੇ ਦਿਨੀ ਕਤਲ ਕੀਤੀ ਗਈ ਅੰਮ੍ਰਿਤਧਾਰੀ ਮਹਿਲਾ ਗੁਰਪੀਤ ਕੌਰ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਪਿੰਡ ਕੰਗ ਵਿਖੇ ਪੁੱਜੇ । ਇਸ ਮੌਕੇ ਜਥੇਦਾਰ ਗੜਗੱਜ ਵੱਲੋਂ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਗਈ। ਇਸ ਮੌਕੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਦਿਨ ਦਿਹਾੜੇ ਦੋ ਅਣਪਛਾਤੇ ਵਿਅਕਤੀਆਂ ਵੱਲੋਂ ਘਰ ਵਿੱਚ ਦਾਖ਼ਲ ਹੋ ਕੇ ਪਾਠ ਕਰ ਰਹੀ ਅੰਮ੍ਰਿਤਧਾਰੀ ਬੀਬੀ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ, ਜਿਸ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਵਿਚ ਅਮਨ ਕਾਨੂੰਨ ਦੀ ਸਥਿਤੀ ਡਾਵਾਂਡੋਲ ਹੈ,।



ਰਜਿੰਦਰ ਸਿੰਘ ਪੁਰੇਵਾਲ

**ਵਿਚਾਰ :–** ਤੁਹਾਡੀਆਂ ਬਹੁਤ ਸਾਰੀਆਂ ਖੂਬੀਆਂ ਦੀ ਜਾਣਕਾਰੀ ਲੋਕਾਂ ਨੂੰ ਉਸ ਵੇਲੇ ਹੁੰਦੀ ਹੈ ਜਦੋਂ ਤੁਸੀਂ ਇਸ ਦੁਨੀਆਂ ਤੋਂ ਜਾ ਚੁੱਕੇ ਹੁੰਦੇ ਹੋ।

# ਸਟਾਲਿਨ ਨੇ ਰਾਜਾਂ ਦੇ ਅਧਿਕਾਰਾਂ ਲਈ ਇੱਕ ਕਮੇਟੀ ਬਣਾਕੇ ਮੋਦੀ ਸਰਕਾਰ ਨੂੰ ਦਿੱਤੀ ਚੁਣੌਤੀ

ਤਾਮਿਲਨਾਡੂ ਦੇ ਮੁੱਖ ਮੰਤਰੀ ਐਮ. ਕੇ. ਸਟਾਲਿਨ ਨੇ ਰਾਜਾਂ ਦੇ ਅਧਿਕਾਰਾਂ ਦੀ ਰਾਖੀ ਲਈ ਇੱਕ ਹੁਣੇ ਜਿਹੇ ਵਿਸ਼ੇਸ਼ ਕਮੇਟੀ ਬਣਾਈ ਹੈ। ਮੁੱਖ ਮੰਤਰੀ ਐਮਕੇ ਸਟਾਲਿਨ ਨੇ ਕੇਂਦਰ ਵਿਰੁੱਧ ਮੋਰਚਾ ਖੋਲ੍ਹ ਦਿੱਤਾ ਹੈ ਅਤੇ ਰਾਜਾਂ ਦੇ ਅਧਿਕਾਰਾਂ ਦੀ ਰਾਖੀ ਲਈ ਇੱਕ ਉੱਚ-ਪੱਧਰੀ ਕਮੇਟੀ ਬਣਾਈ ਹੈ। ਇਹ ਕਦਮ ਨਾ ਸਿਰਫ਼ 2026 ਲਈ ਡੀਐਮਕੇ ਦੀ ਚੋਣ ਰਣਨੀਤੀ ਦੀ ਸ਼ੁਰੂਆਤ ਨੂੰ ਦਰਸਾਉਂਦਾ ਹੈ, ਸਗੋਂ ਸੰਘਵਾਦ ਦੀ ਲੜਾਈ ਵਿੱਚ ਤਾਮਿਲਨਾਡੂ ਨੂੰ ਵੀ ਸਭ ਤੋਂ ਅੱਗੇ ਲਿਆਉਂਦਾ ਹੈ। ਇਸ ਕਮੇਟੀ ਦਾ ਕੰਮ ਰਾਜਾਂ ਦੇ ਅਧਿਕਾਰਾਂ ਦੀ ਰੱਖਿਆ ਕਰਨਾ ਅਤੇ ਭਾਰਤ ਦੇ ਸੰਘੀ ਢਾਂਚੇ ਨੂੰ ਮੁੜ ਸੰਤੁਲਿਤ ਕਰਨ ਲਈ ਸੁਝਾਅ ਦੇਣਾ ਹੋਵੇਗਾ। ਸਟਾਲਿਨ ਨੇ ਸੰਘਵਾਦ ਅਤੇ ਰਾਜ ਦੀ ਖੁਦਮੁਖਤਿਆਰੀ ਨੂੰ ਆਪਣੀ ਪਾਰਟੀ ਦੀਆਂ ਤਰਜੀਹਾਂ ਦੱਸਿਆ ਹੈ। ਇਸ ਕਮੇਟੀ ਦੀ ਅਗਵਾਈ ਸੁਪਰੀਮ ਕੋਰਟ ਦੇ ਸਾਬਕਾ ਜੱਜ ਕੁਰੀਅਨ ਜੋਸਫ਼ ਕਰਨਗੇ ਅਤੇ ਇਸ ਵਿੱਚ ਸਾਬਕਾ ਆਈਏਐਸ ਅਧਿਕਾਰੀ ਅਸ਼ੋਕ ਵਰਧਨ ਸ਼ੈੱਟੀ ਅਤੇ ਅਰਥਸ਼ਾਸਤਰੀ ਐਮ ਨਾਗਨਾਥਨ ਸ਼ਾਮਲ ਹੋਣਗੇ। ਇਹ ਕਦਮ ਡੀਐਮਕੇ ਦੀ ਉਸ ਰਣਨੀਤੀ ਨੂੰ ਹੋਰ ਮਜ਼ਬੂਤ ਕਰਦਾ ਹੈ ਜਿਸ ਵਿੱਚ ਉਹ ਕੇਂਦਰ ਸਰਕਾਰ ’ਤੇ ਰਾਜਾਂ ਦੇ ਸੰਵਿਧਾਨਕ ਅਧਿਕਾਰਾਂ ’ਤੇ ਕਬਜ਼ਾ ਕਰਨ ਦਾ ਦੋਸ਼ ਲਗਾ ਰਹੀ ਹੈ।

ਵਿਧਾਨ ਸਭਾ ਵਿੱਚ ਆਪਣੇ ਭਾਸ਼ਣ ਵਿੱਚ, ਸਟਾਲਿਨ ਨੇ ਕਿਹਾ ਕਿ ਕੇਂਦਰ ਸਰਕਾਰ ਵਾਰ-ਵਾਰ ਰਾਜਾਂ ਦੇ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਿਰਫ਼ ਖੁਸ਼ਹਾਲ ਰਾਜ ਹੀ ਇੱਕ ਮਜ਼ਬੂਤ ਰਾਸ਼ਟਰ ਦਾ ਨਿਰਮਾਣ ਕਰ ਸਕਦੇ ਹਨ। ਸਟਾਲਿਨ ਨੇ ਕਮੇਟੀ ਨੂੰ ਤਾਮਿਲਨਾਡੂ ਦੀ ਇਤਿਹਾਸਕ ਜ਼ਿੰਮੇਵਾਰੀ ਦਾ ਹਿੱਸਾ ਦੱਸਿਆ, ਡੀਐਮਕੇ ਦੇ ਸੰਸਥਾਪਕ ਸੀਐਨ ਅੰਨਾਦੁਰਾਈ ਅਤੇ ਸਾਬਕਾ ਮੁੱਖ ਮੰਤਰੀ ਐਮ ਕਰੁਣਾਨਿਧੀ ਦੇ “ਰਾਜਾਂ ਨੂੰ ਖੁਦਮੁਖਤਿਆਰੀ, ਕੇਂਦਰ ਵਿੱਚ ਸੰਘਵਾਦ” ਦੇ ਨਾਅਰੇ ਨੂੰ ਦੁਹਰਾਇਆ। ਇਹ ਕਮੇਟੀ ਨਾ ਸਿਰਫ਼ ਰਾਜਾਂ ਦੇ ਅਧਿਕਾਰਾਂ ਦੀ ਰਾਖੀ ਲਈ ਉਪਾਅ ਸੁਝਾਏਗੀ ਬਲਕਿ ਕੇਂਦਰ-ਰਾਜ ਸਬੰਧਾਂ ਨੂੰ ਬਿਹਤਰ ਬਣਾਉਣ ਲਈ ਸਿਫ਼ਾਰਸ਼ਾਂ ਵੀ ਕਰੇਗੀ। ਇਹ ਕਦਮ ਤਾਮਿਲਨਾਡੂ ਅਤੇ ਕੇਂਦਰ ਦਰਮਿਆਨ ਚੱਲ ਰਹੇ ਤਣਾਅ ਦੇ ਸਬੰਧ ਵਿੱਚ ਡੀਐਮਕੇ ਦੇ ਹਮਲਾਵਰ ਰੁਖ ਨੂੰ ਦਰਸਾਉਂਦਾ ਹੈ। ਰਾਸ਼ਟਰੀ ਸਿੱਖਿਆ ਨੀਤੀ ਅਤੇ ਰਾਜਪਾਲ ਦੀ ਭੂਮਿਕਾ ਵਰਗੇ ਮੁੱਦਿਆਂ ’ਤੇ ਡੀਐਮਕੇ ਸਰਕਾਰ ਅਤੇ ਕੇਂਦਰ ਵਿਚਕਾਰ ਲਗਾਤਾਰ ਤਣਾਅ ਬਣਿਆ ਹੋਇਆ ਹੈ।

ਡੀਐਮਕੇ ਨੇ ਧਰਮ ਨਿਰਪੱਖ ਪ੍ਰਗਤੀਸ਼ੀਲ ਗੱਠਜੋੜ ਦੀ ਅਗਵਾਈ ਕੀਤੀ ਅਤੇ 2021 ਦੀਆਂ ਵਿਧਾਨ ਸਭਾ ਚੋਣਾਂ ਵਿੱਚ 159 ਸੀਟਾਂ ਅਤੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਤਾਮਿਲਨਾਡੂ ਦੀਆਂ ਸਾਰੀਆਂ 39 ਸੀਟਾਂ ਜਿੱਤੀਆਂ। ਸਟਾਲਿਨ ਹੁਣ 2026 ਦੀਆਂ ਵਿਧਾਨ ਸਭਾ ਚੋਣਾਂ ਵਿੱਚ 200 ਤੋਂ ਵੱਧ ਸੀਟਾਂ ਜਿੱਤਣ ਦਾ ਟੀਚਾ ਰੱਖ ਰਹੇ ਹਨ। ਇਸ ਕਮੇਟੀ ਦਾ ਗਠਨ ਡੀਐਮਕੇ ਦੀ ਚੋਣ ਰਣਨੀਤੀ ਦਾ ਇੱਕ ਮਹੱਤਵਪੂਰਨ ਹਿੱਸਾ ਜਾਪਦਾ ਹੈ, ਜਿਸਦਾ ਉਦੇਸ਼ ਤਾਮਿਲਨਾਡੂ ਦੇ ਵੋਟਰਾਂ ਨੂੰ ਇਹ ਸੁਨੇਹਾ ਦੇਣਾ ਹੈ ਕਿ ਪਾਰਟੀ ਉਨ੍ਹਾਂ ਦੇ ਅਧਿਕਾਰਾਂ ਅਤੇ ਖੇਤਰੀ ਮਾਣ ਦੀ ਰੱਖਿਆ ਲਈ ਵਚਨਬੱਧ ਹੈ।

ਡੀਐਮਕੇ ਦਾ ਇਹ ਕਦਮ ਕੇਂਦਰ ਦੀ ਭਾਜਪਾ ਸਰਕਾਰ ਵਿਰੁੱਧ ਇੱਕ ਵਿਆਪਕ ਰਣਨੀਤੀ ਦਾ ਹਿੱਸਾ ਹੈ। ਸਟਾਲਿਨ ਨੇ ਹਾਲ ਹੀ ਵਿੱਚ ਹੱਦਬੰਦੀ ਦੇ ਮੁੱਦੇ ’ਤੇ ਕੇਂਦਰ ’ਤੇ ਨਿਸ਼ਾਨਾ ਸਾਧਿਆ ਸੀ, ਇਹ ਦਾਅਵਾ ਕਰਦੇ ਹੋਏ ਕਿ ਇਸ ਪ੍ਰਕਿਰਿਆ ਨਾਲ ਤਾਮਿਲਨਾਡੂ ਵਰਗੇ ਦੱਖਣੀ ਰਾਜਾਂ ਦੀ ਲੋਕ ਸਭਾ ਪ੍ਰਤੀਨਿਧਤਾ ਘੱਟ ਸਕਦੀ ਹੈ। ਉਨ੍ਹਾਂ ਨੇ ਇਸਨੂੰ ਸੰਘਵਾਦ ’ਤੇ ਹਮਲਾ ਕਿਹਾ ਅਤੇ ਚੇਨਈ ਵਿੱਚ ਸੱਤ ਰਾਜਾਂ ਦੇ ਮੁੱਖ ਮੰਤਰੀਆਂ ਨਾਲ ਇੱਕ ਸਾਂਝੀ ਐਕਸ਼ਨ ਕਮੇਟੀ ਦੀ ਮੀਟਿੰਗ ਵੀ ਕੀਤੀ ਸੀ।

ਹਾਲਾਂਕਿ, ਸਟਾਲਿਨ ਦੁਆਰਾ ਬਣਾਈ ਗਈ ਕਮੇਟੀ ਦੀ ਅਗਵਾਈ ਸਾਬਕਾ ਜੱਜ ਕੁਰੀਅਨ ਜੋਸਫ਼ ਕਰ ਰਹੇ ਹਨ, ਜੋ ਸੰਵਿਧਾਨਕ ਮਾਮਲਿਆਂ ਵਿੱਚ ਆਪਣੀ ਨਿਰਪੱਖਤਾ ਅਤੇ ਮੁਹਾਰਤ ਲਈ ਜਾਣੇ ਜਾਂਦੇ ਹਨ। ਅਸ਼ੋਕ ਵਰਧਨ ਸ਼ੈੱਟੀ, ਇੱਕ ਸੇਵਾਮੁਕਤ ਨੌਕਰਸ਼ਾਹ, ਆਪਣੀ ਕੁਸ਼ਲ ਪ੍ਰਸ਼ਾਸਕੀ ਸ਼ੈਲੀ ਲਈ ਮਸ਼ਹੂਰ ਹਨ ਅਤੇ ਪਹਿਲਾਂ ਡੀਐਮਕੇ ਸਰਕਾਰ ਦੌਰਾਨ ਸਟਾਲਿਨ ਨਾਲ ਕੰਮ ਕਰ ਚੁੱਕੇ ਹਨ। ਅਰਥਸ਼ਾਸਤਰੀ ਐਮ ਨਾਗਨਾਥਨ, ਜੋ ਕਿ ਰਾਜ ਯੋਜਨਾ ਬੋਰਡ ਨਾਲ ਜੁੜੇ ਹੋਏ ਸਨ, ਕਰੁਣਾਨਿਧੀ ਨਾਲ ਆਪਣੇ ਨਿੱਜੀ ਸਬੰਧਾਂ ਲਈ ਜਾਣੇ ਜਾਂਦੇ ਹਨ। ਇਹ ਤਿੰਨ ਮੈਂਬਰੀ ਕਮੇਟੀ ਕੇਂਦਰ-ਰਾਜ ਸਬੰਧਾਂ ਵਿੱਚ ਅਸੰਤੁਲਨ ਦੇ ਮੁੱਦੇ ਨਾਲ ਨਜਿੱਠਣ ਲਈ ਨੀਤੀਗਤ ਅਤੇ ਕਾਨੂੰਨੀ ਸੁਝਾਅ ਦੇਣ ਲਈ ਕੰਮ ਕਰੇਗੀ।

ਡੀਐਮਕੇ ਦੀ ਵਿਚਾਰਧਾਰਾ ਸ਼ੁਰੂ ਤੋਂ ਹੀ ਸਮਾਜਿਕ ਨਿਆਂ, ਰਾਜ ਦੀ ਖੁਦਮੁਖਤਿਆਰੀ ਅਤੇ ਦ੍ਰਾਵਿੜ ਪਛਾਣ ’ਤੇ ਆਧਾਰਿਤ ਰਹੀ ਹੈ। ਸਟਾਲਿਨ ਨੇ ਆਪਣੇ ਪਿਤਾ ਕਰੁਣਾਨਿਧੀ ਅਤੇ ਅੰਨਾਦੁਰਾਈ ਦੀ ਵਿਰਾਸਤ ਨੂੰ ਅੱਗੇ ਵਧਾਉਂਦੇ ਹੋਏ, ਸੰਘਵਾਦ ਨੂੰ ਆਪਣੀ ਰਾਜਨੀਤਿਕ ਰਣਨੀਤੀ ਦਾ ਕੇਂਦਰ ਬਣਾਇਆ ਹੈ। ਇਸ ਤੋਂ ਇਲਾਵਾ, ਡੀਐਮਕੇ ਨੇ ਰਾਸ਼ਟਰੀ ਸਿੱਖਿਆ ਨੀਤੀ ਦਾ ਵੀ ਵਿਰੋਧ ਕੀਤਾ ਹੈ ਅਤੇ ਹਿੰਦੀ ਥੋਪਣ ਦੀਆਂ ਕੋਸ਼ਿਸ਼ਾਂ ਦਾ ਦੋਸ਼ ਲਗਾਇਆ ਹੈ। ਸਟਾਲਿਨ ਨੇ ਤਾਮਿਲਨਾਡੂ ਦੀ ਦੋ-ਭਾਸ਼ੀ ਨੀਤੀ - ਤਾਮਿਲ ਅਤੇ ਅੰਗਰੇਜ਼ੀ - ਨੂੰ ਬਣਾਈ ਰੱਖਣ ਲਈ ਆਪਣੀ ਵਚਨਬੱਧਤਾ ਦੁਹਰਾਈ ਹੈ ਅਤੇ ਕੇਂਦਰ ਦੇ ਸੱਭਿਆਚਾਰਕ ਅਤੇ ਰਾਜਨੀਤਿਕ ਦਬਦਬੇ ਵਿਰੁੱਧ ਫੈਸਲਾਕੁੰਨ ਕਾਰਵਾਈ ਦਾ ਵਾਅਦਾ ਕੀਤਾ ਹੈ।

ਬਾਕੀ ਹਿਸਾ ਸਫਾ 9 ਤੇ ਪੜ੍ਹੋ →

## NEWS & VIEWS

# IMPACT OF TARIFFS IMPOSED BY US PRESIDENT TRUMP



Gurmukh Singh OBE

The background to the column this week is the global tariffs war started by US President Trump. The world is like a global village today and no country can remain isolated from what is happening in the rest of the world.

A tariff is a tax imposed by a country on the goods and services imported from another country. One of the main reasons is to protect locally produced goods, services and employment, and to equalise or gain a trade advantage. There are other reasons discussed below to understand why tariffs are imposed.

My early work experience in tariffs and international trade started in 1986 on return to the Department of Trade and Industry from secondment to the National Economic Development Office (now defunct). I was posted to take UK departmental lead at Geneva at First Secretary (Trade) level in the talks to harmonise global tariffs. That project was in preparation for the Uruguay World Trade Round (1986-94).

Generally, international trade flourishes with lower or no tariffs and customers benefit from lower prices for foreign as well as locally produced goods due to healthy competition which uses natural resources of countries for the benefit of all.




(Author at trade talks, Geneva,1986)

With higher tariffs, world trade slows down and prices of good and services increase. Tariffs would raise revenues for the government but that is a short-sighted policy because higher tariffs result in higher costs. That is followed by labour demand for higher wages. Many businesses would close and create unemployment.

Experts argue that imposing higher tariffs on goods and services imported by the US is unlikely to work to the advantage of US nor achieve the objectives President Trump has in mind. The benefits gained by liberalisation of trade through successive World Trade Rounds since 1947 will be reversed and global unemployment and poverty in poorer countries will increase.

The most obvious reality overlooked by President Trump about the global trade today is the global interdependence of production and the time it takes to set up new home manufacturing facilities. One example of a car made in the US mentioned that car parts were imported from 24 countries around the world! Not all those parts can be made in the US for some years. If tariffs are imposed on all those parts, even US-made car prices will shoot up sky high! Local customers will buy fewer cars at higher prices and production and sales will decrease and unemployment in the car industry will increase. There will be social unrest and political consequences for President Trump.

As richer countries, spooked by what US is doing to world trade, become more self-sufficient and world trade shrinks, they will buy fewer goods and services from developing countries. Unemployment in many countries will rise and they will become poorer. Alternatively, countries like China can increase trade with them and start influencing government policies of those developing countries from within. China will fill the trade vacuum and start taking over. Overall, that is not good news for the free Western world.

These are common sense arguments which President Trump and his team of advisers should understand.

Gurmukh Singh OBE, Ret'd Principal Civil Servant (UK) sewauk2005@yahoo.co.uk

# ਗੁਰੂ ਨਾਨਕ ਗੁਰਦੁਆਰਾ ਗ੍ਰੇਵਜ਼ੈਂਡ ਵੱਲੋਂ ਵਿਸਾਖੀ ਮੌਕੇ ਆਯੋਜਿਤ ਵਿਸ਼ਾਲ ਨਗਰ ਕੀਰਤਨ ਵਿੱਚ ਹਜ਼ਾਰਾਂ ਸਿੱਖ ਸੰਗਤਾਂ ਨੇ ਕੀਤੀ ਸ਼ਮੂਲੀਅਤ





ਗ੍ਰੇਵਜ਼ੈਂਡ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗੁਰੂ ਨਾਨਕ ਗੁਰਦੁਆਰਾ ਗ੍ਰੇਵਜ਼ੈਂਡ ਵੱਲੋਂ ਵਿਸਾਖੀ ਮੌਕੇ ਬੀਤੇ ਸ਼ਨੀਵਾਰ 12 ਅਪ੍ਰੈਲ ਨੂੰ ਵਿਸ਼ਾਲ ਨਗਰ ਕੀਰਤਨ ਆਯੋਜਿਤ ਕੀਤਾ ਗਿਆ। ਖਾਲਸਾ ਸਾਜਨਾ ਸਬੰਧੀ ਆਯੋਜਿਤ ਕੀਤੇ ਗਏ ਨਗਰ ਕੀਰਤਨ ਅਤੇ ਧਾਰਮਿਕ ਮੇਲੇ ਵਿੱਚ 15,000 ਤੋਂ ਵੱਧ ਸੰਗਤਾਂ ਨੇ ਸ਼ਾਮਿਲ ਹੋਈਆਂ। ਇਹ ਵਿਸਾਖੀ ਸਮਾਗਮ ਸ਼ੁੱਕਰਵਾਰ 11 ਅਪ੍ਰੈਲ ਨੂੰ ਗੁਰਦੁਆਰੇ ਦੇ ਬਾਹਰ ਨਿਸ਼ਾਨ ਸਾਹਿਬ ਦੀ ਸੇਵਾ ਨਾਲ ਸ਼ੁਰੂ ਹੋਏ।

ਸ਼ਨੀਵਾਰ ਨੂੰ ਨਗਰ ਕੀਰਤਨ ਸ਼ਹਿਰ ਦੇ ਕੇਂਦਰ ਵਿੱਚੋਂ ਦੀ ਲੰਘਦਾ ਹੋਇਆ ਅਤੇ ਦੁਪਹਿਰ 2.00 ਵਜੇ ਵਾਪਸ ਗੁਰੂ ਘਰ ਵਿਖੇ ਪਹੁੰਚਿਆ, ਜੋ ਗੁਰਦੁਆਰੇ ਦੇ ਮੈਦਾਨ ਵਿੱਚ ਦੁਪਹਿਰ ਦੇ ਮੇਲੇ ਲਈ ਤਿਆਰ ਸੀ। ਨਗਰ ਕੀਰਤਨ ਦੀ ਅਗਵਾਈ ਪੰਜ ਪਿਆਰਿਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦੁਆਰਾ ਕੀਤੀ ਗਈ। ਪਿੱਛੇ ਚੱਲ ਰਹੀਆਂ ਹਜ਼ਾਰਾਂ ਸੰਗਤਾਂ ਦੇ ਨਾਲ, ਲਾਰੀਆਂ 'ਤੇ ਸੱਤ ਵੱਡੇ ਫਲੋਟ ਸਨ। ਐਲੇਨੋਰ ਦੁਆਰਾ ਪ੍ਰਦਾਨ ਕੀਤੀ ਮਿੰਨੀ ਬੱਸ ਵਿੱਚ ਬਜ਼ੁਰਗ ਸੰਗਤਾਂ ਅਤੇ ਅਰਾਈਵਾ ਦੀਆਂ ਤਿੰਨ ਬੱਸਾਂ ਸੰਗਤਾਂ ਦੀ ਸੇਵਾ ਵਿੱਚ ਹਾਜ਼ਰ ਸਨ। ਗੁਰੂ ਨਾਨਕ ਦਰਬਾਰ ਗੁਰਦੁਆਰਾ ਗ੍ਰੇਵਜ਼ੈਂਡ ਦੇ ਮੁੱਖ ਸੇਵਾਦਾਰ (ਪ੍ਰਧਾਨ), ਭਾਈ ਅਜਾਇਬ ਸਿੰਘ ਚੀਮਾ ਨੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ। ਉਹਨਾਂ ਕਿਹਾ ਅਸੀਂ ਇਨ੍ਹਾਂ ਸਾਰੀਆਂ ਸੰਸਥਾਵਾਂ ਅਤੇ ਸਮੂਹ ਸੰਗਤਾਂ ਦੇ ਹਾਰਦਿਕ ਧੰਨਵਾਦੀ ਹਾਂ।

ਹੋਰ ਵੀ ਬਹੁਤ ਸਾਰੀਆਂ ਸੰਸਥਾਵਾਂ ਨੇ ਨਗਰ ਕੀਰਤਨ ਵਿੱਚ ਸ਼ਾਮਿਲ ਹੋਈਆਂ, ਸੰਗਤਾਂ ਲਈ ਰਸਤੇ ਵਿੱਚ ਵੰਨ-ਸੁਵੰਨੇ ਖਾਣੇ ਵੰਡੇ ਜਾ ਰਹੇ ਸਨ। ਨਗਰ ਕੀਰਤਨ ਬ੍ਰੈਂਡਨ ਸਟਰੀਟ 'ਤੇ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਨੇੜੇ ਥੋੜ੍ਹੇ ਸਮੇਂ ਲਈ ਰੁਕਿਆ ਜਿੱਥੇ ਸੰਗਤਾਂ ਨੂੰ ਸੰਬੋਧਨ ਕੀਤਾ ਗਿਆ। ਫਲੋਟਾਂ ਵਿੱਚ ਬੱਚਿਆਂ ਅਤੇ ਔਰਤਾਂ ਨੇ ਕੀਰਤਨ ਕੀਤਾ, ਪੰਜਾਬੀ ਸਕੂਲ, ਜੁਗਨੂੰ ਭੰਗੜਾ ਗਰੁੱਪ, ਲੈਥਲ ਸਾਊਂਡਜ਼, ਗੁਰੂ ਨਾਨਕ ਫੁੱਟਬਾਲ ਕਲੱਬ, ਗੁਰੂ ਨਾਨਕ ਸਪੋਰਟਸ ਕਲੱਬ ਅਤੇ ਗੁਰੂ ਨਾਨਕ ਬਾਸਕ-ਟਬਾਲ ਕਲੱਬ ਸ਼ਾਮਿਲ ਸਨ। ਕੈਂਟ ਫਾਇਰ ਐਂਡ ਰੈਸਕਿਊ ਨੇ ਵੀ ਨਗਰ ਕੀਰਤਨ ਵਿੱਚ ਫਾਇਰ ਇੰਜਣ ਨਾਲ ਹਿੱਸਾ ਲਿਆ।

ਗੁਰੂ ਘਰ ਦੀ ਗਰਾਊਂਡ ਵਿੱਚ ਮੇਲੇ ਦਾ ਪ੍ਰਬੰਧ ਕੀਤਾ ਗਿਆ, ਜਿਸ ਦੀ ਸ਼ੁਰੂਆਤ ਜਸਮੀਤ ਸਿੰਘ ਖਾਲਸਾ ਦੁਆਰਾ ਵਿਸਾਖੀ ਦੀ ਜਾਣ-ਪਛਾਣ ਕਰਾਉਣ ਨਾਲ ਹੋਈ। ਇਸ ਤੋਂ ਬਾਅਦ ਕੈਂਟ ਹਾਈ ਸ਼ੈਰਿਫ ਜੋਨਾਥਨ ਨੀਮ, ਡਿਪਟੀ ਲੈਫਟੀਨੈਂਟ ਗੁਰਵਿੰਦਰ ਸਿੰਘ ਸੰਧਰ (ਲਾਰਡ ਲੈਫਟੀਨੈਂਟ ਲੇਡੀ ਕੋਲਗ੍ਰੇਨ ਦੀ ਨੁਮਾਇੰਦਗੀ ਕਰਦੇ ਹੋਏ), ਗ੍ਰੇਵਸ਼ਮ ਦੇ ਮੇਅਰ ਡੈਨੀਅਲ ਅਦੇਵਾਲਾ ਕਿੰਗ, ਗ੍ਰੇਵਸ਼ੈਮ ਦੇ ਐਮ ਪੀ ਡਾ. ਲੌਰੇਨ ਸੁਲੀਵਾਨ, ਕੈਂਟ ਪੁਲਿਸ ਦੇ ਸਹਾਇਕ ਚੀਫ ਕਾਂਸਟੇਬਲ ਨਾਈਜਲ ਬਰੁਕਸ ਅਤੇ ਸਲੋਹ ਦੇ ਐਮ ਪੀ ਅਤੇ ਗ੍ਰੇਵਸ਼ੈਮ ਦੇ ਸਾਬਕਾ ਮੇਅਰ ਤਨਮਨਜੀਤ ਸਿੰਘ ਢੇਸੀ ਨੇ ਵਧਾਈਆਂ ਦਿੱਤੀਆਂ। ਗੁਰਦੁਆਰੇ ਦੇ ਬੱਚਿਆਂ ਨੇ ਸ਼ਬਦ ਗਾਇਨ ਕਰਕੇ ਹਾਜ਼ਰੀ ਲਵਾਈ। ਪ੍ਰਸਿੱਧ ਕਵੀਸ਼ਰ ਗਿਆਨੀ ਮਨਜੀਤ ਸਿੰਘ ਸੋਹੀ ਦੇ ਜਥੇ ਨੇ ਗੁਰ ਇਤਿਹਾਸ ਸ੍ਰਵਣ ਕਰਵਾਇਆ। ਉਨ੍ਹਾਂ ਤੋਂ ਬਾਅਦ ਦੋ ਢਾਡੀ ਜਥੇ ਭਾਈ ਪਵਿੱਤਰ ਸਿੰਘ "ਰੁੜਕੀ" ਜਥਾ ਅਤੇ ਭਾਈ ਜਸਵਿੰਦਰ ਸਿੰਘ ਸੰਧੂ ਦੇ ਜਥੇ ਨੇ ਹਾਜ਼ਰੀ ਭਰੀ।

ਵੱਖ-ਵੱਖ ਸੰਗਠਨਾਂ ਦੇ ਲੱਗਭੱਗ 80 ਸਟਾਲ ਮੌਜੂਦ ਸਨ। ਜਿਨ੍ਹਾਂ ਚੋਂ ਨੈਸ਼ਨਲ ਸਿਹਤ ਸੇਵਾ, ਕੈਂਟ ਪੁਲਿਸ, ਕੈਂਟ ਫਾਇਰ ਐਂਡ ਰੈਸਕਿਊ, ਸਾਊਥ ਈਸਟ ਕੋਸਟ ਐਂਬੂਲੈਂਸ ਸਰਵਿਸ ਆਦਿ ਦੇ ਨਾਂ ਵਰਣਨਯੋਗ ਹਨ। ਇਹਨਾਂ ਦੇ ਇਲਾਵਾ ਖਾਲਸਾ ਏਡ ਅਤੇ ਬੇਸਿਕਸ ਆਫ਼ ਸਿੱਖੀ ਵੀ ਮੌਜੂਦ ਸਨ। ਕੁਝ ਕਲਾਕਾਰਾਂ ਨੇ ਆਪਣੀਆਂ ਸ਼ਾਨਦਾਰ ਰਚਨਾਵਾਂ ਪ੍ਰਦਰਸ਼ਿਤ ਕੀਤੀਆਂ।

ਅਸੀਂ ਉਨ੍ਹਾਂ ਸਾਰੀਆਂ ਸੰਸਥਾਵਾਂ ਦੇ ਧੰਨਵਾਦੀ ਹਾਂ ਜਿਨ੍ਹਾਂ ਨੇ ਦੁਪਹਿਰ ਨੂੰ ਮੁਫ਼ਤ ਲੰਗਰ ਦੀ ਸੇਵਾ ਕੀਤੀ। ਗੁਰਦੁਆਰਾ ਸਾ-ਹਬਾਨ ਵੱਲੋਂ ਜਲੇਬੀਆਂ ਅਤੇ ਪਕੌੜਿਆਂ ਦੇ ਲੰਗਰ ਲਾਏ ਗਏ। ਕਈ ਸਥਾਨਕ ਰੈਸਟੋਰੈਂਟਾਂ ਅਤੇ ਦੁਕਾਨਾਂ ਵਾਲਿਆਂ ਨੇ ਸਥਾਨਕ ਪਰਿਵਾਰਾਂ, ਕਾਰੋਬਾਰਾਂ ਅਤੇ ਵਿਅਕਤੀਆਂ ਨਾਲ ਮਿਲ ਕੇ 20,000 ਤੋਂ ਵੱਧ ਪਲੇਟਾਂ ਗਰਮ ਭੋਜਨ, ਗੋਲ ਗੱਪੇ, ਕੱਪ ਕੇਕ, ਸਨੈਕਸ, ਆਈਸ ਕਰੀਮ ਅਤੇ ਹਜ਼ਾਰਾਂ ਬੋਤਲਾਂ ਪਾਣੀ ਅਤੇ ਸਾਫਟ ਡਰਿੰਕਸ ਵੰਡੇ। ਸਮਿਥ ਦੇ ਫਨਫੇਅਰ ਨੇ ਮੈਦਾਨ ਵਿੱਚ ਬੱਚਿਆਂ ਲਈ ਮਨੋਰੰਜਨ ਵੀ ਪ੍ਰਦਾਨ ਕੀਤਾ। ਕ੍ਰਿਕਟ, ਫੁੱਟਬਾਲ, ਟੈਨਿਸ, ਰੈਸਲਿੰਗ, ਫਿਟਨੈਸ ਅਤੇ ਫੁੱਟਬਾਲ ਰੈਫਰੀ ਵੱਲੋਂ ਸਪੋਰਟਸ ਜ਼ੋਨ ਬਣਾਇਆ ਗਿਆ ਸੀ।

## 50 ਸਾਲਾ ਔਰਤ ਨੇ 70 ਸਾਲਾ ਪ੍ਰੇਮੀ ਨਾਲ ਮਿਲ ਕੇ ਕੀਤਾ ਪਤੀ ਦਾ ਕਤਲ



ਅੰਮ੍ਰਿਤਸਰ-ਅੰਮ੍ਰਿਤਸਰ ਵਿੱਚ ਇੱਕ ਸਨਸਨੀਖੇਜ਼ ਅਤੇ ਸ਼ਰਮਨਾਕ ਘਟਨਾ ਸਾਹਮਣੇ ਆਈ ਹੈ, ਜਿੱਥੇ 50 ਸਾਲਾ ਮਹਿਲਾ ਬਲਵਿੰਦਰ ਕੌਰ ਉਰਫ ਬਿੰਦਰੋ ਨੇ ਆਪਣੇ 70 ਸਾਲਾ ਪ੍ਰੇਮੀ ਅਮਰ ਸਿੰਘ ਨਾਲ ਮਿਲ ਕੇ ਆਪਣੇ ਪਤੀ ਕਸ਼ਮੀਰ ਸਿੰਘ ਦਾ ਕਤਲ ਕਰ ਦਿੱਤਾ। ਮੁਲਜ਼ਮਾਂ ਨੇ ਕਤਲ ਤੋਂ ਬਾਅਦ ਲਾਸ਼ ਨੂੰ ਬਿਆਸ ਰੇਲਵੇ ਟਰੈਕ 'ਤੇ ਸੁੱਟ ਦਿੱਤਾ ਤਾਂ ਜੋ ਇਸ ਨੂੰ ਹਾਦਸਾ ਜਾਪੇ। ਪੁਲਿਸ ਨੇ ਦੋਵਾਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਅਦਾਲਤ ਵਿੱਚ ਪੇਸ਼ ਕਰਕੇ ਤਿੰਨ ਦਿਨ ਦਾ ਰਿਮਾਂਡ ਹਾਸਲ ਕੀਤਾ ਹੈ। ਜੀਆਰਪੀ ਪੁਲਿਸ ਥਾਣੇ ਦੇ ਮੁਖੀ ਬਲਬੀਰ ਸਿੰਘ ਘੁੰਮਨ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਬਿਆਸ ਰੇਲਵੇ ਲਾਈਨ 'ਤੇ ਇੱਕ ਵਿਅਕਤੀ ਦੀ ਲਾਸ਼ ਮਿਲੀ ਸੀ, ਜਿਸ ਦੀ ਪਛਾਣ ਕਸ਼ਮੀਰ ਸਿੰਘ ਵਜੋਂ ਹੋਈ। ਜਾਂਚ ਦੌਰਾਨ ਪਤਾ ਲੱਗਾ ਕਿ ਕਸ਼ਮੀਰ ਸਿੰਘ ਦੀ ਪਤਨੀ ਬਲਵਿੰਦਰ ਕੌਰ ਦੇ ਅਮਰ ਸਿੰਘ ਨਾਲ ਲੰਮੇ ਸਮੇਂ ਤੋਂ ਨਜਾਇਜ਼ ਸੰਬੰਧ ਸਨ। ਕਸ਼ਮੀਰ ਸਿੰਘ ਇਸ ਸਬੰਧ ਨੂੰ ਲੈ ਕੇ ਅਕਸਰ ਇਤਰਾਜ਼ ਕਰਦਾ ਸੀ, ਜਿਸ ਕਾਰਨ ਦੋਵਾਂ ਮੁਲਜ਼ਮਾਂ ਨੇ ਯੋਜਨਾ ਬਣਾ ਕੇ ਉਸ ਨੂੰ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ।

ਪੁਲਿਸ ਅਧਿਕਾਰੀ ਨੇ ਸਪੱਸ਼ਟ ਕੀਤਾ ਕਿ ਇਹ ਕਤਲ ਨਜਾਇਜ਼ ਸੰਬੰਧਾਂ ਦੇ ਚੱਲਦਿਆਂ ਹੋਇਆ। ਰਿਮਾਂਡ ਦੌਰਾਨ ਮੁਲਜ਼ਮਾਂ ਤੋਂ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ, ਤਾਂ ਜੋ ਮਾਮਲੇ ਦੀ ਹਰ ਪਹਿਲੂ ਦੀ ਡੂੰਘਾਈ ਨਾਲ ਜਾਂਚ ਹੋ ਸਕੇ।

## ਮੋਦੀ ਸਰਕਾਰ ਨੂੰ ਦਿੱਤੀ ਚੁਣੌਤੀ-8 ਸਫ਼ੇ ਦਾ ਬਾਕੀ ਹਿਸਾ

ਤਾਮਿਲਨਾਡੂ ਭਾਜਪਾ ਪ੍ਰਧਾਨ ਕੇ ਅੰਨਾਮਲਾਈ ਨੇ ਸਟਾਲਿਨ ਦੇ ਇਸ ਕਦਮ ਨੂੰ 'ਡਰ ਦਾ ਮਾਹੌਲ ਬਣਾਉਣ' ਦੀ ਕੋਸ਼ਿਸ਼ ਦੱਸਿਆ। ਉਨ੍ਹਾਂ ਦਾਅਵਾ ਕੀਤਾ ਕਿ ਕੇਂਦਰ ਸਰਕਾਰ ਨੇ ਹੱਦਬੰਦੀ ਪ੍ਰਕਿਰਿਆ ਵਿੱਚ ਸਾਰੇ ਰਾਜਾਂ ਨੂੰ ਨਿਰਪੱਖਤਾ ਦਾ ਭਰੋਸਾ ਦਿੱਤਾ ਹੈ। ਹਾਲਾਂਕਿ, ਸਟਾਲਿਨ ਦੇ ਇਸ ਕਦਮ ਨੂੰ ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ ਦਾ ਸਮਰਥਨ ਮਿਲਿਆ ਹੈ। ਇਸ ਕਮੇਟੀ ਦਾ ਗਠਨ ਤਾਮਿਲਨਾਡੂ ਵਿੱਚ ਡੀਐਮਕੇ ਦੀ ਸਥਿਤੀ ਨੂੰ ਹੋਰ ਮਜ਼ਬੂਤ ਕਰਨ ਵੱਲ ਇੱਕ ਰਣਨੀਤਕ ਕਦਮ ਹੈ। ਇਹ ਕਦਮ ਨਾ ਸਿਰਫ਼ ਖੇਤਰੀ ਮਾਣ ਨੂੰ ਉਜਾਗਰ ਕਰਦਾ ਹੈ ਬਲਕਿ ਦੱਖਣੀ ਰਾਜਾਂ ਵਿਚਕਾਰ ਇੱਕ ਵਿਸ਼ਾਲ ਗੱਠਜੋੜ ਬਣਾਉਣ ਦੀ ਸੰਭਾਵਨਾ ਨੂੰ ਵੀ ਵਧਾਉਂਦਾ ਹੈ। ਸਟਾਲਿਨ ਪਹਿਲਾਂ ਹੀ ਕੇਰਲ, ਕਰਨਾਟਕ, ਆਂਧਰਾ ਪ੍ਰਦੇਸ਼, ਤੇਲੰਗਾਨਾ, ਓਡੀਸ਼ਾ, ਪੱਛਮੀ ਬੰਗਾਲ ਅਤੇ ਪੰਜਾਬ ਦੇ ਨੇਤਾਵਾਂ ਨੂੰ ਹੱਦਬੰਦੀ ਦੇ ਮੁੱਦੇ 'ਤੇ ਇਕਜੁੱਟ ਕਰ ਚੁੱਕੇ ਹਨ। ਇਹ ਗੱਠਜੋੜ 2026 ਦੀਆਂ ਚੋਣਾਂ ਤੋਂ ਪਹਿਲਾਂ ਭਾਜਪਾ ਵਿਰੁੱਧ ਇੱਕ ਮਜ਼ਬੂਤ ਵਿਰੋਧੀ ਮੋਰਚੇ ਦਾ ਆਧਾਰ ਬਣ ਸਕਦਾ ਹੈ। 2026 ਦੀਆਂ ਵਿਧਾਨ ਸਭਾ ਚੋਣਾਂ ਡੀਐਮਕੇ ਲਈ ਇੱਕ ਵੱਡੀ ਚੁਣੌਤੀ ਹੋਣਗੀਆਂ, ਜਿਸ ਵਿੱਚ ਇਸਨੂੰ ਨਾ ਸਿਰਫ਼ ਸੱਤਾ ਵਿਰੋਧੀ ਲਹਿਰ ਦਾ ਸਾਹਮਣਾ ਕਰਨਾ ਪਵੇਗਾ, ਸਗੋਂ ਅਦਾਕਾਰ ਵਿਜੇ ਦੀ ਤਮਿਲਗਾ ਵੇਤਰੀ ਕਜ਼ਾਗਮ ਯਾਨੀ ਟੀਵੀਕੇ ਅਤੇ ਭਾਜਪਾ ਵਰਗੇ ਨਵੇਂ ਵਿਰੋਧੀਆਂ ਦਾ ਵੀ ਸਾਹਮਣਾ ਕਰਨਾ ਪਵੇਗਾ। ਸਟਾਲਿਨ ਦੀ ਇਹ ਕਮੇਟੀ ਨਾ ਸਿਰਫ਼ ਨੀਤੀਗਤ ਸੁਝਾਅ ਦੇਵੇਗੀ ਬਲਕਿ ਡੀਐਮਕੇ ਨੂੰ ਵੋਟਰਾਂ ਵਿੱਚ ਇਹ ਸੁਨੇਹਾ ਭੇਜਣ ਵਿੱਚ ਵੀ ਮਦਦ ਕਰੇਗੀ ਕਿ ਉਹ ਤਾਮਿਲਨਾਡੂ ਦੇ ਹਿੱਤਾਂ ਦੀ ਰੱਖਿਆ ਲਈ ਵਚਨਬੱਧ ਹੈ। ਐਮਕੇ ਸਟਾਲਿਨ ਦਾ ਇਹ ਕਦਮ ਤਾਮਿਲਨਾਡੂ ਦੀ ਰਾਜਨੀਤੀ ਵਿੱਚ ਇੱਕ ਮੋੜ ਹੈ। ਸੰਘਵਾਦ ਅਤੇ ਰਾਜਾਂ ਦੀ ਖੁਦਮੁਖਤਿਆਰੀ ਨੂੰ ਆਪਣੀ ਚੋਣ ਰਣਨੀਤੀ ਦਾ ਕੇਂਦਰ ਬਣਾ ਕੇ, ਡੀਐਮਕੇ ਨੇ ਨਾ ਸਿਰਫ਼ ਖੇਤਰੀ ਭਾਵਨਾਵਾਂ ਨੂੰ ਉਭਾਰਿਆ ਹੈ, ਸਗੋਂ ਰਾਸ਼ਟਰੀ ਪੱਧਰ 'ਤੇ ਭਾਜਪਾ ਵਿਰੁੱਧ ਇੱਕ ਵਿਚਾਰਧਾਰਕ ਲੜਾਈ ਨੂੰ ਵੀ ਮਜ਼ਬੂਤ ਕੀਤਾ ਹੈ। ਇਹ ਕਮੇਟੀ ਕੇਂਦਰ-ਰਾਜ ਸਬੰਧਾਂ ਵਿੱਚ ਸੰਤੁਲਨ ਲਿਆਉਣ ਲਈ ਠੋਸ ਸੁਝਾਅ ਦੇ ਸਕਦੀ ਹੈ, ਪਰ ਇਸਦਾ ਅਸਲ ਪ੍ਰਭਾਵ ਡੀਐਮਕੇ ਦੀਆਂ ਚੋਣ ਸੰਭਾਵਨਾਵਾਂ ਅਤੇ ਤਾਮਿਲਨਾਡੂ ਦੀ ਰਾਜਨੀਤੀ 'ਤੇ ਵੀ ਪਵੇਗਾ। ਬਾਦਲ ਅਕਾਲੀ ਦਲ ਨੂੰ ਵੀ ਪੰਜਾਬ ਲਈ ਇਹ ਪੈਂਤੜਾ ਅਪਨਾ ਕੇ ਆਪਣੀ ਸਿਆਸੀ ਖੇਤਰੀ ਹੋਂਦ ਬਰਕਰਾਰ ਰਖਣੀ ਚਾਹੀਦੀ ਹੈ।ਇਸ ਵਿਚ ਹੀ ਪੰਜਾਬ ਤੇ ਅਕਾਲੀ ਦਲ ਦਾ ਭਵਿੱਖ ਹੈ।

-ਰਜਿੰਦਰ ਸਿੰਘ ਪੁਰੇਵਾਲ

## -ਮਾਮਲਾ ਕੇਰਲ ਵਿਚ ਦੋ ਨਾਬਾਲਗ ਬੱਚੀਆਂ ਨਾਲ ਸੈਕਸ ਸ਼ੋਸ਼ਣ ਦਾ-

# ਪਾਦਰੀ ਜੌਨ ਜੇਬਰਾਜ ਗ੍ਰਿਫ਼ਤਾਰ, ਲੁੱਕਆਊਟ ਨੋਟਿਸ ਤੋਂ ਬਾਅਦ ਪੁਲਿਸ ਵਲੋਂ ਲੱਭਿਆ ਗਿਆ

ਕੋਇੰਬਟੂਰ-ਇੱਥੋਂ ਦੇ ਕਿੰਗਜ਼ ਜਨਰੇਸ਼ਨ ਚਰਚ ਦੇ ਪਾਦਰੀ ਜੌਨ ਜੇਬਰਾਜ ਨੂੰ ਕੇਰਲ ਦੇ ਮੁੰਨਾਰ ਵਿੱਚ ਦੋ ਨਾਬਾਲਗ ਕੁੜੀਆਂ ਨਾਲ ਜਿਨਸੀ ਸ਼ੋਸ਼ਣ ਦੇ ਗੰਭੀਰ ਦੋਸ਼ਾਂ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ। ਇਹ ਗ੍ਰਿਫਤਾਰੀ ਸੈਂਟਰਲ ਆਲ ਵੂਮੈਨ ਪੁਲਿਸ ਸਟੇਸ਼ਨ, ਕੋਇੰਬਟੂਰ ਦੁਆਰਾ ਕੀਤੀ ਗਈ ਸੀ, ਜਦੋਂ ਪਾਦਰੀ ਕਈ ਮਹੀਨਿਆਂ ਤੋਂ ਫਰਾਰ ਸੀ। 37 ਸਾਲਾ ਵਿਅਕਤੀ, ਜਿਸਦੇ ਸੋਸ਼ਲ ਮੀਡੀਆ 'ਤੇ ਕਾਫ਼ੀ ਫਾਲੋਅਰ ਹਨ, ਨੂੰ ਵਿਸਤ੍ਰਿਤ ਜਾਂਚ ਅਤੇ ਦੇਸ਼ ਛੱਡਣ ਤੋਂ ਰੋਕਣ ਲਈ ਜਾਰੀ ਕੀਤੇ ਗਏ ਲੁੱਕਆਊਟ ਨੋਟਿਸ ਤੋਂ ਬਾਅਦ ਲੱਭਿਆ ਗਿਆ। ਉਸਨੂੰ ਹਿਰਾਸਤ ਵਿੱਚ ਲੈ ਲਿਆ ਗਿਆ ।

**ਪੋਕਸੋ ਐਕਟ ਤਹਿਤ ਦੋਸ਼ ਲਗਾਇਆ ਗਿਆ**

ਜੇਬਰਾਜ 'ਤੇ ਬੱਚਿਆਂ ਦੇ ਜਿਨਸੀ ਅਪਰਾਧਾਂ ਤੋਂ ਸੁਰੱਖਿਆ ਐਕਟ ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ, ਜਿਸ ਵਿੱਚ ਗੰਭੀਰ ਜਿਨਸੀ ਹਮਲੇ ਦੇ ਦੋਸ਼ ਵੀ ਸ਼ਾਮਲ ਹਨ। ਇਹ ਮਾਮਲਾ ਪਿਛਲੇ ਸਾਲ ਮਈ ਵਿੱਚ ਉਸਦੇ ਕੋਇੰਬਟੂਰ ਸਥਿਤ ਘਰ ਵਿੱਚ ਇੱਕ ਪਾਰਟੀ ਦੌਰਾਨ ਵਾਪਰੀ ਇੱਕ ਘਟਨਾ ਤੋਂ ਸਾਹਮਣੇ ਆਇਆ ਹੈ। ਇੱਕ ਨਾਬਾਲਗ ਪੀੜਤ ਨੇ ਹਾਲ ਹੀ ਵਿੱਚ ਆਪਣੇ ਪਰਿਵਾਰ ਦੇ ਮੈਂਬਰ ਨਾਲ ਗੱਲ ਕੀਤੀ, ਜਿਸ ਕਾਰਨ ਇੱਕ ਰਸਮੀ ਪੁਲਿਸ ਸ਼ਿਕਾਇਤ ਦਰਜ ਕਰਵਾਈ ਗਈ। ਫਿਰ ਕੋਇੰਬਟੂਰ ਪੁਲਿਸ ਨੇ ਜੇਬਰਾਜ ਦਾ ਪਤਾ ਲਗਾਉਣ ਲਈ ਵਿਸ਼ੇਸ਼ ਟੀਮਾਂ ਬਣਾਈਆਂ, ਅੰਤ ਵਿੱਚ ਉਸਨੂੰ ਮੁੰਨਾਰ ਵਿੱਚ ਲੱਭ ਲਿਆ।

> **ਪੰਜਾਬ ਟਾਈਮਜ ਦਾ ਮੰਨਣਾ ਹੈ ਕਿ ਇਹ ਪਾਦਰੀ ਜਾਦੂ ਟੂਣੇ ਕਰਕੇ ਬੀਬੀਆਂ ਨੂੰ ਪ੍ਰਭਾਵਿਤ ਕਰਦੇ ਹਨ ਤੇ ਸੈਕਸ ਸ਼ੋਸ਼ਣ ਕਰਦੇ ਹਨ। ਇਸ ਸਾਲ ਤਿੰਨ ਦੇ ਕਰੀਬ ਪਾਦਰੀ ਗ੍ਰਿਫਤਾਰ ਹੋ ਚੁਕੇ ਹਨ।**



ਇੱਕ ਸੀਨੀਅਰ ਪੁਲਿਸ ਅਧਿਕਾਰੀ ਨੇ ਦੱਸਿਆ, "ਇੱਕ ਕੁੜੀ ਨੇ ਬਾਲ ਭਲਾਈ ਕਮੇਟੀ ਰਾਹੀਂ ਸ਼ਿਕਾਇਤ ਦਰਜ ਕਰਵਾਈ ਹੈ, ਅਤੇ ਇਸ ਵੇਲੇ ਜਾਂਚ ਜਾਰੀ ਹੈ।"

ਕਾਨੂੰਨੀ ਕਾਰਵਾਈ ਦੌਰਾਨ, ਜੇਬਰਾਜ ਨੇ ਪਹਿਲਾਂ ਮਦਰਾਸ ਹਾਈ ਕੋਰਟ ਵਿੱਚ ਅਗਾਊਂ ਜ਼ਮਾਨਤ ਲਈ ਅਰਜ਼ੀ ਦਿੱਤੀ ਸੀ, ਜਿਸ ਨੂੰ ਰੱਦ ਕਰ ਦਿੱਤਾ ਗਿਆ ਸੀ। ਉਸਨੇ ਦਾਅਵਾ ਕੀਤਾ ਹੈ ਕਿ ਦੋਸ਼ ਝੂਠੇ ਹਨ ਅਤੇ ਦੋਸ਼ ਲਗਾਇਆ ਹੈ ਕਿ ਇਹ ਉਸਦੀ ਵੱਖ ਰਹਿ ਰਹੀ ਪਤਨੀ ਦੇ ਪ੍ਰਭਾਵ ਹੇਠ ਲਗਾਏ ਗਏ ਸਨ, ਜਿਸ ਨਾਲ ਉਹ ਇਸ ਸਮੇਂ ਤਲਾਕ ਤੋਂ ਗੁਜ਼ਰ ਰਿਹਾ ਹੈ।

ਇਹ ਘਟਨਾ ਪੰਜਾਬ ਦੇ ਪਾਦਰੀ ਬਜਿੰਦਰ ਸਿੰਘ ਨਾਲ ਸਬੰਧਤ ਇੱਕ ਹੋਰ ਤਾਜ਼ਾ ਮਾਮਲੇ ਤੋਂ ਵੀ ਅੱਗੇ ਹੈ, ਜਿਸ ਨੂੰ 2018 ਦੇ ਇੱਕ ਵੱਖਰੇ ਜਬਰ ਜਨਾਹ ਮਾਮਲੇ ਵਿੱਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਸਿੰਘ ਨੂੰ ਇੱਕ ਔਰਤ ਨੂੰ ਵਿਦੇਸ਼ ਯਾਤਰਾ ਵਿੱਚ ਮਦਦ ਕਰਨ ਦੇ ਬਹਾਨੇ ਜਬਰ ਜਨਾਹ ਕਰਨ ਦਾ ਦੋਸ਼ੀ ਪਾਇਆ ਗਿਆ ਸੀ ਅਤੇ ਉਸ 'ਤੇ ਬਲੈਕਮੇਲ ਕਰਨ ਲਈ ਹਮਲੇ ਦੀ ਵੀਡੀਓ ਬਣਾਉਣ ਦਾ ਦੋਸ਼ ਲਗਾਇਆ ਗਿਆ ਸੀ।

## ਅੰਮ੍ਰਿਤਪਾਲ ਸਿੰਘ ਦੇ ਕਰੀਬੀ ਖਾਲਿਸਤਾਨ ਸਮਰਥਕ ਪਪਲਪ੍ਰੀਤ ਦਾ ਰਿਮਾਂਡ ਵਧਿਆ

**✪ ਪੁਲਿਸ ਨੂੰ ਚਾਰ ਦਿਨ ਦਾ ਹੋਰ ਮਿਲਿਆ ਰਿਮਾਂਡ**



ਅਜਨਾਲਾ-ਖਾਲਿਸਤਾਨ ਸਮੱਰਥਕ ਅੰਮ੍ਰਿਤਪਾਲ ਸਿੰਘ ਦੇ ਕਰੀਬੀ ਪਪਲਪ੍ਰੀਤ ਸਿੰਘ ਨੂੰ ਬੀਤੇ ਮੰਗਲਵਾਰ ਦੀ ਸ਼ਾਮ ਨੂੰ ਅਜਨਾਲਾ ਕੋਰਟ 'ਚ ਪੇਸ਼ ਕੀਤਾ ਗਿਆ। ਦੋਸ਼ੀ ਦਾ ਚਾਰ ਦਿਨ ਦਾ ਰਿਮਾਂਡ ਫਿਰ ਤੋਂ ਵਧਾਇਆ ਗਿਆ ਹੈ।

ਜ਼ਿਕਰਯੋਗ ਹੈ ਕਿ ਪਪਲਪ੍ਰੀਤ ਅਤੇ ਉਸ ਦੇ ਦਸ ਸਾਥੀਆਂ ਖਿਲਾਫ਼ ਰਾਸ਼ਟਰੀ ਸੁਰੱਖਿਆ ਐਕਟ ਲਗਾ ਕੇ ਡਿਬਰੂਗੜ੍ਹ ਜੇਲ੍ਹ ਭੇਜ ਦਿੱਤਾ ਗਿਆ ਸੀ।

ਦੋ ਸਾਲ ਬਾਅਦ ਹੁਣ ਐਨਐਸਏ ਖ਼ਤਮ ਹੋਣ ਤੋਂ ਬਾਅਦ ਦੋਸ਼ੀਆਂ ਦੀ ਰਿਹਾਈ ਹੋਈ ਸੀ। ਹਾਲਾਂਕਿ ਜੇਲ੍ਹ 'ਚੋਂ ਬਾਹਰ ਆਉਂਦਿਆਂ ਹੀ ਅਜਨਾਲਾ ਥਾਣੇ ਦੀ ਪੁਲਿਸ ਨੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਕੇ ਅਜਨਾਲਾ ਥਾਣੇ 'ਤੇ ਕੀਤੇ ਗਏ ਹਮਲੇ ਦੇ ਦੋਸ਼ 'ਚ ਗ੍ਰਿਫ਼ਤਾਰ ਕਰ ਲਿਆ ਸੀ। ਅੰਮ੍ਰਿਤਪਾਲ ਸਿੰਘ ਅੱਜ ਵੀ ਡਿਬਰੂਗੜ੍ਹ ਜੇਲ੍ਹ 'ਚ ਬੰਦ ਹੈ।

## ਡਿਊਟੀ ਤੋਂ ਘਰ ਪਰਤ ਰਹੇ ਗਭਰੂ ਦਾ ਬੇਰਹਿਮੀ ਨਾਲ ਕਤਲ

**✪ ਛਾਤੀ ਤੇ ਸਿਰ ਵਿਚ ਮਾਰੀਆਂ ਗੋਲੀਆਂ**

ਵੇਰਕਾ (ਅੰਮ੍ਰਿਤਸਰ)-ਪੁਲਿਸ ਥਾਣਾ ਸਦਰ ਦੇ ਅਧੀਨ ਪੈਂਦੇ ਫਤਿਹਗੜ੍ਹ ਚੂੜੀਆਂ ਰੋਡ 'ਤੇ ਸਥਿਤ ਸਮਾਈਲ ਐਵੇਨਿਊ ਵਿਚ ਹਮਲਾਵਰਾਂ ਵੱਲੋਂ ਗੋਲ਼ੀਆਂ ਮਾਰ ਕੇ ਨੌਜਵਾਨ ਲਵਪ੍ਰੀਤ ਸਿੰਘ ਲਵ (22) ਦੀ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ ਗਈ। ਜਾਣਕਾਰੀ ਮਿਲਣ 'ਤੇ ਪੁਲਿਸ ਪਾਰਟੀ ਦੇ ਨਾਲ ਮੌਕੇ 'ਤੇ ਪਹੁੰਚੇ ਥਾਣਾ ਇੰਚਾਰਜ ਹਰਿੰਦਰ ਸਿੰਘ ਨੇ ਛਾਪਾ ਮਾਰ ਕੇ ਸ਼ੱਕ ਦੇ ਆਧਾਰ 'ਤੇ ਦੋ ਲੋਕਾਂ ਨੂੰ ਗ੍ਰਿਫ਼ਤਾਰ ਕਰ ਲਿਆ। ਮਰਹੂਮ ਦੇ ਪਿਤਾ ਹੈਪੀ ਨੇ ਦੱਸਿਆ ਕਿ ਮੇਰਾ ਪੁੱਤਰ ਬਾਈਪਾਸ ਨੇੜੇ ਸੈਲੂਨ 'ਚ ਕੰਮ ਕਰਦਾ ਸੀ। ਬੀਤੇ ਸ਼ਨਿਚਰਵਾਰ ਰਾਤ 11 ਵਜੇ ਦੇ ਕਰੀਬ ਉਹ ਐਕਟਿਵਾ 'ਤੇ ਸੈਲੂਨ ਤੋਂ ਘਰ ਆ ਰਿਹਾ ਸੀ। ਜਦੋਂ ਉਹ ਸਮਾਈਲ ਐਵੇਨਿਊ ਗੇਟ ਨੇੜੇ ਪਹੁੰਚਿਆ ਤਾਂ ਹਮਲਾਵਰਾਂ ਨੇ ਗੋਲ਼ੀਆਂ ਮਾਰ ਕੇ ਉਸ ਦੀ ਹੱਤਿਆ ਕਰ ਦਿੱਤੀ। ਹਮਲਾਵਰਾਂ ਨੇ ਇਕ ਗੋਲੀ ਉਸਦੀ ਸੱਜੀ ਲੱਤ, ਤਿੰਨ ਗੋਲੀਆਂ ਛਾਤੀ 'ਚ ਤੇ ਇਕ ਸਿਰ 'ਚ ਮਾਰੀ, ਜਿਸ ਨਾਲ ਉਸਦੀ ਮੌਕੇ 'ਤੇ ਹੀ ਮੌਤ ਹੋ ਗਈ। ਘਟਨਾ ਦਾ ਪਤਾ ਉਸ ਵੇਲੇ ਲੱਗਿਆ ਜਦੋਂ ਰਾਤ ਨੂੰ ਖਾਣਾ ਖਾਣ ਤੋਂ ਬਾਅਦ ਸੈਰ ਕਰਨ ਲਈ ਕਾਲੋਨੀ ਤੋਂ ਬਾਹਰ ਜਾ ਰਿਹਾ ਸੀ ਤੇ ਗੇਟ ਦੇ ਨੇੜੇ ਮੇਰੇ ਪੁੱਤਰ ਦੀ ਲਾਸ਼ ਪਈ ਹੋਈ ਸੀ। ਉਨ੍ਹਾਂ ਤੁਰੰਤ ਪੁਲਿਸ ਨੂੰ ਜਾਣਕਾਰੀ ਦਿੱਤੀ। ਹੈਪੀ ਨੇ ਦੱਸਿਆ ਕਿ ਮੇਰੇ ਪੁੱਤਰ ਦੀ ਇਕ ਗੈਂਗ ਨਾਲ ਪੁਰਾਣੀ ਰੰਜਿਸ਼ ਚੱਲ ਰਹੀ ਸੀ, ਮੈਨੂੰ ਪੂਰਾ ਯਕੀਨ ਹੈ ਕਿ ਉਨ੍ਹਾਂ ਨੇ ਹੀ ਉਸ ਦੀ ਹੱਤਿਆ ਕੀਤੀ ਹੈ। ਕਿਉਂਕਿ 2018 'ਚ ਵੀ ਇਕ ਨੌਜਵਾਨ ਆਸ਼ੂ ਦੀ ਹੱਤਿਆ ਕੀਤੀ ਗਈ ਸੀ।



ਉਸੇ ਮਾਮਲੇ ਵਿਚ ਹਮਲਾਵਰ ਜੇਲ੍ਹ ਵਿਚ ਬੰਦ ਸਨ ਅਤੇ ਕਈ ਵਾਰੀ ਬਾਹਰ ਆ ਕੇ ਜਾਨੋਂ ਮਾਰਨ ਦੀ ਧਮਕੀ ਦੇ ਚੁੱਕੇ ਸਨ। ਕਰੀਬ 6 ਮਹੀਨੇ ਪਹਿਲਾਂ ਹੀ ਹਮਲਾਵਰ ਜ਼ਮਾਨਤ 'ਤੇ ਬਾਹਰ ਆਏ ਸਨ। ਪੀੜਤ ਨੇ ਪੁਲਿਸ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਹਮਲਾਵਰਾਂ 'ਤੇ ਬਣਦੀ ਕਾਰਵਾਈ ਕਰ ਕੇ ਇਨਸਾਫ ਦਿੱਤਾ ਜਾਵੇ।

## ਠੱਗਾਂ ਨੇ ਆਪ ਵਿਧਾਇਕ ਦੇ ਗੰਨਮੈਨ ਦੀ ਭਾਣਜੀ ਨੂੰ ਨੌਕਰੀ ਦਾ ਝਾਂਸਾ ਦੇ ਕੇ ਠੱਗੇ 10 ਲੱਖ ਰੁਪਏ

ਲੁਧਿਆਣਾ-ਲੁਧਿਆਣਾ ਤੋਂ ਹਲਕਾ ਗਿੱਲ ਦੇ ਆਮ ਆਦਮੀ ਪਾਰਟੀ ਦੇ ਵਿਧਾਇਕ ਜੀਵਨ ਸਿੰਘ ਸੰਗੋਵਾਲ ਦੇ ਗੰਨਮੈਨ ਨਾਲ 10 ਲੱਖ 10 ਹਜ਼ਾਰ ਰੁਪਏ ਦੀ ਧੋਖਾਧੜੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਸ਼ਾਤਰ ਵਿਅਕਤੀਆਂ ਨੇ ਵਿਧਾਇਕ ਦੇ ਗੰਨਮੈਨ ਮੱਖਣ ਸਿੰਘ ਨੂੰ ਇਹ ਝਾਂਸਾ ਦਿੱਤਾ ਕਿ ਉਹ ਉਨਾਂ ਦੀ ਭਾਣਜੀ ਨੂੰ ਸਰਕਾਰੀ ਬੈਂਕ ਵਿੱਚ ਕਲਰਕ ਦੀ ਨੌਕਰੀ ਲਗਵਾ ਦੇਣਗੇ।

ਇਸ ਮਾਮਲੇ ਵਿੱਚ ਥਾਣਾ ਸਦਰ ਦੀ ਪੁਲਿਸ ਨੇ ਵਿਧਾਇਕ ਜੀਵਨ ਸਿੰਘ ਸੰਗੋਵਾਲ ਦੇ ਗੰਨਮੈਨ ਸੰਗੋਵਾਲ ਦੇ ਵਾਸੀ ਮੱਖਣ ਸਿੰਘ ਦੀ ਸ਼ਿਕਾਇਤ 'ਤੇ ਦੀਪਕ ਕੁਮਾਰ ਉਰਫ ਕਾਲੂ, ਮੋਨਿਕਾ ਅਤੇ ਸਮਰਾਲਾ ਦੇ ਰਹਿਣ ਵਾਲੇ ਬਲਜਿੰਦਰ ਸਿੰਘ ਦੇ ਖਿਲਾਫ ਮੁਕੱਦਮਾ ਦਰਜ ਕਰ ਲਿਆ ਹੈ।

ਪੁਲਿਸ ਨੂੰ ਸ਼ਿਕਾਇਤ ਦਿੰਦੇ ਆਮ ਮੱਖਣ ਸਿੰਘ ਨੇ ਦੱਸਿਆ ਕਿ ਪੜ੍ਹਾਈ ਤੋਂ ਬਾਅਦ ਉਹਨਾਂ ਦੀ ਭਾਣਜੀ ਸਰਕਾਰੀ ਨੌਕਰੀ ਦੀ ਤਲਾਸ਼ ਕਰ ਰਹੀ ਸੀ। ਇਸੇ ਦੌਰਾਨ ਉਨਾਂ ਦੀ ਮੁਲਾਕਾਤ ਦੀਪਕ ਕੁਮਾਰ ਮੋਨਿਕਾ ਅਤੇ ਬਲਜਿੰਦਰ ਸਿੰਘ ਨਾਲ ਹੋਈ। ਮੁਲਜ਼ਮਾਂ ਨੇ ਉਹਨਾਂ ਦੀ ਭਾਣਜੀ ਸ਼ਰਨਦੀਪ ਕੌਰ ਨੂੰ ਸਰਕਾਰੀ ਬੈਂਕ ਵਿੱਚ ਕਲਰਕ ਦੀ ਨੌਕਰੀ ਲਗਵਾਉਣ ਦੀ ਗੱਲ ਆਖੀ। ਕੁਝ ਸਾਲ ਪਹਿਲੋਂ ਹੋਈ ਇਸ ਗੱਲਬਾਤ ਤੋਂ ਬਾਅਦ ਮੁਲਜ਼ਮਾਂ ਨੇ ਲੜਕੀ ਨੂੰ ਨੌਕਰੀ ਲਗਵਾਉਣ ਦੀ ਗੱਲ ਆਖ ਕੇ ਉਹਨਾਂ ਕੋਲੋਂ 10 ਲੱਖ 10 ਹਜ਼ਾਰ ਰੁਪਏ ਹਾਸਿਲ ਕਰ ਲਏ। ਪੈਸੇ ਲੈਣ ਤੋਂ ਬਾਅਦ ਮੁਲਜ਼ਮਾਂ ਨੇ ਨਾ ਤਾਂ ਨੌਕਰੀ ਲਗਵਾਈ ਅਤੇ ਨਾ ਹੀ ਰਕਮ ਵਾਪਸ ਕੀਤੀ।

ਇਸ ਮਾਮਲੇ ਸਬੰਧੀ ਮੱਖਣ ਸਿੰਘ ਨੇ 17 ਦਸੰਬਰ 2024 ਨੂੰ ਪੁਲਿਸ ਦੇ ਉੱਚ ਅਧਿਕਾਰੀਆਂ ਨੂੰ ਸ਼ਿਕਾਇਤ ਦਿੱਤੀ। ਪੜਤਾਲ ਤੋਂ ਬਾਅਦ ਥਾਣਾ ਸਦਰ ਦੀ ਪੁਲਿਸ ਨੇ ਮੁਲਜ਼ਮਾਂ ਦੇ ਖਿਲਾਫ ਮੁਕੱਦਮਾ ਦਰਜ ਕਰ ਲਿਆ ਹੈ। ਚੌਕੀ ਮਰਾਢੋ ਦੇ ਇੰਚਾਰਜ ਸੁਨੀਲ ਕੁਮਾਰ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਮੁਲਜ਼ਮਾਂ ਨੂੰ ਜਲਦੀ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ

# ਇਕਨਹਮ ਕਬੱਡੀ ਕਲੱਬ ਦੀ ਨਵੀਂ ਪ੍ਰਬੰਧਕ ਕਮੇਟੀ ਦੀ ਚੋਣ – ਸੁਖਵਿੰਦਰ ਸਿੰਘ ਸੁੱਖਾ ਪ੍ਰਧਾਨ ਬਣੇ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬੀਤੇ ਦਿਨੀ ਇਕਨਹਮ ਕਬੱਡੀ ਕਲੱਬ ਦੀ ਇੱਕ ਅਹਿਮ ਮੀਟਿੰਗ ਹੇਜ਼ ਵਿਖੇ ਹੋਈ। ਜਿਸ ਵਿੱਚ ਨਵੀਂ ਪ੍ਰਬੰਧਕ ਕਮੇਟੀ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ।*


ਇਕਨਹਮ ਕਬੱਡੀ ਕਲੱਬ ਦੀ ਚੋਣ ਮੌਕੇ ਹਾਜ਼ਰ ਅਹੁਦੇਦਾਰ, ਮੈਂਬਰ ਅਤੇ ਸਹਿਯੋਗੀ

ਜਿਸ ਵਿੱਚ ਸੁਖਵਿੰਦਰ ਸਿੰਘ ਸੁੱਖਾ ਪ੍ਰਧਾਨ, ਨਰਿੰਦਰ ਸਿੰਘ ਸ਼ੇਰਾ ਚੇਅਰਮੈਨ, ਹਰਜੀਤ ਸਿੰਘ ਢਿਲੋਂ ਮੀਤ ਪ੍ਰਧਾਨ, ਸ਼ਹਿਨਸ਼ਾਹ ਸਿੰਘ ਵਾਈਸ ਚੇਅਰਮੈਨ, ਗੁਰਪ੍ਰੀਤ ਸਿੰਘ ਗਿੱਲ ਸਕੱਤਰ, ਹਰਵਿੰਦਰ ਸਿੰਘ ਜੁਆਇੰਟ ਸਕੱਤਰ, ਗੁਰਮੰਤ ਸਿੰਘ ਮੰਤਾ ਖਜ਼ਾਨਚੀ, ਅੰਗਰੇਜ਼ ਸਿੰਘ ਜੁਆਇੰਟ ਖਜ਼ਾਨਚੀ, ਅਵਤਾਰ ਸਿੰਘ ਤਾਰੀ ਟੀਮ ਕੋਚ, ਬਬਲੀ ਚੜਿੱਕ ਸਹਾਇਕ ਕੋਚ, ਜਰਨੈਲ ਸਿੰਘ ਬੱਲ ਪ੍ਰੈਸ ਸਕੱਤਰ, ਸਾਬੀ ਜੁਆਇੰਟ ਪ੍ਰੈਸ ਸਕੱਤਰ ਚੁਣੇ ਗਏ। ਜਦ ਕਿ ਬਲਜੀਤ ਸਿੰਘ ਮੱਲੀ, ਬਲਬੀਰ ਸਿੰਘ ਰਣੀਆਂ, ਜਸਕਰਨ ਸਿੰਘ ਜੌਹਲ, ਸੁੱਖੀ ਬੱਲ, ਹਰਜਿੰਦਰ ਸਿੰਘ ਬੱਲ, ਸਤਨਾਮ ਸਿੰਘ, ਰਾਜੂ ਸਿੰਘ ਸਰਪ੍ਰਸਤ ਹੋਣਗੇ ਅਤੇ ਕੁਲਦੀਪ ਸਿੰਘ ਚਾਹਲ, ਰਮਨ ਸਿੰਘ ਕਲੇਰ, ਰਾਜਿੰਦਰ ਸਿੰਘ ਬੱਲ, ਭੁਪਿੰਦਰ ਸਿੰਘ ਮਿੰਟੂ, ਅਮਨਪ੍ਰੀਤ ਸਿੰਘ ਟੁਰਨਾ ਕਲੱਬ ਦੇ ਸਲਾਹਕਾਰ ਅਤੇ ਕੇਵਲ ਸਿੰਘ ਰਣਦੇਵਾ, ਤਰਲੋਚਨ ਸਿੰਘ ਅਤੇ ਰਾਜਿੰਦਰਬੀਰ ਸਿੰਘ ਰਮਨ ਭੈਣੀ ਮੁੱਖ ਪ੍ਰਬੰਧਕ ਹੋਣਗੇ।

ਕਲੱਬ ਦੇ ਮੈਂਬਰਾਂ ਵਿੱਚ ਹਰਦੇਵ ਸਿੰਘ, ਬਲਦੇਵ ਸਿੰਘ, ਇੰਦਰਜੀਤ ਸਿੰਘ ਢੱਟ, ਹਰਕਰਨ ਸਿੰਘ ਬੱਬੂ, ਤੱਨੂੰ ਸਿੰਘ, ਗਗਨ ਧਾਪ, ਦੀਪ ਚੀਮਾ, ਰਾਜਿੰਦਰ ਸਿੰਘ, ਵਿੱਕੀ ਸਿੰਘ, ਯੋਧਾ ਬੱਲ, ਸਾਬੀ ਬਸਰਾ, ਰਾਜੂ ਬਾਗੜੀ, ਹਰਵਿੰਦਰ ਸਿੰਘ, ਬਖਸ਼ੀਸ ਸਿੰਘ ਸੰਧੂ, ਕੰਵਲਜੀਤ ਸਿੰਘ, ਸੁਖਵੰਤ ਡਰਾਈਵੇ, ਗੁਰਇਕਬਾਲ ਸਿੰਘ, ਚੜ੍ਹਤ ਸਿੰਘ ਬੁੱਟਰ, ਸੋਖਾ ਜੌਹਲ, ਵੀਜੇ ਟਾਂਡੀ, ਜਸਵੀਰ ਸਿੰਘ ਮਿੰਟਾ ਸ਼ਾਮਿਲ ਹਨ। ਇਸ ਮੌਕੇ ਸੰਬੋਧਨ ਕਰਦਿਆਂ ਕੇਵਲ ਸਿੰਘ ਰਣਦੇਵਾ, ਬਲਜੀਤ ਸਿੰਘ ਮੱਲੀ, ਤਰਲੋਚਨ ਸਿੰਘ ਗਿੱਲ, ਗੁਰਪ੍ਰਤਾਪ ਸਿੰਘ ਢਿਲੋਂ, ਰਾਜਿੰਦਰਬੀਰ ਸਿੰਘ ਰਮਨ ਭੈਣੀ, ਜਸਕਰਨ ਸਿੰਘ ਜੌਹਲ, ਅੰਮ੍ਰਿਤਪਾਲ ਸਿੰਘ ਬਰਾੜ ਅਤੇ ਪ੍ਰਧਾਨ ਸੁਖਵਿੰਦਰ ਸਿੰਘ ਸੁੱਖਾ ਨੇ ਸਰਬ ਸੰਮਤੀ ਨਾਲ ਹੋਈ ਚੋਣ ਲਈ ਮੈਂਬਰਾਂ ਦਾ ਧੰਨਵਾਦ ਕੀਤਾ।

## ਵੱਖ ਵੱਖ-ਵੱਖ ਖੇਤਰਾਂ 'ਚ ਯੋਗਦਾਨ ਪਾਉਣ ਵਾਲੀਆਂ ਭਾਰਤੀ ਮਹਿਲਾਵਾਂ ਦਾ ਬਰਤਾਨੀਆ ਦੀ ਸੰਸਦ ਵਿੱਚ ਸਨਮਾਨ


ਅਵਤਾਰ ਕੌਰ ਚਾਨਾ ਅਤੇ ਹੋਰ ਭਾਰਤੀ ਮਹਿਲਾਵਾਂ ਬਰਤਾਨਵੀ ਸੰਸਦ ਵਿੱਚ ਪੁਰਸਕਾਰ ਨਾਲ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬੀਤੇ ਦਿਨੀ ਵੱਖ ਵੱਖ-ਵੱਖ ਖੇਤਰਾਂ 'ਚ ਯੋਗਦਾਨ ਪਾਉਣ ਵਾਲੀਆਂ ਭਾਰਤੀ ਮਹਿਲਾਵਾਂ ਦਾ ਬਰਤਾਨੀਆ ਦੀ ਸੰਸਦ ਵਿੱਚ ਸਨਮਾਨ ਕੀਤਾ ਗਿਆ। ਇਹ ਸਨਮਾਨ ਸਮਾਰੋਹ ਇੰਸਪਾਇਰਿੰਗ ਇੰਡੀਅਨ ਵੂਮੈਨ ਵੱਲੋਂ ਕਰਵਾਇਆ ਗਿਆ। ਜਿਸ ਦੀ ਮੇਜ਼ਬਾਨੀ ਐਮਪੀ ਜੋਏ ਮੌਰਿਸੀ ਵਿਰੋਧੀ ਧਿਰ ਦੇ ਡਿਪਟੀ ਚੀਫ਼ ਵ੍ਹਿਪ ਅਤੇ ਐਮ ਪੀ ਬੌਬ ਬਲੈਕਮੈਨ ਦੁਆਰਾ ਕੀਤੀ ਗਈ। ਸਮਾਗਮ ਦਾ ਮੁੱਖ ਉਦੇਸ਼ ਸਾਰੀਆਂ ਔਰਤਾਂ ਨੂੰ ਬੁਲੰਦੀਆਂ ਛੂਹਣ ਦਿਓ, ਸਾਰੀਆਂ ਔਰਤਾਂ ਨੂੰ ਆਮ ਤੋਂ ਅਸਾਧਾਰਨ ਬਣਨ ਦਿਓ, ਸਾਰੀਆਂ ਨੂੰ ਖੁਸ਼ ਰਹਿਣ ਦਿਓ ਤੋਂ ਇਲਾਵਾ ਆਓ ਆਪਾਂ ਇਕੱਠੇ ਉੱਠੀਏ ਅਤੇ ਉਨ੍ਹਾਂ ਦਾ ਸਮਰਥਨ ਕਰੀਏ ! ਇਸ ਮੌਕੇ ਹੋਰਾਂ ਤੋਂ ਇਲਾਵਾ ਲੰਡਨ ਵਿੱਚ ਮਹਿਲਾਵਾਂ ਦੇ ਹੱਕਾਂ ਅਤੇ ਉਹਨਾਂ ਦੀ ਸਿਹਤ ਸੰਭਾਲ ਲਈ ਲੰਮੇ ਸਮੇਂ ਤੋਂ ਕੰਮ ਕਰ ਰਹੀ ਸੰਸਥਾ ਵੋਇਸ ਆਫ ਵੂਮੈਨ ਦੀ ਚੇਅਰ ਸੁਰਿੰਦਰ ਕੌਰ ਕੈਂਥ ਨੂੰ ਵੀ ਇੰਸਪਾਇਰਡ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਹ ਪੁਰਸਕਾਰ ਸੰਸਥਾ ਦੀ ਕਾਰਕੁਨ ਅਵਤਾਰ ਕੌਰ ਚਾਨਾ ਨੇ ਪ੍ਰਾਪਤ ਕੀਤਾ। ਉਹਨਾਂ ਕਿਹਾ ਕਿ ਸੁਰਿੰਦਰ ਕੌਰ ਕੈਂਥ ਅਤੇ ਉਨ੍ਹਾਂ ਦੀ ਸੰਸਥਾ ਵੱਲੋਂ ਸਾਊਥਾਲ ਅਤੇ ਆਸ ਪਾਸ ਦੇ ਇਲਾਕੇ ਵਿੱਚ ਮਹਿਲਾਵਾਂ ਦੀ ਭਲਾਈ ਅਤੇ ਲੋੜਾਂ ਨੂੰ ਪੂਰਾ ਕਰਨ ਦੇ ਨਾਲ ਨਾਲ ਵੋਇਸ ਆਫ ਵੂਮੈਨ ਵੱਲੋਂ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਦੀ ਸੰਭਾਲ ਲਈ ਵੱਖ-ਵੱਖ ਸਮਿਆਂ ਮੌਕੇ ਯੋਗਦਾਨ ਪਾਇਆ ਜਾਂਦਾ ਹੈ।

## ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਸ਼ਲਾਘਾ


ਜਥੇਦਾਰ ਕੁਲਦੀਪ ਸਿੰਘ ਗੜਗੱਜ


ਡਰਬੀ (ਪੰਜਾਬ ਟਾਈਮਜ਼) – ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਹੁਣਾਂ ਨੇ ਨਿਯੁਕਤੀ ਪਿੱਛੋਂ ਜੋ ਪੰਥਕ ਸੇਵਾਵਾਂ ਦੇ ਕਾਰਜ ਕੀਤੇ ਹਨ ਉਹਨਾਂ ਦੀ ਸ਼ਲਾਘਾ ਕੀਤੀ ਜਾ ਰਹੀ ਹੈ। ਸ੍ਰੀ ਗੁਰੂ ਸਿੰਘ ਸਭਾ ਡਰਬੀ ਦੇ ਪ੍ਰਧਾਨ ਭਾਈ ਰਘਬੀਰ ਸਿੰਘ ਅਤੇ ਜਨਰਲ ਸਕੱਤਰ ਸ: ਰਾਜਿੰਦਰ ਸਿੰਘ ਪੁਰੇਵਾਲ ਨੇ ਉਹਨਾਂ ਵੱਲੋਂ ਹਾਲ ਹੀ ਵਿੱਚ ਕੀਤੇ ਗਏ ਕੰਮਾਂ ਦੀ ਸ਼ਲਾਘਾ ਕੀਤੀ ਹੈ। ਜਥੇਦਾਰ ਗੜਗੱਜ ਹੁਣਾਂ ਨੇ ਸ: ਸੁਖਬੀਰ ਸਿੰਘ ਬਾਦਲ ਨੂੰ ਸਿਰੋਪਾਓ ਦੇ ਨਾਲ ਸਿੱਖ ਰਹਿਤ ਮਰਯਾਦਾ ਦੀ ਕਾਪੀ ਵੀ ਦਿੱਤੀ ਹੈ, ਤੇ ਉਹਨਾਂ ਤੋਂ ਆਸ ਕੀਤੀ ਜਾ ਸਕਦੀ ਹੈ ਕਿ ਅਕਾਲੀ ਦਲ ਪੰਥਕ ਰਹਿਤ ਮਰਯਾਦਾ ਤੇ ਪਹਿਰਾ ਦੇਵੇਗਾ।

ਉਕਤ ਆਗੂਆਂ ਨੇ ਕਿਹਾ ਕਿ ਜਿਵੇਂ ਜਥੇਦਾਰ ਗੜਗੱਜ ਹੁਣੀ ਪੰਥ ਦੀਆਂ ਸਾਰੀਆਂ ਧਿਰਾਂ ਨੂੰ ਜੋੜਨ ਅਤੇ ਸਿੱਖੀ ਦੇ ਪ੍ਰਚਾਰ ਲਈ ਪ੍ਰਚਾਰਕਾਂ ਅਤੇ ਗੁਰੂ ਘਰਾਂ ਦੇ ਪ੍ਰਬੰਧਕਾਂ ਦੇ ਇਕੱਠ ਕਰਕੇ ਪਿੰਡ ਪਿੰਡ ਵਿੱਚ ਪ੍ਰਚਾਰ ਕਰਨ ਲਈ ਪ੍ਰੇਰਿਆ ਹੈ। ਜਥੇਦਾਰ ਹੁਣਾਂ ਦੇ ਇਹ ਸਾਰੇ ਕੰਮ ਸ਼ਲਾਘਾਯੋਗ ਹਨ ।

ਉਹਨਾਂ ਵੱਲੋਂ ਖੁਦ ਸੰਗਤਾਂ ਵਿੱਚ ਪ੍ਰਚਾਰ ਕਰਨ ਲਈ ਜਾਣਾ ਤੇ ਕਿਸੇ ਤਰ੍ਹਾਂ ਦੀ ਭੇਟਾ ਨਾ ਕਬੂਲ ਕਰਨਾ ਉਹਨਾਂ ਦੇ ਕਿਰਦਾਰ ਨੂੰ ਉੱਚਾ ਕਰਦਾ ਹੈ । ਉਕਤ ਆਗੂਆਂ ਨੇ ਜਥੇਦਾਰ ਗੜਗੱਜ ਹੁਣਾਂ ਨੂੰ ਬੇਨਤੀ ਕੀਤੀ ਕਿ ਉਹ ਵੱਧ ਤੋਂ ਵੱਧ ਨੌਜਵਾਨਾਂ ਨੂੰ ਆਪ ਪ੍ਰੇਰਨਾ ਦੇ ਕੇ ਸਿੱਖੀ ਨਾਲ ਜੋੜਨ ਲਈ ਯਤਨ ਕਰਨ । ਪੰਜਾਬ ਵਿੱਚ ਵਧ ਰਹੇ ਗੁਰੂ ਡੰਮ੍ਹ ਅਤੇ ਨਸ਼ਿਆਂ ਤੋਂ ਵੀ ਨੌਜਵਾਨਾਂ ਨੂੰ ਸੁਚੇਤ ਕਰਨ ਦੀ ਲੋੜ ਹੈ।

## ਭਾਰਤੀ ਧਾਰਮਿਕ ਬਾਬਾ ਬਲਾਤਕਾਰ ਦੇ ਦੋਸ਼ਾਂ ਹੇਠ ਗ੍ਰਿਫ਼ਤਾਰ

✪ ਪੁਲੀਸ ਅਨੁਸਾਰ ਉਸ ਦੇ ਕੈਂਪ ਵਿੱਚ ਆਈਆਂ ਹੋਰ ਔਰਤਾਂ ਵੀ ਪੀੜਤ ਹੋ ਸਕਦੀਆਂ ਨੇ



ਵੈਨਕੂਵਰ-ਓਂਟਾਰੀਓ ਵਿਚ ਯੌਰਕ ਪੁਲੀਸ ਨੇ ਟਰਾਂਟੋ ਨੇੜੇ ਪਿਕਰੰਗ ਸ਼ਹਿਰ ਰਹਿੰਦੇ ਧਾਰਮਿਕ ਆਗੂ ਪਰਵੀਨ ਰੰਜਨ (44) ਨੂੰ ਸ਼ਰਧਾਲੂ ਔਰਤਾਂ ਨਾਲ ਜ਼ਬਰਦਸਤੀ ਸਰੀਰਕ ਸਬੰਧ ਬਣਾਉਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਰੰਜਨ ਨੇ ਲੰਘੇ ਸਾਲਾਂ ਦੌਰਾਨ ਮਾਰਖਮ ਅਤੇ ਪਿਕਰਿੰਗ 'ਚ ਰੂਹਾਨੀਅਤ ਦੇ ਸੰਦੇਸ਼ ਲਈ ਕਈ ਕੈਂਪ ਲਾਏ ਸਨ। ਇਨ੍ਹਾਂ ਕੈਂਪਾਂ ਦੌਰਾਨ ਹੀ ਉਸ ਨੇ ਇੱਕ ਪੀੜਤ ਨਾਲ 6 ਵਾਰ ਜਬਰ ਜਨਾਹ ਕੀਤਾ, ਜਿਸ ਦੀ ਸ਼ਿਕਾਇਤ ਪੀੜਤਾ ਨੇ ਲੰਘੀ ਜਨਵਰੀ ਮਹੀਨੇ ਪੁਲੀਸ ਨੂੰ ਕੀਤੀ। ਉਸ ਦੀ ਸ਼ਿਕਾਇਤ ਦੀ ਪੜਤਾਲ ਦੌਰਾਨ ਹੀ ਇੱਕ ਹੋਰ ਪੀੜਤਾ ਨੇ ਵੀ ਮਸ਼ਕੂਕ ਵਿਰੁੱਧ ਇਹੀ ਸ਼ਿਕਾਇਤ ਦਰਜ ਕਰਵਾ ਦਿੱਤੀ। ਮਾਮਲੇ ਦੀ ਜਾਂਚ ਦੌਰਾਨ ਪੁਲੀਸ ਨੂੰ ਕਈ ਹੋਰ ਪੀੜਤਾਂ ਦਾ ਪਤਾ ਲੱਗਾ, ਜੋ ਇੱਜ਼ਤ ਖਰਾਬ ਹੋਣ ਦੇ ਡਰੋਂ ਸਾਹਮਣੇ ਨਹੀਂ ਆਈਆਂ। ਮਸ਼ਕੂਕ ਧਾਰਮਿਕ ਨੇਤਾ ਉੱਤੇ ਜ਼ਬਰਦਸਤੀ ਦੇ ਸੱਤ ਦੋਸ਼ ਆਇਦ ਕੀਤੇ ਗਏ ਹਨ। ਪੁਲੀਸ ਨੂੰ ਵਿਸ਼ਵਾਸ਼ ਹੈ ਕਿ ਉਸ ਦੇ ਕੈਂਪ ਵਿੱਚ ਆਈਆਂ ਹੋਰ ਔਰਤਾਂ ਵੀ ਪੀੜਤ ਹੋ ਸਕਦੀਆਂ ਹਨ, ਜਿਨ੍ਹਾਂ ਨੂੰ ਪਛਾਣ ਗੁਪਤ ਰੱਖਣ ਦੇ ਭਰੋਸੇ 'ਤੇ ਅਪੀਲ ਕੀਤੀ ਗਈ ਹੈ ਕਿ ਉਹ ਵੀ ਆਪਣੀ ਸ਼ਿਕਾਇਤ ਪੁਲੀਸ ਤੱਕ ਪੁੱਜਦੀ ਕਰਨ।

-ਮਾਮਲਾ ਡਰੱਗ ਤਸਕਰ ਵਲੋਂ ਅਦਾਲਤ ਦੀ ਛੱਤ ਤੋਂ ਛਾਲ ਮਾਰ ਕੇ ਖੁਦਕੁਸ਼ੀ ਕਰਨ ਦਾ-

## ਪਟਿਆਲਾ ਦੇ ਥਾਣਾ ਮੁਖੀ ਦਾ ਹੋਇਆ ਤਬਾਦਲਾ



ਪਟਿਆਲਾ-ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤੇ ਗਏ ਇੱਕ ਦੋਸ਼ੀ ਵੱਲੋਂ ਆਪਣੀ ਪੇਸ਼ੀ ਦੌਰਾਨ ਜ਼ਿਲ੍ਹਾ ਅਦਾਲਤ ਦੀ ਤੀਜੀ ਮੰਜ਼ਿਲ ਤੋਂ ਛਾਲ ਮਾਰਨ ਦੇ ਮਾਮਲੇ ਵਿੱਚ ਥਾਣਾ ਸਿਵਲ ਲਾਈਨ ਮੁਖੀ ਦਾ ਤਬਾਦਲਾ ਕਰ ਦਿੱਤਾ ਗਿਆ ਹੈ। ਥਾਣਾ ਇੰਚਾਰਜ ਇੰਸਪੈਕਟਰ ਅੰਮ੍ਰਿਤਵੀਰ ਚਾਹਲ ਨੂੰ ਪੁਲਿਸ ਲਾਈਨ ਭੇਜ ਦਿੱਤਾ ਗਿਆ ਹੈ। ਉਨ੍ਹਾਂ ਦੀ ਥਾਂ 'ਤੇ ਲਾਹੌਰੀ ਗੇਟ ਥਾਣੇ ਦੇ ਇੰਚਾਰਜ ਇੰਸਪੈਕਟਰ ਗਗਨਦੀਪ ਸਿੰਘ ਸਿੱਧੂ ਨੂੰ ਨਿਯੁਕਤ ਕੀਤਾ ਗਿਆ ਹੈ। ਜਦੋਂ ਕਿ ਇੰਸਪੈਕਟਰ ਸ਼ਿਵਰਾਜ ਸਿੰਘ ਢਿੱਲੋਂ ਨੂੰ ਹੁਣ ਲਾਹੌਰੀ ਗੇਟ ਥਾਣਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਇਹ ਕਾਰਵਾਈ ਰੰਗੇ ਸ਼ਾਹ ਕਲੋਨੀ ਦੇ ਰਹਿਣ ਵਾਲੇ ਰਵੀ ਕੁਮਾਰ ਦੇ ਮਾਮਲੇ ਵਿੱਚ ਕੀਤੀ ਗਈ ਹੈ, ਜਿਸਨੇ ਜ਼ਿਲ੍ਹਾ ਅਦਾਲਤ ਦੀ ਇਮਾਰਤ ਤੋਂ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ ਸੀ।

# ਅਫਗਾਨਿਸਤਾਨ ਬਣ ਸਕਦਾ ਏ ਵਿਸ਼ਵ ਜੰਗ ਦਾ ਅੱਡਾ

**ਖਾਸ ਖ਼ਬਰ** ✪ ਅਮਰੀਕਾ ਚੀਨ ਵਿਰੁੱਧ ਹੋਇਆ ਸਰਗਰਮ ✪ ਰੂਸ ਨੇ ਅਫਗਾਨਿਸਤਾਨ ਸਰਹੱਦ 'ਤੇ ਆਪਣੀ ਫੌਜ ਉਤਾਰ ਦਿੱਤੀ ਹੈ, ਭਾਰਤ ਵੀ ਤਿਆਰ!

ਭਾਰਤ ਅਫਗਾਨਿਸਤਾਨ ਵਿੱਚ ਚੀਨ ਦੇ ਵਧਦੇ ਪ੍ਰਭਾਵ ਨੂੰ ਰੋਕਣ ਲਈ ਕੁੱਦ ਪਿਆ ਅਤੇ ਫਿਰ ਅਮਰੀਕਾ ਅਫਗਾਨਿਸਤਾਨ ਵਿੱਚ ਭਾਰਤ ਅਤੇ ਚੀਨ ਨੂੰ ਰੋਕਣ ਲਈ ਕੁੱਦ ਪਿਆ। ਪਰ ਹੁਣ, ਅਮਰੀਕਾ ਨੂੰ ਆਉਣ ਤੋਂ ਰੋਕਣ ਲਈ, ਰੂਸ ਨੇ ਵੀ ਆਪਣੀ ਫੌਜ ਅਫਗਾਨਿਸਤਾਨ ਦੀ ਸਰਹੱਦ 'ਤੇ ਤਾਇਨਾਤ ਕਰ ਦਿੱਤੀ ਹੈ। ਦਰਅਸਲ, ਇਹ ਸਾਰਾ ਹੰਗਾਮਾ ਦੁਨੀਆ ਦੇ ਸਭ ਤੋਂ ਰਣਨੀਤਕ ਹਵਾਈ ਅੱਡਿਆਂ ਵਿੱਚੋਂ ਇੱਕ, ਬਗਰਾਮ ਏਅਰਬੇਸ 'ਤੇ ਕਬਜ਼ਾ ਕਰਨ ਲਈ ਹੋ ਰਿਹਾ ਹੈ।

ਭਾਰਤ ਦੇ ਗੁਆਂਢੀ ਦੇਸ਼ ਅਫਗਾਨਿਸਤਾਨ ਵਿੱਚ ਹਲਚਲ ਮਚੀ ਹੋਈ ਹੈ। ਰੂਸ ਨੇ ਆਪਣੀ ਫੌਜ ਅਫਗਾਨਿਸਤਾਨ ਦੀ ਸਰਹੱਦ 'ਤੇ ਭੇਜ ਦਿੱਤੀ ਹੈ। ਰੂਸੀ ਫੌਜ ਨੇ ਤਜ਼ਾਕਿਸਤਾਨ ਦੇ ਨਾਲ ਮਿਲ ਕੇ ਅਫਗਾਨਿਸਤਾਨ ਦੀ ਸਰਹੱਦ 'ਤੇ ਵੱਡੇ ਪੱਧਰ 'ਤੇ ਫੌਜੀ ਅਭਿਆਸ ਸ਼ੁਰੂ ਕਰ ਦਿੱਤੇ ਹਨ। ਇਸ ਅਭਿਆਸ ਵਿੱਚ, ਡਰੋਨ, ਟੈਂਕ, 24 ਹੈਲੀਕਾਪਟਰ ਸਮੇਤ ਕਈ ਖਤਰਨਾਕ ਫੌਜੀ ਉਪਕਰਨ ਮੈਦਾਨ ਵਿੱਚ ਤਾਇਨਾਤ ਕੀਤੇ ਗਏ ਹਨ। ਪਰ ਅਚਾਨਕ ਕੀ ਹੋ ਗਿਆ ਹੈ ਕਿ ਰੂਸ ਨੂੰ ਆਪਣੀ ਫੌਜ ਅਫਗਾਨਿਸਤਾਨ ਭੇਜਣੀ ਪਈ ਹੈ।

ਭਾਰਤ ਅਫਗਾਨਿਸਤਾਨ ਵਿੱਚ ਚੀਨ ਦੇ ਵਧਦੇ ਪ੍ਰਭਾਵ ਨੂੰ ਰੋਕਣ ਲਈ ਕੁੱਦ ਪਿਆ ਅਤੇ ਫਿਰ ਅਮਰੀਕਾ ਅਫਗਾਨਿਸਤਾਨ ਵਿੱਚ ਭਾਰਤ ਅਤੇ ਚੀਨ ਨੂੰ ਰੋਕਣ ਲਈ ਕੁੱਦ ਪਿਆ। ਪਰ ਹੁਣ, ਅਮਰੀਕਾ ਨੂੰ ਆਉਣ ਤੋਂ ਰੋਕਣ ਲਈ, ਰੂਸ ਨੇ ਵੀ ਆਪਣੀ ਫੌਜ ਅਫਗਾਨਿਸਤਾਨ ਦੀ ਸਰਹੱਦ 'ਤੇ ਤਾਇਨਾਤ ਕਰ ਦਿੱਤੀ ਹੈ। ਦਰਅਸਲ, ਇਹ ਸਾਰਾ ਹੰਗਾਮਾ ਦੁਨੀਆ ਦੇ ਸਭ ਤੋਂ ਰਣਨੀਤਕ ਹਵਾਈ ਅੱਡਿਆਂ ਵਿੱਚੋਂ ਇੱਕ, ਬਗਰਾਮ ਏਅਰਬੇਸ 'ਤੇ ਕਬਜ਼ਾ ਕਰਨ ਲਈ ਹੋ ਰਿਹਾ ਹੈ। ਅਫਗਾਨਿਸਤਾਨ ਦਾ ਬਗਰਾਮ ਏਅਰਬੇਸ ਭਾਰਤ ਦੇ ਬਹੁਤ ਨੇੜੇ ਹੈ। ਬਗਰਾਮ ਏਅਰ ਬੇਸ ਤੋਂ ਭਾਰਤ, ਰੂਸ, ਚੀਨ, ਈਰਾਨ, ਪਾਕਿਸਤਾਨ, ਮੱਧ ਏਸ਼ੀਆ ਅਤੇ ਇੱਥੋਂ ਤੱਕ ਕਿ ਯੂਰਪ 'ਤੇ ਵੀ ਨਜ਼ਰ ਰੱਖੀ ਜਾ ਸਕਦੀ ਹੈ। ਰਣਨੀਤਕ ਤੌਰ 'ਤੇ ਇਹ ਦੁਨੀਆ ਦੇ ਸਭ ਤੋਂ ਮਹੱਤਵਪੂਰਨ ਖੇਤਰਾਂ ਵਿੱਚੋਂ ਇੱਕ ਹੈ।



2021 ਵਿੱਚ ਅਮਰੀਕੀ ਫੌਜਾਂ ਦੇ ਅਫਗਾਨਿਸਤਾਨ ਛੱਡਣ ਤੋਂ ਬਾਅਦ, ਚੀਨ ਬਗਰਾਮ ਏਅਰਬੇਸ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਕਿਉਂਕਿ ਚੀਨ ਬਗਰਾਮ ਏਅਰਬੇਸ ਦੇ ਨੇੜੇ ਆਪਣਾ ਪ੍ਰਮਾਣੂ ਕੇਂਦਰ ਬਣਾ ਰਿਹਾ ਹੈ। ਇਸ ਖ਼ਬਰ ਨੇ ਅਮਰੀਕਾ ਨੂੰ ਹੈਰਾਨ ਕਰ ਦਿੱਤਾ ਕਿਉਂਕਿ ਇਹ ਇਲਾਕਾ ਕਦੇ ਅਮਰੀਕਾ ਦੇ ਕਬਜ਼ੇ ਹੇਠ ਸੀ। ਅਮਰੀਕਾ ਦੇ 20 ਸਾਲਾਂ ਦੇ ਅਫਗਾਨਿਸਤਾਨ ਯੁੱਧ ਦੌਰਾਨ ਬਗਰਾਮ ਏਅਰ ਬੇਸ ਅਮਰੀਕੀ ਫੌਜ ਦਾ ਗੜ੍ਹ ਸੀ। 20 ਸਾਲਾਂ ਤੋਂ, ਅਮਰੀਕਾ ਨੇ ਅਫਗਾਨਿਸਤਾਨ ਅਤੇ ਇਸਦੇ ਆਲੇ ਦੁਆਲੇ ਦੇ ਦੇਸ਼ਾਂ ਵਿੱਚ ਜੋ ਵੀ ਕਾਰਵਾਈਆਂ ਕੀਤੀਆਂ ਹਨ, ਉਹ ਬਗਰਾਮ ਏਅਰਬੇਸ ਤੋਂ ਕੀਤੀਆਂ ਗਈਆਂ ਹਨ।

ਬਗਰਾਮ ਏਅਰਬੇਸ ਅਮਰੀਕਾ ਲਈ ਕਿੰਨਾ ਮਹੱਤਵਪੂਰਨ ਹੈ, ਇਹ ਡੋਨਾਲਡ ਟਰੰਪ ਦੇ ਬਿਆਨ ਤੋਂ ਸਮਝਿਆ ਜਾ ਸਕਦਾ ਹੈ। ਡੋਨਾਲਡ ਟਰੰਪ ਕਈ ਵਾਰ ਕਹਿ ਚੁੱਕੇ ਹਨ ਕਿ ਬਿਡੇਨ ਗਲਤ ਤਰੀਕੇ ਨਾਲ ਅਫਗਾਨਿਸਤਾਨ ਛੱਡ ਕੇ ਗਏ ਸਨ। ਟਰੰਪ ਨੇ ਕਿਹਾ ਕਿ ਬਗਰਾਮ ਏਅਰ ਬੇਸ ਛੱਡਣਾ ਅਮਰੀਕਾ ਦੀ ਸਭ ਤੋਂ ਵੱਡੀ ਗਲਤੀ ਹੈ ਕਿਉਂਕਿ ਚੀਨ ਇੱਥੇ ਆ ਕੇ ਵਸ ਗਿਆ ਹੈ। ਅਜਿਹੀ ਸਥਿਤੀ ਵਿੱਚ, ਖ਼ਬਰ ਆਈ ਹੈ ਕਿ ਅਮਰੀਕਾ ਨੇ ਆਪਣਾ ਇੱਕ ਫੌਜੀ ਜਹਾਜ਼ ਬਗਰਾਮ ਏਅਰਬੇਸ 'ਤੇ ਉਤਾਰਿਆ ਹੈ। ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਅਮਰੀਕੀ ਫੌਜ ਦਾ ਸੀ 17 ਗਲੋਬ ਮਾਸਟਰ ਜਹਾਜ਼ ਬਗਰਾਮ ਵਿੱਚ ਉਤਰਿਆ ਹੈ।

ਅਮਰੀਕਾ ਬਗਰਾਮ ਏਅਰਬੇਸ 'ਤੇ ਦੁਬਾਰਾ ਕਬਜ਼ਾ ਕਰਨਾ ਚਾਹੁੰਦਾ ਹੈ। ਇੱਥੋਂ ਉਹ ਰੂਸ, ਚੀਨ, ਈਰਾਨ ਅਤੇ ਕੁਝ ਹੱਦ ਤੱਕ ਭਾਰਤ ਨੂੰ ਕੰਟਰੋਲ ਕਰਨਾ ਚਾਹੁੰਦਾ ਹੈ। ਅਮਰੀਕਾ ਇਸ ਕੰਮ ਲਈ ਪਾਕਿਸਤਾਨ ਤੋਂ ਮਦਦ ਲੈ ਸਕਦਾ ਹੈ।

ਇਹ ਖ਼ਬਰ ਸੁਣ ਕੇ ਰੂਸ ਵੀ ਸਰਗਰਮ ਹੋ ਗਿਆ, ਕਿਉਂਕਿ ਇਹ ਰੂਸ ਹੀ ਸੀ ਜਿਸਨੇ 1950 ਵਿੱਚ ਚੱਲ ਰਹੀ ਜੰਗ ਕਾਰਨ ਬਗਰਾਮ ਏਅਰਬੇਸ ਬਣਾਇਆ ਸੀ। ਬਗਰਾਮ ਏਅਰਬੇਸ ਸੋਵੀਅਤ ਯੂਨੀਅਨ ਦਾ ਗੜ੍ਹ ਵੀ ਰਿਹਾ ਹੈ। ਇੰਝ ਜਾਪਦਾ ਹੈ ਕਿ ਅਫਗਾਨਿਸਤਾਨ ਵਿਚ ਵਿਸ਼ਵ ਸ਼ਕਤੀਆਂ ਦਾ ਸਰਗਰਮ ਹੋਣਾ ਵਿਸ਼ਵ ਜੰਗ ਨੂੰ ਜਨਮ ਦੇ ਸਕਦਾ ਹੈ। ਇਸ ਕਾਰਣ ਵਿਸ਼ਵ ਸ਼ਕਤੀਆਂ ਵਿਚ ਆਪਸੀ ਭੜਕਾਹਟ ਵਧ ਰਹੀ ਹੈ।

# ਪੰਚਾਇਤ ਨੇ ਭਈਆਂ ਨੂੰ ਪਿੰਡ ਵਿਚੋਂ ਬਾਹਰ ਕੱਢਣ ਦਾ ਮਤਾ ਕੀਤਾ ਪਾਸ

## ✪ ਨਾ ਮੰਨਣ ਵਾਲੇ ਵਿਰੁੱਧ ਹੋਵੇਗੀ ਕਾਰਵਾਈ

ਬਨੂੜ-ਨੇੜਲੇ ਪਿੰਡ ਬੂਟਾ ਸਿੰਘ ਵਾਲਾ ਦੀ ਗ੍ਰਾਮ ਸਭਾ ਦਾ ਇਕ ਵਿਸ਼ੇਸ਼ ਇਜਲਾਸ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਹੋਇਆ ਜਿਸ ਵਿਚ ਪਿੰਡ ਵਾਸੀਆਂ ਨੇ ਸਰਬਸੰਮਤੀ ਨਾਲ ਪਿੰਡ ਦੀ ਆਬਾਦੀ 'ਚ ਰਹਿ ਰਹੇ ਪਰਵਾਸੀ ਮਜ਼ਦੂਰਾਂ ਨੂੰ ਬਾਹਰ ਕੱਢਣ ਦਾ ਮਤਾ ਪਾਸ ਕੀਤਾ। ਪਿੰਡ ਦੀ ਪੰਚਾਇਤ ਵੱਲੋਂ ਸੱਦੇ ਗਏ ਇਜਲਾਸ ਨੂੰ ਸੰਬੋਧਨ ਕਰਦਿਆਂ ਪਿੰਡ ਵਾਸੀਆਂ ਨੇ ਕਿਹਾ ਕਿ ਲੋਕ ਕਿਰਾਏ ਤੇ ਲਾਲਚ ਵੱਸ ਹੋ ਕੇ ਪਿੰਡ ਦੀ ਆਬਾਦੀ 'ਚ ਪਰਵਾਸੀ ਮਜ਼ਦੂਰਾਂ ਨੂੰ ਰੱਖ ਰਹੇ ਹਨ ਜੋ ਕਿ ਪਿੰਡ ਦੀਆਂ ਧੀਆਂ-ਭੈਣਾਂ ਅਤੇ ਔਰਤਾਂ ਲਈ ਠੀਕ ਨਹੀਂ ਹੈ। ਉਹਨਾਂ ਦੱਸਿਆ ਕਿ ਕਿਰਾਏ ਤੇ ਰੱਖੇ ਗਏ ਪ੍ਰਵਾਸੀ ਮਜ਼ਦੂਰਾਂ ਦੀ ਕੋਈ ਪੁਲਿਸ ਵੈਰੀਫਿਕੇਸ਼ਨ ਨਾ ਹੋਣ ਕਰਕੇ ਉਹ ਕਦੇ ਵੀ ਕਿਸੇ ਘਟਨਾ ਨੂੰ ਅੰਜਾਮ ਦੇ ਕੇ ਫਰਾਰ ਹੋ ਜਾਂਦੇ ਹਨ, ਜਿਸ ਤੋਂ ਬਾਅਦ ਉਨਾਂ ਨੂੰ ਲੱਭਣਾ ਔਖਾ ਹੋ ਜਾਂਦਾ ਹੈ। ਇਸ ਤੋਂ ਇਲਾਵਾ ਕਿਰਾਏ 'ਤੇ ਰੱਖੇ ਗਏ ਪਰਵਾਸੀ ਮਜ਼ਦੂਰ ਰਹਿੰਦੇ ਤਾਂ ਪਿੰਡ ਵਿਚ ਹਨ ਤੇ ਉਹ ਕੰਮ-ਧੰਦਾ ਦੂਜੇ ਸ਼ਹਿਰਾਂ ਵਿਚ ਜਾ ਕੇ ਕਰਦੇ ਹਨ ਜੋ ਕਿ ਪਿੰਡ ਲਈ ਸੁਰੱਖਿਅਤ ਨਹੀਂ।

ਸਰਬ-ਸੰਮਤੀ ਨਾਲ ਪਾਸ ਕੀਤੇ ਗਏ ਮਤੇ ਵਿਚ ਉਨ੍ਹਾਂ ਦੱਸਿਆ ਕਿ ਜੇਕਰ ਕੋਈ ਵੀ ਪਰਵਾਸੀ ਰਾਤ ਨੂੰ 10 ਵਜੇ ਤੋਂ ਬਾਅਦ ਪਿੰਡ ਦੀਆਂ ਗਲ਼ੀਆਂ 'ਚ ਘੁੰਮਦਾ ਨਜ਼ਰ ਆਇਆ ਤਾਂ ਉਸ ਖ਼ਿਲਾਫ਼ ਸਖ਼ਤ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ। ਇਸ ਫ਼ੈਸਲੇ ਅਨੁਸਾਰ




ਪਿੰਡ ਵਾਸੀਆਂ ਨੂੰ 30 ਅਪ੍ਰੈਲ ਤਕ ਦਾ ਸਮਾਂ ਦਿੱਤਾ ਗਿਆ ਹੈ ਕਿ ਉਹ ਪਿੰਡ ਦੀ ਆਬਾਦੀ ਵਿਚ ਰਹਿਣ ਵਾਲੇ ਕਿਰਾਏਦਾਰਾਂ ਨੂੰ ਬਾਹਰ ਕੱਢਣ ਜੇਕਰ ਕੋਈ ਵਿਅਕਤੀ ਗ੍ਰਾਮ ਸਭਾ ਵੱਲੋਂ ਪਾਸ ਕੀਤੇ ਗਏ ਮਤੇ ਨੂੰ ਮੰਨਣ ਤੋਂ ਮੁਨਕਰ ਹੁੰਦਾ ਹੈ ਤਾਂ ਉਹ ਵਿਅਕਤੀ ਵਾਪਰੀ ਕਿਸੇ ਵੀ ਘਟਨਾ ਲਈ ਜ਼ਿੰਮੇਵਾਰ ਹੋਵੇਗਾ ਤੇ ਗ੍ਰਾਮ ਸਭਾ ਉਸ ਦੇ ਖ਼ਿਲਾਫ਼ ਕਾਰਵਾਈ ਕਰੇਗੀ। ਇਸ ਦੇ ਨਾਲ ਹੀ ਪਰਵਾਸੀ ਮਜ਼ਦੂਰਾਂ ਨੂੰ ਬਾਹਰ ਖੇਤਾਂ ਵਿਚ ਰੱਖਣ 'ਤੇ ਕੋਈ ਪਾਬੰਦੀ ਨਹੀਂ ਹੈ। ਗ੍ਰਾਮ ਸਭਾ ਵੱਲੋਂ ਸਰਬ ਸੰਮਤੀ ਨਾਲ ਪਾਸ ਕੀਤੇ ਗਏ ਮਤੇ ਨੂੰ ਪ੍ਰਸ਼ਾਸਨ ਹਿਤ ਭੇਜਿਆ ਜਾਵੇਗਾ। ਇਸ ਮੌਕੇ ਸਰਪੰਚ ਜਰਨੈਲ ਸਿੰਘ, ਸਾਬਕਾ ਸਰਪੰਚ ਭੁਪਿੰਦਰ ਸਿੰਘ ਬੋਵਾ, ਗਗਨਦੀਪ ਸਿੰਘ ਪੰਚ, ਇਕਬਾਲ ਸਿੰਘ ਪੰਚ, ਗੁਰਚਰਨ ਸਿੰਘ, ਮਿਲਖਾ ਸਿੰਘ, ਹਰਜਿੰਦਰ ਸਿੰਘ, ਮੰਗਲ ਸਿੰਘ, ਗੁਰਨਾਮ ਸਿੰਘ, ਰਸ਼ਪਾਲ ਸਿੰਘ, ਦਲਜੀਤ ਸਿੰਘ, ਦਰਸ਼ਨ ਸਿੰਘ, ਅਮਨਦੀਪ ਸਿੰਘ ਤੋਂ ਇਲਾਵਾ ਪਿੰਡ ਦੇ 600 ਦੇ ਕਰੀਬ ਵਸਨੀਕ ਹਾਜ਼ਰ ਸਨ।

## ਭਾਰਤ 'ਚ ਗ਼ੈਰ-ਕਾਨੂੰਨੀ ਢੰਗ ਨਾਲ ਰਹਿ ਰਹੇ 15 ਵਿਦੇਸ਼ੀਆਂ ਨੂੰ ਕੱਢਿਆ

ਨਵੀਂ ਦਿੱਲੀ-ਭਾਰਤ 'ਚ ਗ਼ੈਰ-ਕਾਨੂੰਨੀ ਢੰਗ ਨਾਲ ਰਹਿ ਰਹੇ 15 ਵਿਦੇਸ਼ੀ ਨਾਗਰਿਕਾਂ, ਜਿਨ੍ਹਾਂ 'ਚ 2 ਬੰਗਲਾਦੇਸ਼ੀ ਵੀ ਸ਼ਾਮਿਲ ਸਨ, ਨੂੰ ਦਿੱਲੀ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫ਼ਤਾਰ ਕੀਤੇ ਨਾਗਰਿਕਾਂ 'ਚ 12 ਨਾਈਜੀਰੀਆ ਦੇ, ਦੋ ਬੰਗਲਾਦੇਸ਼ ਦੇ ਅਤੇ ਇਕ ਇਵੋਰੀ ਕਾਸਟਰ ਦਾ ਨਾਗਰਿਕ ਹੈ। ਇਨ੍ਹਾਂ ਨੂੰ ਡਿਟੇਂਸ਼ਨ ਸੈਂਟਰ ਭੇਜਣ ਤੋਂ ਬਾਅਦ ਪੂਰੀ ਤਸਦੀਕ ਕਰ ਕੇ ਫਾਰਨਰਜ਼ ਰੀਜਨਲ ਰਜਿਸਟ੍ਰੇਸ਼ਨ ਆਫਿਸ (ਐਫ. ਆਰ. ਆਰ. ਓ.) ਨੇ ਡਿਪੋਰਟ ਕਰਨ ਦਾ ਆਦੇਸ਼ ਦੇ ਦਿੱਤਾ। ਇਨ੍ਹਾਂ ਵਿਦੇਸ਼ੀ ਨਾਗਰਿਕਾਂ ਨੂੰ ਦਿੱਲੀ ਦੇ ਮੋਹਨ ਗਾਰਡਨ ਅਤੇ ਉੱਤਮ ਨਗਰ ਇਲਾਕਿਆਂ 'ਚ ਕੀਤੀ ਕਾਰਵਾਈ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ। ਪੁਲਿਸ ਨੇ ਕਿਹਾ ਕਿ ਉਹ ਭਾਰਤ 'ਚ ਬਿਨਾਂ ਵੀਜ਼ੇ ਤੋਂ ਰਹਿ ਰਹੇ ਸਨ, ਜਿਸ ਦੀ ਪੂਰੀ ਤਸਦੀਕ ਤੋਂ ਬਾਅਦ ਉਨ੍ਹਾਂ ਨੂੰ ਡਿਪੋਰਟ ਕਰਨ ਦਾ ਆਦੇਸ਼ ਦਿੱਤਾ ਗਿਆ।

# ਹੇਅਰ ਡਰੈੱਸਰ ਨੇ ਦੁਕਾਨ 'ਤੇ ਨਾਬਾਲਗ ਨੂੰ ਬੁਲਾ ਕੇ ਕੀਤਾ ਬਲਾਤਕਾਰ

✪ ਪੁਲਸ ਨੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਕੇ ਪਰਚਾ ਕੀਤਾ ਦਰਜ



ਚੰਡੀਗੜ੍ਹ-ਮਨੀਮਾਜਰਾ ਦੇ ਸ਼ਾਂਤੀਨਗਰ ਵਿਚ ਹੇਅਰ ਡਰੈੱਸਰ ਨੇ 17 ਸਾਲਾ ਕੁੜੀ ਨਾਲ ਦੁਕਾਨ ਵਿਚ ਛੇੜਛਾੜ ਕਰਨ ਤੋਂ ਬਾਅਦ ਜਬਰ-ਜ਼ਿਨਾਹ ਕੀਤਾ। ਕੁੜੀ ਦੀਆਂ ਚੀਕਾਂ ਸੁਣ ਕੇ ਲੋਕਾਂ ਨੇ ਘਟਨਾ ਦੀ ਸੂਚਨਾ ਪੁਲਸ ਨੂੰ ਦਿੱਤੀ। ਮਨੀਮਾਜਰਾ ਥਾਣਾ ਪੁਲਸ ਮੌਕੇ 'ਤੇ ਪਹੁੰਚੀ ਤੇ ਪੀੜਤਾ ਦਾ ਮਨੀਮਾਜਰਾ ਸਿਵਲ ਹਸਪਤਾਲ 'ਚ ਮੈਡੀਕਲ ਕਰਵਾਇਆ, ਜਿੱਥੇ ਡਾਕਟਰਾਂ ਨੇ ਜਬਰ-ਜ਼ਿਨਾਹ ਦੀ ਪੁਸ਼ਟੀ ਕੀਤੀ। ਇਸ ਤੋਂ ਇਲਾਵਾ ਫਾਰੈਂਸਿਕ ਮੋਬਾਇਲ ਟੀਮ ਨੇ ਹੇਅਰ ਡਰੈੱਸਰ ਦੀ ਦੁਕਾਨ 'ਤੇ ਜਾ ਕੇ ਸਬੂਤ ਇਕੱਠੇ ਕੀਤੇ। ਮਨੀਮਾਜਰਾ ਥਾਣਾ ਪੁਲਸ ਨੇ ਪੀੜਤਾ ਦੀ ਸ਼ਿਕਾਇਤ 'ਤੇ ਮੁਲਜ਼ਮ ਖ਼ਿਲਾਫ਼ ਮਾਮਲਾ ਦਰਜ ਕਰ ਲਿਆ।

# ਸ਼ਿਵਚਰਨ ਸਿੰਘ ਗਿੱਲ ਮੈਮੋਰੀਅਲ ਟਰੱਸਟ ਵੱਲੋਂ ਸਾਲਾਨਾ ਸਾਹਿਤਕ ਸਮਾਗਮ





ਵੱਖ ਵੱਖ ਖੇਤਰਾਂ ਵਿੱਚ ਯੋਗਦਾਨ ਪਾਉਣ ਵਾਲੀਆਂ ਸਖਸ਼ੀਅਤਾਂ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ ਅਤੇ ਕਵੀ ਦਰਬਾਰ ਵਿੱਚ ਹਿੱਸਾ ਲੈਣ ਵਾਲੀਆਂ ਸਖ਼ੀਅਤਾਂ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ਼੍ਰੋਮਣੀ ਸਾਹਿਤਕਾਰ ਸ਼ਿਵਚਰਨ ਸਿੰਘ ਗਿੱਲ ਦੀ ਯਾਦ ਵਿੱਚ ਸ਼ਿਵਚਰਨ ਸਿੰਘ ਗਿੱਲ ਮੈਮੋਰੀਅਲ ਟਰੱਸਟ ਵੱਲੋਂ ਸਾਲਾਨਾ ਸਾਹਿਤਕ ਸਮਾਗਮ ਹੰਸਲੋ (ਲੰਡਨ) ਵਿਖੇ ਕਰਵਾਇਆ ਗਿਆ। ਜਿਸ ਵਿੱਚ ਧਨਿੰਦਰ ਕੌਰ ਗਿੱਲ ਵੱਲੋਂ ਸ਼ਿਵਦੀਪ ਕੌਰ ਢੇਸੀ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਅਤੇ ਇਸ ਮੌਕੇ ਬੋਲਦਿਆਂ ਮੇਅਰ ਮੁਹੰਮਦ ਸ਼ਕੀਲ ਅਕਰਮ, ਸਾਬਕਾ ਮੇਅਰ ਰਣਜੀਤ ਧੀਰ, ਸ਼ਿਵਚਰਨ ਜੱਗੀ ਕੁੱਸਾ, ਜਗਰਾਜ ਸਿੰਘ ਸਰਾਂ, ਗੁਰਪਾਲ ਸਿੰਘ, ਹਰਜੀਤ ਅਟਵਾਲ, ਦਲਬੀਰ ਕੌਰ, ਅਮਨਦੀਪ ਸਿੰਘ, ਰਾਜਿੰਦਰਜੀਤ, ਕੌਂਸਲਰ ਰਾਜੂ ਸੰਸਾਰਪੁਰੀ, ਮਨਜੀਤ ਸਿੰਘ ਬੁਟਰ, ਰੂਪਦਵਿੰਦਰ ਕੌਰ, ਮਨਜੀਤ ਕੌਰ ਪੱਡਾ, ਤਜਿੰਦਰ ਸਿੰਧਰਾ, ਕ੍ਰਿਪਾਲ ਪੂਨੀ, ਹਰਦੇਵ ਬੈਂਸ, ਮਨਦੀਪ ਖੁਰਮੀ, ਜਸਵਿੰਦਰ ਰੱਤੀਆਂ ਆਦਿ ਵੱਲੋਂ ਸ਼ਿਵਚਰਨ ਗਿੱਲ ਦੀਆਂ ਪੰਜਾਬੀ ਸਾਹਿਤ ਨੂੰ ਦਿੱਤੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ ਗਈ।*

ਸਮਾਗਮ ਦੀ ਮੁੱਖ ਪ੍ਰਬੰਧਕ ਸ਼ਿਵਦੀਪ ਕੌਰ ਵੱਲੋਂ ਬੀਤੇ ਕਈ ਵਰ੍ਹਿਆਂ ਤੋਂ ਲਗਾਤਾਰ ਕਰਵਾਏ ਜਾਂਦੇ ਇਸ ਸਾਹਿਤਕ ਸਮਾਗਮ ਲਈ ਰਾਹੀਂ ਆਪਣੇ ਪਿਤਾ ਸ਼ਿਵਚਰਨ ਸਿੰਘ ਗਿੱਲ ਨੂੰ ਯਾਦ ਕਰਨ ਅਤੇ ਪੰਜਾਬੀ ਬੋਲੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਕੀਤੇ ਜਾਂਦੇ ਯਤਨਾਂ ਲਈ ਭਰਪੂਰ ਪ੍ਰਸੰਸਾ ਕੀਤੀ। ਟਰੱਸਟ ਵੱਲੋਂ ਵੱਖ ਵੱਖ ਖੇਤਰਾਂ 'ਚ ਯੋਗਦਾਨ ਪਾਉਣ ਵਾਲੀਆਂ ਸਖਸ਼ੀਅਤਾਂ ਕਵੀ ਸੁਰਿੰਦਰ ਸੀਹਰਾ, ਜਤਿੰਦਰ ਪੱਤੜ ਚਿੱਤਰਕਾਰ, ਕੁਲਵੰਤ ਕੌਰ ਢਿੱਲੋਂ ਪ੍ਰਧਾਨ ਪੰਜਾਬੀ ਸਾਹਿਤ ਕਲਾ ਕੇਂਦਰ, ਲਹਿੰਦੇ ਪੰਜਾਬ ਤੋਂ ਸ਼ਗੁਫ਼ਤਾ ਗਿੰਮੀ, ਅਜੀਤ ਰਾਏ ਭਾਈਚਾਰਕ ਕਾਰਕੁਨ, ਗਾਇਕਾ ਮੋਨਾ ਸਿੰਘ ਅਤੇ ਪੰਜਾਬੀ ਵਿਰਸੇ ਅਤੇ ਬੋਲੀ ਨੂੰ ਉਤਸ਼ਾਹਿਤ ਕਰਨ ਵਾਲੇ ਮੋਤਾ ਸਿੰਘ ਸਰਾਏ ਦਾ ਸਨਮਾਨ ਕੀਤਾ ਗਿਆ। ਇਸ ਤੋਂ ਇਲਾਵਾ ਸਵਰਗੀ ਗੁਰਨਾਮ ਸਿੰਘ ਗਿੱਲ ਨੂੰ ਯਾਦ ਕਰਦਿਆਂ ਉਹਨਾਂ ਦੀਆਂ ਪੰਜਾਬੀ ਬੋਲੀ ਲਈ ਕੀਤੀਆਂ ਸੇਵਾਵਾਂ ਨੂੰ ਯਾਦ ਕਰਦਿਆਂ ਉਹਨਾਂ ਦੇ ਪ੍ਰੀਵਾਰ ਲਈ ਯਾਦਗਰੀ ਚਿੰਨ ਭੇਂਟ ਕੀਤਾ ਗਿਆ। ਸਮਾਗਮ ਦੀ ਸਫ਼ਲਤਾ ਲਈ ਸ਼ਿਵਜੋਤ ਸਿੰਘ ਗਿੱਲ, ਇੰਦਰਦੀਪ ਸਿੰਘ ਗਿੱਲ (ਬਾਵਾ), ਜੈਸਮੀਨ ਕੌਰ, ਗੁਰਨੂਰ ਸਿੰਘ ਗਿੱਲ, ਅਰਜਨ ਸਿੰਘ ਗਿੱਲ, ਜਪਿੰਦਰ ਕੌਰ, ਅੰਮ੍ਰਿਤ ਕੌਰ ਗਿੱਲ, ਰੁਪਿੰਦਰ ਕੌਰ ਗਿੱਲ, ਪੰਮੀ ਚੀਮਾ, ਅਮਰਜੀਤ ਰੰਧਾਵਾ, ਟੀਨਾ ਬਖਸ਼ੀ ਅਤੇ ਮਨਪ੍ਰੀਤ ਦਿਓਲ ਦਾ ਵਿਸ਼ੇਸ਼ ਧੰਨਵਾਦ ਕੀਤਾ। ਇਸ ਮੌਕੇ ਜੱਗੀ ਕੁੱਸਾ ਦੀ ਬੇਟੀ ਸ਼ਿਵਦੀਪ ਕੌਰ ਨੇ ਯਾਦ ਕਰਦਿਆਂ ਸ਼ਰਧਾ ਦੇ ਫੁੱਲ ਭੇਂਟ ਕੀਤੇ। ਪਹਿਲੇ ਭਾਗ ਦੀ ਪ੍ਰਧਾਨਗੀ ਹਰਜੀਤ ਅਟਵਾਲ, ਦਲਬੀਰ ਕੌਰ, ਸ਼ਿਵਦੀਪ ਕੌਰ ਅਤੇ ਡਿਪਟੀ ਮੇਅਰ ਮੁਹੰਮਦ ਸ਼ਕੀਲ ਅਕਰਮ ਨੇ ਅਤੇ ਦੂਸਰੇ ਭਾਗ ਵਿੱਚ ਕਵੀ ਦਰਬਾਰ ਦੀ ਪ੍ਰਧਾਨਗੀ ਕੁਲਵੰਤ ਕੌਰ ਢਿਲੋਂ, ਅਮਨਦੀਪ ਸਿੰਘ ਅਮਨ ਗਲਾਸਗੋ, ਰਾਜਿੰਦਰਜੀਤ ਅਤੇ ਸੁਰਿੰਦਰ ਸੀਹਰਾ ਨੇ ਕੀਤੀ।

ਕਵੀ ਦਰਬਾਰ ਵਿੱਚ ਭਿੰਦਰ ਜਲਾਲਾਬਾਦੀ, ਕੁਲਦੀਪ ਸਿੰਘ ਗਰੇਵਾਲ ਬਰੈਸਟਰ, ਗੁਰਮੇਲ ਸੰਘਾ, ਕਿੱਟੀ ਬੱਲ, ਰਾਜਿੰਦਰਜੀਤ, ਜਸਵਿੰਦਰ ਰੱਤੀਆਂ, ਨਛੱਤਰ ਭੋਗਲ, ਰੁਪਿੰਦਰ ਗਿੱਲ, ਕੁਲਵੰਤ ਕੌਰ ਢਿਲੋਂ, ਗੁਰਨਾਮ ਢਿਲੋਂ, ਸ਼ਗੁਫ਼ਤਾ ਗਿੰਮੀ, ਮਨਜੀਤ ਕੌਰ ਪੱਡਾ, ਜਤਿੰਦਰ ਸਿੰਘ, ਜਤਿੰਦਰ ਪੱਤੜ, ਬੇਅੰਤ ਕੌਰ, ਪ੍ਰਮਿੰਦਰ ਕੌਰ, ਸੁਰਿੰਦਰ ਸੀਹਰਾ, ਕ੍ਰਿਪਾਲ ਪੂਨੀ, ਬੰਟੀ ਉੱਪਲ, ਮਨਪ੍ਰੀਤ ਸਿੰਘ ਬੱਧਨੀ ਕਲਾਂ, ਅਮਨਦੀਪ ਸਿੰਘ ਅਮਨ, ਨਾਹਰ ਸਿੰਘ ਗਿੱਲ, ਅਜ਼ੀਮ ਸ਼ੇਖ਼ਰ, ਕਮਲਪ੍ਰੀਤ ਕੌਰ, ਦਿਲਰਾਜ ਕੌਰ ਅਤੇ ਮਹਿੰਦਰਪਾਲ ਧਾਲੀਵਾਲ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ।

ਇਸ ਮੌਕੇ ਬਲਵਿੰਦਰ ਸਿੰਘ ਗਿੱਲ, ਗੁਰਨਾਮ ਸਿੰਘ ਗਰੇਵਾਲ, ਸੁਖਵਿੰਦਰ ਸਿੰਘ, ਪਰਮ ਸੰਧਾਂਵਾਲੀਆ, ਬਿੱਟੂ ਖੰਗੂੜਾ, ਕੇਸਰ ਸਿੰਘ ਧਾਲੀਵਾਲ, ਕੌਂਸਲਰ ਮਹਿੰਦਰ ਕੌਰ ਮਿੱਡਾ, ਗੁਰਪ੍ਰਤਾਪ ਸਿੰਘ ਢਿਲੋਂ ਆਦਿ ਹਾਜ਼ਰ ਸਨ। ਸਟੇਜ ਦੀ ਕਾਰਵਾਈ ਅਜ਼ੀਮ ਸ਼ੇਖਰ ਅਤੇ ਮਹਿੰਦਰਪਾਲ ਸਿੰਘ ਧਾਲੀਵਾਲ ਨੇ ਨਿਭਾਈ। ਇਸ ਮੌਕੇ ਸ਼ਿਵਚਰਨ ਗਿੱਲ ਦੀ ਕਿਤਾਬ ਅਲਖ ਵੀ ਲੋਕ ਅਰਪਣ ਕੀਤੀ ਗਈ।

# ਯੂ ਕੇ ਵਿੱਚ ਪੰਜਾਬ ਟੀ ਵੀ ਦੇ ਉਦਘਾਟਨੀ ਸਮਾਰੋਹ ਮੌਕੇ ਲੱਗੀਆਂ ਰੌਣਕਾਂ






ਪੰਜਾਬ ਟੀ ਵੀ ਦੇ ਉਦਘਾਟਨੀ ਸਮਾਰੋਹ ਮੌਕੇ ਗੋਲਡਨ ਸਟਾਰ ਮਲਕੀਤ ਸਿੰਘ, ਸੁਰਜੀਤ ਸਿੰਘ ਘੁੰਮਣ, ਡਾ: ਜਗਬੀਰ ਅਤੇ ਹੋਰ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਵਿੱਚ ਪੰਜਾਬੀ ਬੋਲੀ ਅਤੇ ਸਿੱਖ ਧਰਮ ਨੂੰ ਸਮਰਪਿਤ ਮੀਡੀਆ ਦਿਨੋ ਦਿਨੀ ਨਵੀਆਂ ਉਚਾਈਆਂ ਨੂੰ ਛੂਹ ਰਿਹਾ ਹੈ। ਬੀਤੇ 25 ਸਾਲਾਂ ਤੋਂ ਲੰਡਨ ਦੇ ਇਲਾਕੇ ਹੇਜ਼ ਤੋਂ ਚੱਲ ਰਹੇ ਪੰਜਾਬ ਰੇਡੀਓ ਵੱਲੋਂ ਹੁਣ ਪੰਜਾਬ ਟੀ ਵੀ ਦੀ ਸ਼ੁਰੂਆਤ ਕੀਤੀ ਗਈ ਹੈ। ਵਿਸਾਖੀ ਮੌਕੇ ਉਦਘਾਟਨੀ ਸਮਾਰੋਹ ਮੌਕੇ ਡਾ: ਗੁਰਦੀਪ ਸਿੰਘ ਜਗਬੀਰ ਨੇ ਅਰਦਾਸ ਕੀਤੀ ਉਪਰੰਤ ਟੀ ਵੀ ਦੇ ਮੈਨੇਜਿੰਗ ਡਾਇਰੈਕਟਰ ਸੁਰਜੀਤ ਸਿੰਘ ਘੁੰਮਣ ਨੇ ਕਿਹਾ ਕਿ ਪੰਜਾਬ ਟੀ ਵੀ ਨਿਰੋਲ ਪੰਜਾਬੀ ਬੋਲੀ, ਸੱਭਿਆਚਾਰ ਅਤੇ ਵਿਰਸੇ ਅਤੇ ਸਿੱਖੀ ਪ੍ਰਚਾਰ ਅਤੇ ਪ੍ਰਸਾਰ ਨੂੰ ਸਮਰਪਿਤ ਹੋਵੇਗਾ।

ਇਸ ਮੌਕੇ ਉੱਘੇ ਗਾਇਕ ਚੰਨੀ ਸਿੰਘ ਓ ਬੀ ਈ, ਗੋਲਡਨ ਸਟਾਰ ਮਲਕੀਤ ਸਿੰਘ ਐਮ ਬੀ ਈ, ਮੌਂਟੀ ਪਨੇਸਰ, ਸੁਖ਼ਸ਼ਿੰਦਰ ਸ਼ਿੰਦਾ, ਗੁਰਪਾਲ ਉੱਪਲ, ਹਰਭਜਨ ਤਲਵਾਰ, ਪ੍ਰੇਮੀ ਜੌਹਲ, ਬਲਦੇਵ ਔਜਲਾ ਬੁਲਟ, ਕੌਂਸਲਰ ਮਹਿੰਦਰ ਕੌਰ ਮਿੱਡਾ, ਸਤਨਾਮ ਸਿੰਘ, ਕੇ ਬੀ ਢੀਂਡਸਾ, ਕੰਮਾ ਔਜਲਾ, ਸੁਰਿੰਦਰ ਸਿੰਘ ਭਾਊ, ਬਲਜੀਤ ਸਿੰਘ ਗਿੱਲ, ਸੁੱਚਾ ਸਿੰਘ ਥਿੰਦ, ਮਨਜੀਤ ਭੰਵਰਾ, ਨਛੱਤਰ ਕਲਸੀ, ਇਸ਼ਟਮੀਤ ਸਿੰਘ ਫੁੱਲ, ਰਾਜਿੰਦਰ ਕੌਰ, ਸਰਬਜੀਤ ਸਿੰਘ ਵਿਰਕ, ਤਜਿੰਦਰ ਸਿੰਧਰਾ, ਇੰਦਰਜੀਤ ਲੰਡਨ, ਹਰਮਿੰਦਰ ਸਿੰਘ ਬਸਰਾ ਆਦਿ ਨੇ ਸ਼ੁਭ ਕਾਮਨਾਵਾਂ ਦਿੱਤੀਆਂ।

# ਟਰੰਪ ਦੇ ਟੈਰਿਫ ਲਗਾਉਣ ਤੋਂ ਬਾਅਦ ਭਾਰਤ ਯੂ ਕੇ ਵਪਾਰ ਸਮਝੌਤੇ ਦੀ ਗੱਲਬਾਤ 'ਚ ਤੇਜ਼ੀ

## ਯੂ ਕੇ ਦੌਰੇ ਦੌਰਾਨ ਭਾਰਤੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵੱਲੋਂ ਲੰਡਨ 'ਚ ਨਿਵੇਸ਼ਕਾਂ ਨਾਲ ਮੁਲਾਕਾਤ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਡੋਨਾਲਡ ਟਰੰਪ ਦੇ ਲਗਭਗ ਵਿਸ਼ਵਵਿਆਪੀ ਟੈਰਿਫ ਲਗਾਉਣ ਨਾਲ ਪੈਦਾ ਹੋਈ ਵਧਦੀ ਵਿਸ਼ਵਵਿਆਪੀ ਆਰਥਿਕ ਅਸਥਿਰਤਾ ਦੇ ਵਿਚਕਾਰ ਯੂ ਕੇ ਅਤੇ ਭਾਰਤ ਵਪਾਰ ਗੱਲਬਾਤ ਨੂੰ ਤੇਜ਼ ਕਰਦੇ ਹੋਏ ਮੁਕਤ ਵਪਾਰ ਸਮਝੌਤੇ ਨੂੰ ਜਲਦੀ ਨੇਪਰੇ ਚਾੜ੍ਹਨ ਲਈ ਉਤਸੁੱਕ ਹਨ।**

ਭਾਰਤ ਦੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹਾ ਕਿ ਦੁਵੱਲੇ ਵਪਾਰ ਸਮਝੌਤਿਆਂ ਨੂੰ ਸਰਗਰਮੀ ਨਾਲ ਅੱਗੇ ਵਧਾ ਰਹੇ ਹਾਂ। ਯੂ ਕੇ ਦੀ ਖਜ਼ਾਨਾ ਮੰਤਰੀ ਰੇਚਲ ਰੀਵਜ਼ ਨਾਲ ਗੱਲਬਾਤ ਤੋਂ ਪਹਿਲਾਂ ਬੋਲਦੇ ਹੋਏ, ਸ਼੍ਰੀਮਤੀ ਸੀਤਾਰਮਨ ਨੇ ਕਿਹਾ ਕਿ ਬਦਲਦੇ ਭੂ-ਰਾਜਨੀਤਿਕ ਵਾਤਾਵਰਣ ਨੇ ਦੇਸ਼ਾਂ ਨੂੰ ਸਿੱਧੇ ਵਪਾਰਕ ਸਬੰਧਾਂ ਨੂੰ ਤਰਜੀਹ ਦੇਣ ਦੀ ਜ਼ਰੂਰਤ ਨੂੰ ਰੇਖਾਂਕਿਤ ਕੀਤਾ ਹੈ।

ਸ਼੍ਰੀਮਤੀ ਸੀਤਾਰਮਨ ਨੇ ਲੰਡਨ ਵਿੱਚ ਭਾਰਤੀ ਹਾਈ ਕਮਿਸ਼ਨ ਵਿੱਚ ਇੱਕ ਸਮਾਗਮ ਦੌਰਾਨ ਕਿਹਾ ਕਿ ਟਰੰਪ ਨੇ ਜੋ 2 ਅਪ੍ਰੈਲ ਨੂੰ ਵਿਦੇਸ਼ੀ ਵਸਤੂਆਂ 'ਤੇ ਆਯਾਤ ਡਿਊਟੀਆਂ ਦੇ ਇੱਕ ਨਵੇਂ ਸੈੱਟ ਦਾ ਐਲਾਨ ਕੀਤਾ, ਜਿਸ ਨੇ ਬ੍ਰਿਟਿਸ਼ ਅਤੇ ਭਾਰਤੀ ਨਿਰਯਾਤ ਦੋਵਾਂ ਨੂੰ ਪ੍ਰਭਾਵਿਤ ਕੀਤਾ ਹੈ। "ਸਾਨੂੰ ਉਮੀਦ ਹੈ ਕਿ ਨਵੀਂ ਸਰਕਾਰ ਵੱਲੋਂ ਇਸ ਸਮਝੌਤੇ 'ਤੇ ਦਸਤਖਤ ਕਰਨ ਲਈ ਬਹੁਤ ਵਚਨਬੱਧਤਾ ਅਤੇ ਉਤਸ਼ਾਹ ਦਿਖਾਉਣ ਦੇ ਨਾਲ, ਅਸੀਂ ਇਸ 'ਤੇ ਜਲਦੀ ਤੋਂ ਜਲਦੀ ਦਸਤਖਤ ਕਰਨ ਦੀ ਸਥਿਤੀ ਵਿੱਚ ਹੋਵਾਂਗੇ,"।

"ਭਾਰਤ ਵੀ ਕਈ ਦੁਵੱਲੇ ਪ੍ਰਬੰਧਾਂ 'ਤੇ ਵਿਚਾਰ ਕਰ ਰਿਹਾ ਹੈ। ਹਾਲ ਹੀ ਵਿੱਚ, ਅਸੀਂ ਆਸਟ੍ਰੇਲੀਆ, ਯੂਏਈ, ਓਮਾਨ ਨਾਲ ਸਮਝੌਤੇ ਕੀਤੇ ਹਨ, ਅਤੇ ਅਸੀਂ ਯੂ ਕੇ ਨਾਲ ਦੁਵੱਲੇ ਵਪਾਰ ਸਮਝੌਤੇ ਨੂੰ ਪੂਰਾ ਕਰਨ, ਯੂਰਪੀਅਨ ਯੂਨੀਅਨ ਨਾਲ ਵੀ ਗੱਲਬਾਤ ਕਰਨ ਦੀ ਉਮੀਦ ਕਰ ਰਹੇ ਹਾਂ।"

ਭਾਰਤ ਅਤੇ ਯੂ ਕੇ ਜਨਵਰੀ 2022 ਤੋਂ ਇੱਕ ਮੁਕਤ ਵਪਾਰ ਸਮਝੌਤੇ 'ਤੇ ਗੱਲਬਾਤ ਕਰ ਰਹੇ ਹਨ। ਨਵੀਂ ਲੇਬਰ ਸਰਕਾਰ ਦੇ ਅਧੀਨ ਪਿਛਲੇ ਮਹੀਨੇ ਗੱਲਬਾਤ ਦੁਬਾਰਾ ਸ਼ੁਰੂ ਕੀਤੀ ਗਈ ਸੀ। ਯੂ ਕੇ ਦੀ ਖਜ਼ਾਨਾ ਮੰਤਰੀ ਰੇਚਲ ਰੀਵਜ਼ ਇਸ ਹਫ਼ਤੇ 13ਵੇਂ ਯੂ ਕੇ-ਭਾਰਤ ਆਰਥਿਕ ਅਤੇ ਵਿੱਤੀ ਸੰਵਾਦ ਦੇ ਹਿੱਸੇ ਵਜੋਂ ਭਾਰਤੀ ਵਿੱਤ ਮੰਤਰੀ ਦੀ ਮੇਜ਼ਬਾਨੀ ਕਰ ਰਹੀ ਹੈ। ਗੱਲਬਾਤ ਵਿੱਚ ਯੂ ਕੇ ਦੇ ਵਪਾਰ ਮੰਤਰੀ ਜੋਨਾਥਨ ਰੇਨੋਲਡਸ ਵੀ ਸ਼ਾਮਲ ਹੋਣਗੇ, ਜਿਨ੍ਹਾਂ ਨੇ ਮਾਰਚ ਵਿੱਚ ਵਪਾਰਕ ਵਿਚਾਰ-ਵਟਾਂਦਰੇ ਨੂੰ ਰਸਮੀ ਤੌਰ 'ਤੇ ਮੁੜ ਸ਼ੁਰੂ ਕਰਨ ਲਈ ਭਾਰਤ ਦਾ ਦੌਰਾ ਕੀਤਾ ਸੀ। ਇਸ ਤੋਂ ਇਲਾਵਾ ਵਿੱਤ ਮੰਤਰੀ ਨੇ ਲੰਡਨ ਵਿੱਚ 60 ਦੇ ਕਰੀਬ ਨਿਵੇਸ਼ਕਾਂ ਨੇ ਵੀ ਮੁਲਾਕਾਤ ਕੀਤੀ ਹੈ, ਜਿਸ ਵਿੱਚ ਭਾਰਤ ਵਿੱਚ ਵਪਾਰਕ ਮੌਕਿਆਂ, ਸਰਕਾਰ ਦੀਆਂ ਤਰਜੀਹਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਦੱਸਿਆ ਕਿ ਮਾਰਚ 2025 ਤੱਕ, ਬੈਂਕਾਂ, ਪੂੰਜੀ ਬਾਜ਼ਾਰਾਂ, ਬੀਮਾ, ਫਿਨਟੈਕ, ਜਹਾਜ਼ ਲੀਜ਼ਿੰਗ, ਸਰਾਫਾ ਐਕਸਚੇਂਜ ਸਮੇਤ ਹੋਰਾਂ ਵਿੱਚ 800 ਤੋਂ ਵੱਧ ਸੰਸਥਾਵਾਂ ਆਈ ਐਫ ਐਸ ਸੀ ਏ ਨਾਲ ਰਜਿਸਟਰਡ ਹੋ ਚੁੱਕੀਆਂ ਹਨ।

**ਨੋਟ: ਇਹ ਤਸਵੀਰਾਂ ਵਿੱਤ ਮੰਤਰੀ ਦੇ ਸ਼ੋਸ਼ਲ ਮੀਡੀਆ ਤੋਂ ਪ੍ਰਾਪਤ ਕੀਤੀਆਂ ਗਈਆਂ ਹਨ।**




ਲੰਡਨ ਵਿਖੇ ਭਾਰਤੀ ਹਾਈਕਮਿਸ਼ਨ ਵਿਖੇ ਸਮਾਗਮ ਨੂੰ ਸੰਬੋਧਨ ਕਰਨ ਮੌਕੇ ਭਾਰਤੀ ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਅਤੇ ਨਿਵੇਸ਼ਕਾਂ ਨਾਲ ਗੱਲਬਾਤ ਕਰਨ ਮੌਕੇ

## ਅਮਰੀਕਾ ਵਿੱਚ 30 ਦਿਨ ਤੋਂ ਵੱਧ ਰਹਿਣ ਤੇ ਰਜਿਸਟਰੇਸ਼ਨ ਜ਼ਰੂਰੀ

**ਵਾਸ਼ਿੰਗਟਨ- ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਦੇਸ਼ ਵਿੱਚ ਗੈਰਕਾਨੂੰਨੀ ਢੰਗ ਨਾਲ ਰਹਿ ਰਹੇ ਲੋਕਾਂ ਤੇ ਸਖਤੀ ਕਰ ਦਿੱਤੀ ਹੈ। ਅਮਰੀਕਾ ਸਰਕਾਰ ਨੇ ਦੇਸ਼ ਵਿਚ ਰਹਿ ਰਹੇ ਵਿਦੇਸ਼ੀ ਨਾਗਰਿਕਾਂ ਨੂੰ ਅਲਟੀਮੇਟਮ ਦਿੰਦਿਆਂ ਕਿਹਾ ਹੈ ਕਿ ਜੇ ਉਨ੍ਹਾਂ ਨੇ ਅਮਰੀਕਾ ਵਿਚ ਤੀਹ ਦਿਨ ਤੋਂ ਜ਼ਿਆਦਾ ਰਹਿਣਾ ਹੈ ਤਾਂ ਉਹ ਰਜਿਸਟਰੇਸ਼ਨ ਕਰਵਾ ਲੈਣ, ਨਹੀਂ ਤਾਂ ਉਨ੍ਹਾਂ ਨੂੰ ਜੇਲ੍ਹ ਤੇ ਜੁਰਮਾਨਾ ਦੋਵੇਂ ਹੋਣਗੇ।ਯੂਐਸ ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਉਰਿਟੀ (ਡੀਐਚਐਸ) ਨੇ ਸਵੈ-ਡਿਪੋਰਟੇਸ਼ਨ ਦੀ ਜ਼ਰੂਰਤ ਤੇ ਜ਼ੋਰ ਦਿੰਦਿਆਂ ਵਿਦੇਸ਼ੀ ਨਾਗਰਿਕਾਂ ਨੂੰ 30 ਦਿਨਾਂ ਦੇ ਅੰਦਰ ਆਪਣੇ ਆਪ ਨੂੰ ਸਰਕਾਰ ਕੋਲ ਰਜਿਸਟਰ ਕਰਨ ਜਾਂ ਜੁਰਮਾਨੇ ਜਾਂ ਕੈਦ ਦਾ ਸਾਹਮਣਾ ਕਰਨ ਲਈ ਕਿਹਾ ਹੈ। ਡੋਨਲਡ ਟਰੰਪ ਪ੍ਰਸ਼ਾਸਨ ਨੇ ਕਿਹਾ ਹੈ ਕਿ ਜੋ ਵਿਦੇਸ਼ੀ ਨਾਗਰਿਕ ਅਮਰੀਕਾ ਵਿਚ 30 ਦਿਨਾਂ ਤੋਂ ਵੱਧ ਸਮੇਂ ਤੋਂ ਰਹਿ ਰਹੇ ਹਨ, ਉਨ੍ਹਾਂ ਨੂੰ ਸਰਕਾਰ ਕੋਲ ਰਜਿਸਟਰ ਹੋਣਾ ਚਾਹੀਦਾ ਹੈ ਅਤੇ ਅਜਿਹਾ ਨਾ ਕਰਨ ਤੇ ਜੁਰਮਾਨਾ ਅਤੇ ਕੈਦ ਹੋ ਸਕਦੀ ਹੈ।**

# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

**ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।**

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

## ਆਓ ਲਿਖੇ ਹੋਏ ਅੱਖਰਾਂ ਨੂੰ ਪਹਿਚਾਣੀਏ ਤੇ ਲਿਖਣਾ ਸਿਖੀਏ...



Quiz 1

Circle the letter if they are not correctly written.

ਸ ੳ ਙ ਙ ਚ

Arrange the following letters in order

ਘ ਖ ਕ ਙ ਗ

What comes after the letter :

ਅ

ਖ

ਹ


ਜ

ਚ

How many letters are in Punjabi Alphabet?

ਸਿੱਖਿਆ - ਗੁਰਮੁਖੀ Page 13 Level I

**ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।**




**ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ**

PANJAB TIMES, BRIDLE GATE LANE, ALVASTON, DERBY, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

# ਖਾਲਿਸਤਾਨ ਜਲਾਵਤਨ ਸਰਕਾਰ ਵੱਲੋਂ ਭਾਈ ਮਹਿਲ ਸਿੰਘ ਬੱਬਰ ਦੇ ਅਕਾਲ ਚਲਾਣੇ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ
# ਭਾਈ ਮਹਿਲ ਸਿੰਘ ਦੀਆਂ ਪੰਥਕ ਸੇਵਾਵਾਂ ਨੂੰ ਹਮੇਸ਼ਾਂ ਯਾਦ ਰੱਖਿਆ ਜਾਵੇਗਾ



ਜਥੇਦਾਰ ਬਲਬੀਰ ਸਿੰਘ, ਜਥੇਦਾਰ ਗੁਰਮੇਜ ਸਿੰਘ ਗਿੱਲ, ਭਾਈ ਸੁਬੇਗ ਸਿੰਘ, ਜਥੇਦਾਰ ਸਤਨਾਮ ਸਿੰਘ ਬੱਬਰ ਅਤੇ ਭਾਈ ਰੇਸ਼ਮ ਸਿੰਘ ਬੱਬਰ

ਬਰਮਿੰਘਮ - ਬੱਬਰ ਖਾਲਸਾ ਦੇ ਡਿਪਟੀ ਮੁਖੀ ਅਤੇ ਪੰਥ ਦੀ ਚੜ੍ਹਦੀ ਕਲਾ ਤੇ ਅਜ਼ਾਦੀ ਲਈ ਲੰਮਾ ਸਮਾਂ ਸੇਵਾ ਕਰਨ ਵਾਲੇ ਭਾਈ ਮਹਿਲ ਸਿੰਘ ਬੱਬਰ ਦੇ ਅਕਾਲ ਚਲਾਣੇ 'ਤੇ ਖਾਲਿਸਤਾਨ ਜਲਾਵਤਨ ਸਰਕਾਰ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਭਾਈ ਮਹਿਲ ਸਿੰਘ ਬੱਬਰ ਚਾਲੀ ਸਾਲਾਂ ਤੋਂ ਵੀ ਵੱਧ ਸਮੇਂ ਤੋਂ ਜਲਾਵਤਨੀ ਕੱਟਦੇ ਹੋਏ ਬੀਤੇ ਦਿਨੀਂ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ, ਖਾਲਿਸਤਾਨ ਜਲਾਵਤਨ ਸਰਕਾਰ ਵੱਲੋਂ ਉਹਨਾਂ ਨੂੰ ਖਾਲਿਸਤਾਨ ਦੇ ਅਜ਼ਾਦੀ ਸੰਘਰਸ਼ ਦਾ ਅਨਜੋੜ ਯੋਧਾ ਐਲਾਨ ਕੀਤਾ ਜਾਂਦਾ ਹੈ।

ਉਪਰੋਕਤ ਵਿਚਾਰ ਪ੍ਰਗਟ ਕਰਦਿਆਂ ਖਾਲਿਸਤਾਨ ਜਲਾਵਤਨ ਸਰਕਾਰ ਦੇ ਪ੍ਰਧਾਨ ਮੰਤਰੀ ਜਥੇਦਾਰ ਗੁਰਮੇਜ ਸਿੰਘ ਗਿੱਲ ਯੂ ਕੇ, ਜਥੇਦਾਰ ਬਲਬੀਰ ਸਿੰਘ ਯੂ ਕੇ, ਜਥੇਦਾਰ ਸੁਬੇਗ ਸਿੰਘ ਡੈਨਮਾਰਕ, ਜਥੇਦਾਰ ਸਤਨਾਮ ਸਿੰਘ ਬੱਬਰ ਅਤੇ ਜਥੇਦਾਰ ਰੇਸ਼ਮ ਸਿੰਘ ਬੱਬਰ ਜਰਮਨੀ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਅਜ਼ਾਦ ਖਾਲਸਾ ਰਾਜ ਦੀ ਪ੍ਰਾਪਤੀ ਲਈ ਭਾਈ ਮਹਿਲ ਸਿੰਘ ਬੱਬਰ ਨੇ ਆਪਣਾ ਸਾਰਾ ਜੀਵਨ ਅਰਪਿਤ ਕਰ ਦਿੱਤਾ। ਜਲਾਵਤਨੀ ਯੋਧੇ ਭਾਈ ਮਹਿਲ ਸਿੰਘ ਨੇ ਦਿੱਲੀ ਦਰਬਾਰ ਨਾਲ ਟੱਕਰ ਵਿੱਚ ਕਦੇ ਵੀ ਢਿੱਲ ਨਹੀਂ ਦਿਖਾਈ। ਭਾਈ ਸਾਹਿਬ ਜਿੱਥੇ ਇਕ ਚੰਗੇ ਨੀਤੀਵੇਤਾ ਸਨ, ਉਥੇ ਉਹ ਇੱਕ ਇੰਜਨੀਅਰ ਹੋਣ ਕਰਕੇ ਸੰਘਰਸ਼ ਵਿੱਚ ਉਹਨਾਂ ਦਾ ਵਡਮੁੱਲਾ ਯੋਗਦਾਨ ਰਿਹਾ ਹੈ। ਨਕਲੀ ਨਿਰੰਕਾਰੀਆਂ ਵਿਰੁੱਧ ਸੰਘਰਸ਼ ਨੂੰ ਇੱਕ ਲਹਿਰ ਬਨਾਉਣ ਵਿੱਚ ਉਹਨਾਂ ਦੀ ਬੜੀ ਭੂਮਿਕਾ ਰਹੀ ਹੈ।

ਉਕਤ ਆਗੂਆਂ ਨੇ ਕਿਹਾ ਇਹ ਵੀ ਯਾਦ ਰੱਖਣਯੋਗ ਹੈ ਕਿ ਭਾਈ ਮਹਿਲ ਸਿੰਘ ਬੱਬਰ ਆਪਣੇ ਪਰਿਵਾਰ ਤੋਂ ਲੰਮਾ ਸਮਾਂ ਦੂਰ ਰਹੇ ਪਰ ਉਹ ਆਪਣੇ ਆਪ ਨੂੰ ਗੁਰੂ ਚਰਨਾਂ ਦੇ ਬਹੁਤ ਨੇੜੇ ਰੱਖਦੇ ਸਨ।

ਪਾਕਿਸਤਾਨ ਵਿੱਚ ਸਿੱਖ ਗੁਰੂ ਸਾਹਿਬਾਨ ਦੀ ਯਾਦ ਵਿੱਚ ਸਥਾਪਿਤ ਗੁਰ ਅਸਥਾਨਾਂ ਦੀ ਕਾਰ ਸੇਵਾ ਕਰਵਾਉਣ ਵਿੱਚ ਉਹਨਾਂ ਦਾ ਬੜਾ ਮਹੱਤਵਪੂਰਨ ਸਥਾਨ ਰਿਹਾ ਹੈ। ਸਰਕਾਰ ਵੱਲੋਂ ਉਹਨਾਂ ਨੂੰ ਖਾਲਿਸਤਾਨ ਦੀ ਅਜ਼ਾਦੀ ਦਾ ਯੋਧਾ ਕਰਾਰ ਦਿੱਤਾ ਜਾਂਦਾ ਹੈ ਤੇ ਉਹਨਾਂ ਦੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਖਾਲਿਸਤਾਨ ਜਲਾਵਤਨ ਸਰਕਾਰ ਵੱਲੋਂ ਵਾਹਿਗੁਰੂ ਅੱਗੇ ਅਰਦਾਸ ਹੈ ਕਿ ਉਹਨਾਂ ਦੀ ਰੂਹ ਨੂੰ ਚਰਨਾਂ ਵਿੱਚ ਨਿਵਾਸ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ਣ।

# ਯੂ ਕੇ ਵੱਲੋਂ ਭਾਰਤੀ ਮੂਲ ਦੇ ਧੋਖੇਬਾਜ਼ ਦੀਆਂ ਅਪਰਾਧਿਕ ਜਾਇਦਾਦਾਂ ਦਾ ਪਤਾ ਲਗਾਉਣ ਲਈ ਇੰਟਰਪੋਲ ਸਿਲਵਰ ਨੋਟਿਸ ਜਾਰੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਦੀ ਰਾਸ਼ਟਰੀ ਅਪਰਾਧ ਏਜੰਸੀ ਨੇ ਸ਼ੁੱਕਰਵਾਰ ਨੂੰ ਇੱਕ ਦੋਸ਼ੀ ਭਾਰਤੀ ਮੂਲ ਦੇ ਧੋਖੇਬਾਜ਼ ਦੀ ਅਪਰਾਧਿਕ ਜਾਇਦਾਦ ਦਾ ਪਤਾ ਲਗਾਉਣ ਅਤੇ ਰਿਕਵਰੀ ਕਰਨ ਵਿੱਚ ਮਦਦ ਕਰਨ ਲਈ ਆਪਣਾ ਪਹਿਲਾ "ਇੰਟਰਪੋਲ ਸਿਲਵਰ ਨੋਟਿਸ" ਜਾਰੀ ਕੀਤਾ, ਜਿਸ ਬਾਰੇ ਮੰਨਿਆ ਜਾਂਦਾ ਹੈ ਕਿ ਉਸਨੇ ਗੈਰ-ਕਾਨੂੰਨੀ ਤੌਰ 'ਤੇ 8.5 ਮਿਲੀਅਨ ਪੌਂਡ ਕਮਾਏ ਹਨ।

ਅਨੋਪ ਕੁਮਾਰ ਮੌਧੂ, ਜਿਸ ਬਾਰੇ ਕਿਹਾ ਜਾਂਦਾ ਹੈ ਕਿ ਉਸਨੇ ਕਈ ਉਪਨਾਮ ਵਰਤੇ ਹਨ, ਉਸ ਦੀਆਂ ਜਾਇਦਾਦਾਂ, ਵਾਹਨਾਂ, ਵਿੱਤੀ ਖਾਤਿਆਂ ਅਤੇ ਕਾਰੋਬਾਰਾਂ ਵਰਗੀਆਂ ਹੋਰ ਜਾਇਦਾਦਾਂ ਦਾ ਪਤਾ ਲਗਾਉਣ, ਪਛਾਣ ਕਰਨ ਅਤੇ ਜਾਣਕਾਰੀ ਪ੍ਰਾਪਤ ਕੀਤੀ ਜਾਵੇਗੀ।

ਲੰਡਨ ਤੋਂ ਮੌਧੂ, ਨੂੰ ਪਿਛਲੇ ਮਹੀਨੇ ਇੱਕ ਵੱਡੇ ਪੱਧਰ 'ਤੇ ਕਨਵੈਨੈਂਸਿੰਗ ਧੋਖਾਧੜੀ ਕਰਨ ਤੋਂ ਬਾਅਦ ਦੋਸ਼ੀ ਠਹਿਰਾਇਆ ਗਿਆ ਸੀ ਜਿਸਨੇ ਕਥਿਤ ਤੌਰ 'ਤੇ ਮੁੜ-ਕਬਜ਼ਾ ਕੀਤੀਆਂ ਜਾਇਦਾਦਾਂ ਜਾਂ ਜ਼ਮੀਨ ਦੇ ਪਲਾਟਾਂ ਦੇ ਮੁੜ ਵਿਕਾਸ ਵਿੱਚ ਨਿਵੇਸ਼ ਦੇ ਮੌਕੇ ਪੇਸ਼ ਕੀਤੇ ਸਨ।

## ਪੰਜਾਬ ਕੈਬਨਿਟ ਨੇ ਪ੍ਰੋਫੈਸਰਾਂ ਦੀ ਸੇਵਾ ਮੁਕਤੀ ਹੱਦ ਵਧਾਈ

ਚੰਡੀਗੜ੍ਹ,- ਪੰਜਾਬ ਕੈਬਨਿਟ ਨੇ ਮੈਡੀਕਲ ਕਾਲਜਾਂ ਦੇ ਪ੍ਰੋਫੈਸਰਾਂ ਦੀ ਸੇਵਾ ਮੁਕਤੀ ਦੀ ਉਮਰ ਹੁਣ 62 ਸਾਲ ਤੋਂ ਵਧਾ ਕੇ 65 ਸਾਲ ਕਰ ਦਿੱਤੀ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਫ਼ਰਸਤੋਚ ਅੱਜ ਹੋਏ ਇਸ ਫੈਸਲੇ ਦਾ ਕਰੀਬ 48 ਪ੍ਰੋਫੈਸਰਾਂ ਨੂੰ ਫਾਇਦਾ ਹੋਵੇਗਾ, ਜੋ ਆਉਦੇ ਦਿਨਾਂ ਵਿੱਚ ਸੇਵਾ ਮੁਕਤ ਹੋਣੇ ਹਨ। ਇਸ ਦੌਰਾਨ ਪੰਜਾਬ ਕੈਬਨਿਟ ਨੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਲਈ ਰਾਖਵੀਆਂ ਏਜੀ ਦਫ਼ਤਰ ਵਿੱਚ 25 ਫੀਸਦ ਸੀਟਾਂ ਨੂੰ ਭਰਨ ਦਾ ਫੈਸਲਾ ਲਿਆ ਹੈ।


ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

**ਕਿੰਗਜ਼ਵੇਅ ਬੈਂਕਿਊਟਿੰਗ ਸੁਈਟ**


ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ



ਸਵ: ਸ੍ਰ. ਉਮਰਾਓ ਅਟਵਾਲ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

**KINGSWAY BANQUETING SUITE**

270-272 BATH ROAD, HOUNSLOW, MIDDLESEX, TW4 7DF.

*(OPP. HOUNSLOW WEST TUBE STATION)*

TEL: 020 8570 8351

*Email:* Kingswaylondon@icloud.com, *www.kingswaybanqueting.com*



**VACANCIES**

**JSR CONTRACTS LTD.**

ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

**Carpenters required at various sites in Manchester**

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing wood-work and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

**Person must have CSCS, Asbestos Awareness and Manual Handling**
*** Overseas candidates must do UK construction industry standard qualifications on arrival and before joining the job.**

**Contact Mr. Randhawa via email below:**
**Email: jsrcontractslimited@gmail.com**

# ਯੂ ਕੇ-ਭਾਰਤ ਵਪਾਰ ਸਮਝੌਤੇ 'ਤੇ 90 ਪ੍ਰਤੀਸ਼ਤ ਹੋਈ ਸਹਿਮਤੀ 400 ਮਿਲੀਅਨ ਪੌਂਡ ਦੇ ਕਾਰੋਬਾਰ ਦੇ ਸਮਝੌਤੇ ਤੇ ਹਸਤਾਖ਼ਰ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਰਤ ਨਾਲ ਯੂ ਕੇ ਦੇ ਵਪਾਰ ਸਮਝੌਤੇ 'ਤੇ ਕਥਿਤ ਤੌਰ 'ਤੇ 90 ਪ੍ਰਤੀਸ਼ਤ ਸਹਿਮਤੀ ਹੋ ਚੁੱਕੀ ਹੈ। ਸਥਾਨਿਕ ਅਖਬਾਰ ਗਾਰੀਅਨ ਅਨੁਸਾਰ ਇਸ ਹਫ਼ਤੇ ਕੰਪਨੀਆਂ ਨੂੰ ਸੂਚਿਤ ਕੀਤਾ ਗਿਆ ਸੀ ਕਿ ਕਾਰਾਂ, ਫਾਰਮਾਸਿਊਟੀਕਲ ਦਵਾਈਆਂ ਅਤੇ ਸਕਾਚ ਵਿਸਕੀ ਵਪਾਰ ਲਈ ਭਾਰਤ ਇਸ ਸਮੇਂ ਸਭ ਤੋਂ ਵੱਡਾ ਵਿਦੇਸ਼ੀ ਬਾਜ਼ਾਰ ਹੈ।**



ਭਾਰਤੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਅਤੇ ਬਰਤਾਨਵੀ ਖਜ਼ਾਨਾ ਮੰਤਰੀ ਰੇਚਲ ਰੀਵਜ਼ ਸਮਝੌਤੇ ਤੇ ਦਸਖ਼ਤ ਕਰਨ ਮੌਕੇ ਅਤੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨਾਲ ਗੱਲਬਾਤ ਕਰਨ ਮੌਕੇ

ਸਰਕਾਰੀ ਸਰੋਤਾਂ ਅਨੁਸਾਰ ਭਾਰਤੀ ਕਾਮਿਆਂ ਲਈ ਗਤੀਸ਼ੀਲਤਾ ਅਤੇ ਵੀਜ਼ਾ ਦੇ ਮੁੱਖ ਮੁੱਦਿਆਂ ਨੂੰ ਹੱਲ ਕਰ ਲੈਣ ਦੇ ਸੰਕੇਤ ਮਿਲੇ ਹਨ। ਜਨਵਰੀ 2022 ਵਿੱਚ ਇਹ ਗੱਲਬਾਤ ਸ਼ੁਰੂ ਹੋਈ ਸੀ। ਹੁਣ ਉਮੀਦ ਕੀਤੀ ਜਾ ਰਹੀ ਹੈ ਕਿ ਯੂ ਕੇ ਭਾਰਤ ਨਾਲ ਲੰਬੇ ਸਮੇਂ ਤੋਂ ਉਡੀਕਿਆ ਜਾ ਰਿਹਾ ਮੁਕਤ ਵਪਾਰ ਸਮਝੌਤਾ ਸੁਰੱਖਿਅਤ ਕਰ ਲਵੇਗਾ।

ਇਸ ਸੌਦੇ ਨੂੰ ਯੂ ਕੇ ਦੀਆਂ ਫਰਮਾਂ ਲਈ ਏਸ਼ੀਆਈ ਦੇਸ਼ ਦੇ ਵਧ ਰਹੇ ਮੱਧ ਵਰਗ ਅਤੇ 1.4 ਬਿਲੀਅਨ ਆਬਾਦੀ ਨਾਲ ਵਪਾਰ ਕਰਨ ਲਈ ਬ੍ਰੈਗਜ਼ਿਟ ਤੋਂ ਬਾਅਦ ਵਧੇਰੇ ਲਾਭ ਵਜੋਂ ਦੇਖਿਆ ਜਾ ਰਿਹਾ ਹੈ।

ਬਰਤਾਨੀਆਂ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ, ਖਜ਼ਾਨਾ ਮੰਤਰੀ ਰੇਚਲ ਰੀਵਜ਼ ਅਤੇ ਭਾਰਤੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਲੰਡਨ ਵਿੱਚ ਮੁਲਾਕਾਤ ਕੀਤੀ ਅਤੇ 13ਵੇਂ ਯੂ ਕੇ-ਭਾਰਤ ਆਰਥਿਕ ਅਤੇ ਵਿੱਤੀ ਸੰਵਾਦ ਦੇ ਹਿੱਸੇ ਵਜੋਂ ਭਾਰਤ ਨਾਲ 128 ਮਿਲੀਅਨ ਪੌਂਡ ਦੇ ਨਵੇਂ ਨਿਰਯਾਤ ਸੌਦੇ ਅਤੇ ਨਿਵੇਸ਼ 'ਤੇ ਸਹਿਮਤੀ ਜਤਾਈ।

ਉਨ੍ਹਾਂ ਨੇ ਇੱਕ ਪੈਕੇਜ ਲਈ ਇੱਕ ਸਮਝੌਤੇ 'ਤੇ ਦਸਤਖਤ ਕੀਤੇ ਜਿਸ ਵਿੱਚ ਨਵੇਂ ਸੌਦੇ ਦੇ ਨਾਲ-ਨਾਲ 271 ਮਿਲੀਅਨ ਪੌਂਡ ਦੇ ਹਾਲੀਆ ਸੌਦੇ ਸ਼ਾਮਲ ਹਨ, ਜਿਵੇਂ ਕਿ ਭਾਰਤ ਦੀ ਸਭ ਤੋਂ ਵੱਡੀ ਡਿਜੀਟਲ ਭੁਗਤਾਨ ਐਪ, ਪੇਅਟਮ, ਲਈ ਯੂ ਕੇ ਵਿੱਚ ਨਿਵੇਸ਼ ਕਰਨ ਦੀਆਂ ਯੋਜਨਾਵਾਂ ਅਤੇ ਐਚ ਐਸ ਬੀ ਸੀ ਬੈਂਕ ਦੀਆਂ ਮੌਜੂਦਾ 14 ਸ਼ਾਖਾਵਾਂ ਤੋਂ ਵਧਾ ਕੇ ਭਾਰਤ ਦੇ 34 ਸ਼ਹਿਰਾਂ ਵਿੱਚ ਕਰਨ ਦੀਆਂ ਯੋਜਨਾਵਾਂ ਸ਼ਾਮਿਲ ਹਨ।

ਰੀਵਜ਼ ਨੇ ਕਿਹਾ: "ਅਸੀਂ ਬ੍ਰਿਟਿਸ਼ ਕਾਰੋਬਾਰਾਂ ਦੀ ਗੱਲ ਸੁਣੀ ਹੈ, ਇਸੇ ਕਰਕੇ ਅਸੀਂ ਭਾਰਤ ਸਮੇਤ ਦੁਨੀਆ ਭਰ ਦੇ ਦੇਸ਼ਾਂ ਨਾਲ ਵਪਾਰਕ ਸੌਦਿਆਂ 'ਤੇ ਗੱਲਬਾਤ ਕਰ ਰਹੇ ਹਾਂ, ਤਾਂ ਜੋ ਅਸੀਂ ਉਨ੍ਹਾਂ ਦਾ ਸਮਰਥਨ ਕਰ ਸਕੀਏ ਅਤੇ ਲੋਕਾਂ ਦੀਆਂ ਜੇਬਾਂ ਵਿੱਚ ਹੋਰ ਪੈਸਾ ਪਾ ਸਕੀਏ। "ਭਾਰਤ ਨਾਲ ਸਾਡਾ ਰਿਸ਼ਤਾ ਲੰਬੇ ਸਮੇਂ ਤੋਂ ਚੱਲ ਰਿਹਾ ਹੈ ਅਤੇ ਵਿਆਪਕ ਹੈ ਅਤੇ ਮੈਂ ਇਸ ਗੱਲਬਾਤ ਦੌਰਾਨ ਇਸ ਨੂੰ ਹੋਰ ਵਿਕਸਤ ਕਰਨ ਲਈ ਹੋਈ ਪ੍ਰਗਤੀ ਤੋਂ ਖੁਸ਼ ਹਾਂ।"

ਵਪਾਰ ਮੰਤਰੀ ਜੋਨਾਥਨ ਰੇਨੋਲਡਜ਼ ਨੇ ਕਿਹਾ: "ਮੈਨੂੰ ਭਾਰਤੀ ਵਿੱਤ ਮੰਤਰੀ ਸੀਤਾਰਮਨ ਨਾਲ ਮਿਲ ਕੇ, ਕਾਰੋਬਾਰਾਂ ਤੋਂ ਸੁਣ ਕੇ ਅਤੇ ਇਸ ਬਾਰੇ ਚਰਚਾ ਕਰਕੇ ਖੁਸ਼ੀ ਹੋਈ ਕਿ ਅਸੀਂ ਆਪਣੇ ਦੋਵਾਂ ਦੇਸ਼ਾਂ ਵਿਚਕਾਰ ਮਜ਼ਬੂਤ ਆਰਥਿਕ ਸਬੰਧਾਂ ਨੂੰ ਕਿਵੇਂ ਮਜ਼ਬੂਤ ਕਰ ਸਕਦੇ ਹਾਂ।

"ਯੂ ਕੇ ਅਤੇ ਭਾਰਤ ਦੋਵੇਂ ਆਰਥਿਕ ਵਿਕਾਸ ਪ੍ਰਦਾਨ ਕਰਨ ਅਤੇ ਕਾਰੋਬਾਰਾਂ ਨੂੰ ਵਿਸਤਾਰ ਕਰਨ ਲਈ ਲੋੜੀਂਦੇ ਵਿਸ਼ਵਾਸ ਅਤੇ ਸਥਿਰਤਾ ਦੇਣ ਲਈ ਵਚਨਬੱਧ ਹਨ।"

ਯੂ ਕੇ ਅਤੇ ਭਾਰਤ ਦੇ ਵਿੱਤੀ ਖੇਤਰ ਕੰਪਨੀਆਂ ਨੂੰ ਲੰਡਨ ਸਟਾਕ ਐਕਸਚੇਂਜ ਅਤੇ ਭਾਰਤ ਦੇ ਨੈਸ਼ਨਲ ਸਟਾਕ ਐਕਸਚੇਂਜ ਜਾਂ ਬੰਬੇ ਸਟਾਕ ਐਕਸਚੇਂਜ ਦੋਵਾਂ 'ਤੇ ਸ਼ੇਅਰ ਸੂਚੀਬੱਧ ਕਰਨ ਦੀ ਇਜਾਜ਼ਤ ਦੇ ਕੇ ਨਿਵੇਸ਼ ਨੂੰ ਵਧਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

## ਸਾਬਕਾ ਟੋਰੀ ਸੰਸਦ ਮੈਂਬਰ ਅਤੇ 14 ਹੋਰਾਂ 'ਤੇ 2024 ਦੀਆਂ ਆਮ ਚੋਣਾਂ 'ਤੇ ਸੱਟਾ ਲਗਾਉਣ ਦਾ ਦੋਸ਼


ਸਾਬਕਾ ਟੋਰੀ ਸੰਸਦ ਕ੍ਰੇਗ ਵਿਲੀਅਮਜ਼


ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪਿਛਲੇ ਸਾਲ ਦੀਆਂ ਆਮ ਚੋਣਾਂ ਦੇ ਸਮੇਂ 'ਤੇ ਸੱਟਾ ਲਗਾਉਣ ਦੇ ਦੋਸ਼ ਵਿੱਚ ਇੱਕ ਸਾਬਕਾ ਕੰਜ਼ਰਵੇਟਿਵ ਸੰਸਦ ਮੈਂਬਰ 'ਤੇ ਜੂਏਬਾਜ਼ੀ ਦੇ ਅਪਰਾਧ ਦਾ ਦੋਸ਼ ਲਗਾਇਆ ਗਿਆ ਹੈ। ਵੇਲਜ਼ ਦੇ ਮੋਂਟਗੋਮਰੀਸ਼ਾਇਰ ਤੋਂ ਸੰਸਦ ਮੈਂਬਰ ਕ੍ਰੇਗ ਵਿਲੀਅਮਜ਼, ਰਿਸ਼ੀ ਸੁਨਕ ਦੇ ਪ੍ਰਧਾਨ ਮੰਤਰੀ ਵਜੋਂ ਆਪਣੇ ਕਾਰਜਕਾਲ ਦੌਰਾਨ ਉਨ੍ਹਾਂ ਦੇ ਸਭ ਤੋਂ ਨਜ਼ਦੀਕੀ ਸਹਿਯੋਗੀਆਂ ਵਿੱਚੋਂ ਇੱਕ ਸਨ। ਉਹ ਉਨ੍ਹਾਂ 15 ਲੋਕਾਂ ਵਿੱਚੋਂ ਇੱਕ ਹੈ ਜਿਨ੍ਹਾਂ 'ਤੇ ਜੂਆ ਕਮਿਸ਼ਨ ਦੁਆਰਾ ਕਥਿਤ ਧੋਖਾਧੜੀ ਦੀ ਜਾਂਚ ਤੋਂ ਬਾਅਦ ਜੂਆ ਐਕਟ 2005 ਦੇ ਤਹਿਤ ਅਪਰਾਧਾਂ ਦਾ ਦੋਸ਼ ਲਗਾਇਆ ਗਿਆ ਹੈ।

ਪਾਰਟੀ ਨਾਲ ਜੁੜੀਆਂ ਕਈ ਹੋਰ ਸ਼ਖ਼ਸੀਅਤਾਂ 'ਤੇ ਵੀ ਦੋਸ਼ ਲਗਾਏ ਗਏ ਹਨ, ਜਿਨ੍ਹਾਂ ਵਿੱਚ ਲੌਰਾ ਸਾਂਡਰਸ ਜੋ ਪਿਛਲੇ ਸਾਲ ਬ੍ਰਿਸਟਲ ਨੌਰਥ ਵੈਸਟ ਲਈ ਟੋਰੀ ਉਮੀਦਵਾਰ ਵਜੋਂ ਖੜ੍ਹੀ ਸੀ ਅਤੇ ਉਸਦੇ ਸਾਥੀ ਟੋਨੀ ਲੀ, ਟੋਰੀਜ਼ ਦੇ ਪ੍ਰਚਾਰ ਨਿਰਦੇਸ਼ਕ ਸ਼ਾਮਲ ਹਨ।

ਨਿਕ ਮੇਸਨ, ਇੱਕ ਕੰਜ਼ਰਵੇਟਿਵ ਕੌਂਸਲਰ ਜੋ ਪਾਰਟੀ ਦੇ ਮੁੱਖ ਡੇਟਾ ਅਫਸਰ ਵਜੋਂ ਸੇਵਾ ਨਿਭਾਉਂਦੇ ਸਨ, ਵੀ ਉਨ੍ਹਾਂ ਵਿੱਚ ਸ਼ਾਮਲ ਹਨ। ਜੂਆ ਕਮਿਸ਼ਨ ਨੇ ਕਿਹਾ ਕਿ 'ਜੂਨ 2024 ਵਿੱਚ ਸ਼ੁਰੂ ਕੀਤੀ ਗਈ ਜਾਂਚ, ਸੱਟੇਬਾਜ਼ੀ ਬਾਜ਼ਾਰਾਂ ਵਿੱਚ ਇੱਕ ਅਨੁਚਿਤ ਲਾਭ ਪ੍ਰਾਪਤ ਕਰਨ ਲਈ ਗੁਪਤ ਜਾਣਕਾਰੀ ਖਾਸ ਤੌਰ 'ਤੇ ਪ੍ਰਸਤਾਵਿਤ ਚੋਣ ਮਿਤੀ ਦੇ ਪੂਰਵ ਗਿਆਨ ਦੀ ਵਰਤੋਂ ਕਰਨ ਦੇ ਸ਼ੱਕੀ ਵਿਅਕਤੀਆਂ 'ਤੇ ਕੇਂਦ੍ਰਿਤ ਸੀ।

ਅਜਿਹੀਆਂ ਕਾਰਵਾਈਆਂ ਜੂਆ ਐਕਟ 2005 ਦੀ ਧਾਰਾ 42 ਦੇ ਤਹਿਤ ਧੋਖਾਧੜੀ ਦਾ ਅਪਰਾਧ ਬਣਦੀਆਂ ਹਨ, ਜੋ ਕਿ ਇੱਕ ਅਪਰਾਧ ਹੈ। ਇਸ ਮਾਮਲੇ ਵਿੱਚ ਸਾਈਮਨ ਚੈਟਫੀਲਡ, ਰਸਲ ਜਾਰਜ, ਐਮੀ ਹਿੰਡ, ਐਂਥਨੀ ਹਿੰਡ, ਜੇਰੇਮੀ ਹੰਟ (ਸਾਬਕਾ ਚਾਂਸਲਰ ਨਹੀਂ), ਥਾਮਸ ਜੇਮਜ਼, ਸ਼ਾਰਲਟ ਲੈਂਗ, ਐਂਥਨੀ ਲੀ, ਇਆਨ ਮੇਕਪੀਸ, ਨਿੱਕ ਮੇਸਨ, ਪੌਲ ਪਲੇਸ, ਲੌਰਾ ਸਾਂਡਰਸ, ਜੇਮਜ਼ ਵਾਰਡ, ਕ੍ਰੇਗ ਵਿਲੀਅਮਜ਼, ਜੈਕਬ ਵਿਲਮਰ ਸ਼ਾਮਿਲ ਹਨ।

## ਕਾਰੋਬਾਰੀ ਵਿਜੇ ਮਾਲਿਆ ਯੂ ਕੇ ਦੇ ਦੀਵਾਲੀਆਪਨ ਦੇ ਹੁਕਮਾਂ ਵਿਰੁੱਧ ਅਪੀਲ ਹਾਰਿਆ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਰਤੀ ਕਾਰੋਬਾਰੀ ਵਿਜੇ ਮਾਲਿਆ ਬੁੱਧਵਾਰ ਨੂੰ ਲੰਡਨ ਦੀ ਹਾਈ ਕੋਰਟ ਦੁਆਰਾ ਸਟੇਟ ਬੈਂਕ ਆਫ਼ ਇੰਡੀਆ ਸਮੇਤ ਕਰਜ਼ਦਾਤਾਵਾਂ ਨੂੰ 1 ਅਰਬ ਪੌਂਡ ਤੋਂ ਵੱਧ ਦੇ ਕਰਜ਼ੇ 'ਤੇ ਦਿੱਤੇ ਗਏ ਦੀਵਾਲੀਆਪਨ ਦੇ ਹੁਕਮਾਂ ਵਿਰੁੱਧ ਅਪੀਲ ਹਾਰ ਗਿਆ।

ਬਰਤਾਨੀਆਂ ਵਿੱਚ ਰਹਿਣ ਵਾਲਾ ਮਾਲਿਆ, 2012 ਵਿੱਚ ਆਪਣੀ ਬੰਦ ਹੋ ਚੁੱਕੀ ਕਿੰਗਫਿਸ਼ਰ ਏਅਰਲਾਈਨਜ਼ ਦੇ ਬੰਦ ਹੋ ਜਾਣ ਤੋਂ ਬਾਅਦ ਕਰਜ਼ਦਾਤਾਵਾਂ ਅਤੇ ਭਾਰਤੀ ਅਧਿਕਾਰੀਆਂ ਨਾਲ ਇੱਕ ਲੰਬੀ ਕਾਨੂੰਨੀ ਲੜਾਈ ਵਿੱਚ ਉਲਝਿਆ ਹੋਇਆ ਹੈ। 2017 ਵਿੱਚ ਬੈਂਕਾਂ ਦੇ ਇੱਕ ਸਮੂਹ ਨੇ ਮਾਲਿਆ ਦੇ ਖਿਲਾਫ ਜਿਸਨੇ ਕਿੰਗਫਿਸ਼ਰ ਏਅਰਲਾਈਨਜ਼ ਦੇ ਕਰਜ਼ੇ ਦੀ ਗਰੰਟੀ ਦਿੱਤੀ ਸੀ, ਭਾਰਤ ਵਿਚ 1 ਬਿਲੀਅਨ ਪੌਂਡ ਤੋਂ ਵੱਧ ਦੇ ਕਰਜ਼ੇ ਨੂੰ ਲੈ ਕੇ ਕੇਸ ਦਾਇਰ ਕੀਤੇ ਸਨ। 2021 ਵਿੱਚ ਮਾਲਿਆ ਦੇ ਖਿਲਾਫ ਦੀਵਾਲੀਆਪਨ ਦਾ ਹੁਕਮ ਦਿੱਤਾ ਗਿਆ ਸੀ। ਮਾਲਿਆ ਨੇ ਫਰਵਰੀ ਵਿੱਚ ਇੱਕ ਸੁਣਵਾਈ ਵਿੱਚ ਦੀਵਾਲੀਆਪਨ ਦੇ ਹੁਕਮਾਂ ਵਿਰੁੱਧ ਅਪੀਲ ਕੀਤੀ, ਜਦੋਂ ਉਸਦੇ ਵਕੀਲਾਂ ਨੇ ਦਲੀਲ ਦਿੱਤੀ ਕਿ ਬੈਂਕਾਂ ਨੇ ਪਹਿਲਾਂ ਹੀ ਉਨ੍ਹਾਂ ਸੰਪਤੀਆਂ ਨੂੰ ਜ਼ਬਤ ਕਰ ਲਿਆ ਹੈ ਜਿਨ੍ਹਾਂ ਨੇ ਕਰਜ਼ੇ ਦਾ ਨਿਪਟਾਰਾ ਕਰ ਦਿੱਤਾ ਸੀ।

ਪਰ ਜੱਜ ਐਂਥਨੀ ਮਾਨ ਨੇ ਇੱਕ ਲਿਖਤੀ ਫੈਸਲੇ ਵਿੱਚ ਅਪੀਲ ਰੱਦ ਕਰਦਿਆਂ ਦੀਵਾਲੀਆਪਨ ਦਾ ਹੁਕਮਾਂ ਨੂੰ ਕਾਇਮ ਰੱਖਿਆ ਹੈ। ਮਾਲਿਆ, ਜੋ ਕਿ ਫਾਰਮੂਲਾ ਵਨ ਮੋਟਰ ਰੇਸਿੰਗ ਟੀਮ ਫੋਰਸ ਇੰਡੀਆ ਦਾ ਸਹਿ-ਮਾਲਕ ਵੀ ਸੀ, ਕਿੰਗਫਿਸ਼ਰ ਏਅਰਲਾਈਨਜ਼ ਦੇ ਦੀਵਾਲੀਆ ਹੋ ਜਾਣ 'ਤੇ ਧੋਖਾਧੜੀ ਦੇ ਦੋਸ਼ਾਂ ਦਾ ਸਾਹਮਣਾ ਕਰਨ ਲਈ ਭਾਰਤ ਹਵਾਲਗੀ ਦੀ ਲੜਾਈ ਵੱਖਰੇ ਤੌਰ 'ਤੇ ਲੜ ਰਿਹਾ ਹੈ।

ਉਸਦੀ ਹਵਾਲਗੀ ਵਿਰੁੱਧ ਅਪੀਲ 2020 ਵਿੱਚ ਰੱਦ ਕਰ ਦਿੱਤੀ ਗਈ ਸੀ, ਪਰ ਮਾਨ ਨੇ ਆਪਣੇ ਫੈਸਲੇ ਵਿੱਚ ਕਿਹਾ ਕਿ ਹਵਾਲਗੀ ਦਾ ਹੁਕਮ ਅਜੇ ਵੀ ਲਾਗੂ ਨਹੀਂ ਕੀਤਾ ਗਿਆ। ਉਹਨਾਂ ਕਿਹਾ ਕਿ ਡਾ. ਮਾਲਿਆ ਅਜੇ ਵੀ ਹੋਰ ਆਧਾਰਾਂ 'ਤੇ ਹਵਾਲਗੀ ਦਾ ਵਿਰੋਧ ਕਰ ਰਿਹਾ ਹੈ ਜਿਨ੍ਹਾਂ ਦਾ ਅਜੇ ਹੱਲ ਨਹੀਂ ਹੋਇਆ ਹੈ।

## ਅਮਰੀਕਾ ਅਤੇ ਚੀਨ ਵਿਚਕਾਰ ਵਧ ਰਹੇ ਵਪਾਰਕ ਤਣਾਅ 'ਚ ਨਵਾਂ ਮੋੜ

**ਅਮਰੀਕਾ ਅਤੇ ਚੀਨ ਵਿਚਕਾਰ ਵਧ ਰਹੇ ਵਪਾਰਕ ਤਣਾਅ 'ਚ ਨਵਾਂ ਮੋੜ ਆ ਗਿਆ ਹੈ। ਚੀਨ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਚੀਨ ਤੋਂ ਆਯਾਤ ਕੀਤੇ ਸਮਾਨ 'ਤੇ 145% ਟੈਰਿਫ ਲਗਾਉਣ ਦੇ ਫੈਸਲੇ ਦੇ ਜਵਾਬ 'ਚ ਅਮਰੀਕੀ ਜਹਾਜ਼ ਨਿਰਮਾਤਾ ਕੰਪਨੀ ਬੋਇੰਗ ਤੋਂ ਨਵੇਂ ਜਹਾਜ਼ ਅਤੇ ਸਪੇਅਰ ਪਾਰਟਸ ਦੀ ਖਰੀਦ 'ਤੇ ਪਾਬੰਦੀ ਲਾ ਦਿੱਤੀ ਹੈ। ਚੀਨ ਨੇ ਆਪਣੀਆਂ ਏਅਰਲਾਈਨਾਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਅਮਰੀਕਾ ਤੋਂ ਨਾ ਤਾਂ ਨਵੇਂ ਜਹਾਜ਼ ਖਰੀਦਣ, ਅਤੇ ਨਾ ਹੀ ਉਨ੍ਹਾਂ ਦੇ ਪੁਰਜ਼ੇ। ਇਸ ਕਾਰਵਾਈ ਦੇ ਨਾਲ, ਚੀਨ ਨੇ ਅਮਰੀਕਾ ਤੋਂ ਆਉਣ ਵਾਲੇ ਉਤਪਾਦਾਂ 'ਤੇ 125% ਜਵਾਬੀ ਟੈਰਿਫ ਵੀ ਲਗਾ ਦਿੱਤਾ ਹੈ।**

# ਕੀ ਸੁਖਬੀਰ ਬਾਦਲ ਦੀ ਪ੍ਰਧਾਨ ਵਜੋਂ ਵਾਪਸੀ ਨਾਲ ਅਕਾਲੀ ਦਲ ਵਿਚ ਪਵੇਗੀ ਨਵੀਂ ਜਾਨ ?

## ✪ ਕੀ ਪ੍ਰਧਾਨ ਬਣਨ ਤੋਂ ਬਾਅਦ ਵੀ ਘੱਟ ਜਾਣਗੀਆਂ ਸੁਖਬੀਰ ਸਿੰਘ ਬਾਦਲ ਦੀਆਂ ਚੁਣੌਤੀਆਂ ?
## ✪ ਅਕਾਲੀ ਦਲ 2027 ਲਈ ਮੈਦਾਨ ਵਿੱਚ ਉਤਰਿਆ, ਪੰਥਕ ਤੇ ਪੰਜਾਬ ਮੁਦੇ ਬਣੇ ਅਕਾਲੀ ਦਲ ਦਾ ਆਧਾਰ

### ਕਵਰ ਸਟੋਰੀ

ਬਲਵਿੰਦਰ ਪਾਲ ਸਿੰਘ ਪ੍ਰੋਫੈਸਰ





ਸੁਖਬੀਰ ਸਿੰਘ ਬਾਦਲ ਦੀ ਦੁਬਾਰਾ ਪ੍ਰਧਾਨ ਵਜੋਂ ਮੁੜ ਤਾਜਪੋਸ਼ੀ ਨਾਲ, ਸ਼੍ਰੋਮਣੀ ਅਕਾਲੀ ਦਲ ਦੇ ਭਵਿੱਖ ਬਾਰੇ ਚਰਚਾ ਤੇਜ਼ ਹੋ ਗਈ ਹੈ। ਕੀ ਇਹ ਬਦਲਾਅ ਪੰਜਾਬ ਦੀ ਰਾਜਨੀਤੀ ਵਿੱਚ ਪਾਰਟੀ ਨੂੰ ਮਜ਼ਬੂਤ ਕਰੇਗਾ ? ਪੂਰਾ ਵਿਸ਼ਲੇਸ਼ਣ ਜਾਣੋ।

-ਸੰਪਾਦਕ

ਸੁਖਬੀਰ ਸਿੰਘ ਬਾਦਲ ਨੂੰ ਸਰਬਸੰਮਤੀ ਨਾਲ ਮੁੜ ਸ਼੍ਰੋਮਣੀ ਅਕਾਲੀ ਦਲ ਦਾ 12 ਅਪ੍ਰੈਲ, 2025 ਨੂੰ ਅੰਮ੍ਰਿਤਸਰ ਦੇ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਹੋਏ ਪਾਰਟੀ ਦੇ ਇਜਲਾਸ ਵਿੱਚ ਪ੍ਰਧਾਨ ਚੁਣ ਲਿਆ ਗਿਆ ਹੈ। ਸਿਆਸੀ ਮਾਹਿਰ ਪਾਰਟੀ ਦੇ ਇਸ ਫ਼ੈਸਲੇ ਬਾਰੇ ਕਈ ਸਵਾਲ ਖੜੇ ਕਰਦੇ ਹਨ। ਕੀ ਇਹ 104 ਸਾਲ ਪੁਰਾਣੀ, ਖੇਤਰੀ ਅਤੇ ਪੰਥਕ ਪਾਰਟੀ ਹੁਣ ਇੱਕ ਹੀ ਪਰਿਵਾਰ ਤੱਕ ਸੀਮਤ ਹੋ ਕੇ ਰਹਿ ਗਈ ਹੈ ਅਤੇ ਕੱਦਵਾਰ ਸਿਆਸੀ ਆਗੂਆਂ ਦੀ ਮੌਜੂਦਗੀ ਨੂੰ ਨਕਾਰ ਰਹੀ ਹੈ। ਇਹ ਸੁਆਲ ਅਹਿਮ ਹੈ ਕਿ 'ਰਾਜ ਨਹੀਂ ਸੇਵਾ' ਦਾ ਨਾਅਰਾ ਦੇਣ ਵਾਲੀ ਇਹ ਪਾਰਟੀ ਲੋਕ ਮਨਾਂ ਵਿੱਚ ਦੁਬਾਰਾ ਘਰ ਬਣਾ ਸਕੇਗੀ ਜਾਂ ਨਹੀਂ ? ਕੀ ਮੁੜ ਪੁਰਾਣੀਆਂ ਲੀਹਾਂ ਉੱਤੇ ਤੁਰਨਾ ਪਾਰਟੀ ਨੂੰ ਮੰਜ਼ਲ ਵੱਲ ਲੈ ਕੇ ਜਾ ਸਕੇਗਾ ?

#### ਸੁਖਬੀਰ ਸਿੰਘ ਬਾਦਲ ਦਾ ਦਾਅਵਾ

ਸੁਖਬੀਰ ਨੇ ਦਾਅਵਾ ਕੀਤਾ ਕਿ 27 ਲੱਖ ਮੈਂਬਰਾਂ ਵਿੱਚੋਂ ਚੁਣੇ ਗਏ 507 ਡੈਲੀਗੇਟਸ ਦੀ ਸਹਿਮਤੀ ਨਾਲ ਉਨ੍ਹਾਂ ਨੇ ਅਹੁਦਾ ਸਵੀਕਾਰਿਆ। ਉਨ੍ਹਾਂ ਸਭ ਦਾ ਧੰਨਵਾਦ ਵੀ ਕੀਤਾ। ਉਨ੍ਹਾਂ ਨੇ ਆਪਣੀ ਪਾਰਟੀ ਨੂੰ 'ਪੰਜਾਬ ਦਾ ਅਸਲੀ ਵਾਰਸ' ਐਲਾਨਿਆ ਹੈ। ਪ੍ਰਧਾਨ ਚੁਣੇ ਜਾਣ ਤੋਂ ਬਾਅਦ ਸੁਖਬੀਰ ਬਾਦਲ ਨੇ ਆਪਣੇ ਭਾਸ਼ਣ ਵਿੱਚ ਦਾਅਵਾ ਕੀਤਾ ਕਿ "ਪਿਛਲੇ ਛੇ ਮਹੀਨਿਆਂ ਵਿੱਚ ਅਕਾਲੀ ਦਲ ਨੂੰ ਖ਼ਤਮ ਕਰਨ ਦੀ ਸਾਜ਼ਿਸ਼ ਰਚੀ ਗਈ, ਪੰਥ ਦੀ ਲੀਡਰਸ਼ਿਪ ਨੂੰ ਖ਼ਤਮ ਕਰਨ ਦੀ ਸਾਜ਼ਿਸ਼ ਰਚੀ ਗਈ।"

ਇਹ ਸਾਜ਼ਿਸ਼ ਸ਼ੁਰੂ ਹੋਈ ਜਦੋਂ ਤੋਂ ਸ਼੍ਰੋਮਣੀ ਅਕਾਲੀ ਦਲ ਨੇ ਐੱਨਡੀਏ ਦਾ ਸਾਥ ਛੱਡਿਆ। ਉਨ੍ਹਾਂ ਕਿਹਾ, "ਸ਼੍ਰੋਮਣੀ ਅਕਾਲੀ ਦਲ ਦੀ ਜ਼ਿੰਮੇਵਾਰੀ ਹੈ ਪੰਜਾਬ ਨੂੰ ਅੱਗੇ ਵਧਾਉਣ ਦੀ। ਹੋਰ ਪਾਰਟੀਆਂ ਨੂੰ ਪੰਜਾਬ ਨਾਲ ਕੋਈ ਸਰੋਕਾਰ ਨਹੀਂ ਹੈ। ਪੰਜਾਬੀਆਂ ਨੂੰ ਬੇਨਤੀ ਕਰਦਾਂ ਹਾਂ ਕਿ ਆਪਣੇ ਤੇ ਪਰਾਏ ਦਾ ਫ਼ਰਕ ਪਛਾਣਨ।"

ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੇ 104 ਸਾਲ ਪੁਰਾਣੇ ਇਤਿਹਾਸ ਦਾ ਹਵਾਲਾ ਵੀ ਦਿੱਤਾ ਅਤੇ ਪਾਰਟੀ ਦਾ ਮੁੱਢ ਬੰਨ੍ਹਣ ਵਾਲੇ ਆਗੂਆਂ ਦੀਆਂ ਕੁਰਬਾਨੀਆਂ ਵੀ ਗਿਣਵਾਈਆਂ। ਉਨ੍ਹਾਂ ਦਾਅਵਾ ਕੀਤਾ ਕਿ 27 ਲੱਖ ਤੋਂ ਵੱਧ ਲੋਕਾਂ ਨੇ ਪਾਰਟੀ ਦੀ ਮੈਂਬਰਸ਼ਿਪ ਹੋਈ ਹੈ। ਉਨ੍ਹਾਂ ਵਾਅਦਾ ਕੀਤਾ ਕਿ ਅਕਾਲੀ ਦਲ ਪੰਜਾਬ ਦੇ ਹਿੱਤਾਂ ਦੀ ਰਾਖੀ ਅਤੇ ਵਿਕਾਸ ਲਈ ਵਚਨਬੱਧ ਰਹੇਗਾ। ਸੁਖਬੀਰ ਬਾਦਲ ਦਾ ਪ੍ਰਧਾਨ ਚੁਣਿਆ ਜਾਣਾ ਪੰਜਾਬ ਦੀ ਰਾਜਨੀਤੀ ਵਿੱਚ ਇੱਕ ਨਵਾਂ ਮੋੜ ਹੈ, ਖਾਸ ਕਰਕੇ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ। ਇਹ ਇਸ ਲਈ ਹੈ, ਕਿਉਂਕਿ ਅਕਾਲੀ ਦਲ ਆਪਣਾ ਗੁਆਚਿਆ ਆਧਾਰ ਮੁੜ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।

ਸੁਖਬੀਰ ਸਿੰਘ ਬਾਦਲ 2008 ਤੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਹਨ ਅਤੇ ਉਨ੍ਹਾਂ ਦੀ ਨਿਯੁਕਤੀ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ। ਪਾਰਟੀ ਨੂੰ ਹਾਲ ਹੀ ਦੇ ਸਾਲਾਂ ਵਿੱਚ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਹੈ, ਜਿਸ ਵਿੱਚ 2017 ਅਤੇ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਹਾਰ, 2020 ਵਿੱਚ ਭਾਜਪਾ ਗਠਜੋੜ ਤੋਂ ਵੱਖ ਹੋਣਾ ਅਤੇ ਕਿਸਾਨ ਅੰਦੋਲਨ ਦੌਰਾਨ ਇਸਦੀ ਭਰੋਸੇਯੋਗਤਾ ਨੂੰ ਨੁਕਸਾਨ ਪਹੁੰਚਣਾ ਸ਼ਾਮਲ ਹੈ। ਇਸ ਤੋਂ ਇਲਾਵਾ, ਸੁਖਦੇਵ ਸਿੰਘ ਢੀਂਡਸਾ, ਬੀਬੀ ਜਗੀਰ ਕੌਰ ਗੁਰਪ੍ਰਤਾਪ ਸਿੰਘ ਵਡਾਲਾ ਅਤੇ ਬਿਕਰਮ ਸਿੰਘ ਮਜੀਠੀਆ ਆਦਿ ਵਰਗੇ ਕਈ ਸੀਨੀਅਰ ਪਾਰਟੀ ਆਗੂਆਂ ਨੇ ਸੁਖਬੀਰ ਦੀ ਲੀਡਰਸ਼ਿਪ 'ਤੇ ਸਵਾਲ ਖੜ੍ਹੇ ਕੀਤੇ ਸਨ। ਇਸ ਨਾਲ ਪਾਰਟੀ ਵਿੱਚ ਅੰਦਰੂਨੀ ਕਲੇਸ਼ ਦੀ ਸਥਿਤੀ ਵੀ ਪੈਦਾ ਹੋ ਗਈ ਸੀ।

2023 ਵਿੱਚ, ਸੁਖਬੀਰ ਸਿੰਘ ਬਾਦਲ ਨੇ ਅਕਾਲੀ ਦਲ ਛੱਡਣ ਵਾਲੇ ਆਗੂਆਂ ਤੋਂ ਮੁਆਫੀ ਮੰਗੀ ਸੀ ਅਤੇ ਉਨ੍ਹਾਂ ਨੂੰ ਪਾਰਟੀ ਵਿੱਚ ਵਾਪਸ ਆਉਣ ਦਾ ਸੱਦਾ ਦਿੱਤਾ ਸੀ। ਉਨ੍ਹਾਂ ਦੀ ਇਹ ਰਣਨੀਤੀ 2024 ਦੀ 'ਪੰਜਾਬ ਬਚਾਓ ਯਾਤਰਾ' ਵਿੱਚ ਵੀ ਦੇਖੀ ਗਈ, ਜਿੱਥੇ ਉਨ੍ਹਾਂ ਨੇ ਪੰਜਾਬ ਦੀਆਂ ਸਮੱਸਿਆਵਾਂ ਨੂੰ ਉਠਾਇਆ ਅਤੇ ਕਾਂਗਰਸ ਅਤੇ ਆਮ ਆਦਮੀ ਪਾਰਟੀ 'ਤੇ ਤਿੱਖੇ ਹਮਲੇ ਕੀਤੇ। ਉਨ੍ਹਾਂ ਦੀ ਮੁੜ ਨਿਯੁਕਤੀ ਨੂੰ ਇਸ ਦਿਸ਼ਾ ਵਿੱਚ ਇੱਕ ਹੋਰ ਕਦਮ ਵਜੋਂ ਦੇਖਿਆ ਜਾ ਰਿਹਾ ਹੈ, ਜਿਸਦਾ ਉਦੇਸ਼ ਪਾਰਟੀ ਨੂੰ ਇਕਜੁੱਟ ਕਰਨਾ ਅਤੇ ਸਿੱਖ ਭਾਈਚਾਰੇ ਦੇ ਨਾਲ-ਨਾਲ ਪੰਜਾਬੀ ਪਛਾਣ ਨੂੰ ਮਜ਼ਬੂਤ ਕਰਨਾ ਹੈ।

ਸੁਖਬੀਰ ਦਾ ਇਹ ਬਿਆਨ ਕਿ ਅਕਾਲੀ ਦਲ ਪੰਜਾਬ ਦਾ ਅਸਲੀ ਵਾਰਸ ਹੈ, ਕਈ ਤਰੀਕਿਆਂ ਨਾਲ ਮਹੱਤਵਪੂਰਨ ਹੈ। ਇਹ ਨਾ ਸਿਰਫ਼ ਉਸਦੀ ਪਾਰਟੀ ਦੀ ਇਤਿਹਾਸਕ ਵਿਰਾਸਤ 'ਤੇ ਜ਼ੋਰ ਦਿੰਦਾ ਹੈ ਬਲਕਿ ਪੰਜਾਬ ਦੀ ਮੌਜੂਦਾ ਰਾਜਨੀਤਿਕ ਸਥਿਤੀ ਵਿੱਚ ਇੱਕ ਨਵਾਂ ਦਾਅਵਾ ਵੀ ਕਰਦਾ ਹੈ। ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ 1920 ਵਿੱਚ ਸਿੱਖਾਂ ਦੇ ਧਾਰਮਿਕ ਅਤੇ ਸਮਾਜਿਕ ਹਿੱਤਾਂ ਦੀ ਰਾਖੀ ਲਈ ਕੀਤੀ ਗਈ ਸੀ ਅਤੇ ਇਹ ਲੰਬੇ ਸਮੇਂ ਤੋਂ ਪੰਜਾਬ ਵਿੱਚ ਸਿੱਖ ਪਛਾਣ ਅਤੇ ਖੇਤਰੀ ਮਾਣ ਦਾ ਪ੍ਰਤੀਕ ਰਿਹਾ ਹੈ।

ਸੁਖਬੀਰ ਨੇ ਆਪਣੇ ਭਾਸ਼ਣ ਵਿੱਚ ਖਾਲਸਾ ਪੰਥ ਦਾ ਹਵਾਲਾ ਦਿੱਤਾ, ਜੋ ਸਿੱਖ ਭਾਈਚਾਰੇ ਲਈ ਡੂੰਘਾ ਭਾਵਨਾਤਮਕ ਮਹੱਤਵ ਰੱਖਦਾ ਹੈ। ਇਹ ਉਸਦੀ ਅਕਾਲੀ ਦਲ ਨੂੰ ਦੁਬਾਰਾ ਸਿੱਖਾਂ ਦਾ ਸਭ ਤੋਂ ਵੱਡਾ ਪ੍ਰਤੀਨਿਧੀ ਬਣਾਉਣ ਦੀ ਕੋਸ਼ਿਸ਼ ਹੈ, ਖਾਸ ਕਰਕੇ ਜਦੋਂ 'ਆਪ' ਅਤੇ ਕਾਂਗਰਸ ਨੇ ਵੀ ਸਿੱਖ ਵੋਟਰਾਂ ਨੂੰ ਲੁਭਾਉਣ ਦੀ ਕੋਸ਼ਿਸ਼ ਕੀਤੀ ਹੈ ।ਆਪਣੇ ਆਪ ਨੂੰ ਪੰਜਾਬ ਦਾ ਅਸਲੀ ਵਾਰਸ ਦੱਸ ਕੇ, ਸੁਖਬੀਰ ਸਿੰਘ ਬਾਦਲ ਨੇ ਪੰਜਾਬੀ ਪਛਾਣ ਨੂੰ ਕੇਂਦਰ ਵਿੱਚ ਰੱਖਿਆ ਹੈ। ਇਹ ਬਿਆਨ ਪੰਜਾਬੀਆਂ ਨੂੰ ਯਾਦ ਦਿਵਾਉਣ ਦੀ ਕੋਸ਼ਿਸ਼ ਹੈ ਕਿ ਅਕਾਲੀ ਦਲ ਨੇ ਹਮੇਸ਼ਾ ਸੂਬੇ ਦੇ ਹਿੱਤਾਂ ਨੂੰ ਤਰਜੀਹ ਦਿੱਤੀ ਹੈ, ਭਾਵੇਂ ਇਹ ਆਨੰਦਪੁਰ ਸਾਹਿਬ ਦਾ ਮਤਾ ਹੋਵੇ ਜਾਂ ਕੇਂਦਰ ਨਾਲ ਟਕਰਾਅ। ਸੁਖਬੀਰ ਦੀ ਸਰਬਸੰਮਤੀ ਨਾਲ ਨਿਯੁਕਤੀ ਦਰਸਾਉਂਦੀ ਹੈ ਕਿ ਪਾਰਟੀ ਘੱਟੋ ਘੱਟ ਬਾਦਲ ਪਰਿਵਾਰ ਦੀ ਅਗਵਾਈ ਵਿਚ ਇੱਕਜੁੱਟ ਹੈ।

#### ਕੀ ਕਹਿੰਦੇ ਹਨ ਵਿਰੋਧੀ ਆਗੂ ਤੇ ਬੁਧੀਜੀਵੀ

ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਇਸਨੂੰ ਕਾਗਜ਼ੀ ਤਬਦੀਲੀ ਕਰਾਰ ਦਿੰਦੇ ਹੋਏ ਕਿਹਾ ਹੈ ਕਿ ਸੁਖਬੀਰ ਨੇ ਕਦੇ ਵੀ ਅਹੁਦਾ ਨਹੀਂ ਛੱਡਿਆ।

ਪੰਜਾਬ ਦੇ ਮੰਤਰੀ ਹਰਪਾਲ ਸਿੰਘ ਚੀਮਾ ਨੇ ਵੀ ਇਸਨੂੰ ਇੱਕ ਨਕਲੀ ਪ੍ਰਧਾਨ ਦੀ ਨਿਯੁਕਤੀ ਕਿਹਾ, ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਵਿਰੋਧੀ ਧਿਰ ਇਸਨੂੰ ਗੰਭੀਰਤਾ ਨਾਲ ਨਹੀਂ ਲੈ ਰਹੀ।

ਸਿੱਖ ਇਤਿਹਾਸਕਾਰ ਅਤੇ ਪੰਥਕ ਸਿਆਸਤ ਦੇ ਮਾਹਿਰ ਗੁਰਦਰਸ਼ਨ ਸਿੰਘ ਢਿੱਲੋਂ ਕਹਿੰਦੇ ਹਨ ਕਿ ਸੁਖਬੀਰ ਸਿੰਘ ਬਾਦਲ ਦੀ ਹੋਈ ਚੋਣ ਨੂੰ ਸਮੁੱਚੇ ਪੰਥ ਵਲੋਂ ਕੀਤੀ ਗਈ ਚੋਣ ਨਹੀਂ ਕਿਹਾ ਜਾ ਸਕਦਾ। ਉਹ ਕਹਿੰਦੇ ਹਨ, "ਸੁਖਬੀਰ ਦੀ ਚੋਣ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਇਹ ਇੱਕ ਗਰੁੱਪ ਦੀ ਚੋਣ ਹੈ। ਨਾ ਕਿ ਲੋਕਾਂ ਦੀ ਪਸੰਦ ਹੈ। ਜਦੋਂ ਤੱਕ ਕੋਈ ਆਗੂ ਅਕਾਲ ਤਖ਼ਤ ਦੀ ਅਹਿਮੀਅਤ ਨੂੰ ਸਵਿਕਾਰ ਕੇ ਲੋਕ ਦਰਬਾਰ ਵਿੱਚ ਨਹੀਂ ਆਉਂਦਾ, ਉਹ ਕਿਸੇ ਪੰਥਕ ਪਾਰਟੀ ਦੀ ਸਹੀ ਅਗਵਾਈ ਨਹੀਂ ਕਰ ਸਕਦਾ। ਢਿੱਲੋਂ ਦਾ ਕਹਿਣਾ ਹੈ ਕਿ ਜਦੋਂ ਤੱਕ ਲੋਕ ਨਹੀਂ ਮੰਨਦੇ ਉਦੋਂ ਤੱਕ ਅਕਾਲੀ ਦਲ ਦਾ ਕੋਈ ਭਵਿੱਖ ਨਹੀਂ।"

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪ੍ਰੋਫੈਸਰ ਜਗਰੂਪ ਸਿੰਘ ਸੇਖੋਂ ਕਹਿੰਦੇ ਹਨ ਕਿ "ਕੋਈ ਸਮਾਂ ਸੀ ਜਦੋਂ ਔਰਤ ਵੋਟਰ ਅਤੇ ਕਿਸਾਨ ਵੋਟਰ ਅਕਾਲੀ ਦਲ ਦੇ ਹਿਮਾਇਤੀ ਸਨ ਪਰ ਬੀਤੇ ਸਮੇਂ ਦੇ ਘਟਨਾਕ੍ਰਮਾਂ ਨੇ ਇਸ ਦੇ ਆਗੂਆਂ ਦਾ ਅਕਸ ਖ਼ਰਾਬ ਕੀਤਾ ਹੈ। ਜੇ ਉਸ ਨੂੰ ਮੁੜ ਸੁਧਾਰਿਆ ਨਾ ਗਿਆ ਤਾਂ ਪਾਰਟੀ ਦਾ ਪ੍ਰਦਰਸ਼ਨ ਵੀ ਨਹੀਂ ਸੁਧਰੇਗਾ। ਜਗਰੂਪ ਸਿੰਘ ਸੇਖੋਂ ਕਹਿੰਦੇ ਹਨ ਕਿ ਅਕਾਲੀ ਦਲ ਨੇ ਹਾਲ ਹੀ ਵਿੱਚ ਦਾਅਵੇ ਕੀਤੇ ਕਿ 27 ਲੱਖ ਤੋਂ ਵੱਧ ਮੈਂਬਰ ਬਣਾਏ ਗਏ ਹਨ। ਪਰ ਇਹ ਅੰਕੜਾ ਸ਼ੱਕ ਦੇ ਘੇਰੇ ਵਿੱਚ ਹੈ। ਜੇ ਪਾਰਟੀ ਨਾਲ ਅਸਲੋਂ ਇੰਨੇ ਲੋਕ ਜੁੜ ਚੁੱਕੇ ਤਾਂ ਇਸ ਨੂੰ ਇੱਕ ਚੰਗੀ ਸ਼ੁਰੂਆਤ ਮੰਨਿਆ ਜਾਣਾ ਚਾਹੀਦਾ ਹੈ। ਪਰ ਪਾਰਟੀ ਨੂੰ ਪਾਰਦਰਸ਼ਤਾ ਦਿਖਾਉਣ ਦੀ ਲੋੜ ਹੈ।" ਦੂਜੇ ਪਾਸੇ ਅਕਾਲੀ ਦਲ ਬਾਦਲ ਦੇ ਸਲਾਹਕਾਰ ਹਰਚਰਨ ਸਿੰਘ ਬੈਂਸ ਦਾ ਕਹਿਣਾ ਹੈ ਕਿ ਅਕਾਲੀ ਦਲ ਦੇ ਇਤਿਹਾਸ ਵਿੱਚ ਕਈ ਅਜਿਹੇ ਮੌਕੇ ਆਏ ਹਨ ਜਦੋਂ ਬਹੁਤ ਹੀ ਸੰਕਟ ਦੇ ਸਮੇਂ ਵਿੱਚੋਂ ਅਕਾਲੀ ਦਲ ਉਭਰਿਆ। ਅੱਜ ਦਾ ਫ਼ੈਸਲਾ ਅਕਾਲੀ ਦਲ ਨੂੰ ਮੁੜ ਸੰਕਟ ਵਿੱਚੋਂ ਕੱਢਣ ਦਾ ਸਮਾਂ ਹੈ। ਇਹ ਪਲ ਨੇ ਜਦੋਂ ਪੰਥ ਲਈ ਦਰਦ ਰੱਖਣ ਵਾਲੇ ਇੱਕ ਥਾਂ ਇਕੱਠੇ ਹੋਣਗੇ। ਸੁਖਬੀਰ ਬਾਦਲ ਬਾਰੇ ਉਨ੍ਹਾਂ ਕਿਹਾ, "ਅਜਿਹਾ ਨਹੀਂ ਦੁਨੀਆ ਭਰ ਵਿੱਚ ਵੀ ਸਿਆਸੀ ਪਰਿਵਾਰਾਂ ਦੀਆਂ ਅਗਲੀਆਂ ਪੀੜ੍ਹੀਆਂ ਸਿਆਸਤ ਵਿੱਚ ਆਉਂਦੀਆਂ ਹਨ। ਇਹ ਫ਼ੈਸਲਾ ਪਾਰਟੀ ਦਾ ਨਹੀਂ ਬਲਕਿ ਲੋਕਾਂ ਦੇ ਉਤਸ਼ਾਹ ਦਾ ਹੈ।"

ਬਾਕੀ ਹਿਸਾ ਸਫ਼ਾ 18 ਤੇ ਪੜ੍ਹੋ

## 17 ਸਫ਼ੇ ਦੀ ਬਾਕੀ
## ਸੁਖਬੀਰ ਬਾਦਲ ਲਈ ਚੁਣੌਤੀਆਂ

ਸੁਖਬੀਰ ਸਿੰਘ ਬਾਦਲ ਲਈ ਅਸਲ ਚੁਣੌਤੀ ਪਾਰਟੀ ਛੱਡ ਚੁੱਕੇ ਨਾਰਾਜ਼ ਆਗੂਆਂ ਨੂੰ ਵਾਪਸ ਲਿਆਉਣਾ ਹੈ। ਉਸਦੀ 2023 ਦੀ ਮੁਆਫ਼ੀ ਅਤੇ ਹੁਣ ਇਹ ਅਕਾਲੀ ਦਲ ਦੇ ਪ੍ਰਧਾਨ ਵਜੋਂ ਨਿਯੁਕਤੀ ਉਸ ਦਿਸ਼ਾ ਵਿੱਚ ਕਦਮ ਹੋ ਸਕਦੀ ਹੈ। 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ, ਅਕਾਲੀ ਦਲ ਨੂੰ ਸਿਰਫ਼ 3 ਸੀਟਾਂ ਮਿਲੀਆਂ ਅਤੇ ਇਸਦਾ ਵੋਟ ਹਿੱਸਾ 18.38% ਰਹਿ ਗਿਆ। ਸੁਖਬੀਰ ਦੀ ਇਹ ਨਿਯੁਕਤੀ ਅਤੇ ਉਨ੍ਹਾਂ ਦਾ ਬਿਆਨ 2027 ਲਈ ਇੱਕ ਸ਼ੁਰੂਆਤੀ ਬਿਗਲ ਹੈ। ਪਾਰਟੀ ਹੁਣ ਪੇਂਡੂ ਸਿੱਖ ਵੋਟਰਾਂ ਨੂੰ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕਰ ਰਹੀ ਹੈ।

ਪੰਜਾਬ ਬਚਾਓ ਯਾਤਰਾ ਅਤੇ ਹੁਣ ਇਸ ਬਿਆਨ ਰਾਹੀਂ, ਸੁਖਬੀਰ ਇਹ ਸੁਨੇਹਾ ਦੇ ਰਹੇ ਹਨ ਕਿ ਸਿਰਫ਼ ਅਕਾਲੀ ਦਲ ਹੀ ਪੰਜਾਬ ਦੀਆਂ ਸਮੱਸਿਆਵਾਂ ਜਿਵੇਂ ਕਿ ਨਸ਼ੇ, ਬੇਰੁਜ਼ਗਾਰੀ ਅਤੇ ਕਿਸਾਨਾਂ ਦੇ ਮੁੱਦੇ ਹੱਲ ਕਰ ਸਕਦਾ ਹੈ। 2020 ਵਿੱਚ ਕਿਸਾਨ ਅੰਦੋਲਨ ਦੌਰਾਨ ਅਕਾਲੀ ਦਲ ਨੇ ਐਨਡੀਏ ਛੱਡ ਦਿੱਤਾ ਸੀ। 2024 ਵਿੱਚ ਸੁਖਬੀਰ ਨੇ ਸਪੱਸ਼ਟ ਕੀਤਾ ਸੀ ਕਿ ਉਨ੍ਹਾਂ ਦਾ ਗਠਜੋੜ ਬਸਪਾ ਨਾਲ ਹੈ, ਪਰ ਐਨਡੀਏ ਵਿੱਚ ਉਨ੍ਹਾਂ ਦੀ ਵਾਪਸੀ ਦੀਆਂ ਅਟਕਲਾਂ ਅਜੇ ਵੀ ਖਤਮ ਨਹੀਂ ਹੋਈਆਂ ਹਨ। ਉਸਦੀ ਨਿਯੁਕਤੀ ਅਤੇ ਪੰਜਾਬ ਦੇ ਵਾਰਸ ਵਜੋਂ ਉਸਦਾ ਬਿਆਨ ਵੀ ਕੇਂਦਰ ਨਾਲ ਭਵਿੱਖ ਦੇ ਸਬੰਧਾਂ 'ਤੇ ਨਿਰਭਰ ਕਰੇਗਾ। ਜੇਕਰ ਅਕਾਲੀ ਦਲ ਐਨਡੀਏ ਵਿੱਚ ਵਾਪਸ ਆਉਂਦਾ ਹੈ, ਤਾਂ ਉਨ੍ਹਾਂ ਲਈ ਪਾਰਟੀ ਤੇ ਪੰਜਾਬ ਦੀ ਖੁਦਮੁਖਤਿਆਰੀ ਯਕੀਨੀ ਬਣਾਈ ਰੱਖਣਾ ਅਹਿਮ ਇਮਤਿਹਾਨ ਹੋਵੇਗਾ।

ਸੁਖਬੀਰ ਸਿੰਘ ਬਾਦਲ ਦਾ ਰਸਤਾ ਸੌਖਾ ਨਹੀਂ ਹੈ। ਉਨ੍ਹਾਂ ਨੂੰ ਸਭ ਤੋਂ ਵੱਡੀ ਸਮੱਸਿਆ ਭਰੋਸੇਯੋਗਤਾ ਦੀ ਹੈ। 2017-2022 ਦੌਰਾਨ ਅਕਾਲੀ ਦਲ-ਭਾਜਪਾ ਸਰਕਾਰ 'ਤੇ ਭ੍ਰਿਸ਼ਟਾਚਾਰ, ਡਰੱਗ ਮਾਫੀਆ ਨੂੰ ਸਰਪ੍ਰਸਤੀ ਦੇਣ, ਬੇਅਦਬੀ ਅਤੇ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਲੱਗੇ ਸਨ। ਬਰਗਾੜੀ ਬੇਅਦਬੀ ਘਟਨਾ ਅਤੇ ਉਸ ਤੋਂ ਬਾਅਦ ਹੋਈ ਹਿੰਸਾ ਨੇ ਪਾਰਟੀ ਦੇ ਅਕਸ ਨੂੰ ਗੰਭੀਰ ਨੁਕਸਾਨ ਪਹੁੰਚਾਇਆ ਸੀ। ਇਸ ਦਾਗ਼ ਨੂੰ ਮਿਟਾਉਣ ਲਈ ਸੁਖਬੀਰ ਨੂੰ ਸਖ਼ਤ ਮਿਹਨਤ ਕਰਨੀ ਪਵੇਗੀ।

ਸੁਖਬੀਰ ਸਿੰਘ ਬਾਦਲ ਦੀਆਂ ਮੁਸੀਬਤਾਂ ਇੱਥੇ ਹੀ ਨਹੀਂ ਰੁਕਣੀਆਂ ਸਗੋਂ ਮੁੱਖ ਮੰਤਰੀ ਬਣਨ ਤੋਂ ਬਾਅਦ ਉਨ੍ਹਾਂ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਇਹ ਚੁਣੌਤੀ ਹੋਰ ਵੀ ਵੱਡੀ ਹੋ ਜਾਵੇਗੀ ਖ਼ਾਸ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਗਈ ਕਮੇਟੀ ਵੱਲੋਂ ਚਲਾਈ ਜਾ ਰਹੀ ਸਮਾਨਾਂਤਰ ਭਰਤੀ ਮੁਹਿੰਮ ਕਾਰਨ। ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਮਨਪ੍ਰੀਤ ਸਿੰਘ ਇਆਲੀ, ਇਕਬਾਲ ਸਿੰਘ ਝੂੰਦਾਂ, ਬੀਬੀ ਜਗੀਰ ਕੌਰ ਆਦਿ ਸਮੇਤ ਪਾਰਟੀ ਦੇ ਬਹੁਤੇ ਸੀਨੀਅਰ ਆਗੂ ਕਮੇਟੀ ਵੱਲੋਂ ਚਲਾਈ ਜਾ ਰਹੀ ਭਰਤੀ ਕਮੇਟੀ ਦੇ ਨਾਲ ਚਲੇ ਗਏ ਹਨ। ਸੁਖਦੇਵ ਸਿੰਘ ਢੀਂਡਸਾ, ਉਨ੍ਹਾਂ ਦੇ ਪੁੱਤਰ ਪਰਮਿੰਦਰ ਸਿੰਘ ਢੀਂਡਸਾ ਆਦਿ ਵੀ ਉਨ੍ਹਾਂ ਦੇ ਨਾਲ ਹਨ। ਹੁਣ ਸਵਾਲ ਇਹ ਉੱਠਦਾ ਹੈ ਕਿ ਉਨ੍ਹਾਂ ਦੀ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਅਕਾਲੀ ਦਲ ਨਾਲ ਏਕਤਾ ਹੋਵੇਗੀ ਜਾਂ ਨਹੀਂ? ਕੀ ਉਹ ਸ਼੍ਰੋਮਣੀ ਅਕਾਲੀ ਦਲ ਦਾ ਹਿੱਸਾ ਬਣਨਗੇ ਜਾਂ ਨਵਾਂ ਅਕਾਲੀ ਦਲ ਬਣਾਉਣਗੇ? ਸੁਖਬੀਰ ਬਾਦਲ ਲਈ ਚੁਣੌਤੀ ਆਪਣੇ ਪੁਰਾਣੇ ਸਹਿਯੋਗੀਆਂ ਨੂੰ ਵਾਪਸ ਲਿਆਉਣ ਦੀ ਹੋਵੇਗੀ?

ਮਾਲਵਾ, ਜੋ ਕਦੇ ਅਕਾਲੀ ਦਲ ਦਾ ਗੜ੍ਹ ਸੀ ਇਨ੍ਹੀਂ ਦਿਨੀਂ ਬੁਰੀ ਤਰ੍ਹਾਂ ਤਬਾਹ ਹੋ ਚੁੱਕਾ ਹੈ। ਉਨ੍ਹਾਂ ਨੂੰ ਮੁੜ ਸਥਾਪਤ ਕਰਨਾ ਕੋਈ ਸੌਖਾ ਕੰਮ ਨਹੀਂ ਹੈ ਕਿਉਂਕਿ ਹੁਣ ਪੰਜਾਬ ਦੀ ਰਾਜਨੀਤੀ ਵਿਚ ਬਹੁ-ਕੋਣੀ ਲੜਾਈ ਚੱਲ ਰਹੀ ਹੈ। ਹੁਣ ਤੱਕ ਸਿਰਫ਼ ਅਕਾਲੀ-ਭਾਜਪਾ ਗੱਠਜੋੜ ਅਤੇ ਕਾਂਗਰਸ ਹੀ ਸਿਆਸੀ ਮੈਦਾਨ ਵਿਚ ਸਨ। ਜੇਕਰ ਲੋਕ ਇਕ ਪਾਰਟੀ ਤੋਂ ਨਾਖੁਸ਼ ਹੁੰਦੇ ਤਾਂ ਦੂਜੀ ਨੂੰ ਚੁਣਦੇ ਪਰ ਆਮ ਆਦਮੀ ਪਾਰਟੀ ਦੇ ਆਉਣ ਨਾਲ ਲੜਾਈ ਤਿਕੋਣੀ ਹੋ ਗਈ ਹੈ ਪਰ ਭਾਜਪਾ ਦੇ ਅਕਾਲੀ ਦਲ ਨਾਲ ਨਾ ਹੋਣ ਕਾਰਨ ਇਹ ਬਹੁ-ਕੋਣੀ ਹੋ ਗਈ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਦਰਅਸਲ ਜਿਸ ਤਰ੍ਹਾਂ ਸੁਖਬੀਰ ਬਾਦਲ ਇਨ੍ਹੀਂ ਦਿਨੀਂ ਭਾਜਪਾ ਦਾ ਵਿਰੋਧ ਕਰ ਰਹੇ ਹਨ ਉਸ ਤੋਂ ਲੱਗਦਾ ਨਹੀਂ ਕਿ ਨੇੜਲੇ ਭਵਿੱਖ ਵਿਚ ਅਕਾਲੀ ਦਲ ਅਤੇ ਭਾਜਪਾ ਇਕੱਠੇ ਹੋਣਗੇ।

ਪੰਜਾਬ ਵਿੱਚ 'ਆਪ' ਅਤੇ ਕਾਂਗਰਸ ਦੋਵੇਂ ਹੀ ਮਜ਼ਬੂਤ ਸਥਿਤੀ ਵਿੱਚ ਹਨ। 'ਆਪ' ਦੀ ਭਗਵੰਤ ਮਾਨ ਸਰਕਾਰ ਨੇ ਮੁਫ਼ਤ ਬਿਜਲੀ ਅਤੇ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਵਰਗੇ ਪ੍ਰਸਿੱਧ ਉਪਾਅ ਕੀਤੇ ਹਨ, ਜਦੋਂ ਕਿ ਕਾਂਗਰਸ ਆਪਣੀਆਂ ਪੁਰਾਣੀਆਂ ਜੜ੍ਹਾਂ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਸੁਖਬੀਰ ਨੂੰ ਦੋਵਾਂ ਨਾਲ ਮੁਕਾਬਲਾ ਕਰਨ ਲਈ ਇੱਕ ਨਵੀਂ ਰਣਨੀਤੀ ਦੀ ਲੋੜ ਹੈ। ਜੋ ਨਵਾਂ ਅਕਾਲੀ ਦਲ ਪੰਜ ਮੈਂਬਰੀ ਕਮੇਟੀ ਉਸਾਰ ਰਹੀ ਹੈ, ਉਹ ਵੀ ਸੁਖਬੀਰ ਬਾਦਲ ਲਈ ਚੈਲਿੰਜ ਹੋਵੇਗਾ।

ਸੁਖਬੀਰ ਨੂੰ ਇਹ ਸਾਬਤ ਕਰਨਾ ਪਵੇਗਾ ਕਿ ਉਨ੍ਹਾਂ ਦੀ ਪਾਰਟੀ ਸਿੱਖ ਕਦਰਾਂ-ਕੀਮਤਾਂ ਅਤੇ ਪੰਜਾਬੀ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ, ਨਾ ਕਿ ਸਿਰਫ਼ ਸੱਤਾ ਦੀ ਰਾਜਨੀਤੀ ਲਈ। ਜੇਕਰ ਸੁਖਬੀਰ ਨਾਰਾਜ਼ ਆਗੂਆਂ ਨੂੰ ਵਾਪਸ ਲਿਆਉਣ ਅਤੇ ਨੌਜਵਾਨ ਵਰਕਰਾਂ ਨੂੰ ਪ੍ਰੇਰਿਤ ਕਰਨ ਵਿੱਚ ਸਫਲ ਹੋ ਜਾਂਦਾ ਹੈ, ਤਾਂ ਅਕਾਲੀ ਦਲ 2027 ਵਿੱਚ ਇੱਕ ਮਜ਼ਬੂਤ ਦਾਅਵੇਦਾਰ ਬਣ ਸਕਦਾ ਹੈ। ਉਨ੍ਹਾਂ ਦੀ 'ਪੰਜਾਬ ਬਚਾਓ ਯਾਤਰਾ' ਅਤੇ ਹੁਣ ਇਹ ਨਿਯੁਕਤੀ ਇਸ ਦਿਸ਼ਾ ਵਿੱਚ ਸ਼ੁਰੂਆਤੀ ਕਦਮ ਹਨ।

ਸੁਖਬੀਰ ਦਾ ਖਾਲਸਾ ਪੰਥ ਅਤੇ ਪੰਜਾਬੀ ਪਛਾਣ 'ਤੇ ਜ਼ੋਰ ਸਿੱਖ ਵੋਟਰਾਂ ਨੂੰ ਇਕਜੁੱਟ ਕਰਨ ਦੀ ਕੋਸ਼ਿਸ਼ ਹੈ। ਜੇਕਰ ਇਹ ਰਣਨੀਤੀ ਕੰਮ ਕਰਦੀ ਹੈ ਤਾਂ ਇਹ 'ਆਪ' ਅਤੇ ਕਾਂਗਰਸ ਲਈ ਚੁਣੌਤੀ ਬਣ ਸਕਦੀ ਹੈ। ਪਰ ਇਹ ਸਭ ਕੁਝ ਸੁਖਬੀਰ ਦੀ ਲੀਡਰਸ਼ਿਪ ਯੋਗਤਾ ਅਤੇ ਉਸਦੀ ਰਣਨੀਤੀ 'ਤੇ ਨਿਰਭਰ ਕਰੇਗਾ। ਪੰਜਾਬ ਦੀ ਰਾਜਨੀਤੀ ਵਿੱਚ 'ਆਪ' ਅਤੇ ਕਾਂਗਰਸ ਵਰਗੇ ਮਜ਼ਬੂਤ ਵਿਰੋਧੀ ਧਿਰਾਂ, ਅਕਾਲੀ ਦਲ ਦੀਆਂ ਇਤਿਹਾਸਕ ਗਲਤੀਆਂ ਅਤੇ ਅੰਦਰੂਨੀ ਚੁਣੌਤੀਆਂ ਸੁਖਬੀਰ ਲਈ ਰਾਹ ਮੁਸ਼ਕਲ ਬਣਾਉਂਦੀਆਂ ਹਨ। ਫਿਰ ਵੀ, ਉਨ੍ਹਾਂ ਦੀ ਨਿਯੁਕਤੀ ਅਤੇ ਬਿਆਨ ਤੋਂ ਪਤਾ ਲੱਗਦਾ ਹੈ ਕਿ ਅਕਾਲੀ ਦਲ 2027 ਲਈ ਚੋਣ ਮੈਦਾਨ ਵਿੱਚ ਉਤਰ ਚੁੱਕਾ ਹੈ।

# ਸਾਈਬਰ ਠੱਗੀ ਨੈੱਟਵਰਕ ਦਾ ਭੇਦ ਖੁੱਲਿਆ

**✪ 24 ਲੱਖ ਰੁਪਏ, 14 ਮੋਬਾਈਲ ਫ਼ੋਨ, 43 ਏਟੀਐਮ ਕਾਰਡ ਬਰਾਮਦ; 3 ਗ੍ਰਿਫ਼ਤਾਰ**



ਜਲੰਧਰ-ਕਮਿਸ਼ਨਰੇਟ ਪੁਲੀਸ ਜਲੰਧਰ ਨੇ ਸਾਈਬਰ ਧੋਖਾਧੜੀ ਵਿੱਚ ਸ਼ਾਮਲ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲੀਸ ਨੇ ਮੁਲਜ਼ਮਾਂ ਤੋਂ 24 ਲੱਖ ਰੁਪਏ ਦੀ ਨਕਦੀ, 14 ਮੋਬਾਈਲ ਫ਼ੋਨ, ਇੱਕ ਲੈਪਟਾਪ, 19 ਬੈਂਕ ਪਾਸਬੁੱਕ ਅਤੇ 43 ਏਟੀਐਮ ਕਾਰਡ ਬਰਾਮਦ ਕੀਤੇ ਹਨ।

ਸੀਪੀ ਜਲੰਧਰ ਨੇ ਕਿਹਾ ਕਿ ਪੁਲੀਸ ਸਟੇਸ਼ਨ ਨਵੀਂ ਬਾਰਾਦਰੀ ਦੀ ਟੀਮ ਨੂੰ ਜਲੰਧਰ ਦੇ ਹੋਟਲ ਐਮ-1 ਵਿੱਚ ਸਾਈਬਰ ਧੋਖਾਧੜੀ ਗਰੋਹ ਦੀ ਮੌਜੂਦਗੀ ਬਾਰੇ ਸੂਚਨਾ ਮਿਲੀ ਸੀ। ਪੁਲੀਸ ਨੇ ਮੌਕੇ 'ਤੇ ਛਾਪਾ ਮਾਰਿਆ ਅਤੇ ਤਿੰਨ ਸ਼ੱਕੀਆਂ ਨੂੰ ਗ੍ਰਿਫ਼ਤਾਰ ਕਰ ਲਿਆ। ਮੁਲਜ਼ਮਾਂ ਦੀ ਪਛਾਣ ਵਰੁਣ ਆਂਚਲ ਵਾਸੀ ਐਚ. ਨੰ. 466, ਸ਼ਹੀਦ ਬਾਬੂ ਲਾਭ ਸਿੰਘ ਨਗਰ, ਜਲੰਧਰ, ਅਨਿਲ ਪੁੱਤਰ ਵਾਸੀ ਐਚ.ਨੰਬਰ 458, ਮਧੂਬਨ ਕਲੋਨੀ, ਜਲੰਧਰ ਅਤੇ ਦੁਧਾਗਰਾ ਰਿੰਪਲ ਵਾਸੀ ਮੋਰਬੀ ਰੋਡ, ਰਾਜਕੋਟ, ਗੁਜਰਾਤ ਵਜੋਂ ਹੋਈ ਹੈ। ਤਲਾਸ਼ੀ ਦੌਰਾਨ, ਪੁਲੀਸ ਨੇ 24 ਲੱਖ ਰੁਪਏ ਦੀ ਨਕਦੀ, 14 ਮੋਬਾਈਲ ਫੋਨ, ਇੱਕ ਲੈਪਟਾਪ, ਵੱਖ-ਵੱਖ ਨਾਵਾਂ 'ਤੇ 19 ਬੈਂਕ ਪਾਸਬੁੱਕਾਂ ਅਤੇ 43 ਏਟੀਐਮ ਕਾਰਡ ਜ਼ਬਤ ਕੀਤੇ ਹਨ।

ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ ਸੀ, ਜਿੱਥੋਂ ਪੁਲੀਸ ਨੇ ਉਨ੍ਹਾਂ ਦਾ ਤਿੰਨ ਦਿਨਾ ਰਿਮਾਂਡ ਹਾਸਲ ਕੀਤਾ ਹੈ। ਸਾਈਬਰ ਧੋਖਾਧੜੀ ਨੈੱਟਵਰਕ ਦੇ ਅੱਗੇ ਅਤੇ ਪਿੱਛੇ ਸਬੰਧਾਂ ਦਾ ਪਤਾ ਲਗਾਉਣ ਲਈ ਜਾਂਚ ਜਾਰੀ ਹੈ।

# 3 ਨਾਜਾਇਜ਼ ਪਿਸਤੌਲਾਂ ਤੇ 25 ਕਾਰਤੂਸਾਂ ਸਮੇਤ ਦੋਸ਼ੀ ਗ੍ਰਿਫ਼ਤਾਰ

**✪ ਦੋਸ਼ੀਆਂ ਦੇ ਕਬਜ਼ੇ ਵਿਚੋਂ ਤਿੰਨ ਮੈਗਜ਼ੀਨ ਵੀ ਮਿਲੇ, ਮੁਕੱਦਮਾ ਦਰਜ**

ਲੁਧਿਆਣਾ-ਲੁਧਿਆਣਾ ਦੇ ਸਪੈਸ਼ਲ ਸੈੱਲ ਤੇ ਏਜੀਟੀਐੱਫ ਦੀ ਟੀਮ ਨੇ ਸਾਂਝੇ ਤੌਰ 'ਤੇ ਕਾਰਵਾਈ ਕਰਦਿਆਂ ਇਕ ਮੁਲਜ਼ਮ ਨੂੰ ਕਾਬੂ ਕਰ ਕੇ ਉਸ ਦੇ ਕਬਜ਼ੇ 'ਚੋਂ .32 ਬੋਰ ਦੀਆਂ ਤਿੰਨ



ਨਾਜਾਇਜ਼ ਦੇਸੀ ਪਿਸਤੌਲਾਂ, ਤਿੰਨ ਮੈਗਜ਼ੀਨ ਤੇ ਕੁੱਲ 25 ਰੌਂਦ ਬਰਾਮਦ ਕੀਤੇ। ਜਾਣਕਾਰੀ ਦਿੰਦਿਆਂ ਏਡੀਸੀਪੀ ਇਨਵੈਸਟੀਗੇਸ਼ਨ ਨੇ ਦੱਸਿਆ ਕਿ ਗ੍ਰਿਫ਼ਤਾਰ ਮੁਲਜ਼ਮ ਦੀ ਪਛਾਣ ਗਿਆਸਪੁਰਾ ਦੇ ਸੂਆ ਰੋਡ ਵਾਸੀ ਮਨੀਸ਼ ਕੁਮਾਰ ਸ਼ੇਖਰ ਵਜੋਂ ਹੋਈ ਹੈ। ਪੁਲਿਸ ਮੁਤਾਬਕ ਮੁਲਜ਼ਮ ਮਨੀਸ਼ ਪਿੱਛੋਂ ਬਿਹਾਰ ਦੇ ਜੰਜਾਲਪੁਰ ਇਲਾਕੇ ਦਾ ਵਾਸੀ ਹੈ। ਜਾਣਕਾਰੀ ਦਿੰਦਿਆਂ ਏਡੀਸੀਪੀ ਇਨਵੈਸਟੀਗੇਸ਼ਨ ਅਮਨਦੀਪ ਸਿੰਘ ਬਰਾੜ, ਏਸੀਪੀ ਰਾਜੇਸ਼ ਸ਼ਰਮਾ ਤੇ ਸਪੈਸ਼ਲ ਸੈੱਲ ਦੇ ਇੰਚਾਰਜ ਨਵਦੀਪ ਸਿੰਘ ਨੇ ਦੱਸਿਆ ਕਿ ਸਪੈਸ਼ਲ ਸੈੱਲ ਦੀ ਟੀਮ ਨੇ ਲੁਧਿਆਣਾ ਦੇ ਏਜੀਟੀਐੱਫ ਦੀ ਟੀਮ ਨਾਲ ਸਾਂਝੇ ਤੌਰ 'ਤੇ ਕਾਰਵਾਈ ਕਰਦਿਆਂ ਈਸਟ ਮੈਨ ਚੌਕ 'ਚ ਕੀਤੀ ਨਾਕਾਬੰਦੀ ਦੌਰਾਨ ਮੁਲਜ਼ਮ ਮਨੀਸ਼ ਕੁਮਾਰ ਉਰਫ ਸ਼ੇਖਰ ਨੂੰ ਗ੍ਰਿਫ਼ਤਾਰ ਕੀਤਾ। ਪੁਲਿਸ ਨੇ ਤਲਾਸ਼ੀ ਦੌਰਾਨ ਮੁਲਜ਼ਮ ਦੇ ਕਬਜ਼ੇ 'ਚੋਂ ਤਿੰਨ ਨਾਜਾਇਜ਼ ਦੇਸੀ ਪਿਸਤੌਲਾਂ, ਤਿੰਨ ਮੈਗਜ਼ੀਨ ਤੇ ਕੁੱਲ 25 ਕਾਰਤੂਸ ਬਰਾਮਦ ਕੀਤੇ। ਪੁਲਿਸ ਨੇ ਮੁਲਜ਼ਮ ਖ਼ਿਲਾਫ਼ ਅਸਲਾ ਐਕਟ ਦੀਆਂ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰ ਲਿਆ ਹੈ। ਏਡੀਸੀਪੀ ਇਨਵੈਸਟੀਗੇਸ਼ਨ ਨੇ ਦੱਸਿਆ ਕਿ ਮੁਲਜ਼ਮ ਦੀ ਪੁੱਛਗਿੱਛ ਦੌਰਾਨ ਕਈ ਖੁਲਾਸੇ ਹੋਣ ਦੀ ਉਮੀਦ ਹੈ।

# ਡਰਗ ਵਿਰੁੱਧ ਮੁਹਿੰਮ ਤਹਿਤ 61 ਡਰੱਗ ਸਮਗਲਰ ਗ੍ਰਿਫ਼ਤਾਰ

**✪ 1.3 ਕਿੱਲੋ ਹੈਰੋਇਨ ਤੇ 91.3 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ**

ਚੰਡੀਗੜ੍ਹ-'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ 44ਵੇਂ ਦਿਨ ਪੰਜਾਬ ਪੁਲਿਸ ਨੇ 61 ਡਰੱਗ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ। ਮੁਲਜ਼ਮਾਂ ਦੇ ਕਬਜ਼ੇ 'ਚੋਂ 1.3 ਕਿੱਲੋ ਹੈਰੋਇਨ ਤੇ 91.3 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ। ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 5926 ਤੱਕ ਪੁੱਜ ਗਈ ਹੈ। ਸੂਬੇ ਦੇ ਸਾਰੇ 28 ਪੁਲਿਸ ਜ਼ਿਲ੍ਹਿਆਂ 'ਚ ਇਕੱਠੀ ਮੁਹਿੰਮ ਚਲਾਈ ਗਈ।

# ਅਮਰੀਕਾ ਵਿਚ ਅੰਤਰਰਾਸ਼ਟਰੀ ਵਿਦਿਆਰਥੀਆਂ ਤੇ ਯਾਤਰਾ ਕਰਨ ਆਇਆਂ ਦੀ ਨਿਗਰਾਨੀ ਵਧੀ

ਖਾਸ ਖ਼ਬਰ

## ✪ ਟਰੰਪ ਨੇ ਇਮੀਗ੍ਰੇਸ਼ਨ ਨਿਯਮ ਕੀਤੇ ਸਖਤ, ਜੇਕਰ ਕੋਈ ਗਲਤੀ ਕਰੇਗਾ ਤਾਂ ਵੀਜ਼ਾ ਹੋਵੇਗਾ ਰੱਦ ✪ ਅਮਰੀਕਾ ਵਿੱਚ 30 ਦਿਨ ਤੋਂ ਵੱਧ ਰਹਿਣ 'ਤੇ ਰਜਿਸਟਰੇਸ਼ਨ ਜ਼ਰੂਰੀ

ਅਮਰੀਕਾ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਨਿਗਰਾਨੀ ਵਧ ਗਈ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸੱਤਾ ਵਿੱਚ ਵਾਪਸ ਆਉਣ ਤੋਂ ਬਾਅਦ ਇਮੀਗ੍ਰੇਸ਼ਨ ਨਿਯਮਾਂ ਅਤੇ ਉਨ੍ਹਾਂ ਨੂੰ ਲਾਗੂ ਕਰਨ ਨੂੰ ਹੁਣ ਹੋਰ ਸਖ਼ਤੀ ਨਾਲ ਲਾਗੂ ਕੀਤਾ ਜਾ ਰਿਹਾ ਹੈ। ਡੋਨਲਡ ਟਰੰਪ ਨੇ ਦੇਸ਼ ਵਿੱਚ ਗੈਰਕਾਨੂੰਨੀ ਢੰਗ ਨਾਲ ਰਹਿ ਰਹੇ ਲੋਕਾਂ 'ਤੇ ਸਖਤੀ ਕਰ ਦਿੱਤੀ ਹੈ। ਅਮਰੀਕਾ ਸਰਕਾਰ ਨੇ ਦੇਸ਼ ਵਿਚ ਰਹਿ ਰਹੇ ਵਿਦੇਸ਼ੀ ਨਾਗਰਿਕਾਂ ਨੂੰ ਅਲਟੀਮੇਟਮ ਦਿੰਦਿਆਂ ਕਿਹਾ ਹੈ ਕਿ ਜੇ ਉਨ੍ਹਾਂ ਨੇ ਅਮਰੀਕਾ ਵਿਚ ਤੀਹ ਦਿਨ ਤੋਂ ਜ਼ਿਆਦਾ ਰਹਿਣਾ ਹੈ ਤਾਂ ਉਹ ਰਜਿਸਟਰੇਸ਼ਨ ਕਰਵਾ ਲੈਣ, ਨਹੀਂ ਤਾਂ ਉਨ੍ਹਾਂ ਨੂੰ ਜੇਲ੍ਹ ਤੇ ਜੁਰਮਾਨਾ ਦੋਵੇਂ ਹੋਣਗੇ।

ਯੂਐਸ ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਉਰਿਟੀ (ਡੀਐਚਐਸ) ਨੇ ਸਵੈ-ਡਿਪੋਰਟੇਸ਼ਨ ਦੀ ਜ਼ਰੂਰਤ 'ਤੇ ਜ਼ੋਰ ਦਿੰਦਿਆਂ ਵਿਦੇਸ਼ੀ ਨਾਗਰਿਕਾਂ ਨੂੰ 30 ਦਿਨਾਂ ਦੇ ਅੰਦਰ ਆਪਣੇ ਆਪ ਨੂੰ ਸਰਕਾਰ ਕੋਲ ਰਜਿਸਟਰ ਕਰਨ ਜਾਂ ਜੁਰਮਾਨੇ ਜਾਂ ਕੈਦ ਦਾ ਸਾਹਮਣਾ ਕਰਨ ਲਈ ਕਿਹਾ ਹੈ। ਡੋਨਲਡ ਟਰੰਪ ਪ੍ਰਸ਼ਾਸਨ ਨੇ ਕਿਹਾ ਹੈ ਕਿ ਜੋ ਵਿਦੇਸ਼ੀ ਨਾਗਰਿਕ ਅਮਰੀਕਾ ਵਿਚ 30 ਦਿਨਾਂ ਤੋਂ ਵੱਧ ਸਮੇਂ ਤੋਂ ਰਹਿ ਰਹੇ ਹਨ, ਉਨ੍ਹਾਂ ਨੂੰ ਸਰਕਾਰ ਕੋਲ ਰਜਿਸਟਰ ਹੋਣਾ ਚਾਹੀਦਾ ਹੈ ਅਤੇ ਅਜਿਹਾ ਨਾ ਕਰਨ 'ਤੇ ਜੁਰਮਾਨਾ ਅਤੇ ਕੈਦ ਹੋ ਸਕਦੀ ਹੈ।

ਇਸ ਸਬੰਧੀ ਪੋਸਟ ਐਕਸ 'ਤੇ ਵੀ ਨਸ਼ਰ ਕੀਤੀ ਗਈ ਹੈ। ਇਸ ਤੋਂ ਪਹਿਲਾਂ ਵੀ ਟਰੰਪ ਪ੍ਰਸ਼ਾਸਨ ਦੇ ਫੈਸਲਿਆਂ ਕਾਰਨ ਗੈਰਕਾਨੂੰਨੀ ਢੰਗ ਨਾਲ ਰਹਿ ਰਹੇ ਲੋਕਾਂ ਨੂੰ ਵਾਪਸ ਉਨ੍ਹਾਂ ਦੇ ਦੇਸ਼ ਭੇਜਿਆ ਗਿਆ ਸੀ। ਅਜਿਹੀ ਸਥਿਤੀ ਵਿੱਚ ਜੇਕਰ ਕੋਈ ਵਿਦਿਆਰਥੀ ਕੁਝ ਨਿਯਮਾਂ ਦੀ ਉਲੰਘਣਾ ਕਰਦਾ ਹੈ ਤਾਂ ਉਸਦਾ ਵਿਦਿਆਰਥੀ ਵੀਜ਼ਾ ਰੱਦ ਕੀਤਾ ਜਾ ਸਕਦਾ ਹੈ। ਜੇਕਰ ਤੁਸੀਂ ਇਸ ਸਮੇਂ ਅਮਰੀਕਾ ਵਿੱਚ ਪੜ੍ਹ ਰਹੇ ਹੋ ਜਾਂ ਭਵਿੱਖ ਵਿੱਚ ਉੱਥੇ ਜਾਣ ਬਾਰੇ ਸੋਚ ਰਹੇ ਹੋ ਤਾਂ ਤੁਹਾਨੂੰ ਕੁਝ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ।

ਅਮਰੀਕਾ ਵਿੱਚ ਵਿਦਿਆਰਥੀ ਨੂੰ ਉਸਦੀ ਪੜ੍ਹਾਈ ਦੇ ਆਧਾਰ 'ਤੇ ਵੀਜ਼ਾ ਦਿੱਤਾ ਜਾਂਦਾ ਹੈ। ਉਦਾਹਰਣ ਵਜੋਂ, ਐਫ-1 ਵੀਜ਼ਾ ਉਨ੍ਹਾਂ ਵਿਦਿਆਰਥੀਆਂ ਨੂੰ ਦਿੱਤਾ ਜਾਂਦਾ ਹੈ, ਜੋ ਰਵਾਇਤੀ ਅਕਾਦਮਿਕ ਪ੍ਰੋਗਰਾਮਾਂ ਵਿੱਚ ਦਾਖਲਾ ਲੈਂਦੇ ਹਨ। ਜਦੋਂਕਿ ਐੱਮ-1 ਵੀਜ਼ਾ ਉਨ੍ਹਾਂ ਵਿਦਿਆਰਥੀਆਂ ਨੂੰ ਦਿੱਤਾ ਜਾਂਦਾ ਹੈ ਜੋ ਕਿ ਕਿੱਤਾਮੁਖੀ ਪ੍ਰੋਗਰਾਮਾਂ ਵਿੱਚ ਦਾਖਲਾ ਲੈਂਦੇ ਹਨ। ਅਜਿਹੀ ਸਥਿਤੀ ਵਿੱਚ ਜੇਕਰ ਕੋਈ ਵਿਦਿਆਰਥੀ ਕੋਈ ਗਲਤੀ ਕਰਦਾ ਹੈ ਤਾਂ ਉਸਦਾ ਵੀਜ਼ਾ ਰੱਦ ਕੀਤਾ ਜਾ ਸਕਦਾ ਹੈ। ਇਸ ਹਾਲਤ ਵਿੱਚ ਵਿਦਿਆਰਥੀਆਂ ਕੋਲ ਸਿਰਫ਼ ਇੱਕ ਹੀ ਬਦਲ ਬਚਦਾ ਹੈ ਅਤੇ ਉਹ ਹੈ ਅਮਰੀਕਾ ਛੱਡਣਾ।



### ਇਨ੍ਹਾਂ ਨਿਯਮਾਂ ਦਾ ਰੱਖੋ ਧਿਆਨ

* ਵਿਦਿਆਰਥੀ ਆਪਣਾ ਕੋਰਸ ਸ਼ੁਰੂ ਹੋਣ ਤੋਂ ਸਿਰਫ਼ 30 ਦਿਨ ਪਹਿਲਾਂ ਅਮਰੀਕਾ ਜਾ ਸਕਦੇ ਹਨ।
* ਅਮਰੀਕਾ ਪਹੁੰਚਣ ਤੋਂ ਬਾਅਦ ਵਿਦਿਆਰਥੀ ਲਈ ਆਪਣੀ ਯੂਨੀਵਰਸਿਟੀ ਬਾਰੇ ਡੈਜ਼ੀਗਨੇਟਿਡ ਸਕੂਲ ਅਧਿਕਾਰੀ (ਡੀਐਸਓ) ਨੂੰ ਸੂਚਿਤ ਕਰਨਾ ਜ਼ਰੂਰੀ ਹੈ। ਜੇਕਰ ਪੜ੍ਹਾਈ ਦੌਰਾਨ ਕਿਸੇ ਕਿਸਮ ਦੀ ਸਮੱਸਿਆ ਆਉਂਦੀ ਹੈ ਤਾਂ ਵਿਦਿਆਰਥੀ ਨੂੰ ਸਿਰਫ਼ ਡੈਜ਼ੀਗਨੇਟਿਡ ਸਕੂਲ ਅਧਿਕਾਰੀ ਨਾਲ ਹੀ ਸੰਪਰਕ ਕਰਨਾ ਪਵੇਗਾ।
* ਜੇਕਰ ਕੋਈ ਵਿਦਿਆਰਥੀ ਆਪਣੇ ਕੋਰਸ ਦੀ ਮਿਆਦ ਵਧਾਉਣਾ ਚਾਹੁੰਦਾ ਹੈ ਤਾਂ ਉਸ ਨੂੰ ਕੋਰਸ ਪੂਰਾ ਹੋਣ ਤੋਂ ਪਹਿਲਾਂ ਡੈਜ਼ੀਗਨੇਟਿਡ ਸਕੂਲ ਅਧਿਕਾਰੀ ਨਾਲ ਸੰਪਰਕ ਕਰਨਾ ਚਾਹੀਦਾ ਹੈ।
* ਐਫ-1 ਵੀਜ਼ਾ ਵਾਲੇ ਵਿਦਿਆਰਥੀ ਸਿਰਫ਼ ਤਾਂ ਹੀ ਕੰਮ ਕਰ ਸਕਦੇ ਹਨ ਜੇਕਰ ਉਨ੍ਹਾਂ ਕੋਲ ਯੂਨੀਵਰਸਿਟੀ ਦੇ ਡੈਜ਼ੀਗਨੇਟਿਡ ਸਕੂਲ ਅਧਿਕਾਰੀ ਤੋਂ ਜਾਂ ਕੁਝ ਮਾਮਲਿਆਂ ਵਿੱਚ, ਯੂਐਸਸਿਟੀਜਨ ਸ਼ਿਪ ਐਂਡ ਇੰਮੀਗ੍ਰੇਸ਼ਨ ਸਰਵਿਸਿਜ਼ ਤੋਂ ਇਜਾਜ਼ਤ ਹੋਵੇ।
* ਕੋਰਸ ਪੂਰਾ ਹੋਣ ਤੋਂ ਬਾਅਦ, ਐਫ-1 ਵੀਜ਼ਾ 'ਤੇ ਪੜ੍ਹ ਰਹੇ ਵਿਦਿਆਰਥੀਆਂ ਨੂੰ 60 ਦਿਨਾਂ ਦੇ ਅੰਦਰ ਅਮਰੀਕਾ ਛੱਡਣਾ ਪਵੇਗਾ ਅਤੇ ਐਮ-1 ਵੀਜ਼ਾ 'ਤੇ ਪੜ੍ਹ ਰਹੇ ਵਿਦਿਆਰਥੀਆਂ ਨੂੰ 30 ਦਿਨਾਂ ਦੇ ਅੰਦਰ ਅਮਰੀਕਾ ਛੱਡਣਾ ਪਵੇਗਾ।

### ਭੁੱਲ ਕੇ ਵੀ ਨਾ ਕਰੋ ਇਹ ਗ਼ਲਤੀਆਂ

* ਵੀਜ਼ਾ ਰੱਦ ਕਰਨ ਦਾ ਫੈਸਲਾ ਅਮਰੀਕੀ ਵਿਦੇਸ਼ ਵਿਭਾਗ (ਵਾਸ਼ਿੰਗਟਨ ਡੀਸੀ) ਜਾਂ ਕਿਸੇ ਵੀ ਅਮਰੀਕੀ ਕੌਂਸਲੇਟ ਅਧਿਕਾਰੀ ਦੁਆਰਾ ਲਿਆ ਜਾ ਸਕਦਾ ਹੈ।

### ਇਨ੍ਹਾਂ ਕਾਰਨਾਂ ਕਰਕੇ ਰੱਦ ਹੋ ਸਕਦਾ ਹੈ ਵੀਜ਼ਾ

* ਸੁਰੱਖਿਆ, ਅਪਰਾਧ, ਸਿਹਤ, ਆਰਥਿਕ ਜਾਂ ਕਿਸੇ ਹੋਰ ਕਾਰਨ ਕਰਕੇ।
* ਜੇਕਰ ਵੀਜ਼ਾ ਧਾਰਕ ਲੋੜੀਂਦੇ ਮਾਪਦੰਡ ਪੂਰੇ ਨਹੀਂ ਕਰਦਾ ਹੈ।
* ਜੇਕਰ ਕਾਨੂੰਨ ਦੀ ਉਲੰਘਣਾ ਦੀ ਸੰਭਾਵਨਾ ਹੋਵੇ।
* ਵੀਜ਼ਾ ਰੱਦ ਹੋਣ ਦੇ ਹੋਰ ਕਾਰਨ ਵੀ ਹੋ ਸਕਦੇ ਹਨ।

### ਘਰੇਲੂ ਹਿੰਸਾ ਜਾਂ ਹਮਲਾ

* ਜੇਕਰ ਕੋਈ ਵਿਦਿਆਰਥੀ ਡੈਜ਼ੀਗਨੇਟਿਡ ਸਕੂਲ ਅਧਿਕਾਰੀ ਨੂੰ ਦੱਸੇ ਬਿਨਾਂ ਕੋਰਸ ਛੱਡ ਦਿੰਦਾ ਹੈ, ਤਾਂ ਇਸ ਨੂੰ ਵੀਜ਼ਾ ਨਿਯਮਾਂ ਦੀ ਉਲੰਘਣਾ ਮੰਨਿਆ ਜਾਵੇਗਾ ਅਤੇ ਵੀਜ਼ਾ ਰੱਦ ਕੀਤਾ ਜਾ ਸਕਦਾ ਹੈ।
* ਐੱਫ-1 ਵੀਜ਼ਾ 'ਤੇ ਪੜ੍ਹ ਰਹੇ ਵਿਦਿਆਰਥੀਆਂ ਨੂੰ ਬਿਨਾਂ ਇਜਾਜ਼ਤ ਅਮਰੀਕਾ ਵਿੱਚ ਕੰਮ ਕਰਨ ਦੀ ਇਜਾਜ਼ਤ ਨਹੀਂ ਹੈ। ਜੇਕਰ ਅਜਿਹਾ ਕਰਦੇ ਫੜੇ ਗਏ, ਤਾਂ ਉਨ੍ਹਾਂ ਨੂੰ ਦੇਸ਼ ਛੱਡਣਾ ਪਵੇਗਾ ਅਤੇ ਦੁਬਾਰਾ ਅਮਰੀਕਾ ਵਿੱਚ ਦਾਖਲ ਨਹੀਂ ਹੋ ਸਕਣਗੇ।
* ਜੇਕਰ ਵਿਦਿਆਰਥੀ ਦਾ ਅਕਾਦਮਿਕ ਰਿਕਾਰਡ ਮਾੜਾ ਹੈ ਜਾਂ ਉਸ ਵਿਰੁੱਧ ਕੋਈ ਅਨੁਸ਼ਾਸਨੀ ਕਾਰਵਾਈ ਲੰਬਿਤ ਹੈ ਤਾਂ ਵੀਜ਼ਾ ਰੱਦ ਕੀਤਾ ਜਾ ਸਕਦਾ ਹੈ।
* ਜੇਕਰ ਵਿਦਿਆਰਥੀ ਕੋਲ ਆਪਣੀ ਪੜ੍ਹਾਈ ਅਤੇ ਰਹਿਣ-ਸਹਿਣ ਦੇ ਖਰਚਿਆਂ ਨੂੰ ਪੂਰਾ ਕਰਨ ਲਈ ਕਾਫ਼ੀ ਪੈਸੇ ਨਹੀਂ ਹਨ, ਤਾਂ ਉਸਦਾ ਵੀਜ਼ਾ ਵੀ ਰੱਦ ਕੀਤਾ ਜਾ ਸਕਦਾ ਹੈ।

### ਹੋਰ ਕਾਰਨਾਂ 'ਚ ਸ਼ਾਮਲ ਹਨ

* ਨਵਾਂ ਪਤਾ ਨਾ ਦੱਸਣਾ।
* ਕਿਸੇ ਵਿਰੋਧ ਪ੍ਰਦਰਸ਼ਨ ਵਿੱਚ ਹਿੱਸਾ ਲੈਣਾ।
* ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨਾ

### 24 ਘੰਟੇ ਆਪਣੇ ਕੋਲ ਰੱਖਣੇ ਪੈਣਗੇ ਇਹ ਦਸਤਾਵੇਜ਼

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸਰਕਾਰ ਨੇ ਇਕ ਨਵਾਂ ਨਿਯਮ ਲਾਗੂ ਕੀਤਾ ਹੈ, ਜਿਸ ਦੇ ਅਨੁਸਾਰ ਅਮਰੀਕਾ ਵਿਚ ਰਹਿਣ ਵਾਲੇ ਸਾਰੇ ਪ੍ਰਵਾਸੀਆਂ ਨੂੰ, ਭਾਵੇਂ ਉਹ ਕਾਨੂੰਨੀ ਵੀਜ਼ਾ 'ਤੇ, ਜਿਵੇਂ ਕਿ ਐਚ1ਬੀ ਵੀਜ਼ਾ ਜਾਂ ਵਿਦਿਆਰਥੀ ਵੀਜ਼ਾ, ਸਭ ਨੂੰ 24 ਘੰਟੇ ਆਪਣੇ ਕੋਲ ਕਾਨੂੰਨੀ ਦਸਤਾਵੇਜ਼ ਰੱਖਣੇ ਪੈਣਗੇ। ਟਰੰਪ ਪ੍ਰਸ਼ਾਸਨ ਵੱਲੋਂ ਲਾਗੂ ਕੀਤਾ ਗਿਆ ਇਹ ਨਿਯਮ 11 ਅਪ੍ਰੈਲ ਤੋਂ ਲਾਗੂ ਹੋ ਗਿਆ ਹੈ। ਇਹ ਨਿਯਮ ਟਰੰਪ ਦੇ ਹੁਕਮ 'ਪ੍ਰੋਟੈਕਟਿੰਗ ਦ ਅਮਰੀਕਨ ਪੀਪਲ ਅਗੇਂਸਟ ਇਨਵੈਸ਼ਨ' ਤਹਿਤ ਲਾਗੂ ਕੀਤਾ ਗਿਆ ਹੈ। ਇਸ ਨਿਯਮ ਦਾ ਮਕਸਦ ਅਮਰੀਕਾ 'ਚ ਰਹਿ ਰਹੇ ਗੈਰ-ਕਾਨੂੰਨੀ ਪ੍ਰਵਾਸੀਆਂ 'ਤੇ ਸ਼ਿਕੰਜਾ ਕੱਸਣਾ ਹੈ। ਇਸ ਨਿਯਮ ਨੂੰ ਲਾਗੂ ਕਰਨ ਲਈ ਅਮਰੀਕੀ ਅਦਾਲਤ ਤੋਂ ਮਨਜ਼ੂਰੀ ਮਿਲ ਗਈ ਹੈ। ਟਰੰਪ ਪ੍ਰਸ਼ਾਸਨ ਦਾ ਉਦੇਸ਼ ਗੈਰ-ਕਾਨੂੰਨੀ ਢੰਗ ਨਾਲ ਰਹਿ ਰਹੇ ਲੱਖਾਂ ਲੋਕਾਂ ਨੂੰ ਅਮਰੀਕਾ ਤੋਂ ਬਾਹਰ ਕੱਢਣਾ ਹੈ। ਇਹ ਨਿਯਮ ਮੁੱਖ ਤੌਰ 'ਤੇ ਉਨ੍ਹਾਂ ਪ੍ਰਵਾਸੀਆਂ ਨੂੰ ਪ੍ਰਭਾਵਿਤ ਕਰਦਾ ਹੈ ਜੋ ਗੈਰ-ਕਾਨੂੰਨੀ ਤੌਰ 'ਤੇ ਜਾਂ ਜਾਇਜ਼ ਦਸਤਾਵੇਜ਼ਾਂ ਤੋਂ ਬਿਨਾਂ ਅਮਰੀਕਾ ਵਿੱਚ ਰਹਿ ਰਹੇ ਹਨ।

ਹੁਣ ਯੂਐਸ ਵਿੱਚ ਰਹਿ ਰਹੇ ਸਾਰੇ ਗੈਰ-ਨਾਗਰਿਕ, ਜਿਨ੍ਹਾਂ ਦੀ ਉਮਰ 14 ਸਾਲ ਤੋਂ ਵੱਧ ਹੈ ਅਤੇ 30 ਦਿਨ ਜਾਂ ਇਸ ਤੋਂ ਵੱਧ ਸਮੇਂ ਲਈ ਅਮਰੀਕਾ ਵਿੱਚ ਰਹਿੰਦੇ ਹਨ, ਨੂੰ ਫਾਰਮ ਜੀ-325ਆਰ ਭਰ ਕੇ ਲਾਜ਼ਮੀ ਤੌਰ 'ਤੇ ਸਰਕਾਰ ਨਾਲ ਰਜਿਸਟਰ ਕਰਨਾ ਲਾਜ਼ਮੀ ਹੈ।

ਜੇਕਰ ਕੋਈ ਬੱਚਾ 14 ਸਾਲ ਤੋਂ ਘੱਟ ਉਮਰ ਦਾ ਹੈ, ਤਾਂ ਉਸਦੇ ਮਾਤਾ-ਪਿਤਾ ਨੂੰ ਉਸਦੀ ਰਜਿਸਟਰੇਸ਼ਨ ਕਰਵਾਉਣੀ ਪਵੇਗੀ।

11 ਅਪ੍ਰੈਲ ਤੋਂ ਬਾਅਦ ਅਮਰੀਕਾ ਵਿੱਚ ਦਾਖਲ ਹੋਣ ਵਾਲਿਆਂ ਨੂੰ ਵੀ ਪਹੁੰਚਣ ਦੇ 30 ਦਿਨਾਂ ਦੇ ਅੰਦਰ ਰਜਿਸਟਰ ਕਰਨਾ ਹੋਵੇਗਾ। ਇਸ ਨਿਯਮ ਦੀ ਪਾਲਣਾ ਨਾ ਕਰਨ ਵਾਲਿਆਂ ਨੂੰ ਜੁਰਮਾਨਾ, ਜੇਲ੍ਹ ਜਾਂ ਦੋਵੇਂ ਸਜ਼ਾਵਾਂ ਹੋ ਸਕਦੀਆਂ ਹਨ। ਇਸ ਤੋਂ ਇਲਾਵਾ ਜੇਕਰ ਕੋਈ ਵਿਅਕਤੀ ਆਪਣਾ ਪਤਾ ਬਦਲਦਾ ਹੈ ਤਾਂ ਉਸ ਨੂੰ 10 ਦਿਨਾਂ ਦੇ ਅੰਦਰ ਸਰਕਾਰ ਨੂੰ ਨਵੇਂ ਪਤੇ ਦੀ ਸੂਚਨਾ ਦੇਣੀ ਹੋਵੇਗੀ। ਅਜਿਹਾ ਕਰਨ ਵਿੱਚ ਅਸਫਲ ਰਹਿਣ 'ਤੇ 5,000 ਡਾਲਰਤੱਕ ਦਾ ਜੁਰਮਾਨਾ ਹੋ ਸਕਦਾ ਹੈ। ਇਸ ਤੋਂ ਇਲਾਵਾ, ਜਿਨ੍ਹਾਂ ਪ੍ਰਵਾਸੀਆਂ ਦੇ ਬੱਚੇ 14 ਸਾਲ ਦੇ ਹੋ ਰਹੇ ਹਨ, ਉਨ੍ਹਾਂ ਨੂੰ ਸਰਕਾਰ ਕੋਲ ਦੁਬਾਰਾ ਰਜਿਸਟਰ ਕਰਨਾ ਹੋਵੇਗਾ ਅਤੇ ਆਪਣੇ ਫਿੰਗਰਪ੍ਰਿੰਟ ਵੀ ਜਮ੍ਹਾ ਕਰਵਾਉਣੇ ਹੋਣਗੇ।

# ਖੰਨਾ ਵਿਚ ਮੁਕਾਬਲੇ ਤੋਂ ਬਾਅਦ ਫੜੇ 7 ਲੁਟੇਰੇ, ਦੋ ਦੀਆਂ ਲੱਤਾਂ ਟੁੱਟੀਆਂ

## ✪ ਭਾਰੀ ਅਸਲਾ 2 ਬਿਨਾਂ ਨੰਬਰ ਵਾਲੇ ਮੋਟਰਸਾਈਕਲ ਬਰਾਮਦ



ਖੰਨਾ-ਮਲੇਰਕੋਟਲਾ ਰੋਡ 'ਖੰਨਾ ਤੇ 8 ਅਪ੍ਰੈਲ ਦੀ ਰਾਤ ਨੂੰ ਗੋਲੀਬਾਰੀ ਕਰਕੇ ਵਿਵੇਕ ਕਿਰਿਆਨਾ ਸਟੋਰ ਨੂੰ ਲੁੱਟਣ ਦੀ ਕੋਸ਼ਿਸ਼ ਕਰਨ ਵਾਲਿਆਂ ਨੂੰ ਪੁਲਿਸ ਨੇ ਮੁਕਾਬਲੇ ਤੋਂ ਬਾਅਦ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਹੈ। ਪੁਲਿਸ ਨੇ 7 ਲੁਟੇਰੇ ਫੜੇ ਗਏ ਹਨ। ਦੋ ਲੁਟੇਰਿਆਂ ਦੀਆਂ ਲੱਤਾਂ ਟੁੱਟ ਗਈਆਂ। ਪੁਲਿਸ ਨੇ ਵਿਕਰਮਜੀਤ ਸਿੰਘ ਛਿੰਦਾ, ਦੀਪਕ ਦੀਪੀ ਵਾਸੀ ਦੁੱਗਰੀ (ਲੁਧਿਆਣਾ), ਗੁਰਦੀਪ ਸਿੰਘ ਦੀਪੀ ਵਾਸੀ ਟੰਗਰਾਲਾ (ਫਤਹਿਗੜ੍ਹ ਸਾਹਿਬ), ਅਭਿਮਨਿਊ ਮੰਨੂ ਵਾਸੀ ਬਸੰਤ ਨਗਰ ਖੰਨਾ, ਸਾਹਿਲ ਢੋਲੀ ਵਾਸੀ ਖੰਨਾ, ਨਰਿੰਦਰ ਸਿੰਘ ਨੂਰੀ ਵਾਸੀ ਘੁਟੀਂਡ (ਫਤਹਿਗੜ੍ਹ ਸਾਹਿਬ) ਤੇ ਮਨਦੀਪ ਸਿੰਘ ਡਿੱਕੀ ਵਾਸੀ ਗਿੱਲ (ਲੁਧਿਆਣਾ) ਨੂੰ ਗ੍ਰਿਫਤਾਰ ਕਰ ਲਿਆ।

ਐੱਸਐੱਸਪੀ ਡਾ. ਜਯੋਤੀ ਨੇ ਦੱਸਿਆ ਕਿ ਮੁਕਾਬਲੇ ਤੋਂ ਬਾਅਦ ਨਰਿੰਦਰ ਸਿੰਘ ਨੂਰੀ ਅਤੇ ਮਨਦੀਪ ਸਿੰਘ ਡਿੱਕੀ ਨੂੰ ਫੜਿਆ ਗਿਆ। ਉਹਨਾਂ ਦੀਆਂ ਲੱਤਾਂ ਟੁੱਟ ਗਈਆਂ ਹਨ। ਦੋਵੇਂ ਸਿਵਲ ਹਸਪਤਾਲ ਖੰਨਾ ਵਿਚ ਦਾਖਲ ਹਨ। ਪੁਲਿਸ ਨੇ ਮੁਲਜ਼ਮਾਂ ਤੋਂ 30 ਬੋਰ ਪਿਸਤੌਲ, 32 ਬੋਰ ਪਿਸਤੌਲ, 1 ਦੇਸੀ ਪਿਸਤੌਲ, 9 ਜ਼ਿੰਦਾ ਕਾਰਤੂਸ, 5 ਮੈਗਜ਼ੀਨ ਅਤੇ 2 ਬਿਨਾਂ ਨੰਬਰ ਵਾਲੇ ਮੋਟਰਸਾਈਕਲ ਬਰਾਮਦ ਕੀਤੇ ਹਨ। ਐੱਸਐੱਸਪੀ ਡਾ. ਜਯੋਤੀ ਨੇ ਦੱਸਿਆ ਕਿ ਘਟਨਾ ਤੋਂ ਬਾਅਦ ਟੀਮਾਂ ਬਣਾਈਆਂ ਗਈਆਂ ਸਨ। ਜਿਸ 'ਚ ਐਸਪੀ (ਆਈ) ਪਵਨਜੀਤ ਚੌਧਰੀ, ਡੀਐਸਪੀ ਅੰਮ੍ਰਿਤਪਾਲ ਸਿੰਘ, ਸਿਟੀ ਪੁਲਿਸ ਸਟੇਸ਼ਨ 2 ਦੇ ਐੱਸਐੱਚਓ ਆਕਾਸ਼ ਦੱਤ ਦੀਆਂ ਟੀਮਾਂ ਨੇ 7 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ 'ਚ ਸਫ਼ਲਤਾ ਹਾਸਲ ਕੀਤੀ।

ਉਨ੍ਹਾਂ ਦੱਸਿਆ ਕਿ ਵਿਕਰਮਜੀਤ ਸਿੰਘ ਛਿੰਦਾ, ਦੀਪਕ ਦੀਪੀ ਅਤੇ ਗੁਰਦੀਪ ਸਿੰਘ ਦੀਪੀ ਨੂੰ ਗ੍ਰਿਫਤਾਰ ਕੀਤਾ ਗਿਆ। ਉਨ੍ਹਾਂ ਕੋਲੋਂ ਇੱਕ ਪਿਸਤੌਲ ਅਤੇ ਇੱਕ ਦੇਸੀ ਕੱਟਾ ਬਰਾਮਦ ਕੀਤਾ ਗਿਆ। ਉਹਨਾਂ ਨੇ ਮੰਨਿਆ ਕਿ ਇਹ ਅਪਰਾਧ ਨਰਿੰਦਰ ਨੂਰੀ ਅਤੇ ਮਨਦੀਪ ਡਿੱਕੀ ਨਾਲ ਮਿਲ ਕੇ ਕੀਤਾ ਗਿਆ ਸੀ। 14 ਅਪ੍ਰੈਲ ਨੂੰ ਅਭਿਮਨਿਊ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਐਸਐਸਪੀ ਨੇ ਕਿਹਾ ਕਿ ਜਦੋਂ ਅਭਿਮਨਿਊ ਨਾਲ ਪੁਲਿਸ ਪਾਰਟੀ ਅਮਲੋਹ ਵੱਲ ਜਾ ਰਹੀ ਸੀ, ਤਾਂ ਅਭਿਮਨਿਊ ਨੇ ਨਰਿੰਦਰ ਨੂਰੀ ਅਤੇ ਮਨਦੀਪ ਡਿੱਕੀ ਵੱਲ ਇਸ਼ਾਰਾ ਕੀਤਾ ਜੋ ਸਲਾਣਾ ਪਿੰਡ ਤੋਂ ਮੋਟਰਸਾਈਕਲ 'ਤੇ ਆ ਰਹੇ ਸਨ ਅਤੇ ਕਿਹਾ ਕਿ ਇਨ੍ਹਾਂ ਦੋਵਾਂ ਨੇ ਦੁਕਾਨ ਦੇ ਅੰਦਰ ਗੋਲੀਬਾਰੀ ਕੀਤੀ ਸੀ।

ਜਦੋਂ ਸਿਟੀ ਪੁਲਿਸ ਸਟੇਸ਼ਨ 2 ਦੇ ਐਸਐਚਓ ਆਕਾਸ਼ ਦੱਤ ਨੇ ਆਪਣੀ ਗੱਡੀ ਉਨ੍ਹਾਂ ਦੇ ਸਾਹਮਣੇ ਖੜ੍ਹੀ ਕਰਕੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਲੁਟੇਰਿਆਂ ਨੇ ਪਿਸਤੌਲ ਕੱਢ ਲਈ ਅਤੇ ਪੁਲਿਸ 'ਤੇ ਗੋਲੀਆਂ ਚਲਾ ਦਿੱਤੀਆਂ। ਜਵਾਬੀ ਕਾਰਵਾਈ 'ਚ ਪੁਲਿਸ ਨੇ ਹਵਾ 'ਚ ਦੋ ਗੋਲੀਆਂ ਚਲਾਈਆਂ। ਭੱਜਣ ਸਮੇਂ ਨੂਰੀ ਤੇ ਡਿੱਕੀ ਦਾ ਸੰਤੁਲਨ ਵਿਗੜ ਕਰਨ ਡਿੱਗ ਕੇ ਇੰਨਾਂ ਦੀਆਂ ਟੁੱਟ ਗਈਆਂ। ਮੁਲਜ਼ਮ ਕਾਬੂ ਕੀਤੇ ਗਏ।


# ਲਹਿੰਦੇ ਪੰਜਾਬ ਵਿਚੋਂ ਦੋ ਸਿੱਖਾਂ ਸਮੇਤ 10 ਖਾੜਕੂ ਗ੍ਰਿਫ਼ਤਾਰ

ਲਾਹੌਰ-ਪਾਕਿਸਤਾਨ ਦੇ ਪੰਜਾਬ ਸੂਬੇ ਵਿਚ 2 ਸਿੱਖਾਂ ਸੂਰਜ ਸਿੰਘ ਅਤੇ ਬਾਦਲ ਸਿੰਘ ਸਮੇਤ 10 ਖਾੜਕੂਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਤੇ ਵੱਡੀ ਹਿੰਸਕ ਸਾਜ਼ਿਸ਼ ਨੂੰ ਨਾਕਾਮ ਕਰ ਦਿੱਤਾ ਸੀ।ਸਿੱਖ ਪੰਜਾਬ ਦੇ ਨਨਕਾਣਾ ਸਾਹਿਬ ਜ਼ਿਲ੍ਹੇ ਤੋਂ ਹਨ ਅਤੇ ਵੱਖਵਾਦੀ ਸਿਆਸੀ ਪਾਰਟੀ ਜੇਯ ਸਿੰਧ ਮੁਤਾਹਿਦਾ ਮਹਾਜ ਦੇ ਮੈਂਬਰ ਹਨ, ਜੋ ਸਿੰਧ ਸੂਬੇ ਨੂੰ ਪਾਕਿਸਤਾਨ ਤੋਂ ਵੱਖ ਕੀਤੇ ਜਾਣ ਦੀ ਵਕਾਲਤ ਕਰਦੀ ਹੈ।

ਪੰਜਾਬ ਪੁਲਿਸ ਦੇ ਅੱਤਵਾਦੀ ਵਿਰੋਧੀ ਵਿਭਾਗ (ਸੀਟੀਡੀ) ਦੇ ਬੁਲਾਰੇ ਨੇ ਕਿਹਾ ਕਿ ਪਿਛਲੇ ਹਫਤੇ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ 'ਚ ਸੂਚਨਾ ਦੇ ਆਧਾਰ 'ਤੇ 189 ਮੁਹਿੰਮਾਂ ਚਲਾ ਕੇ 10 ਖਾੜਕੂਆਂ ਨੂੰ ਗ੍ਰਿਫਤਾਰ ਕੀਤਾ ਸੀ ਅਤੇ ਹਥਿਆਰ, ਧਮਾਕਾਖੇਜ਼ ਅਤੇ ਹੋਰ ਪਾਬੰਦੀਸ਼ੁਦਾ ਸਮੱਗਰੀ ਬਰਾਮਦ ਕੀਤੀ ਸੀ।

ਗ੍ਰਿਫਤਾਰ ਹੋਰ 8 ਖਾੜਕੂ ਪਾਬੰਦੀਸ਼ੁਦਾ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਦੇ ਹਨ। ਖਾੜਕੂਆਂ ਨੇ ਰਾਵਲਪਿੰਡੀ ਅਤੇ ਪੰਜਾਬ ਦੇ ਹੋਰ ਸ਼ਹਿਰਾਂ 'ਚ ਮਹੱਤਵਪੂਰਨ ਇਮਾਰਤਾਂ ਨੂੰ ਨਿਸ਼ਾਨਾ ਬਣਾਉਣ ਦੀ ਸਾਜ਼ਿਸ਼ ਰਚੀ ਸੀ। ਗ੍ਰਿਫਤਾਰ ਖਾੜਕੂਆਂ ਵਿਰੁੱਧ 9 ਵੱਖ-ਵੱਖ ਮਾਮਲੇ ਦਰਜ ਕੀਤੇ ਗਏ ਹਨ।

# ਨਸ਼ੇੜੀ ਪੁੱਤ ਵੱਲੋਂ ਪਿਤਾ ਦਾ ਇੱਟਾਂ ਮਾਰ ਕੇ ਕਤਲ




ਨਾਭਾ-ਇੱਥੋਂ ਨੇੜਲੇ ਪਿੰਡ ਦੁਲੱਦੀ ਵਿੱਚ ਬੀਤੀ ਰਾਤ ਸ਼ਰਾਬ ਦੇ ਨਸ਼ੇ ਵਿੱਚ ਧੁੱਤ ਪੁੱਤ ਕੁਲਦੀਪ ਸਿੰਘ ਨੇ ਕਥਿਤ ਤੌਰ 'ਤੇ ਇੱਟਾਂ ਮਾਰ ਕੇ ਆਪਣੇ 70 ਸਾਲਾ ਪਿਤਾ ਸਾਹਿਬ ਸਿੰਘ ਦੀ ਹੱਤਿਆ ਕਰ ਦਿੱਤੀ। ਪੁਲੀਸ ਅਨੁਸਾਰ ਕੁਲਦੀਪ ਸਿੰਘ ਸ਼ਰਾਬੀ ਹੈ, ਜਿਸ ਕਾਰਨ ਆਏ ਦਿਨ ਉਸ ਦੇ ਘਰ ਵਿੱਚ ਝਗੜਾ ਰਹਿੰਦਾ ਸੀ। ਕੁਲਦੀਪ ਦੀ ਪਤਨੀ ਵੀ ਉਸ ਨੂੰ ਛੱਡ ਗਈ ਹੈ। ਉਹ ਅਕਸਰ ਹੀ ਆਪਣੇ ਮਾਪਿਆਂ ਨੂੰ ਦੂਜੇ ਵਿਆਹ ਬਾਰੇ ਕਹਿੰਦਾ ਸੀ।

ਬੀਤੀ ਰਾਤ ਵੀ ਉਹ ਇਸੇ ਗੱਲ ਨੂੰ ਲੈ ਕੇ ਮਾਪਿਆਂ ਨਾਲ ਲੜ ਪਿਆ। ਝਗੜੇ ਦੌਰਾਨ ਕੁਲਦੀਪ ਨੇ ਇੱਟਾਂ ਮਾਰ ਕੇ ਆਪਣੇ ਪਿਤਾ ਦੀ ਹੱਤਿਆ ਕਰ ਦਿੱਤੀ। ਉਸ ਦੀ ਮਾਤਾ ਮੁਤਾਬਕ ਉਸ ਨੇ ਵੀ ਭੱਜ ਕੇ ਆਪਣੀ ਜਾਨ ਬਚਾਈ। ਪੁਲੀਸ ਵੱਲੋਂ ਇਸ ਸਬੰਧੀ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਆਪਣੇ ਪੇਕੇ ਘਰ ਰਹਿ ਰਹੀ ਪਤਨੀ ਦਾ ਨਸ਼ੇੜੀ ਪਤੀ ਵੱਲੋਂ ਗੋਲ਼ੀਆਂ ਮਾਰ ਕੇ ਕਤਲ

## ✪ ਫਿਰ ਪਤੀ ਨੇ ਗੋਲੀ ਮਾਰਕੇ ਕੀਤੀ ਖ਼ੁਦਕੁਸ਼ੀ



ਨਵਾਂਸ਼ਹਿਰ-ਨਸ਼ੇੜੀ ਪਤੀ ਤੋਂ ਤੰਗ ਆ ਕੇ ਆਪਣੇ ਪੇਕੇ ਘਰ ਰਹਿ ਰਹੀ ਪਤਨੀ ਦਾ ਗੁੱਸੇ ਵਿਚ ਆਏ ਪਤੀ ਵੱਲੋਂ ਗੋਲ਼ੀਆਂ ਮਾਰ ਕੇ ਕਤਲ ਕਰਨ ਅਤੇ ਫਿਰ ਆਪਣੇ ਸਹੁਰੇ ਘਰ ਤੋਂ ਕੁਝ ਦੂਰੀ 'ਤੇ ਜਾ ਕੇ ਆਪਣੇ-ਆਪ ਨੂੰ ਗੋਲ਼ੀ ਮਾਰ ਕੇ ਖ਼ੁਦਕੁਸ਼ੀ ਕਰ ਲਈ, ਕਿਉਂਕਿ ਉਸ ਨੇ ਆਪਣੀ ਤਲਾਕ ਦੀ ਪਟੀਸ਼ਨ ਵਾਪਸ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਨਸ਼ੇ ਦੀ ਲਤ ਅਤੇ ਜੋੜੇ ਵਿਚਕਾਰ ਝਗੜਿਆਂ ਨੇ ਨਾ ਸਿਰਫ਼ ਦੋ ਜਾਨਾਂ ਲੈ ਲਈਆਂ ਸਗੋਂ ਮ੍ਰਿਤਕ ਜੋੜੇ ਦੇ ਦੋ ਬੱਚਿਆਂ ਨੂੰ ਵੀ ਅਨਾਥ ਕਰ ਦਿੱਤਾ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਕਾਰਵਾਈ ਕੀਤੀ ਅਤੇ ਲਾਸ਼ਾਂ ਨੂੰ ਪੋਸਟਮਾਰਟਮ ਲਈ ਬੰਗਾ ਸਿਵਲ ਹਸਪਤਾਲ ਭੇਜ ਦਿੱਤਾ। ਪੁਲਸ ਨੂੰ ਦਿੱਤੇ ਬਿਆਨ ਵਿਚ ਪਿੰਡ ਰਟੈਂਡਾ ਦੇ ਵਸਨੀਕ ਸਵ. ਮੱਖਣ ਸਿੰਘ ਦੀ ਪਤਨੀ ਪ੍ਰਦੀਪ ਕੌਰ ਨੇ ਕਿਹਾ ਕਿ ਉਹ ਘਰੇਲੂ ਕੰਮ ਕਰਦੀ ਹੈ। ਉਨ੍ਹਾਂ ਦੀ ਧੀ ਮਨਪ੍ਰੀਤ ਕੌਰ ਦਾ ਵਿਆਹ 2012 ਵਿਚ ਗੁਰਵਿੰਦਰ ਸਿੰਘ ਪੁੱਤਰ ਗੁਰਮੋਹਨ ਸਿੰਘ ਵਾਸੀ ਰਾਜਪੁਰਾ, ਥਾਣਾ ਗੋਰਾਇਆ ਜ਼ਿਲ੍ਹਾ ਜਲੰਧਰ ਨਾਲ ਹੋਇਆ ਸੀ। ਵਿਆਹ ਤੋਂ ਬਾਅਦ ਉਨ੍ਹਾਂ ਦੇ 2 ਬੱਚੇ ਹਨ, ਜਿਨ੍ਹਾਂ ਵਿਚੋਂ ਲੜਕੀ 11 ਸਾਲ ਦੀ ਹੈ ਅਤੇ ਲੜਕਾ 9 ਸਾਲ ਦਾ ਹੈ।

ਉਸ ਨੇ ਦੱਸਿਆ ਕਿ ਉਸ ਦਾ ਜਵਾਈ ਗੁਰਵਿੰਦਰ ਸਿੰਘ ਨਸ਼ੇ ਦਾ ਆਦੀ ਸੀ ਅਤੇ ਉਸ ਦੀ ਧੀ ਨੂੰ ਕੁੱਟਦਾ ਸੀ। ਉਸ ਨੇ ਆਪਣੀ ਨਸ਼ੇ ਦੀ ਲਤ ਨੂੰ ਸੰਤੁਸ਼ਟ ਕਰਨ ਲਈ ਘਰ ਦਾ ਸਾਰਾ ਸਾਮਾਨ ਵੀ ਵੇਚ ਦਿੱਤਾ ਸੀ। ਇਸ ਕਾਰਨ ਉਸ ਦੀ ਧੀ ਆਪਣੇ ਦੋ ਬੱਚਿਆਂ ਸਮੇਤ ਲਗਭਗ 1 ਸਾਲ ਪਹਿਲਾਂ ਰਟੈਂਡਾ ਵਿਖੇ ਆਪਣੇ ਪੇਕੇ ਘਰ ਆਈ ਸੀ ਅਤੇ ਸਿਲਾਈ ਅਤੇ ਕਢਾਈ ਦਾ ਕੰਮ ਕਰਕੇ ਬੱਚਿਆਂ ਦਾ ਪਾਲਣ-ਪੋਸ਼ਣ ਕਰ ਰਹੀ ਸੀ।

ਉਸ ਨੇ ਦੱਸਿਆ ਕਿ ਸ਼ਨੀਵਾਰ ਉਸ ਦਾ ਜਵਾਈ ਗੁਰਵਿੰਦਰ ਸਿੰਘ ਮੋਟਰਸਾਈਕਲ 'ਤੇ ਉਨ੍ਹਾਂ ਦੇ ਘਰ ਆਇਆ ਅਤੇ ਸਿੱਧਾ ਮਨਪ੍ਰੀਤ ਕੌਰ ਦੇ ਕਮਰੇ ਵਿਚ ਚਲਾ ਗਿਆ, ਜਿੱਥੇ ਉਹ ਸਿਲਾਈ ਦਾ ਕੰਮ ਕਰ ਰਹੀ ਸੀ। ਉਸ ਨੇ ਮਨਪ੍ਰੀਤ ਨੂੰ ਅਦਾਲਤ ਵਿਚ ਚੱਲ ਰਹੇ ਤਲਾਕ ਦੇ ਕੇਸ ਨੂੰ ਵਾਪਸ ਲੈਣ ਲਈ ਕਿਹਾ। ਜਦੋਂ ਉਸ ਦੀ ਧੀ ਨੇ ਇਨਕਾਰ ਕਰ ਦਿੱਤਾ ਤਾਂ ਉਸ ਨੇ ਰਿਵਾਲਵਰ ਨਾਲ ਉਸ ਦੀ ਛਾਤੀ, ਗਰਦਨ ਅਤੇ ਸਿਰ ਵਿਚ ਗੋਲ਼ੀ ਮਾਰ ਦਿੱਤੀ। ਉਸ ਨੂੰ ਮੁਕੰਦਪੁਰ ਦੇ ਸਿਵਲ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ। ਐੱਸ. ਐੱਚ. ਓ. ਮਹਿੰਦਰ ਸਿੰਘ ਨੇ ਦੱਸਿਆ ਕਿ ਮੁਲਜ਼ਮ ਪਤੀ ਨੇ ਵੀ ਪਿੰਡ ਤੋਂ ਬਾਹਰ ਜਾ ਕੇ ਆਪਣੇ ਆਪ ਨੂੰ ਗੋਲ਼ੀ ਮਾਰ ਕੇ ਖ਼ੁਦਕੁਸ਼ੀ ਕਰ ਲਈ।

# ਰਾਮ ਮੰਦਰ ਟਰੱਸਟ ਨੂੰ ਮਿਲਿਆ ਤਾਮਿਲਨਾਡੂ ਤੋਂ ਧਮਕੀ ਭਰਿਆ ਈਮੇਲ



✪ ਪੁਲਿਸ ਨੇ ਸ਼ੁਰੂ ਕੀਤੀ ਮਾਮਲੇ ਦੀ ਜਾਂਚ

ਅਯੁੱਧਿਆ-ਅਯੁੱਧਿਆ ਦੇ ਪੁਲਿਸ ਵਿਭਾਗ ਵਿੱਚ ਉਸ ਸਮੇਂ ਹਲਚਲ ਮਚ ਗਈ ਜਦੋਂ ਰਾਮ ਮੰਦਰ ਟਰੱਸਟ ਨੂੰ ਇੱਕ ਈਮੇਲ ਰਾਹੀਂ ਧਮਕੀ ਦਿੱਤੀ ਗਈ। ਅਯੁੱਧਿਆ ਪੁਲਿਸ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਇੱਕ ਸ਼ੱਕੀ ਧਮਕੀ ਭਰੀ ਈਮੇਲ ਮਿਲਣ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ, ਰਾਮ ਮੰਦਰ ਟਰੱਸਟ ਅਤੇ ਸੁਰੱਖਿਆ ਏਜੰਸੀਆਂ ਵੱਲੋਂ ਅਜੇ ਤੱਕ ਕੋਈ ਅਧਿਕਾਰਤ ਬਿਆਨ ਨਹੀਂ ਆਇਆ।

# ਹਰਿਆਣਾ ਦੇ ਮੁੱਖ ਮੰਤਰੀ ਨੇ ਬਾਬਾ ਬੰਦਾ ਸਿੰਘ ਬਹਾਦਰ ਯਾਦਗਾਰ ਬਣਾਉਣ ਦਾ ਕੀਤਾ ਐਲਾਨ

## ✪ ਕੁਰੂਕਸ਼ੇਤਰ ਵਿਚ 4 ਏਕੜ ਵਿਚ ਇਕ ਸਿੱਖ ਅਜਾਇਬ ਘਰ ਸਥਾਪਤ ਕਰਨ ਦਾ ਐਲਾਨ
## ✪ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਨਾਲ ਵੀ ਕੀਤੀ ਮੁਲਾਕਾਤ



ਚੰਡੀਗੜ੍ਹ-ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕੁਰੂਕਸ਼ੇਤਰ ਵਿਚ 4 ਏਕੜ ਵਿਚ ਇਕ ਸਿੱਖ ਅਜਾਇਬ ਘਰ ਸਥਾਪਤ ਕਰਨ ਦਾ ਐਲਾਨ ਕੀਤਾ ਹੈ, ਤਾਂ ਜੋ ਸਿੱਖ ਭਾਈਚਾਰਾ ਆਪਣੇ ਇਤਿਹਾਸ ਨਾਲ ਜੁੜਿਆ ਰਹੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਿੱਖ ਗੁਰੂਆਂ ਦੀਆਂ ਮਹਾਨ ਕੁਰਬਾਨੀਆਂ ਬਾਰੇ ਜਾਣੂ ਕਰਵਾਇਆ ਜਾ ਸਕੇ।

ਇਸ ਦੇ ਨਾਲ ਹੀ ਉਨ੍ਹਾਂ ਨੇ ਯਮੁਨਾ ਨਗਰ ਵਿਚ ਬਾਬਾ ਬੰਦਾ ਸਿੰਘ ਬਹਾਦਰ ਯਾਦਗਾਰ ਬਣਾਉਣ ਦਾ ਵੀ ਐਲਾਨ ਕੀਤਾ। ਮੁੱਖ ਮੰਤਰੀ ਨਾਇਬ ਸੈਣੀ ਨੇ ਵਿਸਾਖੀ ਦੇ ਮੌਕੇ 'ਤੇ ਲੋਕਾਂ ਨੂੰ ਵਧਾਈ ਦਿੱਤੀ ਅਤੇ ਸ੍ਰੀ ਅਨੰਦਪੁਰ ਸਾਹਿਬ ਵਿਚ ਸੀਸ ਨਿਵਾਇਆ। ਇਸ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨਾਲ ਵੀ ਮੁਲਾਕਾਤ ਕੀਤੀ। ਇਸ ਮਗਰੋਂ ਸੈਣੀ ਗੁਰੂਗ੍ਰਾਮ ਦੇ ਸਾਊਥ ਸਿਟੀ-1 ਵਿਚ ਸਥਿਤ ਗੁਰਦੁਆਰਾ ਸਾਧ ਸੰਗਤ ਵਿਖੇ ਵੀ ਨਤਮਸਤਕ ਹੋਏ। ਉਨ੍ਹਾਂ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਲੋਕਾਂ ਵਿਚ ਹਿੰਮਤ ਅਤੇ ਕੁਰਬਾਨੀ ਦੀ ਭਾਵਨਾ ਪੈਦਾ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੇ ਅਨਿਆਂ ਅਤੇ ਜ਼ੁਲਮ ਵਿਰੁੱਧ ਲੜਨ ਲਈ ਖ਼ਾਲਸਾ ਪੰਥ ਦੀ ਸਥਾਪਨਾ ਕੀਤੀ ਸੀ। ਉਨ੍ਹਾਂ ਕਿਹਾ ਕਿ ਉਸ ਸਮੇਂ ਦੇਸ਼ 'ਤੇ ਮੁਗਲਾਂ ਦਾ ਰਾਜ ਸੀ। ਉਹ ਲੋਕਾਂ 'ਤੇ ਭਿਆਨਕ ਅੱਤਿਆਚਾਰ ਕਰ ਰਹੇ ਸਨ ਅਤੇ ਉਨ੍ਹਾਂ ਨੂੰ ਧਰਮ ਪਰਿਵਰਤਨ ਲਈ ਮਜਬੂਰ ਕਰ ਰਹੇ ਸਨ। ਸਮਾਜ ਜਾਤ ਅਤੇ ਧਰਮ ਦੇ ਆਧਾਰ 'ਤੇ ਵੰਡਿਆ ਹੋਇਆ ਸੀ। ਗੁਰੂ ਗੋਬਿੰਦ ਸਿੰਘ ਨੇ ਲੋਕਾਂ ਨੂੰ ਆਪਣੇ ਧਰਮ ਅਤੇ ਸਨਮਾਨ ਦੀ ਰੱਖਿਆ ਲਈ ਕੁਰਬਾਨੀਆਂ ਕਰਨ ਲਈ ਪ੍ਰੇਰਿਤ ਕੀਤਾ।

# ਲੁਧਿਆਣਾ ਉਪ ਚੋਣ ਲਈ ਕਾਂਗਰਸ ਹਾਈਕਮਾਨ ਨੇ ਤਿਆਰ ਕੀਤੀ ਰਣਨੀਤੀ

## ✪ ਰਾਣਾ ਗੁਰਜੀਤ ਅਤੇ ਸ਼ਾਮ ਸੁੰਦਰ ਸੰਭਾਲਣਗੇ ਮੋਰਚਾ



ਲੁਧਿਆਣਾ-ਲੁਧਿਆਣਾ ਦੇ ਪੱਛਮੀ ਹਲਕੇ ਵਿੱਚ ਜਲਦੀ ਹੀ ਉਪ ਚੋਣਾਂ ਹੋਣ ਜਾ ਰਹੀਆਂ ਹਨ। ਚੋਣ ਕਮਿਸ਼ਨ ਕੁਝ ਦਿਨਾਂ ਵਿੱਚ ਤਰੀਕ ਤੈਅ ਕਰੇਗਾ। ਇਸ ਤੋਂ ਪਹਿਲਾਂ ਦੇਰ ਰਾਤ ਕਾਂਗਰਸ ਨੇ ਉਪ ਚੋਣ ਲਈ ਰਣਨੀਤੀ ਬਣਾਈ। ਕਾਂਗਰਸ ਉਮੀਦਵਾਰ ਦੋਵਾਂ ਆਗੂਆਂ ਦੀ ਨਿਗਰਾਨੀ ਹੇਠ ਚੋਣਾਂ ਲੜਨਗੇ। ਸੂਬਾ ਇੰਚਾਰਜ ਭੁਪੇਸ਼ ਬਘੇਲ, ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦੇ ਹੁਕਮਾਂ 'ਤੇ ਰਾਣਾ ਗੁਰਜੀਤ ਸਿੰਘ ਅਤੇ ਸ਼ਾਮ ਸੁੰਦਰ ਅਰੋੜਾ ਨੂੰ ਦੋ ਮੈਂਬਰੀ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ ਗਿਆ ਹੈ। ਕਾਂਗਰਸ ਇਨ੍ਹਾਂ ਦੋਵਾਂ ਆਗੂਆਂ ਦੀ ਨਿਗਰਾਨੀ ਹੇਠ ਉਪ ਚੋਣਾਂ ਲੜੇਗੀ। ਕਾਂਗਰਸ ਨੇ ਸਾਬਕਾ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਨੂੰ ਉਮੀਦਵਾਰ ਬਣਾਇਆ ਹੈ। ਆਮ ਆਦਮੀ ਪਾਰਟੀ ਨੇ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੂੰ ਟਿਕਟ ਦਿੱਤੀ ਹੈ। ਭਾਜਪਾ ਅਤੇ ਅਕਾਲੀ ਦਲ ਅਜੇ ਵੀ ਉਮੀਦਵਾਰਾਂ ਦਾ ਐਲਾਨ ਕਰਨ ਵਿੱਚ ਬਹੁਤ ਪਿੱਛੇ ਹਨ। ਇਸ ਤੋਂ ਪਹਿਲਾਂ, ਭਾਜਪਾ ਨੇ ਸਾਬਕਾ ਸੰਸਦ ਮੈਂਬਰ ਅਵਿਨਾਸ਼ ਖੰਨਾ ਨੂੰ ਉਪ ਚੋਣ ਦਾ ਇੰਚਾਰਜ ਅਤੇ ਵਿਜੇ ਸਾਂਪਲਾ ਨੂੰ ਸਹਿ-ਇੰਚਾਰਜ ਨਿਯੁਕਤ ਕੀਤਾ ਸੀ। ਭਾਜਪਾ ਇਨ੍ਹਾਂ ਦੋਵਾਂ ਆਗੂਆਂ ਦੀ ਨਿਗਰਾਨੀ ਹੇਠ ਚੋਣਾਂ ਲੜੇਗੀ।

# ਖਾਲਿਸਤਾਨੀ ਨਾਅਰੇ ਲਿਖਣ ਦੇ ਦੋਸ਼ ਵਿੱਚ ਤਿੰਨ ਗਭਰੂ ਗ੍ਰਿਫ਼ਤਾਰ

## ✪ ਪੁਲੀਸ ਦਾ ਦਾਅਵਾ ਖਾਲਿਸਤਾਨ ਸਮਰਥਕ ਗੁਰਪਤਵੰਤ ਪੰਨੂ ਨੇ ਨਾਅਰੇ ਲਿਖਣ ਲਈ ਕਿਹਾ ਸੀ



ਜਲੰਧਰ-ਜਲੰਧਰ ਦਿਹਾਤੀ ਪੁਲੀਸ ਨੇ ਖਾਲਿਸਤਾਨ ਦੇ ਸਮਰਥਨ ਵਿੱਚ ਨਾਅਰੇ ਲਿਖਣ ਵਾਲੇ ਤਿੰਨ ਨੌਜਵਾਨਾਂ ਤੇਜਪਾਲ ਸਿੰਘ , ਵਾਸੀ ਮੁਹੱਲਾ ਰਣਜੀਤ ਨਗਰ, ਨਕੋਦਰ, ਕਾਰਤਿਕ ਵਾਸੀ ਮੁਹੱਲਾ ਗੁਰੂ ਤੇਗ ਬਹਾਦਰ ਨਗਰ ਨਕੋਦਰ ਅਤੇ ਵੀਰ ਸੁਖਪਾਲ ਸਿੰਘ ਵਾਸੀ ਖਾਨਪੁਰ ਢਾਹਾਂ (ਨਕੋਦਰ) ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲੀਸ ਦਾ ਦਾਅਵਾ ਹੈ ਕਿ ਤਿੰਨਾਂ ਨੌਜਵਾਨਾਂ ਨੇ ਮੰਨਿਆ ਕਿ ਉਨ੍ਹਾਂ ਨੂੰ ਖਾਲਿਸਤਾਨ ਸਮਰਥਕ ਗੁਰਪਤਵੰਤ ਪੰਨੂ ਨੇ ਨਾਅਰੇ ਲਿਖਣ ਲਈ ਕਿਹਾ ਸੀ। ਪੁਲੀਸ ਤਿੰਨਾਂ ਮੁਲਜ਼ਮਾਂ ਤੋਂ ਪੁੱਛਗਿੱਛ ਕਰ ਰਹੀ ਹੈ। ਤਿੰਨੋਂ ਹੀ ਸਿਰਫ਼ 19 ਸਾਲ ਦੇ ਹਨ।

ਇਸ ਮਾਮਲੇ ਵਿੱਚ ਪੁਲੀਸ ਨੇ ਅਮਰੀਕਾ ਸਥਿਤ ਗੁਰਪਤਵੰਤ ਪੰਨੂ, ਕੈਨੇਡਾ ਸਥਿਤ ਬਲਕਰਨ ਸਿੰਘ (ਵਾਸੀ ਨਕੋਦਰ ਜਲੰਧਰ) ਅਤੇ ਯੂਕੇ ਸਥਿਤ ਜਸਕਰਨ ਪ੍ਰੀਤ ਸਿੰਘ ਉਰਫ਼ ਬਾਵਾ ਵਾਸੀ ਜਲੰਧਰ ਨੂੰ ਵੀ ਨਾਮਜ਼ਦ ਕੀਤਾ ਹੈ। ਜਲੰਧਰ ਦਿਹਾਤੀ ਪੁਲੀਸ ਦੇ ਐਸਐਸਪੀ ਹਰਵਿੰਦਰ ਸਿੰਘ ਵਿਰਕ ਨੇ ਦੱਸਿਆ ਕਿ ਮੁਲਜ਼ਮਾਂ ਤੋਂ ਪੁੱਛਗਿੱਛ ਦੌਰਾਨ ਇਹ ਖੁਲਾਸਾ ਹੋਇਆ ਕਿ ਵੀਰ ਸੁਖਪਾਲ ਨੂੰ ਵਿਦੇਸ਼ ਤੋਂ ਨਾਅਰੇ ਲਿਖਣ ਲਈ ਪ੍ਰੇਰਿਤ ਕੀਤਾ ਗਿਆ ਸੀ। ਕੈਨੇਡਾ ਤੋਂ ਬਲਕਰਨ ਸਿੰਘ ਨੇ ਵੀਰ ਸੁਖਪਾਲ ਸਿੰਘ ਦੇ ਖਾਤੇ ਵਿੱਚ ਪੈਸੇ ਜਮ੍ਹਾਂ ਕਰਵਾਏ ਅਤੇ ਅਪਰਾਧ ਦੀ ਯੋਜਨਾ ਬਣਾਈ। ਇਸ ਤੋਂ ਬਾਅਦ ਉਸ ਨੇ ਦੋ ਹੋਰ ਸਾਥੀਆਂ ਨਾਲ ਮਿਲ ਕੇ ਨਕੋਦਰ ਬਾਈਪਾਸ ਨੇੜੇ ਖਾਲਿਸਤਾਨੀ ਨਾਅਰੇ ਲਿਖੇ। ਇਸ ਦੀ ਵੀਡੀਓ ਬਣਾਈ ਗਈ ਅਤੇ ਵਿਦੇਸ਼ਾਂ ਵਿੱਚ ਬੈਠੇ ਖਾਲਿਸਤਾਨੀਆਂ ਨੂੰ ਭੇਜੀ ਗਈ। ਇਸ ਤੋਂ ਬਾਅਦ ਇਨ੍ਹਾਂ ਨੂੰ ਪੋਸਟ ਕਰਕੇ ਪੰਜਾਬ ਦਾ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਗਈ।

# ਵਿਦੇਸ਼ ਦੇ ਨਾਂ 'ਤੇ 24.85 ਲੱਖ ਦੀ ਠੱਗੀ

## ✪ ਚਾਰ ਟ੍ਰੈਵਲ ਏਜੰਟਾਂ ਵਿਰੁੱਧ ਕੇਸ ਦਰਜ

ਅੰਮ੍ਰਿਤਸਰ-ਅੰਮ੍ਰਿਤਸਰ ਦਿਹਾਤੀ ਪੁਲਿਸ ਨੇ ਵਿਦੇਸ਼ ਭੇਜਣ ਦੇ ਨਾਂ 'ਤੇ ਲੋਕਾਂ ਤੋਂ 24.85 ਲੱਖ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਵਿਚ ਚਾਰ ਟ੍ਰੈਵਲ ਏਜੰਟਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਸ਼ਿਕਾਇਤਕਰਤਾਵਾਂ ਨੇ ਕਿਹਾ ਕਿ ਮੁਲਜ਼ਮਾਂ ਨੇ ਉਨ੍ਹਾਂ ਨੂੰ ਵਿਦੇਸ਼ ਵਿਚ ਚੰਗੀ ਨੌਕਰੀ ਦਿਵਾਉਣ ਦਾ ਵਾਅਦਾ ਕਰਕੇ ਵਰਗਲਾ ਲਿਆ ਅਤੇ ਲੱਖਾਂ ਰੁਪਏ ਦੀ ਠੱਗੀ ਮਾਰ ਕੇ ਭੱਜ ਗਏ। ਐੱਸਐੱਸਪੀ ਮਨਿੰਦਰ ਸਿੰਘ ਨੇ ਕਿਹਾ ਕਿ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਜਾਰੀ ਹੈ। ਪਿੰਡ ਰਾਏਪੁਰ ਦੇ ਵਸਨੀਕ ਜਰਮਨਜੀਤ ਸਿੰਘ ਨੇ ਅਜਨਾਲਾ ਥਾਣੇ ਦੀ ਪੁਲਿਸ ਨੂੰ ਦੱਸਿਆ ਕਿ ਕੁਝ ਸਮਾਂ ਪਹਿਲਾਂ ਉਹ ਨੰਗਲੀ ਬੂਆ ਪਿੰਡ ਦੇ ਵਸਨੀਕ ਜਤਿੰਦਰਬੀਰ ਸਿੰਘ ਅਤੇ ਜਲੰਧਰ ਦੇ ਟੀਵੀ ਟਾਵਰ ਨੇੜੇ ਨੰਦਨਪੁਰੀ ਵਿਚ ਰਹਿਣ ਵਾਲੇ ਆਸ਼ੀਸ਼ ਕੁਮਾਰ ਨੂੰ ਮਿਲਿਆ ਸੀ। ਮੁਲਜ਼ਮਾਂ ਨੇ ਦੱਸਿਆ ਕਿ ਉਹ ਲੋਕਾਂ ਨੂੰ ਵਿਦੇਸ਼ਾਂ ਵਿਚ ਨੌਕਰੀਆਂ ਦਿਵਾਉਣ ਦਾ ਕਾਰੋਬਾਰ ਕਰਦੇ ਹਨ। ਦੋਵੇਂ ਟਰੈਵਲ ਏਜੰਟਾਂ ਨੇ ਉਸ ਨੂੰ ਕਿਹਾ ਕਿ ਉਹ ਉਸ ਨੂੰ 17.5 ਲੱਖ ਰੁਪਏ ਵਿਚ ਵਿਦੇਸ਼ ਭੇਜਣਗੇ। ਉਸ ਨੇ ਕਿਸੇ ਤਰ੍ਹਾਂ ਪੈਸੇ ਦਾ ਪ੍ਰਬੰਧ ਕੀਤਾ ਅਤੇ ਮੁਲਜਮਾਂ ਨੂੰ ਦੇ ਦਿੱਤਾ। ਵੀਜ਼ਾ ਲੈਣ ਲਈ ਦੋਵਾਂ ਨੇ ਉਸ ਦਾ ਪਾਸਪੋਰਟ ਵੀ ਆਪਣੇ ਕਬਜ਼ੇ ਵਿਚ ਲੈ ਲਿਆ। ਪਰ ਕਈ ਦਿਨਾਂ ਬਾਅਦ ਵੀ ਨਾ ਤਾਂ ਉਸ ਨੂੰ ਵਿਦੇਸ਼ ਭੇਜਿਆ



ਗਿਆ ਅਤੇ ਨਾ ਹੀ ਪੈਸੇ ਵਾਪਸ ਕੀਤੇ ਗਏ।

ਜਾਂਚ ਤੋਂ ਬਾਅਦ ਪੁਲਿਸ ਨੇ ਦੋਵਾਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਇਸੇ ਤਰ੍ਹਾਂ ਇਕ ਹੋਰ ਮਾਮਲੇ ਵਿਚ ਰਈਆ ਨਿਵਾਸੀ ਹਰਦੇਵ ਸਿੰਘ ਦੀ ਸ਼ਿਕਾਇਤ ਦੇ ਅਧਾਰ 'ਤੇ ਬਿਆਸ ਪੁਲਿਸ ਥਾਣੇ ਨੇ ਤਰਨਤਾਰਨ ਜ਼ਿਲ੍ਹੇ ਦੇ ਪਿੰਡ ਠੱਠਾ ਦੇ ਵਸਨੀਕ ਵਿਜੇ ਕੁਮਾਰ ਅਤੇ ਰਾਜ ਵਿਰੁੱਧ ਕੇਸ ਦਰਜ ਕੀਤਾ ਹੈ। ਮੁਲਜ਼ਮਾਂ ਨੇ ਹਰਦੇਵ ਸਿੰਘ ਨੂੰ ਵਿਦੇਸ਼ ਵਿਚ ਨੌਕਰੀ ਦਿਵਾਉਣ ਦੇ ਨਾਂ ਤੇ 7.35 ਲੱਖ ਰੁਪਏ ਲਏ ਸਨ।

# ਭਾਰਤੀ ਜੇਲ੍ਹਾਂ ਦੀ ਹਾਲਤ ਬ੍ਰਿਟਿਸ਼ ਰਾਜ ਦੌਰਾਨ ਵਰਗੀ

## ✪ ਕੈਦੀਆਂ ਨੂੰ ਨਹੀਂ ਮਿਲਦੀਆਂ ਸਹੂਲਤਾਂ ✪ ਜਾਨਵਰਾਂ ਵਾਂਗ ਤਾੜੇ ਹਨ ਜੇਲ੍ਹਾਂ ਵਿਚ ਕੈਦੀ, ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਲਿਆ ਨੋਟਿਸ ਨਿਊਜ਼ ਵਿਸ਼ਲੇਸ਼ਣ

ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਦੇਸ਼ ਭਰ ਦੀਆਂ ਜੇਲ੍ਹਾਂ ਵਿੱਚ ਬੰਦ ਕੈਦੀਆਂ ਦੀਆਂ ਸਮੱਸਿਆਵਾਂ ਦਾ ਨੋਟਿਸ ਲਿਆ ਹੈ ਅਤੇ ਬੀਤੇ ਦਿਨੀਂ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਮੁੱਖ ਸਕੱਤਰਾਂ ਨੂੰ ਨੋਟਿਸ ਜਾਰੀ ਕਰ ਦਿੱਤਾ ਸੀ। ਕਮਿਸ਼ਨ ਨੇ ਕਿਹਾ ਹੈ ਕਿ ਜੇਲ੍ਹਾਂ ਵਿੱਚ ਕੈਦੀਆਂ ਨੂੰ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਖਾਸ ਕਰਕੇ ਮਹਿਲਾ ਕੈਦੀਆਂ ਨੂੰ। ਕਮਿਸ਼ਨ ਵੱਲੋਂ ਜੇਲ੍ਹਾਂ ਵਿੱਚ ਵੇਖੀਆਂ ਗਈਆਂ ਮੁੱਖ ਸਮੱਸਿਆਵਾਂ ਵਿੱਚ ਜੇਲ੍ਹਾਂ ਦਾ ਭੀੜ-ਭੜੱਕਾ, ਜੇਲ੍ਹਾਂ ਵਿੱਚ ਬੁਨਿਆਦੀ ਸਹੂਲਤਾਂ ਅਤੇ ਸਿਹਤ ਸਹੂਲਤਾਂ ਦੀ ਘਾਟ ਸ਼ਾਮਲ ਹੈ।

ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਕਿਹਾ ਕਿ "ਦੇਸ਼ ਭਰ ਦੀਆਂ ਵੱਖ-ਵੱਖ ਜੇਲ੍ਹਾਂ ਦਾ ਦੌਰਾ ਕਰਨ ਤੋਂ ਬਾਅਦ ਤਿਆਰ ਕੀਤੀਆਂ ਗਈਆਂ ਰਿਪੋਰਟਾਂ ਅਤੇ ਸ਼ਿਕਾਇਤਾਂ ਰਾਹੀਂ ਕਮਿਸ਼ਨ ਦੇ ਧਿਆਨ ਵਿੱਚ ਇਹ ਮੁੱਦੇ ਲਿਆਂਦੇ ਗਏ ਹਨ।"

ਇਸ ਤੋਂ ਬਾਅਦ, ਕਮਿਸ਼ਨ ਨੇ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਮੁੱਖ ਸਕੱਤਰਾਂ ਨੂੰ ਨੋਟਿਸ ਜਾਰੀ ਕਰਕੇ ਉਨ੍ਹਾਂ ਤੋਂ ਚਾਰ ਹਫ਼ਤਿਆਂ ਦੇ ਅੰਦਰ ਰਿਪੋਰਟ ਮੰਗੀ ਹੈ। ਕਮਿਸ਼ਨ ਨੇ ਇਹ ਵੀ ਦੱਸਿਆ ਹੈ ਕਿ ਪੇਸ਼ ਕੀਤੀ ਜਾਣ ਵਾਲੀ ਰਿਪੋਰਟ ਵਿੱਚ ਕਿਹੜੇ ਨੁਕਤਿਆਂ ਦਾ ਜ਼ਿਕਰ ਹੋਣਾ ਚਾਹੀਦਾ ਹੈ।

### ਮਹਿਲਾ ਕੈਦੀਆਂ ਦੀ ਹਾਲਤ

ਕਮਿਸ਼ਨ ਵੱਲੋਂ ਰਾਜਾਂ ਤੋਂ ਮੰਗੀ ਗਈ ਜਾਣਕਾਰੀ ਵਿੱਚ, ਰਾਜ ਦੀਆਂ ਜੇਲ੍ਹਾਂ ਵਿੱਚ ਬੰਦ ਮਹਿਲਾ ਕੈਦੀਆਂ ਦੀ ਗਿਣਤੀ ਦੱਸਣ ਲਈ ਕਿਹਾ ਗਿਆ ਹੈ। ਇਸ ਦੇ ਨਾਲ ਹੀ ਬੱਚਿਆਂ ਨਾਲ ਰਹਿ ਰਹੀਆਂ ਮਹਿਲਾ ਕੈਦੀਆਂ ਦੀ ਗਿਣਤੀ ਵੀ ਮੰਗੀ ਗਈ ਹੈ। ਕਮਿਸ਼ਨ ਨੇ ਦੋਸ਼ੀ ਅਤੇ ਮੁਕੱਦਮਾ ਅਧੀਨ ਮਹਿਲਾ ਕੈਦੀਆਂ ਦੀ ਗਿਣਤੀ ਵੀ ਮੰਗੀ ਹੈ, ਯਾਨੀ ਜਿਨ੍ਹਾਂ ਨੂੰ ਅਜੇ ਤੱਕ ਸਜ਼ਾ ਨਹੀਂ ਦਿੱਤੀ ਗਈ ਹੈ ਅਤੇ ਸਿਰਫ਼ ਉਨ੍ਹਾਂ ਦੀ ਸੁਣਵਾਈ ਚੱਲ ਰਹੀ ਹੈ। ਇਸ ਤੋਂ ਇਲਾਵਾ, ਕਮਿਸ਼ਨ ਨੇ ਉਨ੍ਹਾਂ ਅੰਡਰਟਰਾਇਲ ਪੁਰਸ਼ ਅਤੇ ਮਹਿਲਾ ਕੈਦੀਆਂ ਦੇ ਵੇਰਵੇ ਵੀ ਮੰਗੇ ਹਨ ਜੋ ਇੱਕ ਸਾਲ ਤੋਂ ਵੱਧ ਸਮੇਂ ਤੋਂ ਜੇਲ੍ਹ ਵਿੱਚ ਹਨ।

ਜ਼ਿਆਦਾਤਰ ਜੇਲ੍ਹਾਂ ਵਿੱਚ ਸਮਰੱਥਾ ਤੋਂ ਵੱਧ ਕੈਦੀ ਹਨ। ਕਮਿਸ਼ਨ ਨੇ ਮਹਿਲਾ ਕੈਦੀਆਂ ਦੇ ਸਨਮਾਨ ਅਤੇ ਸੁਰੱਖਿਆ ਦੇ ਅਧਿਕਾਰਾਂ ਦੀ ਉਲੰਘਣਾ, ਉਨ੍ਹਾਂ ਵਿਰੁੱਧ ਵੱਧ ਰਹੀ ਹਿੰਸਾ ਕਾਰਨ ਮਾਨਸਿਕ ਤਣਾਅ, ਢੁਕਵੇਂ ਪਖਾਨਿਆਂ ਦੀ ਘਾਟ, ਸੈਨੇਟਰੀ ਨੈਪਕਿਨ ਅਤੇ ਸਾਫ਼ ਪੀਣ ਵਾਲੇ ਪਾਣੀ ਦੀਆਂ ਸਹੂਲਤਾਂ ਵਰਗੀਆਂ ਮੁੱਢਲੀਆਂ ਜ਼ਰੂਰਤਾਂ ਦੀ ਪੂਰਤੀ ਨਾ ਹੋਣ 'ਤੇ ਚਿੰਤਾ ਪ੍ਰਗਟ ਕੀਤੀ ਹੈ।

ਕਮਿਸ਼ਨ ਨੇ ਜੇਲ੍ਹਾਂ ਵਿੱਚ ਦਿੱਤੇ ਜਾਣ ਵਾਲੇ ਭੋਜਨ ਦੀ ਗੁਣਵੱਤਾ 'ਤੇ ਵੀ ਸਵਾਲ ਉਠਾਏ ਹਨ, ਜਿਸ ਕਾਰਨ ਕੁਪੋਸ਼ਣ ਹੁੰਦਾ ਹੈ, ਖਾਸ ਕਰਕੇ ਗਰਭਵਤੀ ਔਰਤਾਂ ਅਤੇ ਦੁੱਧ ਚੁੰਘਾਉਣ ਵਾਲੀਆਂ ਮਾਵਾਂ ਦੇ ਮਾਮਲੇ ਵਿੱਚ। ਇਸ ਤੋਂ ਇਲਾਵਾ, ਮਹਿਲਾ ਕੈਦੀਆਂ ਨਾਲ ਰਹਿ ਰਹੇ ਬੱਚਿਆਂ ਦੀ ਸਿੱਖਿਆ, ਕੈਦੀਆਂ ਨੂੰ ਦਿੱਤੀ ਜਾਣ ਵਾਲੀ ਕਾਨੂੰਨੀ ਸਹਾਇਤਾ, ਕਿੱਤਾਮੁਖੀ ਸਿਖਲਾਈ ਅਤੇ ਪੁਨਰਵਾਸ ਵਰਗੇ ਮੁੱਦਿਆਂ 'ਤੇ ਵੀ ਚਿੰਤਾਵਾਂ ਜ਼ਾਹਿਰ ਕੀਤੀਆਂ ਗਈਆਂ ਹਨ।

### ਭਾਰਤ ਵਿੱਚ ਜੇਲ੍ਹਾਂ ਦੀ ਹਾਲਤ

ਲਗਭਗ ਦੋ ਸਾਲ ਪਹਿਲਾਂ, ਸੰਸਦ ਵਿੱਚ ਗ੍ਰਹਿ ਮਾਮਲਿਆਂ ਬਾਰੇ ਸਥਾਈ ਕਮੇਟੀ ਨੇ 'ਜੇਲ੍ਹ - ਸਥਿਤੀਆਂ, ਬੁਨਿਆਦੀ ਢਾਂਚਾ ਅਤੇ ਸੁਧਾਰ' ਬਾਰੇ ਆਪਣੀ ਰਿਪੋਰਟ ਪੇਸ਼ ਕੀਤੀ ਸੀ ਜਿਸ ਵਿੱਚ ਜੇਲ੍ਹਾਂ ਦੀ ਭੀੜ-ਭੜੱਕੇ 'ਤੇ ਚਿੰਤਾ ਪ੍ਰਗਟ ਕੀਤੀ ਗਈ ਸੀ।ਆਪਣੀ ਰਿਪੋਰਟ ਵਿੱਚ, ਕਮੇਟੀ ਨੇ ਕਿਹਾ ਸੀ ਕਿ ਦੇਸ਼ ਭਰ ਦੀਆਂ ਜੇਲ੍ਹਾਂ ਵਿੱਚ ਕੈਦੀਆਂ ਦੀ ਔਸਤਨ ਰਿਹਾਇਸ਼ ਦਰ 130 ਪ੍ਰਤੀਸ਼ਤ ਹੈ। ਇਸਦਾ ਮਤਲਬ ਹੈ ਕਿ ਜੇਕਰ ਜੇਲ੍ਹ ਦੀ ਸਮਰੱਥਾ 100 ਕੈਦੀ ਹੈ, ਤਾਂ ਉੱਥੇ 130 ਕੈਦੀ ਰਹਿ ਰਹੇ ਹਨ। ਰਿਪੋਰਟ ਦੇ ਅਨੁਸਾਰ, ਭਾਰਤ ਦੇ ਅੱਧੇ ਤੋਂ ਵੱਧ ਕੈਦੀ ਛੇ ਰਾਜਾਂ ਦੀਆਂ ਜੇਲ੍ਹਾਂ ਵਿੱਚ ਬੰਦ ਹਨ, ਜਿਨ੍ਹਾਂ ਵਿੱਚ ਉੱਤਰ ਪ੍ਰਦੇਸ਼, ਬਿਹਾਰ, ਮਹਾਰਾਸ਼ਟਰ, ਪੱਛਮੀ ਬੰਗਾਲ, ਦਿੱਲੀ ਅਤੇ ਮੱਧ ਪ੍ਰਦੇਸ਼ ਸ਼ਾਮਲ ਹਨ।

ਕਮੇਟੀ ਨੇ ਕੈਦੀਆਂ ਨੂੰ ਭੀੜ-ਭੜੱਕੇ ਵਾਲੀਆਂ ਜੇਲ੍ਹਾਂ ਤੋਂ ਉਸੇ ਰਾਜ ਦੇ ਅੰਦਰ ਜਾਂ ਦੂਜੇ ਰਾਜਾਂ ਦੀਆਂ ਜੇਲ੍ਹਾਂ ਵਿੱਚ ਤਬਦੀਲ ਕਰਨ ਦੀ ਸਿਫਾਰਸ਼ ਕੀਤੀ ਸੀ। ਕਮੇਟੀ ਨੇ ਉਨ੍ਹਾਂ ਮੁੱਦਿਆਂ 'ਤੇ ਵੀ ਸਵਾਲ ਉਠਾਏ ਸਨ ਜਿਨ੍ਹਾਂ 'ਤੇ ਮਨੁੱਖੀ ਅਧਿਕਾਰ ਕਮਿਸ਼ਨ ਨੇ ਨੋਟਿਸ ਲਿਆ ਸੀ। ਇਸ ਤੋਂ ਇਲਾਵਾ, ਕਮੇਟੀ ਨੇ ਜੇਲ੍ਹ ਸਟਾਫ਼ ਦੀ ਘਾਟ ਅਤੇ ਜੇਲ੍ਹ ਦੀਆਂ ਨੌਕਰੀਆਂ ਵਿੱਚ ਔਰਤਾਂ ਦੀ ਘੱਟ ਗਿਣਤੀ 'ਤੇ ਵੀ ਸਵਾਲ ਉਠਾਏ ਸਨ ਅਤੇ ਸਿਫ਼ਾਰਸ਼ ਕੀਤੀ ਸੀ ਕਿ ਖਾਲੀ ਅਸਾਮੀਆਂ ਨੂੰ ਤਿੰਨ ਮਹੀਨਿਆਂ ਦੇ ਅੰਦਰ ਭਰਿਆ ਜਾਣਾ ਚਾਹੀਦਾ ਹੈ।

ਆਈਪੀਐਸ ਅਧਿਕਾਰੀ ਅਮਿਤਾਭ ਠਾਕੁਰ, ਜੋ ਯੂਪੀ ਵਿੱਚ ਵੱਡੇ ਅਹੁਦਿਆਂ 'ਤੇ ਰਹਿ ਚੁੱਕੇ ਸਨ, ਨੂੰ ਕੁਝ ਸਾਲ ਪਹਿਲਾਂ ਪੁਲਿਸ ਵਿਭਾਗ ਵਿੱਚ ਪ੍ਰਚਲਿਤ ਕਮੀਆਂ ਨੂੰ ਉਜਾਗਰ ਕਰਨ ਲਈ ਜ਼ਬਰਦਸਤੀ ਸੇਵਾਮੁਕਤ ਕਰ ਦਿੱਤਾ ਗਿਆ ਸੀ। ਅਮਿਤਾਭ ਠਾਕੁਰ ਨੇ ਆਈਜੀ ਰੂਲਜ਼ ਐਂਡ ਮੈਨੂਅਲਜ਼ ਦਾ ਅਹੁਦਾ ਸੰਭਾਲਿਆ ਹੈ। ਰਿਟਾਇਰਮੈਂਟ ਤੋਂ ਬਾਅਦ, ਉਸਨੂੰ ਗ੍ਰਿਫਤਾਰ ਵੀ ਕੀਤਾ ਗਿਆ ਸੀ ਜਿਸ ਕਾਰਨ ਉਹ ਕਈ ਦਿਨ ਜੇਲ੍ਹ ਵਿੱਚ ਰਿਹਾ। ਅਮਿਤਾਭ ਠਾਕੁਰ ਕਹਿੰਦੇ ਹਨ ਕਿ ਉਨ੍ਹਾਂ ਨੂੰ ਇੱਕ ਅਧਿਕਾਰੀ ਅਤੇ ਕੈਦੀ ਦੋਵਾਂ ਵਜੋਂ ਤਜਰਬਾ ਹੈ।



ਸੁਪਰੀਮ ਕੋਰਟ ਨੇ ਵੀ ਜੇਲ੍ਹਾਂ ਵਿੱਚ ਵੱਧ ਰਹੀ ਭੀੜ 'ਤੇ ਕਈ ਵਾਰ ਚਿੰਤਾ ਪ੍ਰਗਟ ਕੀਤੀ ਹੈ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੇ ਅਨੁਸਾਰ, 31 ਦਸੰਬਰ, 2021 ਤੱਕ, ਭਾਰਤੀ ਜੇਲ੍ਹਾਂ ਵਿੱਚ ਕੁੱਲ 5,54,034 ਕੈਦੀ ਸਨ, ਪਰ ਇਨ੍ਹਾਂ ਕੈਦੀਆਂ ਵਿੱਚੋਂ ਸਿਰਫ਼ 22 ਪ੍ਰਤੀਸ਼ਤ ਹੀ ਉਹ ਸਨ ਜਿਨ੍ਹਾਂ ਨੂੰ ਅਦਾਲਤਾਂ ਦੁਆਰਾ ਦੋਸ਼ੀ ਠਹਿਰਾਇਆ ਗਿਆ ਸੀ ਅਤੇ ਉਹ ਆਪਣੀ ਸਜ਼ਾ ਭੁਗਤ ਰਹੇ ਸਨ। ਬਾਕੀ ਕੈਦੀ ਮੁਕੱਦਮੇ ਅਧੀਨ ਸਨ। ਉਨ੍ਹਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ।

ਨੈਸ਼ਨਲ ਜੁਡੀਸ਼ੀਅਲ ਡੇਟਾ ਗਰਿੱਡ ਦੇ ਅੰਕੜਿਆਂ ਅਨੁਸਾਰ, ਦੇਸ਼ ਭਰ ਦੀਆਂ ਹੇਠਲੀਆਂ ਅਦਾਲਤਾਂ ਵਿੱਚ ਚਾਰ ਕਰੋੜ ਤੋਂ ਵੱਧ ਮਾਮਲੇ ਲੰਬਿਤ ਹਨ ਅਤੇ ਇਨ੍ਹਾਂ ਵਿੱਚੋਂ ਜ਼ਿਆਦਾਤਰ ਮਾਮਲੇ ਇੱਕ ਸਾਲ ਤੋਂ ਵੱਧ ਪੁਰਾਣੇ ਹਨ।

ਸੁਪਰੀਮ ਕੋਰਟ ਦੇ ਵਕੀਲ ਹਰਵਿੰਦਰ ਸਿੰਘ ਫੂਲਕਾ ਦਾ ਕਹਿਣਾ ਹੈ ਕਿ "ਜੇਲ੍ਹਾਂ ਵਿੱਚ ਇੰਨੀ ਵੱਡੀ ਗਿਣਤੀ ਵਿੱਚ ਵਿਚਾਰ ਅਧੀਨ ਕੈਦੀਆਂ ਦੀ ਮੌਜੂਦਗੀ ਨਾ ਸਿਰਫ਼ ਅਪਰਾਧਿਕ ਨਿਆਂ ਪ੍ਰਣਾਲੀ ਦੇ ਕੰਮਕਾਜ 'ਤੇ ਸਵਾਲ ਖੜ੍ਹੇ ਕਰਦੀ ਹੈ ਸਗੋਂ ਜੇਲ੍ਹਾਂ ਵਿੱਚ ਕੈਦੀਆਂ ਲਈ ਅਣਮਨੁੱਖੀ ਹਾਲਾਤ ਵੀ ਪੈਦਾ ਕਰਦੀ ਹੈ। ਜੇਲ੍ਹਾਂ ਵਿੱਚ ਮੁੱਢਲੀਆਂ ਸਹੂਲਤਾਂ ਦੀ ਘਾਟ ਦਾ ਇੱਕ ਕਾਰਨ ਉਨ੍ਹਾਂ ਦੀ ਸਮਰੱਥਾ ਤੋਂ ਵੱਧ ਕੈਦੀਆਂ ਦੀ ਮੌਜੂਦਗੀ ਹੈ। ਫੂਲਕਾ ਆਖਦੇ ਹਨ ਕਿ ਮੇਰਾ ਤਜਰਬਾ ਇਹ ਹੈ ਕਿ ਜੇਲ੍ਹ ਮੈਨੂਅਲ ਵਿੱਚ ਜੋ ਵੀ ਕਿਹਾ ਗਿਆ ਹੈ, ਉਸਦਾ ਮੁੜ ਮੁਲਾਂਕਣ ਕਰਨ ਦੀ ਲੋੜ ਹੈ। ਖਾਣਾ ਮਾੜਾ ਨਹੀਂ ਹੈ ਪਰ ਹੋਰ ਬੁਨਿਆਦੀ ਸਹੂਲਤਾਂ ਦੀ ਬਹੁਤ ਘਾਟ ਹੈ। ਧਾਰਾ 19 ਦੇ ਅਨੁਸਾਰ, ਕੈਦੀਆਂ ਨੂੰ ਵੀ ਜ਼ਿੰਦਗੀ ਜਿਉਣ ਦਾ ਅਧਿਕਾਰ ਹੈ। ਪਰ ਜੇਲ੍ਹ ਅਧਿਕਾਰੀ ਅਤੇ ਕਰਮਚਾਰੀ ਅਜਿਹਾ ਨਹੀਂ ਸੋਚਦੇ। ਜੇਲ੍ਹ ਸੋਚਦੀ ਹੈ ਕਿ ਅਸੀਂ ਭੋਜਨ ਪ੍ਰਦਾਨ ਕਰ ਰਹੇ ਹਾਂ ਅਤੇ ਇਹ ਕਾਫ਼ੀ ਹੈ। ਉਨ੍ਹਾਂ ਨੂੰ ਕਿਸੇ ਹੋਰ ਚੀਜ਼ ਦੀ ਜ਼ਰੂਰਤ ਨਹੀਂ ਹੈ। ਜਦੋਂ ਕਿ ਜੇਲ੍ਹ ਦੇ ਅੰਦਰ ਵਿਅਕਤੀ ਲਈ ਬਿਹਤਰ ਜ਼ਿੰਦਗੀ ਯਕੀਨੀ ਬਣਾਉਣਾ ਸਰਕਾਰ ਦੀ ਜ਼ਿੰਮੇਵਾਰੀ ਹੈ।"

ਇਕ ਹੋਰ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਅਮਿਤਾਭ ਠਾਕੁਰ ਦਾ ਕਹਿਣਾ ਹੈ ਕਿ "60-70 ਪ੍ਰਤੀਸ਼ਤ ਸਹੂਲਤਾਂ ਭ੍ਰਿਸ਼ਟਾਚਾਰ 'ਤੇ ਖਰਚ ਕੀਤੀਆਂ ਜਾ ਰਹੀਆਂ ਹਨ। ਕੈਦੀਆਂ ਤੋਂ ਵੱਖਰੇ ਤੌਰ 'ਤੇ ਜ਼ਬਰਦਸਤੀ ਵਸੂਲੀ ਜਾ ਰਹੀ ਹੈ। ਜੇਕਰ ਉਹ ਪੈਸੇ ਨਹੀਂ ਦਿੰਦੇ ਤਾਂ ਉਨ੍ਹਾਂ ਨੂੰ ਕੁੱਟਣਾ ਆਮ ਗੱਲ ਹੈ। ਕੁੱਲ ਮਿਲਾ ਕੇ, ਇਹ ਜੇਲ੍ਹ ਦਾ ਸੱਭਿਆਚਾਰ ਬਣ ਗਿਆ ਹੈ। ਅਮਿਤਾਭ ਠਾਕੁਰ ਕਹਿੰਦੇ ਹਨ ਕਿ ਜਦੋਂ ਮੈਂ ਲਖਨਊ ਜੇਲ੍ਹ ਵਿੱਚ ਕੈਦ ਸੀ, ਤਾਂ ਮੈਂ ਜਵਾਹਰ ਲਾਲ ਨਹਿਰੂ ਦੇ ਲਖਨਊ ਜੇਲ੍ਹ ਵਿੱਚ ਅਨੁਭਵ ਬਾਰੇ ਪੜ੍ਹਿਆ। ਨਹਿਰੂ ਨੇ ਆਪਣੇ ਜੇਲ੍ਹ ਅਨੁਭਵਾਂ ਬਾਰੇ ਜੋ ਅਨੁਭਵ ਲਿਖੇ ਸਨ, ਉਨ੍ਹਾਂ ਨੂੰ ਪੜ੍ਹਦਿਆਂ ਅਜਿਹਾ ਮਹਿਸੂਸ ਹੋਇਆ ਜਿਵੇਂ ਮੈਂ ਆਪਣੇ ਅਨੁਭਵ ਬਿਆਨ ਕਰ ਰਿਹਾ ਹਾਂ, ਯਾਨੀ ਕਿ ਉਦੋਂ ਤੋਂ ਹੁਣ ਤੱਕ ਜੇਲ੍ਹ ਪ੍ਰਣਾਲੀ ਅਤੇ ਜੇਲ੍ਹ ਅਧਿਕਾਰੀਆਂ ਦੇ ਰਵੱਈਏ ਵਿੱਚ ਕੋਈ ਬਦਲਾਅ ਨਹੀਂ ਆਇਆ ਹੈ।"

### ਕੀ ਹਨ ਪੰਜਾਬ ਦੀਆਂ ਜੇਲ੍ਹਾਂ ਦੇ ਹਾਲਾਤ

ਬੀਤੇ ਦੋ ਵਰ੍ਹਿਆਂ ਦੌਰਾਨ ਜੇਲ੍ਹਾਂ ਵਿੱਚ ਕਰੀਬ 5,443 ਬੰਦੀਆਂ ਦਾ ਵਾਧਾ ਹੋ ਗਿਆ ਹੈ। ਹੁਣ ਜੇਲ੍ਹਾਂ ਵਿੱਚ ਨਸ਼ਾ ਤਸਕਰੀ ਵਾਲੇ ਕੇਸਾਂ ਦੇ ਬੰਦੀ ਵਧਣ ਲੱਗੇ ਹਨ ਜਦੋਂ ਕਿ ਜੇਲ੍ਹਾਂ ਦੀ ਸਮਰੱਥਾ ਘੱਟ ਹੈ। ਦੇਸ਼ 'ਚੋਂ ਪੰਜਾਬ ਛੋਟਾ ਸੂਬਾ ਹੈ ਪ੍ਰੰਤੂ ਇਹ ਮੁਲਕ 'ਚੋਂ ਜੇਲ੍ਹਾਂ ਵਿੱਚ ਬੰਦੀਆਂ ਦੇ ਲਿਹਾਜ਼ 'ਚ ਪੰਜਵੇਂ ਨੰਬਰ 'ਤੇ ਆ ਗਿਆ ਹੈ। ਪੰਜਾਬ ਦੀਆਂ ਜੇਲ੍ਹਾਂ ਵਿੱਚ ਬੰਦੀਆਂ ਦੀ ਗਿਣਤੀ 31,607 ਹੋ ਗਈ ਹੈ। ਸੂਬੇ ਦੀਆਂ ਜੇਲ੍ਹਾਂ ਦੀ ਸਮਰੱਥਾ 26,904 ਬੰਦੀਆਂ ਦੀ ਹੈ ਅਤੇ ਇਨ੍ਹਾਂ ਜੇਲ੍ਹਾਂ ਵਿੱਚ ਸਮਰੱਥਾ ਤੋਂ ਕਰੀਬ ਚਾਰ ਹਜ਼ਾਰ ਬੰਦੀ ਵੱਧ ਬੰਦ ਹਨ।

ਸੂਤਰ ਦੱਸਦੇ ਹਨ ਕਿ ਜੇਲ੍ਹਾਂ ਵਿੱਚ ਵਿਚਾਰ ਅਧੀਨ ਬੰਦੀ ਜ਼ਿਆਦਾ ਹਨ ਅਤੇ ਇਨ੍ਹਾਂ ਵਿੱਚ ਐੱਨਡੀਪੀਐੱਸ ਕੇਸਾਂ ਵਾਲੇ ਬੰਦੀ ਜ਼ਿਆਦਾ ਹਨ। ਇਸ ਵੇਲੇ ਪੰਜਾਬ ਦੀਆਂ ਜੇਲ੍ਹਾਂ ਵਿੱਚ 1,548 ਔਰਤਾਂ ਵੀ ਬੰਦ ਹਨ।

ਪੰਜਾਬ ਟਾਈਮਜ ਅਨੁਸਾਰ ਪੰਜਾਬ ਦੀਆਂ ਜੇਲ੍ਹਾਂ ਵਿੱਚ ਵੱਡੀ ਗਿਣਤੀ ਨੌਜਵਾਨ ਬੰਦੀ ਹਨ ਜੋ ਇੱਕ ਚਿੰਤਾਜਨਕ ਵਿਸ਼ਾ ਵੀ ਹੈ। ਜੇਲ੍ਹਾਂ ਵਿੱਚ 20-30 ਸਾਲ ਵਾਲੇ 14,969 ਬੰਦੀ ਹਨ ਜਦੋਂ ਕਿ 30-40 ਉਮਰ ਵਰਗ ਦੇ 10,829 ਬੰਦੀ ਹਨ। ਕਰੀਬ 82 ਫ਼ੀਸਦੀ ਬੰਦੀ ਨੌਜਵਾਨ ਵਰਗ 'ਚੋਂ ਹਨ। ਇਸੇ ਤਰ੍ਹਾਂ 70 ਸਾਲ ਤੋਂ ਉਪਰ ਦੇ ਕਰੀਬ 228 ਬੰਦੀ ਜੇਲ੍ਹਾਂ ਵਿੱਚ ਬੰਦ ਹਨ। ਇਸ ਰੁਝਾਨ ਤੋਂ ਜਾਪਦਾ ਹੈ ਕਿ ਪੰਜਾਬ ਦੀ ਜਵਾਨੀ ਕਿਹੜੇ ਰਾਹੇ ਤੁਰ ਪਈ ਹੈ। ਬਹੁਤੇ ਨੌਜਵਾਨ ਨਸ਼ਿਆਂ ਦੇ ਕੇਸਾਂ ਅਤੇ ਝਪਟਮਾਰੀ ਆਦਿ ਦੇ ਕੇਸਾਂ ਵਿਚ ਬੰਦ ਹਨ।

# ਸੈਂਸਰ ਬੋਰਡ ਨੇ ਮਹਾਤਮਾ ਫੂਲੇ 'ਤੇ ਆਧਾਰਿਤ ਫਿਲਮ ਉਪਰ ਸੈਂਸਰ ਕੈਂਚੀ ਕਿਉਂ ?

## ○ ਇਸ ਫਿਲਮ ਬਾਰੇ ਉੱਠੇ ਵਿਵਾਦਾਂ ਅਤੇ ਸੈਂਸਰ ਦੇ ਫੈਸਲੇ ਪਿੱਛੇ ਅਸਲ ਕਾਰਨ ਕੀ ਹਨ ? ○ ਭਗਵੇਂਵਾਦੀ ਇਸ ਫਿਲਮ ਦਾ ਵਿਰੋਧ ਕਿਉਂ ਕਰ ਰਹੇ ਨੇ ?

ਨਿਊਜ਼ ਵਿਸ਼ਲੇਸ਼ਣ

ਬ੍ਰਾਹਮਣ ਤੇ ਭਗਵੇਂਵਾਦੀ ਸੰਗਠਨਾਂ ਦੇ ਸਖ਼ਤ ਵਿਰੋਧ ਕਾਰਨ, ਮਹਾਨ ਸਮਾਜ ਸੁਧਾਰਕ ਜੋਤੀਬਾ ਫੂਲੇ ਦੇ ਜੀਵਨ 'ਤੇ ਆਧਾਰਿਤ ਫਿਲਮ 'ਫੂਲੇ' ਉਨ੍ਹਾਂ ਦੇ ਜਨਮਦਿਨ ਦੀ ਨਿਰਧਾਰਤ ਮਿਤੀ ਯਾਨੀ 11 ਅਪ੍ਰੈਲ ਨੂੰ ਰਿਲੀਜ਼ ਨਹੀਂ ਹੋ ਸਕੀ। ਸੈਂਸਰ ਬੋਰਡ ਨੇ ਫਿਲਮ 'ਤੇ ਕਈ ਇਤਰਾਜ਼ ਉਠਾਏ ਹਨ ਜਿਸ ਕਾਰਨ ਇਹ ਫਿਲਮ ਹੁਣ 21 ਅਪ੍ਰੈਲ ਨੂੰ ਰਿਲੀਜ਼ ਹੋਵੇਗੀ। ਬਹੁਜਨ ਸੰਗਠਨਾਂ ਨੇ ਸੈਂਸਰ ਬੋਰਡ ਦੇ ਇਸ ਰਵੱਈਏ 'ਤੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਇਹ ਇੱਕ ਵਾਰ ਫਿਰ ਸਾਬਤ ਹੋ ਗਿਆ ਹੈ ਕਿ ਦੇਸ਼ ਦੇ ਸਾਰੇ ਸੰਸਥਾਨ ਉੱਚ ਜਾਤੀ ਤੇ ਭਗਵੇਂਵਾਦੀਆਂ ਦੇ ਦਬਦਬੇ ਹੇਠ ਹਨ। ਫਿਲਮ ਵਿੱਚ ਮਸ਼ਹੂਰ ਅਭਿਨੇਤਾ ਪ੍ਰਤੀਕ ਗਾਂਧੀ ਨੇ ਮਹਾਤਮਾ ਫੂਲੇ ਦੀ ਭੂਮਿਕਾ ਨਿਭਾਈ ਹੈ ਅਤੇ ਅਦਾਕਾਰਾ ਪਾਤਰਾਲੇਖਾ ਨੇ ਸਾਵਿਤਰੀਬਾਈ ਫੂਲੇ ਦੀ ਭੂਮਿਕਾ ਨਿਭਾਈ ਹੈ। ਟ੍ਰੇਲਰ ਰਿਲੀਜ਼ ਹੋਣ ਤੋਂ ਤੁਰੰਤ ਬਾਅਦ ਵਿਰੋਧ ਪ੍ਰਦਰਸ਼ਨ ਸ਼ੁਰੂ ਹੋ ਗਏ ਸਨ। ਸੈਂਸਰ ਬੋਰਡ ਨੇ ਫਿਲਮ ਵਿੱਚ ਲਗਭਗ ਬਾਰਾਂ ਬਦਲਾਅ ਸੁਝਾਏ, ਜਿਸ ਤੋਂ ਬਾਅਦ ਵਿਵਾਦ ਵਧ ਗਿਆ।

### ਸੈਂਸਰ ਬੋਰਡ ਦੇ ਇਤਰਾਜ਼

ਸੈਂਸਰ ਬੋਰਡ ਨੇ ਫਿਲਮ ਦੇ ਕੁਝ ਦ੍ਰਿਸ਼ਾਂ ਅਤੇ ਸੰਵਾਦਾਂ 'ਤੇ ਇਤਰਾਜ਼ ਜਤਾਇਆ, ਜਿਸ ਵਿੱਚ ਸ਼ਾਮਲ ਹਨ:

- ਤਿੰਨ ਹਜ਼ਾਰ ਸਾਲਾਂ ਦੀ ਗੁਲਾਮੀ ਦਾ ਜ਼ਿਕਰ।
- ਜਾਤ ਪ੍ਰਣਾਲੀ ਅਤੇ ਸ਼ੂਦਰਾਂ ਦੀ ਦੁਰਦਸ਼ਾ ਬਾਰੇ ਦ੍ਰਿਸ਼ ਤੇ ਡਾਇਲਾਗ।
- ਮਹਾਰ, ਮੰਗ, ਪੇਸ਼ਵਈ, ਮਨੁਸਮ੍ਰਿਤੀ ਅਤੇ ਜਾਤ-ਪਾਤ ਆਦਿ ਸ਼ਬਦਾਂ ਦੀ ਵਰਤੋਂ।
- ਇੱਕ ਦ੍ਰਿਸ਼ ਜਿਸ ਵਿੱਚ ਇੱਕ ਬ੍ਰਾਹਮਣ ਬੱਚਾ ਫੂਲੇ ਜੋੜੇ 'ਤੇ ਕੂੜਾ ਸੁੱਟਦਾ ਹੈ।

### ਸੈਂਸਰ ਬੋਰਡ ਦੀ ਭੂਮਿਕਾ 'ਤੇ ਸਵਾਲ

ਸੈਂਟਰਲ ਬੋਰਡ ਆਫ਼ ਫਿਲਮ ਸਰਟੀਫਿਕੇਸ਼ਨ, ਜਿਸਨੂੰ ਆਮ ਤੌਰ 'ਤੇ ਸੈਂਸਰ ਬੋਰਡ ਕਿਹਾ ਜਾਂਦਾ ਹੈ, ਦਾ ਕੰਮ ਉਮਰ ਵਰਗ ਦੇ ਅਨੁਸਾਰ ਫਿਲਮਾਂ ਨੂੰ ਪ੍ਰਮਾਣਿਤ ਕਰਨਾ। ਪਰ ਬੋਰਡ 'ਤੇ ਅਕਸਰ ਗਲਤੀਆਂ ਕਰਨ ਦਾ ਦੋਸ਼ ਲਗਾਇਆ ਜਾਂਦਾ ਹੈ। ਇਹ ਸਰਗਰਮੀ ਉਦੋਂ ਸਾਹਮਣੇ ਆਈ ਜਦੋਂ ਮਹਾਰਾਸ਼ਟਰ ਦੇ ਕੁਝ ਸੰਗਠਨਾਂ ਨੇ ਫਿਲਮ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ।

ਅਖਿਲ ਭਾਰਤੀ ਬ੍ਰਾਹਮਣ ਮਹਾਸੰਘ, ਪੁਣੇ ਦੇ ਕਰਾੜ ਬ੍ਰਾਹਮਣ ਮਹਾਸੰਘ ਅਤੇ ਹਿੰਦੂ ਮਹਾਸਭਾ ਨੇ ਦਾਅਵਾ ਕੀਤਾ ਕਿ ਫਿਲਮ ਬ੍ਰਾਹਮਣਾਂ ਨੂੰ ਨਕਾਰਾਤਮਕ ਰੂਪ ਵਿੱਚ ਦਰਸਾਉਂਦੀ ਹੈ ਅਤੇ ਜਾਤੀਵਾਦ ਨੂੰ ਉਤਸ਼ਾਹਿਤ ਕਰਦੀ ਹੈ। ਇਨ੍ਹਾਂ ਸੰਗਠਨਾਂ ਨੇ ਸੜਕਾਂ 'ਤੇ ਪ੍ਰਦਰਸ਼ਨ ਕੀਤੇ ਅਤੇ ਇਤਰਾਜ਼ਯੋਗ ਦ੍ਰਿਸ਼ਾਂ ਨੂੰ ਹਟਾਉਣ ਲਈ ਸੈਂਸਰ ਬੋਰਡ ਨੂੰ ਪੱਤਰ ਲਿਖੇ। ਬ੍ਰਾਹਮਣ ਮਹਾਸੰਘ ਦੇ ਪ੍ਰਧਾਨ ਆਨੰਦ ਦਵੇ ਨੇ ਕਿਹਾ, "ਇਹ ਫਿਲਮ ਜਾਤੀਵਾਦ ਨੂੰ ਉਤਸ਼ਾਹਿਤ ਕਰਦੀ ਹੈ ਅਤੇ ਬ੍ਰਾਹਮਣਾਂ ਨੂੰ ਨਕਾਰਾਤਮਕ ਰੂਪ ਵਿੱਚ ਪੇਸ਼ ਕਰਦੀ ਹੈ।"



### ਲੋਕ ਫਿਲਮ ਦੇ ਸਮਰਥਨ ਵਿੱਚ ਸਾਹਮਣੇ ਆਏ

ਪਰ ਫੂਲੇ ਅਤੇ ਅੰਬੇਡਕਰ ਦੀ ਧਰਤੀ, ਮਹਾਰਾਸ਼ਟਰ ਵਿੱਚ, ਵਿਰੋਧ ਪ੍ਰਦਰਸ਼ਨ ਦਾ ਹੁੰਗਾਰਾ ਵੀ ਓਨਾ ਹੀ ਤਿੱਖਾ ਰਿਹਾ ਹੈ। ਵੰਚਿਤ ਬਹੁਜਨ ਅਘਾੜੀ ਦੇ ਆਗੂ ਅਤੇ ਡਾ. ਅੰਬੇਡਕਰ ਦੇ ਪੋਤੇ ਪ੍ਰਕਾਸ਼ ਅੰਬੇਡਕਰ ਆਪਣੇ ਸਮਰਥਕਾਂ ਨਾਲ ਫਿਲਮ ਦੇ ਵਿਰੋਧ ਵਿੱਚ ਸੜਕਾਂ 'ਤੇ ਉਤਰ ਆਏ। 10 ਅਪ੍ਰੈਲ ਨੂੰ ਹੋਏ ਵਿਰੋਧ ਪ੍ਰਦਰਸ਼ਨ ਵਿੱਚ ਪ੍ਰਕਾਸ਼ ਅੰਬੇਡਕਰ ਨੇ ਕਿਹਾ, "ਫੂਲੇ ਦੀ ਵਿਚਾਰਧਾਰਾ ਨੂੰ ਦਬਾਉਣ ਦੀ ਸਾਜ਼ਿਸ਼ ਰਚੀ ਜਾ ਰਹੀ ਹੈ। ਇਹ ਫਿਲਮ ਬਹੁਜਨ ਸਮਾਜ ਲਈ ਇੱਕ ਪ੍ਰੇਰਨਾ ਹੈ।"

ਹੈਰਾਨੀ ਦੀ ਗੱਲ ਹੈ ਕਿ ਜਿਸ ਦਿਨ ਇਹ ਫਿਲਮ ਰਿਲੀਜ਼ ਹੋਣੀ ਸੀ, ਉਸੇ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਮਹਾਤਮਾ ਫੂਲੇ ਨੂੰ ਉਨ੍ਹਾਂ ਦੇ ਜਨਮਦਿਨ 'ਤੇ ਸ਼ਰਧਾਂਜਲੀ ਭੇਟ ਕੀਤੀ। ਉਹਨਾਂ ਨੇ ਲਿਖਿਆ ਕਿ ਮਨੁੱਖਤਾ ਦੇ ਸੱਚੇ ਸੇਵਕ ਮਹਾਤਮਾ ਫੂਲੇ ਨੂੰ ਉਨ੍ਹਾਂ ਦੇ ਜਨਮ ਦਿਵਸ 'ਤੇ ਸ਼ਰਧਾਂਜਲੀ। ਉਨ੍ਹਾਂ ਨੇ ਆਪਣਾ ਜੀਵਨ ਸਮਾਜ ਦੇ ਦੱਬੇ-ਕੁਚਲੇ ਅਤੇ ਵਾਂਝੇ ਵਰਗਾਂ ਦੀ ਭਲਾਈ ਲਈ ਸਮਰਪਿਤ ਕਰ ਦਿੱਤਾ।

ਪਰ ਸੈਂਸਰ ਬੋਰਡ ਦਾ ਰਵੱਈਆ ਸਵਾਲ ਖੜ੍ਹਾ ਕਰਦਾ ਹੈ ਕਿ ਕੀ ਫੂਲੇ ਦੀ ਪ੍ਰੇਰਨਾ ਨੂੰ ਜਨਤਾ ਤੱਕ ਪਹੁੰਚਣ ਤੋਂ ਰੋਕਿਆ ਜਾ ਰਿਹਾ ਹੈ ? ਸੀਬੀਐਫਸੀ ਦੇ ਮੌਜੂਦਾ ਚੇਅਰਮੈਨ ਗੀਤਕਾਰ ਪ੍ਰਸੂਨ ਜੋਸ਼ੀ ਹਨ, ਜਿਨ੍ਹਾਂ ਨੇ ਭਾਜਪਾ ਲਈ ਚੋਣ ਗੀਤ ਵੀ ਲਿਖੇ ਹਨ।

### ਜੋਤੀਬਾ ਅਤੇ ਸਾਵਿਤਰੀਬਾਈ ਫੂਲੇ ਦਾ ਯੋਗਦਾਨ

ਜੋਤੀਬਾ ਫੂਲੇ (1827-1890) ਅਤੇ ਸਾਵਿਤਰੀਬਾਈ ਫੂਲੇ 19ਵੀਂ ਸਦੀ ਵਿੱਚ ਸਮਾਜਿਕ ਸੁਧਾਰ ਦੀ ਮਿਸਾਲ ਸਨ। ਪੁਣੇ ਦੇ ਇੱਕ ਮਾਲੀ ਪਰਿਵਾਰ ਵਿੱਚ ਜਨਮੇ, ਫੂਲੇ ਨੇ ਜਾਤ ਪ੍ਰਣਾਲੀ ਅਤੇ ਸ਼ੂਦਰਾਂ ਦੇ ਸ਼ੋਸ਼ਣ ਵਿਰੁੱਧ ਆਪਣੀ ਆਵਾਜ਼ ਬੁਲੰਦ ਕੀਤੀ। 1848 ਵਿੱਚ, ਸਾਵਿਤਰੀਬਾਈ ਨਾਲ ਮਿਲ ਕੇ, ਉਸਨੇ ਕੁੜੀਆਂ ਲਈ ਦੇਸ਼ ਦਾ ਪਹਿਲਾ ਸਕੂਲ ਖੋਲ੍ਹਿਆ। ਬਾਲ ਵਿਆਹ ਦਾ ਵਿਰੋਧ ਕੀਤਾ, ਵਿਧਵਾ ਪੁਨਰ-ਵਿਆਹ ਦਾ ਸਮਰਥਨ ਕੀਤਾ ਅਤੇ ਸੱਤਿਆਸ਼ੋਧਕ ਸਮਾਜ ਦੀ ਸਥਾਪਨਾ ਕੀਤੀ। ਉਸਦੀ ਕਿਤਾਬ ਗੁਲਾਮਗਿਰੀ (1873) ਨੇ ਬ੍ਰਾਹਮਣਵਾਦ ਅਤੇ ਜਾਤ ਪ੍ਰਣਾਲੀ 'ਤੇ ਹਮਲਾ ਕੀਤਾ। ਉਸਨੇ ਲਿਖਿਆ, "ਬ੍ਰਾਹਮਣ ਕਹਿੰਦੇ ਹਨ ਕਿ ਉਹ ਬ੍ਰਹਮਾ ਦੇ ਮੂੰਹ ਤੋਂ ਪੈਦਾ ਹੋਏ ਸਨ। ਤਾਂ ਕੀ ਬ੍ਰਹਮਾ ਦੇ ਮੂੰਹ ਵਿੱਚ ਕੁੱਖ ਸੀ ?"

ਫੂਲੇ ਨੇ ਬ੍ਰਿਟਿਸ਼ ਸ਼ਾਸਨ ਨੂੰ ਰਾਹਤ ਦੇ ਸਮੇਂ ਵਜੋਂ ਦਰਸਾਇਆ, ਜਦੋਂ ਕਿ ਦਬੇ ਕੁਚਲੇ ਲੋਕਾਂ ਨੂੰ ਪੇਸ਼ਵਈ ਕਾਲ ਦੇ ਅਣਮਨੁੱਖੀ ਅਭਿਆਸਾਂ ਦੀ ਯਾਦ ਦਿਵਾਈ, ਜਿਵੇਂ ਕਿ ਦਲਿਤਾਂ ਨੂੰ ਝਾੜੂ ਅਤੇ ਘੜੇ ਨਾਲ ਬੰਨ੍ਹ ਕੇ ਤੁਰਨ ਲਈ ਮਜਬੂਰ ਕਰਨਾ। ਉਸਦੇ ਸਵਾਲਾਂ ਨੇ ਉੱਚ ਜਾਤੀ ਸਮਾਜ ਦੀਆਂ ਨੀਂਹਾਂ ਹਿਲਾ ਦਿੱਤੀਆਂ।

### ਫਿਲਮ ਦੇ ਨਿਰਦੇਸ਼ਕ ਦਾ ਜਵਾਬ

ਫਿਲਮ ਦੇ ਨਿਰਦੇਸ਼ਕ ਅਨੰਤ ਮਹਾਦੇਵਨ, ਜੋ ਕਿ ਖੁਦ ਇੱਕ ਬ੍ਰਾਹਮਣ ਹਨ, ਨੇ ਇਸ ਵਿਰੋਧ ਪ੍ਰਦਰਸ਼ਨ 'ਤੇ ਸਖ਼ਤ ਇਤਰਾਜ਼ ਜਤਾਇਆ। ਉਨ੍ਹਾਂ ਕਿਹਾ, "ਅਸੀਂ ਹੁਣੇ ਹੀ ਤੱਥ ਦਿਖਾਏ ਹਨ। ਫਿਲਮ ਵਿੱਚ ਇਹ ਵੀ ਦਿਖਾਇਆ ਗਿਆ ਹੈ ਕਿ ਬ੍ਰਾਹਮਣਾਂ ਨੇ ਫੂਲੇ ਨੂੰ ਹਸਪਤਾਲ ਖੋਲ੍ਹਣ ਵਿੱਚ ਮਦਦ ਕੀਤੀ ਸੀ। ਬ੍ਰਾਹਮਣ ਸੱਤਿਆਸ਼ੋਧਕ ਸਮਾਜ ਦੇ ਥੰਮ੍ਹ ਸਨ। ਮੈਂ ਆਪਣੇ ਭਾਈਚਾਰੇ ਨੂੰ ਕਿਉਂ ਬਦਨਾਮ ਕਰਾਂਗਾ ? ਇਹ ਕੋਈ ਏਜੰਡਾ ਫਿਲਮ ਨਹੀਂ ਹੈ।" ਮਹਾਦੇਵਨ ਨੇ ਕਿਹਾ ਕਿ ਇਹ ਫਿਲਮ ਡੂੰਘੀ ਖੋਜ ਅਤੇ ਇਤਿਹਾਸਕ ਸਰੋਤਾਂ 'ਤੇ ਆਧਾਰਿਤ ਹੈ।

### ਬ੍ਰਾਹਮਣ ਅਤੇ ਬ੍ਰਾਹਮਣਵਾਦ ਵਿੱਚ ਅੰਤਰ

ਫਿਲਮ ਦਾ ਵਿਰੋਧ ਕਰਨ ਵਾਲੇ ਅਕਸਰ ਬ੍ਰਾਹਮਣ ਅਤੇ ਬ੍ਰਾਹਮਣਵਾਦ ਵਿੱਚ ਫ਼ਰਕ ਨਹੀਂ ਸਮਝਦੇ। ਬ੍ਰਾਹਮਣ ਇੱਕ ਭਾਈਚਾਰਾ ਹੈ, ਜਦੋਂ ਕਿ ਬ੍ਰਾਹਮਣਵਾਦ ਇੱਕ ਵਿਚਾਰਧਾਰਾ ਹੈ ਜੋ ਵਰਣ ਪ੍ਰਣਾਲੀ ਨੂੰ ਬ੍ਰਹਮ ਦਾ ਹੁਕਮ ਪ੍ਰਵਾਨ ਕਰਦੀ ਹੈ। ਇਹ ਵਿਚਾਰਧਾਰਾ ਮਨੁਸਮ੍ਰਿਤੀ ਨੂੰ ਸੰਵਿਧਾਨ ਤੋਂ ਉੱਪਰ ਰੱਖਦੀ ਹੈ। ਅੱਜ ਵੀ ਉੱਚ ਜਾਤੀ ਸਮਾਜ ਦਾ ਜਾਤੀ ਮਾਣ ਵਿਆਹ ਸੰਬੰਧੀ ਇਸ਼ਤਿਹਾਰਾਂ ਵਿੱਚ ਦੇਖਿਆ ਜਾ ਸਕਦਾ ਹੈ।

### ਸਮਾਜ ਅਤੇ ਸੰਵਿਧਾਨ ਬਾਰੇ ਸਵਾਲ

ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਸੈਂਸਰ ਬੋਰਡ ਦੇ ਇਸ ਰਵੱਈਏ ਲਈ ਸਿੱਧੇ ਤੌਰ 'ਤੇ ਮੋਦੀ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਨੇ ਐਕਸ'ਤੇ ਲਿਖਿਆ, ਇੱਕ ਪਾਸੇ ਭਾਜਪਾ-ਆਰਐਸਐਸ ਆਗੂ ਫੂਲੇ ਜੀ ਨੂੰ ਸਤਹੀ ਸ਼ਰਧਾਂਜਲੀ ਦਿੰਦੇ ਹਨ ਅਤੇ ਦੂਜੇ ਪਾਸੇ ਉਨ੍ਹਾਂ ਦੇ ਜੀਵਨ 'ਤੇ ਬਣੀ ਫਿਲਮ ਨੂੰ ਸੈਂਸਰ ਕਰ ਰਹੇ ਹਨ। ..."ਹਰ ਕਦਮ 'ਤੇ, ਭਾਜਪਾ ਅਤੇ ਆਰਐਸਐਸ ਦਲਿਤ-ਬਹੁਜਨ ਇਤਿਹਾਸ ਨੂੰ ਮਿਟਾਉਣਾ ਚਾਹੁੰਦੇ ਹਨ ਤਾਂ ਜੋ ਜਾਤੀ ਵਿਤਕਰੇ ਅਤੇ ਬੇਇਨਸਾਫ਼ੀ ਬਾਰੇ ਅਸਲ ਸੱਚਾਈ ਸਾਹਮਣੇ ਨਾ ਆਵੇ।" ਲੇਖਕ ਕਾਂਚਾ ਇਲਈਆ ਨੇ ਵੀ ਇਹੀ ਸਵਾਲ ਉਠਾਇਆ। ਉਸਨੇ ਪੁੱਛਿਆ, "ਸੀ ਬੀ ਐਫਸੀ ਫਿਲਮ ਵਿੱਚੋਂ ਜਾਤੀ ਨਾਲ ਸਬੰਧਤ ਹਵਾਲਿਆਂ ਨੂੰ ਹਟਾਉਣ ਲਈ ਕਿਵੇਂ ਕਹਿ ਸਕਦਾ ਹੈ ਜਦੋਂ ਫੂਲੇ ਦਾ ਸੰਘਰਸ਼ ਉਸ ਸਮੇਂ ਦੇ ਬ੍ਰਾਹਮਣ ਭਾਈਚਾਰਿਆਂ ਦੇ ਜਾਤੀਵਾਦ ਅਤੇ ਅਣਮਨੁੱਖੀ ਪ੍ਰਥਾਵਾਂ ਵਿਰੁੱਧ ਸੀ ?"

ਪੰਜਾਬ ਟਾਈਮਜ ਅਨੁਸਾਰ ਫਿਲਮ ਦੇ ਵਿਰੋਧ ਨੂੰ ਵੇਖਦਿਆਂ, ਇਹ ਸਪੱਸ਼ਟ ਜਾਪਦਾ ਹੈ ਕਿ ਸਮਾਜ ਵਿੱਚ ਪ੍ਰਮੁੱਖ ਵਰਗ ਜਾਤ ਪ੍ਰਣਾਲੀ ਨੂੰ ਬਣਾਈ ਰੱਖਣਾ ਚਾਹੁੰਦਾ ਹੈ। ਡਾ. ਅੰਬੇਡਕਰ ਨੇ ਕਿਹਾ ਸੀ ਕੀ ਜਿੰਨਾ ਚਿਰ ਜਾਤ ਮੌਜੂਦ ਹੈ, ਭਾਰਤ ਇੱਕ ਰਾਸ਼ਟਰ ਨਹੀਂ ਬਣ ਸਕਦਾ। ਯਾਨੀ ਇਹ ਫਿਲਮ ਦਾ ਵਿਰੋਧ ਨਹੀਂ ਹੈ, ਸਗੋਂ ਰਾਸ਼ਟਰ ਨਿਰਮਾਣ ਦੀ ਪ੍ਰਕਿਰਿਆ ਦੇ ਵਿਰੁੱਧ ਹੈ। ਫਿਲਮ ਨੂੰ ਕੱਟਣ ਵਾਲੀ ਕੈਂਚੀ 'ਤੇ ਸੈਂਸਰ ਬੋਰਡ ਦਾ ਨਾਮ ਹੈ, ਪਰ ਹੱਥ ਬ੍ਰਾਹਮਣਵਾਦ ਦਾ ਹੈ।

## ਦਲਵੀਰ ਗੋਲਡੀ ਕਾਂਗਰਸ 'ਚ ਮੁੜ ਪਰਤੇ



ਲੁਧਿਆਣਾ-ਦਲਵੀਰ ਗੋਲਡੀ ਨੇ ਕਾਂਗਰਸ ਵਿਚ ਮੁੜ ਵਾਪਸੀ ਕਰ ਲਈ ਹੈ। ਉਨ੍ਹਾਂ ਨੂੰ ਚੰਡੀਗੜ੍ਹ ਵਿਖੇ ਪੰਜਾਬ ਕਾਂਗਰਸ ਦੇ ਇੰਚਾਰਜ ਭੁਪੇਸ਼ ਬਘੇਲ ਨੇ ਪਾਰਟੀ ਵਿਚ ਮੁੜ ਸ਼ਾਮਿਲ ਕਰਵਾਇਆ। ਇਸ ਮੌਕੇ ਰਾਜਾ ਵੜਿੰਗ ਤੇ ਪ੍ਰਤਾਪ ਸਿੰਘ ਬਾਜਵਾ ਵੀ ਮੌਜੂਦ ਸਨ। ਦੱਸ ਦੇਈਏ ਕਿ ਦਲਵੀਰ ਗੋਲਡੀ ਨੇ ਲੋਕ ਸਭਾ ਚੋਣਾਂ ਦੌਰਾਨ ਕਾਂਗਰਸ ਛੱਡ ਦਿੱਤੀ ਸੀ।

# ਟਰੰਪ 'ਕਮਾਂਡਰ ਇਨ ਚੀਫ' ਵਜੋਂ ਸੇਵਾ ਨਿਭਾਉਣ ਲਈ ਪੂਰੀ ਤਰ੍ਹਾਂ ਫਿੱਟ

## ✪ ਅਮਰੀਕੀ ਰਾਸ਼ਟਰਪਤੀ ਦੇ ਡਾਕਟਰ ਨੇ ਦਿੱਤੀ ਵੱਡੀ ਅਪਡੇਟ



ਵੈਸਟ ਪਾਮ ਬੀਚ-ਡੋਨਾਲਡ ਟਰੰਪ ਦੇ ਡਾਕਟਰ ਦਾ ਕਹਿਣਾ ਹੈ ਕਿ ਅਮਰੀਕੀ ਰਾਸ਼ਟਰਪਤੀ 'ਕਮਾਂਡਰ ਇਨ ਚੀਫ' ਵਜੋਂ ਸੇਵਾ ਕਰਨ ਲਈ ਕਾਫ਼ੀ ਸਿਹਤਮੰਦ ਹਨ। ਵ੍ਹਾਈਟ ਹਾਊਸ ਨੇ ਬੀਤੇ ਦਿਨੀਂ ਟਰੰਪ ਦੇ ਕੀਤੇ ਗਏ ਮੈਡੀਕਲ ਟੈਸਟਾਂ ਦੀਆਂ ਰਿਪੋਰਟਾਂ ਜਾਰੀ ਕੀਤੀਆਂ। ਟਰੰਪ 78 ਸਾਲ ਦੇ ਹਨ। ਟਰੰਪ ਦੇ ਡਾਕਟਰ, ਕੈਪਟਨ ਸੀਨ ਬਾਰਬਾਬੇਲਾ ਨੇ ਕਿਹਾ ਕਿ ਰਾਸ਼ਟਰਪਤੀ ਦੀ ਸਰਗਰਮ ਜੀਵਨ ਸ਼ੈਲੀ ਉਨ੍ਹਾਂ ਦੀ ਸਰੀਰਕ ਸਿਹਤ ਵਿੱਚ ਸਭ ਤੋਂ ਵੱਡਾ ਯੋਗਦਾਨ ਪਾਉਂਦੀ ਹੈ। ਟਰੰਪ 14 ਜੂਨ ਨੂੰ 79 ਸਾਲ ਦੇ ਹੋ ਜਾਣਗੇ। ਅਮਰੀਕੀ ਰਾਸ਼ਟਰਪਤੀ ਦੇ ਡਾਕਟਰ ਨੇ ਕਿਹਾ ਕਿ ਟਰੰਪ ਕਮਾਂਡਰ-ਇਨ-ਚੀਫ਼ ਅਤੇ ਰਾਜ ਦੇ ਮੁਖੀ ਦੇ ਫਰਜ਼ ਨਿਭਾਉਣ ਲਈ ਪੂਰੀ ਤਰ੍ਹਾਂ ਸਿਹਤਮੰਦ ਹਨ। 2020 ਤੋਂ, ਉਹਨਾਂ ਨੇ 20 ਪੌਂਡ ਭਾਰ ਘਟਾ ਲਿਆ ਹੈ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਟਰੰਪ ਦੀਆਂ ਦੋਵੇਂ ਅੱਖਾਂ ਵਿੱਚ ਮੋਤੀਆਬਿੰਦ ਦੀ ਸਰਜਰੀ ਹੋਈ ਹੈ। ਹਾਲਾਂਕਿ, ਰਿਪੋਰਟ ਵਿੱਚ ਕੋਈ ਤਾਰੀਖ ਨਹੀਂ ਦਿੱਤੀ ਗਈ ਹੈ। ਇਹ ਸਰਜਰੀ ਵੱਡੀ ਉਮਰ ਦੇ ਲੋਕਾਂ ਵਿੱਚ ਆਮ ਹੈ। ਇਸ ਵਿੱਚ, ਅੱਖ ਦੇ ਧੁੰਦਲੇ ਲੈਂਸ ਨੂੰ ਹਟਾ ਦਿੱਤਾ ਜਾਂਦਾ ਹੈ ਅਤੇ ਇੱਕ ਨਕਲੀ ਲੈਂਸ ਲਗਾਇਆ ਜਾਂਦਾ ਹੈ। ਇਸ ਨਾਲ ਦੇਖਣਾ ਆਸਾਨ ਹੋ ਜਾਂਦਾ ਹੈ। ਰਿਪੋਰਟ ਦੇ ਅਨੁਸਾਰ, ਟਰੰਪ ਦੀ ਜੁਲਾਈ 2024 ਵਿੱਚ ਕੋਲੋਨੋਸਕੋਪੀ ਹੋਈ। ਇੱਕ ਸੁਭਾਵਕ ਪੌਲੀਪ ਅਤੇ ਡਾਇਵਰਟੀਕੁਲੋਸਿਸ ਨਾਮਕ ਇੱਕ ਸਥਿਤੀ ਪਾਈ ਗਈ। ਇਹ ਇੱਕ ਆਮ ਸਥਿਤੀ ਹੈ ਜਿਸ ਵਿੱਚ ਅੰਤੜੀਆਂ ਦੀਆਂ ਕੰਧਾਂ ਉਮਰ ਦੇ ਨਾਲ ਕਮਜ਼ੋਰ ਹੋ ਜਾਂਦੀਆਂ ਹਨ। ਇਸ ਨਾਲ ਪੇਟ ਫੁੱਲ ਸਕਦਾ ਹੈ, ਹਾਲਾਂਕਿ ਜ਼ਿਆਦਾਤਰ ਲੋਕਾਂ ਨੂੰ ਕੋਈ ਸਮੱਸਿਆ ਨਹੀਂ ਹੁੰਦੀ।

# ਜ਼ਹਿਰ ਖਾਣ ਨਾਲ ਗਭਰੂ ਦੀ ਹੋਈ ਮੌਤ

## ✪ ਪਤਨੀ ਨੇ ਪ੍ਰੇਮਿਕਾ 'ਤੇ ਉਕਸਾਉਣ ਦੇ ਲਾਏ ਦੋਸ਼ ✪ ਪਤਨੀ ਨੇ ਪੁਲਿਸ ਕੋਲ ਪੇਸ਼ ਕੀਤੀ ਰਿਕਾਰਡਿੰਗ, ਕੇਸ ਦਰਜ

ਨਿਊ ਚੰਡੀਗੜ੍ਹ-ਸ਼ਿਵਾਲਿਕ ਵਿਹਾਰ ਛੋਟੀ ਕਰੋਰਾਂ ਦੀ ਰਹਿਣ ਵਾਲੀ ਬਲਵਿੰਦਰ ਕੌਰ ਨੇ ਨਵਾਂਗਰਾਓਂ ਪੁਲਸ ਸਟੇਸ਼ਨ ਵਿਚ ਸ਼ਿਕਾਇਤ ਦਰਜ ਕਰਵਾਈ ਕਿ ਉਸ ਦੇ ਪਤੀ ਸੁਖਵਿੰਦਰ ਸਿੰਘ ਲਾਡੀ (32) ਦਾ ਔਰਤ ਨਾਲ ਪ੍ਰੇਮ ਸੰਬੰਧ ਸੀ। ਉਕਤ ਔਰਤ ਨੇ ਉਸ ਦੇ ਪਤੀ ਨੂੰ ਖ਼ੁਦਕੁਸ਼ੀ ਲਈ ਉਕਸਾਇਆ। ਇਹ ਗੱਲ ਮ੍ਰਿਤਕ ਲਾਡੀ ਤੇ ਬਲਵਿੰਦਰ ਕੌਰ ਵਿਚਕਾਰ ਹੋਈ ਗੱਲਬਾਤ ਦੀ ਰਿਕਾਰਡਿੰਗ ਤੋਂ ਸਾਹਮਣੇ ਆਈ ਹੈ, ਜਿਸ ਵਿਚ ਖ਼ੁਦਕੁਸ਼ੀ ਕਰਨ ਤੋਂ ਪਹਿਲਾਂ ਉਹ ਉਸ ਨੂੰ ਦੱਸ ਰਿਹਾ ਸੀ ਕਿ ਉਕਤ ਔਰਤ ਨੇ ਉਸ ਨੂੰ ਪ੍ਰੇਸ਼ਾਨ ਕੀਤਾ ਸੀ। ਉਹ ਮੈਨੂੰ ਮਰਨ ਲਈ ਮਜਬੂਰ ਕਰ ਰਹੀ ਹੈ। ਤੂੰ ਆਪਣਾ ਤੇ ਆਪਣੇ ਬੱਚਿਆਂ ਦਾ ਧਿਆਨ ਰੱਖ, ਫਿਰ ਉਸ ਦੀ ਪਤਨੀ ਨੇ ਕਿਹਾ ਕਿ ਦੱਸ ਤੂੰ ਕਿੱਥੇ ਹੈਂ ਪਰ ਫਿਰ ਲਾਡੀ ਨੇ ਫ਼ੋਨ ਕੱਟ ਦਿੱਤਾ। ਲਾਡੀ ਨਵਾਂਗਰਾਓਂ ਵਿਖੇ ਕਿਰਾਏ 'ਤੇ ਲਾਡੀ ਕਾਰ ਵਾਸ਼ਿੰਗ ਸਰਵਿਸ ਸਟੇਸ਼ਨ ਚਲਾਉਂਦਾ ਸੀ। ਅਚਾਨਕ ਮ੍ਰਿਤਕ ਦਾ ਦੋਸਤ ਉੱਥੇ ਆਇਆ ਤੇ ਉਸ ਨੇ ਦੇਖਿਆ ਕਿ ਲਾਡੀ ਦੇ ਹੱਥ ਵਿਚ ਸਲਫਾਸ ਦੀਆਂ ਗੋਲੀਆਂ ਦੀ ਇਕ ਬੋਤਲ ਸੀ, ਜਿਸ ਵਿੱਚੋਂ ਲਾਡੀ ਨੇ ਕੋਕਾ-ਕੋਲਾ ਨਾਲ ਤਿੰਨ ਗੋਲੀਆਂ ਨਿਗਲ ਲਈਆਂ ਸਨ। ਉਸ ਦਾ ਦੋਸਤ ਉਸ ਨੂੰ ਸੈਕਟਰ 16 ਹਸਪਤਾਲ ਚੰਡੀਗੜ੍ਹ ਲੈ ਕੇ ਆਇਆ ਤੇ ਡਾਕਟਰਾਂ ਨੇ ਉਸ ਨੂੰ ਪੀ.ਜ਼ੀ.ਆਈ. ਰੈਫਰ ਕਰ ਦਿੱਤਾ, ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਮ੍ਰਿਤਕ ਦੀ ਪਤਨੀ ਬਲਵਿੰਦਰ ਕੌਰ ਦੇ ਬਿਆਨ ਤੇ ਰਿਕਾਰਡਿੰਗ ਦੇ ਆਧਾਰ 'ਤੇ ਮ੍ਰਿਤਕ ਦੀ ਪ੍ਰੇਮਿਕਾ ਵਿਰੁੱਧ ਪੁਲਸ ਨੇ ਮਾਮਲਾ ਦਰਜ ਕਰ ਲਿਆ ਹੈ।

# ਬਿਹਾਰ ਤੋਂ ਲੜਕੀ ਨੂੰ ਕੀਤਾ ਅਗਵਾ

## ✪ ਜਲੰਧਰ ਦੇ ਹੰਸਰਾਜ ਸਟੇਡੀਅਮ ਕੰਪਲੈਕਸ ਵਿਚ ਕੀਤਾ ਬਲਾਤਕਾਰ

ਜਲੰਧਰ-ਜਲੰਧਰ ਦੇ ਥਾਣਾ ਡਿਵੀਜ਼ਨ ਨੰਬਰ-4 ਦੀ ਪੁਲਿਸ ਨੇ ਹੰਸ ਰਾਜ ਸਟੇਡੀਅਮ ਕੰਪਲੈਕਸ ਵਿੱਚ ਹੋਏ ਬਲਾਤਕਾਰ ਦੇ ਮਾਮਲੇ ਵਿੱਚ ਬਿਹਾਰ ਦੇ ਮੁਕੇਸ਼ ਯਾਦਵ ਖ਼ਿਲਾਫ਼ ਐਫਆਈਆਰ ਦਰਜ ਕੀਤੀ ਹੈ। ਮੁਕੇਸ਼ ਨੇ 22 ਸਾਲਾ ਲੜਕੀ ਨਾਲ 2 ਤੋਂ 4 ਅਪ੍ਰੈਲ ਦਰਮਿਆਨ ਸਟੇਡੀਅਮ ਦੇ ਅਹਾਤੇ ਵਿੱਚ ਬਲਾਤਕਾਰ ਕੀਤਾ। ਮੁਲਜ਼ਮ ਦਾ ਪਿਤਾ ਸਟੇਡੀਅਮ ਵਿੱਚ ਕੰਮ ਕਰਦਾ ਸੀ ਅਤੇ ਮੁਕੇਸ਼ ਉਸ ਨਾਲ ਰਹਿੰਦਾ ਸੀ। ਪੀੜਤ ਲੜਕੀ ਨੂੰ ਮੁਕੇਸ਼ ਨੇ ਬਿਹਾਰ ਤੋਂ ਅਗਵਾ ਕੀਤਾ ਸੀ ਅਤੇ ਉਹ ਪਹਿਲਾਂ ਵੀ ਉਸ ਨਾਲ ਜਲੰਧਰ ਆਈ ਸੀ। ਦੋਵਾਂ ਵਿਚਕਾਰ ਪਹਿਲਾਂ ਤੋਂ ਗੱਲਬਾਤ ਸੀ। ਮਾਮਲਾ ਉਦੋਂ ਸਾਹਮਣੇ ਆਇਆ ਜਦੋਂ ਇੱਕ ਤੀਜੇ ਵਿਅਕਤੀ ਨੇ ਦੋਵਾਂ ਨੂੰ ਇਤਰਾਜ਼ਯੋਗ ਹਾਲਤ ਵਿੱਚ ਦੇਖਿਆ ਅਤੇ ਪੁਲਿਸ ਨੂੰ ਸੂਚਨਾ ਦਿੱਤੀ। ਪੁਲਿਸ ਨੇ ਤੁਰੰਤ ਮੁਕੇਸ਼ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਲੜਕੀ ਦਾ ਬਿਆਨ ਦਰਜ ਕੀਤਾ। ਲੜਕੀ ਦੀ ਮੈਡੀਕਲ ਜਾਂਚ ਸਿਵਲ ਹਸਪਤਾਲ, ਜਲੰਧਰ ਵਿੱਚ ਹੋਈ, ਜਿਸ ਦੀ ਰਿਪੋਰਟ ਦੀ ਉਡੀਕ ਹੈ। ਪੁਲਿਸ ਅਗਲੀ ਕਾਰਵਾਈ ਰਿਪੋਰਟ ਮਿਲਣ ਤੋਂ ਬਾਅਦ ਕਰੇਗੀ।

# ਦੋ ਹਫਤਿਆਂ ਲਈ ਪੈਰੋਲ 'ਤੇ ਬੰਦੀ ਸਿੰਘ ਗੁਰਦੀਪ ਸਿੰਘ ਖੈੜਾ ਦੀ ਹੋਈ ਰਿਹਾਈ



ਬਾਬਾ ਬਕਾਲਾ-ਬਾਬਾ ਬਕਾਲਾ ਸਾਹਿਬ ਉਪ ਮੰਡਲ ਦੇ ਪਿੰਡ ਜੱਲੂਪੁਰ ਖੈੜਾ ਨਿਵਾਸੀ ਬੰਦੀ ਸਿੰਘ ਭਾਈ ਗੁਰਦੀਪ ਸਿੰਘ ਖੈੜਾ ਨੂੰ ਦੋ ਹਫਤਿਆਂ ਲਈ ਪੈਰੋਲ 'ਤੇ ਰਿਹਾਈ ਮਿਲੀ ਹੈ। ਰਿਹਾਈ ਉਪਰੰਤ ਗੁਰਦੀਪ ਸਿੰਘ ਖੈੜਾ ਆਪਣੀ ਪਤਨੀ ਬੀਬੀ ਗੁਰਜੀਤ ਕੌਰ ਸਮੇਤ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਬਾਬਾ ਬਕਾਲਾ ਸਾਹਿਬ ਵਿਖੇ ਨਤਮਸਤਕ ਹੋਏ ਅਤੇ ਗੁਰੂ ਘਰ ਦਾ ਸ਼ੁਕਰਾਨਾ ਕੀਤਾ। ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੂੰ 9 ਤੋਂ 23 ਅਪ੍ਰੈਲ ਤੱਕ ਪੈਰੋਲ ਮਿਲੀ ਹੈ, ਇਸ ਦੌਰਾਨ ਉਹ ਇਤਿਹਾਸਕ ਗੁਰਧਾਮਾਂ ਦੇ ਦਰਸ਼ਨ ਦੀਦਾਰੇ ਕਰਨਗੇ।


# ਡਾਕਟਰ ਨਾਲ ਬਲਾਤਕਾਰ ਦੇ ਦੋਸ਼ ਵਿਚ ਆਈ. ਪੀ. ਐਸ. ਅਧਿਕਾਰੀ ਵਿਰੁੱਧ ਕੇਸ ਦਰਜ

## ✪ ਵਿਆਹ ਕਰਨ ਦਾ ਵਾਅਦਾ ਕਰਕੇ ਸਰੀਰਕ ਸੰਬੰਧ ਬਣਾਏ, ਬਾਅਦ ਵਿਚ ਮੁਕਰਿਆ

ਨਾਗਪੁਰ-ਪੁਲਿਸ ਨੇ ਮਹਾਰਾਸ਼ਟਰ ਦੇ ਨਾਗਪੁਰ 'ਚ ਇਕ ਮਹਿਲਾ ਡਾਕਟਰ ਨਾਲ ਵਿਆਹ ਦਾ ਵਾਅਦਾ ਕਰਕੇ ਜਬਰ ਜਨਾਹ ਕਰਨ ਦੇ ਦੋਸ਼ 'ਚ ਇਕ 30 ਸਾਲਾ ਆਈ.ਪੀ.ਐਸ. ਅਧਿਕਾਰੀ ਵਿਰੁੱਧ ਮਾਮਲਾ ਦਰਜ ਕੀਤਾ ਹੈ।ਅਧਿਕਾਰੀਆਂ ਨੇ ਕਿਹਾ ਕਿ 28 ਸਾਲਾ ਔਰਤ ਨੇ ਬੀਤੇ ਸ਼ੁੱਕਰਵਾਰ ਨੂੰ ਨਾਗਪੁਰ ਦੇ ਇਮਾਮਵਾੜਾ ਪੁਲਿਸ ਸਟੇਸ਼ਨ 'ਚ ਸ਼ਿਕਾਇਤ ਦਰਜ ਕਰਵਾਈ। ਜਿਸ ਦੇ ਅਨੁਸਾਰ ਉਸਦਾ ਤੇ ਆਈ.ਪੀ.ਐਸ. ਦਾ ਰਾਬਤਾ ਨਵੰਬਰ 2022 ਵਿਚ ਸੋਸ਼ਲ ਮੀਡੀਆ ਪਲੇਟਫਾਰਮ ਇੰਸਟਾਗ੍ਰਾਮ ਰਾਹੀਂ ਹੋਇਆ ਸੀ।

ਪੁਲਿਸ ਨੇ ਕਿਹਾ ਕਿ ਵਿਅਕਤੀ ਉਦੋਂ ਯੂ.ਪੀ.ਐਸ.ਸੀ. ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰ ਰਿਹਾ ਸੀ ਤੇ ਜਦੋਂਕਿ ਔਰਤ ਐਮ. ਬੀ. ਬੀ. ਐਸ. ਕੋਰਸ ਕਰ ਰਹੀ ਸੀ।ਉਸਨੇ ਦੋਸ਼ ਲਗਾਇਆ ਕਿ ਆਈ. ਪੀ. ਐਸ. ਨੇ ਉਸ ਨਾਲ ਵਿਆਹ ਕਰਨ ਦਾ ਵਾਅਦਾ ਕੀਤਾ ਤੇ ਉਸ ਨਾਲ ਸਰੀਰਕ ਸੰਬੰਧ ਬਣਾਏ। ਆਈ. ਪੀ. ਐਸ. ਲਈ ਚੁਣੇ ਜਾਣ ਤੋਂ ਬਾਅਦ ਉਸਨੇ ਔਰਤ ਤੋਂ ਦੂਰੀ ਬਣਾ ਲਈ ਤੇ ਉਸ ਨਾਲ ਵਿਆਹ ਕਰਨ ਤੋਂ ਇਨਕਾਰ ਕਰ ਦਿੱਤਾ। ਪੁਲਿਸ ਨੇ ਕਿਹਾ ਕਿ ਸ਼ਿਕਾਇਤ ਦੇ ਆਧਾਰ 'ਤੇ ਆਈ. ਪੀ. ਐਸ. ਅਧਿਕਾਰੀ ਵਿਰੁੱਧ ਜਬਰ ਜਨਾਹ ਦੇ ਦੋਸ਼ਾਂ ਵਿਚ ਮਾਮਲਾ ਦਰਜ ਕੀਤਾ ਗਿਆ ਸੀ ਤੇ ਅੱਗੇ ਦੀ ਜਾਂਚ ਜਾਰੀ ਹੈ।

# ਐਂਟੀ ਨਾਰਕੋਟਿਕਸ ਟਾਸਕ ਫੋਰਸ ਨੇ 18 ਕਿੱਲੋ ਹੈਰੋਇਨ ਸਮੇਤ ਇੱਕ ਕੀਤਾ ਗ੍ਰਿਫਤਾਰ




ਅੰਮ੍ਰਿਤਸਰ-ਐਂਟੀ ਨਾਰਕੋਟਿਕਸ ਟਾਸਕ ਫੋਰਸ ਨੇ 18.25 ਕਿੱਲੋ ਹੈਰੋਇਨ ਸਮੇਤ ਇੱਕ ਤਸਕਰ ਹੀਰਾ ਸਿੰਘ ਨੂੰ ਕਾਬੂ ਕੀਤਾ ਹੈ। ਕੁਝ ਦਿਨ ਪਹਿਲਾਂ ਉਸ ਨੇ ਡਰੋਨ ਦੀ ਵਰਤੋਂ ਕਰਕੇ ਭਾਰੀ ਮਾਤਰਾ ਵਿੱਚ ਹੈਰੋਇਨ ਭਾਰਤੀ ਖੇਤਰ ਵਿੱਚ ਸੁੱਟੀ ਸੀ। ਇਸ ਦੇ ਆਧਾਰ 'ਤੇ ਨਾਰਕੋਟਿਕਸ ਟਾਸਕ ਫੋਰਸ ਨੇ ਛਾਪੇਮਾਰੀ ਕਰ ਕੇ ਨੂੰ ਗ੍ਰਿਫਤਾਰ ਕਰਕੇ ਉਸ ਦੇ ਕਬਜ਼ੇ 'ਚੋਂ ਨਸ਼ੇ ਦੀ ਇਹ ਖੇਪ ਬਰਾਮਦ ਕੀਤੀ। ਫਿਲਹਾਲ ਹੀਰਾ ਸਿੰਘ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

# 700 ਗ੍ਰਾਮ ਗਾਂਜਾ ਤੇ 73 ਹਜ਼ਾਰ ਰੁਪਏ ਦੀ ਡਰੱਗ ਮਨੀ ਸਮੇਤ ਪ੍ਰਵਾਸੀ ਔਰਤ ਗ੍ਰਿਫਤਾਰ

ਮੋਗਾ-ਜ਼ਿਲ੍ਹਾ ਮੋਗਾ ਪੁਲਿਸ ਨੇ ਇਕ ਪ੍ਰਵਾਸੀ ਔਰਤ ਲਛਮੀ ਵਾਸੀ ਸਾਧਾਂ ਵਾਲੀ ਬਸਤੀ ਮੋਗਾ ਨੂੰ ਕਾਬੂ ਕਰਕੇ ਉਸ ਪਾਸੋਂ 700 ਗ੍ਰਾਮ ਗਾਂਜਾ ਅਤੇ 73 ਹਜ਼ਾਰ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ। ਇਸ ਮਾਮਲੇ ਸਬੰਧੀ ਜਾਣਕਾਰੀ ਦਿੰਦੇ ਹੋਏ ਡੀਐੱਸਪੀ ਸਿਟੀ ਮੋਗਾ ਰਵਿੰਦਰ ਸਿੰਘ ਨੇ ਦੱਸਿਆ ਕਿ ਥਾਣਾ ਸਿਟੀ ਸਾਊਥ ਪੁਲਿਸ 'ਚ ਤਾਇਨਾਤ ਸਹਾਇਕ ਥਾਣੇਦਾਰ ਚਰਨਜੀਤ ਸਿੰਘ ਨੇ ਦੱਸਿਆ ਕਿ ਕਾਬੂ ਕੀਤੀ ਔਰਤ ਖਿਲਾਫ਼ ਪਹਿਲਾਂ ਵੀ ਐਕਸਾਈਜ਼ ਐਕਟ ਦੇ ਤਹਿਤ ਮਾਮਲਾ ਦਰਜ ਹੈ।

# ਹੈਰੋਇਨ, ਪਿਸਟਲ ਤੇ ਲੱਖਾਂ ਦੀ ਰਾਸ਼ੀ ਸਮੇਤ ਤਿੰਨ ਸਮਗਲਰ ਗ੍ਰਿਫ਼ਤਾਰ

ਅੰਮ੍ਰਿਤਸਰ ਦਿਹਾਤੀ ਪੁਲਿਸ ਵਲੋਂ ਨਸ਼ੇ ਦੇ ਕਾਰੋਬਾਰ ਕਰਨ ਵਾਲਿਆਂ ਖਿਲਾਫ਼ ਵੱਡੀ ਕਾਰਵਾਈ ਕਰਦਿਆਂ 500 ਗ੍ਰਾਮ ਹੈਰੋਇਨ, ਇਕ ਗਲੌਕ 9 ਐਮ. ਐਮ. ਪਿਸਟਲ, 2 ਮੈਗਜ਼ੀਨ ਅਤੇ 33 ਲੱਖ ਦੀ ਹਵਾਲਾ ਰਾਸ਼ੀ ਸਮੇਤ ਤਿੰਨ ਵਿਅਕਤੀਆਂ ਰਣਜੀਤ ਸਿੰਘ ਰਾਣਾ, ਗੁਰਦੇਵ ਸਿੰਘ ਗੇਦੀ, ਅਤੇ ਸ਼ੈਲੇਂਦਰ ਸਿੰਘ ਸੇਲੂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਮੁਲਜ਼ਮਾਂ ਕੋਲੋਂ ਹੈਰੋਇਨ, ਪਿਸਤੌਲ ਅਤੇ 33 ਲੱਖ ਰੁਪਏ ਦੀ ਹਵਾਲਾ ਰਾਸ਼ੀ ਬਰਾਮਦ ਹੋਈ ਹੈ। ਮੁਲਜ਼ਮ ਗ਼ੈਰ-ਕਾਨੂੰਨੀ ਮੁਦਰਾ ਲੈਣ-ਦੇਣ ਵਿੱਚ ਵੀ ਸ਼ਾਮਲ ਸਨ।

# ਕੀ ਸ਼ੀ ਜਿਨਪਿੰਗ ਟਰੰਪ ਦੇ ਵਪਾਰ ਯੁੱਧ ਦੇ ਜਾਲ ਵਿੱਚ ਫਸ ਗਏ ਨੇ ?

## ✪ ਕੀ ਚੀਨ ਦਾ ਸੁਪਰਪਾਵਰ ਬਣਨ ਦਾ ਸੁਪਨਾ ਚਕਨਾਚੂਰ ਹੋ ਜਾਵੇਗਾ, ਇਹ ਭਾਰਤ ਲਈ ਸੁਨਹਿਰੀ ਮੌਕਾ ਕਿਵੇਂ ਹੈ ?

ਵਾਸ਼ਿੰਗਟਨ-ਚੀਨ ਵਿਰੁੱਧ 145 ਪ੍ਰਤੀਸ਼ਤ ਟੈਰਿਫ ਲਗਾ ਕੇ, ਡੋਨਾਲਡ ਟਰੰਪ ਨੇ ਬਾਕੀ ਦੁਨੀਆ ਵਿਰੁੱਧ ਲਗਾਏ ਗਏ ਟੈਰਿਫ ਨੂੰ 90 ਦਿਨਾਂ ਲਈ ਰੋਕ ਦਿੱਤਾ ਹੈ। ਇਸਦਾ ਮਤਲਬ ਹੈ ਕਿ ਅਮਰੀਕਾ-ਚੀਨ ਵਪਾਰ ਯੁੱਧ ਇੱਕ ਵਾਰ ਫਿਰ ਜਿਓ ਪੋਲੀਟਿਕਸ ਅਤੇ ਵਿਸ਼ਵ ਅਰਥਸ਼ਾਸਤਰ ਦਾ ਕੇਂਦਰ ਬਣ ਗਿਆ ਹੈ। ਪਰ ਇਸ ਵਾਰ ਹਾਲਾਤ ਥੋੜੇ ਵੱਖਰੇ ਹਨ ਕਿਉਂਕਿ ਹੁਣ ਅਮਰੀਕਾ ਦੇ ਵ੍ਹਾਈਟ ਹਾਊਸ ਵਿੱਚ ਡੋਨਾਲਡ ਟਰੰਪ ਹਨ ਅਤੇ ਉਨ੍ਹਾਂ ਦੇ ਏਜੰਡੇ ਦਾ ਮੁੱਖ ਉਦੇਸ਼ "ਚੀਨ ਨੂੰ ਝੁਕਾਉਣਾ ਅਤੇ ਅਮਰੀਕਾ ਨੂੰ ਦੁਬਾਰਾ ਮਹਾਨ ਬਣਾਉਣਾ" ਹੈ। ਇਸ ਵਾਰ ਦੀ ਜੰਗ ਸਿਰਫ਼ ਟੈਰਿਫ ਤੱਕ ਸੀਮਤ ਨਹੀਂ ਹੈ, ਸਗੋਂ ਇਹ ਟਰੰਪ ਪ੍ਰਸ਼ਾਸਨ ਦੀ ਅਗਵਾਈ ਹੇਠ ਅਮਰੀਕੀ ਰਣਨੀਤੀ ਵਿੱਚ ਇੱਕ ਬਦਲਾਅ ਹੈ, ਜਿਸਦਾ ਅੰਤਮ ਅਤੇ ਇੱਕੋ ਇੱਕ ਉਦੇਸ਼ ਚੀਨ ਦੀ ਤਕਨੀਕੀ ਮਹਾਂਸ਼ਕਤੀ ਬਣਨ ਦੀ ਇੱਛਾ ਨੂੰ ਰੋਕਣ ਲਈ ਇੱਕ ਡੂੰਘੀ ਖੇਡ ਹੈ। ਭਾਰਤ ਅਤੇ ਅਮਰੀਕਾ ਦੋਵੇਂ ਇਸ ਜਿਓ ਪੋਲੀਟਿਕਸ ਸਥਿਤੀ ਨੂੰ ਸਮਝ ਰਹੇ ਹਨ, ਜਿਸਦੇ ਗੰਭੀਰ ਨਤੀਜੇ ਹੋਣਗੇ। ਇਹੀ ਕਾਰਨ ਹੈ ਕਿ ਮੁੱਖ ਖਲਨਾਇਕ, ਕਮਿਊਨਿਸਟ ਚੀਨ, ਦੋਵੇਂ ਦੇਸ਼ਾਂ ਦੇ ਨਿਸ਼ਾਨਾ ਉਪਰ ਹੈ।



### ਟਰੰਪ ਵਪਾਰ ਯੁੱਧ ਵਿੱਚ ਚੀਨ ਨੂੰ ਕਿਵੇਂ ਘੇਰ ਰਹੇ ਹਨ ?

ਚੀਨ ਨੇ ਸਾਲਾਂ ਤੋਂ ਅਮਰੀਕਾ ਦੇ ਵਪਾਰ ਘਾਟੇ ਨੂੰ ਲਗਾਤਾਰ ਵਧਾਇਆ ਹੈ। ਉਸਨੇ ਬੌਧਿਕ ਸੰਪਤੀ ਚੋਰੀ ਕੀਤੀ ਹੈ ਅਤੇ ਹੁਣ ਡਾਲਰ ਦੀ ਥਾਂ ਯੁਆਨ ਨੂੰ ਵਿਸ਼ਵ ਮੁਦਰਾ ਵਜੋਂ ਵਰਤਣਾ ਚਾਹੁੰਦਾ ਹੈ। ਇਸੇ ਲਈ ਟਰੰਪ ਨੇ ਇੱਕ ਤੋਂ ਬਾਅਦ ਇੱਕ ਸਖ਼ਤ ਫੈਸਲੇ ਲਏ ਹਨ। ਚੀਨ ਤੋਂ ਆਉਣ ਵਾਲੇ ਇਲੈਕਟ੍ਰਾਨਿਕਸ, ਸਟੀਲ ਅਤੇ ਆਟੋਮੋਬਾਈਲਜ਼ 'ਤੇ ਭਾਰੀ ਟੈਰਿਫ ਲਗਾਏ ਗਏ ਹਨ।

ਅਮਰੀਕੀ ਕੰਪਨੀਆਂ ਚੀਨ ਤੋਂ ਉਤਪਾਦਨ ਹਟਾਕੇ ਭਾਰਤ, ਵੀਅਤਨਾਮ ਜਾਂ ਅਮਰੀਕਾ ਵਿਚ ਤਬਦੀਲ ਕਰਨ ਲਈ ਮਜਬੂਰ ਹੋ ਰਹੇ ਹਨ।

ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਟਰੰਪ ਦੀਆਂ ਟਿੱਪਣੀਆਂ ਨੂੰ "ਆਰਥਿਕ ਬਲੈਕਮੇਲ" ਦੱਸਿਆ ਹੈ ਅਤੇ ਕਿਹਾ ਹੈ ਕਿ "ਜੇਕਰ ਅਮਰੀਕਾ ਵਪਾਰ ਯੁੱਧ ਚਾਹੁੰਦਾ ਹੈ, ਤਾਂ ਅਸੀਂ ਇਸਦੇ ਲਈ ਪੂਰੀ ਤਰ੍ਹਾਂ ਤਿਆਰ ਹਾਂ।" ਪਰ ਸਮੱਸਿਆ ਇਹ ਹੈ ਕਿ ਚੀਨ ਹੁਣ ਉਸ ਸਥਿਤੀ ਵਿੱਚ ਨਹੀਂ ਰਿਹਾ ਜੋ 2018-19 ਵਿੱਚ ਸੀ। ਇਸਦੀ ਰੀਅਲ ਅਸਟੇਟ ਆਰਥਿਕਤਾ ਡੁੱਬ ਰਹੀ ਹੈ (ਐਵਰਗ੍ਰਾਂਡੇ, ਕੰਟਰੀ ਗਾਰਡਨ ਦਾ ਪਤਨ)।

ਚੀਨ ਵਿੱਚ ਨੌਜਵਾਨਾਂ ਵਿੱਚ ਬੇਰੁਜ਼ਗਾਰੀ 21% ਤੋਂ ਵੱਧ ਗਈ ਹੈ।

ਅਮਰੀਕੀ ਕੰਪਨੀਆਂ ਦੇ ਵਾਪਸ ਜਾਣ ਨਾਲ ਇਸਦਾ ਨਿਰਮਾਣ ਕੇਂਦਰ ਕਮਜ਼ੋਰ ਹੋ ਜਾਵੇਗਾ।

ਯੁਆਨ ਦੀ ਸਥਿਤੀ ਕਮਜ਼ੋਰ ਹੋ ਰਹੀ ਹੈ, ਜਿਸ ਕਾਰਨ ਵਿਸ਼ਵਵਿਆਪੀ ਲੈਣ-ਦੇਣ ਪ੍ਰਭਾਵਿਤ ਹੋ ਰਿਹਾ ਹੈ। ਟਰੰਪ ਇਹ ਸੁਨੇਹਾ ਦੇਣ ਵਿੱਚ ਸਫਲ ਰਹੇ ਹਨ ਕਿ ਚੀਨ ਇੱਕ ਭਰੋਸੇਯੋਗ ਟਿਕਾਣਾ ਨਹੀਂ ਹੋ ਸਕਦਾ।

ਏਐਸਐਮਐਲ, ਟੀਐਸਐਮਸੀ, ਐਨਵੀਆਈਡੀਆਈਏ ਵਰਗੀਆਂ ਕੰਪਨੀਆਂ 'ਤੇ ਚੀਨ ਨਾਲ ਤਕਨੀਕੀ ਭਾਈਵਾਲੀ ਤੋੜਨ ਦਾ ਦਬਾਅ ਹੈ।

ਕੁਆਂਟਮ ਕੰਪਿਊਟਿੰਗ ਅਤੇ ਏਆਈ ਡੋਮੇਨਾਂ ਵਿੱਚ ਚੀਨ ਨੂੰ ਪਿਛੇ ਰਖਣ ਲਈ ਖੋਜ ਫੰਡਿੰਗ ਵਿੱਚ ਵਾਧਾ ਹੋਇਆ ਹੈ।

ਟਰੰਪ ਜਾਣਦਾ ਹੈ ਕਿ ਇਹ ਆਰਥਿਕ ਯੁੱਧ ਹੈ ਜੋ ਜਾਂ ਤਾਂ ਅਮਰੀਕਾ ਦੇ ਸੁਪਰਪਾਵਰ ਰੁਤਬੇ ਨੂੰ ਬਣਾਈ ਰੱਖੇਗਾ ਜਾਂ ਤਬਾਹ ਕਰ ਦੇਵੇਗਾ। ਇਸੇ ਲਈ ਉਸਨੇ ਚੀਨ ਵਿਰੁੱਧ ਇੱਕ ਵਪਾਰ ਯੁੱਧ ਸ਼ੁਰੂ ਕੀਤਾ ਹੈ ਜੋ ਚੀਨ ਦੀ ਆਰਥਿਕਤਾ ਨੂੰ ਕਮਜ਼ੋਰ ਕਰਨ ਲਈ ਤਿਆਰ ਕੀਤਾ ਗਿਆ ਹੈ। ਜੇਕਰ ਸ਼ੀ ਜਿਨਪਿੰਗ ਅਮਰੀਕੀ ਚਾਲਾਂ ਅੱਗੇ ਝੁਕ ਜਾਂਦੇ ਹਨ, ਤਾਂ ਚੀਨ ਵਿੱਚ ਇੱਕ ਮਜ਼ਬੂਤ ਨੇਤਾ ਵਜੋਂ ਉਨ੍ਹਾਂ ਦੀ ਛਵੀ ਢਹਿ ਜਾਵੇਗੀ। ਉਹ ਆਪਣਾ ਤੀਜਾ ਕਾਰਜਕਾਲ ਗੁਆ ਸਕਦਾ ਹੈ। ਭਾਵੇਂ ਚੀਨ ਨੇ ਹੁਣ ਤੱਕ ਅਮਰੀਕੀ ਟੈਰਿਫਾਂ ਦਾ ਜਵਾਬ ਸਿਰਫ਼ ਟੈਰਿਫਾਂ ਨਾਲ ਹੀ ਦਿੱਤਾ ਹੈ, ਪਰ ਇਹ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਚੀਨ ਨੂੰ ਅੰਤ ਵਿੱਚ ਝੁਕਣਾ ਪਵੇਗਾ।

ਜਿੱਥੇ ਅਮਰੀਕੀ ਸੰਸਦ ਵਿੱਚ ਟਰੰਪ ਨੂੰ ਕਮਜ਼ੋਰ ਕਰਨ ਦੇ ਉਦੇਸ਼ ਨਾਲ ਚੀਨ-ਸਮਰਥਿਤ ਕਈ ਗਲੋਬਲ ਮੀਡੀਆ ਹਾਊਸਾਂ ਵਿੱਚ ਟਰੰਪ ਦੇ ਟੈਰਿਫ ਵਿਰੁੱਧ ਨਕਾਰਾਤਮਕ ਪ੍ਰਚਾਰ ਕੀਤਾ ਜਾ ਰਿਹਾ ਹੈ, ਉੱਥੇ ਹੀ ਦੁਨੀਆ ਭਰ ਦੇ ਕਈ ਨਿਊਜ਼ ਚੈਨਲਾਂ ਨੇ ਉਨ੍ਹਾਂ ਦੇ ਟੈਰਿਫ ਵਿਰਾਮ ਨੂੰ ਉਨ੍ਹਾਂ ਦੇ ਮੋੜ ਵਜੋਂ ਪੇਸ਼ ਕੀਤਾ ਹੈ। ਪਰ ਅਸਲੀਅਤ ਇਹ ਹੈ ਕਿ ਟਰੰਪ ਦੀ ਟੈਰਿਫ ਵਾਰ ਇੱਕ ਯੋਜਨਾਬੱਧ ਰਣਨੀਤੀ ਦਾ ਹਿੱਸਾ ਹੈ। ਇਹ ਭਾਰਤ ਲਈ ਇੱਕ ਸੁਨਹਿਰੀ ਮੌਕਾ ਪੈਦਾ ਕਰ ਰਿਹਾ ਹੈ।

ਐਪਲ, ਸੈਮਸੰਗ, ਡੈੱਲ ਅਤੇ ਐਚਪੀ ਵਰਗੀਆਂ ਕੰਪਨੀਆਂ ਭਾਰਤ ਵਿੱਚ ਨਿਵੇਸ਼ ਵਧਾ ਰਹੀਆਂ ਹਨ।

ਭਾਰਤ-ਅਮਰੀਕਾ ਤਕਨੀਕੀ ਵਪਾਰ ਸਮਝੌਤੇ ਤਹਿਤ ਖੋਜ ਅਤੇ ਵਿਕਾਸ ਨੂੰ ਸਾਂਝਾ ਕੀਤਾ ਜਾ ਰਿਹਾ ਹੈ।

ਭਾਰਤ ਨੂੰ ਸੈਮੀਕੰਡਕਟਰ ਨਿਰਮਾਣ ਵਿੱਚ ਵਿਸ਼ੇਸ਼ ਉਤਸ਼ਾਹ ਮਿਲ ਰਿਹਾ ਹੈ। ਟਰੰਪ ਨੇ ਵਾਰ-ਵਾਰ ਭਾਰਤ ਨੂੰ ਟੈਰਿਫ ਕਿੰਗ ਕਿਹਾ ਹੈ, ਫਿਰ ਵੀ ਭਾਰਤ ਵਿਰੁੱਧ ਟੈਰਿਫ ਸਿਰਫ 26 ਪ੍ਰਤੀਸ਼ਤ 'ਤੇ ਰੱਖਿਆ ਗਿਆ ਸੀ। ਇਸ ਤੋਂ ਇਲਾਵਾ, ਭਾਰਤ ਅਤੇ ਟਰੰਪ ਪ੍ਰਸ਼ਾਸਨ ਵਿਚਕਾਰ ਵਪਾਰ ਨੂੰ ਲੈ ਕੇ ਗੱਲਬਾਤ ਚੱਲ ਰਹੀ ਹੈ, ਜਿਸ ਰਾਹੀਂ ਦੋਵੇਂ ਦੇਸ਼ ਅਜਿਹੇ ਸਮਝੌਤੇ 'ਤੇ ਪਹੁੰਚ ਸਕਦੇ ਹਨ, ਜਿਸਦਾ ਨਤੀਜਾ ਦੋਵਾਂ ਲਈ ਸ਼ਾਨਦਾਰ ਸਾਬਤ ਹੋਵੇਗਾ। ਭਾਰਤ ਪਹਿਲਾਂ ਹੀ ਟਰੰਪ ਪ੍ਰਸ਼ਾਸਨ ਨੂੰ ਭਰੋਸਾ ਦੇ ਚੁੱਕਾ ਹੈ ਕਿ ਉਹ 2030 ਤੱਕ ਅਮਰੀਕਾ ਨਾਲ 500 ਬਿਲੀਅਨ ਡਾਲਰ ਦਾ ਵਪਾਰ ਕਰੇਗਾ। ਯਕੀਨਨ ਅਮਰੀਕਾ ਨੂੰ ਵੀ ਇਸ ਦਾ ਫਾਇਦਾ ਹੋਵੇਗਾ। ਜੇਕਰ ਡੋਨਾਲਡ ਟਰੰਪ ਆਪਣੇ ਟੈਰਿਫਾਂ ਰਾਹੀਂ ਚੀਨੀ ਪ੍ਰਣਾਲੀ ਨੂੰ ਕਮਜ਼ੋਰ ਕਰਨ ਦੇ ਆਪਣੇ ਮਿਸ਼ਨ ਵਿੱਚ ਸਫਲ ਹੋ ਜਾਂਦੇ ਹਨ, ਤਾਂ ਉਨ੍ਹਾਂ ਦਾ ਨਾਮ ਇਤਿਹਾਸ ਦੇ ਪੰਨਿਆਂ ਵਿੱਚ ਅਮਰੀਕਾ ਦੇ ਹੁਣ ਤੱਕ ਦੇ ਸਭ ਤੋਂ ਮਹੱਤਵਪੂਰਨ ਰਾਸ਼ਟਰਪਤੀਆਂ ਵਿੱਚੋਂ ਇੱਕ ਵਜੋਂ ਦਰਜ ਹੋ ਜਾਵੇਗਾ। ਇਹ ਦੋ ਮਹਾਂਸ਼ਕਤੀਆਂ ਅਮਰੀਕਾ ਤੇ ਚੀਨ ਵਿਚਕਾਰ ਆਰਥਿਕ ਯੁੱਧ ਹੈ, ਬਹੁਤ ਕੁਝ ਦਾਅ 'ਤੇ ਲੱਗਿਆ ਹੋਇਆ ਹੈ, ਇਸ ਲਈ ਇਹ ਲੜਾਈ ਆਸਾਨ ਨਹੀਂ ਹੈ, ਪਰ ਇਹ ਯਕੀਨੀ ਹੈ ਕਿ ਇਸਦਾ ਨਤੀਜਾ ਗਲੋਬਲ ਆਰਡਰ ਨੂੰ ਹਮੇਸ਼ਾ ਲਈ ਬਦਲ ਦੇਵੇਗਾ।



### ਚੀਨ ਵਲੋਂ ਅਮਰੀਕਾ ਨੂੰ ਕੀਤੀ ਟੈਰਿਫ ਨੀਤੀ ਪੂਰੀ ਤਰ੍ਹਾਂ ਖਤਮ ਕਰਨ ਦੀ ਅਪੀਲ

ਚੀਨ ਦੇ ਵਣਜ ਮੰਤਰਾਲੇ ਨੇ ਕਿਹਾ ਕਿ ਅਮਰੀਕਾ ਨੂੰ ਪਰਸਪਰ ਟੈਰਿਫ ਵਰਗੀਆਂ ਗਲਤ ਨੀਤੀਆਂ ਨੂੰ ਪੂਰੀ ਤਰ੍ਹਾਂ ਖਤਮ ਕਰਨਾ ਚਾਹੀਦਾ ਹੈ ਅਤੇ ਆਪਸੀ ਸਤਿਕਾਰ ਅਤੇ ਬਰਾਬਰ ਗੱਲਬਾਤ ਰਾਹੀਂ ਮਤਭੇਦਾਂ ਨੂੰ ਹੱਲ ਕਰਨ ਦੇ ਸਹੀ ਰਸਤੇ 'ਤੇ ਵਾਪਸ ਆਉਣਾ ਚਾਹੀਦਾ ਹੈ। ਕੁਝ ਪ੍ਰੋਡਕਟਸ ਨੂੰ 'ਪਰਸਪਰ ਟੈਰਿਫ' ਤੋਂ ਛੋਟ ਦੇਣ ਦੇ ਅਮਰੀਕਾ ਦੇ ਫੈਸਲੇ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਮੰਤਰਾਲੇ ਨੇ ਕਿਹਾ ਕਿ ਚੀਨ ਨੇ ਦੇਖਿਆ ਹੈ ਕਿ 10 ਅਪ੍ਰੈਲ ਨੂੰ ਕੁਝ ਵਪਾਰਕ ਭਾਈਵਾਲਾਂ 'ਤੇ ਉੱਚ ਟੈਰਿਫ ਨੂੰ ਅਸਥਾਈ ਤੌਰ 'ਤੇ ਮੁਅੱਤਲ ਕਰਨ ਤੋਂ ਬਾਅਦ ਅਮਰੀਕਾ ਦੁਆਰਾ ਸੰਬੰਧਿਤ ਨੀਤੀਆਂ ਵਿੱਚ ਇਹ ਦੂਜਾ ਬਦਲਾਅ ਹੈ। ਪਰ ਮੰਤਰਾਲੇ ਨੇ ਇਸਨੂੰ 'ਆਪਣੀਆਂ ਗਲਤੀਆਂ ਨੂੰ ਸੁਧਾਰਨ ਵੱਲ ਅਮਰੀਕਾ ਦੁਆਰਾ ਚੁੱਕਿਆ ਗਿਆ ਇੱਕ ਛੋਟਾ ਜਿਹਾ ਕਦਮ' ਦੱਸਿਆ।

ਮੰਤਰਾਲੇ ਨੇ ਕਿਹਾ ਕਿ ਚੀਨ ਇਸ ਨੀਤੀ ਦੇ ਸੰਭਾਵਿਤ ਪ੍ਰਭਾਵਾਂ ਦਾ ਮੁਲਾਂਕਣ ਕਰ ਰਿਹਾ ਹੈ। 12 ਅਪ੍ਰੈਲ ਨੂੰ ਅਮਰੀਕਾ ਨੇ ਕੁਝ ਪ੍ਰੋਡਕਟਸ ਜਿਵੇਂ ਕਿ ਕੰਪਿਊਟਰ, ਸਮਾਰਟਫੋਨ, ਸੈਮੀਕੰਡਕਟਰ ਨਿਰਮਾਣ ਉਪਕਰਣ ਅਤੇ ਇੰਟੀਗ੍ਰੇਟਿਡ ਸਰਕਟਾਂ ਨੂੰ 'ਪਰਸਪਰ ਟੈਰਿਫ' ਤੋਂ ਛੋਟ ਦੇਣ ਵਾਲੇ ਮੈਮੋ ਜਾਰੀ ਕੀਤੇ।

ਚੀਨ ਦੇ ਵਣਜ ਮੰਤਰਾਲੇ ਨੇ ਕਿਹਾ ਕਿ ਇੱਕ ਸਧਾਰਨ ਕਾਰਜਕਾਰੀ ਆਦੇਸ਼ ਰਾਹੀਂ ਅਜਿਹੇ ਟੈਰਿਫ ਲਗਾਉਣਾ ਨਾ ਸਿਰਫ਼ ਬੁਨਿਆਦੀ ਆਰਥਿਕ ਅਤੇ ਬਾਜ਼ਾਰ ਸਿਧਾਂਤਾਂ ਦੀ ਉਲੰਘਣਾ ਕਰਦਾ ਹੈ, ਸਗੋਂ ਦੇਸ਼ਾਂ ਵਿਚਕਾਰ ਸਪਲਾਈ ਅਤੇ ਮੰਗ ਦੇ ਸਹਿਜੀਵ ਸਬੰਧਾਂ ਨੂੰ ਵੀ ਨਜ਼ਰਅੰਦਾਜ਼ ਕਰਦਾ ਹੈ।

ਮੰਤਰਾਲੇ ਨੇ ਕਿਹਾ, '2 ਅਪ੍ਰੈਲ ਨੂੰ ਐਲਾਨੀ ਗਈ ਟੈਰਿਫ ਨੀਤੀ ਨੇ ਅਮਰੀਕਾ ਵਿੱਚ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ ਕੀਤਾ ਹੈ।' ਇਸ ਦੀ ਬਜਾਏ, ਇਸਨੇ ਅੰਤਰਰਾਸ਼ਟਰੀ ਆਰਥਿਕ ਅਤੇ ਵਪਾਰਕ ਨਿਯਮਾਂ ਦੀ ਗੰਭੀਰ ਉਲੰਘਣਾ ਕੀਤੀ ਹੈ, ਕਾਰੋਬਾਰਾਂ ਦੇ ਆਮ ਸੰਚਾਲਨ ਵਿੱਚ ਦਖਲ ਦਿੱਤਾ ਹੈ ਅਤੇ ਆਮ ਲੋਕਾਂ ਦੇ ਜੀਵਨ ਅਤੇ ਖਪਤ ਦੇ ਪੈਟਰਨਾਂ ਨੂੰ ਪ੍ਰਭਾਵਿਤ ਕੀਤਾ ਹੈ। ਇਹ ਨੀਤੀ ਦੂਜਿਆਂ ਨੂੰ ਨੁਕਸਾਨ ਪਹੁੰਚਾਉਂਦੇ ਹੋਏ ਆਪਣੇ ਆਪ ਨੂੰ ਲਾਭ ਨਹੀਂ ਪਹੁੰਚਾਏਗੀ। ਮੰਤਰਾਲੇ ਨੇ ਜ਼ੋਰ ਦੇ ਕੇ ਕਿਹਾ ਕਿ ਚੀਨ-ਅਮਰੀਕਾ ਆਰਥਿਕ ਅਤੇ ਵਪਾਰਕ ਸਬੰਧਾਂ ਬਾਰੇ ਚੀਨ ਦੀ ਸਥਿਤੀ ਸਪੱਸ਼ਟ ਅਤੇ ਸਥਿਰ ਹੈ। ਵਪਾਰ ਯੁੱਧ ਵਿੱਚ ਕੋਈ ਜੇਤੂ ਨਹੀਂ ਹੁੰਦਾ।

# ਇੰਗਲੈਂਡ ਦੇ ਖੇਤਾਂ ਚ ਕੁਝ ਘੰਟਿਆਂ ਲਈ ਲੱਗਦੀ ਕਾਰਬੂਟ ਸੇਲ ਮਾਰਕੀਟ 'ਚ ਲੱਗਦੀਆਂ ਨੇ ਖ਼ੂਬ ਰੌਣਕਾ

## ✪ ਲੋਕ ਖਰੀਦਦਾਰੀ ਦੇ ਨਾਲ ਪਿਕਨਿਕ ਦਾ ਵੀ ਮਾਣਦੇ ਨੇ ਅਨੰਦ ! ✪ ਗੋਰਿਆਂ ਵੱਲੋਂ ਪੁਰਾਤਨ ਬੇਸ਼ਕੀਮਤੀ ਵਸਤੂਆਂ ਵੇਚੀਆਂ ਜਾਂਦੀਆਂ ਹਨ ਕੌਡੀਆਂ ਦੇ ਭਾਅ







ਲੈਸਟਰ-(ਸ਼ੁਖ਼ਜਿਦਰ ਸਿਘ ਢੱਡੇ)- ਇੰਗਲੈਂਡ ਚ ਮਿੰਨੀ ਭਾਰਤ ਵਜੋਂ ਜਾਣੇ ਜਾਂਦੇ ਸ਼ਹਿਰ ਲੈਸਟਰ ਦੇ ਬਾਹਰ ਵਾਰ ਕਰੋਫ਼ਿਟ ਪਿੰਡ ਨੇੜਲੇ ਇਲਾਕੇ ਦੇ ਹਰਿਆਵਲੇ ਖੇਤਾਂ ਦੇ ਆਸ ਪਾਸ ਮੌਜੂਦ ਖੁੱਲੇ ਰਮਣੀਕ ਮੈਦਾਨਾ ਚ ਹਰ ਐਤਵਾਰ ਆਰਜੀ ਤੌਰ ਤੇ ਕੁੱਝ ਘੰਟਿਆਂ ਲਈ ਸਜਾਈ ਜਾਂਦੀ ਕਾਰਬੂਟ ਮਾਰਕੀਟ ਚ ਖਰੀਦਦਾਰਾਂ ਅਤੇ ਹੋਰਨਾਂ ਸੈਲਾਨੀਆਂ ਦੀਆਂ ਰੌਣਕਾਂ ਵੇਖਣ ਵਾਲੀਆਂ ਹੁੰਦੀਆਂ ਹਨ। ਇੱਥੇ ਜ਼ਿਕਰ ਯੋਗ ਹੈ ਕਿ ਮੌਸਮ ਦੀ ਭਵਿੱਖਬਾਣੀ ਨੂੰ ਭਾਂਪ ਕੇ ਵਿਉਂਤੀ ਜਾਂਦੀ ਇਸ ਆਰਜੀ ਮਾਰਕੀਟ ਚ ਸਵੇਰੇ 5 ਵਜੇ ਤੋਂ ਬਾਅਦ ਦੁਪਹਿਰ ਤੀਕ ਖਰੀਦਦਾਰਾਂ ਦਾ ਆਉਣਾ ਜਾਣਾ ਲਗਾ ਰਹਿਦਾ ਹੈ।

ਇੱਥੇ ਪੁੱਜਣ ਵਾਲੇ ਸੈਲਾਨੀ ਅਤੇ ਗਾਹਕ ਆਪੋ ਆਪਣੀ ਇੱਛਾ ਮੁਤਾਬਕ ਇਲੈਕਟਰੋਨਿਕ ਦੇ ਨਾਲ ਨਾਲ ਘਰੇਲੂ ਅਤੇ ਕਮਰਸ਼ੀਅਲ ਵਰਤੋਂ ਚ ਆਉਣ ਵਾਲਾ ਸਮਾਨ ਖਰੀਦਦੇ ਵੇਖੇ ਜਾ ਸਕਦੇ ਹਨ, ਦਿਲਚਸਪ ਪਹਿਲੂ ਇਹ ਹੈ ਕਿ ਇਸ ਕਾਰਬੂਟ ਮਾਰਕੀਟ ਚ ਬਹੁਤ ਸਾਰੀਆਂ ਚੀਜ਼ਾਂ ਦਾ ਮੁੱਲ ਬਾਜ਼ਾਰੀ ਮੁੱਲ ਨਾਲੋਂ ਕਿਤੇ ਸਸਤਾ ਹੋਣ ਦਾ ਅਨੁਮਾਨ ਲਗਾਇਆ ਜਾਂਦਾ ਹੈ। ਮਾਰਕੀਟ ਦੇ ਪ੍ਰਬੰਧਕਾਂ ਵੱਲੋਂ ਗਾਹਕਾਂ ਦੀ ਸਹੂਲਤ ਲਈ ਗੱਡੀਆਂ ਦੀ ਪਾਰਕਿੰਗ ਤੋਂ ਇਲਾਵਾ ਵਾਸ਼ਰੂਮ ਦੇ ਵਿਸ਼ੇਸ਼ ਪ੍ਰਬੰਧ ਕੀਤੇ ਜਾਂਦੇ ਹਨ। ਕਾਰਬੂਟ ਮਾਰਕੀਟ ਚ ਪੁੱਜਣ ਵਾਲੇ ਬਹੁ ਗਿਣਤੀ ਸੈਲਾਨੀਆਂ ਨੂੰ ਜਿੱਥੇ ਕਿ ਇੱਕੋ ਥਾਂ ਤੋਂ ਆਪਣਾ ਲੋੜੀਦਾ ਸਮਾਨ ਖਰੀਦਣ ਚ ਆਸਾਨੀ ਹੋ ਜਾਂਦੀ ਹੈ ਉੱਥੇ ਉਹ ਇਥੋਂ ਦੀਆਂ ਹਰੀਆਂ ਭਰੀਆਂ ਫਸਲਾਂ ਅਤੇ ਖੁੱਲੇ ਅਸਮਾਨ ਦੀ ਤਰੋ ਤਾਜ਼ਾ ਆਬੋ ਹਵਾ ਦਾ ਅਹਿਸਾਸ ਹੰਢਾਉਂਦਿਆਂ ਆਪਣੇ ਪਰਿਵਾਰਾਂ ਸਮੇਤ ਐਤਵਾਰ ਦੀ ਛੁੱਟੀ ਦਾ ਦੋਹਰਾ ਆਨੰਦ ਵੀ ਮਾਣਦੇ ਹਨ। ਇੱਥੇ ਇਹ ਵੀ ਦੱਸਣ ਯੋਗ ਹੈ ਕਿ ਇਸ ਕਾਰਬੂਟ ਮਾਰਕੀਟ ਵਿੱਚ ਲਗਾਈਆਂ ਜਾਂਦੀਆਂ ਆਰਜੀ ਦੁਕਾਨਾਂ ਤੋਂ ਚਾਹਵਾਨ ਗਾਹਕਾਂ ਨੂੰ ਜਿੱਥੇ ਕਿ ਨਵੀਂ ਤਕਨੀਕ ਦਾ ਨਵਾਂ ਸਮਾਨ ਮਿਲ ਜਾਂਦਾ ਹੈ ਉਥੇ ਪੁਰਾਤਨ ਸਮਾਨ ਵੀ ਆਸਾਨੀ ਨਾਲ ਮਿਲ ਜਾਂਦਾ ਹੈ। ਗੋਰਿਆਂ ਵੱਲੋਂ ਸਾਂਭਿਆ ਹੋਇਆ ਪੁਰਾਤਨ ਬੇਸ ਕੀਮਤੀ ਸਮਾਨ ਇੱਥੇ ਪਹਿਨੀਆਂ ਦੇ ਭਾਅ ਵੇਚਿਆ ਜਾਂਦਾ ਹੈ। ਗੋਰੇ ਲੋਕ ਇਸ ਕਾਰਬੁਟ ਮਾਰਕੀਟ ਨੂੰ ਨਾ ਕਿ ਇੱਕ ਕਮਾਈ ਦੇ ਸਾਧਨ ਵਜੋਂ ਵਰਤਦੇ ਹਨ ਬਲਕਿ ਮਨੋਰੰਜਨ ਤੌਰ ਤੇ ਛੁੱਟੀ ਦਾ ਆਨੰਦ ਬਣਨ ਲਈ ਗੋਰੇ ਲੋਕ ਆਪਣੇ ਕਾਰ ਬੂਟਾਂ ਅਤੇ ਕੇਬਲਾਂ ਤੇ ਪੁਰਾਤਨ ਅਤੇ ਨਵਾਂ ਸਮਾਨ ਸਜਾ ਕੇ ਉਸ ਨੂੰ ਪਹਿਨੀਆਂ ਦੇ ਭਾਅ ਵੇਚ ਕੇ ਆਪਣੀ ਸੌਕ ਪੂਰਤੀ ਕਰਦੇ ਹਨ। ਖਾਸ ਕਰਕੇ ਇਹ ਕਾਰ ਬੂਟ ਮਾਰਕੀਟ ਗਰਮੀਆਂ ਦੇ ਮੌਸਮ ਵਿੱਚ ਹੀ ਲਗਾਈ ਜਾਂਦੀ ਹੈ ਮੌਸਮ ਖਰਾਬ ਹੋਣ ਅਤੇ ਮੀਂਹ ਪੈਣ ਦੀ ਸੂਰਤ ਵਿੱਚ ਇਹ ਕਾਰਬਟ ਮਾਰਕੀਟ ਅਣਮਿੱਥੇ ਸਮੇ ਲਈ ਰੱਧ ਵੀ ਕਰ ਦਿੱਤੀ ਜਾਂਦੀ ਹੈ, ਇੰਗਲੈਂਡ ਚ ਹਫਤੇ ਦੇ ਛੇ ਦਿਨ ਲਗਾਤਾਰ ਕੰਮ ਕਰਨ ਤੋਂ ਬਾਅਦ ਐਤਵਾਰ ਨੂੰ ਹੁੰਦੀ ਇੱਕ ਛੁੱਟੀ ਦਾ ਆਨੰਦ ਮਾਨਣ ਲਈ ਤੇ ਆਪਣੇ ਆਪ ਨੂੰ ਤਰੋਤਾਜਾ ਤੇ ਸਕੂਨ ਦੇਣ ਲਈ ਲੋਕ ਹਜ਼ਾਰਾਂ ਦੀ ਗਿਣਤੀ ਚ ਇਸ ਕਾਰਬੂਟ ਸੇਲ ਮਾਰਕੀਟ ਵਿੱਚ ਪੁੱਜਦੇ ਹਨ ਅਤੇ ਜਿੱਥੇ ਕਾਰਬੂਟ ਵਿੱਚ ਖਰੀਦਦਾਰੀ ਕਰਦੇ ਨੇ ਉੱਥੇ ਪਿਕਨਿਕ ਵਜੋਂ ਵੀ ਇਸ ਕਾਰਬੂਟ ਸੇਲ ਮਾਰਕੀਟ ਦਾ ਆਨੰਦ ਮਾਨਦੇ ਹਨ।

# ਢਾਡੀ ਕਿਹਰ ਸਿੰਘ ਜੀ ਦੇ ਸ਼ਰਧਾਂਜਲੀ ਸਮਾਗਮ ਮੌਕੇ ਪੰਥਕ ਸਖਸ਼ੀਅਤਾਂ ਨੇ ਸ਼ਰਧਾ ਦੇ ਫੁੱਲ ਭੇਂਟ ਕੀਤੇ !













ਰਾਹੋਂ (ਤਰਲੋਚਨ ਸਿੰਘ ਦੁਪਾਲਪੁਰ)- ਬੀਤੇ ਦਿਨੀ ਅਕਾਲ ਚਲਾਣਾ ਕਰ ਗਏ ਪੰਥਕ ਢਾਡੀ ਭਾਈ ਕਿਹਰ ਸਿੰਘ ਦੀ ਅੰਤਮ ਅਰਦਾਸ ਮੌਕੇ ਪਿੰਡ ਦਿਲਾਵਰ ਪੁਰ ਜ਼ਿਲ੍ਹਾ ਨਵਾਂਸ਼ਹਿਰ ਦੇ ਗੁਰਦੁਆਰਾ ਸਿੰਘ ਸਭਾ ਵਿਖੇ ਸਹਿਜ ਪਾਠ ਦੇ ਭੋਗ ਉਪਰੰਤ ਇਲਾਹੀ ਬਾਣੀ ਦਾ ਵੈਰਾਗਮਈ ਕੀਰਤਨ ਹੋਇਆ। ਗੁਰ ਮਰਿਆਦਾ ਅਨੁਸਾਰ ਹੋਏ ਇਸ ਸ਼ਰਧਾਂਜਲੀ ਸਮਾਗਮ ਵਿਚ ਵੱਖ ਵੱਖ ਸਖਸ਼ੀਅਤਾਂ ਨੇ ਸਵਰਗੀ ਭਾਈ ਕਿਹਰ ਸਿੰਘ ਹੁਣਾ ਸੰਘਰਸ਼ਮਈ ਜੀਵਨ ਦੀਆਂ ਉਹ ਅਭੁੱਲ ਯਾਦਾਂ ਸਾਂਝੀਆਂ ਕੀਤੀਆਂ ਜਿਨ੍ਹਾਂ ਨੂੰ ਸੁਣ ਸੁਣ ਕੇ ਪ੍ਰਵਾਰਕ ਜੀਆਂ, ਰਿਸ਼ਤੇਦਾਰਾਂ ਅਤੇ ਸਮੂੰਹ ਸੰਗਤ ਦੀਆਂ ਅੱਖਾਂ ਛਲਕਦੀਆਂ ਰਹੀਆਂ। ਭਾਈ ਕਿਹਰ ਸਿੰਘ ਜਿੱਥੇ ਉੱਚ ਕੋਟੀ ਦੇ ਸਾਰੰਗੀ ਵਾਦਕ ਸਨ ਉੱਥੇ ਉਹ ਸੱਚੇ ਸੁੱਚੇ ਕਿਰਤੀ ਹੋਣ ਨਾਤੇ ਖੇਤੀ ਬਾੜੀ ਦੇ ਕਿੱਤੇ ਵਿਚ ਵੀ ਨਿਪੁੰਨ ਸਨ। ਉਨ੍ਹਾਂ ਖੁਦ ਵੀ ਅੰਤਲੇ ਸਵਾਸਾਂ ਤੱਕ ਸਿੱਖੀ ਕੇਸਾਂ ਸਵਾਸਾਂ ਸੰਗ ਨਿਭਾਈ ਅਤੇ ਪਿਤਾ ਪਾਸੋਂ ਮਿਲੀ ਇਸੇ ਗੁੜ੍ਹਤੀ ਸਦਕਾ ਉਨ੍ਹਾਂ ਭਰਿਆ ਭਕੁੰਨਾਂ ਪ੍ਰਵਾਰ ਵੀ ਗੁਰਮਤਿ ਮਾਰਗ 'ਤੇ ਚਲਦਾ ਆ ਰਿਹਾ ਹੈ। ਕੀਰਤਨ ਸਮਾਪਤੀ ਉਪਰੰਤ ਸਭ ਤੋਂ ਪਹਿਲਾਂ ਢਾਡੀ ਜੀ ਦੇ ਇੰਗਲੈਂਡੋਂ ਆਏ ਪੋਤਰੇ ਨੇ ਆਪਣੇ ਦਾਦਾ ਜੀ ਨੂੰ ਭਾਵਪੂਰਤ ਸ਼ਬਦਾਂ ਰਾਹੀਂ ਸ਼ਰਧਾ ਦੇ ਫੁੱਲ ਭੇਂਟ ਕੀਤੇ। ਫਿਰ ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਤਰਲੋਚਨ ਸਿੰਘ ਦੁਪਾਲ ਪੁਰ ਨੇ ਵੈਰਾਗਮਈ ਟੂਕਾਂ ਦਿੰਦਿਆਂ ਅਜੋਕੇ ਪੰਥਕ ਸੰਕਟ ਦੀਆਂ ਤੰਦਾਂ ਵੀ ਛੂਹੀਆਂ। ਭਾਈ ਮਹਿੰਦਰ ਸਿੰਘ ਹੁਸੈਨ ਪੁਰੀ ਅਤੇ ਜਥੇਦਾਰ ਸੁਖਦੇਵ ਸਿੰਘ ਭੌਰ ਦੋਵੇਂ ਸ਼੍ਰੋਮਣੀ ਕਮੇਟੀ ਦੇ ਮੈਂਬਰ ਸਾਹਿਬਾਨ ਨੇ ਵੀ ਸ੍ਰੀ ਅਕਾਲ ਤਖਤ ਸਾਹਿਬ ਦੀ 'ਆਪਣਿਆਂ' ਵਲੋਂ ਹੀ ਕੀਤੀ ਜਾ ਰਹੀ ਦੁਰਵਰਤੋਂ ਬਾਰੇ ਗੰਭੀਰ ਵਿਚਾਰ ਪ੍ਰਗਟਾਏ।

ਹੋਰਾਂ ਤੋਂ ਇਲਾਵਾ ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਭਾਈ ਗੁਰਿੰਦਰ ਸਿੰਘ ਗੋਗੀ ਸ੍ਰੀ ਅਨੰਦ ਪੁਰ ਸਾਹਬ, ਜਥੇਦਾਰ ਬਾਬਾ ਨੌਰੰਗ ਸਿੰਘ ਹਰੀਆਂ ਵੇਲਾ, ਸ੍ਰੀ ਬਿੱਟਾ ਜੀ ਪ੍ਰਧਾਨ ਨਗਰ ਕੌਂਸਲ ਰਾਹੋਂ ਭਾਈ ਜੋਗਾ ਸਿੰਘ ਤੇ ਰੂਹ-ਰੁਪਿੰਦਰ ਸਿੰਘ ਢਾਹਾਂ-ਕਲੇਰਾਂ, ਗਿਆਨੀ ਕਸ਼ਮੀਰ ਸਿੰਘ ਧਰਮ ਕੋਟ ਸਰਬਜੀਤ ਸਿੰਘ ਬੇਲਾ ਸਤਨਾਮ ਸਿੰਘ ਸਰਪੰਚ ਦਿਲਾਵਰ ਪੁਰ ਪਿਆਰਾ ਸਿੰਘ ਲੋਹ ਗੜ੍ਹ ਅਮਰੀਕ ਸਿੰਘ ਢੀਂਡਸਾ ਪੱਤਰਕਾਰ ਤੇਜਿੰਦਰ ਸਿੰਘ ਹੈੱਡ ਰਾਗੀ ਤਖਤ ਸ੍ਰੀ ਕੇਸ ਗੜ੍ਹ ਸਾਹਿਬ ਗਿਆਨੀ ਸੇਵਾ ਸਿੰਘ ਯੂ.ਕੇ ਅਤੇ ਗੁਰਮੀਤ ਸਿੰਘ ਨਾਢਾ ਸਾਹਬ ਨੇ ਵੀ ਸ਼ਰਧਾਂਜਲੀ ਭੇਂਟ ਕੀਤੀ।ਅਖੀਰ ਵਿਚ ਵੱਡੇ ਸਪੁੱਤਰ ਭਾਈ ਹਰਬੰਸ ਸਿੰਘ ਨੂੰ ਨਾਨਕਾ ਪ੍ਰਵਾਰ ਵਲੋਂ ਦਸਤਾਰ ਭੇਂਟ ਕੀਤੀ ਗਈ।

ਸ਼੍ਰੋਮਣੀ ਕਮੇਟੀ 'ਚੋਂ ਬਤੌਰ ਸੁਪਰਵਾਈਜ਼ਰ ਸੇਵਾ ਮੁਕਤ ਹੋਏ ਉਨ੍ਹਾਂ ਦੇ ਸਪੁੱਤਰ ਭਾਈ ਰੇਸ਼ਮ ਸਿੰਘ ਹੁਣਾ ਨੇ ਸਟੇਜ਼ ਸਕੱਤਰ ਦੇ ਫਰਜ਼ ਨਿਭਾਉਂਦਿਆਂ ਆਈ ਹੋਈ ਸੰਗਤ ਦਾ ਧੰਨਵਾਦ ਵੀ ਕੀਤਾ। ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ।

## ਭਾਈ ਵਾਹਿਗੁਰੂ ਸਿੰਘ ਦੇ ਅਕਾਲ ਚਲਾਣੇ ਤੇ ਭਾਈ ਮਹਿੰਦਰ ਸਿੰਘ ਸਮੇਤ ਵੱਖ ਵੱਖ ਧਾਰਮਿਕ ਆਗੂਆਂ ਵੱਲੋਂ ਦੁੱਖ ਦਾ ਪ੍ਰਗਟਾਵਾ



ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਕਾਰ ਸੇਵਾ ਸੰਪਰਦਾਇ ਕਿਲਾ ਅਨੰਦਗੜ੍ਹ ਸਹਿਬ (ਸ੍ਰੀ ਅਨੰਦਪੁਰ ਸਾਹਿਬ) ਨਾਲ ਪਿਛਲੇ ਕਈ ਸਾਲਾਂ ਤੋਂ ਜੁੜ ਕੇ ਗੁਰਦੁਆਰਾ ਗੁਰੂ ਕੇ ਮਹਿਲ ਅੰਮ੍ਰਿਤਸਰ ਸਮੇਤ ਹੋਰਨਾਂ ਗੁਰੂ ਘਰਾਂ ਦੀ ਸੇਵਾ ਕਰਵਾਉਣ ਚ ਵਡਮੁੱਲਾ ਯੋਗਦਾਨ ਪਾਉਣ ਵਾਲੇ ਭਾਈ ਵਾਹਿਗੁਰੂ ਸਿੰਘ ਦੇ ਅਚਾਨਕ ਹੋਏ ਅਕਾਲ ਚਲਾਣੇ ਤੇ ਇੰਗਲੈਂਡ ਵਿੱਚ ਲੀਆਂ ਵੱਖ ਵੱਖ ਧਾਰਮਿਕ ਸ਼ਖਸੀਅਤ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਦੁੱਖ ਦਾ ਪ੍ਰਗਟਾਵਾ ਕਰਨ ਵਾਲਿਆਂ ਵਿੱਚ ਗੁਰੂ ਨਾਨਕ ਨਿਸਕਾਮ ਸੇਵਕ ਜਥਾ ਬਰਮਿੰਘਮ (ਇੰਗਲੈਂਡ) ਦੇ ਮੁੱਖ ਸੇਵਾਦਾਰ ਭਾਈ ਸਾਹਿਬ ਭਾਈ ਮਹਿੰਦਰ ਸਿੰਘ , ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਲੈਟਰ ਤੇ ਸਾਬਕਾ ਪ੍ਰਧਾਨ ਰਾਜ ਮਨਵਿੰਦਰ ਸਿੰਘ ਰਾਜਾ ਕੰਗ, ਗੁਰਦੁਆਰਾ ਸ੍ਰੀ ਤੇਗ ਬਹਾਦਰ ਸਾਹਿਬ ਲੈਸਟਰ ਦੇ ਮੌਜੂਦਾ ਪ੍ਰਧਾਨ ਗੁਰਨਾਮ ਸਿੰਘ ਨਵਾਂ ਸ਼ਹਿਰ, ਮੰਗਤ ਸਿੰਘ ਪਲਾਹੀ, ਸ਼ੀਤਲ ਸਿੰਘ ਗਿੱਲ, ਜਲਵੰਤ ਸਿੰਘ ਢੱਡੇ ਆਦਿ ਦੇ ਨਾਮ ਜ਼ਿਕਰਯੋਗ ਹਨ। ਉਕਤ ਵੱਖ ਵੱਖ ਧਾਰਮਿਕ ਆਗੂਆਂ ਨੇ ਭਾਈ ਵਾਹਿਗੁਰੂ ਸਿੰਘ ਦੀ ਬੇਮੁਖ ਤੋਂ ਹੋਈ ਮੌਤ ਤੇ ਜਿੱਥੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਉੱਥੇ ਉਹਨਾਂ ਵੱਲੋਂ ਧਾਰਮਿਕ ਖੇਤਰ ਵਿੱਚ ਨਿਭਾਈਆਂ ਗਈਆਂ ਸੇਵਾਵਾਂ ਨੂੰ ਯਾਦ ਕੀਤਾ ਗਿਆ।

# ਗੁਰੂ ਅੰਗਦ ਗੁਰ ਅੰਗੁ ਤੇ

## ਕਿਸ਼ਤ 29

ਇਨ੍ਹਾਂ ਨੇ ਗੁਰਦੇਵ ਜੀ ਕੋਲ ਇਛਾ ਪਰਗਟ ਕੀਤੀ ਕਿ ਆਪ ਜੀ ਕਿਰਪਾ ਕਰ ਕੇ ਕਰਤਾਰ ਨਾਲ ਜੁੜਨ ਲਈ ਕੁਝ ਅਜਿਹਾ ਕਰਨਾ ਦੱਸੋ ਜਿਸ ਇਕ ਨਾਲ ਸਾਰਾ ਕੁਝ ਹੋ

- ਲੇਖਕ -
ਗਿ: ਗੁਰਬਖਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743



ਜਾਏ।ਗੁਰੂ ਪਾਤਸ਼ਾਹ ਜੀ ਨੇ ਕਿਹਾ, 'ਭਗਤੀ'। ਤੁਸੀਂ ਕਰਤਾਰ ਦੀ ਭਗਤੀ ਕਰੋ, ਸਭ ਕੁਝ ਹੋ ਜਾਏਗਾ'। ਗੋਵਿੰਦ ਕਹਿਣ ਲਗੇ,

'ਪਾਤਸ਼ਾਹ ਜੀ! ਕਿਰਪਾ ਕਰ ਕੇ ਹੁਣ ਦੱਸੋ ਕਿ ਭਗਤੀ ਕੀਤੀ ਕਿਵੇਂ ਜਾਏ'? ਹਜ਼ੂਰ ਨੇ ਫ਼ੁਰਮਾਇਆ,

'ਭਗਤੀ ਦੇ ਤਿੰਨ ਸਰੂਪ ਪਰਚਲਤ ਹਨ: ਨੌਧਾ, ਪ੍ਰੇਮਾ ਅਤੇ ਪਰਾ ਲੇਕਿਨ, ਪ੍ਰੇਮੀ ਦੀ ਅਵਸਥਾ ਦੇ ਇਹ ਤਿੰਨ ਪੜਾਅ ਹੀ ਹਨ। ਗੁਰੂ ਬਾਬਾ ਜੀ ਨੇ ਸਾਨੂੰ ਕਰਤਾਰ ਨਾਲ ਜੁੜਨ ਲਈ ਹੁਕਮ ਕੀਤਾ ਹੈ ਜੋ ਨਿਰੰਕਾਰ ਹੈ। ਉਹ ਕੋਈ ਪਥਰ ਮੂਰਤੀ ਨਹੀਂ ਕਿ ਉਸ ਨੂੰ ਸ਼ਨਾਨ ਕਰਾ ਕੇ ਭੋਗ ਲੁਆਇਆ ਜਾਵੇ, ਪੂਜਾ ਆਰਤੀ ਕੀਤੀ ਜਾਵੇ ਜਾਂ ਇਸੇ ਤਰਹ ਕੁਝ ਹੋਰ।ਨਾਲ ਹੀ ਸਮਝਾਇਆ ਕਿ ਉਹ ਕਰਤਾਰ ਕੁਦਰਤ ਕਰਿ ਕੈ ਵਸਿਆ ਸੋਇ॥ ਭਾਵ ਆਪਣੀ ਕੁਦਰਤ ਵਿਚ ਵਰਤ ਰਿਹਾ ਹੈ।ਸੋ ਲੋੜ ਹੈ ਉਸ ਕਰਤਾਰ ਨੂੰ ਸਿਮਰਦਿਆਂ ਉਸ ਦੀ ਕੁਦਰਤ ਦੀ ਸੇਵਾ ਸੰਭਾਲ ਕੀਤੀ ਜਾਏ'।

'ਜੀ! ਉਹ ਕਿਵੇਂ'? ਗੋਵਿੰਦ ਦਾ ਅਗਲਾ ਪ੍ਰਸ਼ਨ ਸੀ। ਖਾਨੂੰ, ਮਾਹੀਆ ਅਤੇ ਗੋਵਿੰਦ ਦੇ ਨਾਲ ਬਾਕੀ ਹੋਰ ਸਤਸੰਗੀ ਵੀ ਧਿਆਨ ਨਾਲ ਸੁਣ ਰਹੇ ਸਨ ਤਾਂ ਸਤਿਗੁਰਾਂ ਨੇ ਉੱਤਰ ਦਿਤਾ ਕਿ ਜੇ ਤੁਸੀਂ

**ਜਉ ਤਉ ਪ੍ਰੇਮ ਖੇਲਣ ਕਾ ਚਾਉ॥**
**ਸਿਰੁ ਧਰਿ ਤਲੀ ਗਲੀ ਮੇਰੀ ਆਉ॥**
**ਇਤੁ ਮਾਰਗਿ ਪੈਰੁ ਧਰੀਜੈ॥**
**ਸਿਰੁ ਦੀਜੈ ਕਾਣਿ ਨ ਕੀਜੈ॥20॥**

ਗੁ.ਗ੍ਰੰ.ਸਾ. ਪੰਨਾ 1412

**ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ॥**
**ਪੈਰਾ ਬਾਝਹੁ ਚਲਣਾ ਵਿਣੁ ਹਥਾ ਕਰਣਾ॥**
**ਜੀਭੈ ਬਾਝਹੁ ਬੋਲਣਾ ਇਉ ਜੀਵਤ ਮਰਣਾ॥**
**ਨਾਨਕ ਹੁਕਮੁ ਪਛਾਣਿ ਕੈ ਤਉ ਖਸਮੈ ਮਿਲਣਾ॥1॥**

ਗੁ.ਗ੍ਰੰ.ਸਾ. ਪੰਨਾ 139

ਇਨ੍ਹਾਂ ਬਚਨਾਂ ਨੂੰ ਬਾਰ ਬਾਰ ਵਿਚਾਰੋਗੇ ਤਾਂ ਗੁਰੂ ਆਸ਼ਾ ਸਪਸ਼ਟ ਹੋ ਜਾਵੇਗਾ, ਹੋਰ ਕਿਸੇ ਪਾਸੇ ਭਰਮੋਗੇ ਨਹੀਂ'। ਇਹ ਬਚਨ ਸੁਣ ਕੇ ਉਨ੍ਹਾਂ ਦੀ ਨਿਸ਼ਾ ਹੋ ਗਈ ਤਾਂ 'ਸਤਿਬਚਨ ਜੀ!' ਕਹਿੰਦਿਆਂ ਸਨਮੁਖ ਮੱਥਾ ਟੇਕਿਆ। ਭਾਈ ਗੁਰਦਾਸ ਜੀ ਦਾ ਕਹਿਣਾ ਹੈ ਕਿ ਜੀਵਨ ਵਿਚ ਇਉਂ ਚਲਦਿਆਂ ਉਹ ਰੱਬੀ ਗੁਣਾਂ ਨਾਲ ਭਰਪੂਰ ਹੋ ਗਏ।

ੳ. ਗਰੀਬ ਨਿਵਾਜ ਕੋਈ ਐਸਾ ਗੁਣ ਕਹੀਐ ਜਿਸ ਵਿਚ ਸਭੇ ਗੁਣ ਪ੍ਰਾਪਤ ਹੋਵਨਿ। ਤਾਂ ਬਚਨੁ ਹੋਆ ਮਹਾਰਾਜ ਦੀ ਭਗਤਿ ਸਭਣਾ ਗੁਣਾ ਦਾ ਗੁਣ ਹੈ।ਤਾਂ ਓਹਨਾ ਕਹਿਆ ਭਗਤਿ ਕਿਤਨੇ ਪ੍ਰਕਾਰ ਦੀ ਹੈ। ਤਾ ਹੁਕਮ ਹੋਆ ਤਿਨ ਪ੍ਰਕਾਰ ਦੀ ਭਗਤਿ ਹੈ। ਪ੍ਰਿਥਮੇ ਨੌਧਾ ਭਗਤਿ ਹੈ। ਤੇ ਦੂਜਾ ਪ੍ਰੇਮਾ ਭਗਤਿ ਹੈ। ਤੀਜੇ ਪਰਾ ਭਗਤਿ ਹੈ।ਤਾਂ ਓਹਨਾ ਅਰਦਾਸ ਕੀਤੀ ਜੋ ਜੀ ਖੋਲ ਕੇ ਤਿਨਾਂ ਹੀ ਭਗਤਾਂ ਦਾ ਸਰੂਪ ਕਹੀਐ।...26॥ ਸਿਖਾਂ ਦੀ ਭਗਤਮਾਲਾ

ਅ. ਗੁਰੂ ਅਰਜਨ ਦੇਵ ਜੀ ਨੇ ਸ੍ਰੀ ਰਾਗ ਵਿਚ ਇਸੇ ਨੌਂ ਪ੍ਰਕਾਰ ਦੀ ਭਗਤੀ ਦੀ ਵਿਆਖਿਆ ਕਰਦੇ ਹੋਏ: ਸ੍ਰਵਨੀ ਸੁਨਣਾ, ਹਰਿ ਕੀਰਤਨ ਸਾਧ ਸੰਗਤਿ, ਸਿਮਰਉ ਸਿਮਰਿ, ਪਾਵ ਮਲੋਵਾ, ਹਰਿ ਕੀ ਪੂਜਾ, ਬੰਦਉ ਬਾਰ ਬਾਰ, ਦਾਸਨਿ ਦਾਸਾ, ਤੂੰ ਮੇਰਾ ਬੰਧਪ ਤੂੰ ਮੇਰਾ ਭ੍ਰਾਤਾ ਅਤੇ ਸਰਬਸ ਦੀਜੈ ਅਪਨਾ ਵਾਰੇ' ਦੇ ਸ਼ਬਦ ਉਚਾਰੇ। ਕੁਦਰਤੀ ਨੂਰ ਪੰਨਾ 91

ੲ. ਸ਼ਰਧਾ ਸਹਿਤ ਗੁਰੂ ਕੇ ਬੈਨ
(ਪਹਿਲੀ, ਗੁਰੂ ਕੇ ਬਚਨਾਂ ਨੂੰ ਸ਼ਰਧਾ)।
ਸ੍ਰਵਨ ਕਰਹਿ ਸਨਮੁਖ ਮਨ ਨੈਨ
(ਤੇ ਸਾਵਧਾਨੀ ਨਾਲ ਸੁਣੇ)।
ਦੁਤੀਏ ਕਥਾ ਕੀਰਤਨ ਕਰਨੇ
(ਦੂਜੀ, ਕਥਾ ਤੇ ਕੀਰਤਨ ਕਰੇ)।
ਨੀਕੇ ਪ੍ਰਭ ਕੇ ਗੁਨ ਗਨ ਬਰਨੇ (ਅੱਛੀ ਤਰਹ ਰਬੀ ਗੁਣਾਂ ਦੀ ਵਿਚਾਰ ਕਰੇ) ।30॥
ਤ੍ਰਿਤੀਏ ਸਤਿਨਾਮ ਸਿਮਰੰਤੇ
(ਤੀਜੀ, ਕਰਤਾਰ ਦਾ ਨਾਮ ਜਪੇ)।
ਬਿਨਾ ਭਜਨ ਨਹਿ ਸਮਾਂ ਬਿਤੰਤੇ
(ਬਿਨਾਂ ਸਿਮਰਨ ਸਮਾਂ ਨ ਬਿਤਾਵੇ)।..31॥
ਚੌਥੇ ਸਤਿਗੁਰ ਕੈ ਭਗਵਾਨ
(ਚੌਥੀ, ਗੁਰੂ ਜਾਂ ਪਰਮੇਸ਼ੁਰ)।
ਠਾਨਹਿ ਚਰਨ ਕਮਲ ਸਿਉ ਧਿਆਨ (ਦੇ ਚਰਨ ਕਮਲਾਂ ਦਾ ਧਿਆਨ ਧਰੇ)।..32॥
ਪੰਚਮ ਕਰਹਿ ਅਹਾਰ ਭਲੇਰੇ
(ਪੰਜਵੀਂ, ਚੰਗੇ ਭੋਜਨ ਤਿਆਰ ਕਰ ਕੇ)।
ਪ੍ਰਥਮ ਅਰਪ ਹਰਿ ਗੁਰੂ ਅਗੇਰੇ
(ਪਹਿਲਾਂ ਗੁਰੂ/ਪਰਮੇਸ਼ੁਰ ਸਨਮੁਖ ਰਖੇ)।
ਜਥਾ ਸ਼ਕਤਿ ਸੰਤਨ ਅਚਵਾਵੈ (ਜਿੰਨਾ ਹੋ ਸਕੇ ਸਿੱਖਾਂ/ਸਾਧੂਆਂ ਨੂੰ ਖਵਾਵੇ)।
ਵਸਤ੍ਰ ਸਰੀਰ ਸਾਧ ਪਹਿਰਾਵੈ
(ਲੋੜਵੰਦਾਂ ਨੂੰ ਬਸਤ੍ਰ ਦੇਵੇ)।33॥
ਖਸ਼ਟਮ ਪ੍ਰਭ ਗੁਰ ਕੈ ਗੁਰਦੁਆਰੇ
(ਛੇਵੀਂ ਗੁਰ-ਪਰਮੇਸ਼ੁਰ ਦੇ ਅਸਥਾਨ 'ਤੇ)।
ਬੰਦਨ ਕਰਹਿ ਪ੍ਰਦਛਨਾ ਧਾਰੇ (ਮੱਥਾ ਟੇਕੇ, ਪਰਕਰਮਾ ਕਰੇ)।..34॥
ਸਪਤਮ ਦਾਸ ਆਪ ਕੋ ਜਾਨੈ (ਸਤਵੀਂ, ਆਪਣੇ ਆਪ ਨੂੰ ਸੇਵਕ ਜਾਣਦਾ)।
ਪਰਮੇਸ਼ੁਰ ਸੁਆਮੀ ਪਹਿਚਾਨੈ
(ਪਰਮੇਸ਼ੁਰ ਨੂੰ ਸੁਆਮੀ ਮੰਨੇ)।..35॥
ਅਸ਼ਟਮ ਮਿਤ੍ਰ ਲਖੈ ਸ੍ਰੀ ਪ੍ਰਭ ਕੋ
(ਅੱਠਵੀਂ, ਪ੍ਰਭੂ ਨੂੰ ਆਪਣਾ ਹਿਤੂ ਜਾਣਦਾ)।
ਨਹੀਂ ਭੁਲਾਵੈ ਅਪਨੇ ਚਿੱਤ ਕੋ
(ਕਦੀ ਮਨ ਨ ਭੁਲਾਵੇ)।
ਜੋ ਕਿਛੁ ਕਰੈ ਭਲੀ ਮਮ ਜਾਨੈ
(ਜੋ ਉਹ ਕਰ ਰਿਹਾ ਹੈ, ਭਲੀ ਮੰਨੇ)।
ਨਹੀਂ ਤਰਕਨਾ ਤਿਸ ਪਰ ਠਾਨੈ
(ਪ੍ਰਭੂ 'ਤੇ ਕਦੀ ਸ਼ੰਕਾ ਨ ਕਰੇ)।36॥
ਨੌਮੀ ਤਨ ਧਨ ਪ੍ਰਭ ਅਰਪਾਇ
(ਨੌਵੀਂ, ਆਪਣਾ ਤਨ ਮਨ ਤੇ ਧਨ ਉਸ ਦਾ ਹੀ ਜਾਨੇ) ।
ਅਪਨੋ ਕਛੂ ਨ ਲਖੈ ਕਦਾਇ
(ਕਦੀ ਆਪਣਾ ਨ ਸਮਝੇ)।..37॥
ਨਵਧਾ ਭਗਤਿ ਕਹੀ ਇਹ ਜੋਇ (ਇਹ ਜੋ ਨੌ ਅੰਗਾਂ ਦੀ ਭਗਤੀ ਕਹੀ ਹੈ)।
ਜੇ ਕਰ ਇਕ ਭੀ ਪ੍ਰਾਪਤ ਹੋਇ (ਜੇ ਇਨ੍ਹਾਂ 'ਚੋਂ ਇਕ ਦਾ ਵੀ ਧਾਰਨੀ ਹੋ ਜਾਂਦਾ ਹੈ) ।
ਤੌ ਉਧਾਰ ਜਨ ਕੋ ਕਰ ਦੇਤਿ (ਤਾਂ ਉਹ ਵੀ ਸੇਵਕ ਦਾ ਉਧਾਰ ਕਰ ਦੇਂਦੀ ਹੈ)।
ਕਿਆ ਸੰਸੈ ਹੋਇ ਸਰਬ ਸਮੇਤਿ (ਜੇ ਸਾਰੀਆਂ ਦਾ ਧਾਰਨੀ ਹੋ ਜਾਏ ਫਿਰ ਜੀਵਨ ਸਫ਼ਲ)।38॥40॥ਰਾਸਿ ਦੂਜੀ, ਗ. ਪ੍ਰ. ਸੂਰਜ

**ਜੋਧ ਰਸੋਈਆ ਦੇਵਤਾ**

ਧੰਨ ਗੁਰੂ ਅੰਗਦ ਸਾਹਿਬ ਜੀ ਦੀ ਸੇਵਾ ਵਿਚ ਆ ਕੇ ਗੁਰੂ ਕੀਆਂ ਆਸੀਸਾਂ ਪ੍ਰਾਪਤ ਕਰਨ ਵਾਲੇ ਪ੍ਰਸਿਧ ਸਿੱਖ ਸਨ -ਭਾਈ ਜੋਧ ਜੋ ਪਰਵਾਰਕ ਪਿਛੋਕੜ ਤੋਂ ਬ੍ਰਾਹਮਣ ਸਨ ਪਰ ਉਨ੍ਹਾਂ ਨੇ ਆਪਾ ਮਿਟਾ ਕੇ ਸਿੱਖੀ ਦੀ ਅਜਿਹੀ ਘਾਲਣਾ ਘਾਲੀ ਕਿ ਭਾਈ ਗੁਰਦ-ਾਸ ਜੀ ਨੇ ਉਨ੍ਹਾਂ ਦਾ ਹਵਾਲਾ ਜੋਧ ਰਸੋਈਆ ਦੇਵਤਾ ਗੁਰ ਸੇਵਾ ਕਰਿ ਦੁਤਰੁ ਤਾਰੀ॥ ਦਿੱਤਾ ਹੈ।

ਗੁਰੂ-ਬਾਬਾ ਜੀ ਨੇ ਤਤਕਾਲੀ ਸਮਾਜ ਦਾ ਜੋ ਮਾੜਾ ਹਾਲ ਵੇਖਿਆ ਉਸ ਦਾ ਇਕ ਕਾਰਨ ਵਰਨ-ਵੰਡ ਵੀ ਸੀ ਜਿਸ ਨੂੰ ਅਸੀਂ ਆਮ ਤੌਰ 'ਤੇ ਜਾਤ-ਪਾਤ ਦਾ ਵਰਤਾਰਾ ਕਹਿੰਦੇ ਹਾਂ।ਇਸ ਦੇ ਪਿਛੋਕੜ ਵਿਚ ਮੁੱਢਲੇ ਤੌਰ'ਤੇ ਵੇਦਾਂ ਦੀ ਤਾਲੀਮ ਸੀ ਜਿਸ ਨੂੰ ਇਨ੍ਹਾਂ 'ਤੇ ਆਧਾਰਤ ਸਿੰਮ੍ਰਿਤੀਆਂ ਨੇ ਹੋਰ ਪੱਕਾ ਕੀਤਾ। ਮਹਾਨ ਇਨਕਲਾਬੀ ਭਗਤ ਕਬੀਰ ਜੀ ਕਿਹਾ ਕਿ ਮੰਨੂ ਸਿੰਮ੍ਰਿਤੀ ਆਦਿ ਦੀ ਤਾਲੀਮ ਨੇ ਸਮਾਜ ਨੂੰ ਸੰਗਲਾਂ ਨਾਲ ਜੂੜ ਦਿੱਤਾ ਹੈ। ਦੂਜੇ ਪਾਤਸ਼ਾਹ ਜੀ ਨੇ ਇਸ ਵਰਤਾਰੇ ਬਾਬਤ ਆਪ ਵੀ ਲਿਖਿਆ ਕਿ ਸਮਾਜ ਵਿਚ ਪੁੰਨ-ਪਾਪ, ਨਰਕ-ਸੁਰਗ, ਉੱਚਾ-ਨੀਂਵਾਂ ਅਰ ਜਾਤ-ਪਾਤ ਆਦਿ ਦੀ ਦੇਣ ਸਭ ਇਨ੍ਹਾਂ ਪੁਸਤਕਾਂ ਦੀ ਹੈ ਜੋ ਬ੍ਰਾਹਮਣ ਰਾਹੀਂ ਲਿਖੀਆਂ ਗਈਆਂ:

ਮਹਲਾ 2॥ ਕਥਾ ਕਹਾਣੀ ਬੇਦੀ
ਆਣੀ ਪਾਪੁ ਪੁੰਨੁ ਬੀਚਾਰੁ॥
ਦੇ ਦੇ ਲੈਣਾ ਲੈ ਲੈ ਦੇਣਾ
ਨਰਕਿ ਸੁਰਗਿ ਅਵਤਾਰ॥
ਉਤਮ ਮਧਿਮ ਜਾਤੀਂ ਜਿਨਸੀ
ਭਰਮਿ ਭਵੈ ਸੰਸਾਰੁ॥

ਪਰ, ਜਗਤ-ਗੁਰੂ ਪਾਤਸ਼ਾਹ ਜੀ ਨੇ ਇਸ ਕੋਹਜ਼ੇ ਵਰਤਾਰੇ ਵਿਰੁੱਧ ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥ ਦਾ ਸਿਧਾਂਤ ਸਮਾਜ ਸਾਹਮਣੇ ਰਖਦਿਆਂ ਬਾਣੀ ਰਚੀ ਜੋ ੴ ਤੋਂ ਆਰੰਭ ਕੀਤੀ ਅਰ ਅਮਲੀ ਤੌਰ 'ਤੇ ਸੰਗਤ ਅਰ ਪੰਗਤ ਵਾਲੀ ਸ਼ਾਨਦਾਰ ਵਿਵਸਥਾ ਦਾ ਮੁੱਢ ਬੰਨਿਆ। ਥਾਂ ਥਾਂ 'ਤੇ ਪਹੁੰਚ ਧਰਮਸਾਲਾ ਬੱਧੀਆਂ ਜਿਥੇ ਸਾਰੇ ਇਨਸਾਨੀ ਭਾਈਚਾਰੇ ਨੂੰ ਇਕ ਥਾਂ 'ਤੇ ਜੁੜ ਬੈਠਣ ਦਾ ਹੁਕਮ ਕੀਤਾ ਅਰ ਸਮਝਾਇਆ ਕਿ ਪਰਮੇਸ਼ਰ ਦੇ ਦਰ 'ਤੇ ਕੇਵਲ ਓਹੀ ਪ੍ਰਵਾਨ ਹੁੰਦਾ ਹੈ ਜੋ ਪਹਿਲਾਂ ਆਪਣੀ ਹਉਮੈ ਨੂੰ ਤਿਆਗੇ ਜੋ ਸਾਰੇ ਵਿਤਕਰਿਆਂ ਦੀ ਜੜ੍ਹ ਹੈ:

ਅੰਮ੍ਰਿਤ ਬਾਣੀ ਤਤੁ ਵਖਾਣੀ
ਗਿਆਨ ਧਿਆਨ ਵਿਚਿ ਆਈ॥
ਗੁਰਮੁਖਿ ਆਖੀ ਗੁਰਮੁਖਿ ਜਾਤੀ
ਸੁਰਤੀ ਕਰਮਿ ਧਿਆਈ॥



ਹੁਕਮੁ ਸਾਜਿ ਹੁਕਮੈ ਵਿਚਿ ਰਖੈ
ਹੁਕਮੈ ਅੰਦਰਿ ਵੇਖੈ॥
ਨਾਨਕ ਅਗਹੁ ਹਉਮੈ ਤੁਟੈ
ਤਾ ਕੋ ਲਿਖੀਐ ਲੇਖੈ॥1॥

ਗੁ.ਗ੍ਰੰ.ਸਾ. ਪੰਨਾ 1243

ਭਲੇ ਭਾਗ ਭਾਈ ਜੋਧ ਜੀ ਦੇ ਜੋ ਖਡੂਰ ਸਾਹਿਬ ਆਏ, ਹਜ਼ੂਰ ਪਾਤਸ਼ਾਹ ਜੀ ਦੀ ਸ਼ਾਨਦਾਰ ਅਗਵਾਈ ਵਿਚ ਹੋ ਰਹੀ ਅਣੋਖੀ ਤੇ ਨਰੋਈ ਸਮਾਜ ਉਸਾਰੀ ਨੂੰ ਜਦੋਂ ਆਪਣੀ ਅੱਖੀਂ ਤੱਕਿਆ ਤਾਂ ਸਦਾ ਲਈ ਇਥੋਂ ਦੇ ਹੀ ਹੋ ਕੇ ਰਹਿ ਗਏ। ਉਨ੍ਹਾਂ ਇਹ ਵੀ ਵੇਖਿਆ ਕਿ ਲੰਗਰ ਵਿਚ ਸੰਘਣੀ ਛਾਂ ਵਾਲੀ ਮਾਂ ਖੀਵੀ ਜੀ ਗੁਰੂ-ਘਰ ਆਇਆਂ ਕਿਵੇਂ ਅਪਣੱਤ ਨਾਲ ਸੰਭਾਲ ਕਰ ਰਹੇ ਹਨ। ਪੀੜ੍ਹੀਆਂ ਤੋਂ ਚਲਿਆ ਆ ਰਿਹਾ ਵਰਤਾਰਾ ਭਾਵੇਂ ਜੋਧ ਜੀ ਨੂੰ ਇਥੇ ਰੁਕਣ ਤੋਂ ਹੋੜਦਾ ਸੀ ਪਰ ਇਥੋਂ ਦੇ ਕਣ ਕਣ ਵਿਚ ਝਲਕਦੀ ਮਨੁੱਖੀ ਸਾਂਝ ਨੇ ਵਾਪਸ ਜਾਣ ਨ ਦਿੱਤਾ ਅਰ ਇਨ੍ਹਾਂ ਆਪਣੇ ਅੰਦਰਲੀ ਇਸ ਬ੍ਰਾਹਮਣੀ ਜੂਠ ਤੋਂ ਮੁਕਤ ਹੋਣ ਦਾ ਤਹੱਈਆ ਕਰ ਲਿਆ।

ਸਤਸੰਗ ਵਿਚ ਹਾਜ਼ਰੀ ਭਰਨ ਤੋਂ ਬਾਦ ਆਪ ਬਾਕੀ ਸਮਾਂ ਮਾਤਾ ਖੀਵੀ ਜੀ ਦੀ ਸਰਪ੍ਰਸਤੀ ਵਿਚ ਲੰਗਰ ਦੀ ਸੇਵਾ ਵਿਚ ਬਿਤਾਉਣ ਲਗੇ।ਲੰਗਰ ਲਈ ਆਈਆਂ ਰਸਦਾਂ ਦੀ ਸੰਭਾਲ ਰੱਖਣ ਦੇ ਨਾਲ ਇਨ੍ਹਾਂ ਜੂਠੇ ਭਾਡਿਆਂ ਦੀ ਸਫ਼ਾਈ ਦੀ ਸੇਵਾ ਕਰਨ ਵਲ ਵਧੇਰੇ ਧਿਆਨ ਦਿੱਤਾ। ਕੁਝ ਦਿਨ ਬੀਤਣ 'ਤੇ ਮਾਤਾ ਜੀ ਨੇ ਧਿਆਨ ਕੀਤਾ ਕਿ ਜੋਧ ਲੰਗਰ ਤਿਆਰ ਕਰਨ ਅਰ ਵਰਤਾਉਣ ਵਿਚ ਤਾਂ ਬੜੇ ਸੁਚੇਤ ਹਨ ਪਰ ਇਨ੍ਹਾਂ ਨੂੰ ਪੰਗਤ ਵਿਚ ਬੈਠ ਕੇ ਲੰਗਰ ਛਕਦਿਆਂ ਨਹੀਂ ਦੇਖਿਆ ਗਿਆ। ਜਲਦੀ ਹੀ ਮਾਤਾ ਜੀ ਨੇ ਵੇਖ ਲਿਆ ਕਿ ਇਹ ਲੰਗਰ ਤਾਂ ਛਕ ਹੀ ਨਹੀਂ ਰਹੇ, ਇਹ ਤਾਂ ਸੰਗਤਾਂ ਦੀਆਂ ਵਰਤੀਆਂ ਪੱਤਲਾਂ ਵਿਚ ਬਚੀ-ਖੁਚੀ ਜੂਠ ਖਾ ਕੇ ਹੀ ਗੁਜ਼ਾਰਾ ਕਰ ਰਹੇ ਹਨ।

ਪਾਛੇ ਕਛ ਭੋਜਨ ਰਹਿ ਜਾਇ
(ਪਿਛੇ ਜੋ ਭੋਜਨ ਬਚਦਾ)।
ਬਿਨਾਂ ਸੁਆਦ ਤੇ ਖਾਇ ਬਿਤਾਇ
**(ਸੁਆਦ ਦੀ ਪ੍ਰਵਾਹ ਕਰੇ ਬਿਨਾਂ ਖਾਂਦਾ)।5॥**

ਮਾਤਾ ਜੀ ਨੇ ਇਕ ਦੋ ਵਾਰ ਇਨ੍ਹਾਂ ਨੂੰ ਅਜਿਹਾ ਕਰਨ ਤੋਂ ਵਰਜਿਆ ਪਰ, ਆਪ ਨ ਮੁੜੇ। ਅਖ਼ੀਰ ਉਨ੍ਹਾਂ ਨੇ ਲੰਗਰ ਛਕਣ ਆਏ ਆਪਣੇ ਪਤੀ ਗੁਰਦੇਵ ਜੀ ਨੂੰ ਜਦੋਂ ਦੱਸਿਆ ਤਾਂ ਉਨ੍ਹਾਂ ਜੋਧ ਜੀ ਨੂੰ ਕੋਲ ਬਿਠਾ ਲਿਆ ਅਰ ਪੁੱਛਿਆ,

**ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ**

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

## ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਉਸ ਪਿਆਰੇ ਗੁਰੂ ਨੂੰ ਮਿਲਣਾ ਚਾਹੀਦਾ ਹੈ, ਜਿਸ ਦੇ ਹਿਰਦੇ ਵਿਚ ਗੁਣਾਂ ਦਾ ਸੋਮਾ ਪਰਮਾਤਮਾ ਵਸ ਰਿਹਾ ਹੈ; ਉਸ ਪ੍ਰੀਤਮ ਸਤਿਗੁਰੂ ਦੀ ਸ਼ਰਨ ਪੈਣਾ ਚਾਹੀਦਾ ਹੈ, ਜਿਸ ਨੇ ਆਪਣੇ ਅੰਦਰੋਂ ਅਹੰਕਾਰ ਦੂਰ ਕਰ ਲਿਆ ਹੈ । ਪ੍ਰਭੂ ਸਿਮਰਨ ਦੀ ਸਿੱਖਿਆ ਦੇ ਕੇ ਜਿਸ ਪੂਰੇ ਸਤਿਗੁਰੂ ਨੇ ਸਾਰੀ ਸ੍ਰਿਸ਼ਟੀ ਨੂੰ ਸੋਹਣਾ ਬਣਾ ਦਿੱਤਾ ਹੈ, ਉਹ ਸਤਿਗੁਰੂ ਧੰਨ ਧੰਨ ਹੈ । "ਤਿਸੁ ਮਿਲੀਐ ਸਤਿਗੁਰ ਸਜਣੈ ਜਿਸੁ ਅੰਤਰਿ ਹਰਿ ਗੁਣਕਾਰੀ ॥ ਤਿਸੁ ਮਿਲੀਐ ਸਤਿਗੁਰ ਪ੍ਰੀਤਮੈ ਜਿਨਿ ਹੰਉਮੈ ਵਿਚਹੁ ਮਾਰੀ ॥ ਸੋ ਸਤਿਗੁਰੁ ਪੂਰਾ ਧਨੁ ਧੰਨੁ ਹੈ ਜਿਨਿ ਹਰਿ ਉਪਦੇਸੁ ਦੇ ਸਭ ਸ੍ਰਿਸ੍ਟਿ ਸਵਾਰੀ ॥ ਅੰਗ 586" ।

ਮੇਰਾ ਸਤਿਗੁਰੂ (ਆਮ ਮਨੁੱਖਾਂ ਵਾਂਗ) ਸਦਾ ਸਦਾ ਨਾ ਜੰਮਦਾ ਹੈ ਤੇ ਨਾ ਹੀ ਮਰਦਾ ਹੈ; ਅਰਥਾਤ ਇਕ ਵਾਰ ਹੀ ਆਉਂਦਾ ਜਾਂਦਾ ਹੈ । ਉਹ ਸਰਬ ਵਿਆਪਕ ਅਵਿਨਾਸ਼ੀ ਪ੍ਰਭੂ (ਦਾ ਰੂਪ ਹੈ), ਨਾਸ਼ਵੰਤ ਨਹੀਂ ਤੇ ਉਹ ਸਭਨਾਂ ਵਿਚ ਸਮਾਇਆ ਹੋਇਆ ਹੈ । "ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨ ਜਾਇ ॥ ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ॥13॥ ਅੰਗ 758" ।

ਸਤਿਗੁਰੂ ਅਡੋਲਤਾ (ਤੇ ਸ਼ਾਤੀ) ਦਾ ਖੇਤ ਹੈ; ਜਿਸ ਨੂੰ ਉਹ ਆਪਣੇ ਪਿਆਰ ਨਾਲ ਲਾਉਂਦਾ ਹੈ, ਉਹ (ਆਪਣੇ ਸਰੀਰ ਖੇਤ ਵਿਚ) ਪ੍ਰਭੂ ਦਾ ਨਾਮ ਬੀਜਦਾ ਹੈ, ਉਸਦੇ ਅੰਦਰ ਨਾਮ ਉੱਗਦਾ ਹੈ ਤੇ ਉਹ ਨਾਮ ਵਿਚ ਹੀ ਲੀਨ ਰਹਿੰਦਾ ਹੈ । "ਸਤਿਗੁਰੁ ਸਹਜੈ ਦਾ ਖੇਤੁ ਹੈ ਜਿਸ ਨੋ ਲਾਏ ਭਾਉ ॥ ਨਾਉ ਬੀਜੇ ਨਾਉ ਉਗਵੈ ਨਾਮੇ ਰਹੈ ਸਮਾਇ ॥ ਅੰਗ 947" ।

ਮੈਂ ਪੂਰੇ ਸਤਿਗੁਰੂ ਤੋਂ ਸਦਕੇ ਜਾਂਦਾ ਹਾਂ। ਗੁਰੂ ਸ਼ਰਨ ਦੇਣ ਵਾਲ਼ਾ ਹੈ ਤੇ ਬਚਨ ਦਾ ਸੂਰਮਾ ਹੈ; ਭਾਵ ਬਚਨ ਤੇ ਪੱਕਾ ਰਹਿੰਦਾ ਹੈ। "ਹਉ ਬਲਿਹਾਰੀ ਸਤਿਗੁਰ ਪੂਰੇ ॥ ਸਰਣਿ ਕੇ ਦਾਤੇ ਬਚਨ ਕੇ ਸੂਰੇ ॥ ਅੰਗ 1073" ।

ਉਹ ਹੈ ਸਿਆਣਾ ਸਤਿਗੁਰੂ ਪੁਰਖ ਜੋ ਹਿਰਦੇ-ਘਰ ਵਿਚ ਪ੍ਰਭੂ ਦੇ ਰਹਿਣ ਦੀ ਥਾਂ ਦਿਖਾ ਦਿੰਦਾ ਹੈ । ਉਸ ਘਰ ਵਿਚ ਪੰਜ ਕਿਸਮ ਦੇ ਸਾਜ਼ਾਂ ਦੀ ਇਕ-ਰਸ ਧੁਨੀ ਵੱਜਦੀ ਹੈ; ਗੁਰੂ ਦਾ ਸ਼ਬਦ-ਰੂਪ ਨਿਸ਼ਾਨ ਵੱਜਦਾ ਹੈ । ਉੱਥੇ ਮਨੁੱਖ (ਬੇਅੰਤ) ਦੀਪਾਂ, ਲੋਕਾਂ, ਪਾਤਾਲਾਂ, ਖੰਡਾਂ ਤੇ ਮੰਡਲਾਂ ਨੂੰ ਦੇਖ ਕੇ ਹੈਰਾਨ ਹੁੰਦਾ ਹੈ; ਉੱਥੇ ਉੱਚੀ ਸੁਰ 'ਚ ਘਨਘੋਰ ਵਾਜੇ ਵੱਜਦੇ ਹਨ ਤੇ (ਇਸ ਸਾਰੀ ਕੁਦਰਤਿ ਦਾ) ਪਾਤਸ਼ਾਹ ਸੱਚੇ ਤਖ਼ਤ ਉਤੇ ਬੈਠਾ ਹੁੰਦਾ ਹੈ । "ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥ ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥ ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥ ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥ ਅੰਗ 1291"।

ਐਸੇ ਗੁਰੂ ਤੋਂ ਵਾਰ ਵਾਰ ਬਲਿਹਾਰ ਜਾਈਏ ਜੋ ਕਿ ਆਪ ਮਾਇਆ ਦੇ ਬੰਧਨਾਂ ਤੋਂ ਮੁਕਤ ਹੈ ਤੇ ਮੈਨੂੰ (ਸੰਸਾਰ ਸਮੁੰਦਰ) ਤੋਂ ਤਾਰ ਲੈਂਦਾ ਹੈ । "ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ ਮੁਕਤੁ ਮੋਹਿ ਤਾਰੈ॥1॥ ਰਹਾਉ ॥ ਅੰਗ 1301" ।

ਸਤਿਗੁਰੂ ਦੀ ਮਹਿਮਾ ਬਿਆਨ ਕਰਦੇ ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਦਾਸ ਨਾਨਕ ਉਹਨਾਂ ਦੀ ਚਰਨ ਧੂੜ ਮੰਗਦਾ ਹੈ ਜਿਹਨਾਂ ਨੇ ਸਤਿਗੁਰੂ ਨੂੰ ਪਾ ਲਿਆ ਹੈ । "ਜਨ ਨਾਨਕੁ ਮੰਗੈ ਧੂੜਿ ਤਿਨ ਜਿਨ ਸਤਿਗੁਰੁ ਪਾਇਆ ॥4॥4॥18॥38॥ ਅੰਗ 163" ।

**599. ਗੁਰੂ ਤੇ ਬ੍ਰਹਮ ਗਿਆਨੀ 'ਚ ਕੀ ਫਰਕ ਹੁੰਦਾ ਹੈ?**

ਫਰਕ ਹੁੰਦਾ ਵੀ ਹੈ ਤੇ ਨਹੀਂ ਵੀ! ਫਰਕ ਇਸ ਕਰਕੇ ਹੁੰਦਾ ਹੈ ਕਿ ਗੁਰੂ ਤੋਂ ਬਿਨਾ ਬ੍ਰਹਮ ਗਿਆਨ ਨਹੀਂ ਮਿਲਦਾ ਤੇ ਬ੍ਰਹਮ ਗਿਆਨ ਤੋਂ ਬਿਨਾ ਕੋਈ ਬ੍ਰਹਮ ਗਿਆਨੀ ਨਹੀਂ ਬਣ ਸਕਦਾ । "ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ॥ ਅੰਗ 59" । ਦੂਸਰਾ ਗੁਰੂ ਉਹ ਹੁੰਦਾ ਹੈ ਜਿਸ ਵਿਚ ਸਤਿਗੁਰੂ ਨਾਨਕ ਦੇਵ ਜੀ ਦੀ ਜੋਤਿ ਟਿਕਾਈ ਗਈ ਹੋਵੇ । ਬ੍ਰਹਮ ਗਿਆਨੀ ਤੇ ਗੁਰੂ 'ਚ ਓਹੀ ਫਰਕ ਹੈ ਜੋ ਕਿ ਬਾਬਾ ਬੁੱਢਾ ਜੀ ਤੇ ਸਤਿਗੁਰੂ ਅੰਗਦ ਦੇਵ ਜੀ ਜਾਂ ਹੋਰ ਗੁਰੂ ਸਾਹਿਬਾਨ ਵਿਚ ਸੀ ਜਾਂ ਹੈ ।

ਫਰਕ ਨਹੀਂ ਵੀ ਹੁੰਦਾ, ਕਿਉਂਕਿ ਦੋਨੋ ਪਰਮੇਸ਼ਰ ਰੂਪ ਹੁੰਦੇ ਹਨ । ਯਥਾ ਗੁਰਵਾਕ: "ਨਾਨਕ ਸੋਧੇ ਸਿੰਮ੍ਰਿਤਿ ਬੇਦ ॥ ਪਾਰਬ੍ਰਹਮ ਗੁਰ ਨਾਹੀ ਭੇਦ ॥4॥11॥24॥ ਅੰਗ 1142" । ਅਤੇ "ਸਤਿਗੁਰੁ ਦੇਉ ਪਰਤਖਿ ਹਰਿ ਮੂਰਤਿ ਜੋ ਅੰਮ੍ਰਿਤ ਬਚਨ ਸੁਣਾਵੈ ॥ ਅੰਗ 1264" ।

"ਬ੍ਰਹਮਗਿਆਨੀ ਕਉ ਖੋਜਹਿ ਮਹੇਸੁਰ ॥ ਨਾਨਕ ਬ੍ਰਹਮਗਿਆਨੀ ਆਪਿ ਪਰਮੇਸੁਰ॥6॥ ਅੰਗ 273" ।

ਇਸ ਅਸਟਪਦੀ ਦਾ ਮੁੱਢਲਾ ਸਲੋਕ "ਸਲੋਕੁ ॥ ਮਨਿ ਸਾਚਾ ਮੁਖਿ ਸਾਚਾ ਸੋਇ॥ ਅਵਰੁ ਨ ਪੇਖੈ ਏਕਸੁ ਬਿਨੁ ਕੋਇ॥ ਨਾਨਕ ਇਹ ਲਛਣ ਬ੍ਰਹਮਗਿਆਨੀ ਹੋਇ॥1॥ ਅੰਗ 272" ਬ੍ਰਹਮ ਗਿਆਨੀ ਦੀ ਪ੍ਰੀਭਾਸ਼ਾ ਹੈ!

**600. ਗੁਰੂ ਸਤਿਗੁਰੂ ਤੇ ਕੋਈ ਸੁੰਦਰ ਸ਼ਬਦ?**

ਇਕ ਸੁੰਦਰ ਸਲੋਕ (ਜੋ ਕਿ ਗਉੜੀ ਬਾਵਨ ਅਖਰੀ ਮਹਲਾ 5 ਦੇ ਆਦਿ ਅਤੇ ਅੰਤ ਵਿਚ ਆਉਂਦਾ ਹੈ) ਤੇ ਦੋ ਬਹੁਤ ਹੀ ਸੁੰਦਰ ਸ਼ਬਦ ਅੱਗੇ ਦਿੱਤੇ ਜਾਂਦੇ ਹਨ:

"ਸਲੋਕੁ ॥ ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ ॥ ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ ॥ ਗੁਰਦੇਵ ਦਾਤਾ ਹਰਿ ਨਾਮੁ ਉਪਦੇਸੈ ਗੁਰਦੇਵ ਮੰਤੁ ਨਿਰੋਧਰਾ ॥ ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸ ਪਰਾ ॥ ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ ਅਪਰੰਪਰਾ ॥ ਗੁਰਦੇਵ ਕਰਤਾ ਸਭਿ ਪਾਪ ਹਰਤਾ ਗੁਰਦੇਵ ਪਤਿਤ ਪਵਿਤ ਕਰਾ ॥ ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ ਗੁਰਦੇਵ ਮੰਤੁ ਹਰਿ ਜਪਿ ਉਧਰਾ ॥ ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ ਹਮ ਮੂੜ ਪਾਪੀ ਜਿਤੁ ਲਗਿ ਤਰਾ ॥ ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ ਗੁਰਦੇਵ ਨਾਨਕ ਹਰਿ ਨਮਸਕਰਾ ॥1॥ ਏਹੁ ਸਲੋਕੁ ਆਦਿ ਅੰਤਿ ਪੜਣਾ ॥ ਅੰਗ 250 ਅਤੇ 262" ।

"ਮਾਰੂ ਮਹਲਾ 5 ਸੋਲਹੇ ੴ ਸਤਿਗੁਰ ਪ੍ਰਸਾਦਿ ॥ ਗੁਰੁ ਗੋਪਾਲੁ ਗੁਰੁ ਗੋਵਿੰਦਾ ॥ ਗੁਰੁ ਦਇਆਲੁ ਸਦਾ ਬਖਸਿੰਦਾ ॥ ਗੁਰੁ ਸਾਸਤ ਸਿਮ੍ਰਿਤਿ ਖਟੁ ਕਰਮਾ ਗੁਰੁ ਪਵਿਤ੍ਰੁ ਅਸਥਾਨਾ ਹੇ ॥1॥ ਗੁਰੁ ਸਿਮਰਤ ਸਭਿ ਕਿਲਵਿਖ ਨਾਸਹਿ ॥ ਗੁਰੁ ਸਿਮਰਤ ਜਮ ਸੰਗਿ ਨ ਫਾਸਹਿ ॥ ਗੁਰੁ ਸਿਮਰਤ ਮਨੁ ਨਿਰਮਲੁ ਹੋਵੈ ਗੁਰੁ ਕਾਟੇ ਅਪਮਾਨਾ ਹੇ॥2॥ ਗੁਰ ਕਾ ਸੇਵਕੁ ਨਰਕਿ ਨ ਜਾਏ॥ ਗੁਰ ਕਾ ਸੇਵਕੁ ਪਾਰਬ੍ਰਹਮੁ ਧਿਆਏ ॥ ਗੁਰ ਕਾ ਸੇਵਕੁ ਸਾਧ ਸੰਗੁ ਪਾਏ ਗੁਰੁ ਕਰਦਾ ਨਿਤ ਜੀਅ ਦਾਨਾ ਹੇ ॥3॥ ਗੁਰ ਦੁਆਰੈ ਹਰਿ ਕੀਰਤਨੁ ਸੁਣੀਐ ॥ ਸਤਿਗੁਰੁ ਭੇਟਿ ਹਰਿ ਜਸੁ ਮੁਖਿ ਭਣੀਐ ॥ ਕਲਿ ਕਲੇਸ ਮਿਟਾਏ ਸਤਿਗੁਰੁ ਹਰਿ ਦਰਗਹ ਦੇਵੈ ਮਾਨਾਂ ਹੇ ॥4॥ ਅੰਗ 1074-'75" ।

"ਭੈਰਉ ਮਹਲਾ 5 ॥ ਸਤਿਗੁਰੁ ਮੇਰਾ ਬੇਮੁਹਤਾਜੁ ॥ ਸਤਿਗੁਰ ਮੇਰੇ ਸਚਾ ਸਾਜੁ ॥ ਸਤਿਗੁਰੁ ਮੇਰਾ ਸਭਸ ਕਾ ਦਾਤਾ ॥ ਸਤਿਗੁਰੁ ਮੇਰਾ ਪੁਰਖੁ ਬਿਧਾਤਾ ॥1॥ ਗੁਰ ਜੈਸਾ ਨਾਹੀ ਕੋ ਦੇਵ ॥ ਜਿਸੁ ਮਸਤਕਿ ਭਾਗੁ ਸੁ ਲਾਗਾ ਸੇਵ ॥1॥ ਰਹਾਉ ॥ ਸਤਿਗੁਰੁ ਮੇਰਾ ਸਰਬ ਪ੍ਰਤਿਪਾਲੈ ॥ ਸਤਿਗੁਰੁ ਮੇਰਾ ਮਾਰਿ ਜੀਵਾਲੈ ॥ ਸਤਿਗੁਰ ਮੇਰੇ ਕੀ ਵਡਿਆਈ ॥ ਪ੍ਰਗਟੁ ਭਈ ਹੈ ਸਭਨੀ ਥਾਈ ॥2॥ ਸਤਿਗੁਰੁ ਮੇਰਾ ਤਾਣੁ ਨਿਤਾਣੁ ॥ ਸਤਿਗੁਰੁ ਮੇਰਾ ਘਰਿ ਦੀਬਾਣੁ॥ ਸਤਿਗੁਰ ਕੈ ਹਉ ਸਦ ਬਲਿ ਜਾਇਆ ॥ ਪ੍ਰਗਟੁ ਮਾਰਗੁ ਜਿਨਿ ਕਰਿ ਦਿਖਲਾਇਆ॥3॥ ਜਿਨਿ ਗੁਰੁ ਸੇਵਿਆ ਤਿਸੁ ਭਉ ਨ ਬਿਆਪੈ ॥ ਜਿਨਿ ਗੁਰੁ ਸੇਵਿਆ ਤਿਸੁ ਦੁਖੁ ਨ ਸੰਤਾਪੈ ॥ ਨਾਨਕ ਸੋਧੇ ਸਿੰਮ੍ਰਿਤਿ ਬੇਦ ॥ ਪਾਰਬ੍ਰਹਮ ਗੁਰ ਨਾਹੀ ਭੇਦ ॥4॥11॥24॥ ਅੰਗ 1142"।

ਬਾਕੀ ਅਗਲੇ ਹਫ਼ਤੇ

ਪੰਜਾਬ ਟਾਈਮਜ਼
PANJAB TIMES (EST 1965)
ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :
FOR SUBSCRIPTION
(PLEASE TICK ONE RELEVANT BOX)
6 MONTHS ---- £95
1 YEAR ---- £180
ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।
NAME........................................................................................
ADDRESS..................................................................................
........................................................POST CODE......................
TEL.............................................................................................
Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85
*Post with payments to:* ***SUBSCRIPTION***
PANJAB TIMES BRIDLE GATE LANE, ALVASTON, DERBY, DE24 0QW, U.K.
or call on / WHATSAPP NO : 07966 388 388
*www.panjabtimes.uk Email: Panjabtimes@aol.com*

ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ
ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ । ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ । ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ । ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ ।
ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:
ਜਾਣਕਾਰੀ ਲਈ ਸੰਪਰਕ:
01332 372 851 M: 07966 388 388

# ਗੁਰ ਸ਼ਬਦ ਦੇ ਅਭਿਆਸੀ ਜੀਊੜੇ – ਭਾਈ ਸਾਹਿਬ ਭਾਈ ਰਣਧੀਰ ਸਿੰਘ

6 ਅਪ੍ਰੈਲ ਬਰਸੀ 'ਤੇ ਵਿਸ਼ੇਸ਼



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

ਰੱਬੀ ਰੰਗ ਵਿੱਚ ਰੰਗੀ ਪਵਿੱਤਰ ਆਤਮਾ, ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਗੁਰ-ਸ਼ਬਦ ਦੇ ਅਭਿਆਸੀ ਜੀਊੜੇ ਸਨ। ਅਖੰਡ ਕੀਰਤਨ ਉਨ੍ਹਾਂ ਦੇ ਜੀਵਨ ਦੀ ਆਤਮਿਕ ਖੁਰਾਕ ਸੀ। ਅਖੰਡ ਕੀਰਤਨ ਉਨ੍ਹਾਂ ਦੇ ਜੀਵਨ ਦਾ ਅਟੁੱਟ ਅੰਗ ਬਣ ਚੁੱਕਾ ਸੀ। ਰੱਬੀ ਪ੍ਰੇਮ ਵਿੱਚ ਜਦੋਂ ਉਨ੍ਹਾਂ ਦੀ ਆਤਮਾ ਬੋਲਦੀ ਸੀ, ਉਦੋਂ ਅਨੇਕਾਂ ਰੱਬੀ ਰੰਗ ਵਿੱਚ ਰੰਗੀਆਂ ਆਤਮਾਵਾਂ ਅੰਦਰੋਂ ਵੀ ਗੁਰ-ਸ਼ਬਦ ਦੀ ਹੂਕ ਸੁਣਾਈ ਦਿੰਦੀ ਸੀ। ਸਮੁੱਚਾ ਸਿੱਖ ਜਗਤ ਉਨ੍ਹਾਂ ਨੂੰ ਇਸ ਕਰਕੇ ਸਤਿਕਾਰ ਦਿੰਦਾ ਸੀ ਕਿ ਉਹ ਇਕੋ ਸਮੇਂ ਕੌਮੀ ਦਰਦ ਨਾਲ ਓਤ-ਪੋਤ ਦੇਸ਼ ਭਗਤ, ਸੰਤ ਕਵੀ, ਗੁਰਬਾਣੀ ਦੇ ਵਿਆਖਿਆਕਾਰ ਹੋਣ ਦੇ ਨਾਲ-ਨਾਲ ਸਮੇਂ ਦੀ ਬਰਤਾਨਵੀ ਹਕੂਮਤ ਨੂੰ ਵੰਗਾਰਨ ਵਾਲੇ ਗ਼ਦਰੀ ਬਾਬਿਆਂ ਦੇ ਸਾਥੀ, ਗੁਰਦੁਆਰਾ ਸੁਧਾਰ ਲਹਿਰ ਦੇ ਮੋਢੀ ਗੁਰਸਿੱਖ ਸਨ।

ਭਾਈ ਸਾਹਿਬ ਦਾ ਜਨਮ 7 ਜੁਲਾਈ 1878 ਈ: ਨੂੰ ਪਿੰਡ ਨਾਰੰਗਵਾਲ ਜ਼ਿਲ੍ਹਾ ਲੁਧਿਆਣਾ ਵਿਖੇ ਪਿਤਾ ਸ: ਨੱਥਾ ਸਿੰਘ ਅਤੇ ਮਾਤਾ ਪੰਜਾਬ ਕੌਰ ਦੇ ਗ੍ਰਹਿ ਵਿਖੇ ਹੋਇਆ। ਆਪ ਜੀ ਨੇ ਮੁੱਢਲੀ ਸਿੱਖਿਆ ਨਾਭੇ ਤੋਂ ਹਾਸਲ ਕੀਤੀ। ਉਚੇਰੀ ਸਿੱਖਿਆ ਵਾਸਤੇ ਸਰਕਾਰੀ ਕਾਲਜ ਲਾਹੌਰ ਵਿਖੇ ਦਾਖਲਾ ਲਿਆ। ਕਾਲਜ ਵਿੱਚ ਪੜ੍ਹਦਿਆਂ ਭਰ ਜਵਾਨੀ ਦੇ ਦਿਨਾਂ ਵਿੱਚ ਰੱਬੀ ਰੰਗ ਵਿੱਚ ਰੰਗੇ ਗਏ। ਅਜਿਹਾ ਮਜੀਠਾ ਰੰਗ ਚੜ੍ਹਿਆ ਜਿਸ ਨਾਲ ਉਨ੍ਹਾਂ ਦੀ ਆਤਮਾ ਰੰਗੀ ਗਈ। 22 ਸਾਲ ਦੀ ਉਮਰ ਵਿੱਚ ਗ੍ਰੈਜੂਏਸ਼ਨ ਕਰਕੇ ਜਦੋਂ ਅਜੇ ਜੀਵਨ ਸਫਲ ਦੀ ਆਰੰਭਤਾ ਕਰਨੀ ਸੀ। ਉਸ ਸਮੇ ਪੰਜਾਬ ਵਿੱਚ ਪਲੇਗ ਦੀ ਭਿਆਨਕ ਮਹਾਂਮਾਰੀ ਫੈਲ ਗਈ। 1902 ਈ: ਵਿੱਚ ਪਲੇਗ ਦੀ ਮਹਾਂਮਾਰੀ ਨੂੰ ਕਾਬੂ ਕਰਨ ਲਈ ਅੰਗ੍ਰੇਜ਼ੀ ਹਕੂਮਤ ਨੇ ਇੰਗਲੈਂਡ ਤੋਂ ਆਏ ਡਾ: ਫਿਸ਼ਰ ਨਾਲ ਭਾਈ ਸਾਹਿਬ ਨਾਇਬ-ਤਹਿਸੀਲਦਾਰ ਨਿਯੁਕਤ ਹੋਏ। ਜਦੋਂ ਪਲੇਗ ਵਰਗੀ ਬਿਮਾਰੀ ਦਾ ਹਮਲਾ ਖਤਮ ਹੋਇਆ ਤਾਂ ਸਰਕਾਰ ਨੇ ਇਸ ਮਹਿਕਮੇ ਨੂੰ ਖਤਮ ਕਰਕੇ ਭਾਈ ਸਾਹਿਬ ਨੂੰ ਕਿਸੇ ਹੋਰ ਮਹਿਕਮੇ ਵਿੱਚ ਤਬਦੀਲ ਕਰਨ ਦੀ ਵਿਚਾਰ ਕੀਤੀ। ਪਰ ਭਾਈ ਸਾਹਿਬ ਨੇ ਇਸ ਗੱਲ ਤੋਂ ਇਨਕਾਰ ਕਰਦਿਆਂ ਪੂਰਨ ਰੂਪ ਵਿੱਚ ਗੁਰਮਤਿ ਸਿਧਾਂਤਾਂ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਦਾ ਮਨ ਬਣਾ ਲਿਆ। ਉਨ੍ਹਾਂ ਵੇਖਿਆ ਪੰਜਾਬ ਦੇ ਲੋਕਾਂ ਗੁਰੂ ਸਾਹਿਬ ਦੀ ਫਿਲਾਸਫੀ ਤੇ ਗੁਰ-ਸ਼ਬਦ ਨਾਲ ਜੋੜਨ ਤੋਂ ਬਿਨਾਂ ਲੋਕਾਂ ਦੀ ਜੀਵਨ ਸ਼ੈਲੀ ਵਿੱਚ ਤਬਦੀਲੀ ਨਹੀਂ ਆ ਸਕਦੀ।

ਇਸ ਤੋਂ ਛੇਤੀ ਪਿੱਛੋਂ ਖੰਡੇ-ਬਾਟੇ ਦੀ ਪਾਹੁਲ ਪ੍ਰਾਪਤ ਕਰਕੇ ਸਰਬਲੋਹ ਦੇ ਧਾਰਨੀ ਬਣ ਕੇ ਬਿਬੇਕੀ ਜੀਵਨ ਆਰੰਭ ਕਰ ਦਿੱਤਾ। ਇਸ ਤੋਂ ਪਿੱਛੋਂ ਕੁਝ ਸਮਾਂ ਜੀਵਨ ਨਿਰਬਾਹ ਲਈ ਐਬਟਾਬਾਦ (ਪਾਕਿਸਤਾਨ) ਵਿੱਚ ਹੈੱਡ ਕਲਰਕ ਅਤੇ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਸੁਪਰਡੈਂਟ ਵਜੋਂ ਵੀ ਸੇਵਾ ਨਿਭਾਈ। ਪਰ ਸਿੱਖ ਧਰਮ ਦੇ ਪ੍ਰਚਾਰ ਲਈ ਹਿਰਦੇ ਵਿੱਚ ਅਥਾਹ ਪ੍ਰੇਮ ਸੀ, ਉਹ ਨਹੀਂ ਸੀ ਚਾਹੁੰਦੇ ਕਿ ਸਿੱਖ ਸਰਦਾਰ ਬਰਤਾਨਵੀ ਹਕੂਮਤ ਦੇ ਹੱਥਾਂ ਵਿੱਚ ਖੇਡਣ, ਹੁਣ ਉਨ੍ਹਾਂ ਧਰਮ ਦੇ ਪ੍ਰਚਾਰ ਲਈ ਕਮਰਕੱਸਾ ਕਰ ਲਿਆ।

ਖ਼ਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲੇ ਮਹੱਲੇ ਦੇ ਪਾਵਨ ਅਵਸਰ 'ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਹੋਰ ਗੁਰਦੁਆਰਾ ਸਾਹਿਬਾਨ ਦੇ ਨੇੜੇ ਹੋਣ ਵਾਲੇ ਨਾਚ-ਗਾਣੇ ਤੇ ਮੁਜਰੇ ਬੰਦ ਕਰਵਾ ਦਿੱਤੇ। ਗੁਰਦੁਆਰਾ ਸ੍ਰੀ ਚਮਕੌਰ ਸਾਹਿਬ ਨੂੰ ਮਹੰਤਾਂ ਦੇ ਪ੍ਰਬੰਧ ਤੋਂ ਮੁਕਤੀ ਦਿਵਾਈ। 1914 ਈ: ਵਿੱਚ ਅੰਗ੍ਰੇਜ਼ ਹਕੂਮਤ ਵੱਲੋਂ ਵਾਇਸਰਾਏ ਭਵਨ ਦੇ ਵਿਸਥਾਰ ਲਈ ਸਿੱਖ ਸੰਗਤ ਤੋਂ ਪੁੱਛੇ ਬਿਨਾਂ ਗੁਰਦੁਆਰਾ ਸ੍ਰੀ ਰਕਾਬ ਗੰਜ ਸਾਹਿਬ ਦਿੱਲੀ ਦੀ ਕੰਧ ਨੂੰ ਢਾਹੇ ਜਾਣ ਅਤੇ ਕਾਮਾਗਾਟਾਮਾਰੂ ਜਹਾਜ਼ ਦੇ ਨਿਹੱਥੇ ਮੁਸਾਫਿਰਾਂ ਉੱਪਰ ਗੋਲੀ ਚਲਾ ਕੇ ਸ਼ਹੀਦ ਕਰਨ ਦੀ ਘਟਨਾ ਤੋਂ ਪਿੱਛੋਂ ਭਾਈ ਸਾਹਿਬ ਨੇ ਹਕੂਮਤ ਨਾਲ ਸਿੱਧੀ ਟੱਕਰ ਲੈਣ ਲਈ ਫਿਰੋਜ਼ਪੁਰ ਛਾਉਣੀ ਤੋਂ ਹਮਲਾ ਕਰਨ ਅਤੇ ਲਾਹੌਰ ਸਾਜਿਸ਼ ਕੇਸ ਵਿੱਚ ਆਪ ਜੀ ਨੂੰ ਗ੍ਰਿਫਤਾਰ ਕਰਕੇ 30 ਮਾਰਚ, 1916 ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ।


ਭਾਈ ਸਾਹਿਬ ਨੇ ਜੇਲ੍ਹ ਯਾਤਰਾ ਦੇ ਦੌਰਾਨ 42 ਦੇ ਲਗਪਗ ਕਿਤਾਬਾਂ ਗੁਰਮਤਿ ਸਾਹਿਤ ਦੇ ਪਾਠਕਾਂ ਦੀ ਝੋਲੀ ਪਾਈਆਂ। ਇਨ੍ਹਾਂ ਪੁਸਤਕਾਂ ਵਿੱਚ ਜੇਲ੍ਹ ਚਿੱਠੀਆਂ, ਜੋਤਿ ਵਿਗਾਸ, (ਕਾਵਿ ਸੰਗ੍ਰਹਿ), ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ ਪ੍ਰਸਤੀ ਹੈ, ਗੁਰਮਤਿ ਵਿਚਾਰਾਂ, ਸੱਚਖੰਡ ਦਰਸ਼ਨ, ਸਿੱਖ ਕੌਣ, ਅੰਮ੍ਰਿਤ ਵੇਲਾ, ਸਿੰਘਾਂ ਦਾ ਪੰਥ ਨਿਰਾਲਾ, ਦਰਸ਼ਨ ਝਲਕਾਂ, ਕਾਵਿ ਉਡਾਰੀਆਂ ਅਤੇ ਕਥਾ ਕੀਰਤਨ ਆਦਿ ਸ਼ਾਮਿਲ ਹਨ।



ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਭਾਈ ਸਾਹਿਬ ਭਾਈ ਰਣਧੀਰ ਸਿੰਘ ਪੰਥ ਦੀ ਅਜਿਹੀ ਰੰਗ-ਰੱਤੜੀ ਆਤਮਾ ਸਨ, ਜੋ ਸੱਚਖੰਡ ਪਿਆਨੇ ਤੱਕ ਲਗਾਤਾਰ ਸਿੱਖ ਹਿੱਤਾਂ ਲਈ ਕਾਰਜਸ਼ੀਲ ਰਹੇ। ਉਨ੍ਹਾਂ ਨੇ ਆਪਣੀ ਜੀਵਨ ਯਾਤਰਾ ਦੌਰਾਨ ਲੱਖਾਂ ਸਿੱਖ ਸੰਗਤਾਂ ਦੀ ਜੀਵਨ ਸ਼ੈਲੀ ਨੂੰ ਬਦਲਣ ਲਈ ਵੱਡਾ ਯੋਗਦਾਨ ਪਾਇਆ। 83 ਸਾਲ ਦੀ ਉਮਰ ਭੋਗ ਕੇ ਆਪ 16 ਅਪ੍ਰੈਲ, 1961 ਈ: ਨੂੰ ਆਪ ਅਕਾਲ ਪੁਰਖ ਵਾਹਿਗੁਰੂ ਵਿੱਚ ਅਭੇਦ ਹੋ ਗਏ।

# PASSING AWAY OF S. GURDIP SINGH MALIK



It is very sad to know that a leading philanthropist and dedicated Sikh S. Gurdip Singh Malik has passed away few days ago in Los Angeles, USA. His family has roaring business in Garments and had been living in America for long time. The family belong to Ferozpur in Punjab. His elder brother S. Ripudaman Singh Malik who established the first Sikh School in Vancouver also left for heavenly abode few months back.

S. Gurdip Singh has done a unique service by appointing music teachers in hundreds of Punjab Schools for Kirtan training to students. For last twenty years thousands children have been benefited by this process. He has set up a modern free kitchen in Hoshiarpur from where langar is delivered through vans to large numbers of Schools and Institutions. I remember in year 2002 he along with Dr. Chatha established a Sikh Gallery in Smithsonian Museum, Washington D.C. Dr. Narinder Singh Kapany provided rare Sikh artifacts for the gallery. Malik and his colleagues donated huge funds for this unique initiative. Malik family help in establishing two Gurdwaras in L.A. They always remained a permanent host to Sikh leaders and missionaries. Bibi Inderjit Kaur w/o Yogi Bhajan informed me that thousands of Sikhs participated in the funeral.


## ਗੁਰੂ ਨਾਨਕ ਗੁਰਦੁਆਰਾ, ਵਾਲਸਾਲ ਵਿਖੇ ਧਾਰਮਿਕ ਸੇਵਾਦਾਰ ਗ੍ਰੰਥੀ ਸਿੰਘ ਦੀ ਲੋੜ ਹੈ

ਗੁਰੂ ਨਾਨਕ ਗੁਰਦੁਆਰਾ, ਕਾਲਡਮੋਰ, ਵਾਲਸਾਲ ਵਿਖੇ ਗਰੰਥੀ ਸਿੰਘ ਦੀ ਤੁਰੰਤ ਲੋੜ ਹੈ, ਜੋ ਹਰਮੋਨੀਅਮ ਦੇ ਨਾਲ-ਨਾਲ ਤਬਲਾ ਵੀ ਚੰਗੀ ਤਰ੍ਹਾਂ ਜਾਣਦਾ ਹੋਵੇ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼, ਸੁਖਆਸਣ, ਨਿਤਨੇਮ, ਸੁਖਮਨੀ ਸਾਹਿਬ, ਰਹਿਰਾਸ, ਸੰਗਤ ਵਿਚ ਕੀਰਤਨ ਕਰਨ ਦੇ ਨਾਲ ਗੁਰੂ ਘਰ ਦੀਆਂ ਹੋਰ ਸੇਵਾਵਾਂ ਵੀ ਨਿਭਾਅ ਸਕਣ ਦੇ ਯੋਗ ਹੋਵੇ ਸਿੱਖੀ ਸਿਧਾਂਤਾਂ ਅਨੁਸਾਰ ਜੀਵਨ ਵਾਲੇ ਸੇਵਾਦਾਰਾਂ ਕੋਲ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਧਰਮ ਦਾ ਵਧੀਆ ਗਿਆਨ ਹੋਣਾ ਲਾਜ਼ਮੀ ਹੈ। ਸੇਵਾਦਾਰ ਦੀ ਜ਼ਿੰਮੇਵਾਰੀ ਸਾਰੀਆਂ ਧਾਰਮਿਕ ਸੇਵਾਵਾਂ ਕਰਨ ਅਤੇ ਮੁੱਖ ਗ੍ਰੰਥੀ ਦੀਆਂ ਸੇਵਾਵਾਂ ਵਿੱਚ ਸਹਿਯੋਗ ਦੇਣ ਦੀ ਹੋਵੇਗੀ। ਯੂ ਕੇ ਦੇ ਰੋਜ਼ਗਾਰ ਕਾਨੂੰਨ ਅਤੇ ਕੰਮ ਮੁਤਾਬਕ ਵਧੀਆ ਤਨਖਾਹ ਅਤੇ ਰਿਹਾਇਸ਼ ਮੁਫ਼ਤ ਗੁਰਦੁਆਰਾ ਸਾਹਿਬ ਵਿਖੇ ਹੋਵੇਗੀ। ਯੂ ਕੇ ਵਿੱਚ ਕੰਮ ਕਰਨ ਦੀ ਆਗਿਆ ਹੋਣੀ ਜ਼ਰੂਰੀ ਹੈ।

**ਅਰਜੀ ਵੇਰਵੇ ਸਮੇਤ ਹੇਠਾਂ ਦਿੱਤੇ ਪਤੇ 'ਤੇ ਡਾਕ ਜਾਂ ਈਮੇਲ ਰਾਹੀਂ 2 ਮਈ 2025 ਤੱਕ ਭੇਜੋ ਜਾਂ ਵਧੇਰੇ ਜਾਣਕਾਰੀ ਲਈ ਗੁਰੂ ਘਰ ਦੇ ਸੇਵਾਦਾਰਾਂ ਨਾਲ ਸੰਪਰਕ ਕਰੋ ਜੀ**

## VACANCY for Religious Worker (Tier 5)

THE DUTIES OF THE RELIGIOUS WORKER SHALL CONSIST OF THOSE NON PASTORAL RELIGIOUS AND OTHER DUTIES CUSTOMARILY PERFORMED BY A RELIGIOUS WORKER OF THE SIKH RELIGION. RECITAL OF GURU GRANTH SAHIB DURING AKHAND PATHS AND SAHIJ PATHS. PERFORM KIRTAN AFTER EACH RECITAL AS AND WHEN REQUIRED. PERFORM AT SIKH WEDDINGS, BLESSINGS AND FUNERAL SERVICES. PREPARE PRASHAD (BLESSED FOOD) AND SERVE TO THE CONGREGATION. ENSURE GURDWARA REMAINS CLEAN AND TIDY WITH SPECIAL ATTENTION TO THE MAIN PRAYER HALL. TO OPEN THE GURDWARA PREMISES IN THE MORNING AND LOCK UP AT NIGHT. FROM TIME TO TIME TO UNDERTAKE OTHER DUTIES TO MEET THE NEEDS OF THE CHARITY. THE RELIGIOUS WORKER WILL UNDERTAKE NON-PASTORAL WORK AND SUPPORT THE RELIGIOUS ACTIVITIES OF THE GURDWARA, TO ASSIST THE HEAD GRANTHI (MINISTER OF RELIGION) AS AND WHEN REQUIRED. THIS IS NOT A PASTORAL ROLE AND DUTIES WILL NOT INCLUDE LEADING A CONGREGATION.

**Closing date for Applications : 2nd May 2025**

*Please send your application to the Stage Secretary Balwinder Singh Bath by post or via email or for more information Contact Balwinder Singh Bath on 07938 634786*

**GURU NANAK GURDWARA, WALSALL**

127 West Bromwich St, Caldmore, Walsall, West Midlands, WS1 4DE
Email: General@GNGWalsall.com Tel: 01922-622199

ਲੜੀਵਾਰ ਨਾਵਲ

ਸ਼ਿਵਚਰਨ
ਜੱਗੀ (ਕੁੱਸਾ)




ਫੋਨ : 07853 317 891

Email: jaggikussa@yahoo.de

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
ਕਿਸ਼ਤ 21

# ਇੱਕ ਮੇਰੀ ਅੱਖ ਕਾਸ਼ਣੀ...

**ਅਮਨ ਆਪਣੇ ਕੋਚ ਸ਼ਿੰਗਾਰਾ ਸਿਉਂ ਨੂੰ ਬਹੁਤਾ ਪਸੰਦ ਨਹੀਂ ਕਰਦੀ ਸੀ। ਕਿਉਂਕਿ ਸ਼ਿੰਗਾਰਾ ਸਿਉਂ ਦੀ ਬੇਈਮਾਨ ਜਿਹੀ ਨਜ਼ਰ ਉਸ ਦੀਆਂ ਜੁਆਨ ਛਾਤੀਆਂ ਦਾ "ਭਾਰ ਤੋਲਣ" ਲੱਗ ਜਾਂਦੀ ਸੀ। ਇਸ ਲਈ ਉਹ ਸ਼ਿੰਗਾਰਾ ਸਿਉਂ ਤੋਂ ਕੰਨੀਂ ਕਤਰਾਉਂਦੀ ਸੀ। ਉਸ ਨੂੰ ਉਸ ਦੀਆਂ ਭੈੜ੍ਹੀਆਂ ਜਿਹੀਆਂ ਅੱਖਾਂ ਤੋਂ 'ਡਰ' ਲੱਗਦਾ ਸੀ। ਵੈਸੇ ਸ਼ਿੰਗਾਰਾ ਸਿਉਂ ਪੰਤਾਲ਼ੀ ਕੁ ਸਾਲ ਦਾ ਬਣਦਾ ਤਣਦਾ ਗੱਭਰੂ ਸੀ। ਕਾਲਜ ਦੀਆਂ ਕੁੜੀਆਂ ਉਸ ਦੇ ਗਠੀਲੇ ਸਰੀਰ ਦੀਆਂ 'ਦੀਵਾਨੀਆਂ' ਸਨ। ਸ਼ਿੰਗਾਰਾ ਸਿਉਂ ਬੜਾ ਫ਼ੁਰਤੀਲਾ ਖਿਡਾਰੀ ਰਹਿ ਚੁੱਕਿਆ ਸੀ। ਆਪਣੇ ਕਾਲਜ ਦੇ ਦਿਨਾਂ ਵਿੱਚ ਉਹ ਪੰਜਾਬ ਪੱਧਰ 'ਤੇ ਖੇਡ ਕੇ ਆਪਣਾ ਲੋਹਾ ਮੰਨਵਾ ਚੁੱਕਿਆ ਸੀ। ਇਸ ਲਈ ਉਸ ਦੀਆਂ ਮਾਰੀਆਂ ਮੱਲਾਂ ਕਾਰਨ ਹੀ ਉਸ ਨੂੰ ਖੇਡ ਮੰਤਰਾਲੇ ਨੇ ਹਾਕੀ ਦਾ 'ਕੋਚ' ਚੁਣਿਆਂ ਸੀ।**




## ਕਾਂਡ 9

....ਕੀ ਹੋਵੇਗਾ ਸਾਡੇ ਇਸ ਦੇਸ਼ ਪੰਜਾਬ ਦਾ...? ਪੰਜਾਬ ਪ੍ਰਤੀ, ਆਪਣੇ ਲੋਕਾਂ ਪ੍ਰਤੀ ਅਤੇ ਅਗਲੀ ਨਵੀਂ ਪੀੜ੍ਹੀ ਪ੍ਰਤੀ ਉਸਾਰੂ ਸੋਚ ਰੱਖਣ ਵਾਲ਼ਾ ਪੰਜਾਬ ਦਾ ਸਿਰਕੱਢ ਖਿਡਾਰੀ, ਡਰੱਗ ਦਾ ਸਮਗਲਰ ਗਰਦਾਨ ਕੇ ਜੇਲ੍ਹ ਭੇਜ ਦਿੱਤਾ ਸੀ। ਜੇ ਇੰਜ ਹੀ ਹੁੰਦਾ ਰਿਹਾ, ਪੰਜਾਬ ਨੂੰ ਗਰਕਣ ਤੋਂ ਕੋਈ ਨਹੀਂ ਬਚਾ ਸਕਦਾ...।

ਪ੍ਰੀਤ ਬੈਠਾ ਸਿਰ ਫ਼ੇਰ ਰਿਹਾ ਸੀ।

ਅਮਨ ਉਸ ਕੋਲ਼ ਭਰੀ ਪੀਤੀ ਬੈਠੀ ਸੀ।

-"ਕੋਈ ਵਕੀਲ ਬਗੈਰਾ ਕੀਤਾ..?" ਅਮਨ ਦਾ ਸੁਆਲ ਸੀ।

-"ਕੀ ਕਰੂ ਵਕੀਲ...? ਜਿੱਥੇ ਹੈ ਹੀ ਸਰਾਸਰ ਹਨ੍ਹੇਰ ਗਰਦੀ, ਜਿੱਥੇ ਹੈ ਹੀ ਸਰਾਸਰ ਧੱਕਾ, ਜਿੱਥੇ ਹੈ ਹੀ ਝੂਠ ਦਾ ਬੋਲਬਾਲਾ, ਜਿੱਥੇ ਵਕੀਲ, ਦਲੀਲ ਅਤੇ ਅਪੀਲ ਹੈ ਹੀ ਡਰੱਗ ਸਮਗਲਰਾਂ ਤੇ ਕਾਰਪੋਰੇਟਾਂ ਦੇ ਹੱਥ, ਓਥੇ ਥ੍ਹੋੜੇ ਲੰਡੇ ਜਿਹੇ ਵਕੀਲ ਨੂੰ ਕੌਣ ਪੁੱਛੂ...? ਸਭ ਜੱਜ ਵਕੀਲ ਅਗਲਿਆਂ ਦੀ ਬੁੱਕਲ 'ਚ ਖੇਡਦੇ ਐ..!

ਕਾਨੂੰਨ ਨੂੰ ਤਾਂ ਅਗਲੇ ਪੂਛ 'ਤੇ ਖਿਡਾਉਂਦੇ ਐ..! ਕਿਤੇ ਨੀ ਕੋਈ ਸੁਣਵਾਈ..!"

-"ਇੱਕ ਹੋਣਹਾਰ ਖਿਡਾਰੀ ਤੇ ਪੰਜਾਬ ਦਾ ਇਮਾਨਦਾਰ ਪੁੱਤ ਬੇਈਮਾਨਾਂ ਨੇ ਆਪਣੇ ਹਿਤਾਂ ਲਈ ਬਲੀ ਚਾੜ੍ਹ ਕੇ ਜੇਲ੍ਹ ਭਿਜਵਾ ਦਿੱਤਾ..।" ਅਮਨ ਪਾਰਕ ਵਿੱਚ ਬੈਠੀ ਕਲਪੀ ਜਾ ਰਹੀ ਸੀ।

-"......................।"

-"ਪਰ ਜੇ ਇਲਾਕਾ ਏਕਾ ਕਰ ਕੇ ਮੰਤਰੀਆਂ ਦਾ ਘਿਰਾਓ ਕਰੇ, ਠਾਣਿਆਂ ਦਾ ਘਿਰਾਓ ਕਰੇ, ਐਹੋ ਜੇ ਧੱਕੇ
ਹੋਣੋਂ ਬੰਦ ਹੋ ਜਾਣ...।"

-"ਕਿਸੇ ਦੀ ਅੱਗ 'ਚ ਕੋਈ ਨੀ ਸੜਦਾ ਰਾਣੋਂ ਮੇਰੀਏ...! ਇਹ ਤਾਂ ਸਿਰ ਖੜ੍ਹੇ ਦਾ ਖ਼ਾਲਸਾ..! ਬੱਸ ਚੁੱਪ ਈ ਭਲੀ ਐ...!"

## ਕਾਂਡ 10

ਸ਼ਨੀਵਾਰ ਨੂੰ ਦੁਪਿਹਰ ਜਿਹੀ ਢਲ਼ੀ ਤਾਂ ਸ਼ਾਮ ਦੇ ਚਾਰ ਕੁ ਵਜੇ ਅਮਨ ਦਾ ਕੋਚ ਸ਼ਿੰਗਾਰਾ ਸਿੰਘ ਆ ਗਿਆ। ਘਰ ਵਿੱਚ ਖ਼ੁਸ਼ੀਆਂ ਖੇੜੇ ਆ ਗਏ। ਜਿਵੇਂ ਘਰ ਵਿੱਚ ਘਿਉ ਦੇ ਦੀਵੇ ਜਗ ਪਏ ਸਨ। ਕਿਸੇ ਅਹਿਸਾਸ ਨਾਲ ਕੰਧਾਂ ਮਹਿਕਣ ਲੱਗ ਪਈਆਂ ਸਨ। ਮਨ ਉੱਪਰ ਚੁਬਾਰੇ ਵਿੱਚ ਪਈ ਸੀ। ਘਰ ਦੇ ਹਰ ਜੀਅ ਦੇ ਚਿਹਰੇ ਉਪਰ ਰੌਣਕ ਆ ਗਈ। ਘਰ ਦਾ ਹਰ ਜੀਅ ਅਮਨ ਦੇ ਕੋਚ ਸ਼ਿੰਗਾਰਾ ਸਿਉਂ ਦੇ ਪੈਰਾਂ ਹੇਠ ਹੱਥ ਧਰਨ ਲਈ ਤਿਆਰ ਸੀ।

ਦਾਦੀ ਸਦਾ ਕੌਰ ਤਾਂ ਮੂਲੋਂ ਜ਼ਿਆਦਾ ਖ਼ਿੜੀ ਹੋਈ ਸੀ।

ਉਸ ਦਾ ਦੰਦਾਂ ਤੋਂ ਆਹਰਾ ਮੂੰਹ ਖ਼ੁਸ਼ੀ ਨਾਲ਼ ਆਲ਼ੇ ਵਾਂਗ ਖੁੱਲ੍ਹਾ ਸੀ।

ਦਾਦਾ ਮਾਨ ਸਿੰਘ ਵੀ ਬਿਨਾ ਸੋਟੇ ਤੋਂ ਸ਼ਿੰਗਾਰਾ ਸਿੰਘ ਦੇ ਸਿਰ 'ਤੇ ਹੱਥ ਰੱਖਣ ਆਇਆ ਸੀ।

-"ਜਸਮੇਲ ਕੁਰੇ...।"

-"ਹਾਂ ਬੇਬੇ ਜੀ...?"

-"ਚਾਹ ਬਣਾਓ ਪੁੱਤ ਸ਼ਿੰਗਾਰਾ ਸਿਉਂ ਵਾਸਤੇ...।"

ਨੂੰਹ ਚਾਹ ਬਣਾਉਣ ਚਲੀ ਗਈ।

-"ਚਾਹ ਦਾ ਕੀ ਪੀਣੈਂ, ਬੇਬੇ...? ਮਸਾਂ ਤਾਂ ਕੋਚ ਸਾਹਿਬ ਟੈਮ ਕੱਢ ਕੇ ਆਏ ਐ...।" ਜਿੰਦਰ ਸਿਉਂ ਦੀ ਖ਼ੁਸ਼ੀ ਡੁੱਲ੍ਹ-ਡੁੱਲ੍ਹ ਪੈਂਦੀ ਸੀ। ਉਸ ਨੇ ਕਿਸੇ ਭਰੋਸੇਯੋਗ ਬੰਦੇ ਤੋਂ ਸੁਣ ਰੱਖਿਆ ਸੀ ਕਿ ਸ਼ਿੰਗਾਰਾ ਸਿਉਂ ਕੋਚ ਦੀ ਸਰਕਾਰੇ ਦਰਬਾਰੇ ਤਾਂ ਚੱਲਦੀ ਹੀ ਸੀ, ਸਗੋਂ ਉਸ ਦੀ ਅਮਰੀਕਾ ਕੈਨੇਡਾ ਵਰਗੇ ਧਨਾਡ ਮੁਲਕਾਂ ਵਿੱਚ ਵੀ' ਤੂਤੀ' ਬੋਲਦੀ ਸੀ। ਜੇ ਸ਼ਿੰਗਾਰਾ ਸਿਉਂ ਚਾਹਵੇ, ਤਾਂ ਕਿਸੇ ਨੂੰ ਵੀ ਬਾਹਰਲੇ ਮੁਲਕ ਵਿੱਚ 'ਸੈੱਟ' ਕਰ ਸਕਦਾ ਸੀ। ਇਸ ਲਈ ਸਾਰਾ ਟੱਬਰ ਹੱਥਾਂ ਪੈਰਾਂ ਵਿੱਚ ਆਇਆ ਪਿਆ ਸੀ।

ਪਰ ਅਮਨ ਆਪਣੇ ਕੋਚ ਸ਼ਿੰਗਾਰਾ ਸਿਉਂ ਨੂੰ ਬਹੁਤਾ ਪਸੰਦ ਨਹੀਂ ਕਰਦੀ ਸੀ। ਕਿਉਂਕਿ ਸ਼ਿੰਗਾਰਾ ਸਿਉਂ ਦੀ ਬੇਈਮਾਨ ਜਿਹੀ ਨਜ਼ਰ ਉਸ ਦੀਆਂ ਜੁਆਨ ਛਾਤੀਆਂ ਦਾ "ਭਾਰ ਤੋਲਣ" ਲੱਗ ਜਾਂਦੀ ਸੀ। ਇਸ ਲਈ ਉਹ ਸ਼ਿੰਗਾਰਾ ਸਿਉਂ ਤੋਂ ਕੰਨੀਂ ਕਤਰਾਉਂਦੀ ਸੀ। ਉਸ ਨੂੰ ਉਸ ਦੀਆਂ ਭੈੜ੍ਹੀਆਂ ਜਿਹੀਆਂ ਅੱਖਾਂ ਤੋਂ 'ਡਰ' ਲੱਗਦਾ ਸੀ। ਵੈਸੇ ਸ਼ਿੰਗਾਰਾ ਸਿਉਂ ਪੰਤਾਲ਼ੀ ਕੁ ਸਾਲ ਦਾ ਬਣਦਾ ਤਣਦਾ ਗੱਭਰੂ ਸੀ। ਕਾਲਜ ਦੀਆਂ ਕੁੜੀਆਂ ਉਸ ਦੇ ਗਠੀਲੇ ਸਰੀਰ ਦੀਆਂ 'ਦੀਵਾਨੀਆਂ' ਸਨ। ਸ਼ਿੰਗਾਰਾ ਸਿਉਂ ਬੜਾ ਫ਼ੁਰਤੀਲਾ ਖਿਡਾਰੀ ਰਹਿ ਚੁੱਕਿਆ ਸੀ। ਆਪਣੇ ਕਾਲਜ ਦੇ ਦਿਨਾਂ ਵਿੱਚ ਉਹ ਪੰਜਾਬ ਪੱਧਰ 'ਤੇ ਖੇਡ ਕੇ ਆਪਣਾ ਲੋਹਾ ਮੰਨਵਾ ਚੁੱਕਿਆ ਸੀ। ਇਸ ਲਈ ਉਸ ਦੀਆਂ ਮਾਰੀਆਂ ਮੱਲਾਂ ਕਾਰਨ ਹੀ ਉਸ ਨੂੰ ਖੇਡ ਮੰਤਰਾਲੇ ਨੇ ਹਾਕੀ ਦਾ 'ਕੋਚ' ਚੁਣਿਆਂ ਸੀ।

-"ਫੇਰ ਤੁਸੀਂ ਪਰ੍ਹੇ ਬੈਠਕ 'ਚ ਬਹਿਜੋ ਜਿੰਦਰ ਸਿਆਂ...!" ਬਾਪੂ ਮਾਨ ਸਿੰਘ ਨੇ ਕਿਹਾ।

-"ਕਿਉਂ ਕੋਚ ਸਾਹਿਬ, ਕੀ ਖਿਆਲ ਐ...?" ਜਿੰਦਰ ਨੇ ਸੁਆਲ ਕੀਤਾ।

-"ਅਮਨ ਕਿੱਥੇ ਐ...?"

-"ਅਮਨ ਚੁਬਾਰੇ 'ਚ ਸੁੱਤੀ ਪਈ ਐ, ਪੁੱਤ...!" ਬੇਬੇ ਨੇ ਦੱਸਿਆ।

-"ਦਿਨੇ ਈ ਸੁੱਤੀ ਪਈ ਐ...? ਸਿਹਤ ਠੀਕ ਐ...?"

-"ਸਿਹਤ ਤਾਂ ਠੀਕ ਐ, ਪੁੱਤ..! ਪਰ ਪਤਾ ਨੀ ਕਾਹਤੋਂ ਜਾ ਕੇ ਸੌਂ ਗਈ...? ਕਹੇਂ ਤਾਂ ਬੁਲਾ ਦਿੰਨੇ ਆਂ...?"

-"ਨਹੀਂ ਬੇਬੇ..! ਕਰਨ ਦੇਹ ਅਰਾਮ...।"

-"ਆ ਜਾਹ ਸ਼ਿੰਗਾਰਾ ਸਿਆਂ, ਆਪਾਂ ਤਾਂ ਲਾਈਏ ਰੰਗ...!"

ਉਹ ਉਠ ਕੇ ਬੈਠਕ ਵੱਲ ਆ ਗਏ।

ਜਸਮੇਲ ਕੌਰ ਨੇ ਪਤੀਲਾ ਭਰ ਕੇ ਬੱਕਰੇ ਦਾ ਮੀਟ ਬਣਾਇਆ ਹੋਇਆ ਸੀ।

ਸੂਰਜ ਛਿਪਣ ਤੱਕ ਦੋਹਾਂ ਨੇ ਵਿਸਕੀ ਦੀ ਬੋਤਲ ਨੇੜ ਲਾ ਦਿੱਤੀ।

-"ਆ ਜੋ ਬਾਪੂ ਜੀ, ਤੁਸੀਂ ਵੀ ਲੈ ਲਓ ਘੁੱਟ, ਚੰਗੀ ਹੁੰਦੀ ਐ..।" ਸ਼ਿੰਗਾਰਾ ਸਿਉਂ ਨੇ ਜਦ ਸੁਲਾਹ ਮਾਰੀ ਤਾਂ ਖ਼ੁਸ਼ੀ ਵਿੱਚ ਗੜੁੱਚ ਬਾਪੂ ਵੀ ਨਾਂਹ ਨਾ ਕਰ ਸਕਿਆ। ਉਸ ਨੇ ਵੀ ਆਪਣੇ ਗਿਲਾਸ ਵਿੱਚ ਪੁਆ ਕੇ ਇੱਕ ਪੈੱਗ ਲਾ ਲਿਆ ਅਤੇ ਦੂਜਾ ਗਿਲਾਸ ਵਿੱਚ ਪੁਆ ਕੇ ਆਪਣੇ ਮੰਜੇ ਕੋਲ਼ ਲੈ ਗਿਆ, "ਰੋਟੀ ਖਾਣ ਲੱਗਿਆ ਲਾਊਂਗਾ, ਪੁੱਤ...! ਬਾਹਲ਼ੀ ਸਰੀਰ ਝੱਲਦਾ ਨੀ ਹੁਣ..!" ਉਹ ਗਿਲਾਸ ਲੈ ਕੇ ਵਿਹੜੇ ਵੱਲ ਨੂੰ ਨਿਕਲ਼ ਗਿਆ। ਜਿੰਦਰ ਸਿਉਂ ਦੂਜੀ ਬੋਤਲ ਚੁੱਕਣ ਉਠ ਗਿਆ। ਸ਼ਿੰਗਾਰਾ ਸਿਉਂ ਨੇ ਦੇਖਿਆ ਅਮਨ ਚੁਬਾਰੇ ਦੀਆਂ ਪੌੜੀਆਂ ਉਤਰਦੀ ਆ ਰਹੀ ਸੀ। ਉਸ ਦੇ ਪੌੜੀਆਂ ਉੱਤਰਨ ਦੇ ਅੰਦਾਜ਼ ਨੇ ਸ਼ਿੰਗਾਰਾ ਸਿਉਂ ਦਾ ਕਾਲ਼ਜਾ ਕੱਢ ਲਿਆ। ਸੁਸਤਾਇਆ ਚਿਹਰਾ ਹੋਰ ਵੀ ਦਿਲਕਸ਼ ਬਣਿਆਂ ਪਿਆ ਸੀ। ਅਸਲ ਵਿੱਚ ਉਸ ਦੀ ਮਾਂ ਜਸਮੇਲ ਕੌਰ ਨੇ ਉਸ ਨੂੰ ਜਗਾਇਆ ਸੀ ਕਿ ਕੋਚ ਆਇਆ ਹੋਇਆ ਸੀ। ਇਸ ਲਈ ਉਹ ਉਠ ਕੇ ਆਈ ਸੀ।

ਜਦ ਅਮਨ ਕਮਰੇ ਵਿੱਚ ਆਈ ਤਾਂ ਇਕੱਲੇ ਸ਼ਿੰਗਾਰਾ ਸਿਉਂ ਨੂੰ ਦੇਖ ਕੇ ਰੁਕ ਗਈ।

-"ਸਤਿ ਸ੍ਰੀ ਅਕਾਲ, ਸਰ...!" ਉਸ ਨੇ ਹੱਥ ਜੋੜ ਕੇ ਕਿਹਾ ਤਾਂ ਉਸ ਦੀਆਂ ਜੁਆਨ ਛਾਤੀਆਂ ਨੇ ਹਿੱਲ ਕੇ ਗਿੱਧਾ ਪਾਇਆ ਅਤੇ ਸ਼ਿੰਗਾਰਾ ਸਿਉਂ ਦੇ ਕਾਲ਼ਜੇ 'ਚੋਂ ਜਿਵੇਂ ਰੁੱਗ ਭਰਿਆ ਗਿਆ ਸੀ। ਉਹ "ਸਤਿ ਸ੍ਰੀ ਅਕਾਲ" ਦਾ ਉੱਤਰ ਦੇਣਾ ਭੁੱਲ ਗਿਆ ਸੀ। ਉਸ ਦੀਆਂ ਅੱਖਾਂ ਵਿਚ ਵਿਸਕੀ ਦਾ ਨਸ਼ਾ ਦੀਵੇ ਦੀ ਲਾਟ ਵਾਂਗ ਡੋਲ ਰਿਹਾ ਸੀ। ਉਸ ਨੇ ਅਮਨ ਦੇ ਸਰੀਰ ਨੂੰ ਸਿਰ ਤੋਂ ਲੈ ਕੇ ਪੈਰਾਂ ਤੱਕ ਨਿਹਾਰਿਆ। ਕਿਸੇ ਦੇਵਤੇ ਦੀ ਪਰੀ ਜਿਉਂ ਉਸ ਦੇ ਸਾਹਮਣੇ 'ਅਜ਼ੀਜ' ਬਣੀ ਖੜ੍ਹੀ ਸੀ। ਉਸ ਦੀ ਖ਼ੁਰਪੇ ਵਰਗੀ ਨਜ਼ਰ ਅਮਨ ਦੇ ਸਰੀਰ ਦੇ ਹਰ ਅੰਗ ਦੀ ਤਲਾਸ਼ੀ ਲੈ ਰਹੀ ਸੀ।

-"ਕੁਛ ਖਾਧਾ ਪੀਤਾ, ਸਰ...?"

-"ਆਹ ਤਾਂ ਖਾਈ ਪੀਅ ਜਾਨੇ ਆਂ, ਬੱਸ ਤੈਨੂੰ ਖਾਣਾ ਬਾਕੀ ਐ...।"

ਸ਼ਿੰਗਾਰਾ ਸਿਉਂ ਨੇ 'ਅਜੀਬ' ਹੀ 'ਅਕਾਸ਼ਬਾਣੀ' ਕੀਤੀ।

ਅਮਨ ਦੇ ਭਾਗਾਂ ਨੂੰ ਉਸ ਦਾ ਬਾਪ ਜਿੰਦਰ ਸਿਉਂ ਦਾਰੂ ਦੀ ਬੋਤਲ ਹੱਥ ਵਿੱਚ ਫੜੀ ਅੰਦਰ ਆ ਗਿਆ।

-"ਤੂੰ ਜਾਹ ਪੁੱਤ...! ਦਾਰੂ ਪੀਂਦੇ ਬੰਦਿਆਂ ਕੋਲ਼ ਨੀ ਖੜ੍ਹੀਦਾ ਹੁੰਦਾ...।" ਬਾਪ ਨੇ ਕਿਹਾ ਤਾਂ ਅਮਨ ਦਾ ਮਸਾਂ ਖਹਿੜ੍ਹਾ ਛੁੱਟਿਆ। ਉਹ ਜਿੰਨੀ ਜਲਦੀ ਨਾਲ਼ ਅੰਦਰ ਆਈ ਸੀ, ਓਨੀ ਫ਼ੁਰਤੀ ਨਾਲ਼ ਹੀ ਬਾਹਰ ਨਿਕਲ਼ ਗਈ। ਉਸ ਨੇ ਬਾਹਰ ਵਿਹੜੇ ਵਿੱਚ ਆ ਕੇ ਠੰਢਾ ਸਾਹ ਲਿਆ। ਕਿਤੇ ਨਾ ਕਿਤੇ ਉਸ ਨੂੰ 'ਸਰ ਜੀ' ਚੰਗੇ ਵੀ ਲੱਗਦੇ ਸਨ। ਪਰ ਕਈ ਵਾਰ ਉਹ ਉਸ ਦੀ 'ਛੇੜ-ਛਾੜ' ਤੋਂ ਉਕਤਾ ਵੀ ਜਾਂਦੀ ਸੀ। ਕਈ ਵਾਰ ਉਸ ਨੂੰ 'ਕੋਚ ਸਾਹਿਬ' ਬੜੇ ਹੀ ਚੰਗੇ ਲੱਗਦੇ। ਪਰ ਅਗਲੇ ਹੀ ਪਲ ਪਤਾ ਨਹੀਂ ਕਿਉਂ ਉਹ ਉਸ ਤੋਂ ਡਰ ਜਿਹਾ ਜਾਂਦੀ ਸੀ।

ਸੋਚਾਂ ਦੀ ਇਸ ਘੋੜ ਦੌੜ ਵਿੱਚ ਉਹ ਦੁਚਿੱਤੀ ਜਿਹੀ ਹੋਈ ਫ਼ਿਰਦੀ। ਉਸ ਲਈ ਇਹ ਫ਼ੈਸਲਾ ਲੈਣਾ ਅਤੀਅੰਤ ਮੁਸ਼ਕਿਲ ਸੀ ਕਿ ਉਸ ਦਾ ਦਿਲ 'ਸਰ ਜੀ' ਨੂੰ ਚਾਹੁੰਦਾ ਸੀ, ਜਾਂ ਘ੍ਰਿਣਾਂ ਕਰਦਾ ਸੀ..?

-"ਚੱਕ ਸਿੰਗਾਰਾ ਸਿਆਂ...! ਪਾ ਪੇਕ...! ਕੰਮ ਠੰਢਾ ਜਿਆ ਹੋ ਚੱਲਿਆ..।" ਜਿੰਦਰ ਸਿਉਂ ਨੇ ਬੋਤਲ ਉਸ ਦੇ ਹੱਥ ਥੰਮਾਉਂਦਿਆਂ ਕਿਹਾ।

-"ਮੈਂ ਇੱਕ ਗੱਲ ਕਰਨੀ ਸੀ ਜਿੰਦਰ ਸਿਆਂ ਤੇਰੇ ਨਾਲ਼...।" ਸ਼ਿੰਗਾਰਾ ਸਿਉਂ ਨੇ ਬੋਤਲ ਫ਼ੜ ਕੇ ਪੈੱਗ ਪਾਉਂਦੇ ਨੇ ਕਿਹਾ।

-"ਜ਼ਰੂਰ ਕਰ ਯਾਰ...।"

-"ਮੈਨੂੰ ਅਮਨ ਕਦੇ ਬਿਗਾਨੀ ਕੁੜੀ ਲੱਗੀ ਹੀ ਨਹੀਂ..! ਘਰ ਦੀ ਹੀ ਲੱਗੀ ਐ...!" ਉਸ ਨੇ "ਘਰ ਦੀ" ਬੜਾ ਆਨੰਦ ਲੈ ਕੇ ਕਿਹਾ ਸੀ।

-"ਜਦੋਂ ਹੈ ਈ ਘਰ ਦੀ, ਫ਼ੇਰ ਬਿਗਾਨੀ ਕਿਉਂ ਲੱਗੂ...?"

-"ਇੱਕ ਤਾਂ ਇਹਨੂੰ ਮੈਂ ਲਿਆ ਕੇ ਦਿੰਨੈ ਪ੍ਰੋਟੀਨ, ਇਹਨੂੰ ਪ੍ਰੈਕਟਿਸ ਵੇਲ਼ੇ ਦੇਣੇ ਪੈਣਗੇ, ਤੇ ਦੂਜਾ ਇਹਨੂੰ ਜਲੰਧਰ ਇੱਕ ਟਰੇਨਿੰਗ ਸੈਂਟਰ ਵਿੱਚ ਰੱਖ ਕੇ ਇੰਟਰਨੈਸ਼ਨਲ ਪੱਧਰ 'ਤੇ ਟਰੇਨਿੰਗ ਦੇ ਕੇ ਤਿਆਰ ਕਰਨੈ..! ...ਤੇ ਇੱਕ ਆਖਰੀ ਤੇ ਅਹਿਮ ਗੱਲ...!" ਉਸ ਨੇ ਭਰਿਆ ਗਿਲਾਸ ਮੂੰਹ ਨੂੰ ਲਾ ਲਿਆ।

ਚਲਦਾ...

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!
-ਸੰਪਾਦਕ


# ਖ਼ਾਲਸਾ ਪੰਥ ਦੀ ਸਾਜਨਾ ਬਨਾਮ ਮਨੂੰ ਸਿਮਰਤੀ ਦਾ ਹਿੰਦੂ ਵਿਧਾਨ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

1699 ਦੀ ਵੈਸਾਖੀ ਨੂੰ ਅਨੰਦਪੁਰ ਸਾਹਿਬ ਵਿਖੇ ਵਾਪਰੀ ਘਟਨਾ ਦਾ ਜੋ ਚਸ਼ਮਦੀਦ ਵੇਰਵਾ ਸਰਕਾਰੀ ਸੂਹੀਏ ਨੇ ਔਰੰਗਜ਼ੇਬ ਨੂੰ ਭੇਜਿਆ ਉਸ ਦਾ ਉਲੇਖ ਮੁਸਲਮਾਨ ਇਤਿਹਾਸਕਾਰ ਅਹਿਮਦ ਸ਼ਾਹ ਬਟਾਲਵੀ ਨੇ ਇਸ ਪ੍ਰਕਾਰ ਕੀਤਾ ਹੈ: "ਗੁਰੂ ਗੋਬਿੰਦ ਸਿੰਘ ਨੇ ਪ੍ਰੀਖਿਆ ਵਿੱਚੋਂ ਪਾਸ ਹੋਏ ਪੰਜ ਸਿੱਖਾਂ ਨੂੰ ਖੰਡੇ ਦੀ ਪਹੁਲ ਦੇ ਕੇ ਸਿੰਘ ਸਾਜਿਆ ਤੇ ਉਹਨਾਂ ਨੇ ਸਾਧ ਸੰਗਤ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਹੋਰਨਾਂ ਗੱਲਾਂ ਤੋਂ ਇਲਾਵਾ ਇਹ ਵੀ ਆਖਿਆ : 'ਮੈਂ ਚਾਹੁੰਦਾ ਹਾਂ ਤੁਸੀਂ ਸਾਰੇ ਇੱਕ ਰਾਹ 'ਤੇ ਚੱਲੋ ਤੇ ਇੱਕ ਧਰਮ ਅਪਨਾਉ। ਵੱਖ-ਵੱਖ ਜਾਤਾਂ ਦੇ ਭੇਦ ਮਿਟਾ ਦਿਓ। ਹਿੰਦੂਆਂ ਦੀਆਂ ਚਾਰ ਜਾਤਾਂ ਜਿਨ੍ਹਾਂ ਦਾ ਵਰਣਨ ਸ਼ਾਸ਼ਤਰਾਂ ਵਿੱਚ ਆਇਆ ਹੈ, ਮੁੱਢ ਤੋਂ ਹੀ ਮੁਕਾ ਦਿਓ ਅਤੇ ਇੱਕ ਦੂਜੇ ਨਾਲ਼ੋਂ ਆਪਣੇ ਆਪ ਨੂੰ ਵੱਡਾ ਨਾ ਸਮਝੋ। ਪੁਰਾਣੇ



ਲੇਖਕ - ਜਥੇਦਾਰ ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477



ਧਰਮ ਗ੍ਰੰਥਾਂ ਉੱਤੇ ਵਿਸ਼ਵਾਸ ਨਾ ਰੱਖੋ। ਕੋਈ ਵੀ ਗਣੇਸ਼ ਆਦਿ ਵੱਲ ਧਿਆਨ ਨਾ ਦੇਵੇ। ਧਾਰਮਿਕ ਅਸਥਾਨਾਂ ਉੱਤੇ ਯਾਤਰਾ ਕਰਨਾ ਵਿਅਰਥ ਹੈ। ਰਾਮ, ਕ੍ਰਿਸ਼ਨ, ਬ੍ਰਹਮਾ ਅਤੇ ਦੁਰਗਾ ਆਦਿ ਨੂੰ ਪੂਜਣ ਦੀ ਕੋਈ ਲੋੜ ਨਹੀਂ। ਸਿਰਫ਼ ਗੁਰੂ ਨਾਨਕ ਅਤੇ ਬਾਕੀ ਗੁਰੂਆਂ ਉੱਤੇ ਵਿਸ਼ਵਾਸ ਲਿਆਉ। ਸਾਰੀਆਂ ਜਾਤਾਂ ਇੱਕੋ ਬਾਟੇ ਵਿੱਚੋਂ ਖੰਡੇ ਦੀ ਪਹੁਲ ਛਕ ਕੇ ਇੱਕ ਦੂਜੇ ਲਈ ਪਿਆਰ ਪੈਦਾ ਕਰ ਕੇ ਨਫ਼ਰਤ ਨੂੰ ਦੂਰ ਕਰੋ।"

ਇਸ ਉਪਦੇਸ਼ ਰਾਹੀਂ ਗੁਰੂ ਗੋਬਿੰਦ ਸਿੰਘ ਨੇ ਲੋਕਾਂ ਨੂੰ ਕੁਲ ਨਾਸ਼, ਧਰਮ ਨਾਸ਼, ਕ੍ਰਿਤ ਨਾਸ਼, ਭ੍ਰਮ ਨਾਸ਼, ਕ੍ਰਮ ਨਾਸ਼ ਦਾ 'ਨਾਸ਼ ਸਿਧਾਂਤ' ਦਿੱਤਾ।

'ਚਾਰੇ ਵਰਣ ਏਕ ਭਾਈ' ਗੁਰੂ ਕਾ ਨਾਤਾ ਚਹੁੰ ਵਰਣਾਂ ਨੂੰ ਇੱਕੋ ਜਿਹਾ ਹੈ, ਇਸ ਵਿੱਚ ਵਿਕਲਪ ਨਹੀਂ ਕੋਈ। ਗੁਰੂ ਗੋਬਿੰਦ ਸਿੰਘ ਜੀ ਨੇ ਵਰਣ ਆਸ਼ਰਮ ਪੁਰ ਅਧਾਰਿਤ ਜਾਤੀਆਂ ਅਤੇ ਕਿੱਤਿਆਂ ਦੀ ਵੰਡ, ਸਥਾਪਤ ਵੈਦਿਕ ਧਰਮ ਅਤੇ ਉਹਨਾਂ ਦੀਆਂ ਧਾਰਮਿਕ ਪੁਸਤਕਾਂ ਸਾਰੇ ਭਰਮਾਂ ਅਤੇ ਜਾਤੀ ਵੰਡ ਅਨੁਸਾਰ ਸਮਾਜਿਕ ਵੰਡ ਦਾ ਜ਼ੋਰਦਾਰ ਖੰਡਨ ਕੀਤਾ। 'ਪਹੁਲਧਾਰੀਆ' ਨੂੰ ਰਹਿਤਾਂ, ਕੁਰਹਿਤਾਂ ਦੱਸੀਆਂ। "ਕਰ ਅਰਦਾਸ ਰਹਤ ਕੀ ਭਲੇ, ਪੰਚਾਮ੍ਰਿਤ ਅੜਿ ਪਾਚਉ ਮਿਲੇ। ਜਾਤ ਪਾਤ ਕੋ ਭੇਦ ਨਾ ਕੋਈ। ਚਾਰ ਵਰਣ ਅਚਵਹਿ ਇੱਕ ਹੋਈ। ਮਤਿ ਊਚੀ ਰਾਖਹੁ ਮਨ ਨੀਵਾਂ। ਸਿਮਰਹੁ ਵਾਹਿਗੁਰੂ ਸੁੱਖ ਸੀਵਾਂ। ਗੋਰ ਮੜ੍ਹੀ ਅਰ ਪੰਥ ਅਨੇਕਾਂ। ਆਨ ਨਾ ਮਾਨੇ ਰਾਖ ਵਿਵੇਕਾਂ।" ਅਤੇ "ਸੀਸ ਨਾ ਮੁੰਡਾਵ ਮੀਤ, ਹੁਕਾ ਤਜਿ ਭਲੀ ਰੀਤ। ਜੀਵਨ ਦਿਨ ਚਾਰ ਸਮਝ ਦੇਖ, ਬੁਝ, ਮਨ ਵੀਚਾਰ, ਵਾਹਿਗੁਰੂ ਜੀ ਕਾ ਖਾਲਸਾ ਕਹਾਈਐ ॥"

ਪ੍ਰੋ. ਪੂਰਨ ਸਿੰਘ ਜੀ ਨੇ ਆਪਣੀ ਕਵਿਤਾ ਵਿੱਚ ਉਕਤ ਵਾਰਤਾ ਨੂੰ ਇੰਝ ਬਿਆਨ ਕੀਤਾ ਹੈ : "ਜਦੋਂ ਮੈਂ ਉਸ ਖੰਡੇ ਦੀ ਸ਼ਕਤੀ ਦਾ ਗੀਤ ਗਾਉਂਦਾ ਹਾਂ, ਜਿਸ ਨਾਲ਼ ਪ੍ਰਿਥਮੇ ਪ੍ਰਭੂ ਨੇ ਰਚਨਾ ਰਚੀ ਹੈ, ਜੋ ਉਸ ਦੀ ਆਪਣੀ ਅਕਾਲੀ ਹੋਂਦ ਤੋਂ ਸਿਰਜੀ ਗਈ ਹੈ। ਜੁੱਤੀਆਂ ਗੰਢਣ ਵਾਲਿਓ, ਚਮੜਾ ਰੰਗਣ ਵਾਲਿਓ, ਕੱਪੜਾ ਉਨਣ ਵਾਲਿਓ, ਧੋਬੀਓ, ਕਲਾਲੋ, ਦੱਬੇ ਲਿਤਾੜੇ ਕਿਰਤੀਓ, ਕਿਸਾਨੋ, ਆਉ ਮੇਰੇ ਕੋਲ਼ੋਂ ਇਸ ਰੱਬੀ ਜੋਤਿ ਨੂੰ ਪਕੜੋ, ਇਹ ਕੇਵਲ ਤੁਹਾਡੇ ਲਈ ਹੈ, ਇਹ ਬ੍ਰਹਮ ਗਿਆਨ ਦੀ ਜੋਤੀ ਹੈ। ਫੜੋ, ਇਹ ਤੁਹਾਡੀ ਆਤਮਾ ਹੈ, ਇਸ ਮਹਾਂ-ਜੋਤੀ ਦੀ ਅਰਾਧਨਾ ਕਰੋ, ਅਤੇ ਸੁਰਜੀ ਪ੍ਰਕਾਸ਼ ਵਿੱਚ ਵਿਚਰੋ। ਗੁਰੂ ਦਾ ਸ਼ਬਦ ਜੀਵਨ ਹੈ, ਉਸ ਦਾ ਨਾਮ ਅਭਿਨਾਸ਼ੀ ਹੈ, ਜਦੋਂ ਤਕ ਇਸ ਦੀ ਨਿਹਚਲ ਜੋਤ ਨਿਸਬਾਸਰ ਤੁਹਾਡੇ ਅੰਦਰ ਜਗਦੀ ਹੈ, ਤੁਸੀਂ ਪਵਿੱਤਰਤਾ ਦੇ ਸਮਰਾਟ-ਖ਼ਾਲਸਾ ਹੋ।" (ਪ੍ਰੋ. ਪੂਰਨ ਸਿੰਘ)

ਗੁਰੂ ਗੋਬਿੰਦ ਸਿੰਘ ਜੀ ਨੇ ਹਿੰਦੂ ਪਹਾੜੀ ਰਾਜਿਆਂ ਨੂੰ ਵੀ ਖੰਡੇ ਬਾਟੇ ਦੀ ਪਾਹੁਲ ਛਕ ਕੇ ਖ਼ਾਲਸੇ ਦੀ ਅਗਵਾਈ ਕਬੂਲ ਕਰਨ ਲਈ ਸੱਦਾ ਭੇਜਿਆ, ਪਰ ਹਿੰਦੂ ਰਾਜਿਆਂ ਨੇ ਜਾਤ ਅਭਿਮਾਨ ਕਰਕੇ ਅਖੌਤੀ ਨੀਵੀਆਂ ਜਾਤਾਂ ਨਾਲ਼ ਬੈਠ ਕੇ ਇੱਕੋ ਬਾਟੇ ਵਿੱਚੋਂ ਖੰਡੇ ਦੀ ਪਾਹੁਲ ਛਕਣ ਤੋਂ ਇਨਕਾਰ ਕਰ ਦਿੱਤਾ। ਗੁਰੂ ਸਾਹਿਬ ਦੇ ਇਸ ਸੱਦੇ ਦਾ ਹਿੰਦੂ ਪਹਾੜੀ ਰਾਜਿਆਂ ਨੇ ਜੋ ਜੁਆਬ ਦਿੱਤਾ, ਉਹ ਬਹੁਤ ਹੀ ਮਹੱਤਵਪੂਰਨ ਹੈ, ਉਹਨਾਂ ਕਿਹਾ "ਚਾਰ ਸ਼ਰਨ ਤੁਮ ਇੱਕ ਜਾ ਕੀਨੇ, ਅੰਮ੍ਰਿਤ ਨਿਜ ਉਪਦੇਸ਼ ਸੋ ਦੀਨੇ। ਹਮਰੀ ਜਾਤ ਅਧਿਕ ਜਗ ਮਾਹੀ, ਕਿਮ ਹਮ ਚਵਰ ਬਰਨ ਸੰਗ ਖਾਹੀ। ਤੁਮਰੇ ਪੰਥ ਰਾਜ ਕਿਮ ਦੇ ਹੈਂ। ਅਜਾ (ਬੱਕਰੀਆਂ) ਗੰਨੇ ਮਾਰ ਸੋ ਲਹੈ ਹੈਂ। ਕੋ ਕਿਰਸਾਨੀ ਕਰਤ ਮਹਾਨਾ ਕੋ ਬਪਾਰੀ ਅਧਿਕ ਸੁਜਾਨਾ। ਨੀਚ ਜਾਤ ਕਹਿ ਨੀਹਲ ਵਾਸੀ। ਹਮਰੋ ਰਾਜ ਖੋਹ ਜਗ ਹਾਸੀ। ਇਹ ਤੋ ਬਡ ਅਚਰਜ ਕੀ ਬਾਤਾ। ਦੁਆਦਸ ਜਾਤ (ਕਸ਼ਤਰੀ ਬ੍ਰਾਹਮਣਾਂਦੀਆਂ) ਸਨਾਤਕਾ ਨਾਤਾ (ਭਾਵ ਛੋਟੀਆਂ ਜਾਤਾਂ ਨਾਲ ਸਾਡਾ ਉਚ ਜਾਤੀ ਵਾਲ਼ਿਆਂ ਦਾ ਕੀ ਮੇਲ) ਤੁਮ ਤੋ ਬਾਰਾਂ ਜਾਤ ਸਿਨਾਤ ਮਿਲਾਵੈਂ ॥ ਇਨ ਕੋ ਤੀਰ ਕਮਾਨ ਸਿਖਾਵੈ॥"

ਇਸ ਜੁਆਬ ਵਿੱਚੋਂ ਹਿੰਦੂ ਪਹਾੜੀ ਰਾਜਿਆਂ ਦਾ ਜਾਤ ਘੁਮੰਡ ਤੇ ਉਹਨਾਂ ਦਾ ਜਗੀਰੂ ਤੁਅਸਬ ਉਹਨਾਂ ਦੇ ਸਿਰ ਚੜ੍ਹ ਕੇ ਬੋਲਦਾ ਹੈ। ਗੁਰੂ ਸਾਹਿਬ ਵੱਲੋਂ ਸਾਰੀਆਂ ਉੱਚੀਆਂ ਨੀਵੀਆਂ ਜਾਤਾਂ ਨੂੰ ਇੱਕੋ ਬਾਟੇ ਵਿੱਚੋਂ ਖੰਡੇ ਦੀ ਪਹੁਲ ਛਕਾਉਣੀ ਅਤੇ ਉੱਚੀਆਂ ਜਾਤਾਂ ਦਾ ਨੀਵੀਆਂ ਜਾਤਾਂ ਨਾਲ਼ ਰਲ਼-ਮਿਲ਼ ਬੈਠਣਾ ਨੀਚਾਂ ਦੇ ਹੱਥ ਰਾਜਸੀ ਸੱਤਾ ਸੌਂਪਣੀ ਦਾ ਵਰਤਾਰਾ ਹਿੰਦੂ ਰਾਜਿਆਂ ਲਈ ਅਚੰਭੇ ਵਾਲ਼ੀ ਗੱਲ ਸੀ (ਇਹ ਤੋਂ ਬਡ ਅਚਰਜ ਕੀ ਬਾਤਾ) ਸਗੋਂ ਇਸ ਨਾਲ ਉਹਨਾਂ ਨੂੰ ਆਪਣੀ ਸਾਰੀ ਚੌਧਰ ਤੇ ਸ਼ਾਨ ਵੀ ਘੱਟੇ ਵਿੱਚ ਰੁਲਦੀ ਦਿਖਦੀ ਸੀ (ਹਮਰੋ ਰਾਜ ਖੋਹ ਜਗ ਹਾਸੀ) ਇਸ ਕਰਕੇ ਹਿੰਦੂ ਰਾਜਿਆਂ ਨੂੰ ਮੁਗ਼ਲ ਹਕੂਮਤ ਵਿਰੁੱਧ ਗੁਰੂ ਗੋਬਿੰਦ ਸਿੰਘ ਜੀ ਦਾ ਸਾਥ ਦੇਣ ਦੀ ਬਜਾਇ, ਗੁਰੂ ਸਾਹਿਬ ਦੇ ਖ਼ਿਲਾਫ਼ ਮੁਗਲ ਹਾਕਮਾਂ ਦਾ ਪੱਖ ਲੈਣਾ ਵਧੇਰੇ ਯੋਗ ਜਾਪਿਆ ਸੀ। ਉਪਰੋਕਤ ਕਾਰਨਾਂ ਤਹਿਤ ਹਿੰਦੂ ਰਾਜਿਆਂ ਨੇ ਸਗੋਂ ਖ਼ਾਲਸੇ ਦਾ ਇੰਨਾ ਵਿਰੋਧ ਕੀਤਾ ਕਿ 'ਸ੍ਰੀ ਗੁਰ ਸ਼ੋਭਾ ਦੇ ਲਿਖਾਰੀ ਕਵੀ ਸੈਨਾਪਤੀ ਦੇ ਸ਼ਬਦਾਂ ਅਨੁਸਾਰ ਇਉਂ ਜਾਪਦਾ ਸੀ ਕਿ :

"ਏਕ ਓਰ ਭਯੋ ਖਾਲਸਾ ਏਕ ਓਰ ਸੰਸਾਰ।" (ਨੋਟ-ਉਕਤ ਇਤਿਹਾਸਕ ਸੱਚਾਈ ਦੇ ਉਲ਼ਟ ਪ੍ਰਚਾਰਿਆ ਇਹ ਜਾ ਰਿਹਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਾਜਨਾ ਹਿੰਦੂਆਂ ਦੀ ਰਾਖੀ ਲਈ ਕੀਤੀ।)

ਐਲ.ਕੇ. ਅਡਵਾਨੀ ਨੇ ਆਪਣੀ ਪੁਸਤਕ 'ਮਾਈ ਕੰਟਰੀ ਮਾਈ ਲਾਈਫ਼' ਦੇ ਪੰਨਾ 424 ਉੱਤੇ ਲਿਖਿਆ ਹੈ : THE KHALSA PANTH WAS CREATED THREE HUNDRED YEARS AGO BY GURU GOBIND SINGH, THE LAST OF THE TEN GURUS TO DEFEND THE HINDUS AND PROTECT HINDUISM FROM THE BIGOTED MUSLIM RULERS OF THE TIME" ਭਾਵ, 'ਦਸਾਂ ਗੁਰੂਆਂ ਵਿੱਚੋਂ ਅਖ਼ੀਰਲੇ ਗੁਰੂ, ਗੁਰੂ ਗੋਬਿੰਦ ਸਿੰਘ ਨੇ ਹਿੰਦੂ ਧਰਮ ਨੂੰ ਕੱਟੜ ਮੁਸਲਮਾਨ ਹਾਕਮਾਂ ਤੋਂ ਬਚਾਉਣ ਲਈ 300 ਸਾਲ ਪਹਿਲਾਂ ਖ਼ਾਲਸਾ ਪੰਥ ਪੈਦਾ ਕੀਤਾ ਸੀ।' ਹਥਲਾ ਲੇਖ ਐਲ.ਕੇ. ਅਡਵਾਨੀ ਦੀ ਉਕਤ ਨਿਰਮੂਲ ਟਿੱਪਣੀ ਨੂੰ ਮੁੱਢੋਂ ਰੱਦ ਕਰਦਾ ਹੈ ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਪੈਦਾ ਨਹੀਂ ਸੀ ਕੀਤਾ ਸਗੋਂ ਗੁਰੂ ਨਾਨਕ ਦੇ ਸਿੱਕਾ ਮਾਰ ਕੇ ਚਲਾਏ ਨਿਰਮਲ ਪੰਥ ਵਿੱਚੋਂ ਖ਼ਾਲਸਾ ਪ੍ਰਗਟ ਕੀਤਾ ਹੈ 'ਪ੍ਰਗਟਿਓ ਖ਼ਾਲਸਾ ਪਰਮਾਤਮ ਕੀ ਮੌਜ, ਖ਼ਾਲਸਾ ਅਕਾਲ ਪੁਰਖ ਕੀ ਫ਼ੌਜ'।

ਖ਼ਾਲਸਾ ਪੰਥ ਦੀ ਤਿਆਰੀ ਦਸਾਂ ਸਿੱਖ ਗੁਰੂਆਂ ਨੇ ਕੀਤੀ। ਸਿੱਖ ਰਹਿਤ ਮਰਿਆਦਾ ਦੇ ਪੰਨਾ 27 ਉੱਤੇ ਇਸ ਦੀ ਵਿਆਖਿਆ ਇਸ ਪ੍ਰਕਾਰ ਕੀਤੀ ਗਈ ਹੈ : 'ਗੁਰੂ ਪੰਥ' : ਤਿਆਰ ਬਰ ਤਿਆਰ ਸਿੰਘਾਂ ਦੇ ਸਮੁੱਚੇ ਸਮੂਹ ਨੂੰ 'ਗੁਰੂ ਪੰਥ' ਆਖਦੇ ਹਨ ਇਸ ਦੀ ਤਿਆਰੀ ਦਸਾਂ ਗੁਰੂ ਸਾਹਿਬਾਨ ਨੇ ਕੀਤੀ ਅਤੇ ਦਸਮ ਗੁਰੂ ਜੀ ਨੇ ਇਸ ਦਾ ਅੰਤਮ ਸਰੂਪ ਬੰਨ੍ਹ ਕੇ ਗੁਰਿਆਈ ਸੌਂਪੀ। ਦਸਾਂ ਸਿੱਖ ਗੁਰੂਆਂ ਨੇ ਖ਼ਾਲਸਾ ਪੰਥ (ਨਿਰਮਲ ਪੰਥ ਤੋਂ ਖ਼ਾਲਸਾ ਪੰਥ) ਦੀ ਨੀਂਹ ਸੰਪੂਰਨ ਰਾਜਸੀ ਅਜ਼ਾਦੀ ਅਤੇ ਮੁਕੰਮਲ ਸਵੈ-ਨਿਰਭਰਤਾ ਉੱਤੇ ਰੱਖੀ ਸੀ। ਖ਼ਾਲਸਾ ਜਮਾਤ ਇੱਕ ਐਸਾ ਸਿਆਸੀ ਨਿਜ਼ਾਮ ਘੜਨ ਵਾਸਤੇ ਸਾਜੀ ਗਈ ਸੀ, ਜੋ ਸਭ ਦਾ ਸਾਂਝਾ ਹੋਵੇ ਅਤੇ ਜਿਸ ਵਿੱਚ ਹਰ ਮਨੁੱਖ ਆਪਣੇ ਅਕੀਦੇ ਅਨੁਸਾਰ ਬੇ-ਖ਼ੌਫ਼ ਆਪਣੀ ਉੱਨਤੀ ਕਰ ਸਕੇ ਅਤੇ ਇੱਕ ਜਨ-ਸਮੂਹ ਨੂੰ ਕਿਸੇ ਦੂਜੇ ਜਨ-ਸਮੂਹ ਦੀ ਗ਼ੁਲਾਮੀ ਦਾ ਜੂਲ਼ਾ ਨਾ ਚੁੱਕਣਾ ਪਵੇ। ਰਾਜਨੀਤੀ ਉਹੀ ਪ੍ਰਮਾਤਮਾ ਦੇ ਹੁਕਮ ਅਨੁਸਾਰ ਹੋ ਸਕਦੀ ਹੈ, ਜਿਹੜੀ ਮਨੁੱਖ ਦੇ ਖੇੜੇ ਖ਼ੁਸ਼ੀਆਂ ਦੇ ਹੱਕ ਨੂੰ ਨਿਰਸੰਕੋਚ ਤਸਲੀਮ ਕਰੇ ਅਤੇ ਹਰ ਮਨੁੱਖ ਦੇ ਆਪਣੀ ਜ਼ਮੀਰ ਅਨੁਸਾਰ ਜਿਊਣ ਦੇ ਹੱਕ ਨੂੰ ਸਪਸ਼ਟ ਮੰਨੇ। ਹਰ ਮਨੁੱਖ ਦੇ ਸਵੈ-ਮਾਣ ਅਤੇ ਅਣਖ਼ ਨਾਲ਼ ਜੀਊਣ ਦੇ ਹੱਕ ਦੀ ਰਾਖੀ ਕਰਨਾ ਰਾਜਨੀਤੀ ਦਾ ਪਹਿਲਾ ਫ਼ਰਜ਼ ਹੈ : "ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥ ਪੈ ਕੋਇ ਨ ਕਿਸੈ ਰਵਾਣਦਾ ॥ ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ॥" (ਸਿਰੀ ਰਾਗੁ ਅੰਗ 73) ਲੋਕ ਭਾਖਾ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ੀ ਸਖ਼ਸ਼ੀ ਅਜਾਦੀ ਦਾ ਬੋਲਾ, 'ਹੰਨੇ ਹੰਨੇ ਮੀਰੀ' ਪ੍ਰਚਲਤ ਹੈ। ਭਾਈ ਰਤਨ ਸਿੰਘ ਭੰਗੂ ਏਸ ਪੱਖ ਦੀ ਵਿਆਖਿਆ ਕਰਦੇ ਫੁਰਮਾਉਂਦੇ ਹਨ "ਕਾਣ ਨਾ ਕਿਸਹੂ ਕੀ ਇਹ ਰਾਖਤ, ਸ਼ਹਿਨਸ਼ਾਹ ਖੁਦ ਹੀ ਕੋ ਭਾਖਤ" ਉਪਰੋਕਤ ਸੰਕਲਪ ਸਿੱਖੀ ਤੇ ਸਿਆਸਤ ਸੰਬੰਧੀ ਮੁੱਢਲੇ ਸੰਕਲਪ ਤੋਂ ਘੜੇ ਗਏ ਹਨ, ਜਿਸ ਅਨੁਸਾਰ ਪਰਮਾਤਮਾ ਹੀ ਸੱਚਾ ਪਾਤਸ਼ਾਹ ਹੈ।

ਕੋਊ ਹਰਿ ਸਮਾਨਿ ਨਹੀ ਰਾਜਾ ॥ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ ॥ (ਅੰਗ -856)

ਵਰਤਮਾਨ ਵਿੱਚ ਇਹ ਵੀ ਇਤਿਹਾਸਕ ਤੱਥ ਵਿਚਾਰਨਯੋਗ ਹੈ ਕਿ ਪਿਛਲੇ ਸਮੇਂ ਜੇਕਰ ਸਿੱਖ ਕੌਮ ਜਿਉਂਦੀ ਰਹਿ ਸਕੀ ਹੈ ਤਾਂ ਗੁਰੂ ਗ੍ਰੰਥ ਸਾਹਿਬ ਦੇ ਮੂਲ ਗੁਰਮਤਿ ਸਿਧਾਂਤਾਂ ਨਾਲ਼ ਜੁੜ ਕੇ ਹੀ ਜਿਉਂਦੀ ਰਹਿ ਸਕੀ ਹੈ ਅਤੇ ਜੇਕਰ ਸਿੱਖ ਆਪਣੇ ਮੂਲ ਨਾਲ਼ੋਂ ਟੁੱਟ ਕੇ ਭਟਕਦੇ ਰਹੇ ਅਤੇ ਜੇਕਰ, 'ਸਿਰ ਜਾਵੇ ਤਾਂ ਜਾਵੇ, ਮੇਰਾ ਸਿੱਖੀ ਸਿਦਕ ਨਾ ਜਾਵੇ' ਵਾਲ਼ੀ ਪੁਰਾਤਨ ਮੜ੍ਹਕ ਨੂੰ ਛੱਡ ਕੇ ਆਪਣੇ ਨਿਜ ਸੁਆਰਥ ਲਈ ਵੋਟਾਂ ਬਣ-ਬਣ ਵਿਕਦੇ ਰਹੇ ਤਾਂ ਸਿੱਖੋ ਆਪਣੀ ਜਨਮ ਭੂਮੀ ਪੰਜਾਬ ਵਿੱਚ ਹੀ ਗ਼ੁਲਾਮਾਂ ਵਾਲ਼ਾ ਜੀਵਨ ਬਤੀਤ ਕਰਨਗੇ ਅਤੇ ਕਰ ਰਹੇ ਹਨ। ਸਮਾਂ ਮੰਗ ਕਰਦਾ ਹੈ ਕਿ ਸਿੱਖ ਪੰਥ ਨੂੰ ਆਪਣੇ ਮਾਣਮੱਤੇ ਇਤਿਹਾਸ 'ਤੇ ਮਾਣ ਕਰਨ ਦੇ ਨਾਲ਼-ਨਾਲ਼ ਸਿੱਖ ਇਤਿਹਾਸ 'ਚੋਂ ਸਮੋਏ ਸਿੱਖ ਕਿਰਦਾਰ ਦੇ ਹਾਣੀ ਬਣ ਕੇ ਵੀ ਵਿਖਾਉਣਾ ਪਵੇਗਾ।

ਇੱਥੇ 'ਖ਼ਾਲਸਾ ਸਮਾਚਾਰ' 4 ਫ਼ਰਵਰੀ 1937, ਜਿਲਦ 37, ਅੰਕ 52 ਦੇ ਪੰਨਾ-4 ਦਾ ਹਵਾਲਾ ਦੇਣਾ ਵੀ ਕੁਥਾਂ ਨਹੀਂ ਹੋਵੇਗਾ ਜੋ ਹੇਠ ਲਿਖੇ ਅਨੁਸਾਰ ਹੈ : "ਸ੍ਰੀ ਗੁਰੂ ਸਿੰਘ ਸਭਾ ਬੰਬੇ ਵੱਲੋਂ ਗੁਰਪੁਰਬ ਸਪਤਮੀ ਰੌਣਕ ਨਾਲ਼ ਮਨਾਇਆ ਗਿਆ। ਜਲਸੇ ਦੇ ਪ੍ਰਧਾਨ ਡਾਕਟਰ ਕਰਤਾਕੋਟੀ ਸ਼ੰਕਰਚਾਰੀਆ ਜੀ ਸਨ। ਡਾਕਟਰ ਅੰਬੇਦਕਰ ਜੀ ਨੇ ਤਕਰੀਰ ਕਰਦੇ ਹੋਏ ਕਿਹਾ : 'ਹਿੰਦੂ ਜਾਤੀ ਦੇ ਉਦਾਰ ਦਾ ਇੱਕੋ ਜ਼ਰ੍ਹੀਆ ਹੈ ਤੇ ਉਹ ਹੈ 'ਗੁਰੂ ਗ੍ਰੰਥ ਸਾਹਿਬ ਜੀ'। ਹਿੰਦੂ ਅਤੇ ਸਿੱਖਾਂ ਵਿੱਚ ਬੁਨਿਆਦੀ ਫ਼ਰਕ ਹੈ। ਹਿੰਦੂ ਧਰਮ ਸੁਸਾਇਟੀ ਨੂੰ ਚਾਰ ਵਰਨਾਂ 'ਤੇ ਤਕਸੀਮ ਕਰਨ ਵਾਲ਼ੇ ਵਰਨ ਆਸ਼ਰਮਾਂ ਦੇ ਅਸੂਲਾਂ 'ਤੇ ਨਿਰਭਰ ਰੱਖਦਾ ਹੈ, ਪਰ ਸਿੱਖ ਧਰਮ ਵਿੱਚ ਇੱਕ ਹੀ ਵਰਨ ਹੈ। ਮੈਂ ਕੋਈ ਚੀਜ਼ ਇਤਨੀ ਸ਼ਾਨਦਾਰ, ਇਤਨੀ ਸੁੰਦਰ ਤੇ ਇਤਨੀ ਆਦਿ ਤੋਂ ਅੰਤ ਤਕ ਜਮਹੂਰੀ ਲਿਖਤ ਵਿੱਚ ਨਹੀਂ ਪੜ੍ਹੀ

ਬਾਕੀ ਹਿਸਾ ਸਫ਼ਾ 33 ਤੇ ਪੜ੍ਹੋ

# ਅਕਾਲੀ ਦਲ ਵੱਲੋਂ ਮੁੱਖ ਪੰਜਾਬ ਮੁੱਦਿਆਂ ਨੂੰ ਤਿਆਗਣਾ: ਇੱਕ ਆਲੋਚਨਾਤਮਕ ਵਿਸ਼ਲੇਸ਼ਣ – ਸਤਨਾਮ ਸਿੰਘ ਚਾਹਲ

**ਸਤਨਾਮ ਸਿੰਘ ਚਾਹਲ**



**ਲੀਡਰਸ਼ਿਪ ਵਿੱਚ ਇੱਕ ਪੀੜ੍ਹੀ-ਦਰ-ਪੀੜ੍ਹੀ ਤਬਦੀਲੀ ਨੇ ਪਾਰਟੀ ਦੀਆਂ ਤਰਜੀਹਾਂ ਵਿੱਚ ਇਸ ਤਬਦੀਲੀ ਨੂੰ ਹੋਰ ਤੇਜ਼ ਕਰ ਦਿੱਤਾ। ਪ੍ਰਕਾਸ਼ ਸਿੰਘ ਬਾਦਲ ਵਰਗੇ ਅੰਦੋਲਨ-ਮੁਖੀ ਨੇਤਾਵਾਂ ਦੀ ਅਗਵਾਈ ਤੋਂ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਦੂਜੀ ਪੀੜ੍ਹੀ ਦੇ ਵਧੇਰੇ ਕਾਰੋਬਾਰੀ-ਸੋਚ ਵਾਲੇ ਨੇਤਾ ਵੱਲ ਤਬਦੀਲੀ ਫੋਕਸ ਵਿੱਚ ਇੱਕ ਮਹੱਤਵਪੂਰਨ ਤਬਦੀਲੀ ਦੇ ਨਾਲ ਮੇਲ ਖਾਂਦੀ ਸੀ। ਨਵੀਂ ਲੀਡਰਸ਼ਿਪ ਕੇਂਦਰੀ ਸਰਕਾਰ ਨਾਲ ਟਕਰਾਅ ਦੀ ਲੋੜ ਵਾਲੀਆਂ ਇਤਿਹਾਸਕ ਮੰਗਾਂ ਦੀ ਪਾਲਣਾ ਕਰਨ ਦੀ ਬਜਾਏ ਆਰਥਿਕ ਵਿਕਾਸ, ਪ੍ਰਸ਼ਾਸਨਿਕ ਕੁਸ਼ਲਤਾ ਅਤੇ ਰਾਜਨੀਤਿਕ ਸ਼ਕਤੀ ਬਣਾਈ ਰੱਖਣ ਵਿੱਚ ਵਧੇਰੇ ਦਿਲਚਸਪੀ ਰੱਖਦੀ ਸੀ। ਇਹ ਤਬਦੀਲੀ ਨਾ ਸਿਰਫ਼ ਵੱਖ-ਵੱਖ ਨਿੱਜੀ ਤਰਜੀਹਾਂ ਨੂੰ ਦਰਸਾਉਂਦੀ ਸੀ, ਸਗੋਂ ਪੰਜਾਬ ਦੀ ਰਾਜਨੀਤੀ ਵਿੱਚ ਪਾਰਟੀ ਦੀ ਭੂਮਿਕਾ ਦੀ ਇੱਕ ਵੱਖਰੀ ਧਾਰਨਾ ਨੂੰ ਵੀ ਦਰਸਾਉਂਦੀ ਸੀ।**



ਸ਼੍ਰੋਮਣੀ ਅਕਾਲੀ ਦਲ ਜੋ ਕਦੇ ਪੰਜਾਬ ਦੀਆਂ ਵੱਖਰੀਆਂ ਖੇਤਰੀ ਇੱਛਾਵਾਂ ਅਤੇ ਸਿੱਖ ਹਿੱਤਾਂ ਦਾ ਮੁੱਖ ਚੈਂਪੀਅਨ ਸੀ, ਨੇ ਦਹਾਕਿਆਂ ਤੋਂ ਹੌਲੀ-ਹੌਲੀ ਆਪਣੇ ਆਪ ਨੂੰ ਕਈ ਬੁਨਿਆਦੀ ਮੁੱਦਿਆਂ ਤੋਂ ਦੂਰ ਕਰ ਲਿਆ ਹੈ ਜੋ ਕਦੇ ਇਸਦੀ ਰਾਜਨੀਤਿਕ ਪਛਾਣ ਅਤੇ ਲਾਮਬੰਦੀ ਰਣਨੀਤੀ ਦਾ ਮੁੱਖ ਹਿੱਸਾ ਬਣਦੇ ਸਨ। ਇਹ ਰਾਜਨੀਤਿਕ ਵਿਕਾਸ ਪਾਰਟੀ ਦੀ ਲੰਬੇ ਸਮੇਂ ਤੋਂ ਚੱਲ ਰਹੀਆਂ ਪੰਜਾਬ-ਵਿਸ਼ੇਸ਼ ਚਿੰਤਾਵਾਂ ਪ੍ਰਤੀ ਵਚਨਬੱਧਤਾ ਬਾਰੇ ਡੂੰਘੇ ਸਵਾਲ ਖੜ੍ਹੇ ਕਰਦਾ ਹੈ ਜੋ ਸਾਲਾਂ ਦੀ ਵਕਾਲਤ ਦੇ ਬਾਵਜੂਦ ਅਣਸੁਲਝੀਆਂ ਹਨ। ਵਧੇਰੇ ਰਾਜ ਦੀ ਖੁਦਮੁਖਤਿਆਰੀ ਦੀਆਂ ਮੰਗਾਂ ਤੋਂ ਲੈ ਕੇ ਸਿੱਖ ਵਿਰੋਧੀ ਹਿੰਸਾ ਦੇ ਪੀੜਤਾਂ ਲਈ ਨਿਆਂ ਤੱਕ, ਸ਼੍ਰੋਮਣੀ ਅਕਾਲੀ ਦਲ ਨੇ ਕਈ ਮੋਰਚਿਆਂ 'ਤੇ ਆਪਣੇ ਰੁਖ ਨੂੰ ਨਰਮ ਕੀਤਾ ਜਾਪਦਾ ਹੈ ਜੋ ਕਦੇ ਇਸਦੇ ਰਾਜਨੀਤਿਕ ਮਿਸ਼ਨ ਨੂੰ ਪਰਿਭਾਸ਼ਿਤ ਕਰਦੇ ਸਨ ਅਤੇ ਇਸਨੂੰ ਰਾਸ਼ਟਰੀ ਪਾਰਟੀਆਂ ਤੋਂ ਵੱਖਰਾ ਕਰਦੇ ਸਨ। ਭਾਰਤ ਦੇ ਸੰਘੀ ਢਾਂਚੇ ਦੇ ਅੰਦਰ ਪੰਜਾਬ ਲਈ ਵਧੇਰੇ ਖੁਦਮੁਖਤਿਆਰੀ ਦੀ ਮੰਗ ਇਤਿਹਾਸਕ ਤੌਰ 'ਤੇ ਅਕਾਲੀ ਦਲ ਦੇ ਰਾਜਨੀਤਿਕ ਪਲੇਟਫਾਰਮ ਦਾ ਕੇਂਦਰ ਸੀ। 1973 ਦੇ ਅਨੰਦਪੁਰ ਸਾਹਿਬ ਦੇ ਮਤੇ ਵਿੱਚ ਸਭ ਤੋਂ ਸਪੱਸ਼ਟ ਤੌਰ 'ਤੇ ਪ੍ਰਗਟ ਕੀਤਾ ਗਿਆ, ਇਸ ਦ੍ਰਿਸ਼ਟੀਕੋਣ ਨੇ ਅਸਲ ਸੰਘਵਾਦ ਦੀ ਮੰਗ ਕੀਤੀ ਜਿੱਥੇ ਰਾਜਾਂ ਦਾ ਆਪਣੇ ਮਾਮਲਿਆਂ 'ਤੇ ਵਧੇਰੇ ਨਿਯੰਤਰਣ ਹੋਵੇਗਾ, ਕੇਂਦਰੀ ਸਰਕਾਰ ਦੇ ਅਧਿਕਾਰ ਖੇਤਰ ਨੂੰ ਰੱਖਿਆ, ਵਿਦੇਸ਼ੀ ਮਾਮਲਿਆਂ, ਮੁਦਰਾ ਅਤੇ ਸੰਚਾਰ ਤੱਕ ਸੀਮਤ ਕਰਨਾ। ਹਾਲਾਂਕਿ, ਕੇਂਦਰ-ਰਾਜ ਸਬੰਧਾਂ ਦੇ ਇਸ ਬੁਨਿਆਦੀ ਪੁਨਰਗਠਨ ਲਈ ਪਾਰਟੀ ਦੀ ਵਕਾਲਤ ਕਾਫ਼ੀ ਘੱਟ ਗਈ ਕਿਉਂਕਿ ਇਹ ਰਾਸ਼ਟਰੀ ਗੱਠਜੋੜ ਰਾਜਨੀਤੀ ਵਿੱਚ ਤੇਜ਼ੀ ਨਾਲ ਏਕੀਕ੍ਰਿਤ ਹੁੰਦੀ ਗਈ।

ਭਾਜਪਾ ਨਾਲ ਆਪਣੇ ਲੰਬੇ ਸਮੇਂ ਦੇ ਗੱਠਜੋੜ ਅਤੇ ਕੇਂਦਰ ਵਿੱਚ ਐਨ. ਡੀ. ਏ ਸਰਕਾਰ ਵਿੱਚ ਭਾਗੀਦਾਰੀ ਦੌਰਾਨ, ਅਕਾਲੀ ਲੀਡਰਸ਼ਿਪ ਨੇ ਰਾਜ ਦੀ ਖੁਦਮੁਖਤਿਆਰੀ 'ਤੇ ਆਪਣੀ ਬਿਆਨਬਾਜ਼ੀ ਨੂੰ ਧਿਆਨ ਨਾਲ ਸੰਜਮਿਤ ਕੀਤਾ, ਖਾਸ ਕਰਕੇ ਉਨ੍ਹਾਂ ਸਮਿਆਂ ਦੌਰਾਨ ਜਦੋਂ ਇਹ ਪੰਜਾਬ ਵਿੱਚ ਸੱਤਾ ਵਿੱਚ ਸੀ। ਇਹ ਪਿੱਛੇ ਹਟਣਾ ਸੰਘਵਾਦ 'ਤੇ ਆਪਣੀ ਸਥਿਤੀ ਦੇ ਸਿਧਾਂਤਕ ਵਿਕਾਸ ਦੀ ਬਜਾਏ ਰਾਜਨੀਤਿਕ ਸੁਵਿਧਾ ਅਤੇ ਗੱਠਜੋੜ ਰਾਜਨੀਤੀ ਦੀਆਂ ਮਜਬੂਰੀਆਂ ਨੂੰ ਦਰਸਾਉਂਦਾ ਪ੍ਰਤੀਤ ਹੁੰਦਾ ਸੀ। 1966 ਵਿੱਚ ਪੰਜਾਬ ਦੇ ਪੁਨਰਗਠਨ ਤੋਂ ਬਾਅਦ ਚੰਡੀਗੜ੍ਹ ਦਾ ਪੰਜਾਬ ਅਤੇ ਹਰਿਆਣਾ ਦੀ ਸਾਂਝੀ ਰਾਜਧਾਨੀ ਵਜੋਂ ਕੰਮ ਕਰਨ ਵਾਲਾ ਕੇਂਦਰ ਸ਼ਾਸਤ ਪ੍ਰਦੇਸ਼ ਵਜੋਂ ਦਰਜਾ ਇੱਕ ਵਿਵਾਦਪੂਰਨ ਮੁੱਦਾ ਬਣਿਆ ਹੋਇਆ ਹੈ। 1985 ਦੇ ਰਾਜੀਵ-ਲੌਂਗੋਵਾਲ ਸਮਝੌਤੇ ਸਮੇਤ ਕਈ ਸਮਝੌਤਿਆਂ ਵਿੱਚ ਚੰਡੀਗੜ੍ਹ ਨੂੰ ਪੰਜਾਬ ਵਿੱਚ ਤਬਦੀਲ ਕਰਨ ਦਾ ਵਾਅਦਾ ਕੀਤਾ ਗਿਆ ਸੀ, ਫਿਰ ਵੀ ਇਹ ਵਾਅਦੇ ਲਗਭਗ ਚਾਰ ਦਹਾਕਿਆਂ ਬਾਅਦ ਵੀ ਅਧੂਰੇ ਹਨ। ਰਾਜ ਵਿੱਚ ਅਤੇ ਕੇਂਦਰ ਵਿੱਚ ਸੱਤਾਧਾਰੀ ਗੱਠਜੋੜਾਂ ਦੇ ਹਿੱਸੇ ਵਜੋਂ ਕਈ ਵਾਰ ਸੱਤਾ ਸੰਭਾਲਣ ਦੇ ਬਾਵਜੂਦ, ਅਕਾਲੀ ਦਲ ਨੇ ਹੌਲੀ-ਹੌਲੀ ਇਸ ਮੁੱਦੇ 'ਤੇ ਆਪਣਾ ਜ਼ੋਰ ਘਟਾ ਦਿੱਤਾ। ਅਕਾਲੀ-ਭਾਜਪਾ ਸਰਕਾਰਾਂ ਦੌਰਾਨ, ਖਾਸ ਕਰਕੇ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ, ਚੰਡੀਗੜ੍ਹ ਦੇ ਤਬਾਦਲੇ ਲਈ ਜਨਤਕ ਵਕਾਲਤ ਖਾਸ ਤੌਰ 'ਤੇ ਚੁੱਪ ਹੋ ਗਈ। ਪਾਰਟੀ ਇਸ ਲੰਬੇ ਸਮੇਂ ਤੋਂ ਚੱਲ ਰਹੇ ਖੇਤਰੀ ਵਿਵਾਦ ਦੇ ਹੱਲ ਲਈ ਦਬਾਅ ਪਾਉਣ ਲਈ ਆਪਣੀ ਰਾਜਨੀਤਿਕ ਸਥਿਤੀ ਦਾ ਲਾਭ ਉਠਾਉਣ ਤੋਂ ਝਿਜਕਦੀ ਦਿਖਾਈ ਦਿੱਤੀ, ਉਦੋਂ ਵੀ ਜਦੋਂ ਇਸ ਕੋਲ ਰਾਜ ਅਤੇ ਕੇਂਦਰੀ ਪੱਧਰ 'ਤੇ ਮਹੱਤਵਪੂਰਨ ਰਾਜਨੀਤਿਕ ਪੂੰਜੀ ਸੀ।

ਗੁਆਂਢੀ ਰਾਜਾਂ ਦੇ ਪੰਜਾਬੀ ਬੋਲਦੇ ਇਲਾਕਿਆਂ ਨੂੰ ਪੰਜਾਬ ਵਿੱਚ ਮਿਲਾਉਣ ਦੀ ਮੰਗ ਵੀ ਅਕਾਲੀ ਏਜੰਡੇ ਤੋਂ ਇਸੇ ਤਰ੍ਹਾਂ ਅਲੋਪ ਹੋ ਗਈ ਹੈ। 1966 ਵਿੱਚ ਰਾਜ ਦੇ ਭਾਸ਼ਾਈ ਪੁਨਰਗਠਨ ਤੋਂ ਬਾਅਦ, ਅਕਾਲੀ ਦਲ ਨੇ ਲਗਾਤਾਰ ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ ਦੇ ਪੰਜਾਬੀ ਬੋਲਦੇ ਇਲਾਕਿਆਂ ਨੂੰ ਪੰਜਾਬ ਵਿੱਚ ਸ਼ਾਮਲ ਕਰਨ ਦੀ ਵਕਾਲਤ ਕੀਤੀ ਸੀ। ਇਨ੍ਹਾਂ ਖੇਤਰਾਂ ਵਿੱਚ ਮੌਜੂਦਾ ਹਰਿਆਣਾ ਦੇ ਕੁਝ ਹਿੱਸੇ ਸ਼ਾਮਲ ਹਨ ਜਿਵੇਂ ਕਿ ਅੰਬਾਲਾ, ਕੁਰੂਕਸ਼ੇਤਰ ਅਤੇ ਕਰਨਾਲ, ਜਿਨ੍ਹਾਂ ਵਿੱਚ ਕਾਫ਼ੀ ਪੰਜਾਬੀ ਬੋਲਣ ਵਾਲੀ ਆਬਾਦੀ ਹੈ। ਹਾਲਾਂਕਿ, ਸਮੇਂ ਦੇ ਨਾਲ, ਇਸ ਖੇਤਰੀ ਸਮਾਯੋਜਨ ਲਈ ਪਾਰਟੀ ਦੀ ਵਕਾਲਤ ਕਾਫ਼ੀ ਘੱਟ ਗਈ। ਗੁਆਂਢੀ ਰਾਜਾਂ ਅਤੇ ਕੇਂਦਰ ਸਰਕਾਰ ਨਾਲ ਸੁਹਿਰਦ ਸਬੰਧ ਬਣਾਈ ਰੱਖਣ ਦੀ ਜ਼ਰੂਰਤ ਸਮੇਤ ਚੋਣ ਗਣਨਾਵਾਂ, ਭਾਸ਼ਾਈ ਨਿਆਂ ਦੇ ਅਧਾਰ ਤੇ ਇੱਕ ਗੈਰ-ਗੱਲਬਾਤਯੋਗ ਮੰਗ ਨਾਲੋਂ ਵੱਧ ਤਰਜੀਹ ਲੈਂਦੀਆਂ ਜਾਪਦੀਆਂ ਹਨ। ਆਪਣੇ ਸ਼ਾਸਨ ਕਾਲ ਦੌਰਾਨ ਇਸ ਮੁੱਦੇ 'ਤੇ ਪਾਰਟੀ ਦੀ ਚੁੱਪੀ ਇੱਕ ਇਤਿਹਾਸਕ ਤੌਰ 'ਤੇ ਮਹੱਤਵਪੂਰਨ ਮੰਗ ਤੋਂ ਇੱਕ ਗਿਣਿਆ-ਮਿਣਿਆ ਰਾਜਨੀਤਿਕ ਪਿੱਛੇ ਹਟਣ ਦਾ ਸੰਕੇਤ ਦਿੰਦੀ ਹੈ।

ਪੰਜਾਬ ਦਾ ਆਪਣੇ ਦਰਿਆਈ ਪਾਣੀਆਂ ਅਤੇ ਡੈਮਾਂ ਅਤੇ ਪਣ-ਬਿਜਲੀ ਪ੍ਰੋਜੈਕਟਾਂ ਦੇ ਪ੍ਰਬੰਧਨ 'ਤੇ ਨਿਯੰਤਰਣ ਇੱਕ ਨਿਰੰਤਰ ਚਿੰਤਾ ਦਾ ਵਿਸ਼ਾ ਰਿਹਾ ਹੈ, ਭਾਖੜਾ ਬਿਆਸ ਪ੍ਰਬੰਧਨ ਬੋਰਡ (BBMB) ਵਿਵਾਦ ਦਾ ਇੱਕ ਖਾਸ ਬਿੰਦੂ ਹੈ। ਅਕਾਲੀ ਦਲ ਨੇ ਇਤਿਹਾਸਕ ਤੌਰ 'ਤੇ ਪੰਜਾਬ ਲਈ ਵਧੇਰੇ ਪ੍ਰਤੀਨਿਧਤਾ ਅਤੇ ਰਾਜ ਵਿੱਚੋਂ ਨਿਕਲਣ ਵਾਲੇ ਜਾਂ ਵਹਿਣ ਵਾਲੇ ਜਲ ਸਰੋਤਾਂ 'ਤੇ ਵਧੇਰੇ ਨਿਯੰਤਰਣ ਦੀ ਮੰਗ ਕੀਤੀ ਸੀ, ਉਨ੍ਹਾਂ ਨੂੰ ਰਾਜ ਦੀ ਮੁੱਖ ਤੌਰ 'ਤੇ ਖੇਤੀਬਾੜੀ ਆਰਥਿਕਤਾ ਲਈ ਮਹੱਤਵਪੂਰਨ ਮੰਨਦੇ ਹੋਏ। ਪੰਜਾਬ ਦੇ ਕਿਸਾਨ ਭਾਈਚਾਰੇ ਲਈ ਜਲ ਸਰੋਤਾਂ ਦੀ ਮਹੱਤਵਪੂਰਨ ਮਹੱਤਤਾ ਦੇ ਬਾਵਜੂਦ, ਜੋ ਕਿ ਅਕਾਲੀ ਦਲ ਦੇ ਰਵਾਇਤੀ ਸਮਰਥਨ ਅਧਾਰ ਦਾ ਇੱਕ ਮਹੱਤਵਪੂਰਨ ਹਿੱਸਾ ਹੈ, ਇਸ ਮੁੱਦੇ 'ਤੇ ਪਾਰਟੀ ਦੀ ਵਕਾਲਤ ਸੱਤਾ ਦੇ ਸਮੇਂ ਦੌਰਾਨ ਹੋਰ ਵੀ ਘੱਟ ਹੋ ਗਈ। ਬੀਬੀਐਮਬੀ ਦੇ ਢਾਂਚੇ ਜਾਂ ਕੰਮਕਾਜ ਵਿੱਚ ਮਹੱਤਵਪੂਰਨ ਸੁਧਾਰਾਂ ਨੂੰ ਸੁਰੱਖਿਅਤ ਕਰਨ ਵਿੱਚ ਅਸਫਲਤਾ, ਜਿਸ ਨਾਲ ਪੰਜਾਬ ਨੂੰ ਆਪਣੇ ਜਲ ਸਰੋਤਾਂ 'ਤੇ ਵਧੇਰੇ ਨਿਯੰਤਰਣ ਮਿਲਦਾ, ਰਾਜ ਦੇ ਆਰਥਿਕ ਹਿੱਤਾਂ ਲਈ ਮਹੱਤਵਪੂਰਨ ਸਥਿਤੀ ਤੋਂ ਇੱਕ ਮਹੱਤਵਪੂਰਨ ਪਿੱਛੇ ਹਟਣ ਨੂੰ ਦਰਸਾਉਂਦੀ ਹੈ। ਸਿੱਖ ਕੈਦੀਆਂ ਦੀ ਰਿਹਾਈ ਜਿਨ੍ਹਾਂ ਨੇ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਲਈਆਂ ਹਨ ਪਰ ਅਜੇ ਵੀ ਕੈਦ ਹਨ, ਸਿੱਖ ਭਾਈਚਾਰੇ ਵਿੱਚ ਇੱਕ ਹੋਰ ਸੰਵੇਦਨਸ਼ੀਲ ਮੁੱਦਾ ਹੈ। ਇਨ੍ਹਾਂ ਵਿੱਚੋਂ ਬਹੁਤ ਸਾਰੇ ਵਿਅਕਤੀਆਂ ਨੂੰ ਪੰਜਾਬ ਵਿੱਚ ਖਾੜਕੂਵਾਦ ਦੇ ਸਮੇਂ ਦੌਰਾਨ ਹਿਰਾਸਤ ਵਿੱਚ ਲਿਆ ਗਿਆ ਸੀ ਅਤੇ ਕਈ ਦਹਾਕੇ ਜੇਲ੍ਹ ਵਿੱਚ ਬਿਤਾਏ ਹਨ, ਅਕਸਰ ਆਪਣੀਆਂ ਅਸਲ ਸਜ਼ਾਵਾਂ ਤੋਂ ਵੱਧ। ਅਕਾਲੀ ਦਲ ਨੇ ਇਤਿਹਾਸਕ ਤੌਰ 'ਤੇ ਮਨੁੱਖੀ ਆਧਾਰਾਂ ਅਤੇ ਕਾਨੂੰਨੀ ਸਿਧਾਂਤਾਂ 'ਤੇ ਉਨ੍ਹਾਂ ਦੀ ਰਿਹਾਈ ਦੀ ਵਕਾਲਤ ਕੀਤੀ ਸੀ, ਸੰਘਰਸ਼ ਤੋਂ ਬਾਅਦ ਦੇ ਪੰਜਾਬ ਵਿੱਚ ਸੁਲ੍ਹਾ ਅਤੇ ਇਲਾਜ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਸੀ। ਹਾਲਾਂਕਿ, ਆਪਣੇ ਸ਼ਾਸਨ ਕਾਲ ਦੌਰਾਨ, ਖਾਸ ਕਰਕੇ ਜਦੋਂ ਭਾਜਪਾ ਨਾਲ ਗੱਠਜੋੜ ਵਿੱਚ ਸੀ, ਇਸ ਮੁੱਦੇ 'ਤੇ ਪਾਰਟੀ ਦੀ ਵਕਾਲਤ ਕਾਫ਼ੀ ਘੱਟ ਜ਼ੋਰਦਾਰ ਹੋ ਗਈ। ਰਾਜ ਵਿੱਚ ਅਤੇ ਕੇਂਦਰ ਸਰਕਾਰ ਦੇ ਹਿੱਸੇ ਵਜੋਂ ਆਪਣੇ ਰਾਜਨੀਤਿਕ ਲਾਭ ਦੀ ਵਰਤੋਂ ਕਰਨ ਦੇ ਮੌਕਿਆਂ ਦੇ ਬਾਵਜੂਦ, ਅਕਾਲੀ ਲੀਡਰਸ਼ਿਪ ਇਨ੍ਹਾਂ ਕੈਦੀਆਂ ਦੀ ਰਿਹਾਈ ਨੂੰ ਸੁਰੱਖਿਅਤ ਕਰਨ ਵਿੱਚ ਅਸਫਲ ਰਹੀ, ਜਿਸ ਨਾਲ ਇਸਦੇ ਮੁੱਖ ਹਲਕੇ ਲਈ ਡੂੰਘੀ ਮਹੱਤਤਾ ਵਾਲੇ ਮੁੱਦੇ ਪ੍ਰਤੀ ਇਸਦੀ ਵਚਨਬੱਧਤਾ 'ਤੇ ਸਵਾਲ ਖੜ੍ਹੇ ਹੋਏ।

ਸਿੱਖ ਹਿੱਤਾਂ ਦੇ ਪ੍ਰਤੀਨਿਧੀ ਵਜੋਂ ਅਕਾਲੀ ਦਲ ਦੀ ਭਰੋਸੇਯੋਗਤਾ ਲਈ ਸ਼ਾਇਦ ਸਭ ਤੋਂ ਵੱਧ ਨੁਕਸਾਨਦੇਹ 1984 ਦੀ ਸਿੱਖ ਵਿਰੋਧੀ ਹਿੰਸਾ ਦੇ ਪੀੜਤਾਂ ਲਈ ਇਨਸਾਫ਼ ਨੂੰ ਸੰਭਾਲਣਾ ਰਿਹਾ ਹੈ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ, ਪੂਰੇ ਭਾਰਤ ਵਿੱਚ, ਖਾਸ ਕਰਕੇ ਦਿੱਲੀ ਵਿੱਚ ਸੰਗਠਿਤ ਹਿੰਸਾ ਵਿੱਚ ਹਜ਼ਾਰਾਂ ਸਿੱਖ ਮਾਰੇ ਗਏ ਸਨ। ਪੀੜਤਾਂ ਲਈ ਇਨਸਾਫ਼ ਅਤੇ ਜ਼ਿੰਮੇਵਾਰਾਂ ਨੂੰ ਸਜ਼ਾ ਦੁਨੀਆ ਭਰ ਦੇ ਸਿੱਖ ਭਾਈਚਾਰੇ ਵੱਲੋਂ ਇੱਕ ਲਗਾਤਾਰ ਮੰਗ ਕੀਤੀ ਜਾ ਰਹੀ ਹੈ। ਸਿੱਖ ਹਿੱਤਾਂ ਦੇ ਮੁੱਖ ਰਾਜਨੀਤਿਕ ਪ੍ਰਤੀਨਿਧੀ ਵਜੋਂ, ਅਕਾਲੀ ਦਲ ਨੇ ਪੀੜਤਾਂ ਲਈ ਇਨਸਾਫ਼ ਅਤੇ ਦੋਸ਼ੀਆਂ ਲਈ ਜਵਾਬਦੇਹੀ ਦਾ ਵਾਅਦਾ ਕੀਤਾ ਸੀ। ਕਈ ਮੌਕਿਆਂ ਦੇ ਬਾਵਜੂਦ, ਜਿਨ੍ਹਾਂ ਵਿੱਚ ਉਹ ਸਮਾਂ ਵੀ ਸ਼ਾਮਲ ਹੈ ਜਦੋਂ ਇਹ ਕੇਂਦਰ ਵਿੱਚ ਸੱਤਾਧਾਰੀ ਗੱਠਜੋੜ ਦਾ ਹਿੱਸਾ ਸੀ, ਪਾਰਟੀ ਹਿੰਸਾ ਦੇ ਪ੍ਰਬੰਧਕਾਂ ਅਤੇ ਦੋਸ਼ੀਆਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਉਣ ਵਿੱਚ ਅਰਥਪੂਰਨ ਪ੍ਰਗਤੀ ਪ੍ਰਾਪਤ ਕਰਨ ਵਿੱਚ ਅਸਫਲ ਰਹੀ। ਆਲੋਚਕਾਂ ਦਾ ਤਰਕ ਹੈ ਕਿ ਪਾਰਟੀ ਦੀ ਲੀਡਰਸ਼ਿਪ ਨੇ ਹਾਲ ਹੀ ਦੇ ਸਿੱਖ ਇਤਿਹਾਸ ਵਿੱਚ ਸਭ ਤੋਂ ਦੁਖਦਾਈ ਘਟਨਾਵਾਂ ਵਿੱਚੋਂ ਇੱਕ ਲਈ ਨਿਆਂ ਦੀ ਪੈਰਵੀ ਕਰਨ ਨਾਲੋਂ ਰਾਜਨੀਤਿਕ ਗੱਠਜੋੜਾਂ ਅਤੇ ਸ਼ਕਤੀ-ਵੰਡ ਪ੍ਰਬੰਧਾਂ ਨੂੰ ਤਰਜੀਹ ਦਿੱਤੀ, ਜਿਸ ਨਾਲ ਭਾਈਚਾਰੇ ਦੇ ਅੰਦਰ ਇਸਦੇ ਨੈਤਿਕ ਅਧਿਕਾਰ ਨੂੰ ਕਾਫ਼ੀ ਹੱਦ ਤੱਕ ਕਮਜ਼ੋਰ ਕੀਤਾ ਗਿਆ।

*ਬਾਕੀ ਹਿਸਾ ਸਫਾ 33 ਤੇ ਪੜ੍ਹੋ*

31 ਸਫ਼ੇ ਦੀ ਬਾਕੀ

## ਖਾਲਸਾ ਪੰਥ ਦੀ ਸਾਜਨਾ

ਜਿਤਨੀ ਕਿ ਪਹਾੜੀ ਰਾਜਿਆਂ ਦੇ ਨਾਲ਼ ਗੁਰੂ ਗੋਬਿੰਦ ਸਿੰਘ ਜੀ ਦੀ ਗੱਲਬਾਤ ਹੈ ਅਤੇ ਉਹ ਹੀ ਸਿੱਖ ਧਰਮ ਦਾ ਨਿਚੋੜ ਹੈ। ''

ਅੰਤ ਵਿੱਚ ਇਹਨਾਂ ਸ਼ਬਦਾਂ ਰਾਹੀਂ ਸਮਾਪਤੀ ਕਰਦੇ ਹਾਂ ਕਿ ਮੋਦੀ ਸਰਕਾਰ ਦੀ ਸਰਪ੍ਰਸਤੀ ਹੇਠ ਹਿੰਦੂਤਵ ਦੀ ਵਿਚਾਰਧਾਰਾ ਇਸ ਵੇਲੇ ਭਾਰਤ ਵਿੱਚ ਪੂਰੀ ਤਰ੍ਹਾਂ ਵੱਧ-ਫੁੱਲ ਰਹੀ ਹੈ। ਹਿੰਦੂਤਵ ਦੀ ਰੀੜ ਦੀ ਹੱਡੀ ਜਾਤ-ਪਾਤ ਅਧਾਰਿਤ ਵਰਣ ਆਸ਼ਰਮ ਸਿਸਟਮ ਹੈ। ਰਿਸ਼ੀ 'ਮੰਨੂ' ਨੇ ਇਸ ਸੰਬੰਧੀ ਸਖ਼ਤ ਕਨੂੰਨੀ ਵਿਵਸਥਾ ਕੀਤੀ ਅਤੇ ਇਸ ਨੂੰ ਪੂਰੀ ਤਰ੍ਹਾਂ ਜਨਮ ਅਧਾਰਿਤ ਬਣਾ ਕੇ ਦਲਿਤਾਂ-ਸ਼ੂਦਰਾਂ ਨੂੰ ਉਹਨਾਂ ਦੇ ਮੁੱਢਲੇ ਹੱਕਾਂ ਤੋਂ ਵਾਂਝਿਆ ਕਰ ਦਿੱਤਾ। 'ਮੰਨੂ' ਰਿਸ਼ੀ ਦੀ ਇਸ ਹਿੰਦੂ ਕਨੂੰਨ ਦੀ ਪੁਸਤਕ ਦਾ ਨਾਂ 'ਮੰਨੂ ਸਿਮ੍ਰਤੀ' ਹੈ, ਜਿਸ ਨੂੰ ਆਰ. ਐੱਸ. ਐੱਸ. ਤੇ ਨਰਿੰਦਰ ਮੋਦੀ ਦੀ ਸਰਕਾਰ ਭਾਰਤ ਦੇ ਸੰਵਿਧਾਨ ਦੇ ਤੌਰ 'ਤੇ ਭਵਿੱਖ ਵਿੱਚ ਲਾਗੂ ਕਰਨ ਲਈ ਪੱਬਾਂ ਭਾਰ ਹੈ। ਨਰਿੰਦਰ ਮੋਦੀ ਨੇ ਤਾਂ ਸੰਭਾਵੀ ਹਿੰਦੂ-ਰਾਸ਼ਟਰ ਦੀ ਨਵੀਂ ਸੰਸਦ ਦਾ ਨੀਂਹ ਪੱਥਰ ਵੀ ਹਿੰਦੂ ਧਰਮ ਦੀਆਂ ਰਹੁ ਰੀਤਾਂ ਅਨੁਸਾਰ ਬ੍ਰਾਹਮਣਾਂ ਕੋਲੋਂ ਹਵਨ ਕਰਵਾ ਕੇ ਰੱਖ ਦਿੱਤਾ ਹੈ, ਜਦਕਿ ਭਾਰਤ ਵਿੱਚ ਚਾਰ ਮੁੱਖ ਧਰਮਾਂ (ਸਿੱਖ ਧਰਮ, ਹਿੰਦੂ ਧਰਮ, ਇਸਲਾਮ, ਇਸਾਈ) ਦੇ ਲੋਕ ਵੀ ਵੱਸਦੇ ਹਨ, ਇਸ ਤੋਂ ਇਲਾਵਾ ਜੈਨੀ ਤੇ ਬੋਧੀ ਵੀ ਹਨ। ਜਾਤ-ਪਾਤ ਪ੍ਰਬੰਧ ਵਿੱਚ ਜੋ ਬਹੁਗਿਣਤੀ ਹਿੰਦੂ ਆਬਾਦੀ ਦਾ ਮਹੱਤਵਪੂਰਨ ਤੱਤ ਹੈ ਵਿੱਚ ਤਕਰੀਬਨ 6500 ਸਮਾਜਕ ਵੰਡੀਆਂ ਹਨ। ਭਾਰਤ ਵਿੱਚ ਮਨੂੰ ਸਿਮ੍ਰਤੀ ਦਾ ਵਿਧਾਨ ਲਾਗੂ ਕਰਨ ਵਿੱਚ 'ਪੰਥ' ਦਾ 'ਗੁਰੂ ਗ੍ਰੰਥ, ਗੁਰੂ ਪੰਥ' ਦਾ ਸੰਵਿਧਾਨਕ ਸਭ ਤੋਂ ਵੱਡਾ ਅੜਿੱਕਾ ਹੈ। ਦਸਾਂ ਸਿੱਖ ਗੁਰੂਆਂ ਦਾ ਸਿਰਜਿਆ ਖ਼ਾਲਸਾ ਪੰਥ ਅਜਿਹਾ ਗਾਡੀ ਰਾਹ ਹੈ ਜਿਸ ਉੱਤੇ ਚਲਦੇ ਮਨੁੱਖ ਜਾਤੀ ਦੇ ਹਲਤ-ਪਲਤ ਇਹ-ਲੋਕ ਤੇ ਪ੍ਰਲੋਕ ਦੋਵੇਂ ਸੰਵਰ ਸਕਦੇ ਹਨ। ਇਉਂ ਮੰਨ ਕੇ ਅਤੇ ਇਹ ਪੱਕਾ ਨਿਸ਼ਚਾ ਕਰ ਕੇ ਹੀ ਅੱਜ ਕੱਲ੍ਹ ਦੇ ਭਾਰਤ ਵਿੱਚ ਖ਼ਾਲਸਾ ਪੰਥ ਦਾ ਸਹੀ ਕਰਤੱਵ ਤੇ ਰਾਜਨੀਤਕ ਪ੍ਰੋਗਰਾਮ ਸਮਝਿਆ ਤੇ ਉਲੀਕਿਆ ਜਾ ਸਕਦਾ ਹੈ। ਭਾਰਤ ਵਿੱਚ ਵੱਸਦੀਆਂ ਸਮੂਹ ਘੱਟ ਗਿਣਤੀਆਂ ਨੂੰ ਮਨੂੰ-ਸਿਮ੍ਰਤੀ ਦੀ ਹਿੰਦੂਤਵੀ ਵਿਚਾਰਧਾਰਾ ਦਾ ਡਟ ਕੇ ਵਿਰੋਧ ਕਰਨਾ ਚਾਹੀਦਾ ਹੈ ਕਿਉਂਕਿ ਜੇ ਆਰ.ਐੱਸ.ਐੱਸ. ਤੇ ਮੋਦੀ ਦੀ ਭਾਜਪਾ ਸਰਕਾਰ ਹਿੰਦੂ ਰਾਸ਼ਟਰ ਬਣਾ ਕੇ ਮਨੂੰ-ਸਿਮਰਤੀ ਦਾ ਵਿਧਾਨ ਲਾਗੂ ਕਰਨ ਵਿੱਚ ਕਾਮਯਾਬ ਹੋ ਗਈ ਤਾਂ ਇਸ ਦਾ ਸਭ ਤੋਂ ਵੱਧ ਸੰਤਾਪ ਵਰਣ-ਵੰਡ ਅਨੁਸਾਰ ਅਖੌਤੀ ਨੀਵੀ ਜਾਤ ਦੇ ਹਿੰਦੂਆਂ ਨੂੰ ਭੋਗਣਾ ਪਵੇਗਾ।

ਭਾਰਤ ਦਾ ਮੌਜੂਦਾ ਸੰਵਿਧਾਨ ਕਿਸਾਨਾਂ ਤੇ ਮਜ਼ਦੂਰਾਂ ਨੂੰ ਆਪਣਾ ਹੱਕ ਮੰਗਣ ਦਾ ਅਧਿਕਾਰ ਦਿੰਦਾ ਹੈ, ਇਸ ਦੇ ਉਲਟ ਮਨੂੰ ਸਿਮਰਤੀ ਦਾ ਹਿੰਦੂਤਵੀ ਕਨੂੰਨ ਕਿਸਾਨਾਂ ਤੇ ਮਜ਼ਦੂਰਾਂ ਕੋਲੋਂ ਉਹਨਾਂ ਦੇ ਮਨੁੱਖੀ ਹੱਕ ਖੋਂਹਦਾ ਹੈ। ਅੱਜ ਪੂਰੇ ਸੰਸਾਰ ਵਿੱਚ ਨਰਿੰਦਰ ਮੋਦੀ ਤੇ ਉਸ ਦੀ ਸਰਕਾਰ ਵੱਲੋਂ ਮਨੁੱਖੀ ਹੱਕਾਂ ਦੀਆਂ ਧੱਜੀਆਂ ਉਡਾਏ ਜਾਣ ਦੀ ਨਿਖੇਧੀ ਵਿਸ਼ਵ ਭਰ ਦੇ ਮੀਡੀਏ ਵਿੱਚ ਹੋ ਰਹੀ ਹੈ ਪਰ ਆਰ. ਐੱਸ. ਐੱਸ. ਤੇ ਨਰਿੰਦਰ ਮੋਦੀ ਦੀ ਸਰਕਾਰ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਲਈ ਬਜ਼ਿੱਦ ਹੈ।

**ਜਥੇਦਾਰ ਮਹਿੰਦਰ ਸਿੰਘ ਯੂ ਕੇ**

00000

## ਸੁਖਬੀਰ ਬਾਦਲ ਦੇ ਦੁਬਾਰਾ ਪ੍ਰਧਾਨ ਚੁਣੇ ਜਾਣ ਤੇ ਇੰਗਲੈਂਡ ਦੇ ਅਕਾਲੀ ਆਗੂ ਮੁਖਤਿਆਰ ਸਿੰਘ ਡੰਡੇਰ ਦੀ ਅਗਵਾਈ ਚ ਅਕਾਲੀ ਸਮਰਥਕਾਂ ਵੱਲੋਂ ਹਾਈ ਕਮਾਂਡ ਦਾ ਧੰਨਵਾਦ



ਸੁਖਬੀਰ ਸਿੰਘ ਬਾਦਲ, ਮੁਖਤਿਆਰ ਸਿੰਘ ਡੰਡੇਰ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸਾਬਕਾ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਦੇ ਦੁਬਾਰਾ ਸ਼੍ਰੋਮਣੀ ਅਕਾਲੀ ਦਲ ਬਾਦਲ ਦਾ ਪ੍ਰਧਾਨ ਚੁਣੇ ਜਾਣ ਤੇ ਇੰਗਲੈਂਡ ਚ ਵੱਸਦੇ ਸ਼੍ਰੋਮਣੀ ਅਕਾਲੀ ਦਲ ਦੇ ਸਮਰਥਕ ਪ੍ਰਵਾਸੀ ਪੰਜਾਬੀਆਂ ਵੱਲੋਂ ਸ ਮੁੱਖਤਿਆਰ ਸਿੰਘ ਡੰਡੇਰ ਦੀ ਅਗਵਾਈ ਚ ਅਕਾਲੀ ਦਲ ਦੀ ਹਾਈ ਕਮਾਂਡ ਦਾ ਧੰਨਵਾਦ ਕੀਤਾ ਅਤੇ ਸਰਦਾਰ ਸੁਖਬੀਰ ਸਿੰਘ ਬਾਦਲ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਮੁੜ ਪ੍ਰਧਾਨ ਚੁਣੇ ਜਾਣ ਤੇ ਮੁਬ-ਾਰਕਬਾਦ ਦਿੱਤੀ ਸਰਦਾਰ ਢੰਡੇਰ ਨੇ ਕਿਹਾ ਕਿ ਪੰਜਾਬ ਦਾ ਭਵਿੱਖ ਸ਼੍ਰੋਮਣੀ ਅਕਾਲੀ ਦਲ ਦੇ ਹੱਥਾਂ ਚ ਹੀ ਸੁਰੱਖਿਅਤ ਹੈ। ਸਰਦਾਰ ਮੁਖਤਿਆਰ ਸਿੰਘ ਡੰਡੇਰ ਨੇ ਕਿਹਾ ਕਿ ਪੰਜਾਬ ਦੇ ਭਲੇ ਲਈ ਸ਼੍ਰੋਮਣੀ ਅਕਾਲੀ ਦਲ ਦਾ ਮਜਬੂਤ ਹੋਣਾ ਬਹੁਤ ਜਰੂਰੀ ਹੈ ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਸਰਦਾਰ ਸੁਖਬੀਰ ਸਿੰਘ ਬਾਦਲ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਕਰਨ।ਉਹਨਾਂ ਕਿਹਾ ਕਿ 2027 ਵਿੱਚ ਮੁੜ ਸਰਦਾਰ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣੇਗੀ ਅਤੇ ਪੰਜਾਬ ਦੇ ਰਹਿੰਦੇ ਵਿਕਾਸ ਕਾਰਜ ਪੂਰੇ ਹੋਣਗੇ । ਸ ਡੰਡੇਰ ਨੇ ਕਿਹਾ ਕੀ ਪੰਜਾਬ ਇਸ ਵੇਲੇ ਬੜੀ ਨਾਜਕ ਸਥਿਤੀ ਚੋਂ ਲੰਘ ਰਿਹਾ ਹੈ, ਆਏ ਦਿਨ ਪੁਲਿਸ ਥਾਣਿਆਂ ਅਤੇ ਹੋਰ ਪਬਲਿਕ ਥਾਵਾਂ ਤੇ ਗਰਨੇਟ ਹਮਲੇ ਹੋ ਰਹੇ ਹਨ, ਜਿਸ ਕਾਰਨ ਪੰਜਾਬ ਉੱਤੇ ਵਿਦੇਸ਼ਾਂ ਚ ਵਸਦੇ ਪੰਜਾਬੀ ਪ੍ਰਵਾਸੀਆਂ ਚ ਵੀ ਇਸ ਵੇਲੇ ਕਾਫੀ ਸਹਿਮ ਹੈ। ਉਹਨਾਂ ਕਿਹਾ ਕਿ ਪੰਜਾਬ ਦੇ ਲੋਕ ਅਤੇ ਵਿਦੇਸ਼ਾਂ ਚ ਵੱਸਦੇ ਪੰਜਾਬੀ ਪੰਜਾਬੀਅਤ ਦੇ ਸੁਨਹਿਰੀ ਭਵਿੱਖ ਲਈ ਪੰਜਾਬ ਚ ਸ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੀ ਸ਼੍ਰੋਮਣੀ ਅਕਾਲੀ ਦਲ ਦੀ ਦੀ ਸਰਕਾਰ ਚਾਹੁੰਦੇ ਹਨ। ਇਸ ਮੌਕੇ ਤੇ ਸਰਦਾਰ ਮੁਖਤਿਆਰ ਸਿੰਘ ਡੰਡੇਰ ਦੇ ਨਾਲ ਤਜਿੰਦਰ ਸਿੰਘ ਸੰਧੂ, ਪਿਆਰਾ ਸਿੰਘ, ਹਰਇੰਦਰ ਸਿੰਘ, ਅਵਤਾਰ ਸਿੰਘ, ਹਰਜਿੰਦਰ ਸਿੰਘ, ਹਰਪਿੰਦਰ ਸਿੰਘ, ਸੁਖਜਿੰਦਰ ਸੁਖੀ, ਬਕਸ਼ੀਸ਼ ਸਿੰਘ ਸ਼ੀਸ਼ਾ, ਸੁਰਿੰਦਰ ਸਿੰਘ ਦੀਪ ਨੀਲੋਵਾਲ ਅਤੇ ਹਰਵਿੰਦਰ ਸਿੰਘ ਸਮੇਤ ਹੋਰ ਬਹੁਤ ਸਾਰੇ ਸ਼੍ਰੋਮਣੀ ਅਕਾਲੀ ਦਲ ਦੇ ਸਮਰਥਕ ਹਾਜ਼ਰ ਸਨ ।

32 ਸਫੇ ਦੀ ਬਾਕੀ

ਅਕਾਲੀ ਦਲ ਦੇ ਇਨ੍ਹਾਂ ਮੁੱਖ ਪੰਜਾਬ ਮੁੱਦਿਆਂ ਤੋਂ ਪਿੱਛੇ ਹਟਣ ਵਿੱਚ ਕਈ ਕਾਰਕਾਂ ਦਾ ਯੋਗਦਾਨ ਜਾਪਦਾ ਹੈ। ਭਾਜਪਾ ਨਾਲ ਪਾਰਟੀ ਦੇ ਲੰਬੇ ਸਮੇਂ ਤੋਂ ਚੱਲ ਰਹੇ ਗਠਜੋੜ ਲਈ ਉਨ੍ਹਾਂ ਮੁੱਦਿਆਂ 'ਤੇ ਸਮਝੌਤਾ ਕਰਨ ਦੀ ਲੋੜ ਸੀ ਜੋ ਇਸਦੇ ਭਾਈਵਾਲ ਦੀਆਂ ਰਾਜਨੀਤਿਕ ਤਰਜੀਹਾਂ ਨਾਲ ਟਕਰਾ ਸਕਦੇ ਹਨ। ਜਿਵੇਂ ਕਿ ਭਾਜਪਾ ਸ਼ਾਸਨ ਦੇ ਵਧੇਰੇ ਕੇਂਦਰੀਕ੍ਰਿਤ ਦ੍ਰਿਸ਼ਟੀਕੋਣ ਦੇ ਨਾਲ ਇੱਕ ਪ੍ਰਮੁੱਖ ਰਾਸ਼ਟਰੀ ਸ਼ਕਤੀ ਵਜੋਂ ਉਭਰੀ, ਅਕਾਲੀ ਦਲ ਨੂੰ ਵਧੇਰੇ ਰਾਜ ਖੁਦਮੁਖਤਿਆਰੀ ਦੀ ਵਕਾਲਤ ਕਰਨਾ ਜਾਂ ਪੰਜਾਬ-ਵਿਸ਼ੇਸ਼ ਮੰਗਾਂ ਨੂੰ ਅੱਗੇ ਵਧਾਉਣਾ ਮੁਸ਼ਕਲ ਹੋ ਗਿਆ ਜਿਨ੍ਹਾਂ ਨੂੰ ਚੁਣੌਤੀਪੂਰਨ ਕੇਂਦਰੀ ਅਧਿਕਾਰ ਵਜੋਂ ਦੇਖਿਆ ਜਾ ਸਕਦਾ ਹੈ। ਗਠਜੋੜ, ਸਥਿਰਤਾ ਅਤੇ ਸੱਤਾ ਤੱਕ ਪਹੁੰਚ ਪ੍ਰਦਾਨ ਕਰਦੇ ਹੋਏ, ਪਾਰਟੀ ਦੀ ਉਨ੍ਹਾਂ ਅਹੁਦਿਆਂ ਲਈ ਜ਼ਬਰਦਸਤੀ ਵਕਾਲਤ ਕਰਨ ਦੀ ਯੋਗਤਾ ਨੂੰ ਸੀਮਤ ਕਰਦਾ ਜਾਪਦਾ ਹੈ ਜੋ ਇਸਦੀ ਇਤਿਹਾਸਕ ਪਛਾਣ ਦਾ ਮੂਲ ਬਣਦੇ ਹਨ।

ਇੱਕ ਅੰਦੋਲਨ-ਅਧਾਰਤ ਪਾਰਟੀ ਤੋਂ ਇੱਕ ਸ਼ਾਸਨ-ਅਧਾਰਤ ਰਾਜਨੀਤਿਕ ਇਕਾਈ ਵਿੱਚ ਤਬਦੀਲੀ ਨੇ ਅਕਾਲੀ ਦਲ ਦੀਆਂ ਤਰਜੀਹਾਂ ਨੂੰ ਵੀ ਪ੍ਰਭਾਵਿਤ ਕੀਤਾ। ਜਿਵੇਂ ਹੀ ਇਸ ਨੇ ਪੰਜਾਬ ਵਿੱਚ ਪ੍ਰਸ਼ਾਸਨ ਅਤੇ ਸ਼ਾਸਨ ਦੀ ਜ਼ਿੰਮੇਵਾਰੀ ਸੰਭਾਲੀ, ਪਾਰਟੀ ਦਾ ਧਿਆਨ ਆਰਥਿਕ ਵਿਕਾਸ, ਬੁਨਿਆਦੀ ਢਾਂਚੇ ਅਤੇ ਸੇਵਾ ਪ੍ਰਦਾਨ ਕਰਨ ਵੱਲ ਤਬਦੀਲ ਹੋ ਗਿਆ। ਜਦੋਂ ਕਿ ਇਸ ਤਬਦੀਲੀ ਦੇ ਪ੍ਰਬੰਧਕੀ ਲਾਭ ਸਨ, ਇਹ ਇਤਿਹਾਸਕ ਮੰਗਾਂ ਲਈ ਪਾਰਟੀ ਦੀ ਵਕਾਲਤ ਨੂੰ ਕਮਜ਼ੋਰ ਕਰਨ ਦੀ ਕੀਮਤ 'ਤੇ ਆਇਆ ਜਿਨ੍ਹਾਂ ਨੇ ਇਸਦੀ ਰਾਜਨੀਤਿਕ ਪਛਾਣ ਨੂੰ ਪਰਿਭਾਸ਼ਿਤ ਕੀਤਾ ਸੀ। ਸ਼ਾਸਨ ਅਤੇ ਵਿਕਾਸ 'ਤੇ ਜ਼ੋਰ, ਭਾਵੇਂ ਮਹੱਤਵਪੂਰਨ ਸੀ, ਪਰ ਇਹ ਖੁਦਮੁਖਤਿਆਰੀ, ਖੇਤਰੀ ਵਿਵਾਦਾਂ ਅਤੇ ਇਤਿਹਾਸਕ ਸ਼ਿਕਾਇਤਾਂ ਲਈ ਨਿਆਂ ਦੇ ਵਿਵਾਦਪੂਰਨ ਮੁੱਦਿਆਂ ਨੂੰ ਪਾਸੇ ਕਰਦਾ ਜਾਪਦਾ ਸੀ।

ਲੀਡਰਸ਼ਿਪ ਵਿੱਚ ਇੱਕ ਪੀੜ੍ਹੀ-ਦਰ-ਪੀੜ੍ਹੀ ਤਬਦੀਲੀ ਨੇ ਪਾਰਟੀ ਦੀਆਂ ਤਰਜੀਹਾਂ ਵਿੱਚ ਇਸ ਤਬਦੀਲੀ ਨੂੰ ਹੋਰ ਤੇਜ਼ ਕਰ ਦਿੱਤਾ। ਪ੍ਰਕਾਸ਼ ਸਿੰਘ ਬਾਦਲ ਵਰਗੇ ਅੰਦੋਲਨ-ਮੁਖੀ ਨੇਤਾਵਾਂ ਦੀ ਅਗਵਾਈ ਤੋਂ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਦੂਜੀ ਪੀੜ੍ਹੀ ਦੇ ਵਧੇਰੇ ਕਾਰੋਬਾਰੀ-ਸੋਚ ਵਾਲੇ ਨੇਤਾ ਵੱਲ ਤਬਦੀਲੀ ਫੋਕਸ ਵਿੱਚ ਇੱਕ ਮਹੱਤਵਪੂਰਨ ਤਬਦੀਲੀ ਦੇ ਨਾਲ ਮੇਲ ਖਾਂਦੀ ਸੀ। ਨਵੀਂ ਲੀਡਰਸ਼ਿਪ ਕੇਂਦਰੀ ਸਰਕਾਰ ਨਾਲ ਟਕਰਾਅ ਦੀ ਲੋੜ ਵਾਲੀਆਂ ਇਤਿਹਾਸਕ ਮੰਗਾਂ ਦੀ ਪਾਲਣਾ ਕਰਨ ਦੀ ਬਜਾਏ ਆਰਥਿਕ ਵਿਕਾਸ, ਪ੍ਰਸ਼ਾਸਨਿਕ ਕੁਸ਼ਲਤਾ ਅਤੇ ਰਾਜਨੀਤਿਕ ਸ਼ਕਤੀ ਬਣਾਈ ਰੱਖਣ ਵਿੱਚ ਵਧੇਰੇ ਦਿਲਚਸਪੀ ਰੱਖਦੀ ਸੀ। ਇਹ ਤਬਦੀਲੀ ਨਾ ਸਿਰਫ਼ ਵੱਖ-ਵੱਖ ਨਿੱਜੀ ਤਰਜੀਹਾਂ ਨੂੰ ਦਰਸਾਉਂਦੀ ਸੀ, ਸਗੋਂ ਪੰਜਾਬ ਦੀ ਰਾਜਨੀਤੀ ਵਿੱਚ ਪਾਰਟੀ ਦੀ ਭੂਮਿਕਾ ਦੀ ਇੱਕ ਵੱਖਰੀ ਧਾਰਨਾ ਨੂੰ ਵੀ ਦਰਸਾਉਂਦੀ ਸੀ।

ਅਕਾਲੀ ਲੀਡਰਸ਼ਿਪ ਨੇ ਇਹ ਵੀ ਹਿਸਾਬ ਲਗਾਇਆ ਹੋਵੇਗਾ ਕਿ ਪੰਜਾਬ ਦੇ ਵੋਟਰ, ਖਾਸ ਕਰਕੇ ਨੌਜਵਾਨ ਪੀੜ੍ਹੀਆਂ, ਇਤਿਹ-ਾਸਕ ਮੰਗਾਂ ਦੀ ਬਜਾਏ ਆਰਥਿਕ ਮੌਕਿਆਂ, ਬੁਨਿਆਦੀ ਢਾਂਚੇ ਅਤੇ ਸ਼ਾਸਨ ਦੇ ਮੁੱਦਿਆਂ ਨਾਲ ਵਧੇਰੇ ਚਿੰਤਤ ਸਨ। ਇਹ ਧਾਰਨਾ, ਭਾਵੇਂ ਸਹੀ ਹੋਵੇ ਜਾਂ ਨਾ, ਵਿਕਾਸ-ਮੁਖੀ ਰਾਜਨੀਤੀ ਦੇ ਹੱਕ ਵਿੱਚ ਇਹਨਾਂ ਰਵਾਇਤੀ ਮੁੱਦਿਆਂ ਨੂੰ ਘੱਟ ਕਰਨ ਦੇ ਪਾਰਟੀ ਦੇ ਫੈਸਲੇ ਨੂੰ ਪ੍ਰਭਾਵਿਤ ਕਰਦੀ ਜਾਪਦੀ ਹੈ। ਹਾਲਾਂਕਿ, ਹਾਲ ਹੀ ਦੀਆਂ ਚੋਣਾਂ ਵਿੱਚ ਪਾਰਟੀ ਨੂੰ ਹੋਏ ਚੋਣ ਝਟਕਿਆਂ ਤੋਂ ਪਤਾ ਲੱਗਦਾ ਹੈ ਕਿ ਇਹ ਗਣਨਾ ਗਲਤ ਹੋ ਸਕਦੀ ਹੈ, ਕਿਉਂਕਿ ਵੋਟਰ ਪਾਰਟੀ ਨੂੰ ਇਸਦੇ ਸ਼ਾਸਨ ਕੇਂਦਰ ਲਈ ਇਨਾਮ ਦੇਣ ਦੀ ਬਜਾਏ ਮੁੱਖ ਸਿਧਾਂਤਾਂ ਨੂੰ ਤਿਆਗਣ ਲਈ ਸਜ਼ਾ ਦਿੰਦੇ ਜਾਪਦੇ ਸਨ।

ਅਕਾਲੀ ਦਲ ਦੇ ਇਹਨਾਂ ਬੁਨਿਆਦੀ ਮੁੱਦਿਆਂ ਤੋਂ ਪਿੱਛੇ ਹਟਣ ਦੇ ਨਤੀਜੇ ਪਾਰਟੀ ਅਤੇ ਪੰਜਾਬ ਦੇ ਰਾਜਨੀਤਿਕ ਦ੍ਰਿਸ਼ਟੀਕੋਣ ਦੋਵਾਂ ਲਈ ਡੂੰਘੇ ਰਹੇ ਹਨ। ਉਹਨਾਂ ਮੁੱਦਿਆਂ ਤੋਂ ਆਪਣੇ ਆਪ ਨੂੰ ਦੂਰ ਕਰਕੇ ਜੋ ਇੱਕ ਵਾਰ ਇਸਦੀ ਰਾਜਨੀਤਿਕ ਪਛਾਣ ਨੂੰ ਪਰਿਭਾਸ਼ਿਤ ਕਰਦੇ ਸਨ, ਅਕਾਲੀ ਦਲ ਨੇ ਆਪਣੇ ਆਪ ਨੂੰ ਦੂਜੀਆਂ ਪਾਰਟੀਆਂ, ਖਾਸ ਕਰਕੇ ਕਾਂਗਰਸ ਅਤੇ ਭਾਜਪਾ ਵਰਗੇ ਰਾਸ਼ਟਰੀ ਸੰਗਠਨਾਂ ਤੋਂ ਵੱਖਰਾ ਕਰਨ ਲਈ ਸੰਘਰਸ਼ ਕੀਤਾ ਹੈ। ਵਿਲੱਖਣ ਸਥਿਤੀ ਦੇ ਇਸ ਨੁਕਸਾਨ ਨੇ ਚੋਣ ਝਟਕਿਆਂ ਵਿੱਚ ਯੋਗਦਾਨ ਪਾਇਆ ਹੈ, ਜਿਸ ਵਿੱਚ 2017 ਅਤੇ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਦਾ ਮਾੜਾ ਪ੍ਰਦਰਸ਼ਨ ਸ਼ਾਮਲ ਹੈ। ਪੰਜਾਬ-ਵਿਸ਼ੇਸ਼ ਚਿੰਤਾਵਾਂ ਵਿੱਚ ਸਪੱਸ਼ਟ ਵਿਚਾਰਧਾਰਕ ਧੁਰੇ ਤੋਂ ਬਿਨਾਂ, ਪਾਰਟੀ ਨੂੰ ਵੋਟਰਾਂ ਦੁਆਰਾ ਵਿਕਲਪਾਂ ਦੀ ਬਜਾਏ ਇਸਦਾ ਸਮਰਥਨ ਕਰਨ ਲਈ ਇੱਕ ਠੋਸ ਕਾਰਨ ਦੱਸਣਾ ਮੁਸ਼ਕਲ ਹੋ ਗਿਆ ਹੈ।

ਸਿੱਖ ਭਾਈਚਾਰੇ ਲਈ ਡੂੰਘੀ ਭਾਵਨਾਤਮਕ ਮਹੱਤਤਾ ਵਾਲੇ ਕਾਰਨਾਂ ਦੇ ਸਮਝੇ ਜਾਂਦੇ ਤਿਆਗ ਨੇ ਸਿੱਖ ਹਿੱਤਾਂ ਦੇ ਮੁੱਖ ਰਾਜਨੀਤਿਕ ਪ੍ਰਤੀਨਿਧੀ ਵਜੋਂ ਅਕਾਲੀ ਦਲ ਦੇ ਨੈਤਿਕ ਅਧਿਕਾਰ ਨੂੰ ਨੁਕਸਾਨ ਪਹੁੰਚਾਇਆ ਹੈ। ਭਰੋਸੇਯੋਗਤਾ ਦੇ ਇਸ ਖੋਰੇ ਨੇ ਸਿੱਖ ਚਿੰਤਾਵਾਂ ਦੇ ਪ੍ਰਮਾਣਿਕ ਰਖਵਾਲਿਆਂ ਹੋਣ ਦਾ ਦਾਅਵਾ ਕਰਨ ਲਈ ਹੋਰ ਕੱਟੜਪੰਥੀ ਆਵਾਜ਼ਾਂ ਲਈ ਜਗ੍ਹਾ ਬਣਾਈ ਹੈ, ਸੰਭਾਵੀ ਤੌਰ 'ਤੇ ਰਾਜਨੀਤਿਕ ਭਾਸ਼ਣ ਨੂੰ ਉਨ੍ਹਾਂ ਤਰੀਕਿਆਂ ਨਾਲ ਧਰੁਵੀਕਰਨ ਕੀਤਾ ਹੈ ਜੋ ਫਿਰਕੂ ਸਦਭਾਵਨਾ ਲਈ ਨੁਕਸਾਨਦੇਹ ਹੋ ਸਕਦੇ ਹਨ। ਪਾਰਟੀ ਦੀ ਆਪਣੀਆਂ ਇਤਿਹਾਸਕ ਵਚਨਬੱਧਤਾਵਾਂ ਨੂੰ ਪੂਰਾ ਕਰਨ ਵਿੱਚ ਅਸਮਰੱਥਾ ਨੇ ਭਾਈਚਾਰੇ ਦੇ ਬਹੁਤ ਸਾਰੇ ਲੋਕਾਂ ਨੂੰ ਇਸਦੀ ਇਮਾਨਦਾਰੀ ਅਤੇ ਉਨ੍ਹਾਂ ਸਿਧਾਂਤਾਂ ਪ੍ਰਤੀ ਵਚਨਬੱਧਤਾ 'ਤੇ ਸਵਾਲ ਉਠਾਉਣ ਲਈ ਮਜਬੂਰ ਕੀਤਾ ਹੈ ਜਿਨ੍ਹਾਂ 'ਤੇ ਇਹ ਸਥਾਪਿਤ ਕੀਤੀ ਗਈ ਸੀ।

TAIL PIECE

Dalip Singh Wasan, Advocate
Email: dalipsinghwassan@yahoo.co.in

## CHANGES ARE MOST NECESSARY IN PROCEDURE FOR PASSING BILLS IN THE PARLIAMENT

The time of absolute majority in Parliament has gone and now we have reached a stage where governments shall be formed with Simple Majority and Bills, Schemes, Projects and Policies forwarded by Governing side are not likely to be passed by Absolute Majority.

Still in spite of democracy and members could ot attain status of Representatives of the people of areas who elected them and they are still not independent and work under diredctions. We all know that direct, indirect and standing whips are functioning. The members lose their conscience, will, desire, wisdom and discretion and when there is no absolute majority, Bills, Projects, Schemes and policies submitted in house by the ruling front are not likely to get absolute majority.

The time of absolute majority is now a thing of the past and hene we shall have to change the procedure in the Parliament. There should be signs of the draft Bill by atleast fifty members including members from the oppositions before the Parliament and the members must be at liberty to choose atleast one clause, note, sub clause and give his view for improvement and these written notes must be considered by the Bill Producing member and incorporated. Then there should be consideration by the Parliament and voting should be as per conscience of each member and not under directions.

Since House of not of contesting groups, Bills must be considered on merits and voted as per welfare of the people.

40 per centg votges in favour of the Bill, Project, Scheme and Policy are enough for passing it. The present absolute majority system must go because now absolute majority would not available in the country. Otherwise too people must not be asked to vote for the same sets of people out of the same sets of voters time and again. The presence of contesting groups even in the House is uncalled for.

This is House of the Pepple and representatives of the people only and not supporters of contesting groups.

## POPULARITY OF CONNTESTING GROUPS SHALL INCREASE PERCENTAGE OF VOTERS

Elections after each five years are the only base on which ourdemocracy is established and when people are losing interest in eletions and a major part of voters is not coming up for casting votes, could mean that people are losing interest in voting. This stage is bad for continuing our democracy and time has come when weall in the country must think over this tragedy. The sets of political people are now divided into two groups and it is a better sign. The voters could select and elect out of two. And if still number of voters is down, we must examine this case.The two contesting groups must improve and try to become popular and must place before the electing people their plans, targets, schemes, projets clearly and must placed before the people the methods which they shall operate upon.

Poetic thoughts are not liked by the people. People of India are simple people and had been suffering in all rules update and moist of them could not get any benefits in spite of independence and democracy. Two-third people are poor and this povertry has become acurse with us. Even poor people are not now vote-bank and they too are not coming up to vote. Therefore, all trials update to keep vote-bank have failed.There is now no vote bank and the contesting groups must try to come before the people in clear terms and must try to bring prosperity inthe country. All items are explained in Directive Principles of State Policy and must he taken up item wise for each five years. Each group must explain what tems they have chosen for this tenure and the methods too must be before the people. The people of India had been slaves for centuries, but now these seven decades could teach themmore and now none can mislead them. The contesting groups must choose candidates who are properly educated and have experience too and they must bwe allowed to work for the people and mere attendance of the House is not enough for them.

They must work for the welfare of the people with their own conscience, will and desire and should not workunder pressure and whips only. We must try to increase popularity of contesting groups and if wefail, voters percentage shall go down and it shall be tragedy.

# ਸੋਸ਼ਲ ਮੀਡੀਆ ’ਤੇ ਗਿਬਲੀ ਤਸਵੀਰਾਂ ਦਾ ਵੱਧਦਾ ਰੁਝਾਨ

ਪ੍ਰੋ. ਕੁਲਬੀਰ ਸਿੰਘ



ਸੋਸ਼ਲ ਮੀਡੀਆ ’ਤੇ ਗਿਬਲੀ ਤਸਵੀਰਾਂ ਦਾ ਹੜ੍ਹ ਆਇਆ ਹੋਇਆ ਹੈ। ਅਸੀਂ ਭਾਰਤੀ ਭੇਡ-ਚਾਲ ਦੇ ਸ਼ੌਕੀਨ ਹਾਂ। ਏ ਆਈ ਦੀ ਵਰਤੋਂ ਨਾਲ ਆਪਣੀਆਂ ਤਸਵੀਰਾਂ ਜਪਾਨੀ ਕਲਾ ਦੀ ਸ਼ੈਲੀ ਵਿਚ ਢਾਲ ਕੇ ਲੋਕ ਸੋਸ਼ਲ ਮੀਡੀਆ ’ਤੇ ਸਾਂਝੀਆਂ ਕਰ ਰਹੇ ਹਨ।

ਇਹ ਵੇਖਣ ਨੂੰ ਭਾਵੇਂ ਦਿਲਚਸਪ ਤੇ ਆਕਰਸ਼ਕ ਲੱਗਦੀਆਂ ਹਨ। ਲੋਕ ਇਨ੍ਹਾਂ ਤਸਵੀਰਾਂ ਬਾਰੇ ਇੱਕ ਦੂਸਰੇ ਨੂੰ ਹਾਸਾ ਠੱਠਾ ਵੀ ਕਰ ਰਹੇ ਹਨ। ਪਰ ਸੋਸ਼ਲ ਮੀਡੀਆ ’ਤੇ ਕਿਸੇ ਵੀ ਨਵੇਂ ਰੁਝਾਨ ਦੀ ਵਰਤੋਂ ਕਦੇ ਕਾਹਲ ਵਿਚ ਅਤੇ ਬਿਨਾਂ ਸੋਚੇ ਸਮਝੇ ਨਹੀਂ ਕਰਨੀ ਚਾਹੀਦੀ। ਪਹਿਲਾਂ ਉਹਦੇ ਬਾਰੇ ਪੂਰੀ ਜਾਣਕਾਰੀ ਲੈ ਲੈਣੀ ਚਾਹੀਦੀ ਹੈ। ਕਿਉਂ ਕਿ ਅਜਿਹੇ ਰੁਝਾਨ ਦੀ, ਅਪਰਾਧੀ ਬਿਰਤੀ ਵਾਲੇ ਸ਼ਾਤਰ-ਦਿਮਾ.ਗ ਲੋਕ ਬੜੀ ਅਸਾਨੀ ਨਾਲ ਦੁਰਵਰਤੋਂ ਕਰ ਸਕਦੇ ਹਨ।

ਗਿਬਲੀ ਤਸਵੀਰਾਂ ਹਰੇਕ ਵਰਗ ਦੇ ਲੋਕ ਬੜੇ ਚਾਅ ਤੇ ਸ਼ੌਂਕ ਨਾਲ ਸੋਸ਼ਲ ਮੀਡੀਆ ’ਤੇ ਪਾ ਰਹੇ ਹਨ। ਇਹ ਨਰਮ ਰੰਗਾਂ ਵਾਲੀਆਂ ਜਾਦੂਮਈ ਤਸਵੀਰਾਂ ਸੁਪਨੇ ਵਰਗੀਆਂ ਲੱਗਦੀਆਂ ਹਨ। ਇਸਦੇ ਇਕਦਮ ਚਰਚਿਤ ਹੋਣ ਦਾ ਇੱਕ ਕਾਰਨ ਇਹ ਵੀ ਹੈ ਕਿ ਤੁਸੀਂ ਆਪਣੀ ਸੈਲ.ਫੀ, ਪਰਿਵਾਰਕ ਤਸਵੀਰ ਜਾਂ ਕਿਸੇ ਵੀ ਫੋਟੋ ਨੂੰ ਇੱਕ ਬਟਨ ਦਬਾ ਕੇ ਗਿਬਲੀ ਪੋਰਟਰੇਟ ਵਿਚ ਤਬਦੀਲ ਕਰ ਸਕਦੇ ਹੋ। ਇਹ ਪੋਰਟਰੇਟ ਕਲਾਕਿਰਤ ਵੀ ਲੱਗਦੀ ਹੈ, ਕਾਰਟੂਨ ਵੀ ਅਤੇ ਤਸਵੀਰ ਵੀ। ਇਹੀ ਇਸਦੀ ਵੱਖਰਤਾ ਤੇ ਵਿਸ਼ੇਸ਼ਤਾ ਹੈ। ਵੇਖਣ ਨੂੰ ਕਲਾਸਿਕ ਨਜ਼ਰ ਆਉਂਦੀ ਹੈ।

ਪਰੰਤੂ ਦੂਸਰੇ ਪਾਸੇ ਇੰਟਰਨੈਟ ਅਤੇ ਸੋਸ਼ਲ ਮੀਡੀਆ ਮਾਹਿਰ ਇਸਦੀ ਵਰਤੋਂ ਪ੍ਰਤੀ ਸੁਚੇਤ ਵੀ ਕਰ ਰਹੇ ਹਨ। ਜਦੋਂ ਤੁਸੀਂ ਇਸ ਤਕਨੀਕ ਦੀ ਵਰਤੋਂ ਕਰਦੇ ਹੋ ਤਾਂ ਤੁਹਾਡਾ ਨਿੱਜੀ ਡਾਟਾ ਚੋਰੀ ਹੋ ਸਕਦਾ ਹੈ। ਤੇਜ਼ੀ ਨਾਲ ਤਸਵੀਰ ਨੂੰ ਪੋਰਟਰੇਟ ਵਿਚ ਤਬਦੀਲ ਕਰਨ ਦੇ ਲਾਲਚ ਵਿਚ ਆਪਣੀ ਨਿੱਜਤਾ ਨੂੰ ਕਦੇ ਵੀ ਦਾਅ ’ਤੇ ਨਾ ਲਗਾਓ। ਕਿਉਂ ਕਿ ਤੁਹਾਡੀਆਂ ਇਨ੍ਹਾਂ ਤਸਵੀਰਾਂ ਅਤੇ ਡਾਟਾ ਨੂੰ ਤੁਹਾਨੂੰ ਬਦਨਾਮ ਕਰਨ, ਪ੍ਰੇਸ਼ਾਨ ਕਰਨ ਲਈ ਕਿਸੇ ਵੀ ਸਮੇਂ ਪ੍ਰਯੋਗ ਕੀਤਾ ਜਾ ਸਕਦਾ ਹੈ।

ਤੁਹਾਡੀ ਸਹਿਮਤੀ ਤੋਂ ਬਿਨ੍ਹਾਂ ਇਨ੍ਹਾਂ ਨੂੰ ਕਿਤੇ ਵੀ ਵਰਤਿਆ ਜਾ ਸਕਦਾ ਹੈ। ਅਪਰਾਧੀ ਕਿਸਮ ਦੇ ਲੋਕਾਂ ਦੁਆਰਾ ਡਾਟਾ ਦੀ ਦੁਰਵਰਤੋਂ ਦੀਆਂ ਖ਼ਬਰਾਂ ਰੋਜ਼ਾਨਾ ਅਖ਼ਬਾਰਾਂ ਵਿਚ ਪ੍ਰਕਾਸ਼ਿਤ ਹੁੰਦੀਆਂ ਰਹਿੰਦੀਆਂ ਹਨ।

ਗਿਬਲੀ ਤਸਵੀਰਾਂ ਪ੍ਰਤੀ ਯਕਦਮ ਲੋਕਾਂ ਦੇ ਆਕਰਸ਼ਨ ਤੇ ਦਿਲਚਸਪੀ ਤੋਂ ਪਤਾ ਚੱਲਦਾ ਹੈ ਕਿ ਵੱਖ ਵੱਖ ਕਲਾਵਾਂ ਪ੍ਰਤੀ ਲੋਕਾਂ ਦਾ ਉਤਸ਼ਾਹ ਹਮਸ਼ਾ ਤੋਂ ਬਣਿਆ ਰਿਹਾ ਹੈ ਜਿਹੜਾ ਅੱਜ ਵੀ ਬਰਕਰਾਰ ਹੈ। ਘਿਬਲੀ ਸ਼ੈਲੀ ਕਲਾ ਵਿਚ ਕਲਾਤਮਕਤਾ ਹੈ, ਕੋਮਲਤਾ ਹੈ, ਆਪਣਾਪਨ ਹੈ, ਸੁਹਜ ਹੈ, ਭਾਵਨਾਤਮਕਤਾ ਹੈ, ਇਸ ਲਈ ਇਹ ਸੱਭ ਨੂੰ ਭਾਉਂਦੀ ਹੈ, ਸੱਭ ਲਈ ਮਜ਼ੇਦਾਰ ਹੈ, ਸੱਭ ਦੇ ਸੁਹਜ-ਸੁਆਦ ਦੀ ਤ੍ਰਿਪਤੀ ਕਰਦੀ ਹੈ। ਇਹ ਵੀ ਯਕੀਨੀ ਹੈ ਕਿ ਗਿਬਲੀ ਤਸਵੀਰਾਂ ਖੁਸ਼ੀ ਫੈਲਾਉਂਦੀਆਂ ਹਨ, ਸਿਰਜਣਾਤਮਿਕਤਾ ਨੂੰ ਪ੍ਰੇਰਿਤ ਕਰਦੀਆਂ ਹਨ, ਮਨ ਨੂੰ ਆਨੰਦਿਤ ਕਰਦੀਆਂ ਹਨ।

ਸਾ.ਫਟਵੇਅਰ ਇੰਜੀਨੀਅਰ ਗ੍ਰਾਂਟ ਸਲੈਟਨ ਨੇ ਗਿਬਲੀ ਸ਼ੈਲੀ ਦੀ ਏ ਆਈ ਕਲਾ ਪ੍ਰਵਿਰਤੀ ਨੂੰ ਚਰਚਿਤ ਤੇ ਹਰਮਨਪਿਆਰੀ ਬਨਾਉਣ ਲਈ ਪਹਿਲ ਕੀਤੀ। ਉਸਨੇ ਪਹਿਲਾਂ ਓਪਨ ਏ ਆਈ ਦੁਆਰਾ ਆਪਣੇ ਅਤਿ ਆਧੁਨਿਕ ਤਸਵੀਰ-ਨਿਰਮਾਣ ਉਪਕਰਨ ਪੇਸ਼ ਕੀਤੇ ਅਤੇ ਉਸਦੇ ਤੁਰੰਤ ਬਾਅਦ ਸਮਾਂਦਰ ਕਿਨਾਰੇ ਆਪਣੇ ਪਰਿਵਾਰ ਅਤੇ ਕੁੱਤੇ ਏ ਆਈ ਰੂਪਾਂਤਰਿਤ ਤਸਵੀਰ ਐਕਸ ਸੋਸ਼ਲ ’ਤੇ ਪੋਸਟ ਕੀਤੀ।

ਵੇਖਦੇ ਹੀ ਵੇਖਦੇ ਗਿਬਲੀਫਾਈਡ ਤਸਵੀਰਾਂ ਸੋਸ਼ਲ ਮੀਡੀਆ ਦੀ ਨਵੀਨਤਮਕ ਸਨਸਨੀ ਵਿਚ ਬਦਲ ਗਈਆਂ ਅਤੇ ਇਕ ਗਰਮਾ ਗਰਮ ਬਹਿਸ ਨੂੰ ਜਨਮ ਦੇ ਦਿੱਤਾ। ਮੀਡੀਆ ਦੇ ਵੱਖ ਵੱਖ ਮੰਚਾਂ ’ਤੇ ਇਹਦੇ ਬਾਰੇ ਲਗਾਤਾਰ ਚਰਚਾ ਹੋ ਰਹੀ ਹੈ।

ਇਸੇ ਚਰਚਾ ਦਾ ਹਿੱਸਾ ਇੱਕ ਉਹ ਵੀਡੀਓ ਹੈ ਜਿਹੜੀ ਇਕ ਟੈਲੀਵਿਜ਼ਨ ਚੈਨਲ ਵੱਲੋਂ ਸੋਸ਼ਲ ਮੀਡੀਆ ’ਤੇ ਪਾਈ ਹੋਈ ਹੈ। ਗਿਬਲੀ ਤਸਵੀਰਾਂ ਦੇ ਪ੍ਰਸੰਗ ਵਿਚ ਟੀ.ਵੀ. ਐਂਕਰ ਕਹਿ ਰਿਹਾ ਹੈ ਕਿ ਜਦੋਂ ਤੁਸੀਂ ਕੋਈ ਆਪਣੀ ਜਾਂ ਆਪਣੇ ਪਰਿਵਾਰ ਦੀ ਤਸਵੀਰ ਨੂੰ ਗਿਬਲੀ ਕਲਾ (ਕਾਰਟੂਨ) ਵਿਚ ਪਰਿਵਰਤਤ ਕਰਨ ਲਈ ਕਹਿੰਦੇ ਹੋ ਤਾਂ ਆਪਣੀ, ਆਪਣੇ ਪਰਿਵਾਰ ਦੀ ਨਿੱਜਤਾ ਤੇ ਸੁਰੱਖਿਆ ਨੰ ਦਾਅ ’ਤੇ ਲਾ ਦਿੰਦੇ ਹੋ। ਉਨ੍ਹਾਂ ਤਸਵੀਰਾਂ ਨੂੰ ਉਹ ਬਾਅਦ ਵਿਚ ਕਿਸੇ ਵੀ ਰੂਪ ਵਿਚ ਵਰਤ ਸਕਦੇ ਹਨ, ਉਨ੍ਹਾਂ ਨਾਲ ਛੇੜ ਛਾੜ ਕਰ ਸਕਦੇ ਹਨ।

ਗਿਬਲੀ ਸਟੂਡੀਓ ਆਪਣੀ .ਫਿਲਮ ਨਿਰਮਾਣ ਦੀ ਉੱਚ ਗੁਣਵਤਾ ਅਤੇ ਕਲਾਤਮਕਤਾ ਲਈ ਜਾਣਿਆ ਜਾਂਦਾ ਹੈ। ਇਸਦੀ ਹਰੇਕ ਫੀਚਰ .ਫਿਲਮ ਨੇ ਆਲੋਚਨਾ ਅਤੇ ਪ੍ਰਸੰਸਾ ਹਾਸਲ ਕੀਤੀ ਅਤੇ ਹੋਰਨਾਂ ਐਨੀਮੇਸ਼ਨ ਸਟੂਡੀਓ ਦਾ ਧਿਆਨ ਖਿੱਚਿਆ।

ਇਸ ਸਟੂਡੀਓ ਦਾ ਨਾਂ ਰੱਖਣ ਵੇਲੇ ਲੀਬੀਆਈ-ਅਰਬੀ ਸ਼ਬਦ ‘ਗਿਬਲੀ’ ਤੋਂ ਪ੍ਰੇਰਨਾ ਲਈ ਗਈ ਜਿਸਦਾ ਸ਼ਬਦੀ ਅਰਥ ਹੈ ‘ਗਰਮ ਰੇਗਿਸਤਾਨੀ ਹਵਾ’। ਇਹ ਨਾਂ ਇਸ ਉਮੀਦ ਨਾਲ ਰੱਖਿਆ ਗਿਆ ਸੀ ਕਿ ‘ਗਿਬਲੀ ਸਟੂਡੀਓ’ ਨਾਲ ਐਨੀਮੇਸ਼ਨ ਉਦਯੋਗ ਵਿਚ ਇਕ ਨਵੀਂ ਹਵਾ ਵਗੇਗੀ।

ਹੁਣ ਇੰਟਰਨੈਟ ਅਤੇ ਏ ਆਈ ਦੇ ਸੁਮੇਲ ਸਦਕਾ ਗਿਬਲੀ ਕਲਾ ਪੂਰੀ ਦੁਨੀਆਂ ਵਿਚ ਛਾ ਗਈ ਹੈ।

೦ ೦ ೦

ਲੜੀਵਾਰ ਨਾਵਲ



ਕਮਲ ਗਿੱਲ
Mob : +44 07454 394684

ਕਿਸ਼ਤ-20

# ਗੰਧਲੇ ਰਿਸ਼ਤੇ

**ਵਿਰਾਸਤ ਦੇ ਨਾਮ ਤੇ ਕੁੱਝ ਉਸ ਲਈ ਛੱਡ ਕੇ ਜਾਣ ਨਾਲੋਂ ਚੰਗਾ ਹੈ ਕਿ ਉਸ ਨੂੰ ਕਾਬਿਲ ਬਣਾਵਾਂ, ਉਹੀ ਉਸ ਦੀ ਅਸਲ ਵਿਰਾਸਤ ਹੈ। ਤੇ ਹੁਣ ਉਹ ਆਪਣੇ ਪੈਰਾਂ 'ਤੇ ਖੜ੍ਹਾ ਹੈ ਤੇ ਰੱਬ ਦਾ ਸ਼ੁਕਰ ਹੈ ਉਸ ਦੀ ਜੀਵਨ ਸਾਥਣ ਬਿਲਕੁਲ ਸ਼ਰੀਫ ਭਲੀ ਬੱਚੀ ਹੈ । ਦੋਵੇਂ ਆਪਣੀ ਜ਼ਿੰਦਗੀ ਵਿਚ ਬਹੁਤ ਖੁਸ਼ ਹਨ। ਦੋਵੇਂ ਬੱਚੇ ਕਾਮਯਾਬ ਵਕੀਲ ਹਨ ਤੇ ਦੋਹਾਂ ਨੇ ਆਪਣੀ ਫਰਮ ਖੋਲ੍ਹੀ ਹੋਈ ਹੈ ਕੰਮ ਬਹੁਤ ਵਧੀਆ ਹੈ ਦੋਹਾਂ ਦਾ ਤੇ ਬਹੁਤ ਖੁਸ਼ ਹਨ ਆਪਣੀ ਲਾਇਫ ਵਿਚ। ਉਨ੍ਹਾਂ ਨੂੰ ਖੁਸ਼ ਦੇਖ ਮੈਂ ਖੁਸ਼ ਹਾਂ। ਹੁਣ ਜਿੰਨਾਂ ਚਿਰ ਜ਼ਿੰਦਗੀ ਹੈ ਬਸ ਮੈਂ ਪੜ੍ਹਨ-ਲਿਖਣ ਵੱਲ ਧਿਆਨ ਦੇਣਾ ਚਾਹੁੰਦੀ ਹਾਂ।'''ਨਹੀਂ ਨਹੀਂ ਬਿਲਕੁਲ ਸਹੀ, ਤੁਸੀਂ ਆਪਣਾ ਸਮ੍ਹਾਂ ਹੁਣ ਪੜ੍ਹਨ-ਲਿਖਣ 'ਤੇ ਹੀ ਲਾਓ।''**




ਸੱਚੀ, ਤਾਂ ਹੀ ਕੈਲਾਸ਼ ਇਥੇ ਪੰਜ ਸਾਲਾਂ ਤੋਂ ਵਸੀ ਹੈ। ਕਿੰਨਾ ਸੋਹਣਾ ਮੁਲਕ, ਕਿੰਨੀ ਸ਼ਾਂਤੀ, ਕਿੰਨਾ ਸੋਹਣਾ ਮੌਸਮ, ਜਿਉਣ ਲਈ ਹੋਰ ਕੀ ਚਾਹੀਦਾ ਬੰਦੇ ਨੂੰ। ਮਨ ਹੀ ਮਨ ਮੈਂ ਕੈਲਾਸ਼ ਨੂੰ ਬਹੁਤ ਲੱਕੀ ਸਮਝ ਰਹੀ ਸੀ।

''ਚੱਲ ਆ ਜਾ ਹੁਣ ਥੱਲੇ ਚੱਲਦੇ ਹਾਂ, ਮੈਂ ਆਲੂ ਗੋਭੀ ਬਣਾਈ ਹੈ ਤੇ ਨਾਲ ਮਸਰਾਂ ਦੀ ਦਾਲ ਵੀ ਤੂੰ ਬਸ ਦੋ-ਦੋ ਫੁਲਕੇ ਲਾ ਲੈ, ਮੈਂ ਬਾਹਰੋਂ ਤਰ ਤੇ ਟਮਾਟਰ ਤੋੜ ਕੇ ਲਿਆਉਂਦੀ ਹਾਂ।''

ਵਾਪਸ ਥੱਲੇ ਆ ਕੇ ਕੈਲਾਸ਼ ਜੀ ਫਿਰ ਗਾਰਡਨ ਵੱਲ ਚਲੇ ਗਏ ਤੇ ਮੈਂ ਗੈਸ ਔਨ ਕਰਕੇ ਰੋਟੀ ਲਾਉਣ ਲੱਗ ਗਈ। 12 ਕਦ ਵੱਜ ਗਏ ਪਤਾ ਹੀ ਨਹੀਂ ਚੱਲਿਆ।

ਰੋਟੀ ਪਕਾਉਂਦਿਆਂ ਮੈਂ ਸੋਚ ਰਹੀ ਸੀ ਕਿ ਬਰਮਿੰਘਮ ਤੋਂ ਤੁਰਨ ਲੱਗਿਆਂ ਮੈਂ ਕਦੇ ਸੋਚਿਆ ਵੀ ਨਹੀਂ ਸੀ ਕਿ ਇਸ ਤਰ੍ਹਾਂ ਇਥੇ ਆ ਕੇ ਆਪਣੀ ਪਿਆਰੀ ਕੈਲਾਸ਼ ਨੂੰ ਮਿਲਾਂਗੀ। ਮਨ ਹੀ ਮਨ ਮੈਂ ਬਹੁਤ ਖੁਸ਼ ਸਾਂ। ਕੈਲਾਸ਼ ਜੀ ਨੇ ਸਲਾਦ ਰੈਡੀ ਕਰ ਲਿਆ ਤੇ ਮੈਂ ਰੋਟੀ। ਕਿਚਨ ਵਿਚ ਹੀ ਡਾਈਨਿੰਗ ਟੇਬਲ 'ਤੇ ਬਹਿ ਕੇ ਅਸੀਂ ਪ੍ਰਸ਼ਾਦਾ ਛੱਕ ਲਿਆ। ਦਾਲ ਬਹੁਤ ਹੀ ਸਵਾਦ ਬਣੀ ਸੀ। ਜਿਵੇਂ ਮੇਰੀ ਮਾਂ ਦੇ ਹੱਥਾਂ ਦੀ ਮਸਰਾਂ ਦੀ ਦਾਲ ਹੋਵੇ ਤੇ ਸਬਜ਼ੀ ਵੀ ਬਹੁਤ ਸਵਾਦ।

ਰੋਟੀ ਖਾ ਕੇ, ਭਾਂਡੇ ਧੋ ਕਿਚਨ ਸਵਾਰ ਅਸੀਂ ਵਾਪਸ ਸੀਟਿੰਗ ਰੂਮ ਵਿਚ ਆ ਗਈਆਂ।

''ਬੀਰਾ ਬਾਹਰ ਜਾਣਾ ਕਿਤੇ ਘੁੰਮਣ-ਫਿਰਨ?''

ਉਨ੍ਹਾਂ ਮੁਸਕੁਰਾ ਕੇ ਮੈਨੂੰ ਬਾਹਰ ਘੁਮਾਉਣ-ਫਿਰਾਉਣ ਦਾ ਨਿਓਤਾ ਦਿੱਤਾ।

''ਨਹੀਂ-ਨਹੀਂ ਕੈਲਾਸ਼ ਜੀ, ਮੈਂ ਨਹੀਂ ਜਾਣਾ ਕਿਤੇ ਵੀ ਬੱਸ ਮੈਂ ਤੁਹਾਡੇ ਕੋਲ ਹੀ ਰਹਿਣਾ ਅੱਜ ਤੁਹਾਡੇ ਨਾਲ ਹੀ ਗੱਲਾਂ ਕਰਨੀਆਂ ਹਨ। ਤੁਸੀਂ ਕਿਤੇ ਤਾਂ ਨਹੀਂ ਜਾਣਾ ਸੀ ਜੀ?''

''ਨਾ ਨਾ ਮੈਂ ਤਾਂ ਵਿਹਲੀ ਹੀ ਹਾਂ। ਕੰਮ ਕੋਈ ਕਰਦੀ ਨਹੀਂ ਹਾਂ। ਤਾਜ ਨੇ ਇਕ ਛੋਟੀ ਜਿਹੀ ਕੌਫੀ ਸ਼ਾਪ ਖੋਲ੍ਹ ਕੇ ਦਿੱਤੀ ਹੋਈ ਹੈ ਮੈਨੂੰ ਉਹ ਕੋਰਨਰ 'ਤੇ ਅਗਾਂਹ ਜਾ ਕੇ ਇਸੇ ਰੋਡ 'ਤੇ ਖੱਬੇ ਹੱਥ। ਕੌਫੀ ਅਤੇ ਸੈਂਡਵਿਚ ਸ਼ਾਪ ਬਹੁਤ ਬਿਜ਼ੀ ਹੁੰਦੇ ਹੈ ਸਵੇਰੇ 7 ਤੋਂ ਦੁਪਹਿਰ 2 ਵਜੇ ਤੱਕ ਹੀ ਖੋਲ੍ਹਦੇ ਹਾਂ। ਪੰਜ ਸਾਲ ਮੈਂ ਹੀ ਚਲਾਈ ਦੋ ਗੋਰੀਆਂ ਰੱਖੀਆਂ ਸਨ। ਆਰਾਮ ਨਾਲ ਮੈਂ 10 ਕੁ ਵਜੇ ਜਾਂਦੀ ਤੇ 2 ਵਜੇ ਬੰਦ ਕਰਕੇ ਵਾਪਸ ਆ ਜਾਂਦੀ। ਬਹੁਤ ਮਜ਼ੇ ਦਾ ਕੰਮ ਸੀ ਤੇ ਮੇਰੀ ਪਸੰਦੀਦਾ ਵੀ। ਪਰ ਹੁਣ ਆਹ ਮਹੀਨੇ ਦੀ ਸ਼ੁਰੂਆਤ ਤੋਂ ਮੈਂ ਅਗਾਂਹ ਲੀਜ਼ 'ਤੇ ਦੇ ਦਿੱਤੀ ਹੈ। ਹੁਣ 57 ਸਾਲਾਂ ਦੀ ਹੋ ਜਾਣਾ। ਹੁਣ ਮੈਂ ਕੰਮ ਨਹੀਂ ਕਰਨਾ ਬੱਸ ਜ਼ਿੰਦਗੀ ਆਰਾਮ ਨਾਲ ਜਿਉਣੀ ਹੈ। ਨਾਲੇ ਪੈਸੇ ਨਾਲ ਤਾਂ ਬੰਦਾ ਕਦੀ ਰੱਜਦਾ ਹੀ ਨਹੀਂ।'' ਨਾਲੇ ਕਮਾਉਣਾ ਕਿਸ ਲਈ ਹੁੰਦਾ ਨਿਆਣਿਆ ਲਈ। ਵਾਹਿਗੁਰੂ ਦੀ ਮਿਹਰ ਆ ਮੇਰੇ ਬੱਚੇ ਸੈੱਟ ਹਨ। ਪੜ੍ਹ-ਲਿੱਖ ਆਪਣੇ ਪੈਰਾਂ 'ਤੇ ਖੜ੍ਹੇ ਹਨ। ਮੈਂ ਹਮੇਸ਼ਾ ਇਹੀ ਸੋਚਦੀ ਹੁੰਦੀ ਸੀ ਕਿ ਆਪਣੇ ਬੇਟੇ ਨੂੰ ਕਾਬਲ ਬਣਾ ਕੇ ਉਸ ਨੂੰ ਉਸ ਦੇ ਪੈਰਾਂ 'ਤੇ ਖੜੇ ਕਰਨਾ ਹੈ ਤੇ ਅੱਜ ਉਹ ਉਸ ਕਾਬਲ ਬਣ ਗਿਆ ।

ਵਿਰਾਸਤ ਦੇ ਨਾਮ ਤੇ ਕੁੱਝ ਉਸ ਲਈ ਛੱਡ ਕੇ ਜਾਣ ਨਾਲੋਂ ਚੰਗਾ ਹੈ ਕਿ ਉਸ ਨੂੰ ਕਾਬਿਲ ਬਣਾਵਾਂ, ਉਹੀ ਉਸ ਦੀ ਅਸਲ ਵਿਰਾਸਤ ਹੈ। ਤੇ ਹੁਣ ਉਹ ਆਪਣੇ ਪੈਰਾਂ 'ਤੇ ਖੜ੍ਹਾ ਹੈ ਤੇ ਰੱਬ ਦਾ ਸ਼ੁਕਰ ਹੈ ਉਸ ਦੀ ਜੀਵਨ ਸਾਥਣ ਬਿਲਕੁਲ ਸ਼ਰੀਫ ਭਲੀ ਬੱਚੀ ਹੈ । ਦੋਵੇਂ ਆਪਣੀ ਜ਼ਿੰਦਗੀ ਵਿਚ ਬਹੁਤ ਖੁਸ਼ ਹਨ। ਦੋਵੇਂ ਬੱਚੇ ਕਾਮਯਾਬ ਵਕੀਲ ਹਨ ਤੇ ਦੋਹਾਂ ਨੇ ਆਪਣੀ ਫਰਮ ਖੋਲ੍ਹੀ ਹੋਈ ਹੈ ਕੰਮ ਬਹੁਤ ਵਧੀਆ ਹੈ ਦੋਹਾਂ ਦਾ ਤੇ ਬਹੁਤ ਖੁਸ਼ ਹਨ ਆਪਣੀ ਲਾਇਫ ਵਿਚ।

ਉਨ੍ਹਾਂ ਨੂੰ ਖੁਸ਼ ਦੇਖ ਮੈਂ ਖੁਸ਼ ਹਾਂ। ਹੁਣ ਜਿੰਨਾਂ ਚਿਰ ਜ਼ਿੰਦਗੀ ਹੈ ਬਸ ਮੈਂ ਪੜ੍ਹਨ-ਲਿਖਣ ਵੱਲ ਧਿਆਨ ਦੇਣਾ ਚਾਹੁੰਦੀ ਹਾਂ।''

''ਨਹੀਂ ਨਹੀਂ ਬਿਲਕੁਲ ਸਹੀ, ਤੁਸੀਂ ਆਪਣਾ ਸਮ੍ਹਾਂ ਹੁਣ ਪੜ੍ਹਨ-ਲਿਖਣ 'ਤੇ ਹੀ ਲਾਓ।''

ਕੁਝ ਨਵਾਂ ਲਿੱਖ ਰਹੇ ਹੋ ਅੱਜ ਕੱਲ?''

ਮੈਂ ਗੱਲ ਅਗਾਂਹ ਤੋਰੀ।

''ਹਾਂ ਕੁਝ ਕੀਤਾ ਹੈ ਸ਼ੁਰੂ ਦੇਖੋ ਕੱਦ ਤੱਕ ਨਿਬੜਦਾ।''

''ਕੌਫੀ ਪੀਏਂਗੀ ਬੀਰਾ?'' ਬਣਾ ਕੇ ਲਿਆਵਾਂ?

''ਤੁਸੀਂ ਬੈਠੋ ਮੈਂ ਆਪ ਹੀ ਲੈ ਆਉਂਦੀ ਹਾਂ ਜੇ ਤੁਹਾਡਾ ਮਨ ਹੈ ਤਾਂ?''

''ਹਾਂ ਹਾਂ ਲੈ ਆ, ਸੱਚੀ ਇਹ ਚੰਦਰੀ ਦੀ ਵੀ ਲੱਤ ਸ਼ਰਾਬ ਨਾਲੋਂ ਮਾੜੀ ਆ। ਸਵੇਰ ਦਾ ਤੀਜਾ ਕੱਪ ਹੈ ਮੇਰਾ।''

''ਕੌਫੀ ਦੇ ਦੋ ਕੱਪ ਲਿਆ ਕੇ ਮੈਂ ਟੇਬਲ 'ਤੇ ਧਰ ਦਿੱਤੇ।ਤੇ ਫਿਰ ਠੀਕ ਹੋ ਕੇ ਸੋਫੇ 'ਤੇ ਬੈਠ ਗਈ।

''ਕੌਫੀ ਤੂੰ ਸਵਾਦ ਬਣਾਉਂਦੀ ਹੈ, ਮੈਨੂੰ ਕਿਸੇ ਦੀ ਬਣਾਈ ਕੌਫੀ ਕਦੇ ਪਸੰਦ ਨਹੀਂ ਆਉਂਦੀ ਪਰ ਤੂੰ ਸੋਹਣੀ ਬਣਾਈ ਹੈ।''

''ਸ਼ੁਕਰੀਆ ਕੈਲਾਸ਼ ਜੀ।''

ਮੇਰਾ ਮਨ ਬੇਚੈਨ ਹੋ ਰਿਹਾ ਸੀ ਉਸ ਦੀ ਜ਼ਿੰਦਗੀ ਜਾਨਣ ਲਈ। ਕੀ ਬਣਿਆ ਉਸ ਦੂਜੇ ਘਰਵਾਲੇ ਦਾ। ਉਹ ਜਿਉਂਦਾ ਈ ਹੈ? ਜੇ ਜਿਉਂਦਾ ਹੈ ਤਾਂ ਕਿੱਥੇ ਹੈ? ਇਸ ਏਡੇ ਵੱਡੇ ਘਰ ਵਿਚ ਉਸ ਦੀ ਕੋਈ ਵੀ ਤਸਵੀਰ ਕਿਉਂ ਨਹੀਂ ਹੈ? ਬਹੁਤ ਸਾਰੇ ਸਵਾਲ ਮੇਰੇ ਦਿਮਾਗ ਵਿਚ ਖਲਬਲੀ ਮਚਾ ਰਹੇ ਸਨ। ਪਰ ਪੁੱਛਣ ਦੀ ਹਿੰਮਤ ਨਹੀਂ ਹੋ ਰਹੀ ਸੀ।

''ਕੀ ਸੋਚ ਰਹੀ ਹੈਂ ਬੀਰਾ?''

ਕੈਲਾਸ਼ ਨੇ ਕੌਫੀ ਦਾ ਘੁੱਟ ਭਰਦਿਆਂ ਮੇਰੇ ਤੋਂ ਪੁੱਛਿਆ।

''ਕੁਝ ਨਹੀਂ ਬੱਸ ਉਵੇਂ ਹੀ ਸੋਚ ਰਹੀ ਹਾਂ ਕਿ ਇਹ ਦੇਸ਼ ਕਿੰਨਾ ਸੋਹਣਾ ਹੈ, ਬੱਸ ਇਥੇ ਦੇ ਮੌਸਮ ਬਾਰੇ ਹੀ ਸੋਚ ਰਹੀ ਸੀ।''

''ਚੱਲ ਝੂਠੀ'' ਇੰਨਾ ਆਖ ਉਹ ਖਿੜਖਿੜਾ ਕੇ ਹੱਸ ਪਈ।

ਮੈਨੂੰ ਇਕ ਦਮ ਲੱਗਾ ਮੇਰੀ ਚੋਰੀ ਫਿਰ ਫੜੀ ਗਈ।

ਮੇਰੇ ਮਨ ਵਿਚ ਉਹ ਲਾਈਨਾਂ ਆ ਗਈਆਂ ਕਿਤੇ ਲਿਖੀਆਂ ਪੜ੍ਹੀਆਂ ਸਨ.........

''ਝੂਠ ਸੁਣਨ ਦਾ ਮਜ਼ਾ ਉਦੋਂ ਆਉਂਦਾ ਹੈ ਜਦੋਂ ਤੁਹਾਨੂੰ ਅਗਲੇ ਦਾ ਸੱਚ ਪਹਿਲਾਂ ਤੋਂ ਹੀ ਪਤਾ ਹੋਵੇ।'' ਹਾਏ ਮੇਰੇ ਨਾਲ ਵੀ ਇਹੀ ਹੋਇਆ ਲੱਗਦਾ।

ਮੇਰੀ ਚੋਰੀ ਫੜੀ ਗਈ ਲੱਗਦੀ ਸੀ। ਮੈਂ ਚੁੱਪਚਾਪ ਹੋ ਕੇ ਬੈਠ ਗਈ। ਤੂੰ ਇਸ ਘਰ ਵਿਚੋਂ ਮੇਰਾ ਦੂਜਾ ਘਰਵਾਲਾ ਲੱਭਦੀ ਪਈ ਏਂ ਨਾ, ਜਦ ਦੀ ਅੰਦਰ ਆਈ ਹੈਂ?''

ਕੈਲਾਸ਼ ਦੀ ਗੱਲ ਸੁਣ ਕੇ ਮੈਂ ਹੋਰ ਝੂਠੀ ਪੈ ਗਈ 100% ਮੇਰਾ ਝੂਠ ਫੜਿਆ ਗਿਆ ਸੀ।

''ਨਹੀਂ ਨਹੀਂ ਇਹੋ ਜਿਹੀ ਕੋਈ ਗੱਲ ਨੀ ਕੈਲਾਸ਼ ਜੀ।''

''ਮੈਨੂੰ ਪਤਾ ਹੈ ਤੂੰ ਜਰਨਲਿਸਟ ਹੈ ਰਾਇਟਰ ਹੈ ਅਤੇ ਇਕ ਚੰਗੀ ਸਰੋਤਾ ਤੇ ਪਾਠਕ ਵੀ।

ਫਿਰ ਇਹ ਕਿਵੇਂ ਹੋ ਸਕਦਾ ਕਿ ਤੂੰ ਮੇਰੇ ਇਹ ਗਿਆਰਾਂ ਸਾਲਾਂ ਦਾ ਹਿਸਾਬ ਨਾ ਲੱਭ ਰਹੀ ਹੋਵੇ।''

''ਗਿਆਰਾਂ ਸਾਲਾਂ ਦਾ ਹਿਸਾਬ.........!''

ਹਾਂ ਕੈਲਾਸ਼ ਜੀ ਸ਼ਾਇਦ ਤੁਸੀਂ ਸਹੀ ਕਹਿ ਰਹੇ ਹੋ। ਆਪਾਂ ਗਿਆਰਾਂ ਸਾਲਾਂ ਬਾਅਦ ਮਿਲੇ ਹਾਂ ਅਤੇ ਇਸ ਲੰਬੇ ਸਮੇਂ ਵਿਚ ਆਪਣੀ ਕੋਈ ਗੱਲਬਾਤ ਵੀ ਨਹੀਂ ਹੋਈ। ਆਖਰੀ ਵਾਰ ਫੂਨ 'ਤੇ ਤੁਸੀਂ ਦੱਸਿਆ ਸੀ ਕਿ ਨਵਾਂ ਜੀਵਨ ਸਾਥੀ ਮਿਲ ਗਿਆ ਹੈ। ਤੇ ਤੁਸੀਂ ਬਹੁਤ ਖੁਸ਼ ਨਜ਼ਰ ਆ ਰਹੇ ਸੀ ਉਸ ਸਮੇਂ ਤੇ ਫਿਰ ਤੁਸੀਂ ਮੈਨੂੰ ਆਪਣੀ ਰਿੰਗ ਸੈਰੇਮਨੀ ਦੀ ਗੱਲ ਦੱਸੀ ਕਿ ਸ਼ਾਇਦ ਚਾਰ ਕੁ ਵੀਕ ਤੱਕ ਹੋਵੇਗੀ। ਉਸ ਵੇਲੇ ਮੇਰੀ ਇੰਡੀਆ ਦੀ ਤਿਆਰੀ ਸੀ ਮੈਂ 8 ਹਫਤਿਆਂ ਲਈ ਇੰਡੀਆ ਗਈ ਸੀ। ਵਾਪਸ ਆਈ ਤਾਂ ਤੁਹਾਨੂੰ ਲੱਭਣ ਦੀ ਕੋਸ਼ਿਸ਼ ਕੀਤੀ। ਤੁਹਾਡੇ ਗੁਆਂਢੀ ਨੇ ਦੱਸਿਆ ਕਿ ਤੁਸੀਂ ਜ਼ਿਆਦਾ ਆਪਣੇ ਸੋਹਰੇ ਘਰ ਨਿਊਕੀ ਵਿਚ ਹੀ ਰਹਿੰਦੇ ਹੋ।

ਤੁਹਾਡਾ ਨੰਬਰ ਵੀ ਬੰਦ ਆਉਂਦਾ ਜਦੋਂ ਵੀ ਮੈਂ ਫੋਨ ਕਰਦੀ। ਬਸ ਫਿਰ ਮੈਂ ਸੋਚਿਆ ਤੁਸੀਂ ਨਵੀਂ ਜ਼ਿੰਦਗੀ ਵਿਚ ਖੁਸ਼ ਹੋ ਤੇ ਅਗਾਂਹ ਵੱਧ ਗਏ ਤੇ ਪਿਛਲੀ ਜ਼ਿੰਦਗੀ ਤੋਂ ਮੈਂ ਚੰਗੀ ਤਰ੍ਹਾਂ ਜਾਣੂੰ ਸੀ ਕਿ ਤੁਸੀਂ ਕੀ ਕੀ ਸੰਤਾਪ ਹੰਢਾਏ ਸਨ ਆਪਣੇ ਪਿੰਡੇ 'ਤੇ।''

ਤੁਹਾਡੀ ਆਖਰੀ ਫੂਨ 'ਤੇ ਹੋਈ ਗੱਲਬਾਤ ਤੋਂ ਤੁਸੀਂ ਬਹੁਤ ਖੁਸ਼ ਸੀ। ਸੋ ਮੈਂ ਇਹੀ ਸੋਚ ਕੇ ਖੁਸ਼ ਸੀ ਕਿ ਤੁਸੀਂ ਆਪਣੀ ਇਸ ਨਵੀਂ ਜ਼ਿੰਦਗੀ 'ਚ ਬਹੁਤ ਖੁਸ਼ ਹੋ।''

ਮੇਰੀਆਂ ਗੱਲਾਂ ਸੁਣ ਉਸ ਨੇ ਫਿਰ ਲੰਬਾ ਹੌਕਾ ਲਿਆ ਅਤੇ ਪੱਖੇ ਦੀ ਸਪੀਡ ਘਟਾ ਦਿੱਤੀ।

ਸ਼ਾਇਦ ਉਸ ਨੂੰ ਕਾਂਬਾ ਲੱਗ ਰਿਹਾ ਸੀ। ਮੈਨੂੰ ਯਾਦ ਹੈ, ਕੈਲਾਸ਼ ਜੀ ਦਾ ਨਵਾਂ ਘਰਵਾਲਾ ਕੋਰਨਵੈੱਲ ਦੀ ਨੋਰਥ ਕੋਸਟ ਨਿਊਕੀ ਤੋਂ ਸੀ। ਨਿਊਕੀ ਬਹੁਤ ਹੀ ਸੋਹਣਾ ਇੰਗਲੈਂਡ ਦਾ ਕੋਰਨਵੈੱਲ ਸਾਈਡ ਦਾ ਪਾਰਟ ਹੈ ਉਥੇ ਸਾਰੇ ਗੋਰੇ ਹੀ ਰਹਿੰਦੇ ਹਨ। ਆਪਣੇ ਇੰਡੀਆ ਦੇ ਲੋਕ ਬਹੁਤ ਘੱਟ ਹਨ। ਬਰਮਿੰਘਮ ਤੋਂ ਕੋਈ 4 ਸਾਢੇ 4 ਘੰਟਿਆਂ ਦਾ ਰਾਹ। ਪਰ ਮੁਹੱਬਤ ਫਾਸਲੇ ਨਹੀਂ ਦੇਖਦੀ।

''ਕੈਲਾਸ਼ ਜੀ ਕਿਵੇਂ ਰਿਹਾ ਤੁਹਾਡਾ ਦੂਜੇ ਵਿਆਹ ਦਾ ਸਫਰ? ਇਥੇ ਹੀ ਰਹਿੰਦੇ ਨੇ ਜਾਂ ਇੰਡੀਆ ਗਏ ਹੋਏ ਜਾਂ ਇੰਗਲੈਂਡ? ਕਿੱਥੇ ਨੇ ਉਹ ਅੱਜਕਲ।''

''ਪਰਮ... ! ਪਰਮਵੀਰ ਸਿੰਘ ਭੁੱਲਰ ਨਾਮ ਸੀ ਉਸ ਦਾ ਬੀਰਾ, ਮੇਰਾ ਨਵਾਂ ਘਰਵਾਲਾ । ਤੇਰੇ ਮਿਲਣ ਤੋ ਬਾਅਦ ਜਲਦ ਹੀ ਉਸ ਨਾਲ ਮੇਰੀ ਮੁਲਾਕਾਤ ਹੋਈ । ਇੱਕ ਹਨੇਰੀ ਵਾਂਘ ਪਤਾ ਨਹੀ ਕਿੱਧਰੋਂ ਉਹ ਮੇਰੀ ਜ਼ਿੰਦਗੀ ਵਿੱਚ ਆਇਆ ਤੇ ਸਾਰਾ ਕੁਝ ਨਾਲ ਉੱਡਾ ਕੇ ਲੈ ਗਿਆ।

**ਚਲਦਾ....**

# ਵਕ.ਫ ਸੋਧ ਕਾਨੂੰਨ ਅਤੇ ਘੱਟ ਗਿਣਤੀਆਂ

ਗੁਰਮੀਤ ਸਿੰਘ ਪਲਾਹੀ
9815802070




ਵਕ.ਫ ਸੋਧ ਬਿੱਲ ਪਾਸ ਹੋ ਗਿਆ ਹੈ, ਰਾਸ਼ਟਰਪਤੀ ਨੇ ਇਸ ਨੂੰ ਮਨਜ਼ੂਰੀ ਵੀ ਦੇ ਦਿੱਤੀ ਹੈ। ਪਾਸ ਹੋਇਆ ਇਹ ਬਿੱਲ ਕਾਨੂੰਨ ਬਣ ਚੁੱਕਾ ਹੈ। ਇਸ ਨੂੰ ਲਾਗੂ ਕਰਨ ਦੇ ਹੁਕਮ ਵੀ ਜਾਰੀ ਹੋ ਚੁੱਕੇ ਹਨ। ਪਰ ਇਸ ਦੇ ਵਿਰੁੱਧ ਆਵਾਜ਼ ਉਠਾਉਣੀ ਬੰਦ ਨਹੀਂ ਹੋਈ। ਪੱਛਮੀ ਬੰਗਾਲ ਵਿੱਚ ਵਿਰੋਧ ਪ੍ਰਦਰਸ਼ਨ ਅਤੇ ਅੱਗ ਲੱਗਣ ਦੀਆਂ ਘਟਨਾਵਾਂ ਵਾਪਰੀਆਂ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਇਸ ਕਾਨੂੰਨ ਨੂੰ ਪੱਛਮੀ ਬੰਗਾਲ ਵਿੱਚ ਲਾਗੂ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਹੈ। ਇਸ ਤਰ੍ਹਾਂ ਇੱਕ ਸਿਆਸੀ ਟਕਰਾਅ ਦਾ ਮੁੱਢ ਰੱਖਿਆ ਗਿਆ ਹੈ।

ਕਾਂਗਰਸੀ ਨੇਤਾ ਅਤੇ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਦਾਅਵਾ ਕੀਤਾ ਕਿ ਸੰਸਦ ਵੱਲੋਂ ਪਾਸ ਵਕ.ਫ ਸੋਧ ਕਾਨੂੰਨ ਧਾਰਮਿਕ ਆਜ਼ਾਦੀ 'ਤੇ ਹਮਲਾ ਹੈ ਅਤੇ ਸੰਵਿਧਾਨ ਵਿਰੋਧੀ ਕਦਮ ਹੈ। ਉਹਨਾ ਨੇ ਇਹ ਵੀ ਕਿਹਾ ਕਿ ਆਉਣ ਵਾਲੇ ਸਮੇਂ 'ਚ ਦੂਸਰੇ ਘੱਟ ਗਿਣਤੀ ਭਾਈਚਾਰਿਆਂ ਨੂੰ ਵੀ ਨਿਸ਼ਾਨਾ ਬਣਾਇਆ ਜਾਵੇਗਾ।

ਵਕ.ਫ ਸੋਧ ਐਕਟ ਦੇ ਵਿਰੁੱਧ ਸੁਪਰੀਮ ਕੋਰਟ ਵਿੱਚ ਵੀ ਪਟੀਸ਼ਨਾਂ ਦਾਇਰ ਕਰ ਦਿੱਤੀਆਂ ਗਈਆਂ ਹਨ। ਵਕ.ਫ ਦੇ ਵਿਰੁੱਧ ਜਿਸ ਤਰ੍ਹਾਂ ਨਾਲ ਸਿਆਸੀ ਅਤੇ ਸਮਾਜਿਕ ਟਕਰਾਅ ਹੁੰਦਾ ਵਿਖਾਈ ਦੇ ਰਿਹਾ ਹੈ, ਉਹ ਲੋਕਤੰਤਰ ਦੀ ਸਿਹਤ ਲਈ ਠੀਕ ਨਹੀਂ ਹੈ।

ਸੰਸਦ ਵਿੱਚ ਵਕ.ਫ ਸੋਧ ਬਿੱਲ ਪਾਸ ਕਰਨ ਤੋਂ ਪਹਿਲਾਂ ਜੇਕਰ ਆਮ ਸਹਿਮਤੀ ਬਣਾਈ ਜਾਂਦੀ ਤਾਂ ਚੰਗਾ ਹੁੰਦਾ। ਨਾ ਹੀ ਸੁਪਰੀਮ ਕੋਰਟ 'ਚ ਪਟੀਸ਼ਨ ਦਾਇਰ ਹੁੰਦੀਆਂ, ਅਤੇ ਨਾ ਹੀ ਜੰਮੂ-ਕਸ਼ਮੀਰ ਅਤੇ ਮਨੀਪੁਰ 'ਚ ਲੋਕ ਸੜਕਾਂ 'ਤੇ ਉਤਰਦੇ। ਮੁਰਸ਼ਦਾਬਾਦ ਜ਼ਿਲੇ 'ਚ ਪਥਰਾਅ ਅਤੇ ਅੱਥਰੂ ਗੈਸ ਛੱਡੇ ਜਾਣ ਦੀਆਂ ਤਸਵੀਰਾਂ ਡਰਾਉਂਦੀਆਂ ਹਨ। ਜੰਮੂ-ਕਸ਼ਮੀਰ ਵਿਧਾਨ ਸਭਾ 'ਚ ਸੱਤਾਧਾਰੀ ਤੇ ਵਿਰੋਧੀ ਧਿਰਾਂ ਇਸ ਮਸਲੇ 'ਤੇ ਇੱਕ-ਦੂਜੇ ਦੇ ਵਿਰੋਧ 'ਚ ਆ ਗਈਆਂ ਅਤੇ ਵਿਧਾਨ ਸਭਾ 'ਚ ਝਗੜਾ ਇੰਨਾ ਵਧ ਗਿਆ ਕਿ ਨੌਬਤ ਹੱਥੋਪਾਈ ਤੱਕ ਪੁੱਜ ਗਈ। ਵਿਰੋਧੀ ਧਿਰ ਲਗਾਤਾਰ ਇਸ ਮਾਮਲੇ ਤੇ ਦੋਸ਼ ਲਗਾ ਰਹੀ ਹੈ ਕਿ ਵਕ.ਫ ਸੋਧ ਬਿੱਲ ਉਤੇ ਉਹਨਾ ਵੱਲੋਂ ਉਠਾਏ ਗਏ ਨੁਕਤਿਆਂ ਨੂੰ ਧਿਆਨ 'ਚ ਨਹੀਂ ਲਿਆਂਦਾ ਗਿਆ। ਹਾਲਾਂਕਿ ਸਰਕਾਰ ਵੱਲੋਂ ਇਸ ਸਬੰਧੀ ਸੰਯੁਕਤ ਸੰਸਦੀ ਕਮੇਟੀ ਦਾ ਗਠਨ ਕੀਤਾ ਗਿਆ, ਪਰ ਮੀਟਿੰਗ 'ਚ ਕਿਉਂਕਿ ਬਹੁਸੰਮਤੀ ਸਰਕਾਰੀ ਪੱਖ ਦੀ ਸੀ, ਵਿਰੋਧੀ ਧਿਰ ਵੱਲੋਂ ਉਠਾਏ ਗਏ ਨੁਕਤੇ ਨੁਕਰੇ ਲਾ ਦਿੱਤੇ ਗਏ।

ਦੋਨਾਂ ਸਦਨਾਂ ਵਿੱਚ ਵਿਚਾਰ ਚਰਚਾ ਦੌਰਾਨ ਵੀ ਜੇਕਰ ਸਾਰੇ ਪਹਿਲੂਆਂ ਨੂੰ ਵਿਚਾਰ ਲਿਆ ਜਾਂਦਾ ਤਾਂ ਸ਼ਾਇਦ ਵਿਵਾਦ ਨਾ ਹੁੰਦਾ ਪਰ ਜਦੋਂ ਕੋਈ ਵੀ ਕਾਨੂੰਨ, ਭਾਵੇਂ ਉਹ ਆਮ ਜਨਤਾ ਦੇ ਹਿੱਤਾਂ ਵਾਲਾ ਵੀ ਕਿਉਂ ਨਾ ਹੋਵੇ, ਜੇਕਰ ਸਿਆਸੀ ਹਾਰ-ਜਿੱਤ ਨੂੰ ਧਿਆਨ 'ਚ ਰੱਖਕੇ ਬਣਾਇਆ ਜਾਂਦਾ ਹੈ ਤਾਂ ਇਹੋ ਜਿਹੇ ਵਿਵਾਦ ਉਠਣੇ ਲਾਜ਼ਮੀ ਹਨ। ਦੋਸ਼ ਲਗਾਏ ਜਾ ਰਹੇ ਹਨ ਕਿ ਵਕ.ਫ ਸੋਧ ਐਕਟ, ਮੁਸਲਮਾਨਾਂ ਪ੍ਰਤੀ ਦੁਰਭਾਵਨਾ ਨਾਲ ਪਾਸ ਕੀਤਾ ਗਿਆ ਹੈ। ਇਹ ਵੀ ਦੋਸ਼ ਹੈ ਕਿ ਵਕ.ਫ (ਸੋਧ) ਐਕਟ 2025 ਦੇ ਤਹਿਤ ਮੂਲ ਕਾਨੂੰਨ 'ਚ ਕੋਈ ਸੁਧਾਰ ਨਹੀਂ ਕੀਤਾ ਗਿਆ, ਸਗੋਂ ਮੌਜੂਦਾ ਕਾਨੂੰਨ ਤੇ ਕਟਾਰ ਚਲਾਕੇ ਉਸਦੀ ਪਛਾਣ ਮਿਟਾਉਣ ਦਾ ਯਤਨ ਹੋਇਆ ਹੈ।




ਪਿਛਲੇ ਸਮੇਂ 'ਚ ਖ਼ਾਸ ਤੌਰ 'ਤੇ ਇਕ ਦਹਾਕਾ ਪਿਛਲਖੁਰੀ ਜੇਕਰ ਵੇਖਿਆ ਜਾਵੇ ਤਾਂ ਕਿਹਾ ਜਾਣ ਲੱਗ ਪਿਆ ਹੈ ਕਿ ਭਾਰਤ ਵਿੱਚ ਸਾਰੇ ਧਰਮ ਬਰਾਬਰ ਨਹੀਂ ਰਹੇ। ਹਾਲਾਂਕਿ ਇਕ ਬਹੁ-ਧਾਰਮਿਕ ਲੋਕਤੰਤਰ ਦੇਸ਼ ਵਿੱਚ ਪਹਿਲਾ ਸਿਧਾਂਤ ਇਹ ਹੈ ਕਿ ਸਾਰੇ ਧਰਮ ਬਰਾਬਰ ਹਨ। ਧਾਰਮਿਕ ਸੰਸਥਾਵਾਂ ਦਾ ਪ੍ਰਬੰਧਨ ਧਾਰਮਿਕ ਸੰਸਥਾਵਾਂ ਦੇ ਹੱਥ ਹੋਣਾ ਚਾਹੀਦਾ ਹੈ।

ਭਾਰਤ ਵਿੱਚ, ਬਹੁਗਿਣਤੀ ਲੋਕ ਹਿੰਦੂ ਹਨ, ਇਹ ਸਿਧਾਂਤ ਹਿੰਦੂ ਧਾਰਮਿਕ ਥਾਵਾਂ ਅਤੇ ਸੰਸਥਾਵਾਂ 'ਤੇ ਵੀ ਲਾਗੂ ਹੋਏਗਾ। ਘੱਟ ਗਿਣਤੀਆਂ 'ਤੇ ਵੀ ਇਹ ਸਿਧਾਂਤ, ਸੰਵਿਧਾਨ ਅਨੁਸਾਰ ਲਾਗੂ ਹੈ। ਸੰਵਿਧਾਨ ਦੀ ਧਾਰਾ 26 ਅਨੁਸਾਰ ਧਾਰਮਿਕ ਮਸਲਿਆਂ ਦਾ ਪ੍ਰਬੰਧਨ ਕਰਨ ਦੀ ਆਜ਼ਾਦੀ ਉਸੇ ਧਰਮ ਦੇ ਲੋਕਾਂ ਨੂੰ ਹੈ। ਚੱਲ ਅਤੇ ਅਚੱਲ ਜਾਇਦਾਦ ਦਾ ਪ੍ਰਬੰਧਨ ਵੀ ਉਸੇ ਸੰਸਥਾ ਨੇ ਕਰਨਾ ਹੈ। ਧਰਮ ਦੇ ਮਸਲਿਆਂ 'ਚ ਪ੍ਰਬੰਧਨ ਵੀ ਉਸੇ ਧਾਰਮਿਕ ਸੰਸਥਾ ਨੇ ਕਰਨਾ ਹੈ। ਕਾਨੂੰਨ ਅਨੁਸਾਰ ਹਿੰਦੂ ਧਾਰਮਿਕ ਸੰਸਥਾਵਾਂ ਦਾ ਪ੍ਰਬੰਧ ਹਿੰਦੂਆਂ ਅਤੇ ਕੇਵਲ ਹਿੰਦੂਆਂ ਵਲੋਂ ਸੰਭਾਲਿਆ ਜਾਂਦਾ ਹੈ।

ਕੋਈ ਵੀ ਇਹ ਸੁਝਾਅ ਨਹੀਂ ਦੇ ਸਕਦਾ ਜਾਂ ਪ੍ਰਵਾਨ ਨਹੀਂ ਕਰ ਸਕਦਾ ਕਿ ਹਿੰਦੂ ਮੰਦਰਾਂ ਅਤੇ ਧਾਰਮਿਕ ਸੰਸਥਾਵਾਂ ਦਾ ਪ੍ਰਸ਼ਾਸ਼ਨ ਕੋਈ .ਗੈਰ-ਹਿੰਦੂ ਕਰੇ। ਇਹੀ ਦ੍ਰਿਸ਼ਟੀਕੋਨ ਹੋਰ ਧਰਮ ਨੂੰ ਮੰਨਣ ਵਾਲੇ ਲੱਖਾਂ ਲੋਕਾਂ ਦਾ ਵੀ ਹੋਏਗਾ। ਫਿਲਹਾਲ ਹਿੰਦੂ , ਈਸਾਈ, ਸਿੱਖ ਜਾਂ ਬੋਧੀ ਧਰਮ ਦੇ ਕਿਸੇ ਧਾਰਮਿਕ ਪੂਜਾ ਸਥਾਨ ਤੇ ਜਾਂ ਧਾਰਮਿਕ ਸੰਸਥਾ ਦੇ ਕਾਨੂੰਨ ਕਿਸੇ ਹੋਰ ਧਰਮ ਦੇ ਪੈਰੋਕਾਰਾਂ ਨੂੰ ਕੋਈ ਭੂਮਿਕਾ ਨਿਭਾਉਣ ਦੀ ਆਗਿਆ ਨਹੀਂ ਦਿੰਦਾ।

ਵਕ.ਫ ਐਕਟ 1995 ਦੇ ਅਧੀਨ ਇਸ ਸਿਧਾਂਤ ਦਾ ਪੂਰੀ ਤਰ੍ਹਾਂ ਪਾਲਣ ਕੀਤਾ ਗਿਆ। ਵਕ.ਫ ਦਾ ਅਰਥ ਹੈ, ਮੁਸਲਿਮ ਕਾਨੂੰਨ ਦੁਆਰਾ ਮਾਨਤਾ ਪ੍ਰਾਪਤ ਕਿਸੇ ਵੀ ਪਵਿੱਤਰ ਧਾਰਮਿਕ ਜਾਂ ਧਾਰਮਿਕ ਮਰਿਆਦਾ ਦੇ ਉਦੇਸ਼ ਲਈ ਕਿਸੇ ਵਿਅਕਤੀ ਦੁਆਰਾ ਜਾਇਦਾਦ ਦਾ ਸਥਾਈ ਦਾਨ। ਅਦਾਲਤਾਂ ਨੇ ਉਸ ਵਕ.ਫ ਨੂੰ ਵੀ ਮਾਨਤਾ ਦਿੱਤੀ ਹੈ ਜੋ ਕਿਸੇ .ਗੈਰ-ਮੁਸਲਿਮ ਵਲੋਂ ਵੀ ਦਿਤਾ ਗਿਆ ਹੋਵੇ। ਕਾਨੂੰਨ ਅਨੁਸਾਰ ਮੌਜੂਦਾ ਵਕ.ਫ ਬੋਰਡਾਂ ਦੇ ਸਾਰੇ ਮੈਂਬਰ ਅਤੇ ਮੁੱਖ ਕਾਰਜਕਾਰੀ ਅਧਿਕਾਰੀਆਂ ਦਾ ਮੁਸਲਿਮ ਹੋਣਾ ਜ਼ਰੂਰੀ ਹੈ। ਪਰ ਵਕ.ਫ ਸੋਧ ਕਾਨੂੰਨ 2025 ਅਨੁਸਾਰ ਪੁਰਾਣੇ ਸਿਧਾਤਾਂ ਅਤੇ ਪ੍ਰਥਾਵਾਂ ਨੂੰ ਉਲਟ ਦਿਤਾ ਗਿਆ ਹੈ। ਕਾਨੂੰਨ 'ਚ ਇਹ ਧਾਰਾ ਹਟਾ ਦਿੱਤੀ ਗਈ ਹੈ ਕਿ ਸੂਬਾ ਵਕ.ਫ ਬੋਰਡ ਦੇ ਮੈਂਬਰ ਮੁਸਲਮਾਨ ਹੀ ਹੋਣਗੇ। ਵਕ.ਫ ਜਾਇਦਾਦ ਵਿੱਚ ਹੱਦਬੰਦੀ ਨਿਯਮ ਲਾਗੂ ਨਹੀਂ ਹੁੰਦਾ ਸੀ,ਪਰ ਹੁਣ, ਇਹ ਲਾਗੂ ਹੋਏਗਾ।

ਹੁਣ ਸਵਾਲ ਉਠਾਏ ਜਾ ਰਹੇ ਹਨ ਕਿ ਜੇਕਰ ਇਸ ਕਾਨੂੰਨ ਤਹਿਤ .ਗੈਰ ਮੁਸਲਮਾਨਾਂ ਨੂੰ ਵਕ.ਫ ਬੋਰਡ 'ਚ ਨਿਯੁੱਕਤ ਕੀਤਾ ਜਾਂਦਾ ਹੈ, ਤਾਂ ਕੀ ਹਿੰਦੂ ਧਾਰਮਿਕ ਜਾਂ ਧਾਰਮਿਕ ਸੰਸਥਾਵਾਂ ਵਿਚ ਵੀ .ਗੈਰ-ਹਿੰਦੂਆਂ ਨੂੰ ਨਿਯੁੱਕਤੀ ਦਿਤੀ ਜਾਏਗੀ? ਸ਼ੰਕਾ ਇਹ ਵੀ ਪ੍ਰਗਟ ਕੀਤੀ ਜਾ ਰਹੀ ਹੈ ਕਿ ਇਸੇ ਮਾਡਲ 'ਤੇ ਹੋਰ ਧਾਰਮਿਕ ਸੰਸਥਾਵਾਂ ਭਾਵ ਈਸਾਈ, ਸਿੱਖ ਆਦਿ 'ਚ ਵੀ ਕਾਨੂੰਨ 'ਚ ਸੋਧ ਹੋਏਗੀ।

ਇਸ ਵਕ.ਫ ਸੋਧ ਐਕਟ ਤਹਿਤ ਅਧਿਕਾਰੀਆਂ ਨੂੰ ਅਧਿਕਾਰ ਦਿੱਤਾ ਗਿਆ ਹੈ ਕਿ ਉਹ ਵਕ.ਫ ਦੇ ਕੰਮਕਾਜ 'ਚ ਦਖਲ ਦੇਣ। ਉਂਜ ਜਿਥੇ ਕਿਧਰੇ ਵੀ ਧਾਰਮਿਕ ਸੰਸਥਾਵਾਂ ਦੀ ਵਾਗਡੋਰ, ਸਰਕਾਰੀ ਅਧਿਕਾਰੀਆਂ ਨੂੰ ਸੌਂਪੀ ਗਈ, ਭਾਵੇਂ ਉਹ ਹਿੰਦੂ ਧਾਰਮਿਕ ਅਸਥਾਨ ਹੀ ਕਿਉਂ ਨਾ ਹੋਣ, ਨਤੀਜੇ ਅੱਛੇ ਨਹੀਂ ਦਿਖੇ। ਵਿਸ਼ਵਨਾਥ ਮੰਦਿਰ 'ਚ ਮਹੰਤ ਨੂੰ ਹਟਾ ਦਿੱਤਾ ਗਿਆ ਹੈ। ਮਹੰਤ ਦੀ ਸ਼ਿਕਾਇਤ ਹੈ ਕਿ ਮੰਦਰ ਦਾ ਪ੍ਰਸ਼ਾਸਨ ਖੋਹ ਕੇ ਸਰਕਾਰ ਨੇ ਚੰਗਾ ਨਹੀਂ ਕੀਤਾ। ਇਸ ਲਈ ਕਿ ਜਿਨਾਂ ਪਰੰਪਰਾਵਾਂ ਨੂੰ ਉਹਨਾ ਨੇ ਪੀੜੀ-ਦਰ-ਪੀੜੀ ਸੁਰੱਖਿਅਤ ਰੱਖਿਆ ਉਸ ਬਾਰੇ ਸਰਕਾਰੀ ਅ.ਫਸਰ ਕੁੱਝ ਵੀ ਨਹੀਂ ਜਾਣਦੇ।

ਵਕ.ਫ ਸੋਧ ਐਕਟ ਪਾਸ ਕਰਵਾਕੇ ਭਾਜਪਾ ਨੇ ਵੱਡੇ ਨਿਸ਼ਾਨੇ ਸਾਧੇ ਹਨ ਅਤੇ ਸਿਆਸੀ ਭੱਲ ਖੱਟਣ ਦਾ ਯਤਨ ਕੀਤਾ ਹੈ। ਇਕ ਤੀਰ ਨਾਲ ਕਈ ਨਿਸ਼ਾਨੇ ਸਾਧੇ ਹਨ। ਮੁਸਲਿਮ ਭਾਈਚਾਰੇ ਦੀਆਂ ਵੋਟਾਂ ਨਾਲ ਜਿੱਤਣ ਵਾਲੇ ਬਿਹਾਰ ਦੇ ਮੁੱਖ ਮੰਤਰੀ ਨਤੀਸ਼ ਕੁਮਾਰ ਅਤੇ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਚੰਦਰ ਬਾਬੂ ਨਾਇਡੋ ਦੀ ਜ਼ਮੀਨ ਖਿਸਕਾਅ ਦਿੱਤੀ ਹੈ। ਮੁਸਲਮਾਨ ਹੁਣ ਇਹਨਾਂ ਦੋਹਾਂ ਦੇ ਵਿਰੁੱਧ ਹੋਣਗੇ ਅਤੇ ਇਹਨਾਂ ਦੀ ਤਾਕਤ ਬਿਹਾਰ ਅਤੇ ਆਂਧਰਾ ਪ੍ਰਦੇਸ਼ 'ਚ ਘਟੇਗੀ ਇਹਨਾਂ ਪਾਰਟੀਆਂ ਸਦਕਾ ਇਸ ਵੇਲੇ ਕੇਂਦਰ ਸਰਕਾਰ ਸਾਸ਼ਨ ਕਰ ਰਹੀ ਹੈ। ਭਵਿੱਖ 'ਚ ਭਾਜਪਾ ਇਹਨਾ ਪ੍ਰਦੇਸ਼ਿਕ ਪਾਰਟੀਆਂ 'ਤੇ ਨਿਰਭਰਤਾ ਘਟਾਉਣ ਦੀ ਚਾਲ ਚੱਲ ਰਹੀ ਹੈ। ਵੈਸੇ ਵੀ ਸਮੇਂ-ਸਮੇਂ ਭਾਜਪਾ ਪਹਿਲਾਂ ਪ੍ਰਦੇਸ਼ਿਕ ਪਾਰਟੀਆਂ ਨਾਲ ਗੱਠ ਜੋੜ ਕਰਦੀ ਹੈ। ਫਿਰ ਉਹਨਾ ਨੂੰ ਖ਼ਤਮ ਕਰਨ ਦੇ ਰਾਹ ਤੁਰਦੀ ਹੈ। ਪੰਜਾਬ 'ਚ ਸ਼੍ਰੋਮਣੀ ਅਕਾਲੀ ਦਲ, ਅਤੇ ਮਹਾਂਰਾਸ਼ਟਰ 'ਚ ਹਿੰਦੂ ਸ਼ਿਵ ਸੈਨਾ ਵੱਡੀਆਂ ਉਦਾਹਰਨਾਂ ਹਨ।


ਸਭ ਤੋਂ ਵੱਡਾ ਸਵਾਲ ਇਹ ਹੈ ਕਿ ਜਦ ਮੁਸਲਮਾਨਾਂ ਦਾ ਵਿਸ਼ਵਾਸ਼ ਪਹਿਲਾਂ ਹੀ ਮੋਦੀ ਸਰਕਾਰ ਖੋਹ ਬੈਠੀ ਹੈ, ਤਾਂ ਵਕ.ਫ ਦੇ ਕੰਮ ਕਾਰ 'ਚ ਛੇੜਖਾਨੀ ਕਰਕੇ ਉਹ ਕੀ ਖੱਟਣਾ ਚਾਹੁੰਦੀ ਹੈ। ਅਸਲ ਵਿੱਚ ਦੇਸ਼ ਭਰ 'ਚ ਮੁਸਲਮਾਨਾਂ 'ਚ ਪਹਿਲਾਂ ਹੀ ਅਸ਼ਾਂਤੀ ਹੈ। ਲਵ-ਜਿਹਾਦ, ਜ਼ਮੀਨ-ਜਿਹਾਦ, ਬੁਲਡੋਜ਼ਰ ਨਿਤੀ, ਗਊ-ਰਖ਼ਸ਼ਕਾਂ ਦੇ ਮੁਸਲਮਾਨਾਂ 'ਤੇ ਹਮਲਿਆਂ, ਇੱਕ ਮਾਤਰ ਮੁਸਲਿਮ ਬਹੁਲਤਾ ਵਾਲੇ ਰਾਜ ਜੰਮੂ- ਕਸ਼ਮੀਰ ਨੂੰ ਵੰਡਕੇ ਕੇਂਦਰ ਸ਼ਾਸ਼ਤ ਪ੍ਰਦੇਸ਼ ਬਨਾਉਣ ਵਾਲੀਆਂ ਕਾਰਵਾਈਆਂ ਨੇ ਮੁਸਲਮਾਨਾਂ 'ਚ ਸਹਿਮ ਅਤੇ ਰੋਸ ਪੈਦਾ ਕੀਤਾ ਹੋਇਆ ਹੈ। ਬਿਲਕੁਲ .ਗਰੀਬ ਮੁਸਲਮਾਨ ਆਪਣੇ-ਆਪ ਨੂੰ ਪਹਿਲਾਂ ਹੀ ਦੋ ਨੰਬਰ ਦੇ ਨਾਗਰਿਕ ਸਮਝ ਰਹੇ ਹਨ। ਲੋਕ ਸਭਾ 'ਚ ਭਾਜਪਾ ਮੰਤਰੀਆਂ ਨੇ ਵਾਰ-ਵਾਰ ਇਹ ਸਾਬਿਤ ਕਰਨ ਦਾ ਯਤਨ ਕੀਤਾ ਕਿ ਮੋਦੀ ਸਿਰਫ਼ ਪਸਮਾਂਦਾ ਅਤੇ .ਗਰੀਬ ਮੁਸਲਿਮ ਕੌਮ ਦੇ ਭਲੇ ਲਈ ਇਹ ਕਾਨੂੰਨ ਬਣਾ ਰਹੇ ਹਨ। ਪਰ ਕੀ ਇਹ ਸਚਮੁੱਚ ਇਵੇਂ ਹੀ ਹੈ? ਕੀ ਇਸ ਪਿੱਛੇ ਵਾਕਿਆ ਹੀ ਹਿੰਦੂ, ਹਿੰਦੀ, ਹਿੰਦੋਸਤਾਨ ਵਾਲੀ ਭਾਵਨਾ ਵਾਲਾ ਅਜੰਡਾ ਕੰਮ ਨਹੀਂ ਕਰ ਰਿਹਾ।

ਦੇਸ਼ ਭਰ 'ਚ ਘੱਟ ਗਿਣਤੀ ਲੋਕਾਂ 'ਚ ਅਵਿਸ਼ਵਾਸ਼ ਵੱਧ ਰਿਹਾ ਹੈ। 2019 -20 ਅਤੇ 2023-24 ਤੱਕ ਪੰਜ ਸਾਲਾਂ ਵਿੱਚ ਘੱਟ ਗਿਣਤੀਆਂ ਲਈ ਕੁੱ. 18,274 ਕਰੋੜ .ਖਰਚੇ ਦਾ ਬਜ਼ਟ ਰੱਖਿਆ ਗਿਆ, ਪਰ ਇਸ ਰਕਮ ਵਿਚੋਂ 3574 ਕਰੋੜ ਰੁਪਏ .ਖਰਚ ਹੀ ਨਹੀਂ ਕੀਤੇ ਗਏ। ਮੋਦੀ ਸਰਕਾਰ ਵਲੋਂ ਲਗਾਤਾਰ ਐਨ.ਆਰ.ਸੀ/ ਸੀ.ਏ.ਏ ਜਿਹੇ ਕਾਨੂੰਨ ਲਿਆਕੇ ਘੱਟ ਗਿਣਤੀਆਂ ''ਤੇ ਹਮਲਾ ਆਰੰਭਿਆ ਗਿਆ । ਇਹੋ ਜਿਹਾ ਹਮਲਾ ਵਕ.ਫ ਸੋਧ ਐਕਟ ਅਧੀਨ ਵੀ ਵੇਖਿਆ ਜਾ ਰਿਹਾ ਹੈ। ਇਸ ਐਕਟ 'ਚ ਮੰਦੀ ਭਾਵਨਾ ਦੀ ਝਲਕ ਸਪਸ਼ਟ ਦਿਸ ਰਹੀ ਹੈ।

ਇਹੋ ਜਿਹੀ ਮੰਦੀ ਭਾਵਨਾ ਸਮੂਹ ਘੱਟ ਗਿਣਤੀਆਂ ਦੇ ਮਨਾਂ 'ਚ ਅਸ਼ਾਂਤੀ ਦਾ ਕਾਰਨ ਬਣੇਗੀ। ਅਸਲ 'ਚ ਦੇਸ਼ ਆਰਥਿਕ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ। ਮੋਦੀ ਸਰਕਾਰ ਲੋਕਾਂ ਦਾ ਧਿਆਨ ਧਰਮ-ਮਜ਼ਹਬ ਦੇ ਚੱਕਰ 'ਚ ਪਾਕੇ ਅਸਲ ਮੁੱਦਿਆਂ ਤੋਂ ਉਹਨਾਂ ਨੂੰ ਦੂਰ ਕਰਨਾ ਚਾਹੁੰਦੀ ਹੈ।

# ਵਿਸਾਖੀ 1978 ਵਾਲੇ ਦਿਨ ਵਾਪਰੇ ਸ਼ਹੀਦੀ ਸਾਕੇ ਦੀ ਦਾਸਤਾਨ

ਸੁਖਵਿੰਦਰ ਸਿੰਘ ਮੁੱਲਾਂਪੁਰ
+61 461 530 169



ਸਿੱਖ ਇਤਿਹਾਸ ਸ਼ਹੀਦੀਆਂ ਨਾਲ ਭਰਿਆ ਪਿਆ ਹੈ ਸਿੱਖਾਂ ਨੂੰ ਸਿੱਖੀ ਦੀ ਆਣ ਸ਼ਾਨ ਖ਼ਾਤਰ ਸਮੇਂ ਦੀਆਂ ਹਕੂਮਤਾਂ ਜਿਵੇਂ ਅਹਿਮਦ ਸ਼ਾਹ ਅਬਦਾਲੀ ਵਰਗਿਆਂ ਨਾਲ ਟੱਕਰਾਂ ਲੈਣੀਆਂ ਪਈਆਂ। ਸਿੱਖ ਕੌਮ ਨੇ ਕਈ ਸੰਘਰਸ਼ ਸ਼ਾਂਤਮਈ ਰਹਿ ਕੇ ਕੀਤੇ ਪਰ ਅੱਗੋਂ ਸਮੇਂ ਦੀਆਂ ਸਰਕਾਰਾਂ ਅਤੇ ਉਹਨਾਂ ਦੀ ਸ਼ਹਿ ਪ੍ਰਾਪਤ ਗੁਰੂ ਘਰਾਂ ਦੇ ਦੋਖੀਆਂ ਨੇ ਨਿਹੱਥੇ ਸਿਦਕਵਾਨ ਸਿੰਘਾਂ ਨੂੰ ਗੋਲੀਆਂ ਮਾਰ ਸ਼ਹੀਦ ਕੀਤਾ ਜਿਵੇਂ ਜੈਤੋਂ ਦਾ ਮੋਰਚਾ, ਪਾਉਂਟਾ ਸਾਹਿਬ ਦਾ ਸਾਕਾ, ਸ੍ਰੀ ਨਨਕਾਣਾ ਸਾਹਿਬ ਦਾ ਸਾਕਾ ਆਦਿ ਅਜਿਹਾ ਹੀ ਖਾਲਸੇ ਦੇ ਜਨਮ ਦਿਹਾੜੇ ਵਾਲੇ ਦਿਨ ਸ੍ਰੀ ਅੰਮ੍ਰਿਤਸਰ ਵਿਖੇ ਇਕ ਦਰਦਨਾਕ ਸ਼ਹੀਦੀ ਸਾਕਾ ਵਾਪਰਿਆ ਜਿਸ ਵਿੱਚ ਰੋਸ ਪ੍ਰਗਟ ਕਰ ਰਹੇ ਨਿਹੱਥੇ ਸਿੰਘਾਂ ਨੂੰ ਸ਼ਹੀਦ ਕੀਤਾ ਗਿਆ !

13 ਅਪਰੈਲ 1978 ਨੂੰ ਵਿਸਾਖੀ ਵਾਲੇ ਦਿਨ ਨਿਰੰਕਾਰੀ ਮਿਸ਼ਨ ਨੇ ਅੰਮ੍ਰਿਤਸਰ ਵਿੱਖੇ ਇਕ ਵਿਸ਼ਾਲ ਸਮਾਗਮ ਕਰਨਾ ਚਾਹਿਆ। ਇਹ ਸਮਾਗਮ ਸਰਕਾਰੀ ਮੱਦਦ ਨਾਲ ਰੇਲਵੇ ਵਿਭਾਗ ਦੀ ਬੀ-ਬਲਾਕ ਰਹਾਇਸ਼ੀ ਕਲੋਨੀ ਲਾਗੇ ਖੁੱਲੀ ਗਰਾਊਂਡ (ਸਰਕਾਰੀ ਥਾਂ) ਵਿੱਚ ਕੀਤਾ ਗਿਆ। ਇਸ ਸਮਾਗਮ ਨੂੰ ਨੇਪਰੇ ਚਾੜਨ ਲਈ ਬਿਜਲੀ ਪਾਣੀ ਅਤੇ ਹੋਰ ਲੋੜੀਂਦਾ ਪ੍ਰਬੰਧ ਸਰਕਾਰ ਨੇ ਮੋਟੀਆਂ ਰਕਮਾਂ ਖਰਚ ਕੇ ਕੀਤਾ।

ਸਮਾਗਮ ਕਰਨ ਤੋਂ ਪਹਿਲਾਂ ਸਮਾਗਮ ਦੇ ਸਬੰਧ ਵਿਚ ਨਿਰੰਕਾਰੀ ਮੁਖੀ ਦੀਆਂ ਤਸਵੀਰਾਂ ਲਗਾ ਕੇ ਵੱਡੇ ਵੱਡੇ ਇਸ਼ਤਿਹਾਰ ਅਖ਼ਬਾਰਾ ਵਿੱਚ ਲਗਵਾਏ ਗਏ। ਅੰਮ੍ਰਿਤਸਰ ਸ਼ਹਿਰ ਦੇ ਬਜ਼ਾਰ ਅਤੇ ਚੌਂਕ ਵੀ ਬੈਨਰਾਂ ਨਾਲ ਭਰੇ ਪਏ ਸਨ। ਇਸ ਤਰਾਂ ਸਮਾਗਮ ਦਾ ਜੰਗੀ ਪੱਧਰ ਤੇ ਪ੍ਰਚਾਰ ਕਰਕੇ ਲੋਕ ਲਹਿਰ ਬਣਾਕੇ ਲੋਕਾਂ ਨੂੰ ਸਮਾਗਮ ਵਿਚ ਆਉਣ ਦਾ ਖੁੱਲਾ ਸੱਦਾ ਦਿੱਤਾ ਗਿਆ। ਜਨਸੰਘੀ ਲੀਡਰਾਂ, ਮਹਾਸ਼ਾ ਪ੍ਰੈੱਸ ਦੇ ਮਾਲਕਾਂ ਅਤੇ ਇਕ ਕਾਂਗਰਸੀ ਲੀਡਰ ਵੀ ਸਪੈਸ਼ਲ ਤੌਰ ਤੇ ਸਮਾਗਮ ਵਿੱਚ ਬੁਲਾਇਆ ਗਿਆ। ਵਿਸਾਖੀ ਵਾਲੇ ਦਿਨ ਸਮਾਗਮ ਕਰਨ ਤੋਂ ਪਹਿਲਾਂ ਆਪਣਾ ਸ਼ਕਤੀ ਪ੍ਰਦਰਸ਼ਨ ਕਰਨ ਲਈ ਨਿਰੰਕਾਰੀਆਂ ਨੇ ਇਕ ਵਿਸ਼ਾਲ ਜਲੂਸ ਕੱਢਿਆ। ਜਿਸ ਵਿੱਚ ਨਿਰੰਕਾਰੀ ਬਾਬਾ ਇਕ ਰੱਥ ਉਪਰ ਆਪਣੀ ਪਤਨੀ ਨਾਲ ਸੱਜਿਆ ਬੈਠਾ ਸੀ ਉਸ ਦੇ ਅੱਗੇ ਉਸ ਦੀ ਉਸਤਤੀ ਅਤੇ ਗੁਰੂ ਸਾਹਿਬਾਨਾਂ ਦੇ ਨਿਰਾਦਰੀ ਭਰੇ ਬੈਨਰ ਲੱਗੇ ਹੋਏ ਸਨ। ਇਸ ਜਲੂਸ ਵਿੱਚ ਸਿੱਖ ਹਿਰਦਿਆਂ ਨੂੰ ਵਲੂੰਧਰਨ ਵਾਲੇ ਨਾਹਰੇ ਲਾਏ ਜਾ ਰਹੇ ਸਨ। ਸਿੱਖ ਗੁਰੂਆਂ ਦੇ ਹੁੰਦੇ ਅਪਮਾਨ ਦੀਆਂ ਖਬਰਾਂ ਸਿੱਖ ਹਲਕਿਆਂ ਵਿੱਚ ਇਕਦਮ ਫੈਲ ਗਈਆਂ।

ਸੰਤ ਬਾਬਾ ਜਰਨੈਲ ਸਿੰਘ ਜੀ ਜੱਥਾ ਭਿੰਡਰਾਂ ਜੋ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਵਿਸਾਖੀ ਦਿਹਾੜੇ ਦੇ ਸਬੰਧ ਵਿੱਚ ਕਥਾ ਸਮਾਪਤ ਕਰਕੇ ਹਟੇ ਤਾਂ ਉਹਨਾਂ ਨੂੰ ਸਿੱਖ ਗੁਰੂਆਂ ਦੀ ਹੋ ਰਹੀ ਨਿਰਾਦਰੀ ਦੀ ਖ਼ਬਰ ਦੱਸੀ ਗਈ।




ਪੰਜਾਬ ਵਿੱਚ ਅਕਾਲੀ ਸਰਕਾਰ 1977 ਵਿਚ ਬਣੀ ਜਿਸ ਦੇ ਮੁੱਖ ਮੰਤਰੀ ਸ੍ਰ. ਪਰਕਾਸ਼ ਸਿੰਘ ਬਾਦਲ ਸਨ। ਸਰਕਾਰ ਨੇ ਆਪਣੇ ਲੀਡਰਾਂ ਅਤੇ ਮੰਤਰੀਆਂ ਨੂੰ ਵੱਖ ਵੱਖ ਸਹਿਰਾਂ ਵਿੱਚ ਵਿਸਾਖੀ ਦਿਹਾੜੇ ਦੇ ਸਬੰਧ ਵਿੱਚ ਨਿਯੁਕਤ ਕੀਤਾ ਗਿਆ ਸੀ ਇਸ ਤਰਾਂ ਜੀਵਨ ਸਿੰਘ ਉਮਰਾਨੰਗਲ ਨੂੰ ਅੰਮ੍ਰਿਤਸਰ ਨਿਯੁਕਤ ਕੀਤਾ ਗਿਆ। ਦੀਵਾਨ ਹਾਲ ਮੰਜੀ ਸਾਹਿਬ ਵਾਲੀ ਸਟੇਜ ਤੇ ਸੰਤ ਜਰਨੈਲ ਸਿੰਘ ਜੀ ਕੋਲ ਉਮਰਾ ਨੰਗਲ ਬੈਠਾ ਸੀ। ਸੰਤਾਂ ਨੇ ਇਹ ਦੁੱਖਦਈ ਖ਼ਬਰ ਸੁਣਕੇ ਉਮਰਾਨੰਗਲ ਨੂੰ ਕਿਹਾ ਜੋ ਕੂੜ ਪ੍ਰਚਾਰ ਹੋ ਰਿਹਾ ਹੈ ਪ੍ਰਸ਼ਾਸ਼ਨ ਨੂੰ ਆਖ ਬੰਦ ਕਰਵਾ ਦਿੱਤਾ ਜਾਵੇ। ਉਮਰਾਨੰਗਲ ਨੇ ਸੰਤਾਂ ਨੂੰ ਜਵਾਬ ਦਿੰਦਿਆ ਕਿਹਾ ਇਹ ਸਮਾਗਮ ਪੁਲੀਸ ਅਤੇ ਪ੍ਰਸ਼ਾਸਨ ਦੀ ਮਨਜ਼ੂਰੀ ਨਾਲ ਹੋ ਰਿਹਾ ਹੈ ਇਸ ਵਿੱਚ ਮੈਂ ਕੁੱਝ ਨਹੀਂ ਕਰ ਸਕਦਾ ਮੈਂ ਤਾਂ ਮਾਲ ਮੰਤਰੀ ਹਾਂ ਗ੍ਰਹਿ ਮੰਤਰੀ ਦਾ ਮਹਿਕਮਾਂ ਪ੍ਰਕਾਸ਼ ਸਿੰਘ ਬਾਦਲ ਕੋਲ ਹੈ। ਓਮਰਾ ਨੰਗਲ ਵਲੋਂ ਜਵਾਬ ਦੇਣ ਤੇ ਸੰਤਾਂ ਦਾ ਉਸ ਨਾਲ ਕੁਝ ਤਕਰਾਰ ਵੀ ਹੋਇਆ। ਸੰਤ ਜੀ ਨੇ ਕਿਹਾ ਜੋ ਗੁਰੂ ਕਰੇਗਾ ਭਲੀ ਕਰੇਗਾ ਆਖ ਉੱਥੋਂ ਉੱਠ ਕੇ ਆਪਣੀ ਰਿਹਾਇਸ਼ ਗੁਰੂ ਰਾਮਦਾਸ ਸਰਾਂ ਹਾਲ ਵਿਖੇ ਆਪਣੇ ਸਾਥੀਆਂ ਨਾਲ ਵਿਚਾਰ ਕਰਨ ਚਲੇ ਗਏ।

ਅਖੰਡ ਕੀਰਤਨੀ ਜੱਥੇ ਵਲੋਂ ਸ੍ਰੀ ਅੰਮ੍ਰਿਤਸਰ ਵਿਖੇ ਅਜੀਤ ਨਗਰ ਵਿੱਚ ਵਿਸਾਖੀ ਦੇ ਸਬੰਧ ਕਈ ਸਾਲਾਂ ਤੋਂ ਸਮਾਗਮ ਕਰਵਾਏ ਜਾਂਦੇ ਸਨ। ਇਸ ਵਾਰ ਇਹ ਸਮਾਗਮ ਖ਼ਾਲਸੇ ਦੇ ਜਨਮ ਦਿਹਾੜੇ ਤੇ ਭਾਈ ਰਣਧੀਰ ਸਿੰਘ ਜੀ ਦੀ ਜਨਮ ਸਤਾਬਦੀ ਨੂੰ ਮੁੱਖ ਰੱਖ ਕੇ ਵਿਸ਼ੇਸ਼ ਤੌਰ ਤੇ ਮਨਾਇਆ ਜਾ ਰਿਹਾ ਸੀ। ਅਖੰਡ ਕੀਰਤਨੀ ਜੱਥੇ ਦੇ ਚਲਦੇ ਸਮਾਗਮ ਵਿੱਚ ਸੰਤ ਜਰਨੈਲ ਸਿੰਘ ਜੀ ਵਲੋਂ ਭੇਜੇ ਭਾਈ ਕੇਸਰ ਸਿੰਘ ਜੀ ਰਾਹੀ ਅਖੰਡ ਕੀਰਤਨੀ ਜੱਥੇ ਦੇ ਸਿੰਘਾਂ ਨੂੰ ਸੁਨੇਹਾਂ ਆਇਆ ਕੇ ਗੁਰੂ ਜੀ ਦੀ ਨਗਰੀ ਵਿੱਚ ਨਿਰੰਕਾਰੀਆਂ ਵਲੋਂ ਸਿੱਖ ਵਿਰੋਧੀ ਕੂੜ ਪ੍ਰਚਾਰ ਬੰਦ ਕਰਵਾਉਣ ਲਈ ਤੁਹਾਨੂੰ ਸੰਤ ਬਾਬਾ ਜੀ ਨੇ ਬੁਲਾਇਆ ਹੈ। ਇਹ ਗੱਲ ਸੁਣਦੇ ਸਾਰ ਭਾਈ ਫ਼ੌਜਾ ਸਿੰਘ ਜੀ 60-70 ਸਿੰਘ ਆਪਣੇ ਨਾਲ ਲੈਕੇ ਗੁਰੂ ਰਾਮਦਾਸ ਸਰਾਂ ਵਿੱਚ ਸੰਤ ਜਰਨੈਲ ਸਿੰਘ ਜੀ ਪਾਸ ਪਹੁੰਚ ਗਏ ਕੁੱਝ ਸਿੰਘ ਸੁਣਦੇ ਸਾਰ ਭਾਈ ਫ਼ੌਜਾ ਸਿੰਘ ਜੀ ਤੋਂ ਪਹਿਲਾਂ ਹੀ ਪਹੁੰਚ ਚੁੱਕੇ ਸਨ। ਆਪਸ ਵਿੱਚ ਜ਼ਰੂਰੀ ਵਿਚਾਰ-ਵਟਾਂਦਰੇ ਤੋਂ ਬਾਅਦ ਪੰਜ ਸਿੰਘਾਂ ਦੀ ਅਗਵਾਈ ਵਿੱਚ ਪੰਜ ਜੱਥੇ ਬਣਾਏ ਗਏ ਹਰ ਜੱਥੇ ਦਾ ਇੱਕ ਜੱਥੇਦਾਰ ਥਾਪਿਆ ਗਿਆ। ਭਾਈ ਫ਼ੌਜਾ ਸਿੰਘ ਜੀ ਨੂੰ ਮੁੱਖ ਜੱਥੇਦਾਰ ਥਾਪਿਆ ਗਿਆ। ਢਾਈ ਤਿੰਨ ਸੌ ਸਿੰਘ ਵਾਹਿਗੁਰੂ ਦਾ ਸਿਮਰਨ ਕਰਦੇ ਲੋਹਗੜ੍ਹ ਦੇ ਰਸਤੇ ਗੋਬਿੰਦਗੜ੍ਹ ਦੇ ਕਿਲ੍ਹੇ ਨੇੜੇ ਰੀਗੋ ਬ੍ਰਿਜ ਕੋਲ ਜਾ ਪਹੁੰਚੇ ਅੱਗੋਂ ਪੁਲੀਸ ਦੀ ਅਗਵਾਈ ਕਰਦੇ ਪੁਲੀਸ ਇੰਸਪੈਕਟਰ ਅਨੂਪ ਸਿੰਘ ਨੇ ਪੁੱਛਿਆ ਕਿੱਥੇ ਜਾ ਰਹੇ ਹੋ ? ਭਾਈ ਫ਼ੌਜਾ ਸਿੰਘ ਨੇ ਦੱਸਿਆ ਅਸੀਂ ਜਲਸੇ ਵਿੱਚ ਹੋ ਰਿਹਾ ਕੂੜ ਪ੍ਰਚਾਰ ਬੰਦ ਕਰਵਾਉਣ ਚੱਲੇ ਹਾਂ। ਅਨੂਪ ਸਿੰਘ ਨੇ ਕਿਹਾ ਮੈ ਜਾਕੇ ਆਪ ਕਰਵਾ ਦਿੰਦਾ ਹੈ ਉਹ ਸਿੰਘਾਂ ਨੂੰ ਤਿੰਨ ਕ ਸੋ ਗੱਜ ਦੀ ਦੂਰੀ ਤੇ ਰੋਕ ਕੇ ਆਪ ਪੰਡਾਲ ਵਿੱਚ ਚੱਲਿਆ ਗਿਆ। ਅਨੂਪ ਸਿੰਘ ਨਾਲ ਜਲਸੇ ਦੇ ਜ਼ਿੰਮੇਵਾਰ ਵਿਆਕਤੀਆਂ ਦੀ ਪਤਾ ਨਹੀਂ ਕੀ ਗੱਲ ਹੋਈ ਹੋਵੇਗੀ ਉਸ ਨੇ ਆਕੇ ਕਿਹਾ ਉਹ ਕਹਿੰਦੇ ਹਨ ਅਸੀਂ ਪ੍ਰੋਗਰਾਮ ਹੁਣੇ ਬੰਦ ਕਰ ਦਿੰਦੇ ਹਾਂ।

ਨਿਰੰਕਾਰੀਆਂ ਨੇ ਪ੍ਰੋਗਰਾਮ ਬੰਦ ਕਰਨ ਦੀ ਬਜਾਏ ਲੜ੍ਹਾਈ ਕਰਨ ਦੀ ਤਿਆਰੀ ਵਿੱਚ ਜੋ ਬੰਦਿਆਂ ਨੂੰ ਨਾਲ ਲੈ ਕੇ ਆਏ ਸਨ ਉਹਨਾਂ ਨੂੰ ਉਕਸਾਉਣਾ ਸ਼ੁਰੂ ਕਰ ਦਿੱਤਾ। ਇਕਦਮ ਹੀ ਪੰਡਾਲ ਵਿਚੋਂ ਉਹਨਾਂ ਦੇ ਪੰਜ ਛੇ ਹਜ਼ਾਰ ਹਮਾਇਤੀਆਂ ਨੇ ਇੱਟਾਂ-ਵੱਟੇ ਕੱਚ ਦੀਆਂ ਬੋਤਲਾਂ,ਤੇਜ਼ਾਬ,ਪ੍ਰੇਸ਼ਰ ਨਾਲ ਚੱਲਣ ਵਾਲੇ ਤੀਰਾਂ ਅਤੇ ਹੋਰ ਮਾਰੂ ਹਥਿਆਰ, ਰਾਇਫ਼ਲਾਂ ਨਾਲ ਸਿੱਖਾਂ ਤੇ ਹੱਲਾ ਬੋਲ ਦਿੱਤਾ। ਪੁਲੀਸ ਵੀ ਅਥਰੂ ਗੈਸ ਦੇ ਗੋਲੇ ਅਤੇ ਅਸਲੇ ਦੀਆਂ ਗੋਲੀਆਂ ਸਿੰਘਾਂ ਤੇ ਹੀ ਚਲਾ ਰਹੀ ਸੀ। ਇਸ ਹੱਲੇ ਵਿਚ ਜੱਥੇ ਦੇ ਮੁੱਖੀ ਭਾਈ ਫ਼ੌਜਾ ਸਿੰਘ ਸਮੇਤ ਤੇਰ੍ਹਾਂ ਸਿੰਘ ਗੋਲੀਆਂ ਦੀਆਂ ਬੁਛਾੜਾਂ ਨਾਲ ਸ਼ਹੀਦ ਹੋ ਗਏ ਅਤੇ ਸੱਤਰ ਅੱਸੀ ਸਿੰਘ ਜ਼ਖ਼ਮੀ ਹੋਕੇ ਥੱਲੇ ਡਿੱਗ ਪਏ। ਮੁੱਖ ਮੰਤਰੀ ਨੇ ਨਿਰੰਕਾਰੀ ਮੁੱਖੀ ਨੂੰ ਇੱਕ ਪ੍ਰਾਈਵੇਟ ਕਾਰ ਵਿੱਚ ਬਿਠਾ ਕੇ ਦਿੱਲੀ ਭੇਜ ਦਿੱਤਾ। ਸਾਕਾ ਵਰਤਣ ਦੇ ਤਿੰਨ ਘੰਟੇ ਬਾਅਦ ਤੱਕ ਵੀ ਇਹ ਪ੍ਰੋਗਰਾਮ ਚਲਦਾ ਰਿਹਾ। ਸਿੰਘਾਂ ਦੀਆਂ ਸਿੱਖ ਧਰਮ ਲਈ ਦਿੱਤੀਆਂ ਕੁਰਬਾਨੀਆਂ ਨੂੰ ਕਦੇ ਵੀ ਭੁਲਾਇਆ ਨਹੀ ਜਾ ਸਕਦਾ।


## ਖਾਲਸਾ ਪੰਥ ਦੀ ਸਾਜਨਾ

ਸੰਨ 1699 ਦੀ ਵਿਸਾਖੀ ਦੇ ਦਿਨ
ਸੰਗਤ ਦੂਰੋਂ, ਦੂਰੋਂ
ਅਨੰਦਪੁਰ ਸਾਹਿਬ ਪਹੁੰਚੀ।
ਦਸਵੇਂ ਗੁਰੂ ਜੀ ਨੇ ਹੱਥ ਤਲਵਾਰ ਫੜਕੇ
ਵਾਰੀ, ਵਾਰੀ ਪੰਜ ਸੀਸਾਂ ਦੀ ਮੰਗ ਕੀਤੀ।
ਗੁਰੂ ਜੀ ਦਾ ਹੁਕਮ ਮੰਨ ਕੇ ਸੰਗਤ ਵਿੱਚੋਂ
ਪੰਜ ਜਣੇ ਉਨ੍ਹਾਂ ਅੱਗੇ ਪੇਸ਼ ਹੋਏ।
ਇੱਕੋ ਬਾਟੇ 'ਚ ਛਕਾ ਅੰਮ੍ਰਿਤ
ਇਨ੍ਹਾਂ ਨੂੰ ਸਿੰਘ ਬਣਾ ਦਿੱਤਾ ਗੁਰੂ ਜੀ ਨੇ।
ਪਿਛਲੀਆਂ ਜ਼ਾਤਾਂ, ਗੋਤ ਖਤਮ ਹੋ ਗਏ
ਪੰਜ ਪਿਆਰੇ ਬਣ ਗਏ ਗੁਰੂ ਜੀ ਦੇ।
ਪਿੱਛੋਂ ਆਪ ਇਨ੍ਹਾਂ ਤੋਂ ਛਕ ਅੰਮ੍ਰਿਤ
ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣ ਗਏ।
ਪੰਜਾਂ ਪਿਆਰਿਆਂ ਨਾਲ ਗੁਰੂ ਜੀ ਨੇ
ਖਾਲਸਾ ਪੰਥ ਦੀ ਨੀਂਹ ਰੱਖ ਦਿੱਤੀ।
ਇੱਕੋ ਬਾਟੇ 'ਚ ਸਭ ਨੂੰ ਛਕਾ ਅੰਮ੍ਰਿਤ
ਇੱਕੋ ਜਹੀ ਰਹਿਤ ਮਰਿਆਦਾ ਦਿੱਤੀ।
ਗੁਰੂ ਜੀ ਨੇ ਜ਼ੁਲਮ, ਜਬਰ, ਅਨਿਆਂ ਵਿਰੁੱਧ
ਸੰਘਰਸ਼ ਦਾ ਬਿਗਲ ਵਜਾ ਦਿੱਤਾ।
ਗਿੱਦੜ ਵੀ ਸ਼ੇਰ ਬਣ ਸਕਦੇ
ਮੌਕੇ ਦੇ ਹਾਕਮਾਂ ਨੂੰ ਦਰਸਾ ਦਿੱਤਾ।

ਮਹਿੰਦਰ ਸਿੰਘ ਮਾਨ
ਸਲੋਹ ਰੋਡ
ਚੈਨਲਾਂ ਵਾਲੀ ਕੋਠੀ
ਨਵਾਂ ਸ਼ਹਿਰ-9915803554

# ਪੰਜਾਬ ਵਿਚ ਵਾਹੀਯੋਗ ਰਕਬਾ ਤੇਜ਼ੀ ਨਾਲ ਕਿਉਂ ਘਟ ਰਿਹਾ ?

## ਗੁਰਪ੍ਰੀਤ ਸਿੰਘ ਤੂਰ



ਸ਼ਹਿਰਾਂ ਨੇੜਿਓਂ ਲੰਘਦੇ ਹਾਈਵੇਜ਼ ਤੇ ਬਾਈਪਾਸ ਦੇ ਆਸੇ-ਪਾਸੇ ਦੀ ਖੇਤੀਯੋਗ ਜ਼ਮੀਨ ਤੇਜ਼ੀ ਨਾਲ ਖ਼ਤਮ ਹੋ ਰਹੀ ਹੈ। ਇਸ ਜ਼ਮੀਨ ਦੀ ਹੋਂਦ ਬਰਫ਼ ਦੀ ਸਿੱਲ੍ਹੀ ਵਾਂਗ ਹੈ। ਇਨ੍ਹਾਂ ਖੇਤਾਂ ਵਿਚ ਮੋਟਰਾਂ-ਟਿਊਬਵੈੱਲਾਂ 'ਤੇ ਰੁੱਖਾਂ ਦੀ ਹੋਂਦ ਸਲਾਟਰ ਹਾਊਸ ਵਿਚ ਬੇਵਸ ਖੜ੍ਹੇ ਮੌਤ ਦੀ ਉਡੀਕ ਕਰਦੇ ਬੇਜ਼ੁਬਾਨਾਂ ਵਾਂਗ ਹੈ। ਆਸੇ-ਪਾਸੇ ਉੱਸਰਦੀਆਂ ਵੱਡੀਆਂ ਇਮਾਰਤਾਂ ਤੇ ਚਲਦੀਆਂ ਮਸ਼ੀਨਾਂ ਦੀਆਂ ਆਵਾਜ਼ਾਂ ਰੁੱਖਾਂ 'ਤੇ ਰੈਣ-ਬਸੇਰੇ ਬਣਾਈ ਬੈਠੇ ਪਰਿੰਦਿਆਂ ਨੂੰ ਭੈਭੀਤ ਕਰ ਰਹੀਆਂ ਹਨ।

ਤੇਜ਼ੀ ਨਾਲ ਵਧ ਰਹੀ ਆਬਾਦੀ ਲਈ ਰਿਹਾਇਸ਼ੀ ਖੇਤਰਾਂ ਦੀ ਲੋੜ ਹੈ। ਆਵਾਜਾਈ ਤੇ ਵਿਕਾਸ ਲਈ ਹਾਈਵੇਜ਼ ਤੇ ਬਾਈਪਾਸ ਲੋੜੀਂਦੇ ਹਨ। ਪੂੰਜੀਵਾਦ ਤੇ ਖਪਤਕਾਰੀ ਦੌਰ ਵਿਚ ਵੱਡੀ ਗਿਣਤੀ ਵਿਚ ਨਵੇਂ-ਨਵੇਂ ਮਾਲਜ਼ ਤੇ ਸ਼ਾਪਿੰਗ ਕੰਪਲੈਕਸ ਹੋਂਦ ਵਿਚ ਆ ਰਹੇ ਹਨ। ਧਨ ਕੁਬੇਰਾਂ ਵਲੋਂ ਇਨ੍ਹਾਂ ਹਾਲਤਾਂ ਦਾ ਫ਼ਾਇਦਾ ਉਠਾਉਂਦਿਆਂ, ਅਜਿਹੇ ਪ੍ਰਾਜੈਕਟਾਂ ਦੇ ਨੇੜੇ ਵਾਹੀਯੋਗ ਸੈਂਕੜੇ ਏਕੜ ਜ਼ਮੀਨ ਖ਼ਰੀਦ ਕੇ ਵੱਡੇ ਆਰਥਿਕ ਲਾਭ ਬਟੋਰੇ ਜਾ ਰਹੇ ਹਨ। ਇਹ ਸਭ ਕੁਝ ਉਪਜਾਊ ਮਿੱਟੀ ਦੇ ਖ਼ਾਤਮੇ ਦੀ ਕੀਮਤ 'ਤੇ ਹੋ ਰਿਹਾ ਹੈ। ਲਾਲਸਾ ਅਤੇ ਕਾਲ਼ੇ ਧਨ ਦੀ ਸਮਰੱਥਾ ਨੇ ਉਪਜਾਊ ਜ਼ਮੀਨ ਦੇ ਖ਼ਾਤਮੇ ਨੂੰ ਗਤੀ ਪ੍ਰਦਾਨ ਕੀਤੀ। ਜ਼ਮੀਨ ਦੇ 'ਪੂਲਿੰਗ ਪ੍ਰਚੇਜ਼' ਢੰਗ ਨੇ ਇਸ ਗਤੀ ਨੂੰ ਸਿਖ਼ਰਾਂ 'ਤੇ ਪਹੁੰਚਾਇਆ। ਇਸ ਨਾਲ ਕਿਸਾਨਾਂ ਤੇ ਕਿਰਤੀਆਂ ਦਾ ਉਜਾੜਾ ਹੁੰਦਾ ਹੈ ਅਤੇ ਦੇਸ਼ ਦੀ ਭੋਜਨ ਸੁਰੱਖਿਆ ਸਮਰੱਥਾ ਖ਼ਤਰੇ ਵਿਚ ਪੈਂਦੀ ਹੈ।

ਪ੍ਰਾਂਤ ਵਿਚ ਵਾਹੀਯੋਗ ਰਕਬਾ ਤੇਜ਼ੀ ਨਾਲ ਘਟ ਰਿਹਾ ਹੈ। ਸਾਲ 2000 ਵਿਚ ਪ੍ਰਾਂਤ ਕੋਲ 42.50 ਲੱਖ ਹੈਕਟੇਅਰ ਵਾਹੀਯੋਗ ਜ਼ਮੀਨ ਸੀ, ਜੋ ਘਰਾਂ, ਕਾਲੋਨੀਆਂ, ਸੜਕਾਂ ਤੇ ਉਦਯੋਗ ਲਈ 10,000 ਹੈਕਟੇਅਰ ਪ੍ਰਤੀ ਸਾਲ ਦੀ ਰਫ਼ਤਾਰ ਨਾਲ ਘਟਦੀ ਆ ਰਹੀ ਸੀ।ਸੂਬੇ ਵਿਚ ਉਸਾਰੀ ਅਧੀਨ ਨਵੇਂ ਹਾਈਵੇਜ਼ ਅਤੇ ਕੁਝ ਹਾਈਵੇਜ਼ ਨੂੰ ਚੌੜਿਆਂ ਕਰਨ ਸਮੇਂ 25,000 ਹੈਕਟੇਅਰ ਹੋਰ ਉਪਜਾਊ ਜ਼ਮੀਨ ਪਿਛਲੇ 10-15 ਵਰ੍ਹਿਆਂਦੌਰਾਨ ਖੇਤੀ ਧੰਦੇ ਦੀ ਸੂਚੀ ਵਿਚੋਂ ਬਾਹਰ ਹੋ ਗਈ। ਏਨਾ ਹੀ ਨਹੀਂ ਧਨ ਕੁਬੇਰਾਂ ਅਤੇ ਭੂਮਾਫ਼ੀਆ ਨੇ ਹਾਈਵੇਜ਼ ਤੇ ਬਾਈਪਾਸ ਨੇੜਲੀਆਂ ਥਾਵਾਂ ਉੱਤੇ ਕਾਲ਼ੇ ਧਨ ਦੀ ਅਥਾਹ ਵਰਤੋਂ ਕਰਦਿਆਂ ਪਿਛਲੇ 4-5 ਸਾਲਾਂ ਦੌਰਾਨ ਵੱਡੀ ਪੱਧਰ 'ਤੇ ਖੇਤੀਯੋਗ ਜ਼ਮੀਨ ਖ਼ਰੀਦ ਲਈ ਹੈ। ਪ੍ਰਾਂਤ ਦੇ ਵੱਡੇ ਸ਼ਹਿਰਾਂ ਨੇੜੇ ਕਈ ਪਿੰਡਾਂ ਦੀ 50 ਫ਼ੀਸਦੀ ਤੱਕ ਖੇਤੀਯੋਗ ਜ਼ਮੀਨ ਪਿਛਲੇ 4-5 ਵਰ੍ਹਿਆਂ ਦੌਰਾਨ ਹੀ ਵਾਹੀਯੋਗ ਜ਼ਮੀਨ ਦੀ ਸੂਚੀ ਵਿਚੋਂ ਬਾਹਰ ਹੋ ਗਈ ਹੈ। ਵਾਹੀਯੋਗ ਜ਼ਮੀਨ ਦੇ ਖ਼ਾਤਮੇ ਸੰਬੰਧੀ ਸੂਬਾ ਸੰਕਟਕਾਲੀਨ ਹਾਲਤਾਂ ਵਿਚੋਂ ਲੰਘ ਰਿਹਾ ਹੈ।

ਜ਼ਿਲ੍ਹਾ ਮੁਹਾਲੀ ਵਾਹੀਯੋਗ ਜ਼ਮੀਨ ਦੇ ਮੁਕੰਮਲ ਖ਼ਾਤਮੇ ਵੱਲ ਤੇਜ਼ੀ ਨਾਲ ਵਧ ਰਿਹਾ ਹੈ। ਮੁਹਾਲੀ ਤੋਂ ਖਰੜ, ਲਾਂਡਰਾਂ, ਬਨੂੜ, ਜ਼ੀਰਕਪੁਰ ਅਤੇ ਜ਼ੀਰਕਪੁਰ ਤੋਂ ਡੇਰਾਬੱਸੀ ਤੇ ਬਨੂੜ ਸਾਰੀਆਂ ਸੜਕਾਂ ਦੇ ਮੱਥੇ ਵਿਕੇ ਹੋਏ ਹਨ। ਇਸ ਦਾ ਓਵਰਫਲੋ ਰੂਪਨਗਰ ਤੇ ਫ਼ਤਹਿਗੜ੍ਹ ਸਾਹਿਬ ਜ਼ਿਲ੍ਹਿਆਂ ਉੱਪਰ ਨਜ਼ਰ ਆਉਣ ਲੱਗ ਪਿਆ ਹੈ। ਪ੍ਰਾਂਤ ਵਿਚੋਂ ਦੀ ਲੰਘਦੇ ਨੈਸ਼ਨਲ ਹਾਈਵੇ ਤੇ ਸਟੇਟ ਹਾਈਵੇ 'ਤੇ ਲਗਦੀਆਂ ਜ਼ਮੀਨਾਂ ਦਾ ਤਿੰਨ-ਚੌਥਾਈ ਦੇ ਲਗਭਗ ਹਿੱਸਾ ਵਿਕ ਚੁੱਕਾ ਹੈ।

ਪ੍ਰਾਂਤ ਵਿਚ ਖ਼ਾਸ ਤੌਰ 'ਤੇ ਤਿੰਨ ਵੱਡੇ ਸ਼ਹਿਰ-ਲੁਧਿਆਣਾ, ਮੁਹਾਲੀ, ਜਲੰਧਰ ਸੈਂਕੜੇ ਪਿੰਡਾਂ ਦੀ ਹੋਂਦ ਨੂੰ ਪੱਕੇ ਤੌਰ 'ਤੇ ਖ਼ਤਮ ਕਰ ਗਏ ਹਨ। ਲੁਧਿਆਣਾ ਆਜ਼ਾਦੀ ਦੇ 75 ਵਰ੍ਹਿਆਂ ਬਾਅਦ 150 ਤੋਂ ਵੱਧ ਪਿੰਡ ਆਪਣੇ ਵਿਚ ਸਮੋ ਚੁੱਕਾ ਹੈ। ਜਮਾਲਪੁਰ, ਭਾਮੀਆ, ਸ਼ੇਰਪੁਰ, ਡਾਬਾ, ਗਿਆਸਪੁਰਾ, ਢੰਡਾਰੀ ਕਲਾਂ ਤੇ ਖ਼ੁਰਦ, ਜੁਗਿਆਣਾ, ਲੁਹਾਰਾ, ਬੇਗੋਵਾਲ, ਧਾਂਦਰਾ, ਦੁੱਗਰੀ, ਫੁੱਲਾਂਵਾਲ, ਦਾਦ, ਜਵੱਦੀ, ਸਨੇਤ, ਬਾੜੇਵਾਲ, ਪ੍ਰਤਾਪਪੁਰਾ, ਜੱਸੀਆਂ, ਭੌਰਾ, ਕਾਰਾਬਾਰਾ, ਫਾਗਲਾ, ਮਿਹਰਬਾਨ, ਢੋਲੇਵਾਲ, ਗੋਬਿੰਦਗੜ੍ਹ, ਥਰੀਕੇ ਆਦਿ ਅਜਿਹੇ ਪਿੰਡ ਹਨ, ਜਿਨ੍ਹਾਂ ਕੋਲ ਇਕ ਖੇਤ ਵੀ ਖੇਤੀਯੋਗ ਜ਼ਮੀਨ ਨਹੀਂ ਬਚੀ। ਲੁਧਿਆਣਾ ਦੇ ਆਸੇ-ਪਾਸੇ ਲਗਭਗ 50 ਹੋਰ ਪਿੰਡ ਤੇਜ਼ੀ ਨਾਲ ਇਸ ਸੂਚੀ ਵਿਚ ਦਾਖ਼ਲ ਹੋ ਰਹੇ ਹਨ। ਕਈ ਪਿੰਡਾਂ ਦੇ ਅੱਧਿਓਂ ਵੱਧ ਖੇਤ ਖ਼ਤਮ ਹੋ ਗਏ ਹਨ। ਲੁਧਿਆਣੇ ਸ਼ਹਿਰ ਤੋਂ ਬਾਹਰ ਆਉਂਦੀ ਹਰ ਸੜਕ ਇਕ ਵੱਖਰਾ ਸ਼ਹਿਰ ਹੈ।

ਕਈ ਅਭਾਗੇ ਪਿੰਡਾਂ ਦੇ ਖੇਤ, ਹਾਈਵੇਅ ਲੰਘਣ ਨਾਲ ਸੁਤੇ-ਸਿੱਧ ਸ਼ਿਕਾਰੀ ਦੀ ਲਪੇਟ ਵਿਚ ਆ ਗਏ ਹਨ। ਉਨ੍ਹਾਂ ਨੂੰ ਉਦੋਂ ਪਤਾ ਲੱਗਦਾ ਹੈ ਜਦੋਂ ਉਨ੍ਹਾਂ ਦੇ ਨਾਲ ਲਗਦੇ ਖੇਤਾਂ ਨੂੰ ਭੂਮਾਫ਼ੀਆ ਦੁਆਰਾ ਰੰਗੀਨ ਟੀਨਾਂ ਨਾਲ ਘੇਰ ਲਿਆ ਜਾਂਦਾ ਹੈ। ਉਹ ਖੇਤ ਜਿਨ੍ਹਾਂ ਨੂੰ ਦਹਾਕਿਆਂ ਤੋਂ ਪੁੰਗਰਦੇ ਬੀਜਾਂ ਦੀ ਛੋਹ ਪ੍ਰਾਪਤ ਸੀ, ਅਚਾਨਕ ਕੰਕਰੀਟ ਦੇ ਅਥਾਹ ਭਾਰ ਹੇਠਾਂ ਦੱਬੇ ਜਾ ਰਹੇ ਹਨ। ਕਿਸਾਨ ਤੇ ਕਿਸਾਨ ਪਰਿਵਾਰਾਂ ਦੇ ਖੇਤਾਂ ਨਾਲ ਸਦੀਆਂ ਪੁਰਾਣੇ ਸੰਬੰਧ ਚੰਦ ਦਿਨਾਂ 'ਚ ਟੁੱਟ ਰਹੇ ਹਨ। ਪੰਜਾਬ ਖੇਤੀ ਪ੍ਰਮੁੱਖ ਸੂਬਾ ਹੋਣ ਦਾ ਆਪਣਾ ਵਜੂਦ ਗਵਾ ਰਿਹਾ ਹੈ।

ਨੈਸ਼ਨਲ ਹਾਈਵੇ ਅਥਾਰਿਟੀ ਆਫ਼ ਇੰਡੀਆ ਦੁਆਰਾ ਪੰਜਾਬ ਵਿਚ ਨਵੇਂ ਉਸਾਰੇ ਤੇ ਚੌੜੇ ਕੀਤੇ ਜਾ ਰਹੇ ਹਾਈਵੇਜ਼ ਨੂੰ ਗਰੀਨ ਤੇ ਬਰਾਊਨ ਫੀਲਡ ਪ੍ਰੋਜੈਕਟਾਂ ਵਿਚ ਵੰਡਿਆ ਗਿਆ ਹੈ। ਇਸ ਸਮੇਂ ਪ੍ਰਾਂਤ ਵਿਚ 16 ਗਰੀਨ ਅਤੇ 9 ਬਰਾਊਨ ਹਾਈਵੇ ਉਸਾਰੀ ਅਧੀਨ ਹਨ। ਕੁਝ ਪ੍ਰਾਜੈਕਟ ਮੁਕੰਮਲ ਹੋ ਚੁੱਕੇ ਹਨ ਤੇ ਬਹੁਤੇ ਪ੍ਰਾਜੈਕਟ ਮੁਕੰਮਲ ਹੋਣ ਵਾਲੇ ਹਨ। ਨੈਸ਼ਨਲ ਹਾਈਵੇ-1 ਨੂੰ ਲੁਧਿਆਣਾ ਤੋਂ ਬਾਈਪਾਸ ਕਰਦਾ ਸਦਰਨ (ਦੱਖਣੀ) ਬਾਈਪਾਸ ਦੋ ਪੜਾਵਾਂ ਵਿਚ ਮੁਕੰਮਲ ਹੋਇਆ। ਪਹਿਲਾ ਦੋਰਾਹੇ ਤੋਂ ਫ਼ਿਰੋਜ਼ਪੁਰ ਰੋਡ ਤੱਕ ਜੋ 2012-13 ਵਿਚ ਮੁਕੰਮਲ ਹੋਇਆ। ਦੂਜਾ ਇਥੋਂ ਲਾਢੋਵਾਲ ਤੱਕ ਲਾਢੋਵਾਲ ਬਾਈਪਾਸ 16 ਕਿਲੋਮੀਟਰ ਲੰਮਾ ਹੈ ਜੋ 2020-21 ਦੌਰਾਨ ਮੁਕੰਮਲ ਹੋਇਆ। ਇਹ ਦੂਜੇ ਬਾਈਪਾਸ ਦੀ ਕਹਾਣੀ ਹੈ।

ਇਹ ਬਾਈਪਾਸ ਲੁਧਿਆਣਾ-ਫ਼ਿਰੋਜ਼ਪੁਰ ਰੋਡ ਤੋਂ ਮਿਲਕ ਪਲਾਂਟ, ਸੁਨੇਤ, ਬਾੜੇਵਾਲ, ਸਿੰਘਪੁਰ, ਇਯਾਲੀ ਕਲਾਂ, ਇਯਾਲੀ ਖ਼ੁਰਦ, ਮਲਕਪੁਰ, ਜੈਨਪੁਰ, ਬੱਗਾਂ ਕਲਾਂ, ਚਾਹੜਾ, ਮਾਣੇਵਾਲ ਤੇ ਲੋਢੋਵਾਲ ਪਿੰਡਾਂ ਦੀ ਜ਼ਮੀਨ ਵਿਚ ਦੀ ਲੰਘਦਾ ਹੈ। ਇਸ ਬਾਈਪਾਸ ਦੀ ਕਨਸੋਅ ਮਿਲਣ 'ਤੇ ਹੀ ਕਈ ਵੱਡਿਆਂ ਘਰਾਣਿਆਂ ਨੇ ਜ਼ਮੀਨ ਖ਼ਰੀਦਣ ਦੇ ਯਤਨ ਸ਼ੁਰੂ ਕਰ ਦਿੱਤੇ ਸਨ। ਜ਼ਮੀਨ ਐਕੁਆਇਰ ਦੀ ਕਾਰਵਾਈ ਸ਼ੁਰੂ ਹੁੰਦਿਆਂ ਹੀ ਰੀਅਲ ਅਸਟੇਟ ਦੀ ਚਹਿਲ-ਪਹਿਲ ਨਜ਼ਰ ਆਈ। ਜਦੋਂ ਬਾਈਪਾਸ ਲਈ ਜ਼ਮੀਨ ਐਕੁਆਇਰ ਹੋਣ ਲੱਗੀ ਤਾਂ ਇਸ ਕਤਾਰ ਵਿਚ ਵੱਡੇ ਘਰਾਣਿਆਂ ਦੀ ਵਿਸ਼ੇਸ਼ ਸ਼ਮੂਲੀਅਤ ਵਿਖਾਈ ਦਿੱਤੀ। ਇਸ ਬਾਈਪਾਸ ਦੇ ਨਿਰਮਾਣ ਦੌਰਾਨ ਵੱਡਿਆਂ ਘਰਾਣਿਆਂ ਵਲੋਂ ਜ਼ਮੀਨ ਖ਼ਰੀਦਣ ਦਾ ਰੁਝਾਨ ਨਿਰੰਤਰ ਜਾਰੀ ਰਿਹਾ। ਜਦ ਇਹ ਬਾਈਪਾਸ ਮੁਕੰਮਲ ਹੋਇਆ ਤਾਂ ਬਾਕੀ ਬਚੀ ਜ਼ਮੀਨ ਖ਼ਰੀਦਣ ਲਈ ਜੱਦੋ-ਜਹਿਦ ਹੋਰ ਤੇਜ਼ ਹੋ ਗਈ। ਸਾਲ 2023-24 ਦੌਰਾਨ ਇਸ ਸੜਕ ਦੇ ਆਸੇ-ਪਾਸੇ ਦੋ ਕਰੋੜ ਸਰਕਾਰੀ ਕੀਮਤ ਨਿਸਚਿਤ ਕੀਤੀ ਗਈ, ਜਦੋਂ ਕਿ ਇਕ ਏਕੜ ਦੀ ਮਾਰਕੀਟ ਕੀਮਤ ਬਾਰਾਂ ਤੋਂ ਅਠਾਰਾਂ ਕਰੋੜ ਤੱਕ ਪਾਈ ਗਈ ਹੈ।

ਜ਼ਮੀਨ ਦੀ ਹੋਂਦ ਤੇ ਆਮਦਨੀ ਨਾਲ ਧਨ ਕੁਬੇਰ ਕਾਲ਼ੇ ਧਨ ਨੂੰ ਚਿੱਟਾ ਕਰਨ ਲਈ ਪੱਕਾ ਪਲੇਟਫਾਰਮ ਸਿਰਜ ਲੈਂਦੇ ਹਨ। ਪੂੰਜੀਵਾਦ, ਕਿਰਤੀਆਂ ਨੂੰ ਕਿਵੇਂ-ਕਿਵੇਂ ਖ਼ਤਮ ਕਰਦਾ ਹੈ, ਹਾਈਵੇਜ਼ ਤੇ ਬਾਈਪਾਸ ਦੇ ਆਸੇ-ਪਾਸੇ ਉਪਜਾਊ ਖੇਤਾਂ ਦਾ ਖ਼ਾਤਮਾ ਅਤੇ ਉੱਖੜ ਗਏ ਕਿਰਤੀਆਂ ਦੇ ਹਾਲਾਤ ਇਸ ਦਾ ਪ੍ਰਤੱਖ ਪ੍ਰਮਾਣ ਹਨ। ਪੂੰਜੀਵਾਦ ਅਮੀਰਾਂ ਲਈ ਅਨਮੋਲ 'ਤੋਹਫ਼ਾ' ਹੈ। ਇਸ ਹਾਈਵੇਜ਼ ਦੇ ਆਸੇ-ਪਾਸੇ 32 ਏਕੜ ਤੋਂ ਸ਼ੁਰੂ ਹੋ ਕੇ ਕਈ ਘਰਾਣਿਆਂ ਤੇ ਕੰਪਨੀਆਂ ਨੇ ਲਗਭਗ 400 ਏਕੜ ਤੱਕ ਦੇ ਟੱਕ ਇਕੱਠੇ ਕਰ ਲਏ ਹਨ। ਸੋਲਾਂ ਕਿਲੋਮੀਟਰ ਲੰਮੇ ਇਸ ਬਾਈਪਾਸ ਦੇ ਆਸੇ-ਪਾਸੇ ਅਜਿਹੇ ਘਰਾਣਿਆਂ ਤੇ ਕੰਪਨੀਆਂ ਦੀ ਗਿਣਤੀ 25 ਤੋਂ 30 ਵਿਚਕਾਰ ਹੈ।

ਜੇ ਗੁਆਂਢੀ ਸੂਬਿਆਂ ਵਿਚ ਪੰਜਾਬੀ ਵਿਸਵਾ ਜ਼ਮੀਨ ਵੀ ਨਹੀਂ ਖਰੀਦ ਸਕਦੇ, ਫਿਰ ਪੰਜਾਬ 'ਤੇ ਰਾਜ ਕਰਦੀਆਂ ਰਹੀਆਂ ਸਰਕਾਰਾਂ ਨੇ 400-400 ਏਕੜ ਜ਼ਮੀਨ ਬਾਹਰਲੀਆਂ ਕੰਪਨੀਆਂ ਨੂੰ ਕਿਵੇਂ ਇਕੱਠੇ ਖਰੀਦ ਕਰਨ ਦਿੱਤੇ ਹਨ।ਜੇ ਇਹ ਰੋਕ ਨਹੀਂ ਲਾਈ ਜਾ ਸਕੀ ਤਾਂ ਘੱਟੋ-ਘੱਟ ਪ੍ਰਤੀ ਵਿਅਕਤੀ/ਪ੍ਰਤੀ ਕੰਪਨੀ ਵੱਧ ਤੋਂ ਵੱਧ ਜ਼ਮੀਨ ਖ਼ਰੀਦ ਸਕਣ ਦੀ ਕੋਈ ਸੀਮਾ ਹੋਣੀ ਚਾਹੀਦੀ ਸੀ। ਪਾਲਿਸੀ ਤੇ ਨਿਯਮਾਂ ਦੀ ਅਣਹੋਂਦ ਵਿਚ ਸਰਕਾਰਾਂ ਵਲੋਂ ਪ੍ਰਾਂਤ ਦੇ ਖੇਤਾਂ ਨੂੰ ਦੋਵੇਂ ਹੱਥਾਂ ਨਾਲ ਲੁਟਾਇਆ ਗਿਆ। ਜੇਕਰ ਕੋਈ ਵਿਅਕਤੀ ਖੇਤਾਂ ਦੀ ਤਬਾਹੀ ਦਾ ਇਹ ਮੰਜ਼ਰ ਵੇਖਣਾ ਚਾਹੁੰਦਾ ਹੋਵੇ ਤਾਂ ਉਸ ਨੂੰ ਲੁਧਿਆਣਾ-ਫਿਰੋਜ਼ਪੁਰ ਰੋਡ ਤੋਂ ਵਹਿੰਦੇ ਵੱਲ ਸਿੱਧਵਾਂ ਕੈਨਾਲ ਦੇ ਨਾਲ-ਨਾਲ 25-30 ਕਿਲੋਮੀਟਰ ਸਫ਼ਰ ਕਰਨਾ ਚਾਹੀਦਾ ਹੈ। ਇਹ ਖੇਤਰ ਲਹਿਰਾਉਂਦੇ ਖੇਤਾਂ ਦੀ ਗਾਜ਼ਾ ਪੱਟੀ ਹੈ, ਜਿੱਥੇ ਕਾਲ਼ੇ ਧਨ ਦੀ ਅੰਨ੍ਹੀ ਬੰਬਾਰੀ ਕੀਤੀ ਗਈ। ਐਗਰੀਕਲਚਰਲ ਜ਼ੋਨਜ਼ ਦੀ ਹੋਂਦ ਕਿੱਥੇ ਹੈ ਅਤੇ ਚੇਂਜ ਆਫ਼ ਲੈਂਡ ਯੂਜ਼ ਦੀ ਵਰਤੋਂ ਕਿਵੇਂ ਹੋ ਰਹੀ ਹੈ।

ਭੂ-ਮਾਫ਼ੀਆ ਅਤੇ ਰੀਅਲ ਅਸਟੇਟ ਦੇ ਕੈਨਵਸ 'ਤੇ ਖੇਤਾਂ ਦੀ ਖ਼ਰੀਦੋ-ਫ਼ਰੋਖ਼ਤ ਦੀਆਂ ਮੂੰਹੋਂ-ਮੂੰਹੀਂ ਅਫ਼ਵਾਹਾਂ ਉੱਠਦੀਆਂ ਹਨ। ਇਸ ਹਾਈਵੇਜ਼ ਦੇ ਆਸੇ-ਪਾਸੇ ਦੇ ਪਿੰਡਾਂ ਵਿਚ ਇਹ ਚਰਚਾ ਹੈ ਕਿ ਬਾਕੀ ਬਚੀ ਜ਼ਮੀਨ ਗਲਾਡਾ ਨੇ ਰਿਹਾਇਸ਼ੀ ਕਾਲੋਨੀਆਂ ਲਈ ਐਕੁਆਇਰ ਕਰ ਲੈਣੀ ਹੈ। ਜ਼ਮੀਨ ਐਕੁਆਇਰ ਹੋਣ ਦੇ ਡਰ ਦੇ ਨਾਲ-ਨਾਲ ਉਨ੍ਹਾਂ ਨੂੰ ਲਾਲਚ ਵੀ ਦਿੱਤਾ ਜਾਂਦਾ ਹੈ ਕਿ ਜ਼ਮੀਨ ਦੁੱਗਣੀ ਬਣ ਜਾਵੇਗੀ ਅਤੇ ਘਰ ਲਈ ਵੀ ਚੰਗੀ ਚੋਖੀ ਰਕਮ ਬਚ ਜਾਵੇਗੀ। ਇਵੇਂ ਪਿਛਲੇ ਢਾਈ ਵਰ੍ਹਿਆਂ ਦੌਰਾਨ ਨੂਰਪੁਰ ਬੇਟ ਪਿੰਡ ਦਾ ਲਗਭਗ 400 ਏਕੜ ਰਕਬਾ ਇਕੋ ਪਾਰਟੀ ਵਲੋਂ ਖ਼ਰੀਦਿਆ ਜਾ ਚੁੱਕਾ ਹੈ। ਇਸ ਬਾਈਪਾਸ ਦੇ ਆਸੇ ਪਾਸੇ 10-12 ਪਿੰਡਾਂ ਵਿਚੋਂ ਇਸੇ ਪਿੰਡ ਕੋਲ ਵੱਧ ਜ਼ਮੀਨ ਬਚੀ ਸੀ। ਇਸ ਪਿੰਡ ਦੇ ਆਉਂਦੇ ਢਾਈ ਵਰ੍ਹਿਆਂ ਵਿਚ ਮੁਕੰਮਲ ਤੌਰ 'ਤੇ ਖੇਤੀ ਰਹਿਤ ਹੋ ਜਾਣ ਦਾ ਖਦਸ਼ਾ ਹੈ।

ਚੰਗੀ ਸ਼ੁਰੂਆਤ ਦੇ ਬਾਵਜੂਦ ਪ੍ਰਾਂਤ, ਰੁਜ਼ਗਾਰ, ਵਿਕਾਸ ਤੇ ਖ਼ੁਸ਼ਹਾਲੀ ਦੇ ਖ਼ਾਕੇ ਨਾ ਉਲੀਕ ਸਕਿਆ। ਰਾਜਨੀਤਕਾਂ ਨੇ ਮੁਫ਼ਤ ਸਹੂਲਤ ਦੀ ਰਾਜਨੀਤੀ ਨੂੰ ਤਰਜੀਹ ਦਿੱਤੀ। ਗਵਰਨੈਂਸ ਦਮ ਤੋੜ ਗਈ। ਹਰ ਪ੍ਰਾਂਤ ਨੇ ਆਪਣੇ-ਆਪਣੇ ਖੇਤਰ ਅਤੇ ਨਾਗਰਿਕਾਂ ਦੀ ਸਾਂਭ-ਸੰਭਾਲ ਲਈ ਕੋਈ ਨਾ ਕੋਈ ਕਾਨੂੰਨ, ਸੋਧ, ਨੋਟੀਫਿਕੇਸ਼ਨ ਆਦਿ ਅਮਲ ਵਿਚ ਲਿਆਂਦੇ ਹਨ। ਬਹੁਤ ਸਾਰੇ ਸੂਬਿਆਂ ਵਿਚ ਇੱਕ ਜਾਂ ਦੂਜੇ ਰੂਪ ਵਿਚ ਜ਼ਮੀਨ ਖ਼ਰੀਦਣ ਦੀਆਂ ਬੰਦਿਸ਼ਾਂ ਹਨ, ਕਈ ਪ੍ਰਾਂਤਾਂ ਵਿਚ ਜ਼ਮੀਨ ਖਰੀਦ ਦੀ ਸੀਮਾ ਦਰ ਨਿਸਚਿਤ ਹੈ। ਚੇਂਜ ਆਫ਼ ਲੈਂਡ ਯੂਜ਼ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਂਦੀ ਹੈ। ਪਰ ਪੰਜਾਬ ਦੇਸ਼ ਦਾ ਮਹਿਜ਼ ਇੱਕੋ-ਇੱਕ ਪ੍ਰਾਂਤ ਹੈ ਜੋ ਦਿਨ ਸਮੇਂ ਘਰ ਨਹੀਂ ਵੜਦਾ ਅਤੇ ਰਾਤ ਨੂੰ ਬੂਹੇ ਖੁੱਲ੍ਹੇ ਛੱਡ ਕੇ ਸੌਂਦਾ ਹੈ।

ਮੁਹਾਲੀ ਜ਼ਿਲ੍ਹੇ ਦੇ ਜਿਹੜੇ ਖੇਤਰ ਮਾਸਟਰ ਪਲਾਨ ਅਧੀਨ ਆ ਚੁੱਕੇ ਹਨ, ਉਥੇ ਤੁਸੀਂ ਕੁਝ ਹੋਰ ਨਹੀਂ ਕਰ ਸਕਦੇ, ਲੇਕਿਨ ਜ਼ਮੀਨ ਵੇਚ ਸਕਦੇ ਹੋ। ਜ਼ਮੀਨ ਦੀ ਵੱਡੀ ਥੋੜ ਤੇ ਅਹਿਮੀਅਤ ਕਾਰਨ ਕਈ ਖੇਤ ਕਨਾਲਾਂ ਵਿਚ ਵਿਕ ਰਹੇ ਹਨ, ਚੱਪਾ-ਚੱਪਾ ਧਰਤੀ ਵਿਕੇ। ਅਜਿਹੇ ਇਕ ਖੇਤ ਦੇ ਮਾਲਕ ਨੇ ਦੋ ਸਾਲ ਪਹਿਲਾਂ 60 ਲੱਖ ਰੁਪਏ ਪ੍ਰਤੀ ਕਨਾਲ ਦੇ ਹਿਸਾਬ ਨਾਲ ਜ਼ਮੀਨ ਵੇਚੀ ਸੀ।ਦੋ ਵਰ੍ਹਿਆਂ ਬਾਅਦ ਇਹ ਕੀਮਤ ਲਗਭਗ ਇਕ ਕਰੋੜ ਰੁਪਏ ਪ੍ਰਤੀ ਕਨਾਲ ਹੋ ਗਈ, ਜਦ ਕਿ ਇਸ ਇਲਾਕੇ ਵਿਚ ਘੱਟੋ-ਘੱਟ ਸਰਕਾਰੀ ਮੁੱਲ ਪਹਿਲਾਂ ਦੋ ਕਰੋੜ ਤੇ ਹੁਣ ਤਿੰਨ ਕਰੋੜ ਪ੍ਰਤੀ ਏਕੜ ਹੈ। ਇਵੇਂ ਜ਼ਮੀਨ ਦੀ ਖ਼ਰੀਦ ਵਿਚ ਵੱਡੀ ਪੱਧਰ 'ਤੇ ਕਾਲ਼ਾ ਧਨ ਛੁਪਾਇਆ ਜਾਂਦਾ ਹੈ। ਭੁਚਾਲ ਦੀਆਂ ਤਰੰਗਾਂ ਦੇ ਵਹਾਅ ਵਾਂਗ ਖੇਤਾਂ ਵਿਚ ਵੀ ਕਾਲ਼ੇ ਧਨ ਦੀਆਂ ਤਰੰਗਾਂ ਦਾ ਵਹਾਅ ਵਹਿੰਦਾ ਹੈ। ਉਸਾਰੀ ਅਧੀਨ ਸੜਕਾਂ ਦੀ ਆੜ ਵਿਚ ਇਸ ਵਹਾਅ ਦਾ ਰੁਖ਼ ਹੋਰ ਤੇਜ਼ ਕਰ ਲਿਆ ਗਿਆ ਹੈ।

ਪ੍ਰਾਂਤ ਵਿਚੋਂ ਲੰਘਦੇ ਹਾਈਵੇਜ਼ ਜਿੱਥੇ ਆਪਸ ਵਿਚ ਰਲਦੇ/ਵਿੱਛੜਦੇ ਹਨ, ਹਾਈਵੇਜ਼ 'ਤੇ ਚੜ੍ਹਨ-ਉਤਰਨ ਅਤੇ ਜਿੱਥੇ ਸਟੋਰੇਜ ਖੇਤਰ ਰਾਖਵੇਂ ਰੱਖੇ ਗਏ ਹਨ, ਅਜਿਹੀਆਂ ਥਾਵਾਂ 'ਤੇ ਧਨ ਕੁਬੇਰਾਂ ਵਲੋਂ ਜ਼ਮੀਨ ਦੀ ਖ਼ਰੀਦੋ-ਫ਼ਰੋਖ਼ਤ ਗਹਿਗੱਚ ਪੱਧਰ ਦੀ ਤੇਜ਼ੀ ਨਾਲ ਹੋ ਰਹੀ ਹੈ, ਪ੍ਰਾਂਤ ਵਿਚ ਅਜਿਹੀਆਂ 200 ਦੇ ਲਗਭਗ ਥਾਵਾਂ ਹਨ। ਹੜ੍ਹ ਦਾ ਘੁੰਮਦਾ ਪਾਣੀ ਜਿਵੇਂ ਵੱਧ ਮਾਰ ਕਰਦਾ ਹੈ ਇਵੇਂ ਅਜਿਹੀਆਂ ਥਾਵਾਂ ਨੇੜੇ ਖੇਤਾਂ ਦਾ ਤੇਜ਼ੀ ਨਾਲ ਖ਼ਾਤਮਾ ਹੋ ਰਿਹਾ ਹੈ। ਹਾਈਵੇਜ਼ ਤੇ ਬਾਈਪਾਸ ਚਾਲੂ ਹੋ ਜਾਣ 'ਤੇ ਇਹ ਦਰ ਸਿਖਰਾਂ ਛੋਹਣ ਲੱਗੀ ਹੈ।

ਸੰਸਾਰ ਪ੍ਰਸਿੱਧ ਭੂਗੋਲਿਕ ਤੇ ਆਰਥਿਕ ਚਿੰਤਕ ਡਾ. ਡੇਵਿਡ ਹਾਰਵੇ ਅਨੁਸਾਰ, 'ਸ਼ਹਿਰੀਕਰਨ, ਪੂੰਜੀਵਾਦ ਅਤੇ ਗਹਿਗੱਚ ਪੱਧਰ ਦੀ ਖਪਤਕਾਰੀ ਕਾਰਨ ਖੇਤੀਬਾੜੀ ਲਈ ਉਪਜਾਊ ਜ਼ਮੀਨ ਤੇਜ਼ੀ ਨਾਲ ਖ਼ਤਮ ਹੋ ਰਹੀ ਹੈ। ਇਸ ਨਾਲ ਅਮੀਰ-ਗ਼ਰੀਬ ਵਿਚਲਾ ਪਾੜਾ ਨਿਰੰਤਰ ਵਧ ਰਿਹਾ ਹੈ। ਅਜਿਹਾ ਕਾਮਿਆਂ ਤੇ ਕਿਸਾਨਾਂ ਦੀ ਹੋਂਦ ਲਈ ਗੰਭੀਰ ਖ਼ਤਰਾ ਹੈ। ਵਾਤਾਵਰਨ ਵਿਗਾੜ ਪੈਦਾ ਹੋ ਰਿਹਾ ਹੈ, ਅਜਿਹੇ ਹਾਲਾਤ ਭੋਜਨ ਸੁਰੱਖਿਆ ਲਈ ਖ਼ਤਰਨਾਕ ਸੁਨੇਹਾ ਹਨ। ਖੇਤੀਯੋਗ ਉਪਜਾਊ ਜ਼ਮੀਨ ਦੇ ਖ਼ਾਤਮੇ ਪੱਖੋਂ ਪੰਜਾਬ ਦੇ ਮੌਜੂਦਾ ਹਾਲਾਤ ਡਾ. ਹਾਰਵੇ ਦੇ ਵਿਚਾਰਾਂ ਦੇ ਕਲਾਵੇ ਤੋਂ ਵੀ ਬਾਹਰ ਹਨ।

ਸਾਬਕਾ ਸੀਨੀਅਰ ਪੁਲਿਸ ਅਫਸਰ
-ਮੋਬਾਈਲ : 98158-00405

# ਇੰਗਲੈਂਡ ਦੇ ਵੱਖ ਵੱਖ ਗੁਰੂ ਘਰਾਂ ਚ ਖਾਲਸਾ ਸਾਜਨਾ ਦਿਵਸ ਵੱਡੇ ਪੱਧਰ ਤੇ ਮਨਾਇਆ ਗਿਆ




ਸਾਜਨਾ ਦਿਵਸ ਮੌਕੇ ਗੁਰਬਾਣੀ ਦਸ ਗਾਇਨ ਕਰਦੇ ਹੋਏ ਛੋਟੇ ਛੋਟੇ ਬੱਚੇ ਤੇ ਗੁਰੂ ਘਰ ਦੀਆਂ ਇਮਾਰਤ ਦਾ ਬਾਹਰੀ ਦ੍ਰਿਸ।

ਲੈਸਟਰ-( ਸੁਖਜਿੰਦਰ ਸਿੰਘ ਢੱਡੇ)-ਖਾਲਸਾ ਸਾਜਨਾ ਦਿਵਸ ਵਿਸਾਖੀ ਜਿੱਥੇ ਪੰਜਾਬ ਸਮੇਤ ਵੱਖ-ਵੱਖ ਸੂਬਿਆ ਚ ਵੱਡੇ ਪੱਧਰ ਤੇ ਮਨਾਇਆ ਗਿਆ ਉੱਥੇ ਵਿਦੇਸ਼ਾਂ ਚ ਵੀ ਖਾਲਸਾ ਸਾਜਨਾ ਦਿਵਸ ਵਿਸਾਖੀ ਵੱਡੇ ਪੱਧਰ ਤੇ ਮਨਾਇਆ ਗਿਆ ਇਸ ਮੌਕੇ ਤੇ ਵੱਖ ਵੱਖ ਗੁਰੂ ਘਰਾਂ ਚ ਧਾਰਮਿਕ ਸਮਾਗਮ ਕਰਵਾਏ ਗਏ, ਇਸੇ ਤਰ੍ਹਾਂ ਇੰਗਲੈਂਡ ਦੇ ਵੱਖ ਵੱਖ ਗੁਰੂ ਘਰਾਂ ਚ ਵੀ ਵਿਸਾਖੀ ਦੇ ਸਬੰਧ ਚ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਉਣ ਉਪਰੰਤ ਵਿਸਾਲ ਧਾਰਮਿਕ ਸਮਾਗਮ ਕਰਾਏ ਗਏ ਅਤੇ ਵੱਖ ਵੱਖ ਪ੍ਰਕਾਰ ਦੇ ਗੁਰੂ ਕੇ ਲੰਗਰ ਵੀ ਵਰਤਾਏ ਗਏ। ਇਸ ਮੌਕੇ ਤੇ ਵੱਡੀ ਗਿਣਤੀ ਚ ਸੰਗਤਾਂ ਵੱਲੋਂ ਗੁਰੂ ਘਰਾਂ ਚ ਨਤਮਸਤਕ ਹੋ ਕੇ ਗੁਰੂ ਮਹਾਰਾਜ ਦੀ ਪ੍ਰਤੀ ਆਪਣੀ ਸ਼ਰਧਾ ਦਾ ਪ੍ਰਗਟਾਵਾ ਵੀ ਕੀਤਾ ਗਿਆ।ਖਾਲਸਾ ਸਾਜਨਾ ਦਿਵਸ ਮੌਕੇ ਵੱਖ ਵੱਖ ਗੁਰੂ ਘਰਾਂ ਚ ਨਿਸ਼ਾਨ ਸਾਹਿਬ ਉੱਪਰ ਨਵਾਂ ਚੋਲਾ ਸਾਹਿਬ ਚੜਾਉਣ ਦੀਆਂ ਸੇਵਾਵਾਂ ਵੀ ਨਿਭਾਈਆਂ ਗਈਆਂ। ਖਾਲਸਾ ਸਾਜਨਾ ਦਿਵਸ ਵਿਸਾਖੀ ਦੇ ਸੰਬੰਧ ਵਿੱਚ ਇੰਗਲੈਂਡ ਦੇ ਸ਼ਹਿਰ ਲੈਸਟਰ ਦੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਗੁਰਦੁਆਰਾ ਰਾਮਗੜੀਆ ਸਾਹਿਬ ਸ੍ਰੀ ਗੁਰੂ ਰਾਮਦਾਸ ਵੇਅ ਵਿਖੇ ਵੀ ਵੱਡੀ ਪੱਧਰ ਤੇ ਧਾਰਮਿਕ ਦੀਵਾਨ ਸਜਾਏ ਗਏ ਅਤੇ ਰਾਗੀ ਢਾਡੀ ਜਥਿਆਂ ਵੱਲੋਂ ਗੁਰੂ ਜਸ ਗਾਇਨ ਕੀਤਾ ਗਿਆ।



Tarlochan Singh fecilitated on Baisakhi day function in Delhi by M.L. Khattar, Union Minister in Delhi.

## ਭੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ

rajinder.pardesi7@gmail.com




## ਤਾਜ਼ਾ ਸਰਵੇ ਵਿਚ 58% ਅਮਰੀਕੀਆਂ ਨੇ ਟਰੰਪ ਦੀ ਟੈਰਿਫ਼ ਨੀਤੀ ਨੂੰ ਕੀਤਾ ਰੱਦ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਇਕ ਤਾਜ਼ਾ ਸਰਵੇ ਜੋ ਵਿਸਾਖੀ ਵਾਲੇ ਦਿਨ ਐਤਵਾਰ ਨੂੰ ਜਾਰੀ ਕੀਤਾ ਗਿਆ ਹੈ, ਅਨੁਸਾਰ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਅਰਥ ਵਿਵਸਥਾ ਤੇ ਮੁਦਰਾ ਪਸਾਰ ਦੇ ਮੁੱਦੇ 'ਤੇ ਲੋਕਪ੍ਰਿਯਤਾ ਵਿਚ ਤੇਜੀ ਨਾਲ ਗਿਰਵਾਟ ਆਈ ਹੈ। 58% ਅਮਰੀਕੀਆਂ ਨੇ ਦਰਾਮਦ ਬਾਰੇ ਟਰੰਪ ਦੀ ਟੈਰਿਫ਼ ਨੀਤੀ ਦਾ ਵਿਰੋਧ ਕੀਤਾ ਹੈ। ਸੀ ਬੀ ਐਸ ਨਿਊਜ਼ ਨੇ ਆਪਣੇ ਸਰਵੇ ਵਿਚ 2410 ਅਮਰੀਕੀਆਂ ਦੀ ਰਾਏ ਲਈ ਹੈ। ਅਰਥ ਵਿਵਸਥਾ ਨੂੰ ਸੰਭਾਲਣ ਦੇ ਮੁੱਦੇ 'ਤੇ 44% ਅਮਰੀਕੀਆਂ ਨੇ ਟਰੰਪ ਦਾ ਸਮਰਥਨ ਕੀਤਾ ਜਦ ਕਿ ਮੁਦਰਾ ਪਸਾਰ ਦੇ ਮੁੱਦੇ 'ਤੇ ਕੇਵਲ 40% ਲੋਕਾਂ ਨੇ ਟਰੰਪ ਦੇ ਹੱਕ ਵਿਚ ਹਾਮੀ ਭਰੀ ਹੈ। 30 ਮਾਰਚ ਦੀ ਤੁਲਨਾ ਵਿਚ ਇਹ ਦਰ 4% ਘੱਟ ਹੈ। ਸਮੁੱਚੇ ਤੌਰ 'ਤੇ ਇਸ ਮਹੀਨੇ ਟਰੰਪ ਦੀ ਲੋਕਪ੍ਰਿਯਤਾ ਡਿੱਗ ਕੇ 47% 'ਤੇ ਆ ਗਈ ਹੈ ਜੋ ਮਾਰਚ ਵਿਚ 50% ਤੇ ਫਰਵਰੀ ਵਿਚ 53% ਸੀ। ਹਾਲਾਂ ਕਿ 91% ਲੋਕ ਜੋ ਰਿਪਬਲੀਕਨ ਪਾਰਟੀ ਨਾਲ ਜੁੜੇ ਹੋਏ ਹਨ, ਨੇ ਕਿਹਾ ਹੈ ਕਿ ਟਰੰਪ ਕੋਲ ਟੈਰਿਫ਼ ਤੇ ਵਪਾਰ ਬਾਰੇ ਸਪੱਸ਼ਟ ਯੋਜਨਾ ਹੈ ਜਦ ਕਿ ਕੇਵਲ 43% ਆਮ ਲੋਕਾਂ ਨੇ ਟਰੰਪ ਦੀਆਂ ਆਰਥਕ ਨੀਤੀਆਂ ਦਾ ਸਮਰਥਨ ਕੀਤਾ ਹੈ।




A book on Dr. Manmohan Singh written by S. Gurmeet Singh of Guru Gobind Singh Study Circle Ludhiana was released by Sardarni Gursharan Kaur in Delhi on 11th April. S. Montek Singh Ahluwalia and Tarlochan Singh, Ex-MP are also there.



ਨਗਰ ਕੀਰਤਨ ਗੁਰਦੁਆਰਾ ਆਦਰਸ਼ ਨਗਰ ਜਲੰਧਰ ਵਿਖੇ ਪੁੱਜਣ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ, ਗੁ: ਛੇਵੀਂ ਪਾਤਸ਼ਾਹੀ ਦੇ ਪ੍ਰਧਾਨ ਸ: ਗੁਰਕ੍ਰਿਪਾਲ ਸਿੰਘ, ਸ: ਜਗਜੀਤ ਸਿੰਘ ਗਾਬਾ ਅਤੇ ਰਣਧੀਰ ਸਿੰਘ ਸੰਭਲ ਆਦਿ ਧਾਰਮਿਕ ਸ਼ਖ਼ਸ਼ੀਅਤਾਂ ਦਾ ਸਨਮਾਨ ਕਰਦੇ ਹੋਏ। ਫੋਟੋ-ਅਵਤਾਰ ਛੰਟੀ

# ਸਿਹਤ ਤੇ ਸੁੰਦਰਤਾ



# ਫਿੱਟ ਰਹਿਣ ਦਾ ਸੀਕ੍ਰੇਟ ਹੈ ਇਹ ਖੱਟਾ ਫਲ, ਆਂਵਲਾ



ਆਂਵਲਾ, ਪੌਸ਼ਟਿਕ ਤੱਤਾਂ ਨਾਲ ਭਰਪੂਰ, ਸਦੀਆਂ ਤੋਂ ਇੱਕ ਦਵਾਈ ਵਜੋਂ ਵਰਤਿਆ ਜਾਂਦਾ ਰਿਹਾ ਹੈ। ਆਯੁਰਵੇਦ ਵਿੱਚ ਵੀ ਇਸਦਾ ਬਹੁਤ ਮਹੱਤਵ ਹੈ, ਇਸ ਲਈ ਲੋਕ ਇਸਨੂੰ ਆਪਣੀ ਖੁਰਾਕ ਦਾ ਹਿੱਸਾ ਬਣਾਉਂਦੇ ਹਨ। ਵਿਟਾਮਿਨ ਸੀ ਨਾਲ ਭਰਪੂਰ ਆਂਵਲਾ ਸਾਡੀ ਇਮਿਊਨ ਸਿਸਟਮ ਨੂੰ ਵਧਾਉਣ ਅਤੇ ਗਰਮੀਆਂ ਵਿੱਚ ਹੋਣ ਵਾਲੇ ਇਨਫੈਕਸ਼ਨਾਂ ਤੋਂ ਬਚਾਉਣ ਵਿੱਚ ਮਦਦ ਕਰਦਾ ਹੈ। ਆਂਵਲਾ ਸਾਹ ਪ੍ਰਣਾਲੀ ਨੂੰ ਮਜ਼ਬੂਤ ਬਣਾਉਣ ਵਿੱਚ ਮਦਦ ਕਰਦਾ ਹੈ, ਜੋ ਕਿ ਗਰਮੀਆਂ ਵਿੱਚ ਵਧੇਰੇ ਮਹੱਤਵਪੂਰਨ ਹੁੰਦਾ ਹੈ।

ਗਰਮੀਆਂ ਵਿੱਚ, ਲੋਕ ਅਕਸਰ ਆਪਣੀ ਖੁਰਾਕ ਵਿੱਚ ਅਜਿਹੇ ਭੋਜਨ ਸ਼ਾਮਲ ਕਰਦੇ ਹਨ ਜੋ ਸਰੀਰ ਨੂੰ ਠੰਢਕ ਦਿੰਦੇ ਹਨ। ਅਜਿਹੀ ਸਥਿਤੀ ਵਿੱਚ, ਆਲਵਾ ਇੱਕ ਵਧੀਆ ਵਿਕਲਪ ਹੈ, ਜੋ ਨਾ ਸਿਰਫ਼ ਸਰੀਰ ਨੂੰ ਠੰਡਾ ਕਰਦਾ ਹੈ ਬਲਕਿ ਤੁਹਾਨੂੰ ਸਿਹਤਮੰਦ ਵੀ ਬਣਾਉਂਦਾ ਹੈ। ਇਸ ਵਿੱਚ ਠੰਢਕ ਦੇਣ ਦੇ ਗੁਣ ਹੁੰਦੇ ਹਨ, ਜੋ ਗਰਮੀਆਂ ਵਿੱਚ ਸਾਡੇ ਸਰੀਰ ਦੇ ਤਾਪਮਾਨ ਨੂੰ ਕੰਟਰੋਲ ਕਰਨ ਵਿੱਚ ਮਦਦ ਕਰਦੇ ਹਨ।

ਆਂਵਲਾ ਸਰੀਰ ਵਿੱਚ ਵਧੇ ਹੋਏ ਕੋਲੈਸਟ੍ਰੋਲ ਦੇ ਪੱਧਰ ਨੂੰ ਘਟਾਉਣ ਵਿੱਚ ਮਦਦ ਕਰਦਾ ਹੈ, ਜਿਸ ਨਾਲ ਦਿਲ ਦੀਆਂ ਬਿਮਾਰੀਆਂ ਦਾ ਖ਼ਤਰਾ ਘੱਟ ਜਾਂਦਾ ਹੈ, ਜੋ ਗਰਮੀਆਂ ਵਿੱਚ ਡੀਹਾਈਡਰੇਸ਼ਨ ਅਤੇ ਗਰਮੀ ਦੀ ਥਕਾਵਟ ਕਾਰਨ ਵਧੇਰੇ ਆਮ ਹੁੰਦੀਆਂ ਹਨ।

ਆਂਵਲਾ ਸਰੀਰ ਦੇ ਨਾਲ-ਨਾਲ ਅੱਖਾਂ ਨੂੰ ਵੀ ਲਾਭ ਪਹੁੰਚਾਉਂਦਾ ਹੈ। ਇਹ ਅੱਖਾਂ ਦੀ ਰੌਸ਼ਨੀ ਨੂੰ ਸੁਧਾਰਨ ਲਈ ਜਾਣਿਆ ਜਾਂਦਾ ਹੈ, ਜੋ ਕਿ ਗਰਮੀਆਂ ਦੌਰਾਨ ਖਾਸ ਤੌਰ 'ਤੇ ਮਹੱਤਵਪੂਰਨ ਹੁੰਦਾ ਹੈ। ਖਾਸ ਕਰਕੇ ਜਦੋਂ ਸਾਡੀਆਂ ਅੱਖਾਂ ਤੇਜ਼ ਧੁੱਪ ਅਤੇ ਧੂੜ ਦੇ ਸੰਪਰਕ ਵਿੱਚ ਆਉਂਦੀਆਂ ਹਨ। ਆਂਵਲਾ ਸਿਰ ਦਰਦ ਅਤੇ ਮਾਈਗ੍ਰੇਨ ਲਈ ਇੱਕ ਕੁਦਰਤੀ ਉਪਾਅ ਹੈ, ਜੋ ਆਮ ਤੌਰ 'ਤੇ ਗਰਮੀਆਂ ਵਿੱਚ ਡੀਹਾਈਡਰੇਸ਼ਨ ਅਤੇ ਗਰਮੀ ਦੀ ਥਕਾਵਟ ਕਾਰਨ ਬਹੁਤ ਸਾਰੇ ਲੋਕਾਂ ਨੂੰ ਪਰੇਸ਼ਾਨ ਕਰਦੇ ਹਨ। ਗਰਮੀਆਂ ਦੇ ਮੌਸਮ ਵਿੱਚ, ਪਾਚਨ ਸੰਬੰਧੀ ਸਮੱਸਿਆਵਾਂ ਅਕਸਰ ਲੋਕਾਂ ਲਈ ਮੁਸੀਬਤ ਦਾ ਕਾਰਨ ਬਣ ਜਾਂਦੀਆਂ ਹਨ। ਅਜਿਹੀ ਸਥਿਤੀ ਵਿੱਚ, ਆਂਵਲਾ ਪਾਚਨ ਕਿਰਿਆ ਨੂੰ ਸੁਧਾਰਨ ਵਿੱਚ ਮਦਦਗਾਰ ਸਾਬਤ ਹੋਵੇਗਾ।

ਆਂਵਲਾ ਐਂਟੀਆਕਸੀਡੈਂਟਸ ਨਾਲ ਭਰਪੂਰ ਹੁੰਦਾ ਹੈ, ਜੋ ਸਾਡੀ ਚਮੜੀ ਨੂੰ ਯੂਵੀ ਨੁਕਸਾਨ ਤੋਂ ਬਚਾਉਂਦਾ ਹੈ ਅਤੇ ਸਨਬਰਨ, ਪਿਗਮੈਂਟੇਸ਼ਨ ਅਤੇ ਸਮੇਂ ਤੋਂ ਪਹਿਲਾਂ ਬੁਢਾਪੇ ਦੇ ਜੋਖਮ ਨੂੰ ਘਟਾਉਂਦਾ ਹੈ।

## ਪ੍ਰੋਟੀਨ ਦੀ ਜ਼ਿਆਦਾ ਮਾਤਰਾ ਨਾਲ ਹੋ ਸਕਦੀ ਗੰਭੀਰ ਬਿਮਾਰੀ



ਪ੍ਰੋਟੀਨ ਸਾਡੀ ਸਮੁੱਚੀ ਸਿਹਤ ਲਈ ਬਹੁਤ ਮਹੱਤਵਪੂਰਨ ਹੈ। ਪਰ ਕੀ ਤੁਸੀਂ ਜਾਣਦੇ ਹੋ ਕਿ ਜੇਕਰ ਇਸਨੂੰ ਜ਼ਿਆਦਾ ਮਾਤਰਾ ਵਿੱਚ ਖਾਧਾ ਜਾਵੇ ਤਾਂ ਇਹ ਛਾਤੀ ਦੇ ਕੈਂਸਰ, ਕੋਲੋਰੈਕਟਲ ਕੈਂਸਰ, ਪ੍ਰੋਸਟੇਟ ਕੈਂਸਰ ਦਾ ਖ਼ਤਰਾ ਕਾਫ਼ੀ ਵਧਾ ਦਿੰਦਾ ਹੈ। ਰੈੱਡ ਮੀਟ ਖਾਣ ਨਾਲ ਕੈਂਸਰ ਦਾ ਖ਼ਤਰਾ ਬਹੁਤ ਵੱਧ ਜਾਂਦਾ ਹੈ। ਕਈ ਖੋਜਾਂ ਵਿੱਚ ਇਹ ਸਾਬਤ ਹੋ ਚੁੱਕਾ ਹੈ ਕਿ ਰੈੱਡ ਮਾਸ, ਪ੍ਰੋਸੈਸਡ ਮੀਟ ਵਰਗੇ ਉੱਚ ਪ੍ਰੋਟੀਨ ਵਾਲੇ ਭੋਜਨ ਖਾਣ ਨਾਲ ਕੈਂਸਰ ਦਾ ਖ਼ਤਰਾ ਕਾਫ਼ੀ ਵੱਧ ਜਾਂਦਾ ਹੈ। ਹੈਮ, ਹੌਟ ਡੌਗ, ਡੇਲੀ ਮੀਟ ਅਤੇ ਬੇਕਨ ਵਰਗੇ ਪ੍ਰੋਸੈਸਡ ਮੀਟ ਦੀ ਵੱਡੀ ਮਾਤਰਾ ਵਿੱਚ ਵਰਤੋਂ ਕੈਂਸਰ ਦੇ ਜੋਖਮ ਨੂੰ ਵਧਾਉਂਦੀ ਹੈ। ਫਾਈਬਰ ਅਤੇ ਪੌਸ਼ਟਿਕ ਤੱਤਾਂ ਨਾਲ ਭਰਪੂਰ ਭੋਜਨ ਖਾਣਾ ਸਮੁੱਚੀ ਸਿਹਤ ਲਈ ਬਹੁਤ ਵਧੀਆ ਹੁੰਦਾ ਹੈ।

ਹੁਣ ਤੱਕ ਤੁਸੀਂ ਸੁਣਿਆ ਹੋਵੇਗਾ ਕਿ ਭਾਰ ਘਟਾਉਣ ਵਾਲੇ ਲੋਕਾਂ ਨੂੰ ਪ੍ਰੋਟੀਨ ਖਾਣ ਦੀ ਸਲਾਹ ਦਿੱਤੀ ਜਾਂਦੀ ਹੈ ਪਰ ਜੇਕਰ ਤੁਸੀਂ ਇਸਨੂੰ ਜ਼ਿਆਦਾ ਮਾਤਰਾ ਵਿੱਚ ਲੈ ਰਹੇ ਹੋ ਤਾਂ ਇਹ ਤੁਹਾਡਾ ਭਾਰ ਵਧਾ ਦੇਵੇਗਾ। ਇਸ ਲਈ ਤੁਹਾਨੂੰ ਹਮੇਸ਼ਾ ਆਪਣੇ ਪ੍ਰੋਟੀਨ ਦੇ ਆਕਾਰ ਵੱਲ ਧਿਆਨ ਦੇਣਾ ਚਾਹੀਦਾ ਹੈ। ਇੱਕ ਅਧਿਐਨ ਦੇ ਅਨੁਸਾਰ ਵਾਧੂ ਪ੍ਰੋਟੀਨ ਸਰੀਰ ਵਿੱਚ ਚਰਬੀ ਦੇ ਰੂਪ ਵਿੱਚ ਸਟੋਰ ਹੋ ਜਾਂਦਾ ਹੈ, ਜੋ ਸਰੀਰ ਵਿੱਚ ਅਮੀਨੋ ਐਸਿਡ ਨੂੰ ਵੀ ਵਧਾਉਂਦਾ ਹੈ। ਬਹੁਤ ਜ਼ਿਆਦਾ ਪ੍ਰੋਟੀਨ ਦਾ ਸੇਵਨ ਕਰਨ ਨਾਲ ਤੁਸੀਂ ਹਰ ਸਮੇਂ ਥਕਾਵਟ ਮਹਿਸੂਸ ਕਰ ਸਕਦੇ ਹੋ। ਕਿਉਂਕਿ ਇਹ ਯਕੀਨੀ ਤੌਰ 'ਤੇ ਤੁਹਾਡੇ ਗੁਰਦਿਆਂ, ਜਿਗਰ ਅਤੇ ਹੱਡੀਆਂ 'ਤੇ ਵਧੇਰੇ ਦਬਾਅ ਪਾਉਂਦਾ ਹੈ ਤਾਂ ਜੋ ਉਹ ਹੋਰ ਕੰਮ ਕਰ ਸਕਣ। ਅਜਿਹੀ ਸਥਿਤੀ ਵਿੱਚ, ਤੁਸੀਂ ਹਰ ਸਮੇਂ ਥਕਾਵਟ ਅਤੇ ਸੁਸਤ ਮਹਿਸੂਸ ਕਰ ਸਕਦੇ ਹੋ।

ਵਾਧੂ ਪ੍ਰੋਟੀਨ ਨੂੰ ਹਜ਼ਮ ਕਰਨਾ ਬਹੁਤ ਮੁਸ਼ਕਲ ਹੋ ਜਾਂਦਾ ਹੈ। ਅਜਿਹੀ ਸਥਿਤੀ ਵਿੱਚ ਤੁਹਾਨੂੰ ਪਾਚਨ ਸੰਬੰਧੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਅਤੇ ਤੁਹਾਨੂੰ ਕਬਜ਼ ਦੀ ਸਮੱਸਿਆ ਹੋ ਸਕਦੀ ਹੈ। ਤੁਹਾਨੂੰ ਪੇਟ ਫੁੱਲਣ ਦੀ ਸਮੱਸਿਆ ਨਾਲ ਵੀ ਜੂਝਣਾ ਪੈ ਸਕਦਾ ਹੈ।

# * ਚੂੰਢੀਆਂ-ਪੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





*2027 'ਚ ਕਾਂਗਰਸ ਪੰਜਾਬ ਵਿਚ ਸਰਕਾਰ ਬਣਾਏਗੀ- ਬੀਬੀ ਭੱਠਲ

-ਪੱਲੇ ਨਹੀਂ ਧੇਲਾ ਕਰਦੀ ਮੇਲਾ ਮੇਲਾ।



*ਸੌਦਾ ਸਾਧ ਨੂੰ 13ਵੀਂ ਵਾਰ ਮਿਲੀ 21 ਦਿਨਾਂ ਦੀ ਪੈਰੋਲ- ਇਕ ਖ਼ਬਰ

-ਸਈਆਂ ਭਏ ਕੋਤਵਾਲ ਅਬ ਡਰ ਕਾਹੇ ਕਾ।



*ਵਿਸਾਖੀ ਤੋਂ ਪਹਿਲਾਂ ਅਕਾਲੀ ਦਲ ਦਾ ਪ੍ਰਧਾਨ ਚੁਣਿਆਂ ਜਾਵੇਗਾ- ਦਲਜੀਤ ਚੀਮਾ

-ਚੁਣਨ ਦੀ ਕੀ ਲੋੜ ਐ ਜਨਾਬ। ਪ੍ਰਧਾਨ ਤਾਂ ਮੁੱਛਾਂ ਨੂੰ ਤਾਅ ਦੇ ਕੇ ਸਿਰ 'ਤੇ ਤਾਜ ਸਜਾਈ ਬੈਠੈ।



*ਸ੍ਰੀ ਅਕਾਲ ਤਖ਼ਤ ਦੀ ਹੁਕਮ ਅਦੂਲੀ ਕਰ ਕੇ ਬਣਿਆਂ ਪ੍ਰਧਾਨ ਪੰਥ ਨੂੰ ਪ੍ਰਵਾਨ ਨਹੀਂ- ਮਨਜੀਤ ਸਿੰਘ ਦਸੂਹਾ

-ਅੱਗੇ ਬੀਬੀ ਟੱਪਣੀ, ਪਿੱਛੇ ਢੋਲਾਂ ਦੀ ਘੜਮੱਸ।



*ਕਰਨੈਲ ਸਿੰਘ ਪੀਰ ਮੁਹੰਮਦ ਨੇ ਵੀ ਬਾਦਲਾਂ ਦਾ ਪੱਲਾ ਛੱਡਿਆ- ਇਕ ਖ਼ਬਰ

-ਵਾਜਾਂ ਮਾਰੀਆਂ ਤੇ ਦਿਤੀਆਂ ਦੁਹਾਈਆਂ, ਸੁੱਖੇ ਨੇ ਮੇਰੀ ਗੱਲ ਨਾ ਸੁਣੀ।



*ਚੀਨ ਨੇ ਅਮਰੀਕਾ 'ਤੇ ਆਰਥਕ ਧੱਕੇਸ਼ਾਹੀ ਕਰਨ ਦਾ ਲਾਇਆ ਦੋਸ਼- ਇਕ ਖ਼ਬਰ

-ਬਹਿ ਕੇ ਟੇਸ਼ਣ 'ਤੇ, ਵੈਣ ਬੁੱਢੇ ਦੇ ਪਾਵਾਂ।




*12 ਅਪ੍ਰੈਲ ਨੂੰ ਹੋਏ ਅਕਾਲੀ ਦਲ ਬਾਦਲ ਦੇ ਪ੍ਰੋਗਰਾਮ 'ਚੋਂ ਧਾਮੀ ਰਹੇ ਗ਼ੈਰਹਾਜ਼ਰ-ਇਕ ਖ਼ਬਰ

-ਵਾਰਸ ਸ਼ਾਹ, ਹੈ ਚੁਗਲ ਦੀ ਸ਼ਕਲ ਕੈਦੋ, ਇਹ ਮੂਲ ਹੈ ਸਭ ਬਖੇੜਿਆਂ ਦਾ



*ਅਸੀਂ ਬਿਹਾਰ 'ਚ ਆਪਣੀਆਂ ਗਲਤੀਆਂ ਤੋਂ ਬਹੁਤ ਕੁਝ ਸਿਖ ਰਹੇ ਹਾਂ- ਰਾਹੁਲ ਗਾਂਧੀ

-ਛੜੇ ਬੈਠ ਕੇ ਸਲਾਹਾਂ ਕਰਦੇ, ਰੱਬਾ ਹੁਣ ਕੀ ਕਰੀਏ।



*ਟਰੰਪ ਨੇ ਆਪਣਾ ਸਾਲਾਨਾ ਮੈਡੀਕਲ ਕਰਵਾਇਆ ਤੇ ਖ਼ੁਦ ਨੂੰ ਦੱਸਿਆ 'ਤੰਦਰੁਸਤ'- ਇਕ ਖ਼ਬਰ

-ਆਉਂਦੀ ਜਾਂਦੀ ਨੂੰ ਘੜਾ ਚੁਕਾਉਂਦਾ, ਮਗਰੋਂ ਮਾਰਦਾ ਗੋਡਾ।

*ਜੰਗ ਭਾਵੇਂ ਕਿੰਨੀ ਦੇਰ ਵੀ ਚੱਲੇ, ਅਸੀਂ ਕਦੀ ਵੀ ਹਾਰ ਨਹੀਂ ਮੰਨਾਂਗੇ- ਚੀਨੀ ਵਿਦੇਸ਼ ਮੰਤਰਾਲਾ

-ਮੌਤੋਂ ਕੀ ਡਰਨਾ, ਬੋਤਾ ਪਾ ਲਿਆ ਚੁੜੇਲਾਂ ਵਾਲ਼ੀ ਸੜਕੇ।



*ਹਾਈ ਕਮਾਂਡ ਪੰਜਾਬ ਕਾਂਗਰਸ ਦੀ ਅੰਦਰੂਨੀ ਧੜੇਬੰਦੀ ਤੋਂ ਚਿੰਤਤ- ਭੂਪੇਸ਼ ਬਘੇਲ

-ਚੁੱਲ੍ਹੇ ਅੱਗ ਨਾ ਘੜੇ ਦੇ ਵਿਚ ਪਾਣੀ, ਘਰਾਂ ਦੇ ਕਲੇਸ਼ ਔਂਤਰੇ।



*ਮੋਦੀ ਸਰਕਾਰ ਚੀਨ ਵਾਂਗ ਹੀ ਟਰੰਪ ਖ਼ਿਲਾਫ਼ ਡਟਵਾਂ ਸਟੈਂਡ ਲਵੇ- ਬੰਤ ਸਿੰਘ ਬਰਾੜ

-ਟੁੱਟ ਪੈਣੇ ਛੜੇ ਜੇਠ ਨੇ, ਮੇਰੇ ਮੂੰਹ 'ਤੇ ਬੈਟਰੀ ਮਾਰੀ।

*ਮੌਜੂਦਾ ਜਥੇਦਾਰ ਦੀ ਚੋਣ ਪ੍ਰਕਿਰਿਆ 'ਤੇ ਤਾਂ ਸਾਨੂੰ ਸ਼ਰਮ ਆ ਰਹੀ ਹੈ- ਤਰਲੋਚਨ ਸਿੰਘ

-ਕਾਉਂ ਬਾਗ਼ ਦੇ ਵਿਚ ਕਲੋਲ ਕੀਤੇ, ਕੂੜਾ ਫੋਲਣੇ ਨੂੰ ਏਥੇ ਮੋਰ ਕੀਤੇ।



*ਅਕਾਲੀ ਦਲ ਬਾਦਲ ਨੇ ਵੋਟਰ ਸੂਚੀਆਂ ਦੇਖ ਕੇ ਹੀ ਫ਼ਰਜ਼ੀ ਭਰਤੀ ਕੀਤੀ- ਭੂਪਿੰਦਰ ਸਿੰਘ ਸ਼ੇਖ਼ੂ ਪੁਰਾ

-ਲੈ ਜਾਣਗੇ ਜਿਨ੍ਹਾਂ ਨੇ ਦੰਮ ਖਰਚੇ, ਝੂਠੇ ਦਾਅਵੇ ਮਿੱਤਰਾਂ ਦੇ।



*ਕੇਂਦਰ ਦੀ ਭਾਜਪਾ ਸਰਕਾਰ ਘੱਟ ਗਿਣਤੀਆਂ ਨਾਲ ਕਰ ਰਹੀ ਹੈ ਧੱਕਾ- ਰਣਦੀਪ ਸਿੰਘ ਨਾਭਾ

-ਕਦਮ ਫ਼ੂਕ ਫ਼ੂਕ ਕੇ ਰੱਖੀਏ, ਸਰਕਾਰਾਂ ਦਗ਼ੇਬਾਜ਼ ਹੋ ਗਈਆਂ।

## ਲੇਖਿਕਾ ਬਲਵਿੰਦਰ ਕੌਰ ਚਾਹਲ (ਸਾਊਥਾਲ)



(1) ਭਾਬੀ ਮੇਰੀ ਗੁੱਤ ਕਰਦੇ ਮੈਨੂੰ ਡਰ ਸੱਪਣੀ ਤੋਂ ਆਵੇ
(2) ਕਿਹੜਾ ਵੇ ਤੂੰ ਭੋਲ਼ੀ ਵਾਲਿਆ
(3) ਧਰਮ ਸਿਧਾਂਤ ਜਾਂ ਵਰਤਾਂਤ
(4) (ਗੁਰੂ ਨਾਨਕ ਦੇਵ) ਮੂਲ ਰੂਪ ਵਿੱਚ
(5) ਹਾਲੇ ਘਰ ਬੱਝਾ ਨੀ ਮੰਗਤੇ?
(6) ਸੰਸਥਾਵਾਂ ਦੈਵੀ ਹਨ ਜਾਂ ਨਹੀਂ
(7) ਗੁਰਦੁਆਰੇ (ਗੁਰੂ ਗ੍ਰੰਥ) ਧਾਰਨੀ
(8) ਜਾਂ ਫੇਰ ਆਪਣੇ ਆਪਣੇ ਪੰਥ ਦੇ
(9) ਮਨੂੰ ਸਿਮ੍ਰਤੀ ਅਧਾਰਤ ਜਾਤ-ਪਾਤ
(10) ਅਜੋਕੀ ਜਾਤੀ-ਵੰਡ, ਬਰਾਦਰੀ ਵੰਡ

ਉਪਰੋਕਤ ਸਵਾਲਾਂ ਦੇ ਉੱਤਰ ਵਰਤਮਾਨ ਤੇ ਭਵਿੱਖ-ਪੀੜ੍ਹੀ ਲਈ ਲੋੜੀਂਦੇ ਕੀ ਅਸੀਂ ਜਗਤ-ਸਿੱਖ ਵੱਸੋਂ ਨੂੰ ਕੌਮੀ ਸੰਗਠਨ ਵੱਲ ਰੱਖ ਸਕਾਂਗੇ? ਹਾਲੇ ਕੋਹ ਨਾ ਚੱਲੀ ਬਾਬਾ ਤਿਆਈ-

ਧਰਮ ਨੂੰ ਮੀਰੀ-ਪੀਰੀ ਦਾ ਧਰੁਵ ਕੇਵਲ ਉਸ ਸਮੇਂ ਦੇ ਰਾਜ ਵਿਰੁੱਧ ਸੀ, ਨਾ ਕਿ ਅਜੋਕੇ ਸਮੇਂ ਵਿੱਚ ਸੁਤੰਤਰਤਾ ਨੂੰ ਹਿੱਤਕਾਰੀ ਬਨਾਉਣ ਲਈ ਅੰਗ੍ਰੇਜ਼ ਹਕੂਮਤ ਨੂੰ ਭੀ ਸਾਡੇ ਹੀ ਸਿੱਖਾਂ ਨੇ ਭਰਤੀ ਹੋ ਕੇ (ਫੌਜੀ ਨਹੀਂ ਸਨ ਉਹ) ਕੇਵਲ ਉਥੇ ਭੀ ਪਾਠ-ਪੂਜਾ, ਫੌਜੀਆਂ ਨੂੰ ਇਸ ਪਾਸੇ ਪ੍ਰੇਰਤ ਕਿ ਉਹ ਬੱਸ ਲੜਨ ਭਿੜਨ ਲਈ ਬੀਰ ਤੇ ਦ੍ਰਿੜ ਰਹਿਣ, ਆਪ ਤਾਂ ਸੰਤ ਬਣ ਕੇ ਡੇਰੇ ਸਥਾਪਤ ਕਰ ਲਏ, ਅੱਜ ਹੁਣ ਉਹ ਧਰਮ ਬਣ ਗਿਆ, ਸਿਆਸਤਾਂ ਨੇ ਕੀ ਅਕਾਲ ਤਖ਼ਤ ਹੁਣ ਧਰਮ ਦੇ ਮੰਡੀ-ਕਰਨ ਤੇ ਵਪਾਰੀ ਕਰਨ ਨੂੰ ਰੋਕ ਸਕੂਗਾ, ਬਣ ਰਹੇ ਵਿਧੀ ਵਿਧਾਨ ਵਿੱਚ ਕੋਈ ਧਾਰਾ ਹੋਵੇਗੀ। ਕੀ ਵਵੇਲਾ ਜਥੇਦਾਰਾਂ ਦੀ ਲਾਈ ਲੁਹਾਈ, ਬਠਾਈ ਤੱਕ ਹੀ ਸੀਮਤ, ਧਰਮ ਕੌਮ ਨੂੰ ਲਾਭ? ਬੱਸ ਸਿੱਖਾਂ ਦੀ ਸਿਆਸਤ, ਗੁਹਾਰ, ਨਿਯੁਕਤੀਆਂ ਵਿੱਚ ਸਾਨੂੰ ਭੀ ਪੁੱਛੋ, ਸ਼ਬਦ ਪੰਥ! ਵਿਆਖਿਆ ਸੀ ਤਾਂ ਧਰਮ ਅਧਾਰਤ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਲਈ ਪਰ ਹੁਣ 84 ਲਹਿਰ ਤੋਂ ਕਾਮਰੇਡ ਹਾਵੀ ਹੋ ਗਏ, ਪੰਥ ਬਣ ਗਏ ਲਿਖਦੀ ਜਾਵਾਂ: ਇੰਗਲੈਂਡੀ ਪੰਥ ਗੁਰੂ ਘਰਾਂ 'ਤੇ ਪ੍ਰਬੰਧ ਜਬਰੀ, ਪੈਸੇ ਦਾ ਕੋਈ ਹਿਸਾਬ ਨਹੀਂ, ਪਰ ਸ਼੍ਰੋਮਣੀ ਕਮੇਟੀ ਨੂੰ ਹਰ ਵੇਲੇ ਤਲਬ, ਕਦੀ ਕੋਈ ਧਾਰਾ ਹੈ ਕਿ ਸੰਸਥਾ ਨੂੰ ਐਨਾ ਦਸਵੰਧ ਧਾਰਮਿਕ ਵਿਥਿਆ ਹੈ? ਤੀਂਵੀ: ਪੰਥ ਭੀ ਕੁਝ ਤਾਂ ਨੱਚਣ ਗਾਉਣ, ਸੋਸ਼ਲ-ਮੀਡੀਆ ਕੁਝ ਟਿਕ ਟੋਕ ਤੇ ਹਾਂ ਘਰੇਲੂ ਸੁਆਣੀਆਂ ਸਮਾਜ ਹਨ, ਬਾਕੀ ਤਾਂ ਘਰੀ ਟੁੱਕ ਨੀ ਪਕਾਉਣਾ ਤੁਰੀਆਂ ਫਿਰਦੀਆਂ ਖਾਊ ਚਾਹ, ਕੌਫੀ ਪੀਊ ਤੇ ਭਾਉਂਦੀਆਂ ਫਿਰੋ। ਚਲੋ ਪੰਜਾਬ ਇਕ ਵਰਗ ਤਾਂ ਉਥੇ ਭੀ ਏਹੀ, ਦੂਜੀਆਂ ਪੇਂਡੂ ਧਰਨਿਆਂ 'ਤੇ, ਕੌਣ ਨਵਜੰਮਿਆਂ ਨੂੰ ਬਾਲਪਨ ਜਵਾਨੀ ਤੱਕ ਭਾਈਚਾਰਕ ਸਮਾਜ ਤੇ ਧਾਰਮਿਕ ਸਿੱਖਿਆ ਦੇਊ? ਵਿਦੇਸ਼ਾਂ ਵਿੱਚ ਧਰਮ ਦੀ ਆੜ ਵਿੱਚ ਹਿੱਤ-ਪਾਲਣੇ ਜੀਵਨ ਪਹਿਲੂ ਹੈ ਪੰਜਾਬ ਨੂੰ ਖਰਾਬ ਕਰਨ ਵਿੱਚ ਹੱਥ ਭਗਵੰਤ ਮਾਨ ਸਿੱਖਾਂ ਦਾ ਵੈਰੀ? ਜੀ ਬਾਪ ਕਾਮਰੇਡ ਸੀ ਨਉਂ ਭੀ ਸਿੱਖ ਨਹੀਂ ਸੀ ਰੱਖਿਆ ਤੁਸੀਂ ਧੱਕੇ ਨਾਲ ਜੋੜੀ ਜਾਂਦੇ ਹੋ, ਪਰਵਰਿਸ਼ ਸਿੱਖ ਸੰਕਲਪ ਵਿੱਚ ਨਹੀਂ ਤਾਂ ਨਿਆਣਿਆਂ ਦਾ ਕਸੂਰ ਨਾ ਕੱਢੀਏ। ਸਰਲ ਧੁੰਨ ਵੱਲ ਝਾਤ ਅਕਾਲ ਤਖ਼ਤ ਲਈ ਸੁਝਾਅ ਦੇਣੇ ਪਹਿਲਾਂ ਕੀ ਇਹ ਜੋ ਰਮਤੇ ਬੂ-ਦੁਹਾਈ ਵਾਲੇ ਨੇ ਮੰਨਦੇ ਨੇ? ਕਾਂਗਰਸੀ, ਕਾਮਰੇਡ ਤੇ ਹੁਣ ਭਾਜਪਾ ਭੀ ਛੜੱਪੇ ਮਾਰ ਕੇ, ਅਸੀਂ ਭੀ ਮੰਨਦੇ ਹਾਂ? ਅੱਗੋਂ ਚਲੋ ਕੀ ਹੁਣ ਦੇ ਜਥੇਦਾਰ ਜੋ ਸਿਧਾਂਤਾਂ ਦੇ ਪਹਿਰੇਦਾਰ ਹਨ ਇਹ ਪਹਿਲਾਂ ਪੜਚੋਲਣਗੇ ਕਿ ਜਥੇਦਾਰ ਨੂੰ ਰਾਜਸੀ ਪਾਰਟੀ ਜੋ ਕਿ ਸੂਬੇ ਲਈ ਹੁੰਦੀ ਹੈ ਨਾ ਕਿ ਧਾਰਮਿਕ ਉਹਦੇ ਵਿੱਚ ਦਖਲ ਅੰਦਾਜ਼ੀ ਦਾ ਹੱਕ? ਕੀਤੇ ਫੈਸਲੇ ਰੱਦ ਕਿਉਂ ਨਹੀਂ, ਫੇਰ ਤਾਂ ਇਕਬਾਲ ਸਿੰਘ ਖ਼ਿਮਾਂ ਹੋ ਚੁੱਕਿ-ਆ ਸੀ ਕਿੜਾਂ ਨਾਲ ਸ਼ਿਕਾਇਤਾਂ ਤਾਂ ਆਉਂਦੀਆਂ ਹੀ ਰਹਿਣਗੀਆਂ, ਫੇਰ ਗਿਆਨੀ ਹਰਪ੍ਰੀਤ ਸਿੰਘ ਕਿਉਂ ਤਲਬ ਨਹੀਂ, ਹਾਲੇ ਭੀ ਪ੍ਰਚਾਰਕ ਪਰ ਢਡੱਰੀਆਂ ਵਾਲਾ ਪੰਥ ਦੋਖੀ, ਕੇਵਲ ਟਕਸਾਲ ਦੋਖੀ ਸੀ, ਇਸੇ ਤਰ੍ਹਾਂ ਹੀ ਪ੍ਰ: ਵਲਟੋਹਾ ਨੂੰ 10 ਸਾਲ ਲਈ ਅਕਾਲੀ ਦਲ ਤੋਂ ਕੱਢੋ, ਕੀ ਅਵੱਗਿਆ ਸੀ ਕਿ ਹਰਿਪ੍ਰੀਤ ਸਿੰਘ ਤੋਂ ਸਵਾਲ? ਮੇਰੇ ਵਿਚਾਰ ਕਿ ਕਿਸੇ ਨੂੰ ਭੀ ਛੇਕਣ ਦੀ ਪ੍ਰਥਾ ਹਟਾਉਣੀ ਚਾਹੀਦੀ ਹੈ। ਇਹ ਕੌਮੀ ਹਿੱਤ ਨਹੀਂ ਘਰ ਮੰਗਣਾ ਤੇ ਵੱਸਣ ਵਾਲੇ ਛੇਕਣੇ ਬਣ ਰਹੇ ਵਿਧੀ ਵਿਧਾਨ ਵਿੱਚ ਇਹ ਧਾਰਾ ਦਰਜ ਹੋਵੇ ਸਿੱਖ ਜਗਤ ਵਿੱਚ ਭੱਬੂ-ਤਾਰੇ, ਭਮੂਤਰਾਪੁਣਾ ਹੁਣ ਸਿੱਖਰਾਂ 'ਤੇ ਹੈ, ਕੀ ਲੇਖਕ, ਬੁਲਾਰੇ, ਪੱਤਰਕਾਰ, ਡਾਕਦਾਰ ਟਕਸਾਲੀ, ਜਥੇਦਾਰ, ਸੋਸ਼ਲ-ਮੀਡੀਏ ਨੇ ਉਘੇ ਕਰਤੇ ਉਘ ਦੀਆਂ ਪਤਾਲ ਛੱਡਦੇ ਨੇ ਲਿਖਣੋ ਨਹੀਂ ਰਹਿ ਸਕਦੀ, ਭਾਈ ਲੇਖਕਾਂ ਦੇ ਆਪਣੇ ਵਿਚਾਰ ਹਾਵ-ਭਾਵ ਹੁੰਦੇ ਹਨ ਉਨ੍ਹਾਂ ਦੀਆਂ ਲਿਖਤਾਂ ਤੇ ਪੁਸਤਕਾਂ ਨੂੰ ਤਵਾਰੀਖ ਠੋਸਣਾ ਉਚਿਤ ਨਹੀਂ ਸੌਦਾ ਹਰ ਕੋਈ ਵਧੀਆ ਬਣਾ ਕੇ ਵੇਚਦਾ ਹੈ, ਲਿਖਤਾਂ ਵਿੱਚ ਆਧਾਰ ਬਣਾ ਕੇ ਸਾਬਤ ਨਹੀਂ ਕਰ ਸਕਦੇ ਨਾ ਹੀ ਇਨ੍ਹਾਂ ਨੂੰ ਅੱਜ ਕੋਈ ਭੀ ਸੱਚ ਮੰਨਦਾ ਹੀ ਹੈ, ਹਰ ਕੁੱਕੜ ਆਪਣੇ ਘੁਰਨੇ 'ਤੇ ਵਧੀਆ ਲੜਦਾ ਹੈ!

ਅਕਾਲ ਤਖ਼ਤ ਅੱਜ ਇਕ ਅੜੂਹੇ ਵਜੋਂ ਵਰਤਿਆ ਜਾ ਰਿਹਾ ਹੈ (ਤਖ਼ਤ ਮਹਾਨ) ਪਰ ਕੀ ਉਥੇ ਬਠਾਏ ਜਾਂਦੇ ਗ੍ਰੰਥੀ ਮਹਾਨ ਹੋ ਗਏ, ਪਹਿਲਾਂ ਇੰਨੀ ਚਕਰਵਰਤੋਂ ਨਹੀਂ ਸੀ । ਵਿਦੇਸ਼ੀ ਗੁਰੂ ਘਰ ਜਥੇਬੰਦੀਆਂ ਆਪਣੇ ਮਨ ਮੱਤ ਨੂੰ ਲੁਕਾਉਣ ਲਈ ਕਿ ਉਸ਼ਕਲ ਨਾ ਖੜ੍ਹਾ ਕਰ ਦੇਣ ਜਥੇਦਾਰਾਂ ਨੂੰ ਭੇਟਾ ਚਾੜਦੀਆਂ ਨੇ, ਯਾਦ ਕਰੋ ਕੁਝ ਵਰ੍ਹੇ ਹੋਏ ਚੈਨਲ ਨੇ ਇਕ ਬੰਦਾ (ਸੰਤ) ਲਿਆ ਕੇ ਦਰਖਤ ਲੁਆਏ ਫੇਰ ਗੁਰਦੁਆਰਾ ਖੋਲ੍ਹਿਆ ਤੇ ਅੰਤ ਤੀਮੀਆਂ ਕਹਿੰਦੀਆਂ ਸਾਨੂੰ ਛੇੜਦਾ ਕਿਸੇ ਨੇ ਉਨ੍ਹਾਂ ਦੀ ਗੁੱਤ ਨੂੰ ਵੱਟ ਨਾ ਦਿੱਤਾ ਕਿ ਕੀ ਕਰਨ ਜਾਂਦੀਆਂ ਸੀ? ਪਰ ਸਾਧ ਮੁੜ ਗਿਆ ਦੁਖਾਂਤ ਕਿ ਸਿੱਖਾਂ ਨੂੰ ਇਸ ਦੁਖਾਂਤ ਵਿੱਚੋਂ ਸ਼ਰਮ ਹਿਆ ਨਹੀਂ ਆਉਂਦੀ ਤੇ ਸਬਕ ਕੋਈ ਨੀ, ਹੋਰ ਸੁਣੋ ਜਥੇਦਾਰ ਭੀ ਇਸ ਪਾਸੇ ਨੀ ਕੁਸਕਦੇ ਕਿਉਂਕਿ ਆਪ ਫੇਰੀਆਂ ਤੇ ਲਫਾਫੇ ਕੋਈ ਧਾਰਮਿਕ ਵਿਵਸਥਾ ਵੱਲ ਧਿਆਨ? ਬੱਸ

## ਨਿਰਣਾ-13ਵਾਂ

ਹਰ ਵੇਲੇ ਸਟੇਜਾਂ ਤੋਂ ਸ਼੍ਰੋਮਣੀ ਅਕਾਲੀ ਦਲ ਤੇ ਬਾਦਲਾਂ ਵਿਰੁੱਧ ਮਤੇ, ਕਾਂਗਰਸ ਦਾ ਦੁਖਾਂਤ ਤਾਂ ਘਿਉ ਦੀਆਂ ਨਾਲ੍ਹਾਂ ਨੇ ਇਨ੍ਹਾਂ ਨੂੰ ਉਧਰ ਅਕਾਲੀ ਦਲ ਵਿੱਚ ਕਿਹੜਾ ਸਭ ਭਲੇ ਨੇ ਭਗਦੜ ਮੱਚ ਗੀ ਕਿ ਢੀਂਡਸਾ ਖੱਟ ਕੇ ਆਇਆ ਸੀ ਆਪਾਂ ਭੀ ਚੱਲੀਏ, ਭੁੱਲੋ ਨਾ ਉਦੋਂ ਬਾਦਲ ਸਾਹਬ ਦੀ ਸਿਰ ਪਲੋਸੀ ਸੀ। ਮਗਰੋਂ ਕਿੰਨਾ ਕੁ ਮਾਣ ਸਤਿਕਾਰ? ਖਾਸ ਤੱਥ: ਸ਼੍ਰੀਮਤੀ ਮੁਰਮੂ ਦੇ ਰਾਸ਼ਟਰਪਤੀ ਲਈ ਸ਼੍ਰੋਮਣੀ ਅਕਾਲੀ ਦਲ ਨੂੰ ਵੋਟ ਲਈ ਬੇਨਤੀ ਸੁਖਬੀਰ ਨੇ ਇਸਤਰੀ, ਘੱਟ ਗਿਣਤੀ ਅਤੇ ਜਾਤ ਕਰਕੇ ਜੋ ਅਕਾਲੀ ਦਲ ਦਾ ਸਿਧਾਂਤ ਹੈ ਵੋਟ ਪਾਈ ਪਰ ਮਨਪ੍ਰੀਤ ਇਯਾਲੀ ਉਦੋਂ ਤੋਂ ਹੀ ਪ੍ਰਧਾਨਗੀ 'ਤੇ ਅੱਖ ਅਖੇ ਬੀ.ਜੇ.ਪੀ. ਕਰਕੇ ਮੈਂ ਨੀ ਪਉਣੀ ਵੋਟ, ਹੁਣ ਇਹਨੂੰ ਪੁੱਛੋ ਬੀ. ਜੇ. ਪੀ. ਦਾ ਏਜੰਡਾ ਬਦਲਤਾ? ਇਯਾਲੀ ਨੂੰ ਮੂਹਰੇ ਕਿਉਂ ਕੀਤਾ? ਪੈਸਾ ਹੈਗਾ ਦੂਜਾ ਇਹ ਭੀ ਇਕ ਹੋਰ ਅੱਡਰਾ ਦਲ ਹੀ ਹੈ ਸ਼੍ਰੋਮਣੀ ਅਕਾਲੀ ਦਲ ਨਹੀਂ ਬਣ ਸਕੇਗਾ ਨਾਲੇ ਬੀ.ਜੇ.ਪੀ. ਨੇ ਫੱਟੜ ਕਰਨੇ ਨੇ ਕਰਤੇ ਪਰ ਇਸ ਡਰਾਮੇ ਵਿੱਚ ਗਿ: ਰਘੁਬੀਰ ਸਿੰਘ ਨੂੰ ਭੀ ਤਲਬ ਕਰਨਾ ਹੀ ਪਵੇਗਾ ਇਕ ਦਿਨ।

ਪੰਜਾਬ ਵਿੱਚ ਸਭਿਅਤਾ ਨਿਘਾਰ ਵਿਦੇਸ਼ੀ ਰੀਤ Me Too.

(1) ਤੀਮੀ ਜਾਤ ਨੂੰ ਬਰਾਬਰਤਾ ਜਾਂ ਉਚ-ਤਾ ਚੰਗੇ ਪਾਸੇ ਨਹੀਂ, ਬੱਸ ਮੈਨੂੰ ਤਾਂ ਏਹਨੇ ਕਾਲੀ ਕਰਤੂਤ ਕਰਤੀ ਤੇ ਅੱਗੋਂ ਪੁਲਸ ਫੜਕੇ ਠਾਣੇ ਤੇ ਜੱਜ ਕੋਈ ਛਾਣ-ਬੀਣ ਨਹੀਂ, ਬੱਸ ਆਦਮੀ ਦੋਸ਼ੀ ਸਜ਼ਾ ਸੁਣਾਉ, ਤੀਮੀ ਫਾਰਗ।

(2) ਕੁੜੀ ਨੂੰ ਆਈ ਲੈਟਸ ਕਰਵਾਉ ਤੇ ਮੁੰਡੇ ਵਾਲਿਆਂ ਤੋਂ ਖਰਚਾ ਕਰਵਾਉ, ਵਿਗੜਨ 'ਤੇ ਕੇਸ ਜੀ ਵਿਦੇਸ਼ ਨੀ ਲੈ ਕੇ ਗਈ ਸਾਡਾ ਪੈਸਾ ਮੁੜਵਾਉ।

(3) ਵਿਆਹ ਵਿੱਚ ਵਿਘਨ:-ਦਾਜ ਦੀ ਬਲੀ ਸਹੁਰੇ ਪਰਿਵਾਰ ਨੂੰ ਪੁਲਸ ਫੜੇ ਜੇ ਫਾਹਾ ਲੈ ਲਵੇ ਤਾਂ ਸਾਡੀ ਧੀ ਨੂੰ ਤਾਂ ਸੱਸ, ਪਤੀ, ਨਨਾਣ ਨੇ ਮਾਰਿਆ ਹੈ ਤੇ ਪੁਲਸ ਫੱਟ ਗ੍ਰਿਫ਼ਤਾਰੀ ਲਈ ਕਾਹਲੀ ਹਨੇਰ ਗਰਦੀ ਭਗਵੰਤ ਮਾਨ ਨੂੰ ਤਾਂ ਜਾਤੀਵਾਦ ਦੇ ਵਿਧਾਇਕ ਦਬੱਲੀ ਫਿਰਦੇ ਨੇ, ਹਰਪਾਲ ਚੀਮਾ ਪਹਿਲਾਂ ਬਾਲਮੀਕੀ ਸੀ ਹੁਣ ਰਵਿਦਾਸੀ ਜੀ ਵਕੀਲਾਂ ਨੂੰ ਰਿਜ਼ਰਵੇਸ਼ਨ ਦੇ ਦਿੱਤੀ ਕਚਹਿਰੀਆਂ ਵਿੱਚ ਭਗਵੰਤ ਤਾਂ ਕਾਮਰੇਡ ਪਿਛੋਕੜ ਕਰਕੇ ਸਿੱਖੀ ਸਿਧਾਂਤ ਜਾਣਦਾ ਹੀ ਨਹੀਂ, ਬੱਸ ਦਿੱਲੀ ਦੇ ਲਾਲੇ ਸੱਜੇ ਤੇ ਪੰਜਾਬ ਦੇ ਨਿੱਕ ਸੁੱਕ ਵਿਧਾਇਕ, ਖੱਬੇ ਭਜਾਈ ਜਾਂਦੇ ਨੇ, ਕਾਂਗਰਸ ਆਪ ਪਾਟੋ ਧਾੜ, ਜੜ੍ਹ ਬੱਸ ਸੁਖਜਿੰਦਰ ਸਿੰਘ ਰੰਧਾਵਾ ਚੇਤੇ ਰੱਖੋ ਉਦੋਂ ਭੀ ਇਹਨੇ ਹੀ ਭੜਦੋਹਲ ਪਾ ਕੇ ਕਪਤਾਨ, ਚੰਨੀ ਅੰਤ ਆਹ ਪਟਮੇਲੀ ਲਿਆਂਦੀ ਹੁਣ ਫੇਰ ਉਹੀ ਕਹੀ ਕੁਹਾੜੀ ਜੇਕਰ ਅਕਲਮੰਦ ਹੋਣ ਤਾਂ ਸੁਖਬੀਰ ਨਾਲ ਸਮਝੌਤਾ ਕਿ ਤੂੰ ਜਿਮਨੀ ਰਹਿਣ ਦੇ ਆਪਾਂ ਆਮ ਨੂੰ ਘੇਰੀਏ, ਜਿੱਤੀਏ। ਹੁਣ ਸ਼੍ਰੋਮਣੀ ਅਕਾਲੀ ਦਲ ਤਾਂ ਆਪਣੇ ਧੁਰੇ ਵੱਲ ਏਜੰਡੇ ਵੱਲ ਰੇੜ੍ਹਕਾ ਮੁੜਿਆ ਤਾਂ ਬਾਗੀਆਂ ਦਾ ਤੋਤਾ ਚਰਨਜੀਤ ਬਰਾੜ ਕਿਥੇ ਅੱਕੀ ਪਲਾਹੀ ਡਿੱਗੂ, ਉਹ ਤਾਂ ਬੁਖਲਾਇਆ ਪਿਆ, ਇਯਾਲੀ ਨੂੰ ਫੀਤੀ ਦੀ ਪਈ ਹੈ, ਪਰ ਮੇਰੀ ਭਵਿੱਖਬਾਣੀ ਹੈ ਕਿ ਹੁਣ ਆਹ ਦਾਖਾ ਸੀਟ ਜਾਊ ਸਮੇਟਾਂ ਕਿ ਕਾਰਜਕਾਰੀ ਜਥੇਦਾਰ ਦਾ ਵਿਰੋਧ (1) ਉਹ ਇਸ ਸ਼੍ਰੇਣੀ ਵਿੱਚੋਂ ਨਹੀਂ ਰਾਮਗੜ੍ਹੀਆ ਬਰਾਦਰੀ ਵਿੱਚੋਂ ਹੈ। (2) ਗ੍ਰੰਥੀ ਨਹੀਂ ਸੀ। (3) ਰਘੁਬੀਰ ਸਿੰਘ ਤੇ ਹਰਿਪ੍ਰੀਤ ਸਿੰਘ ਜਿੰਨਾ ਸ਼ਾਤਰ ਨਹੀਂ। (4) ਯਤੀਮ ਬੱਚਿਆਂ ਦੀ ਦੇਖ ਰੇਖ ਕਰਕੇ ਬੰਦੇ ਦਾ ਮਨ ਕੁਝ ਪਸੀਜ ਜਿਹਾ ਜਾਂਦਾ ਹੈ, ਮੌਕਾ ਦਿਉ ਸੁਧਾਰ ਹੋ ਸਕੇ, ਸੰਸਾਰ 'ਤੇ ਅਮਨ-ਸ਼ਾਂਤੀ ਦੀ ਅਰਦਾਸ ਕਰੀਏ, ਸਿੱਖ-ਮੱਤ ਪਸਰੇ ਦੁਬਿਧਾ ਦੂਰ ਹੋਵੇ ਸੁਖੀ ਵੱਸੀਏ।

**-ਬਲਵਿੰਦਰ ਕੌਰ ਚਾਹਲ ਸਾਊਥਾਲ**


## ਜ਼ਰੂਰੀ ਸੂਚਨਾ

**ਪੰਜਾਬ ਟਾਈਮਜ਼ ਵਿਚ ਸਿਹਤ ਸਬੰਧੀ ਛਪਣ ਵਾਲੇ ਲੇਖਾਂ, ਸੁਝਾਵਾਂ ਅਤੇ ਇਸ਼ਤਿਹਾਰਾਂ ਵਿੱਚ ਕੀਤੇ ਗਏ ਦਾਅਵਿਆਂ ਬਾਰੇ, ਸਬੰਧਿਤ ਲੇਖਕ ਅਤੇ ਇਸ਼ਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਵਾਰ ਹੁੰਦੀ ਹੈ, ਤੁਸੀਂ ਕਿਸੇ ਵੀ ਸਲਾਹ ਦੇ ਨਾਲ ਨਾਲ ਆਪਣੇ ਨਿੱਜੀ ਡਾਕਟਰ ਦੀ ਸਲਾਹ ਵੀ ਲੈ ਸਕਦੇ ਹੋ । ਇਸ ਲਈ ਸੰਪਾਦਕ ਅਤੇ ਅਦਾਰਾ ਜਿੰਮੇਵਾਰ ਨਹੀਂ ਹੈ ।**

**ਵੱਲੋਂ - ਸੰਪਾਦਕ ਪੰਜਾਬ ਟਾਈਮਜ਼ ਡਰਬੀ**


# ਏਅਰ ਇੰਡੀਆ ਦੇ ਮੁਸਾਫ਼ਰ ਨੇ ਆਪਣੀ ਨਾਲ ਵਾਲੀ ਸੀਟ ਤੇ ਬੈਠੇ ਮੁਸਾਫ਼ਰ ਤੇ ਕੀਤਾ ਪਿਸ਼ਾਬ

ਏਅਰ ਇੰਡੀਆ ਦੀ ਇੱਕ ਉਡਾਣ ਵਿੱਚ ਇੱਕ ਵਿਅਕਤੀ ਨੇ ਆਪਣੇ ਨਾਲ ਬੈਠੇ ਇੱਕ ਯਾਤਰੀ 'ਤੇ ਪਿਸ਼ਾਬ ਕਰ ਦਿੱਤਾ। ਜਹਾਜ਼ ਦਿੱਲੀ ਤੋਂ ਬੈਂਕਾਕ ਜਾ ਰਿਹਾ ਸੀ। ਏਅਰ ਇੰਡੀਆ ਦੇ ਬਿਆਨ ਅਨੁਸਾਰ, ਇਹ ਘਟਨਾ 9 ਅਪ੍ਰੈਲ ਨੂੰ ਵਾਪਰੀ ਸੀ। ਕੈਬਿਨ ਕਰੂ ਨੇ ਰਿਪੋਰਟ ਦਿੱਤੀ ਕਿ ਦਿੱਲੀ-ਬੈਂਕਾਕ ਉਡਾਣ (AI2336) ਦੇ ਇੱਕ ਯਾਤਰੀ ਨੇ ਨਿਯਮਾਂ ਦੇ ਵਿਰੁਧ ਵਿਵਹਾਰ ਕੀਤਾ। ਇਸ ਮਾਮਲੇ ਦੀ ਰਿਪੋਰਟ ਸਿਵਲ ਏਵੀਏਸ਼ਨ ਡਾਇਰੈਕਟੋਰੇਟ (ਡੀਜੀਸੀਏ) ਦੇ ਅਧਿਕਾਰੀਆਂ ਨੂੰ ਦੇ ਦਿੱਤੀ ਗਈ ਹੈ। ਇਸ ਮਾਮਲੇ 'ਤੇ ਸ਼ਹਿਰੀ ਹਵਾਬਾਜ਼ੀ ਮੰਤਰੀ ਕੇ ਰਾਮਮੋਹਨ ਨਾਇਡੂ ਨੇ ਕਿਹਾ ਕਿ ਜੇਕਰ ਕੁਝ ਗ਼ਲਤ ਹੋਇਆ ਹੈ ਤਾਂ ਅਸੀਂ ਲੋੜੀਂਦੀ ਕਾਰਵਾਈ ਕਰਾਂਗੇ। ਏਅਰਲਾਈਨ ਨੇ ਕਿਹਾ ਕਿ ਚਾਲਕ ਦਲ ਨੇ ਸਾਰੇ ਨਿਯਮਾਂ ਅਤੇ ਕਾਨੂੰਨਾਂ ਦੀ ਪਾਲਣਾ ਕੀਤੀ। ਇਸ ਤੋਂ ਬਾਅਦ ਅਧਿਕਾਰੀਆਂ ਨੂੰ ਮਾਮਲੇ ਦੀ ਜਾਣਕਾਰੀ ਦਿੱਤੀ ਗਈ। ਪਿਸ਼ਾਬ ਕਰਨ ਵਾਲੇ ਯਾਤਰੀ ਨੂੰ ਵੀ ਚੇਤਾਵਨੀ ਦਿੱਤੀ ਗਈ ਸੀ। ਇੰਨਾ ਹੀ ਨਹੀਂ, ਚਾਲਕ ਦਲ ਨੇ ਪੀੜਤ ਯਾਤਰੀ ਨੂੰ ਬੈਂਕਾਕ ਦੇ ਅਧਿਕਾਰੀਆਂ ਕੋਲ ਸ਼ਿਕਾਇਤ ਦਰਜ ਕਰਵਾਉਣ ਵਿੱਚ ਮਦਦ ਕਰਨ ਦੀ ਪੇਸ਼ਕਸ਼ ਕੀਤੀ, ਜਿਸ ਤੋਂ ਉਸ ਨੇ ਇਨਕਾਰ ਕਰ ਦਿੱਤਾ।

# ਪਾਠਕਾਂ ਦੇ ਪੱਤਰ

To, Editor, Panjab Times
Bridle Gate Lane,
Derby. DE24 9QW, U.K.

ਪਾਠਕਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਪਾਠਕ ਆਪਣੇ ਪੱਤਰ ਦੇ ਨਾਲ ਆਪਣਾ ਸਹੀ ਪਤਾ ਅਤੇ ਟੈਲੀਫੋਨ ਨੰਬਰ ਜ਼ਰੂਰ ਲਿਖ ਕੇ ਭੇਜਣ, ਅਜਿਹਾ ਨਾ ਹੋਣ ਦੀ ਸੂਰਤ ਵਿਚ ਅਸੀਂ ਉਹ ਪੱਤਰ ਛਾਪਣ ਤੋਂ ਅਸਮਰੱਥ ਹੋਵਾਂਗੇ।


## ਕੇਵਲ ਫਿਰਕਾ ਪ੍ਰਸਤੀ ਪ੍ਰਚੱਲਤ, ਕਮਾਈ ਲਈ ਧਰਮ ਇਕ ਇੰਡਸਟਰੀ ਬਣ ਗਿਆ

**ਪੁਰੇਵਾਲ ਸਾਹਬ ਜੀ**

ਮੈਂ ਵਿਸ਼ਵਾਸ਼ੀ ਹਾਂ ਧਾਰਮਿਕ ਗਿਆਨੀ-ਗੁਣੀ ਨਹੀਂ ਪਰ ਸਿੱਖ ਵਿਵਸਥਾ, ਸਮਾਜ ਅਤੇ ਭਾਈਚਾਰੇ ਲਈ ਚਿੰਤਕ ਮੁੱਦੇ ਆਪ ਗੋਚਰੇ ਹਨ ਕਿਉਂਕਿ ਆਪ ਕੋਲ ਸਾਧਨ ਹਨ, ਪਰਚਾ ਗੁਰਦੁਆਰਾ ਅਤੇ ਪੰਜਾਬ-ਸਬੰਧ।

ਤਿੰਨ ਵਿਸ਼ੇ:- ਵਿਸਾਖੀ ਦਿਵਸ 'ਤੇ ਜਥੇਦਾਰ ਅਕਾਲ ਤਖ਼ਤ ਕੇਸਗੜ੍ਹ ਵਿੱਚ ਤੇ ਆਮ ਸਰਕਾਰੀ ਵਜੀਰ ਜੋ ਇਸ ਹਲਕੇ ਦਾ ਹੈ ਗਿਆ ਤੇ ਜਥੇਦਾਰ ਸਾਹਬ ਨਾਲ ਆਪਣੇ ਵੱਲੋਂ ਸਿੱਖੀ ਦਿਖਾਵੇ ਕਿ ਮੈਂ ਜਥੇਦਾਰਾਂ ਦੀ ਲਾਈ-ਹਟਾਈ ਦਾ ਮਸਲਾ ਵਿਧਾਨ ਸਭਾ ਵਿੱਚ ਚੁੱਕਿਆ ਆਪ ਨੂੰ ਪਤਾ ਹੀ ਹੈ ਮਨਪ੍ਰੀਤ ਇਯਾਲੀ ਕੜੀ ਘੋਲੀ ਕਿ ਸਰਕਾਰ ਹੱਲ ਲੱਭੇ ਸੰਦਰਭ ਵਿੱਚ ਅੱਜ ਅਕਾਲ ਤਖ਼ਤ ਦੇ ਜਥੇਦਾਰ ਗੜਗੱਜ ਹੋਰਾਂ ਹਰਜੋਤ ਬੈਂਸ ਨੂੰ ਝਾੜਿਆ ਕਿ ਇਹ ਪੰਥ ਦਾ ਮਾਮਲਾ ਹੈ, ਪੰਥ ਹੱਲ ਕਰੂ ਤੁਸੀਂ ਕੌਣ? ਹਰਜੋਤ ਬੈਂਸ ਅੱਗੋਂ ਕਹਿੰਦਾ ਅਸੀਂ ਭੀ ਪੰਥ ਹਾਂ ਮੇਰਾ ਇਤਰਾਜ਼ ਕਿ ਸਰਕਾਰ ਨੂੰ ਕਾਂਗਰਸ, ਭਾਜਪਾ ਅਤੇ ਅਕਾਲੀ ਵੰਗਾਰ ਰਹੇ ਹਨ ਕਿਸਾਨੀ ਸੰਘਰਸ਼ ਭਾਵੇਂ (ਮੈਂ ਤਾਂ ਸਹਿਮਤ ਨਹੀਂ ਕਿਸਾਨਾਂ ਨੇ ਤਾਂ ਸੂਬਾ ਬਰਬਾਦ ਕਰਤਾ) ਖੈਰ ਜਥੇਦਾਰ ਹੋਰਾਂ ਸਰੋਪਾ ਦੇ ਕੇ ਤਾਂ ਕੰਮ ਬਰਾਬਰ ਕਰ ਧਰਿਆ ਠੀਕ ਨਹੀਂ ਕੀਤਾ ਕੋਈ ਗੁੰਥੀ ਦੇ ਦਿੰਦਾ ਭਾਵੇਂ ਸਰੋਪਾ ਕਾਹਤੋ? ਦੂਜਾ:- ਆਪ ਜੀ ਤਾਂ ਜਾਣਦੇ ਹੀ ਹੋ ਕਿ ਕੁਝ ਸਮਾਂ ਪਹਿਲਾਂ ਪ੍ਰਧਾਨ ਸ਼੍ਰੋਮਣੀ ਕਮੇਟੀ ਧਾਮੀ ਹੋਰਾਂ ਨੇ ਵਰਜਿਆ ਸੀ ਕਿ ਸਰੋਪੇ ਨਾ ਵੰਡੇ ਜਾਣ, ਅਸਰ ਕੀ ਹੋਣਾ ਸੀ, ਸ਼੍ਰੋਮਣੀ ਕਮੇਟੀ ਦੇ ਤਾਂ ਅਧਿਕਾਰੀ ਬਾਹਾਂ ਲੱਦੀ ਵੰਡੀ ਜਾਂਦੇ ਸਨ। ਤੀਜਾ:- ਪ੍ਰਥਾ ਸਾਧਾਂ ਦੀ ਜਦੋਂ ਕੀਰਤਨ ਕਰਦੇ ਜਥੇ ਸਟੇਜ 'ਤੇ ਹੋਣ ਤੇ ਪ੍ਰਬੰਧਕ ਪਿੱਛੋਂ ਦੀ ਗਲ੍ਹਾਂ ਵਿੱਚ ਸਿਰੋਪੇ ਪਾਉਂਦੇ ਨੇ, ਇਕ ਤਾਂ ਜਥੇ ਦੀ ਸੁਰਤ ਵਿੱਚ ਵਿਘਨ ਦੂਜਾ ਸੰਗਤਾਂ ਦੀ ਵਿਰਤੀ ਨਾਲੇ ਕੀ ਇਹ ਮਰਿਯਾਦਾ ਸੀ ਜਾਂ ਆਹ ਏਜੰਸੀਆਂ ਅਨਾਹਦ ਆਤਮ ਰੱਸ ਦਰਜਨਾਂ ਸਟੇਜ ਮੱਲਕੇ ਇਹ ਧਰਮ ਹੈ ਜਾਂ ਵਿਖਾਵਾ? ਮੇਰੇ ਵਿਚਾਰ ਵਿੱਚ ਪੁਰਾਣਾ ਢਾਂਚਾ ਕਿ ਤਿੰਨ ਬੰਦਿਆਂ ਦਾ ਕੀਰਤਨ ਹੋਵੇ ਕੋਈ ਕਮੇਟੀ ਮੈਂਬਰ ਮੂਰਤਾਂ ਲਈ ਘੁੰਮਰ ਨਾ ਪਾਉਣ, ਮੈਂ ਆਪ ਜੀ ਨੂੰ ਬੇਨਤੀ ਕਰਦੀ ਹਾਂ ਕਿ ਧਰਮ ਤਾਂ ਹੁਣ ਕਈ ਹਿੱਸਿਆਂ ਵਿੱਚ ਵੰਡ ਹੋ ਗਿਆ, ਸਾਧਾਂ ਦਾ, ਨਿਹੰਗਾਂ ਦਾ ਤੇ ਪੁਰਾਣੇ ਸਧਾਰਨ ਸਿੱਖ ਭੰਬਲਭੂਸੇ ਵਿੱਚ ਪੈ ਗਏ, ਗੁਰੂਆਂ ਨੂੰ ਭੀ ਜਾਮੇ ਦੱਸੀ ਜਾਂਦੇ ਨੇ, ਇਹ ਸਿੱਖ ਸਿਧਾਂਤ ਨਹੀਂ ਸੀ। ਜਥਿਆਂ ਦੀ ਆਪਣੀ ਪ੍ਰਭਤਾ ਲਈ ਘੜਤਾ ਨਵੀਂ ਪੀੜੀ ਜੋ ਸੁਘੜ ਪੜ੍ਹੀ ਲਿਖੀ ਹੈ ਉਚਾਟ ਹੋ ਰਹੀ ਹੈ, ਕੇਵਲ ਫਿਰਕਾ ਪ੍ਰਸਤੀ ਪ੍ਰਚੱਲਤ, ਕਮਾਈ ਲਈ ਧਰਮ ਇਕ ਇੰਡਸਟਰੀ ਬਣ ਗਿਆ, ਕਰੋ ਕਿਰਪਾ, ਸਭ ਧੰਨਵਾਦੀ ਹੋਵਾਂਗੇ। **-ਬਲਵਿੰਦਰ ਕੌਰ ਚਾਹਲ ਸਾਊਥਾਲ**


## ਰਾਸ਼ਟਰਪਤੀ ਟਰੰਪ ਨੂੰ ਮਾਰਨ ਲਈ ਲੋੜੀਂਦੇ ਸਾਧਨ ਜੁਟਾਉਣ ਵਾਸਤੇ ਆਪਣੀ ਮਾਂ ਤੇ ਪਿਤਾ ਦੀ ਕੀਤੀ ਹੱਤਿਆ



ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਵਿਸਕਾਸਿਨ ਵਿਚ ਇਕ ਨੌਜਵਾਨ ਵੱਲੋਂ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਮਾਰਨ ਦੀ ਯੋਜਨਾ ਬਣਾਈ ਗਈ ਸੀ। ਵਿੱਤੀ ਸਾਧਨ ਜੁਟਾਉਣ ਵਾਸਤੇ ਤੇ ਆਪਣੀ ਯੋਜਨਾ ਨੂੰ ਆਜ਼ਾਦੀ ਨਾਲ ਸਿਰੇ ਚਾੜਨ ਲਈ ਪਹਿਲਾਂ ਉਸ ਨੇ ਆਪਣੀ ਮਾਂ ਤੇ ਪਿਤਾ ਦੀ ਹੱਤਿਆ ਕੀਤੀ। ਇਹ ਪ੍ਰਗਟਾਵਾ ਜਾਂਚ ਏਜੰਸੀ ਐਫ ਬੀ ਆਈ ਨੇ ਅਦਾਲਤ ਵਿਚ ਦਾਇਰ ਹਲਫੀਆ ਬਿਆਨ ਵਿਚ ਕੀਤਾ ਹੈ। ਹਲਫੀਆ ਬਿਆਨ ਅਨੁਸਾਰ ਨਬਾਲਗ ਨੌਜਵਾਨ 17 ਸਾਲਾ ਨਿਕਿਤਾ ਕੈਸਪ ਨੇ ਆਪਣੀ ਮਾਂ ਤਾਤਿਆਨਾ ਕੈਸਪ (35) ਤੇ ਮਤਰੇਏ ਪਿਤਾ ਡੋਨਾਲਡ ਮੇਅਰ (51) ਦੀ ਹੱਤਿਆ ਕੀਤੀ ਜਿਨਾਂ ਦੀਆਂ ਲਾਸ਼ਾਂ ਪਰਿਵਾਰ ਦੇ ਵੌਕੇਸ਼ਾ ਸਥਿੱਤ ਘਰ ਵਿਚੋਂ ਮਿਲੀਆਂ ਹਨ। ਅਧਿਕਾਰੀਆਂ ਅਨੁਸਾਰ ਇਨਾਂ ਦੋਨਾਂ ਦੀ ਹੱਤਿਆ ਗੋਲੀਆਂ ਮਾਰ ਕੇ ਕੀਤੀ ਗਈ ਹੈ। ਵੌਕੇਸ਼ਾ ਕਾਊਂਟੀ ਸ਼ੈਰਿਫ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਮਾਮਲੇ ਦੀ ਤੈਅ ਤੱਕ ਜਾਂਚ ਉਪਰੰਤ ਨੌਜਵਾਨ ਵਿਰੁੱਧ ਹੋਰ ਦੋਸ਼ਾਂ ਤੋਂ ਇਲਾਵਾ ਪਹਿਲਾ ਦਰਜਾ ਹੱਤਿਆਵਾਂ ਦੇ ਦੋਸ਼ ਦਰਜ ਕੀਤੇ ਗਏ ਹਨ। ਸ਼ੈਰਿਫ ਨੇ ਲੋਕਾਂ ਨੂੰ ਕਿਹਾ ਹੈ ਕਿ ਜੇਕਰ ਕਿਸੇ ਕੋਲ ਵੀ ਮਾਮਲੇ ਸਬੰਧੀ ਕੋਈ ਹੋਰ ਜਾਣਕਾਰੀ ਹੋਵੇ ਤਾਂ ਉਹ ਪੁਲਿਸ ਪ੍ਰਸ਼ਾਸਨ ਨਾਲ ਸੰਪਰਕ ਕਰੇ। ਹਲਫੀਆ ਬਿਆਨ ਵਿਚ ਕਿਹਾ ਗਿਆ ਹੈ ਕਿ ਲਾਸ਼ਾਂ ਮਿਲਣ ਉਪਰੰਤ ਕੈਸਪ ਨੂੰ ਕੰਸਾਸ ਵਿਚ ਇਕ ਟਰੈਫਿਕ ਸਟਾਪ 'ਤੇ ਗ੍ਰਿਫਤਾਰ ਕਰ ਲਿਆ ਗਿਆ ਸੀ। ਉਸ ਦੀ ਕਾਰ ਵਿਚੋਂ ਇਕ ਗੰਨ, ਗੋਲੀ ਸਿੱਕਾ ਤੇ 14000 ਡਾਲਰ ਬਰਾਮਦ ਹੋਏ ਹਨ। ਕੈਸਪ ਨੇ ਆਪਣੀ ਕਲਾਸ ਦੇ ਇਕ ਸਾਥੀ ਨੂੰ ਮਾਂ ਤੇ ਪਿਤਾ ਨੂੰ ਮਾਰਨ ਦੀ ਯੋਜਨਾ ਬਾਰੇ ਦਸਿਆ ਸੀ ਤੇ ਇਹ ਵੀ ਦੱਸਿਆ ਸੀ ਕਿ ਉਹ ਰੂਸ ਵਿਚ ਕਿਸੇ ਵਿਅਕਤੀ ਦੇ ਸੰਪਰਕ ਵਿਚ ਹੈ ਜੋ ਵਿਅਕਤੀ ਟਰੰਪ ਨੂੰ ਮਾਰਨ ਤੇ ਉਸ ਦੀ ਸਰਕਾਰ ਦਾ ਤਖਤਾ ਉਲਟਾਉਣ ਦੀ ਸਾਜਿਸ਼ ਵਿਚ ਸ਼ਾਮਿਲ ਹੈ। ਪੁਲਿਸ ਦਾ ਵਿਸ਼ਵਾਸ਼ ਹੈ ਕਿ ਕੈਸਪ ਵੱਲੋਂ ਲਾਸ਼ਾਂ ਮਿਲਣ ਤੋਂ ਦੋ ਹਫਤੇ ਪਹਿਲਾਂ ਮਾਂ ਤੇ ਪਿਤਾ ਦੀ ਹੱਤਿਆ ਕੀਤੀ ਗਈ ਸੀ।

## ਸਰਕਾਰ ਨੂੰ ਕਾਨੂੰਨੀ ਤੌਰ 'ਤੇ ਸਖਤੀ ਵਰਤਣੀ ਚਾਹੀਦੀ ਹੈ ਜਾਇਦਾਦ ਜ਼ਬਤ-ਸਜ਼ਾ-ਜੁਰਮਾਨੇ ਸ਼ਖ਼ਤ ਤੋਂ ਸ਼ਖ਼ਤ ਕਰੋ

ਕਿਸੇ ਭੀ ਮੁਲਕ ਵਿੱਚ ਚਾਹੇ ਉਹ ਚੀਜ਼ਾਂ ਵਿੱਚ ਮਿਲਾਵਟ ਖੋਰੀ, ਬਲੈਕ ਮੇਲ ਨਸ਼ਾ ਖ਼ਤਮ ਕਰਨਾ ਜਾਂ ਹੋਰ ਕੋਈ ਭੀ ਗੈਰ ਕਾਨੂੰਨੀ ਕੰਮ ਕਰਨਾ ਉਸ ਨੂੰ ਬੰਦ ਕਰਨਾ ਕਸਮਾਂ ਖਾ ਕੇ ਨਹੀਂ ਹੋ ਸਕਦਾ, ਜਿਵੇਂ ਬਾਕੀ ਛੱਡੋ ਸਾਡੇ ਪੰਜਾਬ ਵਿੱਚ ਸਾਡੇ ਮੁੱਖ ਮੰਤਰੀ ਸਾਹਿਬ ਪੰਜਾਬ ਬਹੁਤ ਹੀ ਅੱਛਾ ਤਰੀਕਾ ਜਾਂ ਢੰਗ ਸੋਚਿਆ ਹੈ ਕਿ ਕਸਮ ਖਾਉ ਪਹਿਲਾਂ ਆਪ ਖਾਧੀ ਨਸ਼ਾ ਖ਼ਤਮ ਕਰਨ ਵਿੱਚ ਆਹ ਆਹ ਕੰਮ ਕਰਾਂਗਾ, ਫਿਰ ਬਾਕੀ ਪਬਲਿਕ ਦੇ ਵੱਖ-ਵੱਖ ਗਰੁੱਪਾਂ ਵੱਲੋਂ ਉਹ ਹੀ ਕਸਮ ਨੂੰ ਦੁਹਰਾਇਆ ਗਿਆ। ਕੀ ਇਸ ਅਸਲ ਵਿੱਚ ਇਸ ਦਾ ਅਮਲ 5%-7% ਹੀ ਹੋਵੇਗਾ ਸਿਰਫ਼ ਕੁਝ ਹੀ ਇਨਸਾਨ ਹਨ ਜੋ ਦਿਆਨਤ-ਦਾਰੀ ਨਾਲ ਇਸ ਨੂੰ ਸਮਝ ਸਕਣਗੇ, ਬਾਕੀ ਦੇਖੋ। ਸਿੱਖ ਨੂੰ ਵੈਸੇ ਭੀ ਕਦੀ ਕਸਮ ਨਹੀਂ ਖਾਣੀ ਚਾਹੀਦੀ ਆਪ ਨੂੰ ਪਤਾ ਹੈ ਸਿਰਫ਼ ਗੁਰੂ ਦੇ ਉਪਦੇਸ਼ਾਂ ਦੀ ਪਾਲਣਾ ਕਰੋ, ਉਨ੍ਹਾਂ ਦੇ ਅਸੂਲਾਂ ਦਾ ਇਕ ਵੱਡਾ ਹਿੱਸਾ ਨਸ਼ਾ ਨਹੀਂ ਕਰਨਾ ਹੈ ਵੈਸੇ ਸਿਰ ਤੇ ਪਗੜੀ ਦਾਹੜੀ ਮੁੱਛ ਰੱਖ ਕੇ ਕਸਮ ਨਹੀਂ ਖਾਣੀ ਚਾਹੀਦੀ, ਵੈਸੇ ਦਾਹੜੀ ਅੱਧੀ ਕਟੀ ਹੋਈ ਬਾਕੀ ਭੀ ਕੰਮ ਅੱਧੇ ਕਰਨੇ ਅੱਧੇ ਛੱਡਣੇ ਫਿਰ ਕਸਮ ਖਾਣ ਦਾ ਕੀ ਫਾਇਦਾ। ਅਗਰ ਮਿਲਾਵਟ ਦੂਰ ਕਰਨੀ ਹੈ ਸਰਕਾਰ ਨੂੰ ਮਸਾਲ ਦੇ ਤੌਰ 'ਤੇ ਦੁੱਧ ਵੇਚਣ ਵਾਲੇ ਹਨ ਪਾਣੀ ਦੁੱਧ ਵਿੱਚ ਮਿਲਾਂਦੇ ਹਨ ਜਦੋਂ ਕੋਈ ਫੜ ਹੁੰਦਾ ਹੈ ਉਸ ਨੂੰ ਮਿੱਥੀ ਹੋਈ ਸਜ਼ਾ ਦਿੱਤੀ ਜਾਵੇ ਨਾ ਕਿ ਉਸ ਨੂੰ ਪੈਸੇ ਲੈ ਕੇ ਅਫਸਰ ਛੱਡ ਦਿੰਦੇ ਹਨ, ਸਫਾਰਸ਼ ਨਾਲ ਛੱਡਦੇ ਹਨ, ਅਗਰ ਮਿਲਾਵਟ ਕਰਨ ਵਾਲੇ ਨੂੰ ਪਤਾ ਹੋਵੇ ਕਿ ਮੈਂ ਫੜਿਆ ਗਿਆ ਇਤਨਾ ਜੁਰਮਾਨਾ ਇਤਨੀ ਸਜ਼ਾ ਹੋਣੀ ਹੈ। ਫਿਰ ਸ਼ਾਇਦ ਹੀ ਕੋਈ ਅਜਿਹਾ ਕੰਮ ਕਰੇ। ਬਲੈਕ ਖੋਰੀ ਕੋਈ ਭੀ ਹੈ ਪੈਸੇ ਦੀ ਜਾਂ ਕਿਸੇ ਵਸਤੂ ਦੀ ਹੈ। ਅਗਰ ਉਸ ਨੂੰ ਕਾਨੂੰਨ ਮੁਤਾਬਕ ਸਜ਼ਾ ਮਿਲੇ ਕਾਨੂੰਨ ਮੁਤਾਬਕ ਜੁਰਮਾਨਾ ਹੋਵੇ। ਅਗਰ ਇਕ ਤੋਂ ਵੱਧ ਕੇਸ ਦਰਜ ਹਨ ਉਸ ਨੂੰ ਜੇਲ੍ਹ ਵਿੱਚ ਹੀ ਰੱਖਿਆ ਜਾਵੇ ਹੁਣ ਨਾਲ ਫੜਦੇ ਹਨ, ਨਾਲ ਹੀ ਪੁਲਸ ਵਾਲੇ ਦੱਸਦੇ ਹਨ ਕਿ ਇਸ ਉੱਤੇ 6-7 ਮੁਕੱਦਮੇ ਪਹਿਲਾਂ ਦਰਜ ਹਨ ਤਾਂ ਇਕ ਹੋਰ ਦਰਜ ਕਰ ਲਵੋ। ਉਹ ਤਾਂ ਜੇਲ੍ਹ ਵਿੱਚ ਜਾਣ ਨੂੰ ਮਾਮਿਆਂ ਦਾ ਘਰ ਸਮਝਦੇ ਹਨ। ਬਹੁਤੇ ਸਹੁਰਿਆਂ ਦਾ ਘਰ ਸਮਝਦੇ ਹਨ ਫਿਰ ਸਰਕਾਰ ਕਿਸ ਚੀਜ਼ ਨੂੰ ਵੱਸ ਕਰ ਸਕਦੀ ਹੈ ਸੋ ਕਸਮਾਂ ਨਾਲ ਵਿੱਚ ਲੋਕ ਦਿਖਾਵਾ ਹੈ ਸਰਕਾਰ ਨੂੰ ਕਾਨੂੰਨੀ ਤੌਰ 'ਤੇ ਸਖਤੀ ਵਰਤਣੀ ਚਾਹੀਦੀ ਹੈ। ਜਾਇਦਾਦ ਜ਼ਬਤ-ਸਜ਼ਾ-ਜੁਰਮਾਨੇ ਸ਼ਖ਼ਤ ਤੋਂ ਸ਼ਖ਼ਤ ਕਰੋ, ਅਮਲ ਵਿੱਚ ਲਿਆਉ ਕੋਈ ਅਪੀਲ ਨਾ ਦਲੀਲ ਨਾ ਸੁਣੀ ਜਾਵੇ। ਫਿਰ ਦੇਖੋ ਸਭ ਕੁਝ ਠੀਕ ਹੋ ਜਾਵੇਗਾ। ਗਲਤੀ ਮੁਆਫ਼-K.Jogi



## ਉਸਤਾਦਾਂ ਦੀ ਗੱਲ 03
## 80 ਸਾਲ ਬਾਅਦ ਤੁਹਾਡਾ ਮੁਲਾਂਕਣ

2006 ਜਾਂ 2009 ਦੇ ਵਿੱਚ ਮੈਂ ਇੰਗਲੈਂਡ ਗਿਆ। ਉੱਥੇ ਮੈਂ ਸਰਦਾਰ ਮੋਤਾ ਸਿੰਘ ਸਰਾਏ ਕੋਲ ਰਿਹਾ, ਉਹਨਾਂ ਦੇ ਨਾਲ ਬਹੁਤ ਸਾਰੇ ਸਾਹਿਤਿਕ ਤੇ ਸੱਭਿਆਚਾਰਿਕ ਰੁਝੇਵੇ ਸਾਂਝੇ ਕੀਤੇ। ਇੱਕ ਦਿਨ ਉਹ ਮੈਨੂੰ ਪ੍ਰਸਿੱਧ ਲੇਖਕ ਅਤੇ ਬਜ਼ੁਰਗ ਅਜਮੇਰ ਕਵੈਂਟਰੀ ਜੀ ਨੂੰ ਮਿਲਣ ਵਾਸਤੇ ਲੈ ਗਏ। ਅਸੀਂ ਉਹਨਾਂ ਦੇ ਘਰ ਗਏ ਅਤੇ ਬਹੁਤ ਸਾਰੀਆਂ ਗੱਲਾਂ ਕੀਤੀਆਂ। ਉਨਾਂ ਨੇ ਆਪਣੀ ਕਿਤਾਬ ਪੱਥਰ ਲੀਕਾਂ ਦੇ ਵਿੱਚ ਵੀ ਇਹ ਘਟਨਾ ਲਿਖੀ ਹੈ ਪਰ ਉਹਨਾਂ ਨੇ ਸਾਨੂੰ ਆਪ ਸੁਣਾਈ। ਉਹ ਦੱਸਦੇ ਕਿ ਜਦੋਂ ਮੈਂ ਛੋਟੀਆਂ ਜਮਾਤਾਂ ਵਿੱਚ ਪੜ੍ਹਦਾ ਸੀ ਤਾਂ ਸਾਡੇ ਕਈ ਅਧਿਆਪਕ ਸਨ। ਉਹਨਾਂ ਵਿੱਚੋਂ ਇੱਕ ਅਧਿਆਪਕ, ਜਿਸ ਦਾ ਉਹਨਾਂ ਨੇ ਨਾਮ ਵੀ ਲਿਆ ਕਿ ਉਹ ਬਹੁਤ ਵਧੀਆ ਸਨ। ਉਹ ਬੱਚਿਆਂ ਨੂੰ ਪਿਆਰ ਕਰਦਾ ਸੀ ਔਰ ਬੱਚੇ ਵੀ ਉਸ ਦੀ ਕਲਾਸ ਦੇ ਵਿੱਚ ਬੜੇ ਖੁਸ਼ ਹੁੰਦੇ ਸਨ ਮੈਂ ਅੱਜ ਵੀ ਉਹਨਾਂ ਨੂੰ ਯਾਦ ਕਰਦਾ ਹਾਂ। ਉਸ ਤੋਂ ਬਾਅਦ ਉਹਨਾਂ ਨੇ ਦੱਸਿਆ ਕਿ, ਉਥੇ ਹੀ ਸਾਡੇ ਇੱਕ ਹੋਰ ਅਧਿਆਪਕ ਸੀ ਜੋ ਬੱਚਿਆਂ ਦੀ ਐਵੇਂ ਹੀ ਕੁੱਟ ਮਾਰ ਕਰਦਾ ਰਹਿੰਦਾ ਸੀ ਔਰ ਉਹਨਾਂ ਨੂੰ ਨਲਾਇਕ, ਗਧੇ ਕਹਿੰਦਾ ਹੁੰਦਾ ਸੀ। ਮੈਂ ਉਸ ਦਾ ਨਾਮ ਵੀ ਨਹੀਂ ਲੈਣਾ ਪਸੰਦ ਕਰਦਾ। ਮੈਨੂੰ ਬੜੀ ਹੈਰਾਨੀ ਹੋਈ ਕਿ ਇੱਕ ਬਜ਼ੁਰਗ ਲੇਖਕ 80 ਸਾਲ ਬਾਅਦ ਆਪਣੇ ਪ੍ਰਾਇਮਰੀ ਸਕੂਲ ਦੇ ਅਧਿਆਪਕਾਂ ਦਾ ਮੁਲਾਂਕਣ ਕਰ ਰਿਹਾ ਹੈ। ਮੇਰੇ ਦਿਲ ਨੂੰ ਇਹ ਗੱਲ ਬੜੀ ਚੁੱਭੀ, ਉਹਨਾਂ ਨੇ ਕਿਹਾ ਕਿ, ਯਾਦ ਰੱਖੋ ਕੌਣ ਤੇ ਕਦੋਂ ਤੁਹਾਡਾ ਕੋਈ ਮੁਲਾਂਕਣ ਕਰ ਦੇਵੇ। ਤੁਸੀਂ ਆਪਣੇ ਆਪ ਨੂੰ ਬਿਲਕੁਲ ਨਿਰਪੱਖ ਹੋ ਕੇ ਜ਼ਿੰਦਗੀ ਜਿਉਣ ਦੀ ਕੋਸ਼ਿਸ਼ ਕਰੋ ਤਾਂ ਕਿ ਤੁਹਾਡਾ ਜਦੋਂ ਵੀ ਮੁਲਾਂਕਣ ਹੋਵੇ, ਚਾਹੇ ਉਹ ਤੁਹਾਡੇ ਮਰਨ ਤੋਂ ਕਈ ਦਹਾਕਿਆਂ ਬਾਅਦ ਹੀ ਹੋਵੇ, ਤਾਂ ਤੁਹਾਨੂੰ ਜਾਂ ਤੁਹਾਡੇ ਵਾਰਸਾਂ ਨੂੰ ਨਮੋਸ਼ੀ ਨਾ ਚੱਲਣੀ ਪਵੇ। ਮੇਰੇ ਤੇ ਇਸ ਗੱਲ ਦਾ ਬਹੁਤ ਅਸਰ ਹੋਇਆ। ਮੈਂ ਚਲੋ ਪਹਿਲਾਂ ਵੀ ਆਪਣੇ ਆਪ ਨੂੰ ਨਿਰਪੱਖ ਰੱਖਣ ਦੀ ਕੋਸ਼ਿਸ਼ ਕਰਦਾ ਸੀ, ਪਰ ਉਸ ਤੋਂ ਬਾਅਦ ਤਾਂ ਮੈਂ ਕਦੇ ਵੀ ਆਪਣੇ ਆਪ ਨੂੰ ਕਿਸੇ ਧੜੇ ਦੇ ਨਾਲ ਜੁੜ ਕੇ ਆਪਣੀ ਨਿਰਪੱਖਤਾ ਨੂੰ ਖਤਮ ਨਹੀਂ ਕੀਤਾ। ਭਾਵੇਂ ਕਿ ਇਸ ਦਾ ਮੈਨੂੰ ਵੱਡਾ ਮੁੱਲ ਵੀ ਚੁਕਾਉਣਾ ਪਿਆ। ਪਰ ਕੋਈ ਗੱਲ ਨਹੀਂ ਸਿਆਣਿਆਂ ਦੀਆਂ ਗੱਲਾਂ, ਉਸਤਾਦਾਂ ਦੀਆਂ ਗੱਲਾਂ ਵਿੱਚ ਤੱਤ ਹੁੰਦੇ ਹਨ। ਸਾਨੂੰ ਇਹ ਤੱਤ ਕਦੇ ਵੀ ਭੁੱਲਣੇ ਨਹੀਂ ਚਾਹੀਦੇ। ਇਹ ਸਾਡੀ ਜ਼ਿੰਦਗੀ ਨੂੰ ਸਫਲ, ਸਰਲ, ਸਹਾਈ ਤੇ ਸਹਿਜ ਬਣਾਉਣ ਵਿੱਚ ਬਹੁਤ ਤਾਕਤ ਬਖ਼ਸ਼ਦੇ ਹਨ। **--ਜਨਮੇਜਾ ਸਿੰਘ ਜੌਹਲ**



# ਪੰਜਾਬ ਵਿੱਚ ਪਿਛਲੇ ਪੰਜ ਸਾਲਾਂ ਦੌਰਾਨ ਪਸ਼ੂ ਧਨ ਵਿੱਚ ਕਮੀ ਆਉਣ ਕਾਰਣ ਨਕਲੀ ਦੁਧ ਵਿਕਣ ਲੱਗਾ

**ਵਿਸ਼ੇਸ਼ ਰਿਪੋਟ**

## ✪ ਕੇਂਦਰ ਚਿੰਤਤ, ਨਕਈ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਕੀਤੀ ਮੁਲਾਕਾਤ




ਪੰਜਾਬ ਵਿੱਚ ਪਿਛਲੇ ਪੰਜ ਸਾਲਾਂ ਦੌਰਾਨ ਪਸ਼ੂ ਧਨ ਵਿੱਚ ਆਈ ਕਮੀ ਰਾਜ ਦੇ ਡੇਅਰੀ ਖੇਤਰ ਦੀ ਲਾਵਾਰਸੀ ਵੱਲ ਧਿਆਨ ਖਿੱਚ ਰਹੀ ਹੈ। ਪੰਜ ਸਾਲਾਂ ਬਾਅਦ ਕੀਤੀ ਜਾਂਦੀ ਪਸ਼ੂ ਗਣਨਾ ਦੀ ਮੁੱਢਲੀ ਰਿਪੋਰਟ ਤੋਂ ਇਹ ਖ਼ੁਲਾਸਾ ਹੋਇਆ ਹੈ ਕਿ ਪੰਜਾਬ ਵਿੱਚ 2019 ਵਿੱਚ ਕੁੱਲ ਪਸ਼ੂ ਧਨ 73,81,540 ਲੱਖ ਤੋਂ ਘਟ ਕੇ 68,03,196 ਲੱਖ ਰਹਿ ਗਿਆ ਹੈ; ਭਾਵ, ਪਸ਼ੂਆਂ ਦੀ ਗਿਣਤੀ 5.78 ਲੱਖ ਘਟ ਗਈ ਹੈ ਜਿਨ੍ਹਾਂ ਵਿੱਚ ਸਭ ਤੋਂ ਵੱਧ 5.22 ਲੱਖ ਦੀ ਕਮੀ ਮੱਝਾਂ ਦੀ ਗਿਣਤੀ ਵਿੱਚ ਆਈ ਹੈ। ਕੁਝ ਸਾਲ ਪਹਿਲਾਂ ਪੰਜਾਬ ਦੇ ਪਿੰਡਾਂ ਵਿੱਚ ਬਹੁਤੇ ਘਰਾਂ ਵਿੱਚ ਦੁਧਾਰੂ ਪਸ਼ੂ ਖੜ੍ਹੇ ਮਿਲਦੇ ਸਨ। ਬਹੁਤੇ ਲੋਕ ਆਪਣੀਆਂ ਘਰੇਲੂ ਜ਼ਰੂਰਤਾਂ ਲਈ ਦੁੱਧ, ਲੱਸੀ ਤੇ ਮੱਖਣ ਦੀ ਪੂਰਤੀ ਤੋਂ ਇਲਾਵਾ ਦੋਧੀਆਂ ਨੂੰ ਜਾਂ ਡੇਅਰੀਆਂ 'ਤੇ ਦੁੱਧ ਵੇਚਦੇ ਸਨ ਜਿਸ ਨਾਲ ਉਨ੍ਹਾਂ ਦੇ ਘਰ ਦਾ ਗੁਜ਼ਾਰਾ ਚਲਾਉਣ ਵਿੱਚ ਮਦਦ ਮਿਲਦੀ ਸੀ ਪਰ ਹੁਣ ਪਿੰਡਾਂ ਵਿੱਚ ਵੀ ਬਹੁਤੇ ਘਰ ਪਸ਼ੂਆਂ ਤੋਂ ਖਾਲੀ ਹੋ ਗਏ ਹਨ।

ਮੱਝਾਂ ਦੀ ਗਿਣਤੀ ਵਿੱਚ ਕਮੀ ਦਾ ਪੰਜਾਬ ਵਿੱਚ ਦੁੱਧ ਦੀ ਪੈਦਾਵਾਰ ਤੇ ਸਪਲਾਈ ਉੱਪਰ ਸਿੱਧਾ ਅਸਰ ਪੈਣਾ ਚਾਹੀਦਾ ਸੀ ਪਰ ਪਸ਼ੂ ਪਾਲਣ ਵਿਭਾਗ ਦੇ ਅਧਿਕਾਰੀਆਂ ਮੁਤਾਬਿਕ ਲੋਕ ਹੁਣ ਤਜਾਰਤੀ ਡੇਅਰੀ ਫਾਰਮਾਂ ਨੂੰ ਤਰਜੀਹ ਦੇ ਰਹੇ ਹਨ ਜਿਨ੍ਹਾਂ ਵਿੱਚ ਮੱਝਾਂ ਦੇ ਮੁਕਾਬਲੇ ਐੱਚਐੱਫ ਨਸਲ ਦੀਆਂ ਗਾਵਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ। ਤਜਾਰਤੀ ਡੇਅਰੀ ਫਾਰਮਾਂ ਲਈ ਸਰਕਾਰ ਅਤੇ ਬੈਂਕਾਂ ਤੋਂ ਕਰਜ਼ੇ ਅਤੇ ਹੋਰ ਸਹੂਲਤਾਂ ਉਪਲਬਧ ਹਨ ਪਰ ਘਰਾਂ ਵਿੱਚ ਦੁਧਾਰੂ ਪਾਲਤੂ ਪਸ਼ੂਆਂ ਦੀ ਗਿਣਤੀ ਨਾਲ ਛੋਟੀ ਕਿਸਾਨੀ ਅਤੇ ਦਲਿਤ ਪਰਿਵਾਰਾਂ ਲਈ ਸਵੈ-ਰੁਜ਼ਗਾਰ ਦਾ ਚੰਗਾ ਬਦਲ ਖੁੱਸ ਰਿਹਾ ਹੈ। ਇਸ ਰੁਝਾਨ ਦੇ ਕਾਰਨ ਵੀ ਅਹਿਮ ਹਨ ਜਿਨ੍ਹਾਂ ਵਿੱਚ ਖੇਤੀ ਲਈ ਜ਼ਮੀਨਾਂ ਘਟਣ ਤੇ ਰਹਿਣ-ਸਹਿਣ ਵਿੱਚ ਤਬਦੀਲੀ ਆਉਣ ਕਰ ਕੇ ਕਿਰਤ ਸੱਭਿਆਚਾਰ ਦਾ ਘਟਣਾ ਵੀ ਸ਼ਾਮਿਲ ਹੈ। ਨਵੀਂ ਪੀੜ੍ਹੀ ਵਿੱਚ ਪਸ਼ੂ ਪਾਲਣ ਅਤੇ ਖ਼ੁਦ ਖੇਤੀ ਜਿਹੇ ਧੰਦਿਆਂ ਪ੍ਰਤੀ ਚੇਟਕ ਘਟ ਰਹੀ ਹੈ। ਢੁੱਕਵੀਂ ਆਮਦਨ ਦੀ ਘਾਟ ਇਸ ਦਾ ਮੁੱਖ ਕਾਰਨ ਹੈ। ਦੁੱਧ ਸਾਡੇ ਸਰੀਰਕ ਤੇ ਮਾਨਸਿਕ ਵਿਕਾਸ ਦਾ ਅਹਿਮ ਕਾਰਕ ਹੈ।

**ਪੰਜਾਬ ਟਾਈਮਜ ਅਨੁਸਾਰ ਮਨੁੱਖੀ ਸਿਹਤ ਨਾਲ ਖਿਲਵਾੜ ਕਰਨ ਵਾਲਿਆਂ ਨੂੰ ਨੱਥ ਪਾਉਣ ਵਿੱਚ ਜਿੱਥੇ ਸਮੇਂ ਦੀਆਂ ਸਰਕਾਰਾਂ ਫੇਲ ਸਾਬਤ ਹੋਈਆਂ ਹਨ, ਉੱਥੇ ਹੀ ਸਿਹਤ ਵਿਭਾਗ ਵੀ ਇਸ ਪ੍ਰਤੀ ਸੰਜੀਦਗੀ ਨਹੀਂ ਵਿਖਾ ਰਿਹਾ। ਇਹ ਵਰਤਾਰਾ ਰੋਕਣ ਲਈ ਸਖਤ ਨਹੀਂ, ਬਹੁਤ ਹੀ ਸਖ਼ਤ ਕਾਨੂੰਨ ਬਣਾਏ ਜਾਣ ਦੀ ਲੋੜ ਹੈ, ਜਿਸ ਨਾਲ ਮਨੁੱਖੀ ਸਿਹਤ ਨਾਲ ਖਿਲਵਾੜ ਕਰਨ ਵਾਲੇ ਸਮਾਜ ਵਿਰੋਧੀ ਅਨਸਰਾਂ ਨੂੰ ਸਲਾਖਾਂ ਪਿੱਛੇ ਤਾੜਿਆ ਜਾਵੇ।**

ਹੈਰਾਨੀ ਦੀ ਗੱਲ ਹੈ ਕਿ ਪੰਜਾਬ ਵਿੱਚ ਦੁਧਾਰੂ ਪਸ਼ੂਆਂ ਦੀ ਗਿਣਤੀ ਘਟਣ ਦੇ ਬਾਵਜੂਦ ਦੁੱਧ ਦੀ ਸਪਲਾਈ 'ਤੇ ਕੋਈ ਫ਼ਰਕ ਨਹੀਂ ਪੈ ਰਿਹਾ। ਇਸ ਦਾ ਸਿੱਧਾ ਜਿਹਾ ਮਤਲਬ ਇਹ ਹੈ ਕਿ ਨਕਲੀ ਦੁੱਧ ਦੀ ਪੈਦਾਵਾਰ ਤੇ ਸਪਲਾਈ ਵਧ ਰਹੀ ਹੈ ਜੋ ਰਾਜ ਵਿੱਚ ਪਸ਼ੂ ਪਾਲਣ ਦੇ ਧੰਦੇ ਲਈ ਖ਼ਤਰਾ ਬਣ ਰਿਹਾ ਹੈ। ਨਕਲੀ ਦੁੱਧ ਦਾ ਕਾਰੋਬਾਰ ਬਹੁਤ ਦੂਰ ਤੱਕ ਫੈਲਿਆ ਹੋਇਆ ਹੈ ਅਤੇ ਇਸ ਨੂੰ ਜੜ੍ਹੋਂ ਪੁੱਟਣ ਲਈ ਹਾਲੇ ਤੱਕ ਪੰਜਾਬ ਸਰਕਾਰ ਨੇ ਕੋਈ ਠੋਸ ਤੇ ਬੱਝਵੀਂ ਕਾਰਵਾਈ ਨਹੀਂ ਕੀਤੀ ਗਈ ਜਿਸ ਕਰ ਕੇ ਲੋਕਾਂ ਦੀ ਸਿਹਤ ਦਾਅ 'ਤੇ ਲੱਗੀ ਹੋਈ ਹੈ।

ਸੂਬੇ ਵਿਚ ਧੜੱਲੇ ਨਾਲ ਨਕਲੀ ਦੁੱਧ ਅਤੇ ਪਨੀਰ ਦੀ ਹੋ ਰਹੀ ਵਰਤੋਂ ਅਤੇ ਸਪਲਾਈ ਨੂੰ ਰੋਕਣ ਸਬੰਧੀ ਪੰਜਾਬ ਭਾਜਪਾ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਸਾਬਕਾ ਸੰਸਦੀ ਸਕੱਤਰ ਜਗਦੀਪ ਸਿੰਘ ਨਕਈ ਨੇ ਗੁਜਰਾਤ ਦੇ ਅਹਿਮਦਾਬਾਦ ਵਿਖੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਡੂੰਘੀਆਂ ਵਿਚਾਰਾਂ ਕੀਤੀਆਂ। ਅਹਿਮਦਾਬਾਦ ਵਿਖੇ ਭਾਜਪਾ ਦਾ ਸਥਾਪਨਾ ਦਿਵਸ ਮਨਾਇਆ ਗਿਆ ਸੀ, ਇਸ ਵਾਸਤੇ ਜਗਦੀਪ ਸਿੰਘ ਨਕਈ ਨੂੰ ਪੰਜਾਬ ਤੋਂ ਵਿਸ਼ੇਸ਼ ਤੌਰ 'ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਸੱਦਾ ਮਿਲਿਆ ਸੀ। ਇਸ ਸਬੰਧੀ ਦੱਸਦਿਆਂ ਭਾਜਪਾ ਦੇ ਸੀਨੀਅਰ ਆਗੂ ਜਗਦੀਪ ਸਿੰਘ ਨਕਈ ਨੇ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਅੰਦਰ ਦੁੱਧ ਦੇ ਨਕਲੀ ਪ੍ਰੋਡਕਟ ਨੂੰ ਵਿਕਣ ਨੂੰ ਲੈ ਕੇ ਪੂਰੀ ਤਰ੍ਹਾਂ ਚਿੰਤਤ ਹੈ। ਭਾਜਪਾ ਦੇ ਅਹਿਮਦਾਬਾਦ ਵਿਖੇ ਹੋਏ ਸੰਮੇਲਨ ਵਿਚ ਅਮਿਤ ਸ਼ਾਹ ਨੇ ਉਨ੍ਹਾਂ ਨਾਲ ਗੱਲਬਾਤ ਕਰਦਿਆਂ ਇਹ ਚਿੰਤਾ ਪ੍ਰਗਟਾਈ ਹੈ।



ਨਕਈ ਨੇ ਕਿਹਾ ਕਿ ਇਸ ਵਿਚ ਕੋਈ ਸ਼ੱਕ ਨਹੀਂ ਪੰਜਾਬ ਅੰਦਰ ਧੜੱਲੇ ਨਾਲ ਨਕਲੀ ਖੋਆ, ਦੁੱਧ, ਪਨੀਰ ਅਤੇ ਉਸ ਤੋਂ ਬਣੇ ਪ੍ਰੋਡਕਟ ਵਿਕ ਰਹੇ ਹਨ। ਉਨ੍ਹਾਂ ਕਿਹਾ ਕਿ ਇਕ ਤਾਜ਼ਾ ਸਰਵੇਖਣ ਅਨੁਸਾਰ ਪੰਜਾਬ ਅੰਦਰ ਪਹਿਲਾਂ ਦੇ ਮੁਕਾਬਲੇ ਮੱਝਾਂ ਦੀ ਗਿਣਤੀ ਘੱਟ ਗਈ ਹੈ। ਸੁਭਾਵਿਕ ਹੈ ਕਿ ਪਸ਼ੂਆਂ ਦੀ ਗਿਣਤੀ ਘਟਣ ਨਾਲ ਪਸ਼ੂ ਪਾਲਕ ਧੰਦਾ ਵੀ ਘੱਟ ਰਿਹਾ ਹੈ। ਜਦ ਕਿ ਦੁੱਧ ਅਤੇ ਉਸ ਤੋਂ ਬਣੇ ਪ੍ਰੋਡਕਟ ਵੱਡੀ ਗਿਣਤੀ ਵਿਚ ਤਿਆਰ ਹੋ ਕੇ ਮਾਰਕੀਟ ਵਿਚ ਵਿਕ ਰਹੇ ਹਨ। ਨਕਈ ਨੇ ਕਿਹਾ ਕਿ ਕੇਂਦਰੀ ਮੰਤਰੀ ਅਮਿਤ ਸ਼ਾਹ ਨੇ ਉਤਸ਼ਾਹ ਨਾਲ ਇਸ 'ਤੇ ਗੰਭੀਰਤਾ ਦਿਖਾਉਂਦਿਆਂ ਕਿਹਾ ਕਿ ਜੇਕਰ ਸੂਬੇ ਅੰਦਰ ਦੇਸੀ ਗਊਆਂ ਨੂੰ ਪਾਲਿਆ ਜਾਵੇ ਅਤੇ ਉਨ੍ਹਾਂ ਦੀ ਸੇਵਾ ਸੰਭਾਲ ਕੀਤੀ ਜਾਵੇ ਤਾਂ ਨਕਲੀ ਦੁੱਧ ਅਤੇ ਨਕਲੀ ਪ੍ਰੋਡਕਟ ਬੰਦ ਹੋ ਜਾਣਗੇ। ਸੂਬੇ ਦੇ ਨੌਜਵਾਨਾਂ ਨੂੰ ਜੋ ਵੱਡੀ ਗਿਣਤੀ ਵਿਚ ਰੁਜ਼ਗਾਰ ਕਾਰਨ ਵਿਦੇਸ਼ਾਂ ਦਾ ਰੁੱਖ ਕਰ ਰਹੇ ਹਨ, ਨੂੰ ਰੁਜ਼ਗਾਰ ਮਿਲੇਗਾ। ਪੰਜਾਬ ਅੰਦਰ ਸ਼ੁੱਧ ਦੁੱਧ ਦੀ ਨਦੀ ਵਗੇਗੀ। ਨਕਈ ਨੇ ਭਰੋਸਾ ਦਿੱਤਾ ਕਿ ਉਹ ਇਹ ਸੁਝਾਅ ਨੌਜਵਾਨਾਂ ਅਤੇ ਡੇਅਰੀ ਪਾਲਕਾਂ ਨੂੰ ਦੇਣਗੇ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਵਿਚ ਭਾਜਪਾ ਸਰਕਾਰ ਬਣਦੀ ਹੈ ਤਾਂ ਇਸ ਅਮਲ ਨੂੰ ਸਰਕਾਰ ਦੇ ਏਜੰਡੇ ਵਿਚ ਲਿਆਂਦਾ ਜਾਵੇਗਾ।

### ਕੈਮੀਕਲ ਦੁਧ ਕਿਉਂ ਹਾਨੀਕਾਰਕ

ਸ਼ੈਤਾਨ ਲੋਕ ਇਸ ਵਿੱਚ ਕੈਮੀਕਲ ਮਿਲਾ ਕੇ ਸਿੰਥੈਟਿਕ ਨਕਲੀ ਦੁੱਧ ਬਣਾ ਕੇ ਪੰਜਾਬ ਸਮੇਤ ਦੇਸ਼ ਦੇ ਵੱਖ ਵੱਖ ਰਾਜਾਂ ਵਿੱਚ ਸਪਲਾਈ ਕਰਕੇ ਜਨਤਾ ਨੂੰ ਬਿਮਾਰੀਆਂ ਅਤੇ ਕੈਂਸਰ ਵੰਡ ਰਹੇ ਹਨ। ਪਿਛਲੇ ਸਮੇਂ ਪੰਜਾਬ ਵਿੱਚ ਲੰਪੀ ਸਕਿਨ ਦੀ ਬਿਮਾਰੀ ਦੇ ਬਾਵਜੂਦ ਵੀ ਪੰਜਾਬ ਵਿੱਚ ਕਿਸੇ ਕਸਬੇ ਸ਼ਹਿਰਾਂ ਵਿੱਚੋਂ ਦੁੱਧ ਦੀ ਕਿੱਲਤ ਦੀ ਕੋਈ ਖਬਰ ਪੜਨ ਨੂੰ ਨਹੀਂ ਮਿਲੀ। ਦੁੱਧ ਅਤੇ ਦੁੱਧ ਤੋਂ ਬਣਨ ਵਾਲੇ ਉਤਪਾਦਾਂ ਲੱਸੀ, ਮੱਖਣ, ਪਨੀਰ, ਦੇਸੀ ਘਿਓ ਆਦਿ ਦੀ ਲਿਸਟ ਬਹੁਤ ਲੰਬੀ ਹੋ ਜਾਂਦੀ ਹੈ। ਕਈ ਤਰ੍ਹਾਂ ਦੇ ਜ਼ਹਿਰੀਲੇ ਕੈਮੀਕਲ ਵਰਤ ਕੇ ਲਾਲਚੀ ਅਤੇ ਮੁਨਾਫ਼ਾਖੋਰ ਲੋਕ ਨਿੱਤ ਨਵਾਂ ਜ਼ਹਿਰੀਲਾ ਰਸਾਇਣ ਲੱਭਦੇ ਅਤੇ ਵਰਤਦੇ ਹਨ। ਭਾਰਤ ਦੀਆਂ ਸਰਕਾਰਾਂ (ਕੇਂਦਰੀ ਸਰਕਾਰਾਂ ਅਤੇ ਪ੍ਰਾਂਤਕ ਸਰਕਾਰਾਂ) ਕੋਈ ਵੀ ਇਸ ਪਾਸੇ ਧਿਆਨ ਨਹੀਂ ਦੇ ਰਹੀਆਂ। ਇੱਕ ਅੰਦਾਜ਼ੇ ਮੁਤਾਬਿਕ ਪੰਜਾਬ ਵਿੱਚ ਰੋਜ਼ਾਨਾ 16 ਲੱਖ ਲੀਟਰ ਦੁੱਧ ਦੀ ਪੈਦਾਵਾਰ ਹੁੰਦੀ ਹੈ, ਪਰ ਲਾਗਤ 50 ਲੱਖ ਲੀਟਰ ਹੈ। ਹਰ ਕੋਈ ਸੋਚ ਸਕਦਾ ਹੈ ਕਿ ਇਹ ਬਾਕੀ ਦਾ 34 ਲੱਖ ਲੀਟਰ ਦੁੱਧ ਆਉਂਦਾ ਕਿੱਥੋਂ ਹੈ? ਇਹ ਸਾਰਾ ਦੁੱਧ ਨਕਲੀ ਅਤੇ ਘਾਤਕ ਕੈਮੀਕਲਾਂ ਤੋਂ ਹੀ ਤਿਆਰ ਹੁੰਦਾ ਹੈ। ਪਨੀਰ ਮਠਿਆਈਆਂ ਅਤੇ ਦਹੀਂ ਆਦਿ ਵਿੱਚ ਕੈਮੀਕਲਾਂ ਦਾ ਜ਼ਹਿਰ ਮਿਲਾਇਆ ਜਾਂਦਾ ਹੈ।

# ਸੁਖਬੀਰ ਸਿੰਘ ਬਾਦਲ ਮੁੜ ਅਕਾਲੀ ਦਲ ਦੇ ਮੁੜ ਪ੍ਰਧਾਨ : ਸਿੱਖ ਸੰਸਥਾਵਾਂ ਦਾ ਭਵਿਖ.?

ਉਜਾਗਰ ਸਿੰਘ



ਅਕਾਲੀ ਦਲ ਬਾਦਲ ਧੜੇ ਦੇ ਅੰਮ੍ਰਿਤਸਰ ਵਿਖੇ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਹੋਏ ਡੈਲੀਗੇਟ ਇਜਲਾਸ ਵਿੱਚ ਸੁਖਬੀਰ ਸਿੰਘ ਬਾਦਲ ਸਰਬਸੰਮਤੀ ਨਾਲ ਮੁੜ ਪ੍ਰਧਾਨ ਚੁਣੇ ਗਏ ਹਨ ਪ੍ਰੰਤੂ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਸਥਾਪਤ ਹੋਣ ਦਾ ਪਤਾ 2027 ਦੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦੇ ਨਤੀਜੇ ਤੋਂ ਬਾਅਦ ਲੱਗੇਗਾ, ਅਕਾਲੀ ਦਲ ਦਾ ਕਿਹੜਾ ਧੜਾ ਪੰਜਾਬ ਦੇ ਲੋਕਾਂ ਨੇ ਪ੍ਰਵਾਨ ਕੀਤਾ ਹੈ। ਅਕਾਲੀ ਦਲ ਦੇ ਤਾਂ ਪਹਿਲਾਂ ਹੀ ਅਨੇਕ ਧੜੇ ਹਨ, ਜਿਨ੍ਹਾਂ ਵਿੱਚ ਹੁਣੇ-ਹੁਣੇ ਬਣਿਆਂ ਵਾਰਿਸ ਪੰਜਾਬ ਦੇ ਸ਼ਾਮਲ ਹੋਇਆ ਹੈ। ਇੱਕ ਕਹਾਵਤ ਹੈ 'ਕੁੰਡੀਆਂ ਦੇ ਸਿੰਗ ਫਸਗੇ ਕੋਈ ਨਿਤਰੂ ਵੜੇਵੇਂ ਖਾਣੀ' ਭਾਵ ਅਸਲ ਸ਼੍ਰੋਮਣੀ ਅਕਾਲੀ ਦਲ ਦਾ ਫ਼ੈਸਲਾ ਪੰਜਾਬ ਦੇ ਲੋਕ ਕਰਨਗੇ। ਲੋਕ ਸਭਾ ਦੀਆਂ ਚੋਣਾਂ ਵਿੱਚ ਜਦੋਂ ਅਕਾਲੀ ਇੱਕਮੁੱਠ ਸੀ ਤਾਂ 11 ਲੋਕ ਸਭਾ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ ਸਨ ਪ੍ਰੰਤੂ ਹੁਣ ਤਾਂ ਸੁਧਾਰ ਲਹਿਰ ਵਾਲੇ ਜਿਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਆਸ਼ੀਰਵਾਦ ਪ੍ਰਾਪਤ ਹੈ, ਉਹ ਬਾਹਰ ਰਹਿ ਗਏ ਹਨ ਤਾਂ 2027 ਦੀਆਂ ਵਿਧਾਨ ਸਭਾ ਚੋਣਾਂ ਕਿਹੜੀ ਜਾਦੂ ਦੀ ਛੜੀ ਨਾਲ ਜਿੱਤੀਆਂ ਜਾ ਸਕਣਗੀਆਂ? ਬਾਦਲ ਧੜਾ 27 ਲੱਖ ਮੈਂਬਰਸ਼ਿਪ ਦੀ ਗੱਲ ਕਰਦਾ ਹੈ, ਇਤਨੀਆਂ ਵੋਟਾਂ ਨਾ ਤਾਂ 2022 ਦੀਆਂ ਵਿਧਾਨ ਸਭਾ ਵਿੱਚ ਅਤੇ ਨਾ ਹੀ ਲੋਕ ਸਭਾ ਵਿੱਚ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਪਈਆਂ ਸਨ। 2 ਦਸੰਬਰ 2024 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ 'ਤੇ ਪੰਜ ਸਿੰਘ ਸਾਹਿਬਾਨਾ ਵੱਲੋਂ ਸੁਖਬੀਰ ਸਿੰਘ ਬਾਦਲ ਅਤੇ ਸਮੁੱਚੀ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ, ਜਿਹੜੀ ਦੋ ਧੜਿਆਂ ਦਾਗ਼ੀ ਅਤੇ ਬਾਗ਼ੀ ਵਿੱਚ ਵੰਡੀ ਗਈ ਸੀ, ਨੂੰ ਤਨਖ਼ਾਹ ਲਗਾਈ ਗਈ ਸੀ। ਉਸ ਸਮੇਂ ਸੁਖਬੀਰ ਸਿੰਘ ਬਾਦਲ ਅਤੇ ਸਮੁੱਚੀ ਲੀਡਰਸ਼ਿਪ ਨੇ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਵਿੱਚ ਸਰਕਾਰ ਦੇ ਹੁੰਦਿਆਂ ਹੋਏ ਬਜ਼ਰ ਗੁਨਾਹਾਂ ਨੂੰ ਪ੍ਰਵਾਨ ਕੀਤਾ ਸੀ, ਜਿਸ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਰਘਬੀਰ ਸਿੰਘ ਨੇ ਸੁਖਬੀਰ ਸਿੰਘ ਬਾਦਲ ਅਤੇ ਸਮੁੱਚੀ ਲੀਡਰਸ਼ਿਪ ਨੂੰ ਕਿਹਾ ਸੀ ਕਿ ਉਨ੍ਹਾਂ ਦੇ ਬਜ਼ਰ ਗੁਨਾਹਾਂ ਕਾਰਨ ਉਹ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਕਰਨ ਦੇ ਯੋਗ ਨਹੀਂ ਹਨ, ਇਸ ਕਰਕੇ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਨਵੇਂ ਸਿਰੇ ਤੋਂ ਕਰਕੇ ਨਵਾਂ ਪ੍ਰਧਾਨ ਚੁਣਿਆਂ ਜਾਵੇ। ਉਸ ਨਵੀਂ ਭਰਤੀ ਲਈ ਵੀ ਕੁਝ ਨਿਯਮਾ ਦਾ ਐਲਾਨ ਕੀਤਾ ਗਿਆ ਸੀ। ਇਸ ਵੀ ਕਿਹਾ ਗਿਆ ਸੀ ਕਿ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਸਤੀਫ਼ਾ ਦੇ ਦੇਵੇ ਅਤੇ ਹੋਰ ਸਾਰੇ ਦਾਗ਼ੀ ਤੇ ਬਾਗੀ ਵੀ ਆਪਣੇ ਅਹੁਦਿਆਂ ਤੋਂ ਅਸਤੀਫ਼ੇ ਦੇ ਦੇਣ ਤੇ ਫਿਰ ਇਹ ਸਾਰਿਆਂ ਦਾ ਇੱਕੋ ਅਕਾਲੀ ਦਲ ਨਵੀਂ ਭਰਤੀ ਨਾਲ ਬਣਾਇਆ ਜਾਵੇ। ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਦੀ ਨਿਗਰਾਨੀ ਲਈ ਸੱਤ ਮੈਂਬਰੀ ਕਮੇਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿੱਚ ਬਣਾਈ ਗਈ। ਸੁਖਬੀਰ ਸਿੰਘ ਬਾਦਲ ਉਦੋਂ ਵੀ ਅਸਤੀਫਾ ਦੇਣ ਲਈ ਆਨਾਕਾਨੀ ਕਰਦਾ ਰਿਹਾ ਸੀ। ਸੁਖਬੀਰ ਸਿੰਘ ਬਾਦਲ ਦਾ ਸੱਤ ਮੈਂਬਰੀ ਕਮੇਟੀ ਦੀ ਭਰਤੀ ਤੋਂ ਬਿਨਾ ਹੀ ਅਕਾਲੀ ਦਲ ਦਾ ਪ੍ਰਧਾਨ ਆਪਣੇ ਧੜੇ ਵੱਲੋਂ ਬਣਾਏ ਗਏ ਡੈਲੀਗਟਾਂ ਰਾਹੀਂ ਬਣਨਾ ਸਿੱਖ ਕੌਮ ਲਈ ਹੈਰਾਨੀਜਨਕ ਤੇ ਸ਼ਰਮਨਾਕ ਗੱਲ ਹੈ। ਇੱਕ ਕਿਸਮ ਨਾਲ ਸੁਖਬੀਰ ਸਿੰਘ ਬਾਦਲ ਨੇ ਪੰਥਕ ਸੋਚ ਨੂੰ ਅਲਵਿਦਾ ਕਹਿ ਦਿੱਤਾ ਹੈ, ਜਦੋਂ ਕਿ ਸ਼੍ਰੋਮਣੀ ਅਕਾਲੀ ਦਲ ਦਾ ਮੁੱਖ ਮੰਤਵ ਹੀ ਪੰਥਕ ਸੋਚ 'ਤੇ ਪਹਿਰਾ ਦੇਣਾ ਹੈ। ਇੱਕ ਪਾਸੇ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਕਹਿੰਦੇ ਹਨ ਕਿ ਸੁਖਬੀਰ ਸਿੰਘ ਬਾਦਲ ਅਤੇ ਸਮੁੱਚੀ ਟੀਮ ਹੀ ਪੰਥ ਦੀ ਅਗਵਾਈ ਕਰਨ ਦੇ ਯੋਗ ਨਹੀਂ ਦੂਜੇ ਪਾਸੇ ਸੁਖਬੀਰ ਸਿੰਘ ਬਾਦਲ ਦਾ ਸ੍ਰੀ ਅਕਾਲ ਤਖ਼ਤ ਦੇ ਹੁਕਮਾ ਦੀ ਅਵੱਗਿਆ ਕਰਕੇ ਆਪਣੇ ਆਪ ਹੀ ਆਪਣੇ ਧੜੇ ਵੱਲੋਂ ਪ੍ਰਧਾਨ ਚੁਣੇ ਜਾਣਾ, ਇੱਕ ਕਿਸਮ ਨਾਲ ਸ੍ਰੀ ਅਕਾਲ ਤਖ਼ਤ ਨੂੰ ਵੰਗਾਰਨਾ ਹੈ, ਜਿਸਨੂੰ ਸਮੁਚੇ ਸੰਸਾਰ ਵਿੱਚ ਵਸਦੇ ਪੰਥਕ ਸੋਚ ਵਾਲੇ ਸਿੱਖਾਂ ਨੇ ਬੁਰਾ ਮਨਾਇਆ ਹੈ। ਇਸ ਡੈਲੀਗੇਟ ਇਜਲਾਸ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ 2 ਦਸੰਬਰ ਨੂੰ ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਫ਼ਖ਼ਰ-ਏ-ਕੌਮ ਦੇ ਖ਼ਿਤਾਬ ਨੂੰ ਰੱਦ ਕਰਨ ਦੇ ਫ਼ੈਸਲੇ ਦੀ ਸਮੀਖਿਆ ਕਰਨ ਦੀ ਅਪੀਲ ਕੀਤੀ ਗਈ। ਇਸ ਅਪੀਲ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਇਹ ਫ਼ਖ਼ਰ-ਏ-ਕੌਮ ਵਾਲਾ ਵਾਪਸ ਲੈਣ ਦਾ ਫ਼ੈਸਲਾ ਵੀ ਰੱਦ ਕੀਤਾ ਜਾਵੇਗਾ। ਸਿੱਖ ਕੌਮ ਖਾਸ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ ਦੀ ਤ੍ਰਾਸਦੀ ਰਹੀ ਹੈ ਕਿ ਉਹ ਹਮੇਸ਼ਾ ਆਪਸ ਵਿੱਚ ਉਲਝਕੇ ਹੀ ਸਿੱਖ ਕੌਮ ਤੇ ਪੰਥ ਦਾ ਨੁਕਸਾਨ ਕਰਦੇ ਆ ਰਹੇ ਹਨ। ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਏਕਤਾ ਦਾ ਰਾਹ ਸਾਫ਼ ਕੀਤਾ ਸੀ ਤਾਂ ਇਹ ਛੋਟੇ-ਛੋਟੇ ਅਹੁਦਿਆਂ ਕਰਕੇ ਪੰਥ ਦੀ ਬੇੜੀ ਵਿੱਚ ਵੱਟੇ ਪਾ ਰਹੇ ਹਨ। ਦੋਹਾਂ ਧੜਿਆਂ ਦੀ ਇਸ ਆਪਸੀ ਲੜਾਈ ਨੇ ਸਿੱਖ ਪੰਥ ਦਾ ਵਕਾਰ ਸਮੁੱਚੇ ਸੰਸਾਰ ਵਿੱਚ ਡਾਵਾਂਡੋਲ ਕਰ ਦਿੱਤਾ ਹੈ। ਇੱਕ ਪਾਸੇ ਸਿੱਖ ਆਪਣੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਰਵੋਤਮ ਤੇ ਸਾਰੀ ਕੌਮ ਦਾ ਰਹਿਨੁਮਾ ਕਹਿੰਦੇ ਹਨ, ਜਿਸ 'ਤੇ ਦੇਸ਼ ਦਾ ਕੋਈ ਕਾਨੂੰਨ ਲਾਗੂ ਹੀ ਨਹੀਂ ਹੁੰਦਾ, ਦੂਜੇ ਪਾਸੇ ਆਪ ਹੀ ਉਸਨੂੰ ਵੰਗਾਰ ਰਹੇ ਹਨ। ਜੇਕਰ ਅਕਾਲੀ ਦਲ ਦੇ ਦੋਵੇਂ ਧੜੇ ਦਾਗ਼ੀ ਤੇ ਬਾਗੀ ਇਸੇ ਤਰ੍ਹਾਂ ਲੜਦੇ ਰਹੇ ਤਾਂ 2027 ਵਿੱਚ ਹੋਣ ਵਾਲੀਆਂ ਵਿਧਾਨ ਸਭਾ ਦੀਆਂ ਚੋਣਾ ਵਿੱਚ ਅਕਾਲੀ ਦਾ ਅਜਿਹਾ ਨੁਕਸਾਨ ਹੋ ਜਾਵੇਗਾ, ਜਿਸਦੀ ਭਰਪਾਈ ਨਹੀਂ ਕੀਤੀ ਜਾ ਸਕਦੀ। ਹੋ ਸਕਦਾ ਤੀਜਾ ਧੜਾ ਬਾਜੀ ਮਾਰ ਜਾਵੇ। ਦੋਵੇਂ ਧੜੇ ਇੱਕ ਦੂਜੇ ਨੂੰ ਭਾਰਤੀ ਜਨਤਾ ਪਾਰਟੀ ਦੀ ਅੰਦਰਖਾਤੇ ਸਪੋਰਟ ਦਾ ਇਲਜ਼ਾਮ ਲਗਾ ਰਹੇ ਹਨ। ਹਾਲਾਂ ਕਿ ਅਕਾਲੀ ਦਲ ਨੂੰ ਪਤਾ ਹੈ ਕਿ ਉਹ ਪੰਜਾਬ ਵਿੱਚ ਕਿਸੇ ਦੂਜੀ ਧਿਰ ਦੀ ਸਪੋਰਟ ਤੋਂ ਬਿਨਾ ਸਰਕਾਰ ਨਹੀਂ ਬਣਾ ਸਕਦੇ, ਫਿਰ ਵੀ ਇੱਕ ਦੂਜੇ ਨੂੰ ਕੋਸੀ ਜਾ ਰਹੇ ਹਨ। ਹਰਜਿੰਦਰ ਸਿੰਘ ਧਾਮੀ ਨੇ ਸੁਖਬੀਰ ਸਿੰਘ ਬਾਦਲ ਨੂੰ ਵਧਾਈ ਦੇ ਕੇ ਉਹ ਸ੍ਰੀ ਅਕਾਲ ਤਖ਼ਤ ਦੇ ਹੁਕਮਾਂ ਤੋਂ ਮੁਨਕਰ ਹੋ ਗਏ ਹਨ।

ਸੁਖਬੀਰ ਸਿੰਘ ਬਾਦਲ ਨੂੰ ਪਹਿਲੀ ਵਾਰ ਆਪਣੇ ਪਿਤਾ ਮਰਹੂਮ ਪ੍ਰਕਾਸ਼ ਸਿੰਘ ਬਾਦਲ ਦੀ ਛਤਰਛਾਇਆ ਵਿੱਚ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੀ 2007 ਵਿੱਚ ਬਣੀ ਸਾਂਝੀ ਸਰਕਾਰ ਤੋਂ ਤੁਰੰਤ ਬਾਅਦ ਐਕਟਿੰਗ ਪ੍ਰਧਾਨ ਬਣਾਇਆ ਗਿਆ ਸੀ। ਉਦੋਂ ਪ੍ਰਕਾਸ਼ ਸਿੰਘ ਬਾਦਲ ਨੇ ਉਸਨੂੰ ਐਕਟਿੰਗ ਪ੍ਰਧਾਨ ਅਤੇ ਉਪ ਮੁੱਖ ਮੰਤਰੀ ਬਣਾਕੇ ਇੱਕ ਕਿਸਮ ਨਾਲ ਆਪਣਾ ਰਾਜਨੀਤਕ ਵਾਰਸ ਬਣਾਉਣ ਦਾ ਐਲਾਨ ਕਰ ਦਿੱਤਾ ਸੀ ਕਿਉਂਕਿ ਪ੍ਰਕਾਸ਼ ਸਿੰਘ ਬਾਦਲ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਬਣ ਗਏ ਸਨ। ਉਸ ਸਮੇਂ ਡੈਲੀਗੇਟ ਇਜਲਾਸ ਵਿੱਚ ਸੁਖਬੀਰ ਸਿੰਘ ਬਾਦਲ ਦੇ ਨਾਮ ਦੀ ਤਜਵੀਜ਼ ਸ਼੍ਰੋਮਣੀ ਅਕਾਲੀ ਦਲ ਦੇ ਉਪ ਪ੍ਰਧਾਨ ਰਣਜੀਤ ਸਿੰਘ ਬ੍ਰਮਪੁਰਾ ਤੇ ਇਸਦੀ ਤਾਈਦ ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਜਨਰਲ ਸੁਖਦੇਵ ਸਿੰਘ ਢੀਂਡਸਾ ਨੇ ਕੀਤੀ ਸੀ। ਇਸ ਤੋਂ ਬਾਅਦ 30 ਜਨਵਰੀ 2008 ਨੂੰ ਸ਼੍ਰੋਮਣੀ ਅਕਾਲੀ ਦਲ ਦੇ ਅੰਮ੍ਰਿਤਸਰ ਵਿੱਚ ਹੋਏ ਇਜਲਾਸ ਵਿੱਚ ਸੁਖਬੀਰ ਸਿੰਘ ਬਾਦਲ ਨੂੰ ਰੈਗੂਲਰ ਪ੍ਰਧਨ ਚੁਣ ਲਿਆ ਸੀ। ਸੁਖਬੀਰ ਸਿੰਘ ਬਾਦਲ ਦੇ ਪ੍ਰਧਾਨ ਹੁੰਦਿਆਂ ਸ਼੍ਰੋਮਣੀ ਅਕਾਲੀ ਦਲ ਵਿੱਚ ਬੜੇ ਉਤਰਾਅ ਚੜ੍ਹਾਅ ਆਏ। ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵੀ ਬਣੀ ਅਤੇ ਸਭ ਤੋਂ ਨੀਵੇਂ ਪੱਧਰ ਤੱਕ ਵੀ ਸ਼੍ਰੋਮਣੀ ਅਕਾਲੀ ਦਲ ਪਹੁੰਚ ਗਿਆ ਜਦੋਂ ਉਸਦੇ ਲੋਕ ਸਭਾ ਦੇ 11 ਉਮੀਦਵਾਰਾਂ ਦੀਆਂ ਜ਼ਮਾਨਤਾਂ ਹੀ ਜ਼ਬਤ ਹੋ ਗਈਆਂ ਸਨ। ਵਿਧਾਨ ਸਭਾ ਵਿੱਚ ਵੀ ਤਿੰਨ ਹੀ ਵਿਧਾਨਕਾਰ ਜਿੱਤੇ ਸਨ। ਸੁਖਬੀਰ ਸਿੰਘ ਬਾਦਲ ਸ੍ਰ.ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਵਿੱਚ ਡਿਪਟੀ ਮੁੱਖ ਮੰਤਰੀ ਤੇ ਗ੍ਰਹਿ ਵਿਭਾਗ ਦੇ ਮੰਤਰੀ ਵੀ ਰਹੇ। ਉਨ੍ਹਾਂ ਦੇ ਗ੍ਰਹਿ ਮੰਤਰੀ ਹੁੰਦਿਆਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਹੋਈਆਂ, ਸਿਰਸਾ ਡੇਰਾ ਦੇ ਮੁੱਖੀ ਰਾਮ ਰਹੀਮ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਰਗੇ ਬਸਤਰ ਪਹਿਨਕੇ ਅੰਮ੍ਰਿਤ ਛਕਾਉਣ ਦੇ ਇਲਜ਼ਾਮ ਦੀ ਮੁਆਫੀ ਦੇ ਕੇ ਮੁੜ ਪੰਥ ਵਿੱਚ ਸ਼ਾਮਲ ਕਰ ਲਿਆ ਸੀ। ਰਾਮ ਰਹੀਮ ਵਿਰੁੱਧ ਕੇਸ ਬਾਦਲ ਸਰਕਾਰ ਨੇ ਬਠਿੰਡਾ ਦੀ ਕਚਹਿਰੀ ਵਿੱਚੋਂ ਵਾਪਸ ਲੈ ਲਿਆ। ਜਿਸਦਾ ਸਮੁੱਚੇ ਪੰਜਾਬ ਨੇ ਵਿਰੋਧ ਕੀਤਾ, ਜਿਸ ਕਰਕੇ ਅਕਾਲੀ ਦਲ ਦੇ ਵਜ਼ੀਰਾਂ ਅਤੇ ਹੋਰ ਅਹੁਦੇਦਾਰਾਂ ਨੂੰ ਪਿੰਡਾਂ ਵਿੱਚ ਵੜਨਾ ਅਸੰਭਵ ਹੋ ਗਿਆ। ਫਿਰ ਉਸ ਹੁਕਮਨਾਮੇ ਨੂੰ ਸਹੀ ਸਾਬਤ ਕਰਨ ਲਈ 90 ਲੱਖ ਦੇ ਇਸ਼ਤਿਹਾਰ ਅਖ਼ਬਾਰਾਂ ਨੂੰ ਦਿੱਤੇ ਗਏ। ਇਸ ਸਮੇਂ ਬਹਿਬਲ ਕਲਾਂ ਵਿਖੇ ਪੁਲਿਸ ਵੱਲੋਂ ਦੋ ਸਿੰਘ ਧਰਨਾ ਦਿੰਦੇ ਸ਼ਹੀਦ ਕਰ ਦਿੱਤੇ ਗਏ। ਕਹਿਣ ਤੋਂ ਭਾਵ ਪੰਥਕ ਸਰਕਾਰ ਨੇ ਗ਼ੈਰ ਪੰਥਕ ਕੰਮ ਕੀਤੇ। ਸੁਖਬੀਰ ਸਿੰਘ ਬਾਦਲ ਨੇ ਮੁੜ ਪ੍ਰਧਾਨ ਬਣਨ ਲਈ ਬੜੇ ਵੇਲਣ ਵੇਲੇ ਹਨ। ਜਿਹੜੇ ਜਥੇਦਾਰਾਂ ਨੇ ਸੁਖਬੀਰ ਬਾਦਲ ਨੂੰ ਸਜਾ ਲਗਾਈ ਅਤੇ ਮਰਹੂਮ ਪ੍ਰਕਾਸ਼ ਸਿੰਘ ਬਾਦਲ ਦਾ ਫ਼ਖ਼ਰ-ਏ-ਕੌਮ ਵਾਪਸ ਲਿਆ ਸੀ, ਉਨ੍ਹਾਂ ਨੂੰ ਪੜਾਅਵਾਰ ਅਹੁਦਿਆਂ ਤੋਂ ਆਪਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿਮ ਕਮੇਟੀ ਤੋਂ ਅਹੁਦਿਆਂ ਤੋਂ ਹਟਾ ਦਿੱਤਾ ਗਿਆ ਤਾਂ ਜੋ ਉਹ ਮੁੜਕੇ ਪ੍ਰਧਾਨ ਬਣ ਸਕੇ ਅਤੇ ਫ਼ਖ਼ਰ-ਏ-ਕੌਮ ਦਾ ਫ਼ੈਸਲਾ ਰੱਦ ਕੀਤਾ ਜਾ ਸਕੇ। ਇਨ੍ਹਾਂ ਸਾਰੀਆਂ ਘਟਨਾਵਾਂ ਤੋਂ ਸਾਫ਼ ਜ਼ਾਹਰ ਹੋ ਗਿਆ ਹੈ ਕਿ ਅਕਾਲੀ ਦਲ ਦਾ ਭਵਿਖ ਅਤਿਅੰਤ ਖ਼ਤਰੇ ਵਿੱਚ ਹੈ। ਇਹ ਵੀ ਸ਼ਪਸ਼ਟ ਹੋ ਗਿਆ ਹੈ ਕਿ ਸੁਖਬੀਰ ਸਿੰਘ ਬਾਦਲ ਸਿਆਸੀ ਤਾਕਤ ਤੋਂ ਬਿਨਾ ਰਹਿਣ ਲਈ ਅਜਿਹੇ ਬਜ਼ਰ ਗੁਨਾਹ ਦੁਬਾਰਾ ਕਰਨ ਲਈ ਮਜ਼ਬੂਰ ਹੋ ਰਿਹਾ ਹੈ। ਹੁਣ ਤਾਂ ਅਕਾਲੀ ਦਲ ਅਤੇ ਪੰਥ ਦਾ ਵਾਹਿਗੁਰੂ ਹੀ ਰਾਖਾ ਹੈ ਪ੍ਰੰਤੂ ਸਿੱਖਾਂ ਨੇ ਉਸਨੂੰ ਖ਼ਤਮ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ।



ਸੁਖਬੀਰ ਸਿੰਘ ਬਾਦਲ ਸ੍ਰ.ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਵਿੱਚ ਡਿਪਟੀ ਮੁੱਖ ਮੰਤਰੀ ਤੇ ਗ੍ਰਹਿ ਵਿਭਾਗ ਦੇ ਮੰਤਰੀ ਵੀ ਰਹੇ। ਉਨ੍ਹਾਂ ਦੇ ਗ੍ਰਹਿ ਮੰਤਰੀ ਹੁੰਦਿਆਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਹੋਈਆਂ, ਸਿਰਸਾ ਡੇਰਾ ਦੇ ਮੁੱਖੀ ਰਾਮ ਰਹੀਮ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਰਗੇ ਬਸਤਰ ਪਹਿਨਕੇ ਅੰਮ੍ਰਿਤ ਛਕਾਉਣ ਦੇ ਇਲਜ਼ਾਮ ਦੀ ਮੁਆਫੀ ਦੇ ਕੇ ਮੁੜ ਪੰਥ ਵਿੱਚ ਸ਼ਾਮਲ ਕਰ ਲਿਆ ਸੀ। ਰਾਮ ਰਹੀਮ ਵਿਰੁੱਧ ਕੇਸ ਬਾਦਲ ਸਰਕਾਰ ਨੇ ਬਠਿੰਡਾ ਦੀ ਕਚਹਿਰੀ ਵਿੱਚੋਂ ਵਾਪਸ ਲੈ ਲਿਆ। ਜਿਸਦਾ ਸਮੁੱਚੇ ਪੰਜਾਬ ਨੇ ਵਿਰੋਧ ਕੀਤਾ, ਜਿਸ ਕਰਕੇ ਅਕਾਲੀ ਦਲ ਦੇ ਵਜ਼ੀਰਾਂ ਅਤੇ ਹੋਰ ਅਹੁਦੇਦਾਰਾਂ ਨੂੰ ਪਿੰਡਾਂ ਵਿੱਚ ਵੜਨਾ ਅਸੰਭਵ ਹੋ ਗਿਆ।

# ਅੰਧ ਵਿਸ਼ਵਾਸ਼ਾਂ ਕਾਰਨ ਹਿੰਦੂ ਸਮਾਜ ਬਹੁਤ ਡੂੰਘੇ ਸੰਕਟ ਵੱਲ

**ਡਾਕਟਰ ਅਰੁਣ ਮਿੱਤਰਾ**




ਭਾਰਤ ਦੇ ਸੰਵਿਧਾਨ ਵਿਚ 1976 ਨੂੰ ਹੋਈ 42ਵੀਂ ਸੋਧ ਦੌਰਾਨ ਮੌਲਿਕ ਕਰਤੱਵਾਂ ਦੇ ਤਹਿਤ ਵਿਗਿਆਨਕ ਦ੍ਰਿਸ਼ਟੀਕੋਣ ਨੂੰ ਜੋੜਿਆ ਗਿਆ ਸੀ, ਜਿਸ ਵਿਚ ਕਿਹਾ ਗਿਆ ਹੈ ਕਿ ਭਾਰਤ ਦੇ ਹਰੇਕ ਨਾਗਰਿਕ ਦਾ ਕਰਤੱਵ ਹੈ ਕਿ ਉਹ ਆਪਣੇ ਅੰਦਰ ਵਿਗਿਆਨਕ ਦ੍ਰਿਸ਼ਟੀਕੋਣ, ਮਾਨਵਤਾਵਾਦ ਅਤੇ ਜਾਂਚ-ਪੜਤਾਲ ਤੇ ਸੁਧਾਰ ਦੀ ਭਾਵਨਾ ਨੂੰ ਵਿਕਸਤ ਕਰੇਗਾ। ਪਿਛਲੇ ਕੁਝ ਸਾਲਾਂ ਦੌਰਾਨ ਰਾਜ (ਸੱਤਾ ਧਿਰ) ਦੁਆਰਾ ਇਕ ਅਜਿਹਾ ਬਿਰਤਾਂਤ ਸਿਰਜਿਆ ਜਾ ਰਿਹਾ ਹੈ, ਜਿਸ ਵਿਚ ਸਵਾਲ ਕਰਨ ਜਾਂ ਵਿਸ਼ਲੇਸ਼ਣ ਕਰਨ ਦੀ ਪ੍ਰਵਿਰਤੀ ਦੀ ਬਜਾਏ ਅੰਧਵਿਸ਼ਵਾਸ ਵਿਚ ਰਹਿਣ ਦੀ ਪ੍ਰਵਿਰਤੀ ਵਿਕਸਤ ਕੀਤੀ ਜਾ ਰਹੀ ਹੈ। ਜੇਕਰ ਅਧਿਕਾਰਤ ਅੰਕੜਿਆਂ 'ਤੇ ਵਿਸ਼ਵਾਸ ਕੀਤਾ ਜਾਵੇ ਤਾਂ ਪ੍ਰਯਾਗਰਾਜ ਵਿਚ ਕੁੰਭ ਮੇਲੇ ਦੌਰਾਨ 65 ਕਰੋੜ ਤੋਂ ਵੱਧ ਲੋਕਾਂ ਨੇ ਨਾ ਸਿਰਫ਼ ਬਹੁਤ ਜ਼ਿਆਦਾ ਪ੍ਰਦੂਸ਼ਿਤ ਪਾਣੀ ਵਿਚ ਇਸ਼ਨਾਨ ਕੀਤਾ ਸਗੋਂ ਇਹ ਪਾਣੀ ਪੀਤਾ ਵੀ ਅਤੇ ਬੋਤਲਾਂ ਵਿਚ ਭਰ ਕੇ ਦੂਜਿਆਂ ਲਈ 'ਚਰਨਾਮਿਤ' ਦੇ ਰੂਪ ਵਿਚ ਆਪਣੇ ਨਾਲ ਵੀ ਲੈ ਕੇ ਗਏ, ਜਿਸ ਨੂੰ ਆਪਣੇ ਪਰਿਵਾਰਕ ਜੀਆਂ ਤੇ ਗੁਆਂਢੀਆਂ ਨੂੰ ਵੀ ਪਿਲਾਇਆ। ਇਹ ਸਭ ਕੁਝ ਸਰਕਾਰੀ ਸੰਸਥਾਵਾਂ, ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐਨ. ਜੀ. ਟੀ.) ਅਤੇ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ (ਸੀ. ਪੀ. ਸੀ. ਬੀ.) ਵਲੋਂ ਇਹ ਚਿਤਾਵਨੀ ਦਿੱਤੇ ਜਾਣ ਦੇ ਬਾਵਜੂਦ ਹੋਇਆ ਕਿ ਪਾਣੀ ਬਹੁਤ ਜ਼ਿਆਦਾ ਪ੍ਰਦੂਸ਼ਿਤ ਹੋਣ ਕਰਕੇ ਪੀਣਾ ਤਾਂ ਛੱਡੋ, ਨਹਾਉਣ ਦੇ ਵੀ ਯੋਗ ਨਹੀਂ ਹੈ।

ਬਿਹਾਰ ਪ੍ਰਦੂਸ਼ਣ ਬੋਰਡ ਵਲੋਂ ਵੀ ਪੇਸ਼ ਕੀਤੀ ਗਈ ਇਸੇ ਤਰ੍ਹਾਂ ਦੀ ਰਿਪੋਰਟ ਵਿਚ ਕਿਹਾ ਗਿਆ ਸੀ ਕਿ ਬਿਹਾਰ 'ਚ ਗੰਗਾ ਨਦੀ ਦਾ ਪਾਣੀ ਜ਼ਿਆਦਾਤਰ ਥਾਵਾਂ 'ਤੇ ਨਹਾਉਣ ਯੋਗ ਨਹੀਂ ਸੀ। ਪਰ ਇਨ੍ਹਾਂ ਚਿਤਾਵਨੀਆਂ ਦੇ ਬਾਵਜੂਦ ਲੋਕ ਆਸਥਾ ਤੇ ਈਸ਼ਵਰੀ ਲਾਭਾਂ ਦੇ ਨਾਂ 'ਤੇ ਮਲ-ਮੂਤਰ ਨਾਲ ਪ੍ਰਦੂਸ਼ਿਤ ਪਾਣੀ ਪੀਂਦੇ ਰਹੇ। ਇਸ ਦੌਰਾਨ ਜਿਥੇ ਗੰਗਾ ਦੀ ਸਫਾਈ ਦੇ ਸਰਕਾਰੀ ਦਾਅਵਿਆਂ ਦਾ ਪਰਦਾਫਾਸ਼ ਹੋਇਆ, ਉਥੇ ਇਹ ਵੀ ਸਾਹਮਣੇ ਆਇਆ ਕਿ ਸਾਡਾ ਸਮਾਜ ਸੱਤਾ 'ਚ ਬੈਠੇ ਲੋਕਾਂ ਦੁਆਰਾ ਫੈਲਾਏ ਗਏ ਮਿਥਿਹਾਸਕ ਤੇ ਗੈਰ-ਵਿਗਿਆਨਕ ਵਿਚਾਰਾਂ ਤੋਂ ਕਿੰਨਾ ਜ਼ਿਆਦਾ ਪ੍ਰਭਾਵਿਤ ਹੈ। ਇਹ ਬਹੁਤ ਚਿੰਤਾ ਦਾ ਵਿਸ਼ਾ ਹੈ ਕਿ ਲੋਕ ਇੰਨੇ ਬੇਪ੍ਰਵਾਹ ਤੇ ਮੂਰਖ ਕਿਵੇਂ ਹੋ ਸਕਦੇ ਹਨ।

ਇਹ ਬਹੁਤ ਦਿਲਚਸਪ ਤੇ ਧਿਆਨਯੋਗ ਹੈ ਕਿ ਜਦੋਂ ਲੋਕ ਕੁੰਭ ਵਿਚ ਇਸ਼ਨਾਨ ਕਰ ਰਹੇ ਸਨ ਤਾਂ ਮਹਾਰਾਸ਼ਟਰ ਨਵਨਿਰਮਾਣ ਸੈਨਾ (ਐਮ.ਐਨ.ਐਸ.) ਦੇ ਮੁਖੀ ਰਾਜ ਠਾਕਰੇ (ਜਿਸ ਦੇ ਸਮਾਜਿਕ-ਰਾਜਨੀਤਕ ਵਿਸ਼ਵਾਸ ਤੋਂ ਸਭ ਜਾਣੂ ਹਨ) ਨੇ ਗੰਗਾ ਨਦੀ ਦੀ ਸਫਾਈ 'ਤੇ ਸਵਾਲ ਉਠਾਉਂਦਿਆਂ ਗੰਗਾ ਵਿਚ ਇਸ਼ਨਾਨ ਕਰਨ ਤੋਂ ਇਨਕਾਰ ਕਰ ਦਿੱਤਾ ਤੇ ਲੋਕਾਂ ਨੂੰ 'ਅੰਧਵਿਸ਼ਵਾਸ ਤੋਂ ਬਾਹਰ ਨਿਕਲ ਕੇ ਆਪਣੇ ਦਿਮਾਗ ਦੀ ਸਹੀ ਵਰਤੋਂ ਕਰਨ' ਦੀ ਅਪੀਲ ਕੀਤੀ। ਉਸ ਨੇ ਪ੍ਰਯਾਗਰਾਜ ਵਿਖੇ ਹੋਏ ਮਹਾਂਕੁੰਭ ਤੋਂ ਆਪਣੀ ਪਾਰਟੀ ਦੇ ਨੇਤਾ ਬਾਲਾ ਨੰਦਗਾਂਵਕਰ ਦੁਆਰਾ ਲਿਆਂਦੇ ਗਏ ਪਵਿੱਤਰ ਜਲ ਨੂੰ ਪੀਣ ਤੋਂ ਇਨਕਾਰ ਕਰ ਦਿੱਤਾ ਸੀ। ਮੈਨੂੰ ਕਦੇ ਇਹ ਮਹਿਸੂਸ ਨਹੀਂ ਹੋਇਆ ਕਿ ਹਿੰਦੂ ਧਰਮ ਖ਼ਤਰੇ ਵਿਚ ਹੈ, ਪਰ ਕੁੰਭ ਮੇਲੇ ਦੇ ਬਾਅਦ ਡਰ ਲੱਗਣ ਲੱਗਾ ਹੈ ਕਿ ਹਿੰਦੂ ਧਰਮ ਬਹੁਤ ਡੂੰਘੇ ਸੰਕਟ ਵੱਲ ਜਾ ਰਿਹਾ ਹੈ।





ਜ਼ਿਕਰਯੋਗ ਹੈ ਕਿ ਮਾਨਵ ਸੱਭਿਅਤਾ ਜਲ ਸਰੋਤਾਂ ਦੇ ਆਲੇ-ਦੁਆਲੇ ਵਿਕਸਤ ਹੋਈ ਹੈ ਕਿਉਂਕਿ ਪਾਣੀ ਮੁਨੱਖ ਲਈ ਜੀਵਨ ਦਾ ਸਰੋਤ ਸੀ। ਇਸੇ ਲਈ ਲੋਕ ਸ਼ੁਕਰਗੁਜ਼ਾਰ ਹੋਣ ਲਈ ਵੱਖ-ਵੱਖ ਥਾਵਾਂ 'ਤੇ ਜਲ ਸਰੋਤਾਂ ਦੀ ਵੱਖ-ਵੱਖ ਤਰੀਕਿਆਂ ਨਾਲ ਪੂਜਾ ਕਰਦੇ ਹਨ। ਕੁੰਭ ਮੂਲ ਰੂਪ ਵਿਚ ਵੱਖ-ਵੱਖ ਧਰਮਾਂ ਦੇ ਲੋਕਾਂ ਲਈ ਦਇਆ ਤੇ ਤਿਆਗ ਦਾ ਕੇਂਦਰ ਸੀ। ਭਾਵੇਂ ਸਮੁੰਦਰ ਮੰਥਨ ਨਾਲ ਸੰਬੰਧਿਤ ਕੁੰਭ ਬਾਰੇ ਪੌਰਾਣਿਕ ਵਰਨਣ ਵੀ ਹੈ। ਪਰ ਉਹ ਰਾਜਾ ਹਰਸ਼ਵਰਧਨ ਹੀ ਸਨ, ਜਿਨ੍ਹਾਂ ਨਿਯਮਿਤ ਤੌਰ 'ਤੇ ਤ੍ਰਿਵੈਣੀ 'ਚ ਇਸ਼ਨਾਨ ਕਰਨ ਦੀ ਪ੍ਰਥਾ ਸ਼ੁਰੂ ਕਰਵਾਈ ਸੀ। ਚੀਨੀ ਯਾਤਰੀ ਹਿਊਨਸਾਂਗ ਨੇ ਇਨ੍ਹਾਂ ਆਯੋਜਨਾਂ ਨੂੰ ਲਿਖਤੀ ਰੂਪ ਦਿੰਦਿਆਂ ਹਰਸ਼ਵਰਧਨ ਦੀ ਉਦਾਰਤਾ ਤੇ ਸ਼ਰਧਾ ਭਗਤੀ ਦਾ ਵਰਨਣ ਕੀਤਾ ਹੈ। ਉਸ ਨੇ ਲਿਖਿਆ ਹੈ ਕਿ 606 ਈਸਵੀ ਤੋਂ 647 ਈਸਵੀ ਦਰਮਿਆਨ ਹਰ 5 ਸਾਲਾਂ ਬਾਅਦ ਹੁੰਦੇ ਵੱਡੇ ਧਾਰਮਿਕ ਇੱਕਠ ਵਿਚ ਵੱਖ-ਵੱਖ ਵਿਚਾਰਾਂ ਤੇ ਧਰਮਾਂ ਦੇ ਲੋਕ ਹਿੱਸਾ ਲੈਂਦੇ ਸਨ। ਇਸ ਮੌਕੇ ਉਹ ਗਰੀਬਾਂ ਤੇ ਧਾਰਮਿਕ ਸੰਸਥਾਵਾਂ ਨੂੰ ਕੱਪੜੇ ਤੇ ਗਹਿਣੇ ਦਾਨ ਕਰਦੇ ਸਨ। ਇਹ ਸਮਾਗਮ ਤਿਆਗ ਤੇ ਦਇਆ ਦਾ ਪ੍ਰਤੀਬਿੰਬ ਸੀ। ਪਰ ਇਸ ਵਾਰ ਸੱਤਾ ਧਿਰ ਨੇ ਮਹਾਂਕੁੰਭ ਦੀ ਵਰਤੋਂ ਮੁਸਲਮਾਨਾਂ ਦੇ ਖ਼ਿਲਾਫ਼ ਨਫ਼ਰਤ ਫੈਲਾਉਣ ਲਈ ਕੀਤੀ। ਮੁਸਲਮਾਨਾਂ ਨੂੰ ਕੁੰਭ ਦੌਰਾਨ ਆਪਣੀਆਂ ਦੁਕਾਨਾਂ ਬੰਦ ਰੱਖਣ ਲਈ ਕਿਹਾ ਗਿਆ (ਜਦਕਿ ਅਜਿਹੀਆਂ ਰਿਪੋਰਟਾਂ ਹਨ ਕਿ ਉਨ੍ਹਾਂ ਵਿਚੋਂ ਬਹੁਤਿਆਂ ਨੇ ਹਿੰਦੂ ਸ਼ਰਧਾਲੂਆਂ ਦੇ ਰਹਿਣ ਲਈ ਮਸਜਿਦਾਂ ਵੀ ਖੋਲ੍ਹੀਆਂ ਸਨ)। ਇਸ ਵਾਰ ਹਿੰਦੂ ਦਰਸ਼ਨ ਦਾ ਸਾਰ 'ਵੈਸੁਧੈਵ ਕੁਟੁੰਬਕਮ' ਜੋ ਵਿਸ਼ਵ ਸ਼ਾਂਤੀ ਤੇ ਭਾਈਚਾਰੇ ਦੀ ਗੱਲ ਕਰਦਾ ਹੈ, ਉਹ ਝੂਠਾ ਸਾਬਤ ਹੋਇਆ ਹੈ।

ਅਸਲ ਵਿਚ ਹਿੰਦੂ ਸ਼ਬਦ ਦੀ ਵਰਤੋਂ ਪ੍ਰਾਚੀਨ ਸਮੇਂ ਦੌਰਾਨ ਯੂਨਾਨੀਆਂ ਤੇ ਫਾਰਸੀਆਂ (ਪਰਸ਼ੀਅਨ) ਦੁਆਰਾ ਸਿੰਧੂ ਨਦੀ ਦੇ ਪਾਰ ਦੀ ਧਰਤੀ 'ਤੇ ਰਹਿੰਦੇ ਲੋਕਾਂ ਲਈ ਕੀਤੀ ਜਾਂਦੀ ਸੀ। ਕਿਹਾ ਜਾਂਦਾ ਹੈ ਕਿ ਫਾਰਸੀ ਲੋਕ 'ਸ' ਧੁਨੀ ਦਾ ਉਚਾਰਨ ਨਹੀਂ ਕਰ ਸਕਦੇ ਸਨ, ਇਸ ਲਈ ਉਨ੍ਹਾਂ ਨੇ ਇਸ ਨੂੰ 'ਹ' ਵਜੋਂ ਉਚਾਰਿਆ। ਇਸ ਤਰ੍ਹਾਂ 'ਹਿੰਦੂ' ਸ਼ਬਦ 'ਸਿੰਧੂ' ਦਾ ਫਾਰਸੀ ਰੂਪ ਹੈ, ਜੋ ਦਰਅਸਲ ਸਿੰਧੂ ਨਦੀ ਦਾ ਨਾਂ ਹੈ। 'ਹਿੰਦੂ ਧਰਮ' ਦਾ ਸ਼ਬਦ 19ਵੀਂ ਸਦੀ ਦੌਰਾਨ ਵਰਤੋਂ ਵਿਚ ਆਇਆ, ਜਿਸ ਨੂੰ ਸ਼ੁਰੂ ਵਿਚ ਬਾਹਰੀ ਲੋਕਾਂ ਦੁਆਰਾ ਹਿੰਦੂਆਂ ਦੇ ਵਾਦ (ਇਜ਼ਮ) ਦਾ ਵਰਨਨ ਕਰਨ ਲਈ ਵਰਤਿਆ ਜਾਂਦਾ ਸੀ। ਜੋ ਅੰਤ ਵਿਚ ਹਿੰਦੂਆਂ ਦੁਆਰਾ ਆਪਣੇ ਆਪ ਨੂੰ ਮੁਸਲਮਾਨਾਂ ਤੇ ਦੂਜਿਆਂ ਤੋਂ ਵੱਖਰਾ ਕਰਨ ਲਈ ਵਰਤਿਆ ਜਾਂਦਾ ਸੀ। 'ਹਿੰਦੂ ਧਰਮ' ਸ਼ਬਦ ਦੀ ਵਰਤੋਂ ਕਰਨ ਵਾਲਾ ਪਹਿਲਾ ਭਾਰਤੀ ਰਾਜਾ ਰਾਮ ਮੋਹਨ ਰਾਏ ਹੋ ਸਕਦਾ ਹੈ, ਜਿਸ ਨੇ 1816-17 ਵਿਚ ਇਸ ਨੂੰ ਗ੍ਰਹਿਣ ਕੀਤਾ ਸੀ। 1830 ਦੇ ਆਸ-ਪਾਸ ਕੁਝ ਭਾਰਤੀਆਂ ਨੇ ਆਪਣੇ ਆਪ ਨੂੰ 'ਹਿੰਦੂ' ਤੇ ਆਪਣਾ ਧਰਮ 'ਹਿੰਦੂ ਧਰਮ' ਕਹਿਣਾ ਸ਼ੁਰੂ ਕਰ ਦਿੱਤਾ ਸੀ। ਡਾ. ਰਿਤੂ ਖੋਸਲਾ ਨੇ ਰਾਜਾ ਰਾਮ ਮੋਹਨ ਰਾਏ ਬਾਰੇ ਆਪਣੇ ਲੇਖ ਵਿਚ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਉਹ ਇਹ ਸਾਬਤ ਕਰਨਾ ਚਾਹੁੰਦੇ ਸਨ ਕਿ ਅੰਧਵਿਸ਼ਵਾਸ ਤੇ ਝੂਠੇ ਵਿਸ਼ਵਾਸਾਂ ਦਾ ਹਿੰਦੂ ਧਰਮ ਵਿਚ ਕੋਈ ਆਧਾਰ ਨਹੀਂ ਹੈ। ਉਹ ਇਕ ਨਵੇਂ ਭਾਰਤੀ ਸਮਾਜ ਦਾ ਨਿਰਮਾਣ ਕਰਨਾ ਚਾਹੁੰਦੇ ਸਨ, ਜਿਥੇ ਤਰਕ, ਸਹਿਣਸ਼ੀਲਤਾ, ਹਮਦਰਦੀ, ਸੁਤੰਤਰਤਾ, ਸਮਾਨਤਾ ਤੇ ਭਾਈਚਾਰਕ ਸਾਂਝ ਦੇ ਸਿਧਾਂਤਾਂ ਦਾ ਸਤਿਕਾਰ ਹੋਵੇਗਾ।

ਹਿੰਦੂਆਂ ਦੀ ਵਿਚਾਰਧਾਰਾ ਤੇ ਪ੍ਰਥਾਵਾਂ 'ਚ ਬਹੁਤ ਵੰਨ-ਸੁਵੰਨਤਾ ਹੈ। ਉਨ੍ਹਾਂ ਵਿਚ ਕਈ ਕੁਦਰਤ ਦੇ ਪੁਜਾਰੀ ਤੇ ਮੂਰਤੀ ਪੂਜਕ ਸਨ, ਜਦਕਿ ਵੱਡੀ ਗਿਣਤੀ ਅਜਿਹੇ ਲੋਕ ਵੀ ਹਨ ਜੋ ਕਿਸੇ ਵੀ ਦੈਵੀ (ਬ੍ਰਹਮ) ਸ਼ਕਤੀ 'ਤੇ ਵਿਸ਼ਵਾਸ ਨਹੀਂ ਕਰਦੇ ਸਨ। ਉਨ੍ਹਾਂ ਕਦੇ ਵੀ ਇਕ-ਦੂਸਰੇ ਦਾ ਵਿਰੋਧ ਨਹੀਂ ਸੀ ਕੀਤਾ, ਸਗੋਂ ਸਦਭਾਵਨਾ ਨਾਲ ਰਹਿੰਦੇ ਸਨ। ਉਨ੍ਹਾਂ ਨੇ ਦੂਰ-ਦੁਰਾਡੇ ਤੋਂ ਆਉਣ ਵਾਲੇ ਲੋਕਾਂ ਦੇ ਵਿਚਾਰਾਂ ਨੂੰ ਵੀ ਗ੍ਰਹਿਣ ਕੀਤਾ। ਇਸ ਤਰ੍ਹਾਂ ਹਿੰਦੂ ਧਰਮ ਇਕ ਮਜ਼ਬੂਤ ਧਰਮ ਦੇ ਰੂਪ ਵਿਚ ਵਿਕਸਤ ਹੋਇਆ, ਜੋ ਪ੍ਰੇਮ ਤੇ ਦਇਆ ਦਾ ਪ੍ਰਚਾਰ ਕਰਦਾ ਸੀ। ਪਰ ਇਸ ਧਰਮ ਦੀ ਇਕ ਕਮਜ਼ੋਰੀ ਇਹ ਰਹੀ ਹੈ ਕਿ ਸਮਾਜ ਨੂੰ ਨੀਵੀਂਆਂ ਤੇ ਉੱਚੀਆਂ ਜਾਤੀਆਂ ਵਿਚ ਵੰਡ ਦਿੱਤਾ ਗਿਆ। ਇਸ ਆਧਾਰ 'ਤੇ ਲਗਭਗ ਇਕ ਚੌਥਾਈ ਆਬਾਦੀ ਨੂੰ ਦਬਾਇਆ ਗਿਆ ਤੇ ਮਨੁੱਖੀ ਅਧਿਕਾਰਾਂ ਤੋਂ ਵੀ ਵਾਂਝੇ ਕਰ ਦਿੱਤਾ ਗਿਆ। ਪਰ ਇਨ੍ਹਾਂ ਅੱਤਿਆਚਾਰਾਂ ਦੇ ਬਾਵਜੂਦ ਕਰੀਬ 25 ਫ਼ੀਸਦੀ ਆਬਾਦੀ ਅਜੇ ਵੀ ਹਿੰਦੂ ਧਰਮ ਨੂੰ ਹੀ ਮੰਨਦੀ ਹੈ, ਹਾਲਾਂਕਿ ਉਨ੍ਹਾਂ ਵਿਚੋਂ ਕੁਝ ਨੇ ਬੁੱਧ, ਇਸਲਾਮ ਤੇ ਈਸਾਈਅਤ ਵਰਗੇ ਹੋਰ ਧਰਮਾਂ ਨੂੰ ਵੀ ਅਪਣਾ ਲਿਆ ਹੈ। ਭਾਵੇਂ ਡਾ. ਅੰਬੇਡਕਰ ਨੇ ਵੀ ਆਪਣੇ ਅੰਤਿਮ ਦਿਨਾਂ ਵਿਚ ਬੁੱਧ ਧਰਮ ਨੂੰ ਅਪਣਾ ਲਿਆ ਸੀ, ਪਰ ਉਨ੍ਹਾਂ ਦੇ ਸਾਰੇ ਅਨੁਯਾਈ ਬੋਧੀ ਨਹੀਂ ਸਨ ਬਣੇ।

ਸੱਤਾਧਾਰੀ ਪਾਰਟੀ ਦੀ ਸਰਕਾਰ ਵਾਰ-ਵਾਰ ਗੈਰ-ਵਿਗਿਆਨਕ ਕਥਾਵਾਂ ਘੜ ਕੇ ਅਤੇ ਫੈਲਾ ਕੇ ਲੋਕਾਂ ਨੂੰ ਮਿੱਥਾਂ ਵਿਚ ਉਲਝਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਜੋ ਹਿੰਦੂਆਂ ਦੀ ਮਾਨਸਿਕਤਾ ਨੂੰ ਮੁੜ ਮਧਯੁੱਗੀ ਸਮੇਂ ਵੱਲ ਵਾਪਸ ਧੱਕ ਦੇਵੇਗੀ। ਹਿੰਦੂ ਧਰਮ ਨੂੰ ਕਿਸੇ ਬਾਹਰੀ ਤਾਕਤ ਤੋਂ ਨਹੀਂ, ਸਗੋਂ ਉਸ ਦੀਆਂ ਅੰਦਰਲੀਆਂ ਤਾਕਤਾਂ ਤੋਂ ਖ਼ਤਰਾ ਹੈ, ਜੋ ਰੂੜੀਵਾਦੀ ਵਿਚਾਰਾਂ ਨੂੰ ਫੈਲਾਉਂਦੀਆਂ ਰਹਿੰਦੀਆਂ ਹਨ। ਆਰ.ਐਸ.ਐਸ., ਭਾਜਪਾ ਸਰਕਾਰ ਤੇ ਉਨ੍ਹਾਂ ਦੀਆਂ ਹੋਰ ਸੰਸਥਾਵਾਂ ਲੋਕਾਂ ਦੇ ਮਨਾਂ ਵਿਚ ਰੂੜੀਵਾਦੀ ਵਿਚਾਰਾਂ ਨੂੰ ਬਿਠਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ ਤਾਂ ਜੋ ਲੋਕਾਂ ਨੂੰ ਤਰਕਪੂਰਨ ਢੰਗ ਨਾਲ ਸੋਚਣ ਤੋਂ ਰੋਕਿਆ ਜਾ ਸਕੇ। ਆਰ.ਐਸ.ਐਸ. ਹਿੰਦੂਆਂ ਵਿਚ ਕੱਟੜਵਾਦ, ਫਿਰਕਾਪ੍ਰਸਤੀ, ਰੂੜੀਵਾਦ, ਅੰਧਵਿਸ਼ਵਾਸ, ਹਿੰਸਾ ਤੇ ਨਫ਼ਰਤ ਭਰ ਰਿਹਾ ਹੈ।

ਇਹ ਹਿੰਦੂ ਧਰਮ ਨਹੀਂ ਹੈ, ਸਗੋਂ ਉਸ ਦੀਆਂ ਕਦਰਾਂ-ਕੀਮਤਾਂ ਤੇ ਆਤਮਾ ਤੋਂ ਇਨਕਾਰੀ ਹੋਣਾ ਹੈ। ਹੁਣ ਸਮਾਂ ਆ ਗਿਆ ਹੈ ਕਿ ਉਨ੍ਹਾਂ ਦੇ ਅਜਿਹੇ ਪ੍ਰਚਾਰ ਨੂੰ ਰੋਕਣਾ ਹੋਵੇਗਾ, ਨਹੀਂ ਤਾਂ ਇਸ ਦਾ ਸਭ ਤੋਂ ਵੱਧ ਨੁਕਸਾਨ ਹਿੰਦੂਆਂ ਨੂੰ ਹੀ ਹੋਵੇਗਾ।

# ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਕਿਸ ਤਰ੍ਹਾਂ ਦਾ ਬਣੇ ਅਕਾਲੀ ਦਲ ?

ਗਿਆਨੀ ਕੇਵਲ ਸਿੰਘ



ਸਾਹਿਬ ਗੁਰੂ ਨਾਨਕ ਸਾਹਿਬ ਜੀ ਨੇ ਵਕਤ ਦੀ ਜੁਗ ਗਰਦੀ ਵਿਚੋਂ ਸੰਸਾਰ ਨੂੰ ਕੱਢਣ ਲਈ ਜੋ ਘਾਲਣਾ ਘਾਲੀ ਉਸ ਨੂੰ ਸਮਝਣ ਤੇ ਸੇਧ ਲੈਣ ਦੀ ਜ਼ਰੂਰਤ ਸਾਰੇ ਸੰਸਾਰ ਨੂੰ ਸਦ ਸਦਾ ਹੈ ਤੇ ਰਹੇਗੀ। ਗੁਰੂ ਸਾਹਿਬ ਜੀ ਦੇ ਪਾਸ ਰੱਬੀ ਜੀ ਦੀ ਬਖ਼ਸ਼ੀ ਗਿਆਨ ਵਾਲੀ ਖੜਗ ਹੋਣ ਕਰਕੇ ਉਹਨਾਂ ਵਕਤ ਦੀਆਂ ਮਨੁੱਖੀ ਸਮਾਜ ਨੂੰ ਭਟਕਾਉਣ ਵਾਲੀਆਂ ਤਾਕਤਾਂ ਨੂੰ ਜਾਣਿਆ ਤੇ ਸੰਸਾਰ ਨੂੰ ਜਾਣੂ ਕਰਵਾਇਆ। ਉਹਨਾਂ ਜੋ ਰਸਤਾ ਮਨੁੱਖ ਦੇ ਸਾਹਮਣੇ ਰੱਖਿਆ ਤਥਾ ਖੁਦ ਅਪਣਾਇਆ ਉਹ ਨਿਰਮਲ ਤੇ ਨਿਆਰਾ ਹੈ।

ਭਾਈ ਸਾਹਿਬ ਭਾਈ ਗੁਰਦਾਸ ਜੀ ਦੇ ਪਾਵਨ ਸ਼ਬਦ ਤਾਂ ਗੁਰੂ ਨਾਨਕ ਸਾਹਿਬ ਜੀ ਨੂੰ ਇਕ ਸੂਰਬੀਰ ਦੇ ਤੌਰ ਤੇ ਜਗਤ ਰੂ-ਬ-ਰੂ ਪੇਸ਼ ਕਰਦੇ ਹਨ। "ਚੜ੍ਹਿਆ ਸੋਧਣਿ ਧਰਤਿ ਲੁਕਾਈ।" ਅਤੇ "ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ।" ਇਸ ਘਾਲ ਨੂੰ ਮਰਦੀਂ ਘਾਲ ਰੂਪ ਅੰਦਰ ਉਹਨਾਂ ਆਪਣੇ ਦਸਾਂ ਜਾਮਿਆਂ ਵਿਚ ਘਾਲਿਆ। ਰੱਬੀ ਮੌਜ ਅੰਦਰ ਗੁਰੂ ਜੀ ਨੇ ਨਿਆਰਾ ਖ਼ਾਲਸਾ ਪ੍ਰਗਟ ਕੀਤਾ।

ਇਹੀ ਖ਼ਾਲਸਾ, ਖ਼ਾਲਸਾ ਪੰਥ ਹੈ। ਸੰਨ ੧੭੦੮ ਵਿਚ ਸਤਿਗੁਰੂ ਜੀ ਨੇ ਖ਼ਾਲਸੇ ਨੂੰ ਅਕਾਲ ਪੁਰਖ ਵੱਲੋਂ ਬਖਸ਼ੀ ਅਕਾਲੀ ਜੋਤਿ ਜੁੱਗੋ ਜੁੱਗ ਅਟੱਲ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਪ੍ਰਵੇਸ਼ ਕਰਕੇ ਗੁਰੂ ਮੰਨਣ ਦਾ ਆਦੇਸ਼ ਦਿੱਤਾ। ਖ਼ਾਲਸਾ ਪੰਥ ਨੂੰ "ਅਕਾਲ ਪੁਰਖੀ ਜੁਗਤਿ" ਧੰਨ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਅੰਦਰ ਵਰਤਣ ਦਾ ਅਧਿਕਾਰ ਬਖਸ਼ਿਆ। ਇਸੇ ਲਈ "ਖਾਲਸਾ ਪੰਥ" "ਗੁਰੂ ਖਾਲਸਾ ਪੰਥ" ਵਜੋਂ ਵੀ ਪੁਕਾਰਿਆ ਜਾਂਦਾ ਹੈ।

ਹਰ ਮਨੁੱਖ ਨੂੰ ਸਿੱਖ ਹੋ ਕੇ "ਸਿੱਖੀ' ਕਮਾਉਣ ਦਾ ਅਧਿਕਾਰ ਪ੍ਰਦਾਨ ਕੀਤਾ। ਅਕਾਲ ਪੁਰਖ ਵਾਹਿਗੁਰੂ ਜੀ ਦੀ ਮੌਜ ਵਿੱਚੋਂ ਖਾਲਸਾ ਪੰਥ ਨੂੰ ਪ੍ਰਗਟਾਉਣ ਸਦਕਾ "ਅਕਾਲੀ ਫ਼ੌਜ" ਵੀ ਆਖਿਆ ਜਾਂਦਾ ਹੈ। ਬਹੁਤ ਦੁਰਲੱਭ ਹੈ "ਸਿੱਖੀ" ਤਥਾ ਸਿੱਖ ਹੋ ਕੇ ਜੀਉਣਾ।

ਅੱਜ ਅਸੀਂ ਸਿੱਖ ਕਹਾਉਣ ਵਾਲੇ ਬਹੁਤੇ ਸਤਿਗੁਰੂ ਜੀ ਦੀ ਸਿੱਖੀ ਤੋਂ ਸਹੀ ਰੂਪ ਵਿਚ ਵਾਕਫ਼ ਹੀ ਨਹੀਂ ਹਾਂ। ਨ ਬਹੁਤਿਆਂ ਵਿਚ ਸਿੱਖੀ ਨੂੰ ਬਤੌਰੇ ਸਿੱਖ ਹੋਣ ਲਈ "ਸਿੱਖੀ" ਦੀ ਕਮਾਈ ਦਾ ਸ਼ੌਕ ਹੈ। ਅਸੀਂ ਨਾਮ ਦੇ ਸਿੱਖ ਹੋਣ ਤੱਕ ਹੀ ਸੁੰਗੜੀ ਜਾ ਰਹੇ ਹਾਂ। ਜਾਂ ਸਿੱਖ ਕਹਾਉਣ ਵਾਲਿਆਂ ਦੇ ਘਰ ਪੈਦਾ ਹੋਣ ਕਰਕੇ ਸਿੱਖ ਹੋਣ ਦਾ ਜਮਾਂਦਰੂ ਅਧਿਕਾਰ ਮੰਨਣ ਦੇ ਵੱਡੇ ਭੁਲੇਖੇ ਦਾ ਸ਼ਿਕਾਰ ਹਾਂ। ਇਤਿਹਾਸ ਸਾਨੂੰ ਅਸਲੀ ਸਿੱਖੀ ਦੀ ਅਮੀਰੀ ਬਾਰੇ ਬਹੁਤ ਕੁਝ ਦੱਸਦਾ ਹੈ ਸਮਝਾਉਂਦਾ ਹੈ। ਜਾਨਣ ਲਈ ਓਥੋਂ ਤੱਕ ਪਹੁੰਚ ਕਰਨ ਦੀ ਹਿੰਮਤ ਵੀ ਅੱਜ ਟਾਵਿਆਂ ਕੋਲ ਹੈ।

ਖ਼ਾਲਸਾ ਪੰਥ ਦੀ ਨਿਰਮਲ ਨਿਆਰੀ ਹਸਤੀ ਨੂੰ ਸਦ ਸਦਾ ਕਾਇਮ ਰੱਖਣ ਲਈ ਅਮਲੀ ਜੀਵਨ ਜੀਊਣਾ ਹੀ ਇਕੋ ਇਕ ਗੁਰੂ ਬਖ਼ਸ਼ੀ ਬਿਧ ਹੈ। ਸੰਨ ੧੭੦੮ ਤੋਂ ਲੈਕੇ ੧੭੬੮ ਤੱਕ ਦਾ ਇਤਿਹਾਸ ਸਾਹਮਣੇ ਰੱਖ "ਸਿੱਖੀ ਅਤੇ ਸਿੱਖੀ ਦੇ ਫਰਜ਼" ਸਮਝਣੇ ਸਾਡੇ ਸਿੱਖੀ ਕਮਾਉਣ ਲਈ ਸੰਥਿਆ ਹੈ। ਅਸੀਂ ਵਕਤੀ ਸੁਪਨਿਆਂ ਵਿਚ ਜੀਊਣ ਦੇ ਆਦੀ ਹੋ ਗਏ ਕੇ ਰਹਿ ਗਏ ਹਾਂ। ਜਿਹੜੀਆਂ ਸੰਸਥਾਵਾਂ ਸਾਡੇ ਪੁਰਖਿਆਂ ਨੇ ਵੀਹਵੀਂ ਸਦੀ ਦੇ ਆਰੰਭ ਵਿਚ ਪੰਥਕ ਜਾਹੋਜਲਾਲ ਨੂੰ ਉਜਾਗਰ ਕਰਨ ਤਥਾ ਸੰਭਾਲਣ ਲਈ ਸਿਰਜੀਆਂ ਅਸੀਂ ਉਨ੍ਹਾਂ ਦੇ ਪਿਛੋਕੜ ਬਾਰੇ ਨ ਤਾਂ ਬਹੁਤਾ ਜਾਣਦੇ ਨ ਹੀ ਜਾਨਣ ਦੀ ਜਗਿਆਸਾ ਰੱਖਦੇ ਹਾਂ।

ਖ਼ਾਸ ਕਰਕੇ ਮਹਿਸੂਸ ਹੁੰਦਾ ਹੈ ਜੇਕਰ ਅਸੀਂ ਅੱਜ ਵਰਤਮਾਨ ਸਮੇਂ ਬਤੌਰ ਸਿੱਖ ਆਪਣੀ ਪੰਥਕ ਜ਼ਿੰਮੇਵਾਰੀਆਂ ਦਾ ਅਹਿਸਾਸ ਕਰਨਾ ਹੈ ਤਾਂ ਸਾਨੂੰ ੧੭੬੮ ਤੋਂ ੧੮੪੯ ਤੱਕ ਸਿੱਖ ਰਾਜ ਬਣਨ ਤੇ ਖਤਮ ਹੋਣ ਦੇ ਉਤਰਾਵਾਂ ਚੜ੍ਹਾਵਾਂ ਵਾਲਾ ਬਹੁਤ ਸਹਜ ਸੰਜਮ ਤੇ ਸਮਝ ਦੀ ਦ੍ਰਿਸ਼ਟੀ ਤੋਂ ਲਗਾਤਾਰ ਪੜ੍ਹਨ ਦੇ ਅਭਿਆਸੀ ਬਣਨਾ ਜ਼ਰੂਰੀ ਹੈ। ੧੮੪੯ ਤੋਂ ਲੈ ਕੇ ੧੮੭੩ ਤੱਕ ਦੀ ਆਪਣੀ ਦਿਸ਼ਾ ਤੇ ਦਸ਼ਾ ਨੂੰ ਰੂਹ ਵਿਚ ਵਸਾਉਣ ਦੀ ਜ਼ਰੂਰਤ ਹੈ। ਜੋ ਮੋੜ ਪੰਥਕ ਜ਼ਿੰਮੇਵਾਰੀਆਂ ਵਾਲਾ ਸਾਡੇ ਪੁਰਖਿਆਂ ਨੇ ਵਕਤ ਦੀ ਪੀੜਾ ਨੂੰ ਹੰਢਾਉਂਦਿਆਂ ੧੮੭੩ ਵਿਚ ਕੱਟਿਆ ਉਸ ਦਾ ਇਤਿਹਾਸ ਗੁਰੂ ਨਦਰਿ ਦੇ ਪਾਤਰ ਬਣਦਿਆਂ ਅੱਖਰ ਅੱਖਰ ਪੜ੍ਹਨ ਵਿਚਾਰਨ ਤੇ ਅਪਨਾਉਣ ਲਈ ਖ਼ੁਦ ਨੂੰ ਹਰ ਵਕਤ ਤਿਆਰ ਰੱਖਣਾ ਚਾਹੀਦਾ ਹੈ।

ਇਹ ਹੈ "ਸਿੰਘ ਸਭਾ ਲਹਿਰ" ਦਾ ਆਰੰਭ। ਪੂਰੇ ਵੇਰਵੇ ਤਾਂ "ਸਿੰਘ ਸਭਾ ਲਹਿਰ" ਦੇ ਇਤਿਹਾਸ ਨੂੰ ਪੜ੍ਹ ਵਿਚਾਰ ਕੇ ਹੀ ਸਮਝ ਪੈਣਗੇ। ਸਾਡੇ ਵਾਸਤੇ ਸਮਝ ਲਈ ਇਸ ਇਤਿਹਾਸ ( ਸਿੰਘ ਸਭਾ ਲਹਿਰ) ਦੇ ਰੂ-ਬ-ਰੂ ਹੋਣਾ ਨਿਹਾਇਤ ਜ਼ਰੂਰੀ ਹੈ।

"ਸਿੰਘ ਸਭਾ ਲਹਿਰ" ਲਹਿਰ ਨੇ ਪੰਥਕ ਜ਼ਿੰਮੇਵਾਰੀ ਵਜੋਂ "ਸਿੱਖ ਵਿਦਿਅਕ ਲਹਿਰ" ਉਸਾਰ ਕੇ ਜੋ ਕੀਤਾ ਹੈ ਉਸ ਲਈ ਉਨ੍ਹਾਂ ਪੰਥਕ ਸੂਰਬੀਰਾਂ ਦੇ ਰੋਮ ਰੋਮ ਤੋਂ ਧੰਨਵਾਦੀ ਹੋਣ ਦੀ ਸਦ ਸਦਾ ਲੋੜ ਹੈ।" ਸਿੰਘ ਸਭਾਵਾਂ ਤੇ ਸਿੱਖ ਵਿਦਿਅਕ ਅਦਾਰਿਆਂ ਦਾ ਸੰਘਣਾ ਜਾਲ਼ ਸਾਧਨਾਂ ਤੇ ਸਮਰੱਥਾ ਦੀ ਘਾਟ ਦੇ ਬਾਵਜੂਦ ਉਸਾਰਨਾ ਕਿਸੇ ਕਰਾਮਾਤ ਤੋਂ ਘੱਟ ਨਹੀਂ ਆਖਿਆ ਜਾ ਸਕਦਾ। "ਸਿੰਘ ਸਭਾਵਾਂ" "ਪਹਿਲਾਂ" ਖਾਲਸਾ ਦੀਵਾਨ" ਬਣੀਆਂ ਫਿਰ "ਚੀਫ ਖਾਲਸਾ ਦੀਵਾਨ" ਬਣੀਆਂ। ਉਪਰੰਤ ਗੁਰਦੁਆਰਾ ਸੁਧਾਰ ਲਹਿਰ ਦੀ ਪ੍ਰੇਰਨਾ ਸ਼ਕਤੀ ਤੇ ਪਾਤਰਤਾ ਦੀ ਰੂਹ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ ਲਿਖਦਿਆਂ ਸਰਦਾਰ ਸਮਸ਼ੇਰ ਸਿੰਘ ਜੀ ਅਸ਼ੋਕ ੧੯੮੧ ਵਿਚ ਲਿਖਦੇ ਹਨ " ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁੱਢ ਬੱਝਣ ਤੋਂ ਪਹਿਲਾਂ ਗੁਰਦੁਆਰਾ ਸੁਧਾਰ ਅੰਦੋਲਨ ਦਾ ਮੂਲ ਕਾਰਨ ਦਰਅਸਲ ਸਿੱਖਾਂ ਦੀ ਓਹ ਕੌਮੀ ਜਦੋ - ਜਹਿਦ ਸੀ ਜਿਸ ਦੇ ਮੁੱਢ ਵਿਚ ਗੁਰਸਿੱਖੀ ਦਾ ਜਜ਼ਬਾ "ਸ੍ਰੀ ਗੁਰੂ ਸਿੰਘ ਸਭਾ" ਦੇ ਸਮੇਂ ਤੋਂ ਹੀ ਭਰਪੂਰ ਕੰਮ ਕਰਦਾ ਆ ਰਿਹਾ ਸੀ।



ਅਸੀਂ ਇਤਿਹਾਸ ਦੇ ਵਰਤਾਰਿਆਂ ਵਿਚ ਝਾਕਣ ਤੋਂ ਗੁਰੇਜ਼ ਕਰਦੇ ਹਾਂ। ਅਸੀਂ ਵਕਤ ਦੇ ਵਿਅਕਤੀਆਂ ਤੇ ਹਾਲਾਤਾਂ ਵਿਚੋਂ ਜਾਂ ਟੁੱਟ ਭੱਜ ਦੇ ਨਕਾਰਾ ਰੂਪ ਵਿਚੋਂ ਸੰਸਥਾ ਲੱਭਣ ਦੀ ਕੂੜੀ ਚੇਸ਼ਟਾ ਕਰਦੇ ਹਾਂ ਇਹ ਸਾਡੀ ਨ ਮੁਆਫ਼ਯੋਗ ਇਤਿਹਾਸਕ ਭੁੱਲ ਤੁੱਲ ਭੁੱਲ ਹੈ।

ਅੱਜ ਸੰਸਾਰ ਭਰ ਵੱਸਦਾ ਚੇਤੰਨ ਸਿੱਖ ਪੰਥਕ ਸਰੋਕਾਰਾਂ ਤੇ ਸੰਸਥਾਵਾਂ ਪ੍ਰਤੀ ਜਾਗਣ ਲੱਗਿਆ ਹੈ। ਭਾਵੇਂ ਇਹ ਜਾਗ ਸੁਪਨੇ ਵਿਚ ਜਾਗੇ ਮਨੁੱਖ ਵਰਗੀ ਅੱਧੀ ਅਧੂਰੀ ਹੈ। ਪੂਰੀ ਤਰ੍ਹਾਂ ਸੁਜਗ ਹੋਏ ਮਨੁੱਖ ਵਾਂਗ ਨਹੀਂ ਹੈ। ਫਿਰ ਵੀ ਇਕ ਛਿਨ ਮੁਬਾਰਕ ਆਖ ਕੇ ਜੀ ਆਇਆਂ ਕਹਿਣਾ ਯੋਗ ਹੈ।

ਸ਼੍ਰੋਮਣੀ ਅਕਾਲੀ ਦਲ ਕੇਵਲ ਬੋਧਿਕ ਉਧੇੜ ਬੁਣ ਦੀ ਅਵਸਥਾ ਵਿਚੋਂ ਪੈਦਾ ਹੋਈ ਜਾਂ ਵਕਤੀ ਮਕਸਦ ਲਈ ਬਣੀ ਸੰਸਥਾ ਨਹੀਂ ਸੀ ਤੇ ਨ ਹੀ ਹੋ ਸਕਦੀ ਹੈ। ਸ਼੍ਰੋਮਣੀ ਅਕਾਲੀ ਦਲ ਪੰਥਕ ਸੁੱਚੀਆਂ ਭਾਵਨਾਵਾਂ ਦਾ ਪੰਥਕ ਪਹਿਰੇਦਾਰੀ ਵਾਲੇ ਜਾਹੋ ਜਲਾਲ ਨੂੰ ਸੰਭਾਲਣ ਵਾਲਾ ਪੰਥਕ ਮਕਸਦ ਹੈ। ਜਿਸ ਦਾ ਨਿਸ਼ਾਨਾ ਵੀ ਆਮ ਮਨੁੱਖੀ ਬੁੱਧੀ ਨਾਲੋਂ ਬਹੁਤ ਉਪਰ ਦਾ ਰੱਖਿਆ ਗਿਆ ਹੈ।

ਹੈਰਾਨ ਹੋਣ ਦੀ ਲੋੜ ਨਹੀਂ ਹੈ ਕਿ ੨ ਦਸੰਬਰ ੨੦੨੪ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਏ ਆਦੇਸ਼ਾਂ ਵਿਚ ਇਹ ਫਿਕਰਾ ਕਿਉਂ ਹੈ ? ਓਥੇ ਸਪੱਸ਼ਟ ਲਿਖਿਆ ਗਿਆ ਹੈ ਕਿ "ਵਰਤਮਾਨ ਸਮੇਂ ਵਾਲੇ ਆਗੂ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਕਰਨ ਦੀ ਯੋਗਤਾ ਨਹੀਂ ਰੱਖਦੇ ਇਸ ਲਈ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਲਈ ਅਕਾਲ ਤਖਤ ਸਾਹਿਬ ਤੋਂ ੭ ਮੈਂਬਰੀ ਕਮੇਟੀ ਦਾ ਗਠਨ ਕੀਤਾ ਜਾਂਦਾ ਹੈ ਜੋ ਨਿਯਤ ਸਮੇਂ ਵਿਚ ਨਿਯਮਾਂ ਅਨੁਸਾਰ ਪਾਰਦਰਸ਼ਤਾ ਵਾਲੀ ਜੁਗਤਿ ਅਪਨਾ ਕੇ ਭਰਤੀ ਕਰੇਗੀ।" ਵਕਤ ਦੇ ਅਖੌਤੀ ਆਗੂਆਂ ਪਾਸੋਂ ਆਦੇਸ਼ ਦੇ ਸ਼ਬਦ ਹੀ ਬਰਦਾਸ਼ਤ ਨਹੀਂ ਹੋਏ ਤਾਂ ੨ ਦਸੰਬਰ ਦੇ ਆਦੇਸ਼ਾਂ ਤੋਂ ਮੂੰਹ ਫੇਰ ਕੇ ਅਕਾਲ ਤਖ਼ਤ ਸਾਹਿਬ ਦੀ ਮਨਸਾ ਵਾਲਾ ਅਕਾਲੀ ਦਲ ਬਣਾਉਣ ਤੋਂ ਪਿੱਠ ਦਿਖਾ ਗਏ ਹਨ।

ਹੱਥਲੀ ਲਿਖਤ ਤੇ ਇਸ ਆਸ਼ੇ ਦੇ ਪ੍ਰਗਟਾਵੇ ਲਈ ਹੈ ਕਿ ਪੰਥਕ ਭਾਵਨਾਵਾਂ ਦੀ ਤਰਜ਼ਮਾਨੀ ਕਰਨ ਵਾਲਾ ਅਕਾਲੀ ਦਲ ਬਣ ਸਕਦਾ ਹੈ। ਹਾਂ ਇਸ ਲਈ ਜੀਅਹੁ ਨਿਰਮਲ ਬਾਹਰਹੁ ਨਿਰਮਲ ਹੋਣ ਦੀ ਲੋੜ ਹੈ। ਜੇਕਰ ਇਸ ਅਵਸਥਾ ਵਿਚ ਅਸੀਂ ਸਿੱਖ ਕਹਾਉਣ ਵਾਲੇ ਜਾਣ ਲਈ ਤਿਆਰ ਨਹੀਂ ਤਾਂ ਕੰਧ 'ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ ਕਿ ਅਸੀਂ ਪੰਥਕ ਹੋਣੀ ਸਿਰਜਣ ਤੋਂ ਬੇਮੁੱਖ ਹੋ ਰਹੇ ਹਾਂ।

ਜੋ ਹਸ਼ਰ ਵਰਤਮਾਨ ਸਮੇਂ ਦੇ ਬਾਦਲ ਧੜੇ ਨੇ ਆਪਣੀ ਗੁਲਾਮ ਬਣਾ ਲਈ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਤਖ਼ਤਾਂ ਦੀ ਗਰਿਮਾ ਤਥਾ ਮਾਣ ਸਨਮਾਨ ਦਾ ਕੀਤਾ ਹੈ ਤਖਤਾਂ ਦੇ ਜਥੇਦਾਰਾਂ ਨੂੰ ਅਤਿ ਅਪਮਾਨਿਤ ਢੰਗ ਨਾਲ ਸੇਵਾਵਾਂ ਤੋਂ ਫਾਰਗ ਕੀਤਾ ਹੈ ਇਹ ਇਤਿਹਾਸ ਦਾ ਵੱਡਾ ਕਲੰਕ ਹੈ ਇਨ੍ਹਾਂ ਦੇ ਮੱਥੇ ਦਾ ਓਥੇ ਇਹ ਸਭ ਕੁਝ ਇਹ ਦਰਸਾ ਰਿਹਾ ਹੈ ਇਨ੍ਹਾਂ ਹੀ ਦੀਆਂ ਸਵਾਰਥੀ ਲਾਲਚੀ ਪੰਥਕ ਭਾਵਨਾਵਾਂ ਵਿਰੋਧੀ ਜੁਗਤਾਂ ਨੇ ਬਚੇ ਖੁਚੇ ਸ਼੍ਰੋਮਣੀ ਅਕਾਲੀ ਦਲ ਦੇ ਹਿੱਸੇ ਨੂੰ ਫ਼ਨਾਹ ਕਰਵਾ ਲਿਆ ਹੈ। ਜੇਕਰ ਪੰਥਕ ਭਾਵਨਾਵਾਂ ਦੀ ਤਰਜ਼ਮਾਨੀ ਕਰਦਾ ਨਿਰਣਾ ਆਦੇਸ਼ ਰਾਹੀਂ ਅਕਾਲੀ ਦਲ ਦੀ ਮੁੜ ਸਥਾਪਤੀ ਦਾ ਨਿਰਣਾ ਅਕਾਲ ਤਖ਼ਤ ਸਾਹਿਬ ਤੋਂ ਆਇਆ ਹੈ ਤਾਂ ਇਹ ਪੰਥਕ ਸੋਚ, ਜਜ਼ਬੇ ਤੇ ਸਿਧਾਂਤ ਤੋਂ ਖਾਲੀ ਲੋਕ ਹੀ ਸਭ ਕੁਝ ਨੂੰ ਬਰਬਾਦੀ ਵੱਲ ਧੱਕਣ ਦੇ ਮੁਲਜ਼ਮ ਬਣ ਰਹੇ ਹਨ।

ਇਸ ਦਾ ਸਾਰਾ ਲਾਭ ਉਨ੍ਹਾਂ ਦੁਸ਼ਮਣ ਤਾਕਤਾਂ ਨੂੰ ਮਿਲ ਰਿਹਾ ਜੋ ਵਰਤਮਾਨ ਸਮੇਂ ਨਾਦਰਸ਼ਾਹ, ਅਹਿਮਦ ਸ਼ਾਹ ਅਬਦਾਲੀ ਤੇ ਉਨ੍ਹਾ ਦੇ ਜਾਲਮ ਹੱਥ ਠੋਕਿਆਂ ਜ਼ਕਰੀਆ ਖਾਂ, ਯਹੀਆ ਖਾਂ, ਮੀਰ ਮੰਨੂ, ਲੱਖ ਪਤ ਰਾਏ ਤੇ ਜਸਪੱਤ ਰਾਏ ਦੇ ਨਕਸ਼ੇ ਕਦਮਾਂ ਤੇ ੧੯੪੭ ਤੋਂ ਚੱਲਦੀਆਂ ਆ ਰਹੀਆਂ ਹਨ। ਜਿਸ ਦੇ ਸਿੱਟੇ ਵਜੋਂ ਜੂਨ ੧੯੮੪ ਤੇ ਨਵੰਬਰ ੧੯੮੪ ਦੇ ਨਸਲਕੁਸ਼ੀ ਵਰਤਾਰਿਆਂ ਨੂੰ ਪੰਥ ਨੇ ਭੋਗਿਆ ਹੈ।

ਲੋੜ ਹੈ ਪੰਥਕ ਪੱਧਰ 'ਤੇ ਇਕ ਸੁਹਿਰਦ ਆਵਾਜ਼ ਬੁਲੰਦ ਕਰਨ ਦੀ ਸੰਸਾਰ ਭਰ ਵਿਚ ਵੱਸਦੇ ਸਿੱਖਾਂ ਲਈ ਕਿ ਪੰਜ ਮੈਂਬਰੀ ਭਰਤੀ ਕਮੇਟੀ ਨੂੰ ਪੰਥਕ ਪੱਧਰ 'ਤੇ ਪਿਆਰ ਸਤਿਕਾਰ ਦੇਂਦਿਆਂ ਧੜਿਆਂ ਦੀ ਪਕੜ ਦਾ ਤਿਆਗ ਸਿੱਖ ਕਹਾਉਣ ਵਾਲੇ ਸਾਰੇ ਸਿੱਖ ਕਰਨ। ਦਿਖਾਈ ਦੇਂਦੇ ਸਾਰੇ ਧੜਿਆਂ ਦੇ ਆਗੂ ਆਪਣੇ ਆਪਣੇ ਧੜੇ ਭੰਗ ਕਰਕੇ ਨਵੀਂ ਭਰਤੀ ਦਾ ਹਿੱਸਾ ਬਣ ਜਾਣ। ੧੯੨੦ ਵਾਲੇ ਅਕਾਲੀ ਦਲ ਦੇ ਸੰਵਿਧਾਨ ਨੂੰ ਸਨਮੁਖ ਰੱਖ ਕੇ ਪਹਿਲਾਂ ਵਕਤੀ ਢਾਂਚਾ ਤਿਆਰ ਕਰਕੇ ਫਿਰ ਵਿਧੀਵਤ ਸੰਸਾਰ ਭਰ ਵਿਚ ਅਕਾਲੀ ਦਲ ਦਾ ਗਠਨ ਸਰਬਸੰਮਤੀ ਜਾਂ ਬਹੁਸੰਮਤੀ ਨਾਲ ਤਿਆਰ ਕਰ ਲਿਆ ਜਾਵੇ। ਇਸ ਤਰ੍ਹਾਂ ਹੋ ਸਕਣ ਦੀਆਂ ਬਹੁਤ ਉਸਾਰੂ ਸੰਭਾਵਨਾ ਮੌਜੂਦ ਹਨ। ਕਿਸੇ ਵੀ ਤਰ੍ਹਾਂ ਨਿਰਾਸ਼ ਉਦਾਸ ਹੋਣ ਦੀ ਲੋੜ ਨਹੀਂ। ਸੰਸਾਰ ਭਰ ਦੇ ਸਿੱਖਾਂ ਵਿਚ ਸੰਸਾਰ ਪੱਧਰ 'ਤੇ ਪੰਥਕ ਪਹੁੰਚ ਰੱਖਣ ਵਾਲਿਆਂ ਦੀ ਬਹੁਤ ਵੱਡੀ ਤਾਦਾਦ ਹੈ।

ਸਾਬਕਾ ਜਥੇਦਾਰ
ਤਖ਼ਤ ਸ੍ਰੀ ਦਮਦਮਾ ਸਾਹਿਬ।
9592093472

# ਕਾਵਿ-ਕਿਆਰੀ

## ਨਾੜ ਨਬਜ਼

ਨਾੜ ਨਬਜ਼ ਨਹੀਂ ਫੜਨੇ ਵਾਲਾ ਵਾਹ ਸ਼ਾਮਤ।
ਰੋਗ ਹੋ ਰਿਹਾ ਅੜਨੇ ਵਾਲਾ ਵਾਹ ਸ਼ਾਮਤ।

ਹਰ ਕਿਸੇ ਦਾ ਹੀ ਦੇਖੋ ਹੈ ਕਮਜ਼ੋਰ ਹੋਇਆ,
ਰੱਖਿਆ ਤੰਤਰ ਲੜਨੇ ਵਾਲਾ ਵਾਹ ਸ਼ਾਮਤ।

ਕਿਹਨੂੰ ਦਿਲ ਦੀ ਦੱਸੀਏ, ਕਿਹਦੇ ਗਲ਼ ਲੱਗੀਏ,
ਪਿਆਰ ਵੀ ਹੋਇਆ ਲੜਨੇ ਵਾਲਾ ਵਾਹ ਸ਼ਾਮਤ।

ਦੁਆਵਾਂ ਛੱਡ ਕੇ ਸਾਰਾ ਜ਼ੋਰ ਦਵਾਈਆਂ 'ਤੇ,
ਅਨਪੜ ਹੈ ਕਿਓਂ ਪੜ੍ਹਨੇ ਵਾਲਾ ਵਾਹ ਸ਼ਾਮਤ।


ਰੀਝ ਨੀਝ ਬਿਨ ਜ਼ਿੰਦਗੀ ਜ਼ਿੰਦਗੀ ਨਹੀਂ ਰਹਿੰਦੀ,
ਵਿਰਲਾ ਕੋਕੇ ਜੜਨੇ ਵਾਲਾ ਵਾਹ ਸ਼ਾਮਤ।

ਦੱਸੋ ਕਿਹੜਾ ਮੱਥੇ ਉਹਨੂੰ ਲਾਊਗਾ,
ਮੱਥਾ ਹੈ ਜੋ ਸੜਨੇ ਵਾਲਾ ਵਾਹ ਸ਼ਾਮਤ।

ਹਰ ਕਿਸੇ ਦੇ ਦੇਖੋ ਕਿੱਦਾਂ ਪੇਸ਼ ਪਿਆ,
ਚਿੱਤ ਬਹਾਨੇ ਘੜਨੇ ਵਾਲਾ ਵਾਹ ਸ਼ਾਮਤ।

ਸੋਧਾ ਲਾ ਕੇ ਜਾਂ ਪਤਿਆ ਕੇ ਰੱਖ 'ਢੇਸੀ'
ਮਨ ਹੀ ਮਨ 'ਤੇ ਕੜ੍ਹਨੇ ਵਾਲਾ ਵਾਹ ਸ਼ਾਮਤ।

ਕੁਲਵੰਤ ਸਿੰਘ ਢੇਸੀ



ਕਵਿਤਾ (ਖ਼ਾਲਸੇ ਦੀ ਸਿਰਜਣਾ 'ਤੇ)

## ਵਿਸਾਖੀ ਵਾਲੇ ਦਿਨ

ਬਾਰਾਂ ਮਹੀਨਿਆਂ ਦੇ ਵਿੱਚੋਂ ਮਾਸ ਵੱਖਰਾ।
ਵਿਸਾਖੀ ਵਾਲੇ ਦਿਨ ਦਾ ਇਤਿਹਾਸ ਵੱਖਰਾ।
ਅਨੰਦਪੁਰ ਵਿਚ ਸਜੇ ਹੋਏ ਪੰਡਾਲ ਸੀ,
ਗੁਰੁ ਜਸ ਨਾਲ ਸੰਗਤਾਂ ਨਿਹਾਲ ਸੀ,
ਬਾਕੀ ਦਿਨਾਂ ਨਾਲੋਂ ਇਜਲਾਸ ਵੱਖਰਾ।
ਵਿਸਾਖੀ.............................।

ਕੱਢਕੇ ਮਿਆਨੋਂ ਤਲਵਾਰ ਗੁਰਾਂ ਨੇ,
ਇਕੱਠ ਤਾਈਂ ਆਖਿਆ ਵੰਗਾਰ ਗੁਰਾਂ ਨੇ,
ਅੱਜ ਪਹਿਲਾਂ ਨਾਲੋਂ ਬਚਨ ਬਿਲਾਸ ਵੱਖਰਾ,
ਵਿਸਾਖੀ.............................।

ਅਣਖ ਦੀ ਲਗਾਈ ਗਈ ਜਾਗ ਕੌਮ ਨੂੰ,
ਲੱਗੀ ਕੁਰਬਾਨੀਆਂ ਦੀ ਲਾਗ ਕੌਮ ਨੂੰ
ਕੀਤਾ ਅੱਜ ਗੁਰਾਂ ਅਭਿਆਸ ਵੱਖਰਾ।
ਵਿਸਾਖੀ.............................।

ਮੰਨ ਪਰਮਾਤਮਾ ਦੀ ਮੌਜ ਗੁਰਾਂ ਨੇ,
ਖਾਲਸੇ ਦੀ ਸਾਜ਼ ਦਿੱਤੀ ਫ਼ੌਜ ਗੁਰਾਂ ਨੇ,
ਜਿਸ ਦੇ ਸਿਪਹੀਆਂ ਦਾ ਲਿਬਾਸ ਵੱਖਰਾ।
ਵਿਸਾਖੀ.............................।

ਤੱਕ ਕਈ ਕੌਤਕ ਹੈਰਾਨ ਹੋ ਗਏ,
ਚੇਲੇ ਜਦੋਂ ਗੁਰੂ ਦੇ ਸਮਾਨ ਹੋ ਗਏ,
ਕਾਇਮ ਹੋਇਆ 'ਚੋਹਲਾ' ਵਿਸ਼ਵਾਸ ਵੱਖਰਾ।
ਵਿਸਾਖੀ ਵਾਲੇ ਦਿਨ ਦਾ ਇਤਿਹਾਸ ਵੱਖਰਾ।

ਰਮੇਸ਼ ਬੱਗਾ ਚੋਹਲਾ
(ਲੁਧਿਆਣਾ)
ਮੋਬ: 9463132719



## ਸ਼ਮਸ਼ਾਨ

ਪਰਮਿੰਦਰ ਸਿੰਘ ਸਿੱਧੂ



ਸੌਖਾ ਨਹੀਂ ਤੈਨੂੰ ਭੁੱਲ ਜਾਵਾਂ, ਮੁੜ ਕਿਸੇ ਤੇ ਡੁੱਲ੍ਹ ਜਾਵਾਂ
ਜਿੰਦ-ਜਾਨ ਤੂੰ ਹੀ ਰਹਿਣਾ, ਜਦ ਤੱਕ ਜਾਨ ਨਹੀਂ ਜਾਂਦੀ !
ਦੁੱਖ ਦੁਨੀਆਂ ਦੇ ਜਰ ਤੂੰ, ਪਰ ਭੁੱਲੀ ਨਾ ਤੋਲਣੇ ਪਰ ਤੂੰ
ਸਿੱਖ ਸਹਿਣਾ ਜੱਦ ਤੱਕ, ਅਸਮਾਨੀਂ ਉਡਾਨ ਨਹੀਂ ਜਾਂਦੀ !
ਜਿੱਤ ਕੇ ਜੇ ਹੰਕਾਰ ਗਿਆ, ਸਮਝ ਲੈ ਬਾਜੀ ਹਾਰ ਗਿਆ
ਹਾਰ ਕੇ ਵੀ ਤੇਰੇ ਚਿਹਰੇ ਤੋਂ, ਜੇ ਮੁਸਕਾਨ ਨਹੀਂ ਜਾਂਦੀ !
ਯਾਰਾਂ ਹੱਥ ਤਲਵਾਰ ਫੜ੍ਹੀ, ਜੋ ਮੇਰੇ ਨਿੱਤ ਖਿਲਾਫ਼ ਲੜ੍ਹੀ
ਕੀ ਫੈਦਾ ਵੈਰੀ ਤੋਂ ਵੱਧ, ਕਰਕੇ ਜੇ ਨੁਕਸਾਨ ਨਹੀਂ ਜਾਂਦੀ !
ਆਪਣੇ ਨੇ ਬਿਗਾਨੇ ਲੱਗਣੇ, ਗਲਤ ਨਾ ਨਿਸ਼ਾਨੇ ਲੱਗਣੇ
ਜਦ ਤੱਕ ਤੇਰੇ ਤੀਰਾਂ ਦੀ, ਗੈਰਾਂ ਹੱਥ ਕਮਾਨ ਨਹੀਂ ਜਾਂਦੀ !
ਰੱਬ ਦੇ ਨਾਂ ਤੇ ਪੰਗੇ ਰਹਿਣੇ, ਧਰਮਾਂ ਕਰਕੇ ਦੰਗੇ ਰਹਿਣੇ
ਕੁੜ ਫਿਰਕੂ ਲੋਕਾਂ ਦੀ ਜੇ, ਕੀਤੀ ਬੰਦ ਜ਼ੁਬਾਨ ਨਹੀਂ ਜਾਂਦੀ !
ਆਉਣ ਸਦਾਹੀ ਸਾਹ ਸੁਖਾਲੇ, ਮਾਪੇ ਹੁੰਦੇ ਕਿਸਮਤ ਵਾਲੇ
ਰੱਬ ਦੀ ਮੇਹਰ ਨਾਲ ਜੇ, ਗਲਤ ਰਾਹ ਸੰਤਾਨ ਨਹੀਂ ਜਾਂਦੀ
ਰੱਬ ਦਾ ਨਾਮ ਧਿਆ ਲੈ ਤੂੰ, ਪਾਪ ਛੱਡ ਪੁੰਨ ਕਮਾ ਲੈ ਤੂੰ
ਮਿੱਟੀ ਤੇਰੀ ਪਰਮਿੰਦਰਾ, ਜਦ ਤੱਕ ਸ਼ਮਸ਼ਾਨ ਨਹੀਂ ਜਾਂਦੀ !

## ਫੇਰੀ ਵਾਲਾ

ਫੇਰੀ ਵਾਲਾ ਲੈਕੇ ਆਇਆ, ਵੰਗਾਂ ਰੰਗਾਂ ਵਾਲੀਆਂ।
ਚੁੰਨੀ ਲੱਗੇ ਗੋਟੇ ਤੇ, ਪੰਜਾਬੀ ਸੂਟ ਸਾੜ੍ਹੀਆਂ।

ਚੂੜੇ ਜੂੜੇ ਜਾਲੀਆਂ, ਨੌਹ ਪਾਲਸ਼ਾਂ ਤੇ ਬਿੰਦੀਆਂ।
ਕਾਂਟੇ, ਗੋਲ ਬਾਲੀਆਂ, ਹੁਲਾਰੇ ਕੰਨੀ ਦਿੰਦੀਆ।
ਸੋਹਣੇ ਸੋਹਣੇ ਨਗ ਪਾਕੇ, ਮੁੰਦੀਆਂ ਸ਼ਿਗਾਂਰੀਆਂ।

ਫੇਰੀ ਵਾਲਾ ਲੈਕੇ ਆਇਆ, ਵੰਗਾਂ ਰੰਗਾਂ ਵਾਲੀਆਂ।

ਜੁੱਤੀ ਆ ਪੰਜਾਬੀ, ਨਾਲ ਸੂਟ ਦੇ ਮਿਲਾਉਣ ਨੂੰ।
ਤਿੱਲੇ ਦੀ ਕਢਾਈ ਕੀਤੀ, ਦਿੱਲ ਕਰੂ ਪਾਉਣ ਨੂੰ।
ਉਡ ਪੁਡ ਜਾਣ, ਸਿਰ ਲਈਆਂ ਫੁਲਕਾਰੀਆਂ।

ਫੇਰੀ ਵਾਲਾ ਲੈਕੇ ਆਇਆ, ਵੰਗਾਂ ਰੰਗਾਂ ਵਾਲੀਆਂ।

ਸੁਰਮਾ ਬਣਾ ਦੇ ਅੱਖ, ਤਿੱਖੀ ਨੋਕ ਤੀਰ ਦੀ।
ਕੋਕਾ, ਨੱਕ ਮੱਛਲੀ ਵੀ, ਵੇਚੇ "ਸੁਖਵੀਰ" ਵੀ।
ਸਸਤੇ ਹੀ ਭਾਅ ਲਾਈਆਂ, ਚੀਜ਼ਾਂ ਇਹ ਸਾਰੀਆਂ।

ਫੇਰੀ ਵਾਲਾ ਲੈਕੇ ਆਇਆ, ਵੰਗਾਂ ਰੰਗਾਂ ਵਾਲੀਆਂ।

ਟਿੱਕਾ, ਸੱਗੀ ਫੁੱਲ, ਨਾਲ ਗੁੱਤਾਂ ਤੇ ਪਰਾਂਦੇ ਨੇ।
ਢਲ ਗਿਆ ਦਿੱਨ, ਰੇਟ ਤੋੜਿਆ ਵਾ ਜਾਂਦੇ ਨੇ।
"ਸੰਧੂ" ਤੁਰ ਗਿਆ, ਖਾਲੀ ਰਹਿਣ ਨਾ ਪਟਾਰੀਆਂ।


ਫੇਰੀ ਵਾਲਾ ਲੈਕੇ ਆਇਆ, ਵੰਗਾਂ ਰੰਗਾਂ ਵਾਲੀਆਂ।
ਚੁੰਨੀ ਲੱਗੇ ਗੋਟੇ ਤੇ, ਪੰਜਾਬੀ ਸੂਟ ਸਾੜ੍ਹੀਆਂ

ਅਲੋਪ ਹੋ ਰਹੇ ਪੰਜਾਬੀ ਸਭਿਆਚਾਰ ਨੂੰ..... "ਸਮਰਪਤ"
ਸੁਖਵੀਰ ਸਿੰਘ ਸੰਧੂ ਅਲਕੜਾ (ਪੈਰਿਸ)
0 0 0 0 0



## ਸੀਨੇ 'ਤੇ ਖੰਜਰ ....

ਅਸੀਂ ਉੱਜੜ ਗਏ
ਤੇ ਉਹ ਵੱਸਦੇ ਰਹੇ,
ਅਸੀਂ ਰੋਂਦੇ ਰਹੇ
ਪਰ ਉਹ ਹੱਸਦੇ ਰਹੇ।
ਕਿਆ ਵਖਤ ਸੀ ?
ਕਿਆ ਫਿਤਰਤ ਸੀ ਉਹਨਾਂ ਦੀ ?
ਉਹ ਮੁਸਕਰਾਉਂਦੇ ਰਹੇ
ਤੇ ਅਸੀਂ ਜਮੀਂ ਵਿੱਚ ਧੱਸਦੇ ਰਹੇ।
ਕੀਤਾ ਉਹਨਾਂ ਨੇ ਜੋ ਮੇਰੇ ਨਾਲ਼
ਕੁਝ ਚੰਗਾ ਨਹੀਂ ਸੀ ਕੀਤਾ,
ਉਹ ਜਾਲ਼ ਵਿਛਾਉਂਦੇ ਰਹੇ
ਤੇ ਅਸੀਂ ਉਸ ਵਿੱਚ ਫਸਦੇ ਰਹੇ।
ਰੱਬ ਹੱਥ ਹੈ ਤੇ ਸੀ ਡੋਰ ਅਸਾਡੀ
ਅਸੀਂ ਅਡੋਲ ਖੜੇ ਰਹੇ
ਤੇ ਉਹ ਭਟਕਾਉਂਦੇ ਰਹੇ।
ਪੱਥਰ ਨਹੀਂ ਸੀ ਮੈਂ
ਇੱਕ ਇਨਸਾਨ ਹੀ ਸੀ
ਤੇ ਮੇਰੇ ਅੰਦਰ ਵੀ ਇੱਕ ਜਾਨ ਸੀ,
ਉਹ ਵਾਰ-ਵਾਰ ਠੋਕਰਾਂ ਮਾਰਦੇ ਰਹੇ,
ਪਰ ਅਸੀਂ ਆਪਣਾ ਵਜੂਦ
ਵਾਰ-ਵਾਰ ਬਚਾਉਂਦੇ ਰਹੇ।
ਰੱਬ ਨੇ ਰੱਖੀ ਹਮੇਸ਼ਾ ਲਾਜ ਅਸਾਡੀ
ਅਸੀਂ ਡਿੱਗ ਕੇ ਵੀ ਖੜ੍ਹੇ ਹੋਏ,
ਪਰ ਉਹ ਹਮੇਸ਼ਾ ਸਾਨੂੰ ਹੇਠਾਂ ਗਿਰਾਉਂਦੇ ਰਹੇ।
ਨਾ ਉਹਨਾਂ ਦੀ ਜਿੱਤ ਹੋਈ
ਨਾ ਹੀ ਹੋਈ ਕਦੇ ਹਾਰ ਸਾਡੀ,
ਅਸੀਂ ਹਮੇਸ਼ਾ ਸਮਝਿਆ ਆਪਣਾ ਉਨ੍ਹਾਂ ਨੂੰ
ਪਰ ਉਹ ਹਰ ਵਾਰ ਸੀਨੇ
ਸਾਡੇ 'ਤੇ ਖੰਜਰ ਚਲਾਉਂਦੇ ਰਹੇ।



ਮਾਸਟਰ ਸੰਜੀਵ ਧਰਮਾਣੀ

## ਬੋਲ ਪੰਜ ਆਬਾਂ ਦੇ


ਪਾਣੀ ਸਮੁੰਦਰ ਦਾ ਹੋਵੇ, ਜਾਂ ਅੱਖਾਂ ਦਾ,
ਦੋਨੋ ਹੀ ਖਾਰੇ ਹੁੰਦੇ ਨੇ।

ਤੁਰ ਜਾਣਾ ਜੂਹ ਚੋਂ, ਜਾਂ ਰੂਹ ਚੋਂ,
ਦੋਨੋ ਫੈਸਲੇ ਭਾਰੀ ਹੁੰਦੇ ਨੇ।

ਵਖਤ ਨੇ ਦਿਖਾਏ, ਜਾਂ ਮੁਕੱਦਰ ਨੇ,
ਤਾਰੇ ਤਾਂ ਤਾਰੇ ਹੁੰਦੇ ਨੇ।

ਕਹਿੰਦੇ ਕੁੱਕੜ, ਕਾਂ, ਕੋਇਲ,
ਕੰਬੋਜ ਪਾਲਣ ਸਦਾ ਕਬੀਲਾ,

ਔਰਤ, ਸ਼ੋਹਰਤ, ਦੌਲਤ ਲਈ
ਲੋਕ ਵਰਤਦੇ ਹਰ ਹੀਲਾ।



ਸੰਧਰ ਵਿਸਾਖਾ, ਕਨੇਡਾ
+1 (647) 234-7466

# ਵਾਓ, ਝੱਖੜ, ਝੋਲਿਉ, ਘਰ ਆਵੇ ਤਾਂ ਜਾਣ

ਸੁਖਪਾਲ ਸਿੰਘ ਗਿੱਲ
ਅਬਿਆਣਾ ਕਲਾਂ
9878111445





ਹਰੀ ਕ੍ਰਾਂਤੀ ਤੋਂ ਬਾਅਦ ਕਣਕ ਦੇ ਬੋਹਲ ਸਾਂਭਣੇ ਔਖੇ ਹੋ ਜਾਂਦੇ ਹਨ। ਕੁਦਰਤ ਦੇ ਵਿਗੜੇ ਸਮਤੋਲ ਨੇ ਇਸ ਫ਼ਸਲ ਨੂੰ ਮੌਸਮ ਦੀ ਮਾਰ ਥੱਲੇ ਲਿਆਂਦਾ ਹੈ। ਘਰ ਆਈ ਨੂੰ ਹੀ ਕਣਕ ਜਾਣਿਆ ਜਾਂਦਾ ਹੈ। ਮੌਸਮ ਦੀ ਖਰਾਬ ਕੀਤੀ ਫ਼ਸਲ ਖਾਣਯੋਗ ਨਹੀਂ ਹੁੰਦੀ। ਇਹੋ ਜਿਹੀ ਕਣਕ ਫ਼ਸਲ ਪਸ਼ੂਆਂ ਦੇ ਕੰਮ ਆਉਂਦੀ ਹੈ। ਕਣਕ ਕਿਸਾਨ ਅਤੇ ਕਿਰਤ ਇੱਕ ਦੂਜੇ ਦੇ ਪੂਰਕ ਹਨ। ਹਰੀ ਕ੍ਰਾਂਤੀ ਦੇ ਸਮੇਂ ਤੋਂ ਤਾਂ ਇਹਨਾਂ ਦਾ ਪੰਜਾਬੀ ਕਿਸਾਨ ਨਾਲ ਗੂੜ੍ਹਾ ਸੰਬੰਧ ਬਣ ਗਿਆ। ਇਸ ਤੋ ਪਹਿਲਾਂ ਪੰਜਾਬੀ ਕਿਸਾਨ ਦੀ ਕਿਰਤ ਵਿੱਚੋਂ ਕਣਕ ਨੂੰ ਬੇਹੱਦ ਸੰਜਮ ਨਾਲ ਵਰਤ ਕੇ ਬੇਰੜੇ ਦੀ ਰੋਟੀ ਖਾਧੀ ਜਾਂਦੀ ਸੀ। ਜਿਸ ਵਿੱਚ ਕਣਕ, ਜੌਂ, ਛੋਲੇ ਅਤੇ ਬਾਜਰਾ ਆਦਿ ਹੁੰਦੇ ਸਨ। ਨਿਰੀ ਕਣਕ ਦੀ ਰੋਟੀ ਮਹਿਮਾਨ ਨਿਵਾਜੀ ਲਈ ਹੁੰਦੀ ਸੀ। ਇਸ ਤਰ੍ਹਾਂ ਚੀਨੀ ਵੀ ਮਹਿਮਾਨਾਂ ਲਈ ਹੁੰਦੀ ਸੀ। ਇਹਨਾਂ ਦੇ ਨਾਂਹ-ਪੱਖੀ ਪ੍ਰਭਾਵ ਦੇਖੇ ਹੀ ਨਹੀਂ ਗਏ। ਹੁਣ ਸਮੇਂ ਨੇ ਵਾਪਸੀ ਮੁੱਖ ਮੋੜਿਆ ਹੈ। ਉਹੀ ਬੇਰੜੇ ਦੀ ਰੋਟੀ ਅਤੇ ਚੀਨੀ ਦੀ ਜਗ੍ਹਾ ਗੁੜ੍ਹ ਵਰਤਿਆ ਜਾਂਦਾ ਹੈ। ਵਿਕੀਪੀਡੀਆ ਅਨੁਸਾਰ ਕਣਕ ਘਾਹ ਪਰਜਾਤੀ ਦੀ ਫ਼ਸਲ ਹੈ। ਇਹ ਫ਼ਸਲ ਵਿਸ਼ਵ ਵਿਆਪੀ ਹੈ। ਦੁਨੀਆਂ ਵਿੱਚ ਵੱਧ ਰਕਬੇ ਵਿੱਚ ਕਣਕ ਦੀ ਫਸਲ ਬੀਜੀ ਜਾਂਦੀ ਹੈ। ਇਸ ਦਾ ਵਪਾਰ ਦੀ ਵਿਸ਼ਵ ਵਿਆਪੀ ਹੈ। ਹਾੜ੍ਹੀ ਦੀ ਰਾਣੀ ਦੇ ਤੌਰ ਤੇ ਜਾਣੀ ਜਾਂਦੀ ਕਣਕ ਅੱਜ ਪੰਜਾਬੀਆਂ ਦੀ ਖਾਸ ਫਸਲ ਹੈ। ਇਸਨੂੰ ਮਨੁੱਖੀ ਖੁਰਾਕ ਦਾ ਸਰੋਤ ਅਤੇ ਕਿਸਾਨੀ ਆਰਥਿਕਤਾ ਦਾ ਧੁਰਾ ਮੰਨਿਆ ਜਾਂਦਾ ਹੈ। ਇਸ ਵਿੱਚ ਬਾਰ੍ਹਾਂ ਫੀਸਦੀ ਪ੍ਰੋਟੀਨ ਹੈ। ਕਣਕ ਨੂੰ ਪਕਾ ਕੇ ਖਾਧਾ ਜਾਂਦਾ ਹੈ। ਇਸ ਤੋਂ ਕਦੀ ਹੋਰ ਖਾਧ ਪਦਾਰਥ ਵੀ ਬਣਦੇ ਹਨ। ਇਸ ਨੂੰ ਪਸ਼ੂਆ ਦੇ ਚਾਰੇ ਲਈ ਵੀ ਵਰਤਿਆ ਜਾਂਦਾ ਹੈ। ਛਾਣ-ਬੂਰਾਂ ਵੀ ਕਣਕ ਦੇ ਆਟੇ ਨੂੰ ਛਾਣ ਕੇ ਨਿਕਲਿਆ ਬਰੂਦਾ ਹੁੰਦਾ ਹੈ। ਮੈਡੀਕਲ ਖੇਤਰ ਨੇ ਕਾਫੀ ਸਮੇਂ ਤੋਂ ਕਣਕ ਤੋਂ ਮਨੁੱਖੀ ਸਰੀਰ ਨੂੰ ਹੁੰਦੀ ਅਲਰਜ਼ੀ ਵੀ ਖੋਜੀ ਹੈ। ਅਜਿਹੇ ਮਰੀਜ ਕਣਕ ਦੇ ਬਣੇ ਪਦਾਰਥਾਂ ਨੂੰ ਨਹੀਂ ਖਾਂਦੇ। ਬੀਅਰ ਵੀ ਇਸ ਵਿੱਚੋਂ ਕਸ਼ੀਦੀ ਜਾਂਦੀ ਹੈ। ਕੇਂਦਰੀ ਪੂਲ ਚ ਹਰ ਸਾਲ ਪੰਜਾਬ ਵੱਧ ਕਣਕ ਭੇਜਦਾ ਹੈ। 2025 -26 ਵਿੱਚ ਕਣਕ ਦਾ ਘੱਟੋ ਘੱਟ ਸਮਰਥਨ ਮੁੱਲ 2425 ਰੁ ਤੈਅ ਕੀਤਾ ਗਿਆ ਹੈ।

ਇਸ ਰੌਣਕ ਮੁੱਖੀ ਫਸਲ ਨੂੰ ਖੁਸ਼ਹਾਲੀ ਵਾਲੀ ਫਸਲ ਮੰਨਿਆ ਜਾਂਦਾ ਹੈ। ਵੈਸਾਖ ਮਹੀਨੇ ਇਸ ਦੀ ਆਮਦ ਜੰਗੀ ਪੱਧਰ ਤੇ ਸ਼ੁਰੂ ਹੋ ਜਾਂਦੀ ਹੈ। ਕਣਕ ਦਾ ਸਮਾਜਿਕ ਸੱਭਿਆਚਾਰਕ ਤੇ ਆਰਥਿਕ ਪੱਖ ਖੁਸ਼ਬੋਆ ਬਿਖੇਰਦਾ ਹੈ। ਪੰਜਾਬੀਆਂ ਦੀ ਜਿੰਦ ਜਾਨ ਵਿਸਾਖੀ ਦੇ ਮੇਲੇ ਨਾਲ ਕਣਕ ਦਾ ਗੂੜਾ ਸੰਬੰਧ ਹੈ। ਕਣਕ ਦੀ ਕਿਰਤ ਅਤੇ ਫਸਲ ਤੋਂ ਵਿਹਲੇ ਕਿਸਾਨ ਚਾਰ ਧੇਲੇ ਜੇਬ ਵਿੱਚ ਪਾ ਕੇ ਵਿਸਾਖੀ ਦੇ ਮੇਲੇ ਤੇ ਜਾਂਦੇ ਹਨ। ਇਸ ਨੂੰ ਧਨੀਰਾਮ ਚਾਤ੍ਰਿਕ ਨੇ ਇਉਂ ਨਕਸ਼ੇ ਨਜ਼ਰੀਏ ਵਿੱਚ ਪਰੋਇਆ ਹੈ-: "ਤੂੜੀ ਤੰਦ ਸਾਂਭ ਹਾੜ੍ਹੀ, ਵੇਚ ਕੱਟ ਕੇ, ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ, ਮੀਹਾਂ ਦੀ ਉਡੀਕ ਤੇ ਸਿਆੜ ਕੱਡ ਕੇ, ਮਾਲ, ਟਾਂਡਾ ਸਾਂਭਣੇ ਨੂੰ ਬੰਦਾ ਛੱਡ ਕੇ, ਪੱਗ, ਝੱਗਾ, ਚਾਂਦਰ ਨਵ ਸਿਵਾਏ ਕੇ, ਸੰਮਾਂ ਵਾਲੀ ਡਾਂਗ ਉੱਤੇ ਤੇਲ ਲਾਇਕੇ ਕੱਛੇ ਮਾਰ ਵੰਝਲੀ ਅੰਨਦ ਛਾਅ ਗਿਆ, ਮਾਰਦਾ ਦਮਾਮ ਜੱਟ ਮੇਲੇ ਆ ਗਿਆ।"ਸੁਨਹਿਰੀ ਹੁੰਦੀ ਕਣਕ ਨਾਲ ਹਲਕੀ ਪੀਲੀ ਭਾਅ ਵੱਜਦੀ ਹੈ। ਬਨਸਪਤੀ ਦਾ ਪੁੰਗਾਰਾ ਆ ਜਾਂਦਾ ਹੈ। ਮੌਲਾਂ ਦਾ ਮੋਸਮ ਵੀ ਇਸ ਰੁੱਤ ਨੂੰ ਕਿਹਾ ਜਾਂਦਾ ਹੈ। ਪੰਜਾਬੀ ਸਾਹਿਤ ਵਿੱਚ ਵੈਸਾਖ ਮਹੀਨੇ ਵਿੱਚ ਕਣਕ ਨੂੰ ਕਵਿਤਾ ਜ਼ਰੀਏ ਇਉਂ ਰੂਪਮਾਨ ਕੀਤਾ ਹੈ-"ਪੱਕ ਪਈਆਂ ਕਣਕਾਂ, ਲੁਗਾਠ ਰੱਸਿਆ, ਬੂਰ ਪਿਆ ਅੰਬਾਂ ਨੂੰ ਗੁਲਾਬ ਹੱਸਿਆ"

ਜਿੱਥੇ ਕਣਕ ਦਾ ਕਿਸਾਨ ਅਤੇ ਕਿਰਤ ਨਾਲ ਸਬੰਧ ਹੈ। ਉੱਥੇ ਕਣਕ ਦਾ ਕੁਦਰਤ ਅਤੇ ਕਰੋਪੀ ਨਾਲ ਵੀ ਰਿਸ਼ਤਾ ਹੈ। ਆਮ ਤੌਰ ਤੇ ਪੱਕੀ ਕਣਕ ਉੱਪਰ ਗੜ੍ਹੇ, ਹਨੇਰੀਆਂ ਦੀ ਬਰਸਾਤ ਬਹੁਤੀ ਵਾਰ ਹੋ ਜਾਂਦੀ ਹੈ।ਇਸ ਲਈ ਕਿਹਾ ਵੀ ਜਾਂਦਾ ਹੈ "ਕਿੱਥੇ ਰੱਖ ਲਾਂ, ਲੁਕੋ ਕੇ, ਤੈਨੂੰ ਕਣਕੇ, ਨੀ ਰੁੱਤ ਬੇਈਮਾਨ ਹੋ ਗਈ", ਕਣਕ ਤੇ ਹੁੰਦੀ ਕੁਦਰਤੀ ਕਰੋਪੀ ਨੂੰ ਸਾਹਿਤ ਨੇ ਤਰਾਸ਼ਿਆ ਹੈ:-

"ਗੜਿਓ ਅਹਿਣੋਂ ਕੁੰਗੀਓ,
ਪੈਂਦਾ ਨਹੀਂ ਵਿਸਾਹ,
ਪੱਕੀ ਖੇਤੀ ਵੇਖ ਕੇ
ਗਰਬ ਕਰੇ ਕਿਰਸਾਨ,
ਵਾਹੋ, ਝੱਖੜ, ਝੋਲਿਓ,
ਘਰ ਆਵੇ ਤਾਂ ਜਾਣ,


ਫ਼ਸਲ ਦੀ ਆਮਦ ਨੂੰ ਕਿਸਾਨ ਨੇ ਕੁਦਰਤ ਦੇ ਭਰੋਸੇ ਛੱਡ ਦਿੱਤਾ ਹੈ।

## ਪੁਸਤਕ ਸਮੀਖਿਆ

# "ਸਿੱਖ ਰਹਿਤ ਮਰਯਾਦਾ-ਪ੍ਰਮਾਣਾਂ ਸਹਿਤ"

ਲੇਖਕ: ਮਨਵੀਰ ਸਿੰਘ ਯੂ ਕੇ; ਪ੍ਰਕਾਸ਼ਕ: ਖਾਲਸਾ ਫਾਊਂਡੇਸ਼ਨ ਪਬਲਿਸ਼ਿੰਗ ਹਾਊਸ, ਯੂ ਕੇ ਸਫੇ: 520; ਭੇਟਾ: 375 ਰੁਪਏ ਭਾਰਤ; ਧ25 ਯੂ ਕੇ, ਯੂਰਪ; ਹੋਰ ਦੇਸ਼ਾਂ ਵਿਚ 30 ਅਮਰੀਕੀ ਡਾਲਰ
ਮਿਲਣ ਦਾ ਪਤਾ:
info@khalsafoundation.org;
www.khalsashop.com

ਭਾਈ ਮਨਵੀਰ ਸਿੰਘ ਨੇ ਹਥਲ਼ੀ ਕਿਰਤ ਨਾਲ ਸਿੱਖ ਸਾਹਿਤ ਦੀ ਵਿਆਖਿਆ ਲੜੀ ਵਿਚ ਅਨੂਠੀ ਤੇ ਪਲੇਠੀ ਦਸਤਕ ਦਿੱਤੀ ਹੈ। ਉਨ੍ਹਾਂ ਨੇ ਕੌਮ ਨੂੰ ਆਪਣੀਆਂ ਰਵਾਇਤਾਂ, ਪ੍ਰੰਪਰਾਵਾਂ ਤੇ ਪਰਪਾਟੀਆਂ ਤੋਂ ਭਾਵ ਪੂਰਤ, ਪ੍ਰਮਾਣਾਂ ਸਾਹਿਤ ਜਾਗਰੂਕ ਕਰਨ ਦਾ ਉਪਰਾਲਾ ਕੀਤਾ ਹੈ, ਜਿਸ ਦਾ ਅਸੀਂ ਸਵਾਗਤ ਕਰਦੇ ਹਾਂ। ਪੰਥਕ ਪ੍ਰਮਾਣਤ ਸਿੱਖ ਰਹਿਤ ਮਰਯਾਦਾ ਬਹੁਤ ਸੰਕੋਚਵੇਂ ਸ਼ਬਦਾਂ ਦਾ ਕਿਤਾਬਚਾ ਹੈ ਜਿਸ ਕਰਕੇ ਉਸ ਦੀ ਵਿਆਖਿਆ ਹੋਣੀ ਲਾਜ਼ਮੀ ਹੈ। ਇਹ ਪੁਸਤਕ ਇਸੇ ਉਦੇਸ਼ ਨਾਲ ਲਿਖੀ ਗਈ ਹੈ ਅਤੇ ਪਹਿਲੀਆਂ ਛਪੀਆਂ ਵਿਆਖਿਆਵਾਂ ਤੋਂ ਕਈ ਗੱਲਾਂ ਵਿਚ ਨਿਵੇਕਲੀ ਹੈ। ਭਾਈ ਮਨਵੀਰ ਸਿੰਘ ਨੇ ਹਰ ਮੱਦ ਦੀ ਪਿੱਠਭੂਮੀ ਨੂੰ ਰਹਿਤਨਾਮਿਆਂ ਅਤੇ ਹੋਰ ਇਤਿਹਾਸਕ ਸ੍ਰੋਤਾਂ ਦੇ ਹਵਾਲਿਆਂ ਨਾਲ ਬਿਆਨ ਕੀਤਾ ਹੈ ਤੇ ਅਕੱਟ ਦਲੀਲਾਂ ਦਿੱਤੀਆਂ ਹਨ। ਦੁਬਿਧਾ ਵਾਲੀਆਂ ਮੱਧਾਂ ਬਾਰੇ ਢੁਕਵੇਂ ਇਤਿਹਾਸਕ ਪ੍ਰਮਾਣ ਪੇਸ਼ ਕਰਕੇ ਹਰ ਪਾਠਕ ਨੂੰ ਆਪਣਾ ਨਿਰਣਾ ਆਪ ਕਰਨ ਦੇ ਕਾਬਿਲ ਬਣਾਇਆ ਹੈ।



ਇਹ ਵਿਆਖਿਆ ਸਾਨੂੰ ਯਾਦ ਕਰਾਉਂਦੀ ਹੈ ਕਿ 20ਵੀਂ ਸਦੀ ਦੇ ਸ਼ੁਰੂਆਤੀ ਦੌਰ ਵਿਚ ਸਿੱਖ ਸੰਸਥਾਵਾਂ ਅਤੇ ਸਿੱਖਾਂ ਦੇ ਜੀਵਨ ਵਿਚ ਆ ਰਹੀਆਂ ਤਬਦੀਲੀਆਂ ਜਿਵੇਂ ਕਿ ਸਿੱਖ ਧਰਮ ਵਿਚ ਹਿੰਦੂ ਮੱਤ ਅਤੇ ਹੋਰ ਗੈਰ ਸਿੱਖ ਅਮਲਾਂ ਦੀ ਘੁਸਪੈਠ ਤੋਂ ਪੇਸ਼ ਚੁਣੌਤੀਆਂ ਨੂੰ ਸਾਡੇ ਬਜ਼ੁਰਗਾਂ ਨੇ ਕਿਵੇਂ ਨਜਿਠਿਆ ਅਤੇ ਇਕਸਾਰਤਾ ਲਈ ਸੇਧਕ ਮੱਧ ਮਾਰਗ ਸਿਖ ਰਹਿਤ ਮਰਯਾਦਾ ਦਾ ਉਲੇਖ ਕੀਤਾ। ਅਜੋਕੇ ਸਮੇਂ ਵਿਚ ਵੀ ਐਸੀਆਂ ਚੁਣੌਤੀਆਂ ਮੁੜ ਸੁਰਜੀਤ ਹੀ ਨਹੀਂ ਬਲਕਿ ਵਿਸਥਾਰਤ ਹੋਈਆਂ ਹਨ ਅਤੇ ਅਣਜਾਣ ਸਿੱਖਾਂ ਦਾ ਧਰਮ ਪਰਵਰਤਨ ਕੀਤਾ ਜਾ ਰਿਹਾ ਹੈ। ਸਿੱਖ ਜਾਗਰੂਕਤਾ ਲਈ ਹੱਥਲੀ ਪੁਸਤਕ ਇਕ ਚਾਨਣ ਮੁਨਾਰਾ ਹੈ ਜਿਸ ਨੂੰ ਪੜ੍ਹ ਕੇ ਹਰ ਸਿੱਖ ਆਪਣੀਆਂ ਰਹੁਰੀਤਾਂ ਅਤੇ ਗੁਰੂ ਹੁਕਮਾਂ ਤੋਂ ਜਾਣੂ ਹੋ ਕੇ ਗੁਮਰਾਹ ਹੋਣ ਤੋਂ ਬਚ ਸਕਦਾ ਹੈ। ਇਹ ਪੁਤਸਕ ਸਾਨੂੰ ਸਿੱਖੀ ਸਿਧਾਤਾਂ ਤੇ ਪਹਿਰਾ ਦੇਣ ਅਤੇ ਆਪਣੀ ਵਿਲੱਖਣ ਪਛਾਣ ਨੂੰ ਕਾਇਮ ਰੱਖਣ ਲਈ ਪ੍ਰੇਰਤ ਕਰਦੀ ਹੈ। ਇਹ ਨਾ ਸਿਰਫ ਸਿਧਾਂਤਕ ਪੇਸ਼ਕਾਰੀ ਹੈ, ਬਲਕਿ ਇਕ ਵਿਹਾਰਕ ਮਾਰਗ ਦਰਸ਼ਨ ਵੀ ਹੈ, ਜੋ ਸਾਨੂੰ ਰੋਜ਼ਮਰਾ ਜ਼ਿੰਦਗੀ ਵਿਚ ਗੁਰੂ ਹੁਕਮਾਂ ਨੂੰ ਲਾਗੂ ਕਰਨ ਅਤੇ ਸੱਚੇ ਗੁਰਸਿਖ ਜੀਵਨ ਜਿਊਣ ਲਈ ਪ੍ਰੇਰਕ ਅਤੇ ਸਹਾਇਕ ਹੁੰਦੀ ਹੈ। ਭਾਈ ਮਨਵੀਰ ਸਿੰਘ ਪੱਛਮੀ ਸਭਿਅਤਾ ਦੇ ਜੰਮਪਲ ਰਹਿਤਵਾਨ ਸਿੱਖ ਹਨ। ਉਹ ਗਰੈਜੂਏਟ ਅਤੇ ਐਮ ਫਿਲ ਹਨ, ਸਕੂਲ ਅਧਿਆਪਕ, ਲੰਮੇ ਸਮੇਂ ਤੋਂ ਸਿੱਖ ਚੈਪਲਿਨ ਤੇ ਨਿਸ਼ਕਾਮ ਸਿੱਖੀ ਪ੍ਰਚਾਰ ਕਰਦੇ ਆ ਰਹੇ ਹਨ। ਨਵੀਂ ਪੀੜ੍ਹੀ ਉਨ੍ਹਾਂ ਦੇ ਲੈਕਚਰਾਂ ਤੋਂ ਬਹੁਤ ਪ੍ਰਭਾਵਤ ਹੈ। ਉਹ ਗੁਰਬਾਣੀ ਵਿਚਾਰ ਤੇ ਸਿੱਖ ਇਤਿਹਾਸ ਦੇ ਪ੍ਰੋੜ ਵਿਆਖਿਆਕਾਰ ਹਨ ਜਿਸ ਦਾ ਪ੍ਰਮਾਣ ਇਹ ਪੁਸਤਕ ਹੈ। ਅਸੀਂ ਮਨਵੀਰ ਸਿੰਘ ਨੂੰ ਇਸ ਸ਼ਾਨਦਾਰ ਤੇ ਪਾਏਦਾਰ ਕਾਰਜ ਲਈ ਵਧਾਈ ਦੇਂਦੇ ਹਾਂ ਅਤੇ ਆਸ ਕਰਦੇ ਹਾਂ ਕਿ ਇਹ ਪੁਸਤਕ ਸਿੱਖ ਜਗਤ ਵਿਚ ਹੋਰ ਸਪਸ਼ਟਤਾ ਨਾਲ ਵਿਚਾਰਧਾਰਕ ਪਰਪਕਤਾ ਨੂੰ ਜਨਮ ਦੇਵੇਗੀ।

# ਅਮਰੀਕਾ ਦੀਆਂ ਪ੍ਰਮੁੱਖ ਯੁਨੀਵਰਸਿਟੀਆਂ ਦੇ ਅਨੇਕਾਂ ਕੌਮਾਂਤਰੀ ਵਿਦਿਆਰਥੀਆਂ ਦੇ ਵੀਜ਼ੇ ਰੱਦ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਯੂ ਐਸ ਇਮੀਗ੍ਰੇਸ਼ਨ ਪ੍ਰਸ਼ਾਸਨ ਵੱਲੋਂ ਹਾਵਰਡ, ਟਫਟਸ ਤੇ ਸਟੈਂਫੋਰਡ ਸਮੇਤ ਪ੍ਰਮੁੱਖ ਯੁਨੀਵਰਸਿਟੀਆਂ ਦੇ ਅਨੇਕਾਂ ਕੌਮਾਂਤਰੀ ਵਿਦਿਆਰਥੀਆਂ ਦੇ ਵੀਜ਼ੇ ਰੱਦ ਕਰ ਦੇਣ ਦੀ ਖਬਰ ਹੈ। ਮਾਸ ਮੀਡੀਆ ਬਲੂਮਬਰਗ ਅਨੁਸਾਰ ਇਮੀਗ੍ਰੇਸ਼ਨ ਪ੍ਰਸ਼ਾਸਨ ਦੀ ਇਸ ਕਾਰਵਾਈ ਨੇ ਯੁਨੀਵਰਸਿਟੀਆਂ ਦੇ ਅਧਿਕਾਰੀਆਂ ਨੂੰ ਹੈਰਾਨ ਕਰ ਦਿੱਤਾ ਹੈ। ਜਿਨਾਂ ਵਿਦਿਆਰਥੀਆਂ ਦੇ ਵੀਜ਼ੇ ਰੱਦ ਕੀਤੇ ਗਏ ਹਨ ਉਨਾਂ ਵਿਚ ਯੁਨੀਵਰਸਿਟੀਆਂ ਵਿਚ ਇਸ ਸਮੇ ਪੜ ਰਹੇ ਵਿਦਿਆਰਥੀ ਤੇ ਹਾਲ ਹੀ ਵਿਚ ਗਰੈਜੂਏਟ ਬਣੇ ਵਿਦਿਆਰਥੀ ਵੀ ਸ਼ਾਮਿਲ ਹਨ। ਲਾਸ ਏਂਜਲਸ ਟਾਈਮਜ਼ ਦੀ ਰਿਪੋਰਟ ਅਨੁਸਾਰ ਇਕੱਲੇ ਕੈਲੀਫੋਰਨੀਆ ਵਿਚ ਯੂ ਸੀ ਐਲ ਏ, ਯੂ ਸੀ ਬਰਕਲੇ, ਯੂ ਸੀ ਡੇਵਿਸ, ਯੂ ਸੀ ਸੈਨ ਡਇਏਗੋ, ਯੂ ਸੀ ਸਾਂਤਾ ਕਰੂਜ਼ ਤੇ ਸਟੈਂਫੋਰਡ ਸਮੇਤ ਅਨੇਕਾਂ ਸਿੱਖਿਆ ਸੰਸਥਾਵਾਂ ਦੇ ਦਰਜ਼ਨਾਂ ਵਿਦਿਆਰਥੀਆਂ ਦੇ ਵੀਜ਼ੇ ਰੱਦ ਕਰ ਦਿੱਤੇ ਗਏ ਹਨ। ਸਟੈਂਫੋਰਡ ਦੇ ਅਧਿਕਾਰੀਆਂ ਨੇ ਕਿਹਾ ਹੈ ਕਿ ਉਨਾਂ ਨੂੰ ਆਪਣੇ 6 ਵਿਦਿਆਰਥੀਆਂ ਦੇ ਵੀਜ਼ੇ ਰੱਦ ਕਰ ਦੇਣ ਬਾਰੇ ਜਾਣਕਾਰੀ ਹੈ। ਉਨਾਂ ਇਹ ਵੀ ਕਿਹਾ ਹੈ ਕਿ ਜੇਕਰ ਕਾਨੂੰਨੀ ਮਜਬੂਰੀ ਨਾ ਹੋਵੇ ਤਾਂ ਉਹ ਇਮੀਗ੍ਰੇਸ਼ਨ ਪ੍ਰਸ਼ਾਸਨ ਨਾਲ ਵਿਦਿਆਰਥੀਆਂ ਦਾ ਨਿੱਜੀ ਰਿਕਾਰਡ ਸਾਂਝਾ ਨਹੀਂ ਕਰਦੇ। ਹਾਵਰਡ ਦੇ 3 ਮੌਜੂਦਾ ਤੇ 2 ਸਾਬਕਾ ਗਰੈਜੂਏਟ ਵਿਦਿਆਰਥੀਆਂ ਦੇ ਵੀਜ਼ੇ ਰੱਦ ਕਰ ਦਿੱਤੇ ਹਨ। ਏ ਪੀ ਦੀ ਇਕ ਰਿਪੋਰਟ ਵਿਚ ਡਾਰਟਮਾਊਥ ਕਾਲਜ, ਮਿਨੇਸੋਟਾ ਸਟੇਟ ਯੁਨੀਵਰਸਿਟੀ, ਐਰੀਜ਼ੋਨਾ ਸਟੇਟ ਯੁਨੀਵਰਸਿਟੀ ਤੇ ਯੁਨੀਵਰਸਿਟੀ ਆਫ ਓਰੇਗੋਨ ਦੇ ਕਈ ਵਿਦਿਆਰਥੀਆਂ ਦੇ ਵੀਜ਼ੇ ਰੱਦ ਕਰ ਦੇਣ ਦੀ ਪੁਸ਼ਟੀ ਕੀਤੀ ਗਈ ਹੈ।

# ਫਿਲਮ 'ਅਕਾਲ' ਪੰਜਾਬੀ ਫਿਲਮ ਇਤਿਹਾਸ ਨਾਲ ਫਰਾਡ

## ✪ ਉਨੀਵੀਂ ਸਦੀ ਦਾ ਵਾਤਾਵਰਨ ਨਹੀਂ ਸਿਰਜ ਸਕੀ ✪ ਸਿੱਖ ਕਿਰਦਾਰ ਵਾਲੀਆਂ ਫਿਲਮਾਂ ਦਾ ਵਿਰੋਧ ਕਰਨਾ ਠੀਕ ਨਹੀਂ

ਪੰਜਾਬੀ ਫਿਲਮ 'ਅਕਾਲ' ਦੀ ਸਟੋਰੀ ਜੁਝਾਰੂ ਸਿਖ ਇਤਿਹਾਸ ਵਰਗੀ ਨਹੀਂ, ਕਬੀਲਾ ਟਕਰਾਅ ਦਾ ਬਿਰਤਾਂਤ ਸਿਰਜਦੀ ਹੈ। ਇੱਕ ਪਿੰਡ ਦੇ ਵਾਸੀਆਂ ਦਾ ਇੱਕ ਖ਼ਤਰਨਾਕ ਗੈਂਗ ਮਾਸਖਾਣੇ ਨਾਲ ਸੰਘਰਸ਼ ਹੈ, ਜਿਹਨਾਂ ਦਾ ਮੁੱਖੀ ਜੰਗੀ ਹੈ। ਪਿੰਡ ਵਾਸੀ ਸਿੱਖੀ ਸਰੂਪ ਦੇ ਧਾਰਨੀ ਹਨ, ਹਜ਼ੂਰ ਸਿੰਘ ਇਹਨਾਂ ਦਾ ਸਿਆਣਾ ਬਜ਼ੁਰਗ ਹੈ ਤੇ ਅਕਾਲ ਸਿੰਘ ਪਿੰਡ ਦਾ ਸਿੱਖ ਯੋਧਾ ਹੈ ਜੋ ਆਪਣੇ ਪਰਿਵਾਰ ਨਾਲ ਪਿੰਡ ਵਿਚ ਰਹਿੰਦਾ ਹੈ। ਦਰਿਆ ਪਾਰ ਜੰਗੀ ਦਾ ਖੇਮਾ ਹੈ ਜੋ ਲੁੱਟ ਮਾਰ ਕਰਦੇ ਹਨ ਤੇ ਪਿੰਡਾਂ ਨੂੰ ਬਰਬਾਦ ਕਰ ਦਿੰਦੇ ਹਨ। ਲੜਕੀਆਂ ਨੂੰ ਜਬਰੀ ਉਧਾਲ ਲੈਂਦੇ ਹਨ। ਫਿਲਮ ਸਿੱਖ ਇਤਿਹਾਸ ਨਾਲ ਸਬੰਧਿਤ ਨਹੀਂ ਜਿਵੇਂ ਫਿਲਮ ਪ੍ਰੋਡਿਊਸਰ ਨੇ ਦਾਅਵਾ ਕੀਤਾ ਹੈ ਕਿ ਇਹ 1840 ਬਾਅਦ ਦੀ ਮਿਥਕ ਕਹਾਣੀ ਹੈ ਜੋ ਫਿਲਮੀ ਕਹਾਣੀਕਾਰਾਂ ਦੇ ਦਿਮਾਗ ਦੀ ਉਪਜ ਹੈ ਅਤੇ ਪਾਤਰ ਵੀ ਕਲਪਨਿਕ ਹਨ।

ਸ਼ੁਰੂਆਤ ਵਿਚ ਜ਼ਰੂਰ ਮਹਾਰਾਜਾ ਰਣਜੀਤ ਸਿੰਘ ਅਤੇ ਜਰਨੈਲ ਹਰੀ ਸਿੰਘ ਨਲੂਆ ਦੀ ਗੱਲ ਕੀਤੀ ਗਈ ਪਰ ਇਹ ਫਿਲਮ ਨੂੰ ਰੋਚਿਕ ਬਣਾਉਣ ਲਈ ਅਜਿਹਾ ਸਹਾਰਾ ਲਿਆ ਗਿਆ ਜੋ ਕਿ ਸਿੱਖ ਇਤਿਹਾਸ ਨਾਲ ਫਰਾਡ ਹੈ।

ਫਿਲਮ ਦੀ ਕਹਾਣੀ ਜੋ ਦੱਸੀ ਗਈ ਤੇ ਜੋ 1840 ਤੋਂ ਦੇ ਸਮੇਂ ਨਾਲ ਜੋੜੀ ਗਈ ਹੈ। ਇਸ ਮੁਤਾਬਿਕ ਕਹਾਣੀ ਤੇ ਫਿਲਮ ਦਾ ਚਿੱਤਰਨ ਮੇਲ ਨਹੀਂ ਖਾਂਦਾ। ਉਸ ਸਮੇਂ ਵਿਚ ਜਦੋਂ ਕਿ




ਅੰਗਰੇਜ਼ ਪੰਜਾਬ ਵਿਚ ਆ ਚੁਕੇ ਸਨ ਨਾ ਤਾਂ ਫਿਲਮ ਵਿਚ ਉਹਨਾਂ ਦਾ ਕੋਈ ਜ਼ਿਕਰ ਹੈ ਤੇ ਨਾ ਹੀ ਉਸ ਸਮੇਂ ਮੁਤਾਬਿਕ ਕਹਾਣੀ ਤੇ ਵਾਤਾਵਰਨ ਹੈ। ਇਤਿਹਾਸ ਨਾਲ ਫਿਲਮ ਦਾ ਕੋਈ ਲੈਣਾ ਦੇਣਾ ਨਹੀਂ। ਇਸ ਵਿਚ ਅਦਾਕਾਰਾਂ ਨੇ ਜੋ ਪਹਿਰਾਵਾ ਪਹਿਨਿਆ ਹੈ ਉਹ ਉਸ ਸਮੇਂ ਦੇ ਜੁਝਾਰੂ ਸਿੱਖਾਂ ਅਨੁਸਾਰ ਨਹੀਂ ਹੈ। ਓਹ ਅੱਜ ਕੱਲ੍ਹ ਦਾ ਮਾਡਰਨ ਪਹਿਰਾਵਾ ਦਿਖਾਈ ਦਿੰਦਾ ਹੈ। ਫਿਲਮ ਅੰਦਰ ਕਲਾਤਮਕਤਾ ਦੀ ਕਮੀ ਹੈ ਜੋ ਦਰਸ਼ਕਾਂ ਨੂੰ ਬੋਰ ਕਰਦੀ ਹੈ। ਫਿਲਮ ਦਾ ਕੈਨਵਸ ਕੋਈ ਵੱਡਾ ਨਹੀਂ, ਇਕ ਕਲਪਨਿਕ ਪਿੰਡ ਦੇ ਵਾਸੀ ਇਕ ਗੈਂਗ ਨਾਲ ਲੜ ਰਹੇ ਹਨ, ਇੱਥੇ ਕੋਈ ਕੌਮੀ ਲੜਾਈ ਨਹੀਂ ਦਿਖਾਈ ਦਿੰਦੀ ਨਾ ਹੀ ਸਿਖ ਇਤਿਹਾਸ ਦਾ ਮਿਸ਼ਨ ਦਿਖਾਈ ਦਿੰਦਾ ਹੈ। ਇਹ ਸਿੱਖ ਦਾਰਸ਼ਨਿਕਤਾ ਤੇ ਸਿੱਖ ਸਿਧਾਂਤ ਤੋਂ ਆਭਿਜ ਹੈ। ਹਜੂਰ ਸਿੰਘ ਸਿੱਖ ਸਿਧਾਂਤ ਦੇ ਉਲਟ ਇਹ ਕਹਿੰਦਾ ਦਿਖਾਈ ਦਿੰਦਾ ਹੈ ਕਿ ਸਿੱਖ ਗਰੀਬ ਤੇ ਗਊ ਦਾ ਰਖਿਅਕ ਹੈ। ਜਦ ਕਿ ਸਿੱਖ ਪੰਥ ਨੇ ਕੋਈ ਜੰਗ ਗਊ ਰਖਿਆ ਲਈ ਨਹੀਂ ਲੜੀ। ਗਰੀਬਾਂ ਦੇ ਸੰਗ ਸਾਥ ਖਾਲਸਾ ਜਰੂਰ ਰਿਹਾ ਹੈ। ਇਹ ਸੱਚ ਹੈ ਕਿ ਸਿੱਖਾਂ ਦੀ ਕੋਈ ਫਿਲਮ ਬਨਾਉਣਾ ਔਖਾ ਕਾਰਜ ਹੈ।

ਸਿੱਖ ਗੁਰੂ ਸਾਹਿਬਾਨ ਜਾਂ ਗੁਰੂ ਕਾਲ ਦੇ ਸਿੱਖ ਸ਼ਹੀਦਾਂ ਤੇ ਫਿਲਮ ਪ੍ਰਵਾਨ ਨਹੀਂ ਕੀਤੀ ਜਾਂਦੀ ਸਿੱਖ ਪੰਥ ਇਸ ਪਖੋਂ ਕਲੀਅਰ ਹੈ। ਹਰ ਫਿਲਮਕਾਰ ਨੂੰ ਪਰ ਸਿੱਖ ਕਿਰਦਾਰਾਂ ਨੂੰ ਲੈ ਕੇ ਕਲਪਨਿਕ ਕਹਾਣੀਆਂ ਤੇ ਰੋਕ ਲਾਉਣੀ ਗਲਤ ਹੈ। ਨਹੀਂ ਤਾਂ ਸਿੱਖ ਕਿਰਦਾਰ ਸਿਨੇਮਾ ਵਿਚੋਂ ਗਾਇਬ ਹੋ ਜਾਵੇਗਾ। ਚੰਗੇ ਸਿੱਖ ਕਿਰਦਾਰ ਪੇਸ਼ ਹੋਣੇ ਚਾਹੀਦੇ ਹਨ।

ਪੰਜਾਬ ਦੇ ਕੁਝ ਸ਼ਹਿਰਾਂ ਵਿੱਚ ਪੰਜਾਬੀ ਫਿਲਮ ਅਕਾਲ ਨੂੰ ਲੈ ਕੇ ਹੋਏ ਵਿਵਾਦ ਤੋਂ ਬਾਅਦ ਗਿੱਪੀ ਗਰੇਵਾਲ ਦੀ ਪਹਿਲੀ ਪ੍ਰਤੀਕਿਰਿਆ ਸਾਹਮਣੇ ਆਈ ਹੈ। ਉਹਨਾਂ ਆਪਣੇ ਸੋਸ਼ਲ ਮੀਡੀਆ ਖਾਤੇ 'ਤੇ ਦਸ ਮਿੰਟ ਦਾ ਵੀਡੀਓ ਪੋਸਟ ਕਰਦਿਆਂ ਦਾਅਵਾ ਕੀਤਾ ਹੈ ਕਿ ਫਿਲਮ ਵਿੱਚ ਕੁਝ ਵੀ ਗਲਤ ਨਹੀਂ ਦਿਖਾਇਆ ਗਿਆ ਹੈ। ਫਿਲਮ ਦਾ ਮਕਸਦ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ ਨਹੀਂ ਸੀ। ਫਿਲਮ ਵਿੱਚ ਸਾਰੇ ਜ਼ਰੂਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕੀਤੀ ਗਈ ਹੈ। ਗਿੱਪੀ ਨੇ ਸਾਰਿਆਂ ਨੂੰ ਪਹਿਲਾਂ ਫਿਲਮ ਦੇਖਣ ਦੀ ਬੇਨਤੀ ਕੀਤੀ ਹੈ, ਤਾਂ ਜੋ ਜੇਕਰ ਕੋਈ ਕਮੀਆਂ ਹਨ, ਤਾਂ ਉਨ੍ਹਾਂ ਨੂੰ ਸੁਧਾਰਿਆ ਜਾ ਸਕੇ। ਗਿੱਪੀ ਅਨੁਸਾਰ ਫਿਲਮ ਵਿੱਚ ਕੁਝ ਵੀ ਇਤਰਾਜ਼ਯੋਗ ਨਹੀਂ ਹੈ ਅਤੇ ਫਿਲਮ ਬਣਾਉਣ ਤੋਂ ਪਹਿਲਾਂ, ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੇ ਸਾਰੇ ਦਿਸ਼ਾ-ਨਿਰਦੇਸ਼ਾਂ ਬਾਰੇ ਜਾਣਕਾਰੀ ਲਈ ਅਤੇ ਉਨ੍ਹਾਂ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ।

ਦੱਸ ਦੇਈਏ ਕਿ 'ਅਕਾਲ' ਫ਼ਿਲਮ 'ਚ ਗਿੱਪੀ ਗਰੇਵਾਲ, ਗੁਰਪ੍ਰੀਤ ਘੁੱਗੀ, ਨਿਮਰਤ ਖਹਿਰਾ, ਪ੍ਰਿੰਸ ਕੰਵਲਜੀਤ ਸਿੰਘ, ਨਿਕੀਤੀਨ ਧੀਰ, ਮੀਤਾ ਵਸ਼ਿਸ਼ਟ, ਸ਼ਿੰਦਾ ਗਰੇਵਾਲ, ਏਕਮ ਗਰੇਵਾਲ, ਅਸ਼ੀਸ਼ ਦੁੱਗਲ, ਭਾਨਾ ਐੱਲ. ਏ. ਤੇ ਜਰਨੈਲ ਸਿੰਘ ਅਹਿਮ ਕਿਰਦਾਰਾਂ ਦੀ ਭੂਮਿਕਾ ਨਿਭਾ ਰਹੇ ਹਨ

ਮਾਮਲਾ ਨੈਸ਼ਨਲ ਹੈਰਾਲਡ ਦਾ

# ਈ.ਡੀ. ਵਲੋਂ ਸੋਨੀਆ ਤੇ ਰਾਹੁਲ ਖ਼ਿਲਾਫ਼ ਦੋਸ਼ ਪੱਤਰ ਦਾਇਰ

## ✪ ਮਾਮਲੇ ਦੀ ਸੁਣਵਾਈ 25 ਅਪ੍ਰੈਲ ਨੂੰ

ਨਵੀਂ ਦਿੱਲੀ-ਇਨਫੋਰਸਮੈਂਟ ਡਾਇਰੈਕਟੋਰੇਟ (ਈ. ਡੀ.) ਨੇ ਕਾਂਗਰਸ ਦੇ ਨੈਸ਼ਨਲ ਹੈਰਾਲਡ ਅਖ਼ਬਾਰ ਅਤੇ ਐਸੋਸੀਏਟਿਡ ਜਰਨਲਸ ਲਿਮਿਟਿਡ (ਏ .ਜੇ. ਐਲ.) ਨਾਲ ਜੁੜੇ 988 ਕਰੋੜ ਰੁਪਏ ਦੇ ਹਵਾਲਾ ਰਾਸ਼ੀ ਦੇ ਦੋਸ਼ਾਂ ਦੇ ਮਾਮਲੇ 'ਚ ਬੀਤੇ ਮੰਗਲਵਾਰ ਨੂੰ ਦਿੱਲੀ ਦੀ ਰਾਊਜ਼ ਐਵੇਨਿਊ ਅਦਾਲਤ ਵਿਚ ਦੋਸ਼ ਪੱਤਰ ਦਾਇਰ ਕੀਤਾ ਹੈ, ਜਿਸ 'ਚ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਦੇ ਵੀ ਨਾਂਅ ਹਨ। ਦੋਵਾਂ ਖ਼ਿਲਾਫ਼ ਪਹਿਲੀ ਵਾਰ ਦੋਸ਼ ਪੱਤਰ ਦਾਇਰ ਕੀਤਾ ਗਿਆ ਹੈ। ਈ.ਡੀ. ਨੇ ਇਸ ਮਾਮਲੇ 'ਚ ਸੈਮ ਪਿਤਰੋਦਾ ਅਤੇ ਸੁਮਨ ਦੂਬੇ ਨੂੰ ਵੀ ਦੋਸ਼ੀ ਵਿਅਕਤੀ ਵਜੋਂ ਨਾਮਜ਼ਦ ਕੀਤਾ ਹੈ। ਰਾਊਜ਼ ਐਵੇਨਿਊ ਅਦਾਲਤ 'ਚ ਇਸ ਮਾਮਲੇ ਦੀ ਸੁਣਵਾਈ 25 ਅਪ੍ਰੈਲ ਨੂੰ ਹੋਵੇਗੀ। ਅਦਾਲਤ ਨੇ ਈ.ਡੀ. ਤੋਂ ਮਾਮਲੇ ਦੀ ਕੇਸ ਡਾਇਰੀ ਵੀ ਮੰਗੀ ਹੈ। ਈ.ਡੀ. ਨੇ ਹਾਲੇ ਤੱਕ ਏ.ਜੇ.ਐਲ. ਅਤੇ 'ਯੰਗ ਇੰਡੀਆ' ਦੀ ਤਕਰੀਬਨ 661 ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕੀਤੀ ਹੈ। ਜ਼ਿਕਰਯੋਗ ਹੈ ਕਿ ਸੰਘੀ ਜਾਂਚ ਏਜੰਸੀ ਨੇ ਦਿੱਲੀ 'ਚ ਆਈ. ਟੀ. ਓ. ਸਥਿਤ ਹੈਰਾਲਡ ਹਾਊਸ, ਮੁੰਬਈ ਦੇ ਬਾਂਦਰਾ ਇਲਾਕੇ 'ਚ ਸਥਿਤ ਇਮਾਰਤ ਅਤੇ ਲਖਨਊ ਦੇ ਬਿਸ਼ੇਸ਼ਵਰ ਨਾਥ ਰੋਡ 'ਤੇ ਸਥਿਤ ਏ. ਜੇ. ਐਲ. ਇਮਾਰਤ 'ਤੇ ਨੋਟਿਸ ਚਿਪਕਾਏ ਸਨ। ਨੋਟਿਸਾਂ 'ਚ ਇਮਾਰਤਾਂ ਖਾਲੀ ਕਰਨ ਜਾਂ ਈ. ਡੀ. ਨੂੰ ਕਿਰਾਏ (ਮੁੰਬਈ ਸੰਪਤੀ ਦੇ ਮਾਮਲੇ ਵਿਚ) ਟਰਾਂਸਫਰ ਕਰਨ ਦੀ ਮੰਗ ਕੀਤੀ ਗਈ ਸੀ। ਇਹ ਕਾਰਵਾਈ ਹਵਾਲਾ ਰਾਸ਼ੀ ਰੋਕੂ ਕਾਨੂੰਨ (ਪੀ. ਐਮ. ਐਲ. ਏ.) ਦੀ ਧਾਰਾ (8) ਅਤੇ ਨਿਯਮ 5(1) ਦੇ ਤਹਿਤ ਕੀਤੀ ਗਈ। ਇਹ ਅਚੱਲ ਜਾਇਦਾਦ ਈ. ਡੀ. ਨੇ ਨਵੰਬਰ 2023 'ਚ ਕੁਰਕ ਕੀਤੀ ਸੀ। ਹਵਾਲਾ ਰਾਸ਼ੀ ਦਾ ਇਹ ਮਾਮਲਾ ਏ. ਜੇ. ਐਲ. ਅਤੇ 'ਯੰਗ ਇੰਡੀਅਨ' ਖ਼ਿਲਾਫ਼ ਹੈ। ਏ. ਜੇ. ਐਲ. ਹੀ ਨੈਸ਼ਨਲ ਹੈਰਾਲਡ ਨੂੰ ਪ੍ਰਕਾਸ਼ਿਤ ਕਰਦੀ ਹੈ ਅਤੇ ਇਸ ਦੀ ਮਾਲਕੀ 'ਯੰਗ ਇੰਡੀਅਨ ਪ੍ਰਾਈਵੇਟ ਲਿਮਟਿਡ' ਕੋਲ ਹੈ। ਕਾਂਗਰਸ ਆਗੂ ਸੋਨੀਆ ਗਾਂਧੀ ਤੇ ਰਾਹੁਲ ਗਾਂਧੀ 'ਯੰਗ ਇੰਡੀਅਨ' ਵਿਚ ਵੱਡੇ ਸ਼ੇਅਰ ਧਾਰਕ ਹਨ, ਜਿਨ੍ਹਾਂ ਕੋਲ 38-38 ਫ਼ੀਸਦੀ ਦੀ ਹਿੱਸੇਦਾਰੀ ਹੈ। ਈ. ਡੀ. ਨੇ ਕਿਹਾ ਕਿ ਇਹ ਸੰਪਤੀ ਦਿੱਲੀ, ਮੁੰਬਈ ਤੇ ਲਖਨਊ ਸਮੇਤ ਕਈ ਸ਼ਹਿਰਾਂ ਵਿਚ ਹੈ।



ਕੀ ਹੈ ਮਾਮਲਾ?-ਇਹ ਮਾਮਲਾ ਨੈਸ਼ਨਲ ਹੈਰਾਲਡ ਅਖ਼ਬਾਰ ਨਾਲ ਜੁੜਿਆ ਹੈ, ਜਿਸ ਦੀ ਸਥਾਪਨਾ ਸਾਲ 1938 'ਚ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਸਵਰਗੀ ਜਵਾਹਰ ਲਾਲ ਨਹਿਰੂ ਨੇ ਕੀਤੀ ਸੀ। ਉਸ ਸਮੇਂ ਇਹ ਅਖ਼ਬਾਰ ਕਾਂਗਰਸ ਦਾ ਮੁੱਖ ਪੱਤਰ ਮੰਨਿਆ ਜਾਂਦਾ ਸੀ। ਅਖ਼ਬਾਰ ਦਾ ਮਾਲਕਾਨਾ ਹੱਕ ਐਸੋਸੀਏਟਡ ਜਨਰਲ ਲਿਮਟਡ ਯਾਨੀ ਏ. ਜੇ. ਐਲ. ਕੋਲ ਸੀ, ਜੋ ਦੋ ਹੋਰ ਅਖ਼ਬਾਰ ਵੀ ਛਾਪਦੀ ਸੀ। ਹਿੰਦੀ 'ਚ ਨਵਜੀਵਨ ਅਤੇ ਉਰਦੂ 'ਚ ਕੌਮੀ ਆਵਾਜ਼। ਅਜ਼ਾਦੀ ਤੋਂ ਬਾਅਦ ਸਾਲ 1956 'ਚ ਐਸੋਸੀਏਟਡ ਜਨਰਲ ਨੂੰ ਗੈਰ-ਕਾਰੋਬਾਰੀ ਕੰਪਨੀ ਦੇ ਰੂਪ 'ਚ ਸਥਾਪਿਤ ਕੀਤਾ ਗਿਆ ਅਤੇ ਕੰਪਨੀ ਐਕਟ ਦੀ ਧਾਰਾ-25 ਦੇ ਹੇਠ ਇਸ ਨੂੰ ਟੈਕਸ ਮੁਕਤ ਕਰ ਦਿੱਤਾ ਗਿਆ। ਸਾਲ 2008 ਵਿਚ ਏ. ਜੇ. ਐਲ. ਦੇ ਸਾਰੇ ਪ੍ਰਕਾਸ਼ਨਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਅਤੇ ਕੰਪਨੀ 'ਤੇ 90 ਕਰੋੜ ਰੁਪਏ ਦਾ ਕਰਜ਼ ਵੀ ਚੜ੍ਹ ਗਿਆ। ਫਿਰ ਕਾਂਗਰਸ ਦੀ ਲੀਡਰਸ਼ਿਪ ਨੇ 'ਯੰਗ ਇੰਡੀਅਨ ਪ੍ਰਾਈਵੇਟ ਲਿਮਟਡ' ਨਾਂਅ ਦੀ ਇਕ ਹੋਰ ਗੈਰ-ਕਾਰੋਬਾਰੀ ਕੰਪਨੀ ਬਣਾਈ, ਜਿਸ 'ਚ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਸਮੇਤ ਮੋਤੀਲਾਲ ਵੋਹਰਾ, ਸੁਮਨ ਦੂਬੇ, ਆਸਕਰ ਫਰਨਾਂਡੇਜ਼ ਅਤੇ ਸੈਮ ਪਿਤਰੋਦਾ ਨੂੰ ਡਾਇਰੈਕਟਰ ਬਣਾਇਆ ਗਿਆ। ਇਸ ਨਵੀਂ ਕੰਪਨੀ 'ਚ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਕੋਲ 76 ਫ਼ੀਸਦੀ ਸ਼ੇਅਰ ਸਨ, ਜਦੋਂਕਿ ਬਾਕੀ ਦੇ 24 ਫ਼ੀਸਦੀ ਸ਼ੇਅਰ ਹੋਰਨਾਂ ਡਾਇਰੈਕਟਰਾਂ ਦੇ ਕੋਲ ਸਨ। ਕਾਂਗਰਸ ਪਾਰਟੀ ਨੇ ਇਸ ਕੰਪਨੀ ਨੂੰ 90 ਕਰੋੜ ਰੁਪਏ ਬਤੌਰ ਕਰਜ਼ਾ ਵੀ ਦਿੱਤਾ। ਇਸ ਕੰਪਨੀ ਨੇ 'ਏ. ਜੇ. ਐਲ.' ਨੂੰ ਆਪਣੇ 'ਚ ਮਿਲਾ ਲਿਆ ਸੀ। ਭਾਜਪਾ ਨੇਤਾ ਸੁਬਰਾਮਨੀਅਮ ਸਵਾਮੀ ਨੇ ਸਾਲ 2012 'ਚ ਇਕ ਪਟੀਸ਼ਨ ਦਾਇਰ ਕਰਕੇ ਕਾਂਗਰਸ ਦੇ ਨੇਤਾਵਾਂ 'ਤੇ ਧੋਖਾਧੜੀ ਦਾ ਦੋਸ਼ ਲਗਾਇਆ ਸੀ। ਉਨ੍ਹਾਂ ਆਪਣੀ ਪਟੀਸ਼ਨ 'ਚ ਦੋਸ਼ ਲਗਾਇਆ ਸੀ ਕਿ ਸਿਰਫ 50 ਲੱਖ ਰੁਪਏ 'ਚ 90.25 ਕਰੋੜ ਰੁਪਏ ਵਸੂਲਣ ਦਾ ਢੰਗ ਕੱਢਿਆ, ਜੋ ਨਿਯਮਾਂ ਦੇ ਖ਼ਿਲਾਫ਼ ਹੈ। ਪਟੀਸ਼ਨ 'ਚ ਦੋਸ਼ ਲਗਾਇਆ ਗਿਆ ਸੀ ਕਿ 50 ਲੱਖ ਰੁਪਏ 'ਚ ਨਵੀਂ ਕੰਪਨੀ ਬਣਾ ਕੇ ਏ. ਜੇ. ਐਲ. ਦੀ 2000 ਕਰੋੜ ਰੁਪਏ ਦੀ ਜਾਇਦਾਦ ਨੂੰ ਆਪਣਾ ਬਣਾਉਣ ਦੀ ਚਾਲ ਚੱਲੀ ਗਈ ਸੀ।

# ਪੰਜਾਬ ਵਿਚ ਐੱਚਆਈਵੀ ਪਾਜ਼ੇਟਿਵ ਕੇਸਾਂ ਦੀ ਦਰ ਪੂਰੇ ਦੇਸ਼ ਵਿੱਚੋਂ ਤੀਜੇ ਸਥਾਨ ਤੇ

## ✪ ਕੇਂਦਰੀ ਸਿਹਤ ਮੰਤਰਾਲੇ ਦੀ 2024-25 ਦੀ ਰਿਪੋਰਟ ਵਿੱਚ ਸਾਂਝੇ ਕੀਤੇ ਅੰਕੜੇ

ਗੁਰੂਸਰ ਸੁਧਾਰ-ਜਿੱਥੇ ਪੰਜਾਬ ਸਰਕਾਰ ਸੂਬੇ ’ਚੋਂ ਨਸ਼ਿਆਂ ਦੇ ਚੱਲ ਰਹੇ ਮਾੜੇ ਪ੍ਰਵਾਹ ਨੂੰ ਠੱਲ ਪਾਉਣ ਲਈ ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਤਹਿਤ ਨਸ਼ਿਆਂ ਦੇ ਸੌਦਾਗਰਾਂ ਨੂੰ ਕਾਬੂ ਕਰ ਰਹੀ ਹੈ। ਇਥੇ ਹੀ ਹੁਣ ਇੱਕ ਕੇਂਦਰੀ ਰਿਪੋਰਟ ਨੇ ਪੰਜਾਬ ਨੂੰ ਇੱਕ ਦੁਵਿਧਾ ਵਿੱਚ ਪਾ ਦਿੱਤਾ ਜਿਸ ਵਿੱਚ ਉਨ੍ਹਾਂ ਦਾ ਕਹਿਣਾ ਹੈ ਕਿ ਇਸ ਸੂਬੇ ’ਚ ਐੱਚਆਈਵੀ ਪਾਜ਼ੇਟਿਵ ਕੇਸਾਂ ਦੀ ਦਰ ਪੂਰੇ ਦੇਸ਼ ਵਿੱਚੋਂ ਤੀਜੇ ਸਥਾਨ ਤੇ ਹੈ ਜੋਕਿ ਇੱਕ ਬਹੁਤ ਹੀ ਗੰਭੀਰ ਅਤੇ ਵਿਚਾਰਣਯੋਗ ਵਿਸ਼ਾ ਹੈ।

ਕੇਂਦਰੀ ਸਿਹਤ ਮੰਤਰਾਲੇ ਦੀ 2024-25 ਦੀ ਰਿਪੋਰਟ ਵਿੱਚ ਸਾਂਝੇ ਕੀਤੇ ਅੰਕੜਿਆਂ ਦੇ ਅਨੁਸਾਰ ਪੰਜਾਬ ਦੇਸ਼ ਭਰ ਦੇ ਐੱਚਆਈਵੀ ਟੈਸਟਾਂ ਦੌਰਾਨ ਪਾਈ ਜਾ ਰਹੀ ਪਾਜ਼ੇਟਿਵ ਦਰ ਦਾ ਵਾਧਾ ਦੇਸ਼ ਦੇ ਸਭ ਤੋਂ ਵੱਧ ਪ੍ਰਭਾਵਿਤ ਰਾਜਾਂ ’ਚ ਮੌਜੂਦਾ ਦਰ 1.27 ਨਾਲ ਤੀਜੇ ਸਥਾਨ ਤੇ ਹੈ ਅਤੇ ਪੰਜਾਬ ਦੀ ਇਹ ਦਰ ਰਾਸਟਰੀ ਔਸਤ 0.41 ਦੇ ਮੁਕਾਬਲੇ ਤੋਂ ਵੀ ਜ਼ਿਆਦਾ ਹੈ। ਸਿਹਤ ਮੰਤਰਾਲੇ ਵੱਲੋਂ ਜਾਰੀ ਰਿਪੋਰਟ ਅਨੁਸਾਰ ਪੂਰੇ ਦੇਸ਼ ਵਿਚ ਇਹ ਐੱਚਆਈਵੀ ਵਾਧਾ ਦਰ ਮਿਜ਼ੋਰਮ ’ਚ 2.1 ਫੀਸਦੀ ਆਸਾਮ ’ਚ 1.74 ਫੀਸਦੀ, ਪੰਜਾਬ ’ਚ 1.27 ਫੀਸਦੀ, ਮੇਘਾਲਿਆ 1.21 ਪ੍ਰਤੀਸ਼ਤ, ਨਾਗਾਲੈਂਡ 1.12 ਪ੍ਰਤੀਸ਼ਤ, ਤ੍ਰਿਪੁਰਾ 1.06 ਪ੍ਰਤੀਸ਼ਤ, ਤੇਲੰਗਾਨਾ 0.81 ਪ੍ਰਤੀਸ਼ਤ, ਅਰੁਣਾਚਲ ਪ੍ਰਦੇਸ਼ 0.75 ਪ੍ਰਤੀਸ਼ਤ, ਦਿੱਲੀ 0.74 ਪ੍ਰਤੀਸ਼ਤ, ਆਂਧਰਾ ਪ੍ਰਦੇਸ਼ 0.71 ਪ੍ਰਤੀਸ਼ਤ, ਹਰਿਆਣਾ 0.67 ਪ੍ਰਤੀਸ਼ਤ, ਚੰਡੀਗੜ੍ਹ 0.65 ਫ਼ੀਸਦੀ ਅਤੇ ਨੈਸ਼ਨਲ ਪੱਧਰ ਤੇ ਇਹ ਐੱਚਆਈਵੀ ਪੌਜਟਿਵ ਦਰ 0.41 ਫੀਸਦੀ ਹੈ ।

ਇਸ ਤਰ੍ਹਾਂ ਪੰਜਾਬ ਤੀਜੇ ਸਭ ਤੋਂ ਉੱਚੀ ਦਰ ਵਾਲੇ ਰਾਜਾਂ ਵਿੱਚ ਸ਼ੁਮਾਰ ਹੋ ਗਿਆ ਹੈ। ਪੰਜਾਬ ਵਿੱਚ ਐੱਚਆਈਵੀ ਦੇ ਵਾਧੇ ਦਾ ਮੁੱਖ ਕਾਰਨ ਸੂਬੇ ਦੇ ਨਸੇੜੀਆਂ ਵੱਲੋਂ ਨਸ਼ੇ ਦੀ ਪੂਰਤੀ ਲਈ ਅਸੁਰੱਖਿਅਤ ਤਰੀਕੇ ਨਾਲ ਆਪਸ ਵਿੱਚ ਸਾਂਝੀਆ ਕੀਤੀਆਂ ਜਾ ਰਹੀ ਸਰਿੰਜਾਂ ਵਾਲੀਆਂ ਸੂਈਆਂ ਹਨ ਅਤੇ ਇਸ ਤੋਂ ਇਲਾਵਾ ਇਹ ਵਾਇਰਸ ਅਸੁਰੱਖਿਅਤ ਜਿਨਸੀ ਸੰਪਰਕ, ਦੂਸ਼ਿਤ ਖੂਨ ਅਤੇ ਮਾਂ ਤੋਂ ਬੱਚੇ ਦੇ ਜਣੇਪੇ ਜਾਂ ਛਾਤੀ ਦਾ ਦੁੱਧ ਚੁੰਘਾਉਣ ਦੁਆਰਾ ਵਡੇ ਪੱਧਰ ’ਤੇ ਫੈਲਦਾ ਹੈ।

ਸੂਬੇ ਵਿੱਚ ਇਸ ਸਥਿਤੀ ਦੀ ਗੰਭੀਰਤਾ ਨੂੰ ਸਮਝਦੇ ਹੋਏ, ਪੰਜਾਬ ਦੇ ਸਿਹਤ ਅਧਿਕਾਰੀਆਂ ਨੇ ਐੱਚਆਈਵੀ ਦੇ ਫੈਲਣ ਨੂੰ ਰੋਕਣ ਲਈ ਯਤਨ ਤੇਜ਼ ਕਰ ਦਿੱਤੇ ਹਨ। ਪੰਜਾਬ ਵਿੱਚ 22 ਐਂਟੀ -ਰਿਟਰੋਵਾਇਰਲ ਥੈਰੇਪੀ (ਏ.ਆਰ.ਟੀ) ਕੇਂਦਰ ਹਨ ਅਤੇ ਇੱਕ ਏ.ਆਰ.ਟੀ-ਪਲੱਸ ਸੈਂਟਰ ਮੌਜੂਦ ਹਨ, ਇਸ ਤੋਂ ਬਾਅਦ ਅਪ੍ਰੈਲ ਅਤੇ ਸਤੰਬਰ 2024 ਦੇ ਵਿਚਕਾਰ, ਕੁੱਲ 6696 ਨਵੇਂ ਲੋਕ ਜੋ ਐੱਚਆਈਵੀ ਨਾਲ ਗ੍ਰਸਤ ਹਨ , ਉਨ੍ਹਾਂ ਨੂੰ ਇਨਹਾਂ ਕੇਂਦਰਾਂ ’ਤੇ ਰਜਿਸਟਰਡ ਕੀਤਾ ਗਿਆ। ਪੰਜਾਬ ਸਿਹਤ ਵਿਭਾਗ ਦੇ ਰਿਕਾਰਡ ਅਨੁਸਾਰ ਇਨ੍ਹਾਂ ਵਿੱਚੋਂ 6594 ਵਿਅਕਤੀਆਂ ਦਾ ਇਲਾਜ ਏਆਰਟੀ ਵਿੱਚ ਸ਼ੁਰੂ ਕੀਤਾ ਗਿਆ ਸੀ ਅਤੇ 5784 ਜ਼ਿੰਦਾ ਹਨ ਅਤੇ ਇਲਾਜ ਜਾਰੀ ਹਨ।

ਰਿਪੋਰਟ ਵਿਚ ਐੱਚਆਈਵੀ ਦਾ ਫੈਲਾਅ ਮਰਦਾਂ ਦੇ ਮੁਕਾਬਲੇ ਔਰਤਾਂ ਵਿੱਚ ਵਧੇਰੇ ਦੱਸਿਆ ਗਿਆ ਹੈ। ਸੂਬੇ ਵਿੱਚ ਇਸ ਫੈਲ ਰਹੀ ਬਿਮਾਰੀ ਦੇ ਹੱਲ ਲਈ, ਸਾਰੇ ਜ਼ਿਲ੍ਹਾ ਹਸਪਤਾਲਾਂ ਅਤੇ ਚੋਣਵੇਂ ਉਪ-ਜ਼ਿਲ੍ਹਾ ਸਿਹਤ ਸਹੂਲਤਾਂ ਨੂੰ ਸਮਰਪਿਤ ਕਲੀਨਿਕ ਸਥਾਪਤ ਕੀਤੇ ਗਏ ਹਨ।

ਜਿਨ੍ਹਾਂ ’ਚ ਇਸ ਵਾਇਰਸ ਨਾਲ ਪ੍ਰਭਾਵਿਤ ਮਰੀਜ਼ਾਂ ਅਤੇ ਉਨ੍ਹਾਂ ਦੇ ਭਾਈਵਾਲਾਂ ਦੇ ਸੰਪੂਰਨ ਇਲਾਜ ਨੂੰ ਯਕੀਨੀ ਬਣਾਉਣ ਲਈ ਮੁਫ਼ਤ ਡਾਇਗਨੌਸ-ਟਿਕ ਟੈਸਟ, ਡਰੱਗ ਕਿੱਟਾਂ, ਅਤੇ ਸਲਾਹ-ਮਸ਼ਵਰਾ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।

# ਭਾਈ ਰਾਜੋਆਣਾ ਤੇ ਹੋਰ ਬੰਦੀ ਸਿੰਘਾਂ ਦੇ ਮਾਮਲੇ ’ਚ ਕੇਂਦਰ ਸਰਕਾਰ ਲਵੇ ਤੁਰੰਤ ਫੈਸਲਾ- ਐਡਵੋਕੇਟ ਧਾਮੀ

### : ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨਿਯੁਕਤੀ, ਸੇਵਾਮੁਕਤੀ ਸਬੰਧੀ ਨਿਯਮਾਵਲੀ ਲਈ ਸਿੱਖ ਜਗਤ ਵੱਧ ਤੋਂ ਵੱਧ ਸੁਝਾਅ ਭੇਜੇ- ਐਡਵੋਕੇਟ ਧਾਮੀ



ਨਵੀਂ ਦਿੱਲੀ-(ਮਨਪ੍ਰੀਤ ਸਿੰਘ ਖਾਲਸਾ):- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਐਡਵੋਕਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਅੱਜ ਹੋਈ ਇਕੱਤਰਤਾ ਵਿੱਚ ਭਾਈ ਬਲਵੰਤ ਸਿੰਘ ਰਾਜੋਆਣਾ ਤੇ ਹੋਰ ਬੰਦੀ ਸਿੰਘਾਂ ਦੇ ਮਾਮਲੇ ਵਿੱਚ ਕੇਂਦਰ ਸਰਕਾਰ ਵੱਲੋਂ ਅਪਣਾਈ ਜਾ ਰਹੀ ਟਾਲ-ਮਟੋਲ ਦੀ ਨੀਤੀ ਦੀ ਕਰੜੀ ਆਲੋਚਨਾ ਕਰਦਿਆਂ ਇਸ ਵਰਤਾਰੇ ਨੂੰ ਘੱਟਗਿਣਤੀ ਸਿੱਖਾਂ ਨਾਲ ਅਨਿਆਂ ਕਰਾਰ ਦਿੱਤਾ ਗਿਆ। ਇਸ ਸਬੰਧੀ ਇੱਕ ਵਿਸ਼ੇਸ਼ ਮਤਾ ਪਾਸ ਕਰਕੇ ਮਾਨਯੋਗ ਸੁਪਰੀਮ ਕੋਰਟ ਪਾਸੋਂ ਮੰਗ ਕੀਤੀ ਗਈ ਕਿ ਉਹ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾ ਤਬਦੀਲੀ ਸਬੰਧੀ ਤੁਰੰਤ ਫੈਸਲਾ ਲੈਣ ਲਈ ਕੇਂਦਰ ਸਰਕਾਰ ਨੂੰ ਆਦੇਸ਼ ਕਰੇ ਤਾਂ ਜੋ 2007 ਤੋਂ ਫਾਂਸੀ ਦੀ ਚੱਕੀ ਵਿੱਚ ਸਜ਼ਾ ਕੱਟ ਰਹੇ ਭਾਈ ਰਾਜੋਆਣਾ ਨੂੰ ਇਨਸਾਫ਼ ਮਿਲ ਸਕੇ।

ਇਕੱਤਰਤਾ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਭਾਈ ਬਲਵੰਤ ਸਿੰਘ ਰਾਜੋਆਣਾ ਨੇ ਉਨ੍ਹਾਂ ਤੱਕ ਇਹ ਸਨੇਹਾ ਪਹੁੰਚਾਇਆ ਹੈ ਕਿ ਸ਼੍ਰੋਮਣੀ ਕਮੇਟੀ ਉਨ੍ਹਾਂ ਸਬੰਧੀ ਪਾਈ ਗਈ ਆਪਣੀ ਪਟੀਸ਼ਨ ਵਾਪਸ ਲਵੇ ਅਤੇ ਕੇਂਦਰ ਸਰਕਾਰ ਨੂੰ ਤੁਰੰਤ ਫੈਸਲਾ ਲੈਣ ਲਈ ਕਿਹਾ ਜਾਵੇ ਕਿਉਂਕਿ ਹੁਣ ਉਹ ਜ਼ਿੰਦਗੀ ਅਤੇ ਮੌਤ ਵਿੱਚ ਕੋਈ ਫਰਕ ਨਹੀਂ ਸਮਝਦੇ। ਉਨ੍ਹਾਂ ਕਿਹਾ ਕਿ ਭਾਈ ਰਾਜੋਆਣਾ ਦੇ ਵਿਚਾਰ ਦਾ ਸ਼੍ਰੋਮਣੀ ਕਮੇਟੀ ਸਤਿਕਾਰ ਕਰਦੀ ਹੈ ਅਤੇ ਉਨ੍ਹਾਂ ਵੱਲੋਂ ਲੰਮੇ ਅਰਸੇ ਤੋਂ ਫਾਂਸੀ ਦੀ ਚੱਕੀ ਵਿੱਚ ਦ੍ਰਿੜ੍ਹਤਾ ਤੇ ਚੜ੍ਹਦੀ ਕਲਾ ਦਾ ਪ੍ਰਗਟਾਵਾ ਕੌਮ ਲਈ ਇੱਕ ਪ੍ਰੇਰਣਾ ਵਾਂਗ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸਰਕਾਰ ਨੂੰ ਆਪਣੇ ਫੈਸਲਿਆਂ ਤੋਂ ਪਿੱਛੇ ਨਹੀਂ ਹਟਣਾ ਚਾਹੀਦਾ ਅਤੇ 2019 ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਗੁਰਪੁਰਬ ਸਮੇਂ ਕੀਤੇ ਨੋਟੀਫਿਕੇਸ਼ਨ ਨੂੰ ਪੂਰਨ ਰੂਪ ਵਿੱਚ ਲਾਗੂ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਸੁਪਰੀਮ ਕੋਰਟ ਵੱਲੋਂ ਕੇਂਦਰ ਸਰਕਾਰ ਨੂੰ ਭਾਈ ਰਾਜੋਆਣਾ ਦੇ ਮਾਮਲੇ ਵਿੱਚ ਫੈਸਲਾ ਲੈਣ ਦੀ ਹਿਦਾਇਤ ਨੂੰ ਵੀ ਦਰਕਿਨਾਰ ਨਹੀਂ ਕਰਨਾ ਚਾਹੀਦਾ। ਉਨ੍ਹਾਂ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੂੰ ਅਪੀਲ ਕੀਤੀ ਕਿ ਉਹ ਇਸ ਮਾਮਲੇ ਵਿੱਚ ਦਖ਼ਲ ਦੇਣ ਅਤੇ ਵੱਡਾ ਦਿਲ ਦਿਖਾਉਂਦਿਆਂ ਸਿੱਖ ਭਾਵਨਾਵਾਂ ਅਨੁਸਾਰ ਭਾਈ ਬਲਵੰਤ ਸਿੰਘ ਰਾਜੋਆਣਾ ਸਬੰਧੀ ਫੈਸਲਾ ਕਰਨ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸਿੱਖ ਕੌਮ ਬੰਦੀ ਸਿੰਘਾਂ ਦੇ ਮਾਮਲੇ ਵਿੱਚ ਸਰਕਾਰ ਪਾਸੋਂ ਇਨਸਾਫ਼ ਦੀ ਮੰਗ ਕਰ ਰਹੀ ਹੈ ਨਾ ਕਿ ਭੀਖ ਮੰਗ ਰਹੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਇਸ ਮਾਮਲੇ ’ਤੇ ਕੇਂਦਰੀ ਗ੍ਰਹਿ ਮੰਤਰੀ ਨਾਲ ਮੁਲਾਕਾਤ ਵਾਸਤੇ ਵੀ ਸਮਾਂ ਮੰਗੇਗੀ ਜਿਸ ਲਈ ਸਕੱਤਰ ਪੱਧਰ ਦੇ ਅਧਿਕਾਰੀ ਨੂੰ ਗ੍ਰਹਿ ਮੰਤਰਾਲੇ ਭੇਜਿਆ ਜਾਵੇਗਾ।

## CHANGE OF NAME

I, AVZAL JABBARKHAN PATHAN S/O JABBARKHAN AFSARKHAN PATHAN WHOSE PERMANENT ADDRESS IN INDIA IS, A-782, KASAK BHARUCH, PIN: 392001, GUJARAT, AND NOW LIVING AT 4 REDWOOD WALK, LEICESTER, LE5 0FN, UK, HEREBY GIVE NOTICE OF MY INTENTION TO CHANGE MY NAME TO AFZAL JABBAR KHAN. (U/I)


## CHANGE OF NAME

Please one tick box
☐ £30 Print in UK only
☐ £60 Print UK & India
☐ £80 Print UK & India (Express)

NOTE: Please allow 28 days for publication in India

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

TO PAY BY CREDIT CARD TEL: 01332-372851

Account Name: Punjab Times Trust Ltd
Account No: 20853011 Sort Code: 20-25-85


ਇਕਨਹਮ ਕਬੱਡੀ ਕਲੱਬ ਦੀ ਨਵੀਂ ਪ੍ਰਬੰਧਕ ਕਮੇਟੀ ਦੀ ਚੋਣ ਸਰਬ ਸੰਮਤੀ ਨਾਲ ਹੋਈ
ਸਰਪ੍ਰਸਤ ਬਲਜੀਤ ਸਿੰਘ ਮੱਲੀ
ਸਰਪ੍ਰਸਤ ਬਲਬੀਰ ਸਿੰਘ ਰਣੀਆ
ਸਰਪ੍ਰਸਤ ਜਸਕਰਨ ਸਿੰਘ ਜੌਹਲ
ਸਰਪ੍ਰਸਤ ਸੁੱਖੀ ਬੱਲ
ਸਰਪ੍ਰਸਤ ਹਰਜਿੰਦਰ ਸਿੰਘ ਬੱਲ
ਸਰਪ੍ਰਸਤ ਸਤਨਾਮ ਸਿੰਘ
ਸਰਪ੍ਰਸਤ ਰਾਜੂ ਸਿੱਧੂ
ICKENHAM KABADDI CLUB
ਮੀਤ ਪ੍ਰਧਾਨ ਹਰਜੀਤ ਸਿੰਘ ਢਿੱਲੋਂ
ਵਾਈਸ ਚੇਅਰਮੈਨ ਸ਼ਹਿਨਸ਼ਾਹ ਸਿੰਘ
ਇੰਗਲੈਂਡ ਕਬੱਡੀ ਫੈਡਰੇਸ਼ਨ ਦੀ ਰਹਿਨੁਮਾਈ ਹੇਠ 2025 ਦਾ ਕਬੱਡੀ ਸੀਜ਼ਨ ਖੇਡਣ ਲਈ ਕਬੱਡੀ ਪ੍ਰੇਮੀਆਂ ਨੂੰ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ
ਪ੍ਰਧਾਨ ਸੁਖਵਿੰਦਰ ਸਿੰਘ ਸੁੱਖਾ
ਚੇਅਰਮੈਨ ਨਰਿੰਦਰ ਸਿੰਘ ਸ਼ੇਰਾ
ਸਕੱਤਰ ਗੁਰਪ੍ਰੀਤ ਸਿੰਘ ਗਿੱਲ
ਜੁਆਇੰਟ ਸਕੱਤਰ ਹਰਵਿੰਦਰ ਸਿੰਘ
ਮੈਂਬਰ: – ਹਰਦੇਵ ਸਿੰਘ, ਬਲਦੇਵ ਸਿੰਘ, ਇੰਦਰਜੀਤ ਸਿੰਘ ਢੱਟ, ਹਰਕਰਨ ਸਿੰਘ ਬੱਬੂ, ਤੱਨੂੰ ਸਿੰਘ, ਗਗਨ ਧਾਪ, ਦੀਪਾ ਚੀਮਾ, ਰਾਜਿੰਦਰ ਸਿੰਘ, ਵਿੱਕੀ ਸਿੰਘ, ਯੋਧਾ ਬੱਲ, ਸਾਬੀ ਬਸਰਾ, ਰਾਜੂ ਬਾਗੜੀ, ਹਰਵਿੰਦਰ ਸਿੰਘ, ਬਖਸ਼ੀਸ ਸਿੰਘ ਸੰਧੂ, ਕੰਵਲਜੀਤ ਸਿੰਘ, ਸੁਖਵੰਤ ਸਿੰਘ ਡਰਾਈਵੇ, ਗੁਰਇਕਬਾਲ ਸਿੰਘ, ਚੜਤ ਸਿੰਘ ਬੁੱਟਰ, ਸੋਖਾ ਜੌਹਲ, ਵਿਜੈ ਟਾਂਡੀ, ਜਸਵੀਰ ਸਿੰਘ ਮਿੰਟਾ
ਖਜ਼ਾਨਚੀ ਗੁਰਮੰਤ ਸਿੰਘ ਮੰਤਾ
ਸਲਾਹਕਾਰ ਕੁਲਦੀਪ ਸਿੰਘ ਚਾਹਲ
ਸਲਾਹਕਾਰ ਰਮਨ ਸਿੰਘ ਕਲੇਰ
ਸਲਾਹਕਾਰ ਰਾਜਿੰਦਰ ਸਿੰਘ ਬੱਲ
ਸਲਾਹਕਾਰ ਭੁਪਿੰਦਰ ਸਿੰਘ ਮਿੰਟੂ
ਸਲਾਹਕਾਰ ਅਮਨਪ੍ਰੀਤ ਸਿੰਘ ਟੂਰਨਾ
ਜੁਆਇੰਟ ਖਜ਼ਾਨਚੀ ਅੰਗਰੇਜ਼ ਸਿੰਘ
ਗਗਨ ਧਾਪ
ਰਵਿੰਦਰ ਸਿੰਘ ਬਰਾੜ
ਨਰਿੰਦਰ ND1 ਸਕੈਫੋਲਡਿੰਗ
ਮਨਜਿੰਦਰ ਸਿੰਘ
ਤਜਿੰਦਰ ਗਿੱਲ
ਜਰਮਨਜੀਤ ਸਿੰਘ ਸਿੱਧੂ
ਟੀਮ ਕੋਚ ਅਵਤਾਰ ਸਿੰਘ ਤਾਰੀ
ਸਹਾਇਕ ਕੋਚ ਬਬਲੀ ਚੜਿੱਕ
England Kabaddi Federation
Estd. 1968
ਆਰਗੇਨਾਈਜ਼ਰ ਕੇਵਲ ਸਿੰਘ ਰਣਦੇਵਾ
ਆਰਗੇਨਾਈਜ਼ਰ ਤਰਲੋਚਨ ਸਿੰਘ ਗਿੱਲ
ਆਰਗੇਨਾਈਜ਼ਰ ਰਾਜਿੰਦਰਬੀਰ ਸਿੰਘ ਭੈਣੀ
ICKENHAM KABADDI CLUB
ਪ੍ਰੈਸ ਸਕੱਤਰ ਜਰਨੈਲ ਸਿੰਘ ਬੱਲ
ਜੋਆਇੰਟ ਪ੍ਰੈਸ ਸਕੱਤਰ ਸਾਬੀ
ਵਧੇਰੇ ਜਾਣਕਾਰੀ ਲਈ: 07733003890
Badhni Records
ਇਕਨਹਮ ਕਬੱਡੀ ਕਲੱਬ ਦੀ ਚੋਣ ਮੌਕੇ ਕਲੱਬ ਦੇ ਅਹੁਦੇਦਾਰ, ਮੈਂਬਰ, ਸ: ਗੁਰਪ੍ਰਤਾਪ ਸਿੰਘ ਢਿੱਲੋਂ, ਅੰਮ੍ਰਿਤਪਾਲ ਸਿੰਘ ਬਰਾੜ ਅਤੇ ਹੋਰ ਹਮਾਇਤੀ

# ਗ੍ਰੇਵਜ਼ੈਂਡ ਵਿਖੇ ਖਾਲਸਾ ਪੰਥ ਦੇ ਸਾਜਨਾ ਦਿਵਸ ਮੌਕੇ ਵਿਸ਼ਾਲ ਨਗਰ ਕੀਰਤਨ ਸਜਾਏ ਗਏ

## ਵਿਸਾਖੀ ਸਬੰਧੀ ਤਿੰਨ ਦਿਨਾਂ ਸਮਾਗਮਾਂ ਵਿੱਚ ਗ੍ਰੇਵਜ਼ੈਂਡ ਦੀਆਂ ਹਜ਼ਾਰਾਂ ਸਿੱਖ ਸੰਗਤਾਂ ਨੇ ਕੀਤੀ ਸ਼ਮੂਲੀਅਤ



**ਜਾਰੀ ਕਰਤਾ – ਸਮੂਹ ਪ੍ਰਬੰਧਕ ਕਮੇਟੀ, ਸ੍ਰੀ ਗੁਰੂ ਨਾਨਕ ਦਰਬਾਰ ਗੁਰਦੁਆਰਾ ਗ੍ਰੇਵਜ਼ੈਂਡ**

**Sri Guru Nanak Darbar Gurdwara, Guru Nanak Marg, Gravesend, DA12 1AG. Tel: 01474 350611 / 01474 534121**

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਸੰਨੀ ਦਿਉਲ ਦੀ 'ਜਾਟ' ਫਿਲਮ ਤੇ ਲੱਗੇਗੀ ਪਾਬੰਦੀ ?

## ✪ ਇਸ ਸੀਨ ਕਾਰਨ ਵਿਵਾਦਾਂ ਵਿਚ ਘਿਰੀ ਇਹ ਫਿਲਮ ✪ ਈਸਾਈਆਂ ਵਲੋਂ ਤਿੱਖਾ ਰੋਸ, ਪੁਲਿਸ ਨੂੰ ਕੀਤੀ ਸ਼ਿਕਾਇਤ

ਬਾਲੀਵੁੱਡ ਦੇ ਦਿੱਗਜ ਅਦਾਕਾਰ ਸੰਨੀ ਦਿਓਲ ਸਟਾਰਰ ਫਿਲਮ 'ਜਾਟ' ਇਨ੍ਹੀਂ ਦਿਨੀਂ ਲਗਾਤਾਰ ਸੁਰਖੀਆਂ ਵਿੱਚ ਹੈ। ਇਸਦਾ ਕਾਰਨ ਇੱਕ ਪਾਸੇ ਫਿਲਮ ਦੀ ਬਾਕਸ ਆਫਿਸ 'ਤੇ ਸ਼ਾਨਦਾਰ ਕਮਾਈ ਹੈ ਅਤੇ ਦੂਜੇ ਪਾਸੇ ਇੱਕ ਨਵਾਂ ਵਿਵਾਦ। ਸੰਨੀ ਦੀ ਨਵੀਂ ਫਿਲਮ 'ਤੇ ਈਸਾਈਆਂ ਦੀ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਦੋਸ਼ ਲਗਾਇਆ ਗਿਆ ਹੈ, ਜਿਸ ਕਾਰਨ ਈਸਾਈ ਭਾਈਚਾਰੇ ਨੇ ਜਾਟ 'ਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ ਹੈ ।

### ਕੀ ਹੈ ਪੂਰਾ ਮਾਮਲਾ ?

ਸੰਨੀ ਦਿਓਲ ਦੀ ਫਿਲਮ 'ਜਾਟ' 10 ਅਪ੍ਰੈਲ ਨੂੰ ਵੱਡੇ ਪਰਦੇ 'ਤੇ ਰਿਲੀਜ਼ ਹੋ ਗਈ ਹੈ। ਗਦਰ 2 ਦੀ ਸ਼ਾਨਦਾਰ ਸਫਲਤਾ ਤੋਂ ਬਾਅਦ, ਸੰਨੀ ਨੇ ਜਾਟ ਨਾਲ ਵਾਪਸੀ ਕੀਤੀ। ਇਸ ਪੂਰੇ ਭਾਰਤ ਵਿੱਚ ਰਿਲੀਜ਼ ਹੋਈ ਫਿਲਮ ਨੂੰ ਦਰਸ਼ਕਾਂ ਅਤੇ ਆਲੋਚਕਾਂ ਤੋਂ ਸਕਾਰਾਤਮਕ ਹੁੰਗਾਰਾ ਮਿਲਿਆ ਹੈ। ਪਰ ਹੁਣ ਜਾਟ ਨੂੰ ਲੈ ਕੇ ਇੱਕ ਵਿਵਾਦ ਖੜ੍ਹਾ ਹੋ ਗਿਆ ਹੈ। ਇੰਡੀਆ ਟੂਡੇ ਦੀ ਰਿਪੋਰਟ ਦੇ ਅਨੁਸਾਰ, ਜਾਟ ਦੇ ਨਿਰਮਾਤਾਵਾਂ 'ਤੇ ਈਸਾਈ ਭਾਈਚਾਰੇ ਨੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਦੋਸ਼ ਲਗਾਇਆ ਹੈ।

ਦਰਅਸਲ, ਫਿਲਮ ਵਿੱਚ ਇੱਕ ਦ੍ਰਿਸ਼ ਹੈ



ਜਿੱਥੇ ਰਣਤੁੰਗਾ ਦੀ ਭੂਮਿਕਾ ਨਿਭਾ ਰਹੇ ਅਦਾਕਾਰ ਰਣਦੀਪ ਹੁੱਡਾ, ਹੱਥ ਵਿੱਚ ਹਥਿਆਰ ਲੈ ਕੇ ਪ੍ਰਭੂ ਯਿਸੂ ਮਸੀਹ ਦੇ ਰੂਪ ਵਿੱਚ ਚਰਚ ਦੇ ਪਵਿੱਤਰ ਮੰਚ 'ਤੇ ਖੜ੍ਹੇ ਦਿਖਾਈ ਦਿੰਦੇ ਹਨ। ਇਸ ਤੋਂ ਇਲਾਵਾ ਚਰਚ ਵਿੱਚ ਕਤਲੇਆਮ ਦਾ ਦ੍ਰਿਸ਼ ਵੀ ਦਿਖਾਈ ਦਿੰਦਾ ਹੈ। ਭਾਈਚਾਰੇ ਦਾ ਮੰਨਣਾ ਹੈ ਕਿ ਨਿਰਮਾਤਾਵਾਂ ਨੇ ਜਾਣਬੁੱਝ ਕੇ ਅਜਿਹੇ ਦ੍ਰਿਸ਼ ਸ਼ਾਮਲ ਕੀਤੇ ਹਨ।

ਇਸ ਮਾਮਲੇ ਨੂੰ ਲੈ ਕੇ ਈਸਾਈ ਭਾਈਚਾਰੇ ਦੇ ਲੋਕਾਂ ਨੇ ਸਿਨੇਮਾ ਹਾਲਾਂ ਦੇ ਬਾਹਰ ਵਿਰੋਧ ਪ੍ਰਦਰਸ਼ਨ ਕਰਨ ਦੀ ਯੋਜਨਾ ਬਣਾਈ ਸੀ, ਜਿਸ ਨੂੰ ਪੁਲਿਸ ਨੇ ਰੋਕ ਦਿੱਤਾ। ਅਜਿਹੀ ਸਥਿਤੀ ਵਿੱਚ, ਹੁਣ ਜਾਟਾਂ 'ਤੇ ਪਾਬੰਦੀ ਲਗਾਉਣ ਲਈ ਭਾਈਚਾਰੇ ਵੱਲੋਂ ਸੰਯੁਕਤ ਕਮਿਸ਼ਨਰ ਨੂੰ ਇੱਕ ਮੰਗ ਪੱਤਰ ਸੌਂਪਿਆ ਗਿਆ ਹੈ। ਈਸਾਈ ਭਾਈਚਾਰੇ ਨੇ ਜਲੰਧਰ ਕਮਿਸ਼ਨਰੇਟ ਪੁਲੀਸ ਨੂੰ ਲਿਖਤੀ ਸ਼ਿਕਾਇਤ ਦਿੱਤੀ, ਜਿਸ ਵਿੱਚ ਫਿਲਮ ਨਿਰਮਾਤਾਵਾਂ ਖ਼ਿਲਾਫ਼ ਐੱਫਆਈਆਰ ਦਰਜ ਕਰਨ ਦੀ ਮੰਗ ਕੀਤੀ। ਉਨ੍ਹਾਂ ਨੇ ਚਿਤਾਵਨੀ ਦਿੱਤੀ ਕਿ ਜੇ ਦੋ ਦਿਨਾਂ ਵਿੱਚ ਐੱਫ ਆਈ ਆਰ ਦਰਜ ਨਾ ਹੋਈ ਤਾਂ ਪੰਜਾਬ ਪੱਧਰ 'ਤੇ ਸਿਨੇਮਾਘਰਾਂ ਦਾ ਘਿਰਾਓ ਕੀਤਾ ਜਾਵੇਗਾ। ਈਸਾਈ ਭਾਈਚਾਰੇ ਨੇ ਸਿਨੇਮਾਘਰਾਂ ਦਾ ਘਿਰਾਓ ਕਰਨ ਦੀ ਯੋਜਨਾ ਬਣਾਈ ਸੀ, ਪਰ ਪੁਲੀਸ ਨੇ ਉਨ੍ਹਾਂ ਨੂੰ ਮਨਾ ਲਿਆ। ਜਲੰਧਰ ਪੁਲੀਸ ਦੇ ਸੰਯੁਕਤ ਕਮਿਸ਼ਨਰ ਨੇ ਢੁੱਕਵੀਂ ਕਾਰਵਾਈ ਦਾ ਭਰੋਸਾ ਦਿੱਤਾ ਹੈ। ਸ਼ਿਕਾਇਤਕਰਤਾ ਵਿਕਾਸ ਗੋਲਡੀ ਨੇ ਦੋਸ਼ ਲਾਇਆ ਕਿ ਫਿਲਮ ਵਿੱਚ ਈਸਾਈ ਧਰਮ ਦੀਆਂ ਮਾਨਤਾਵਾਂ ਦੀ ਅਣਦੇਖੀ ਕੀਤੀ ਗਈ।

### ਬਾਕਸ ਆਫਿਸ 'ਤੇ ਜਾਟ ਦਾ ਜਾਦੂ

ਜਾਟ ਦੀ ਰਿਲੀਜ਼ ਨੂੰ 5 ਦਿਨ ਬੀਤ ਚੁੱਕੇ ਹਨ। ਹੁਣ ਤੱਕ, ਸੰਨੀ ਦਿਓਲ ਦੀ ਇਸ ਫਿਲਮ ਨੇ ਕਮਾਈ ਦੇ ਮਾਮਲੇ ਵਿੱਚ ਆਪਣਾ ਮਜ਼ਬੂਤ ਦਾਅਵਾ ਪੇਸ਼ ਕੀਤਾ ਹੈ। ਸੋਮਵਾਰ ਤੱਕ, ਜਾਟ ਨੇ 48 ਕਰੋੜ ਰੁਪਏ ਦਾ ਕਾਰੋਬਾਰ ਕੀਤਾ ਹੈ , ਜੋ ਕਿ ਚੰਗਾ ਮੰਨਿਆ ਜਾਂਦਾ ਹੈ। ਹਾਲਾਂਕਿ, ਜੇ ਜਾਟ ਨੂੰ ਹਿੱਟ ਹੋਣਾ ਹੈ ਤਾਂ ਬਾਕਸ ਆਫਿਸ 'ਤੇ ਅਜੇ ਵੀ ਲੰਮਾ ਸਫ਼ਰ ਤੈਅ ਕਰਨਾ ਹੈ। ਤੁਹਾਨੂੰ ਦੱਸ ਦੇਈਏ ਕਿ ਇਸ ਤੋਂ ਪਹਿਲਾਂ ਸੰਨੀ ਦਿਓਲ ਦੀ ਆਖਰੀ ਫਿਲਮ ਗਦਰ 2, ਜੋ 2023 ਵਿੱਚ ਆਈ ਸੀ, ਇੱਕ ਮੈਗਾ ਬਲਾਕਬਾਸਟਰ ਸਾਬਤ ਹੋਈ ਸੀ।

# ★ ਮਿੰਨੀ ਕਹਾਣੀਆਂ ★

## ਜ਼ਿੰਦਗੀ ਦੇ ਅਰਥ

ਜੂਨ ਦੇ ਮਹੀਨੇ ਦੀ ਤਿੱਖੜ ਦੁਪਹਿਰ ਸੀ। ਹਵਾ ਬੰਦ ਸੀ। ਅਸਮਾਨ 'ਚ ਬੱਦਲਾਂ ਦੇ ਲੰਗਾਰ ਸੂਰਜ ਤੋਂ ਪਾਸੇ ਖੜੇ ਸਨ। ਦੋ ਘੰਟਿਆਂ, ਤੋਂ ਦੋਵੇ ਮਾਂ-ਪੁੱਤ ਮੱਝ ਲਈ ਨਰਮੇ ਦੇ ਖੇਤ 'ਚੋਂ ਇੱਸਿਟ-ਘਾਹ ਖੋਤ ਰਹੇ ਸਨ। ਇਕ ਅੱਥੜ ਮੱਝ ਦੋਵੇਂ ਜਾਂ ਪੁੱਤਾਂ ਦੀ ਰੋਟੀ ਦਾ ਸਾਧਨ ਸੀ। ਜਿਸਦਾ ਦੋ ਕਿਲੋ ਦੁੱਧ ਵੇਚਕੇ ਉਹ ਹਰ ਰੋਜ਼ ਦੀ ਰੋਟੀ ਦਾ ਆਹਰ ਕਰਦੇ ਸਨ। ਬੁੱਢੀ ਮਾਂ ਥੱਕਕੇ ਵੱਟ ਦੇ ਕਿਨਾਰੇ ਇਕ ਛੋਟੀ ਜਿਹੀ ਬੋਰੀ ਥੱਲੇ ਬੈਠ ਗਈ ਪਰ ਅਠਾਰਾਂ ਵਰਿਆਂ ਦਾ ਪੁੱਤਰ ਘਾਹ ਖੋਤ ਰਿਹਾ ਸੀ। ਪਸੀਨਾ ਚੋਅ-ਚੋਅ ਕੇ ਉਸਦੇ ਕਣਕ ਵੰਨੇ ਰੰਗ 'ਚ ਘੁੱਲਦਾ ਜਾ ਰਿਹਾ ਸੀ। ਗਲ ਪਾਟਿਆ ਜਾਮਾ ਭਿੱਜ ਕੇ ਜਿਸਮ ਨਾਲ ਚਿਪਕ ਗਿਆ ਸੀ ਤੇ ਇਕ ਖੱਟੀ-ਖੱਟੀ ਹਵਾੜ ਆ ਰਹੀ ਸੀ।

ਪਰੇ ਸੜਕ ਤੋਂ ਦੂਰ ਹਵੇਲੀ ਵਾਲੇ ਸਰਦਾਰ ਦੇ ਦੋਵੇਂ ਮੁੰਡੇ ਸਕੂਟਰ ਤੇ ਸ਼ਹਿਰੋਂ ਪੜਕੇ ਮੁੜ ਰਹੇ ਸਨ। ਕਾਲੀਆਂ ਐਨਕਾ ਫਿੱਟ ਕੱਪੜਿਆਂ 'ਚ ਉਨਾਂ ਦਾ ਗੋਰਾ-ਗੋਰਾ ਸਰੀਰ ਝਲਕ ਰਿਹਾ ਸੀ। ਦੋਵੇਂ ਭਰਾ ਆਪਸ 'ਚ ਗੱਲਾਂ ਕਰਦੇ ਖਿੜ-ਖਿੜ ਹੱਸਦੇ ਕੋਲੋਂ ਦੀ ਗੁਜ਼ਰ ਗਏ। ਘਾਹ ਖੋਤ ਰਿਹਾ ਮੁੰਡਾ ਨੀਝ ਲਾਕੇ ਕਿੰਨਾ ਚਿਰ ਉਨਾਂ ਜਾਂਦਿਆਂ ਨੂੰ ਦੇਖਦਾ ਰਿਹਾ। ਪਸੀਨਾ ਉਸਦੇ ਸਿਰ ਤੋਂ ਲੈ ਕੇ ਪੈਰਾ ਤਾਂਈ ਚੋਅ ਰਿਹਾ ਸੀ। ਢੂਹੀ ਵਿਚ ਥਕਾਵਟ ਦੀਆਂ ਪੀੜਾਂ ਪੈ ਰਹੀਆਂ ਸਨ ਅਤੇ ਢਿੱਡ 'ਚ ਭੁੱਖ ਤਰੀੜਾਂ ਪਾ ਰਹੀ ਸੀ। ਹੁਣ ਤੱਕ ਸਵੇਰ ਦੀ ਚਾਹ ਨਾਲ ਇਕ ਰੋਟੀ ਰਾਤ ਦੀ ਬਚੀ ਹੋਈ ਬੇਹੀ ਰੁੱਖੀ ਨਸੀਬ ਹੋਈ ਸੀ। ਇਕ ਚੱਕਰ ਜਿਹਾ ਆਇਆ ਅਤੇ ਉਸਨੂੰ ਲੱਗਾ ਕਿ ਉਹ ਹੁਣ ਡਿੱਗ ਪਵੇਗਾ। ਉਹ ਉੱਠਿਆ ਤੇ ਕਾਹਲੀ-ਕਾਹਲੀ ਨਾਲ ਮਾਂ ਕੋਲ ਜਾ ਕੇ ਬੈਠ ਗਿਆ। ਫਿਰ ਟਾਕੀਆਂ ਲੱਗੇ ਝੱਗੇ ਨਾਲ ਮੂੰਹ ਨੂੰ ਹਵਾ ਦੇਣ ਲੱਗ ਪਿਆ। ਉਸਦਾ ਜੀ ਕੀਤਾ ਕਿ ਛਾਵੇਂ ਲੰਮਾ ਪੈ ਜਾਵੇ। ਮਾਂ "ਜਵਾਨੀ ਕੀ ਹੁੰਦੀ ਐ ਤੇ ਜ਼ਿੰਦਗੀ ਦੇ ਕੀ ਅਰਥ ਹੁੰਦੇ ਹਨ ?"

ਮਾਂ ਨੇ ਝੁਰੜੀਆਂ ਭਰੇ ਚਿਹਰੇ ਨਾਲ ਪੁੱਤਰ ਵੱਲ ਵੇਖਿਆ ਤੇ ਫਿਰ ਬੋਲੀ, "ਪੁੱਤ ! ਜਦੋਂ ਮੱਲੋ-ਮੱਲੀ ਹਾਸਾ ਆਵੇ ਤਾਂ ਉਹ ਜਵਾਨੀ ਹੁੰਦੀ ਹੈ ਤੇ ਜਦੋਂ ਸਰੀਰ ਦੇ ਸਾਰੇ ਅੰਗ ਠੀਕ ਠਾਕ ਕੰਮ ਕਰਨ ਤਾਂ ਉਹ ਵਧੀਆ ਜ਼ਿੰਦਗੀ ਹੁੰਦੀ ਐ।"

ਪੁੱਤਰ ਦੇ ਮੂੰਹ ਤੇ ਜਿਵੇਂ ਸਾਰੀ ਦੁਨੀਆਂ ਦਾ ਦਰਦ ਇਕੱਠਾ ਹੋ ਗਿਆ ਹੋਵੇ। ਉਸਨੇ ਅੱਖਾਂ ਭਰਕੇ ਕਿਹਾ, "ਮਾਂ ! ਹਾਸਾ ਤਾਂ ਮੈਨੂੰ ਵੀ ਪਿਛਲੇ ਸਾਲ ਨਹੀਂ ਸੀ ਆਇਆ।" ਉਸਨੇ ਕੂਹਣੀ ਤੱਕ ਕੱਟੀ ਬਾਹ ਨੂੰ ਦੂਜੇ ਹੱਥ ਨਾਲ ਪਲੋਸਦੇ ਹੋਏ ਕਿਹਾ। ਉਸਨੂੰ ਇੰਝ ਲੱਗਾ ਜਿਵੇਂ ਉਸਤੋਂ ਜ਼ਿੰਦਗੀ ਦੀ ਝਲਕ ਗੁਆਚ ਗਈ ਹੋਵੇ। ਆਪਣੇ ਗਮਾਂ ਦੇ ਅਰਥਾਂ ਦੀ ਕੁਝ-ਕੁਝ ਸਮਝ ਆਉਣ ਲੱਗ ਪਈ ਹੋਵੇ। ਉਹ ਉੱਠਿਆ ਤੇ ਘਾਹ ਖੋਤਣ ਲਈ ਰੰਬਾ ਚੁੱਕਿਆ ਪਰ ਅਚਾਨਕ ਹੀ ਰੰਗਾ ਉਸਦੇ ਹੱਥ 'ਚੋਂ ਛੁੱਟ ਗਿਆ ਤੇ ਪੈਰ ਦੇ ਅੰਗੂਠੇ ਤੇ ਵੱਜਿਆ ਤੇ ਲਹੂ ਦੀ ਤਿੱਖੀ ਤਤੀਰ ਫੁਹਾਰੇ ਵਾਂਗ ਵਹਿ ਤੁਰੀ। ਮੁੰਡੇ ਨੇ ਦੰਦਾ ਵਿਚ ਜੀਭ ਘੁੱਟ ਲਈ ਤੇ ਕੋਈ ਪੀੜ ਉਸਦੇ ਧੁਰ ਦਿਲ ਤੱਕ ਚੀਕਦੀ ਜਾ ਰਹੀ। ਧੁੱਪ ਅਜੇ ਵੀ ਧਰਤੀ ਦਾ ਪਿੰਡਾ ਲੂਹ ਰਹੀ ਸੀ ਤੇ ਸਰਦਾਰਾਂ ਦੀ ਹਵੇਲੀ ਤੇ ਲੱਗਾ ਐਟੀਨਾ ਤਾਰੇ ਵਾਂਗ ਧੁੱਪ ਵਿਚ ਲਿਸ਼ਕ ਰਿਹਾ ਸੀ।

-ਗੁਰਮੇਲ ਬੋਡੇ

## ਡਾਂਸਰ

ਸਰਬ ਆਪਣੀ ਰਿਸ਼ਤੇਦਾਰੀ ਵਿੱਚ ਵਿਆਹ ਵੇਖਣ ਗਿਆ ਸੀ। ਪੈਲਸ ਵਿੱਚ ਬਰਾਤ ਗਈ। ਸਾਰੇ ਰਿਸ਼ਤੇਦਾਰ ਤੇ ਹੋਰ ਯਾਰ ਦੋਸਤ ਇਕੱਠੇ ਹੋਏ ਸਨ। ਕਾਫੀ ਰੌਣਕ ਸੀ। ਸ਼ਰਾਬ ਵੀ ਚੱਲ ਰਹੀ ਸੀ। ਸਰਬ ਆਪਣੇ ਦੋਸਤਾ ਨਾਲ ਬੈਠ ਕੇ ਸ਼ਰਾਬ ਪੀ ਰਿਹਾ ਸੀ। ਸਟੇਜ ਤੇ ਸਾਹਮਣੇ ਡਾਸਰਾਂ ਨੱਚ ਰਹੀਆਂ ਸਨ। ਤਿੰਨ ਚਾਰ ਪੈਗ ਲਾਉਣ ਤੋਂ ਬਾਅਦ ਸਰਬ ਦੋਸਤਾਂ ਨਾਲ ਜਾ ਕੇ ਡਾਸਰਾਂ ਨਾਲ ਨੱਚਣ ਲੱਗ ਪਿਆ। ਸ਼ਰਾਬ ਦੇ ਨਸ਼ੇ ਵਿੱਚ ਕਦੇ ਡਾਸਰ ਦੀ ਬਾਹ ਫੜ ਕੇ ਨੱਚਦਾ ਨੱਚਦਾ ਸੈਲਫੀਆਂ ਲੈ ਰਿਹਾ ਸੀ ਤੇ ਕਦੇ ਗਲਤ ਹਰਕਤਾਂ ਕਰ ਰਿਹਾ ਸੀ।

ਸ਼ਾਮ ਨੂੰ ਬਰਾਤ ਘਰ ਆ ਗਈ। ਸ਼ਰਾਬ ਦਾ ਨਸ਼ਾ ਪਹਿਲਾਂ ਹੀ ਬਹੁਤ ਸੀ। ਘਰ ਆ ਕੇ ਹੋਰ ਪੀ ਲਈ। ਰੋਟੀ ਖਾ ਕੇ ਸਾਰੇ ਜਾਣੇ ਲੱਗ ਪਏ ਇੱਕ ਦੂਜੇ ਨਾਲ ਗੱਲਾਂ ਬਾਤਾਂ ਕਰਨ। ਨਿੱਕੇ ਨਿੱਕੇ ਬੱਚੇ ਵੀ ਬੈਠੇ ਸਨ। ਸਰਬ ਨੇ ਬੱਚਿਆਂ ਨੂੰ ਪੁੱਛਿਆ ਕਿ ਸਾਰੇ ਦੱਸੋ ਵੱਡੇ ਹੋ ਕੇ ਬਣੋਗੇ। ਕਿਸੇ ਨੇ ਕਿਹਾ ਪੁਲਿਸ ਕਿਸੇ ਨੇ ਕਿਹਾ ਟੀਚਰ, ਡਾਕਟਰ, ਛੋਟਾ ਭੀਮ, ਸਾਰੇ ਬੱਚਿਆਂ ਨੇ ਜਵਾਬ ਦਿੱਤਾ।

ਹੁਣ ਸਰਬ ਨੇ ਆਪਣੀ 4 ਕੁ ਸਾਲ ਦੀ ਬੇਟੀ ਪਰੀਤ ਨੂੰ ਪੁੱਛਿਆ ਮੇਰੀ ਪਿਆਰੀ ਬੇਟੀ ਪਰੀਤ ਵੱਡੀ ਹੋ ਕੇ ਕੀ ਬਣੇਗੀ। ਪਰੀਤ ਨੇ ਕਿਹਾ ਪਾਪਾ ਮੈਂ ਵੱਡੀ ਹੋ ਕੇ ਡਾਂਸਰ ਬਣਾਗੀ। ਏਨਾ ਸੁਣਦੇ ਹੀ ਸਰਬ ਦੀ ਸਾਰੀ ਪੀਤੀ ਲੱਥ ਗਈ। ਸਾਰੇ ਪਰੀਤ ਨੂੰ ਝਿੜਕਨ ਲੱਗ ਪਏ। ਸਰਬ ਨੀਵੀਂ ਪਾ ਕੇ ਉੱਠ ਕੇ ਹੌਲੀ ਹੌਲੀ ਕੋਠੇ ਤੇ ਚੜ ਗਿਆ ਤੇ ਜੇਬ ਚੋਂ ਮੋਬਾਇਲ ਕੱਢ ਕੇ ਡਾਂਸਰ ਨਾਲ ਖਿੱਚੀਆਂ ਸੈਲਫੀਆਂ ਡਿਲੀਟ ਕਰਨ ਲੱਗ ਪਿਆ।

-ਪ੍ਰਤਾਪ ਸਿੰਘ ਕੁੜੀਵਲਾਹ

## ਸਵਾਲ


ਅਮਿਤ ਦਾ ਨੰਬਰ ਆਉਂਦਿਆਂ ਹੀ ਉਹ ਇੰਟਰਵਿਊ ਵਾਲੇ ਕਮਰੇ ਵਿੱਚ ਚਲਾ ਗਿਆ। ਚੋਣ ਕਮੇਟੀ ਦੇ ਚੇਅਰਮੈਨ ਨੇ ਵਾਰੀ-ਵਾਰੀ ਕਈ ਸਵਾਲ ਅਮਿਤ ਤੋਂ ਪੁੱਛੇ। "ਬਈ ਤੂੰ ਤਾਂ ਸਾਰੇ ਸਵਾਲਾਂ ਦੇ ਜਵਾਬ ਸਹੀ ਦਿੱਤੇ ਹਨ। ਬੱਸ ਇੱਕ ਹੀ ਸਵਾਲ ਹੈ ਜੇ ਤੂੰ ਉਸ ਦਾ ਵੀ ਠੀਕ ਜਵਾਬ ਦੇ ਦਿੱਤਾ ਤਾਂ ਤੇਰੀ ਨੌਕਰੀ ਪੱਕੀ।" ਚੇਅਰਮੈਨ ਨੇ ਖੁਸ਼ੀ ਨਾਲ ਕਿਹਾ।

ਅਮਿਤ ਨੇ ਮੁਸਕਰਾਉਂਦਿਆਂ ਪੁੱਛਿਆ, "ਜੀ ਉਹ ਕਿਹੜਾ ਸਵਾਲ ਹੈ ?" ਚੋਣ ਕਮੇਟੀ ਦੇ ਚੇਅਰਮੈਨ ਨੇ ਅੰਗੂਠੇ ਨੂੰ ਚਾਰ ਉਂਗਲਾਂ ਤੇ ਘੁਮਾਣਾ ਸ਼ੁਰੂ ਕਰ ਦਿੱਤਾ। ਅਮਿਤ ਨੇ ਹੈਰਾਨੀ ਨਾਲ ਕਿਹਾ, "ਜੀ ਮੈਂ ਸਮਝਿਆ ਨਹੀਂ।" ਉਹਨਾਂ ਨੇ ਫਿਰ ਤੋਂ ਆਪਣੇ ਹੱਥ ਦੀਆਂ ਚਾਰ ਉਂਗਲਾਂ 'ਤੇ ਅੰਗੂਠੇ ਨੂੰ ਤੇਜ਼ੀ ਨਾਲ ਘੁਮਾਉਣਾ ਸ਼ੁਰੂ ਕਰ ਦਿੱਤਾ।

"ਪਲੀਜ਼, ਜੀ ਜ਼ਰਾ ਵਿਸਥਾਰ ਨਾਲ ਦੱਸੋ, ਮੈਂ ਅਜੇ ਵੀ ਨਹੀਂ ਸਮਝਿਆ।" ਚੇਅਰਮੈਨ ਨੇ ਛਿੱਥੇ ਪੈਂਦਿਆਂ ਕਿਹਾ, "ਓਏ, ਜੇ ਇੰਨੀ ਗੱਲ ਨਹੀਂ ਸਮਝ ਸਕਦਾ ਤਾਂ ਨੌਕਰੀ ਸੁਆਹ ਦੀ ਕਰੇਂਗਾ।" ਤੇ ਉਨ੍ਹਾਂ ਨੇ ਅਗਲਾ ਨੰਬਰ ਬੋਲ ਦਿੱਤਾ। ਮਨਪ੍ਰੀਤ ਕੌਰ ਭਾਟੀਆ

# ਨਿਆਂ ਦਿਵਾਉਣ ਵਾਲੀ ਪ੍ਰਣਾਲੀ ਦਾ ਚੁਸਤ-ਦਰੁਸਤ ਅਤੇ ਸਸਤਾ ਹੋਣਾ ਜ਼ਰੂਰੀ

**ਜਸਟਿਸ ਮਦਨ ਬੀ ਲੋਕੁਰ**



ਭਾਰਤ ਦੇ ਸਾਬਕਾ ਚੀਫ ਜਸਟਿਸ ਐੱਨਵੀ ਰਮੰਨਾ ਨੇ ਪਿਛਲੇ ਹਫ਼ਤੇ ਆਪਣੇ ਜਨਤਕ ਭਾਸ਼ਣ ਵਿੱਚ ਦੇਸ਼ ਦੀ ਨਿਆਂ ਪ੍ਰਣਾਲੀ ਦੀ ਕਾਫ਼ੀ ਨੁਕਤਾਚੀਨੀ ਕੀਤੀ ਸੀ। ਰਿਪੋਰਟਾਂ ਮੁਤਾਬਿਕ ਉਨ੍ਹਾਂ ਆਖਿਆ ਸੀ ਕਿ ਆਮ ਨਾਗਰਿਕ ਅਦਾਲਤਾਂ ਤੱਕ ਪਹੁੰਚ ਕਰਨ ਤੋਂ ਤ੍ਰਹਿੰਦਾ ਹੈ ਤੇ ਉਸ ਨੂੰ ਕੋਈ ਨਾ ਕੋਈ ਅਣਹੋਣੀ ਵਾਪਰਨ ਦਾ ਡਰ ਰਹਿੰਦਾ ਹੈ। ਕੇਸਾਂ ਦੀ ਸੁਣਵਾਈ ਵਿੱਚ ਦੇਰੀ, ਬਕਾਇਆ ਕੇਸਾਂ, ਪਹੁੰਚ, ਨਾਕਸ ਬੁਨਿਆਦੀ ਢਾਂਚੇ, ਭਾਰੀ ਗਿਣਤੀ ਵਿੱਚ ਖਾਲੀ ਅਸਾਮੀਆਂ, ਕਾਨੂੰਨੀ ਕਾਰਵਾਈ ਵਿੱਚ ਪਾਰਦਰਸ਼ਤਾ ਦੀ ਘਾਟ, ਅਪਰਾਧਿਕ ਨਿਆਂ ਪ੍ਰਣਾਲੀ ਵਿੱਚ ਖ਼ਾਮੀਆਂ ਅਤੇ ਝੂਠੇ ਕੇਸਾਂ ਦੀ ਗਿਣਤੀ ਵਿੱਚ ਇਜ਼ਾਫ਼ਾ ਹੋਣ ਬਾਰੇ ਅਮੂਮਨ ਸਰੋਕਾਰ ਜਤਾਏ ਜਾਂਦੇ ਹਨ।

ਇਹ ਕੁਝ ਉਹ ਸਮੱਸਿਆਵਾਂ ਹਨ ਜੋ ਸਾਡੀ ਨਿਆਂ ਪ੍ਰਣਾਲੀ ਨੂੰ ਦਰਪੇਸ਼ ਹਨ। ਇਸ ਤੋਂ ਸਵਾਲ ਉੱਠਦਾ ਹੈ: ਅਦਾਲਤਾਂ ਤੱਕ ਪਹੁੰਚ ਕਰਨ ਵਿੱਚ ਨਾਗਰਿਕਾਂ ਦੇ ਖ਼ਦਸ਼ਿਆਂ ਦੇ ਨਿਵਾਰਨ ਲਈ ਕੀ ਕੀਤਾ ਜਾ ਰਿਹਾ ਹੈ ਅਤੇ ਸਾਬਕਾ ਚੀਫ ਜਸਟਿਸ ਨੇ ਜਿਨ੍ਹਾਂ ਸਮੱਸਿਆਵਾਂ ਵੱਲ ਇਸ਼ਾਰਾ ਕੀਤਾ ਹੈ, ਉਨ੍ਹਾਂ ਮੁਤੱਲਕ ਕੀ ਕੀਤਾ ਜਾ ਰਿਹਾ ਹੈ? ਇਹ ਆਮ ਜਾਣਕਾਰੀ ਦਾ ਮਾਮਲਾ ਹੈ ਕਿ ਇਸ ਦੀ ਪੁਸ਼ਟੀ ਨੈਸ਼ਨਲ ਜੁਡੀਸ਼ਲ ਗਰਿੱਡ ਤੋਂ ਵੀ ਅਸਾਨੀ ਨਾਲ ਕੀਤੀ ਜਾ ਸਕਦੀ ਹੈ ਕਿ ਦੇਸ਼ ਭਰ ਦੀਆਂ ਜ਼ਿਲ੍ਹਾ ਅਦਾਲਤਾਂ ਅਤੇ ਹਾਈ ਕੋਰਟਾਂ ਵਿੱਚ ਬਕਾਇਆ ਪਏ ਕੇਸਾਂ ਦੀ ਗਿਣਤੀ 5 ਕਰੋੜ 10 ਲੱਖ ਨੂੰ ਪਾਰ ਕਰ ਗਈ ਹੈ; ਕੁਝ ਲੱਖ ਕੇਸਾਂ ਨੂੰ ਤਾਂ 20 ਸਾਲਾਂ ਤੋਂ ਵੱਧ ਅਰਸਾ ਬੀਤ ਗਿਆ ਹੈ। ਇਹ ਸ਼ਰਮ ਦੀ ਗੱਲ ਹੈ ਅਤੇ ਵਿਅੰਗ ਦੇ ਰੂਪ ਵਿੱਚ ਇਸ ਨੂੰ 'ਅੰਤਰ ਪੀੜ੍ਹੀ ਨਿਆਂ' ਕਿਹਾ ਜਾਂਦਾ ਹੈ।

ਕੇਸਾਂ ਦੇ ਬੋਝ ਨਾਲ ਨਜਿੱਠਣ ਲਈ ਬਹੁਤ ਸਾਰੇ ਬਦਲ ਹਨ ਪਰ ਅਫ਼ਸੋਸ ਦੀ ਗੱਲ ਹੈ ਕਿ ਇਨ੍ਹਾਂ ਨੂੰ ਅਪਣਾਉਣ ਵਾਲਾ ਕੋਈ ਨਜ਼ਰ ਨਹੀਂ ਆ ਰਿਹਾ। ਮਿਸਾਲ ਦੇ ਤੌਰ 'ਤੇ ਛੋਟੇ ਮੋਟੇ ਅਪਰਾਧਾਂ ਦੇ ਫ਼ੌਜਦਾਰੀ ਕੇਸਾਂ ਨੂੰ ਸਾਡੀ ਫ਼ੌਜਦਾਰੀ ਦੰਡ ਵਿਧਾਨ ਅਧੀਨ 'ਪਲੀਅ ਬਾਰਗੇਨਿੰਗ' ਜਾਂ ਅਪਰਾਧ ਮੰਨ ਕੇ ਘੱਟ ਸਜ਼ਾ ਪਾਉਣ ਦਾ ਪ੍ਰਬੰਧ ਹੁੰਦਾ ਹੈ। ਦੀਵਾਨੀ ਜਾਂ ਸਿਵਲ ਕੇਸਾਂ ਜਿਨ੍ਹਾਂ ਵਿੱਚ ਕੁਝ ਗੁੰਝਲਦਾਰ ਕੇਸ ਵੀ ਸ਼ਾਮਿਲ ਹੁੰਦੇ ਹਨ, ਨੂੰ ਵੀ ਸਾਡੇ ਸਿਵਲ ਪ੍ਰੋਸੀਜਰ ਵੱਲੋਂ ਪ੍ਰਵਾਨਿਤ ਸਾਲਸੀ ਰਾਹੀਂ ਸੁਲਝਾਇਆ ਜਾ ਸਕਦਾ ਹੈ। ਪਾਰਲੀਮੈਂਟ ਨੇ 2023 ਵਿੱਚ ਸਾਲਸੀ ਜਾਂ ਮੀਡੀਏਸ਼ਨ ਐਕਟ ਵੀ ਪਾਸ ਕਰ ਦਿੱਤਾ ਪਰ ਅਜੇ ਤੱਕ ਮੀਡੀਏਸ਼ਨ ਕੌਂਸਲ ਦਾ ਗਠਨ ਨਹੀਂ ਕੀਤਾ ਜਾ ਸਕਿਆ। ਗ੍ਰਾਮ ਨਿਆਲਯ ਸਥਾਪਿਤ ਕਰਨ ਦਾ ਕਾਨੂੰਨ 2008 ਵਿੱਚ ਪਾਸ ਕਰ ਦਿੱਤਾ ਗਿਆ ਸੀ ਪਰ 17 ਸਾਲ ਬੀਤਣ ਦੇ ਬਾਵਜੂਦ ਇਸ ਨੂੰ ਦੇਸ਼ ਵਿੱਚ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਗਿਆ। ਸੈਂਕੜੇ ਕੁ



**ਆਮ ਤੌਰ 'ਤੇ ਨਿਆਂ ਪ੍ਰਣਾਲੀ ਨੂੰ ਦਰਪੇਸ਼ ਸਮੱਸਿਆਵਾਂ 'ਚੋਂ ਇੱਕ ਸਮੱਸਿਆ ਲੋੜੀਂਦੇ ਬਜਟ ਦੀ ਘਾਟ ਹੈ। ਇੰਡੀਆ ਜਸਟਿਸ ਰਿਪੋਰਟ ਦੇ ਅਧਿਐਨ ਵਿੱਚ ਧਿਆਨ ਦਿਵਾਇਆ ਗਿਆ ਹੈ ਕਿ ਬਜਟ ਰਾਜ ਦੇ ਬਜਟ ਦੇ ਇੱਕ ਫ਼ੀਸਦੀ ਹਿੱਸੇ ਤੋਂ ਵੀ ਘੱਟ ਹੈ। ਇਹ ਗੱਲ ਸਭ ਜਾਣਦੇ ਹਨ ਕਿ ਬਜਟ ਦਾ ਵੱਡਾ ਹਿੱਸਾ ਤਨਖਾਹਾਂ 'ਤੇ ਖਰਚ ਹੋ ਜਾਂਦਾ ਹੈ। ਇਮਾਰਤਾਂ ਹੀ ਨਹੀਂ ਸਗੋਂ ਕੇਸ ਲੜਨ ਵਾਲਿਆਂ ਲਈ ਅਦਾਲਤਾਂ ਵਿੱਚ ਕੁਰਸੀਆਂ ਆਦਿ ਦੀ ਵਿਵਸਥਾ ਦੇ ਰੂਪ ਵਿੱਚ ਬੁਨਿਆਦੀ ਢਾਂਚੇ ਵਿੱਚ ਸੁਧਾਰ ਲਈ ਬਹੁਤ ਥੋੜ੍ਹੇ ਫੰਡ ਬਚਦੇ ਹਨ। ਇਹ ਬਹੁਤ ਵੱਡੀ ਸਮੱਸਿਆ ਹੈ ਅਤੇ ਕੇਸਾਂ ਦਾ ਸਾਹਮਣਾ ਕਰਨ ਵਾਲੇ ਹੀ ਦੱਸ ਸਕਦੇ ਹਨ ਕਿ ਉਨ੍ਹਾਂ ਨਾਲ ਕੀ ਬੀਤਦੀ ਹੈ। ਉਨ੍ਹਾਂ ਤੋਂ ਇਹ ਸਵਾਲ ਕੌਣ ਪੁੱਛੇਗਾ?**

ਗ੍ਰਾਮ ਨਿਆਲਯ ਬਣਾ ਦਿੱਤੇ ਗਏ, ਇਨ੍ਹਾਂ 'ਚੋਂ ਵੀ ਅੱਧ ਤੋਂ ਵੱਧ ਕੰਮ ਨਹੀਂ ਕਰ ਰਹੇ। ਜੇ ਅਸੀਂ ਪਾਰਲੀਮੈਂਟ ਦੇ ਪਾਸ ਕੀਤੇ ਕਾਨੂੰਨਾਂ ਨੂੰ ਸੱਚੇ ਮਨੋਂ ਲਾਗੂ ਹੀ ਨਹੀਂ ਕਰਾਂਗੇ ਤਾਂ ਵੱਡੀ ਗਿਣਤੀ ਵਿੱਚ ਬਕਾਇਆ ਕੇਸਾਂ ਦੀ ਸਮੱਸਿਆ ਬਣੀ ਰਹੇਗੀ ਅਤੇ ਇੱਕ ਪੜਾਅ 'ਤੇ ਪਹੁੰਚ ਕੇ ਕੇਸਾਂ ਦੇ ਬੋਝ ਨਾਲ ਇਹ ਨਿਆਂ ਪ੍ਰਣਾਲੀ ਢਹਿ-ਢੇਰੀ ਹੋ ਜਾਵੇਗੀ।

ਜੱਜਾਂ ਦੀਆਂ ਖਾਲੀ ਪਈਆਂ ਅਸਾਮੀਆਂ ਇੱਕ ਹੋਰ ਲੰਮੀ ਦੇਰ ਦੀ ਸਮੱਸਿਆ ਹੈ। ਇੱਕ ਅਨੁਮਾਨ ਮੁਤਾਬਿਕ, ਵੱਖ-ਵੱਖ ਹਾਈ ਕੋਰਟਾਂ ਵਿੱਚ ਖਾਲੀ ਪਈਆਂ ਅਸਾਮੀਆਂ ਦੀ ਗਿਣਤੀ ਕਰੀਬ 30 ਫ਼ੀਸਦੀ ਹੈ; ਜ਼ਿਲ੍ਹਾ ਅਦਾਲਤਾਂ ਵਿੱਚ ਇਹ ਗਿਣਤੀ 22 ਫ਼ੀਸਦੀ ਬਣਦੀ ਹੈ। ਇਹ ਅਸਾਮੀਆਂ ਭਰਨਾ ਇੰਨਾ ਔਖਾ ਕਿਉਂ ਹੈ? ਗੱਲ ਇਹ ਨਹੀਂ ਕਿ ਕਾਬਿਲ ਵਕੀਲਾਂ ਦੀ ਘਾਟ ਹੈ ਸਗੋਂ ਖਾਲੀ ਅਸਾਮੀਆਂ ਭਰਨ ਦੀ ਇੱਛਾ ਦੀ ਕਮੀ ਹੈ। ਜ਼ਬਾਨੀ ਸਬੂਤਾਂ ਤੋਂ ਪਤਾ ਲੱਗਦਾ ਹੈ ਕਿ ਵਕੀਲ ਜੱਜ ਬਣਨ ਦੇ ਇੱਛੁਕ ਨਹੀਂ ਕਿਉਂਕਿ ਤਨਖਾਹ ਨਾਕਾਫ਼ੀ ਹੈ ਅਤੇ ਕੰਮਕਾਜ ਦੀ ਥਾਂ ਤੋਂ ਝਟਪਟ ਤਬਾਦਲੇ ਦੀ ਸੰਭਾਵਨਾ, ਜੱਜਾਂ ਦਾ ਮਨੋਬਲ ਖ਼ਤਮ ਕਰਨ ਦੇ ਇਰਾਦੇ ਨਾਲ ਉਨ੍ਹਾਂ ਖ਼ਿਲਾਫ਼ ਦਾਖ਼ਲ ਕੀਤੀਆਂ ਜਾਂਦੀਆਂ ਝੂਠੀਆਂ ਸ਼ਿਕਾਇਤਾਂ ਜਿਹੇ ਦਬਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਇਨ੍ਹਾਂ ਮੁੱਦਿਆਂ ਉੱਪਰ ਗੰਭੀਰਤਾ ਨਾਲ ਵਿਚਾਰ ਚਰਚਾ ਕਰਨ ਦੀ ਲੋੜ ਹੈ; ਨਹੀਂ ਤਾਂ ਸਮਾਂ ਆਵੇਗਾ ਜਦੋਂ ਯੋਗ ਵਕੀਲਾਂ ਨੂੰ ਜੱਜ ਨਿਯੁਕਤ ਕਰਨ ਮੁਸ਼ਕਿਲ ਹੋ ਜਾਵੇਗਾ। ਖਾਲੀ ਅਸਾਮੀਆਂ ਦੀ ਭਾਰੀ ਔਸਤ ਕੋਈ ਨਵਾਂ ਵਰਤਾਰਾ ਨਹੀਂ- ਇਹ ਪਿਛਲੇ ਕਈ ਸਾਲਾਂ ਤੋਂ ਹੈ ਅਤੇ ਉਦੋਂ ਤੱਕ ਜਾਰੀ ਰਹੇਗਾ ਜਿੰਨੀ ਦੇਰ ਨਿਰਣਾਕਾਰ ਮਿਲ ਕੇ ਕੰਮ ਨਹੀਂ ਕਰਦੇ ਅਤੇ ਚੰਗੀ ਯੋਗਤਾ ਵਾਲੇ ਵਕੀਲਾਂ ਨੂੰ ਚੰਗੀਆਂ ਸੇਵਾ ਹਾਲਤਾਂ ਸਹਿਤ ਭਰਤੀ ਨਹੀਂ ਕਰਦੇ। ਬੁਨਿਆਦੀ ਢਾਂਚੇ ਦੀ ਘਾਟ ਨਿਆਂਪਾਲਿਕਾ ਲਈ ਹਮੇਸ਼ਾ ਬਹੁਤ ਵੱਡੀ ਸਮੱਸਿਆ ਬਣੀ ਰਹੀ ਹੈ। ਕੁਝ ਰਾਜਾਂ ਵਿਚ ਜੇ ਪੂਰੀ ਗਿਣਤੀ ਵਿੱਚ ਜੱਜਾਂ ਦੀਆਂ ਅਸਾਮੀਆਂ ਭਰ ਦਿੱਤੀਆਂ ਜਾਣ ਤਾਂ ਉਨ੍ਹਾਂ ਦੇ ਬੈਠਣ ਲਈ ਕਮਰੇ ਹੀ ਨਹੀਂ ਹੋਣਗੇ ਜਿਸ ਨਾਲ ਉਨ੍ਹਾਂ ਨੂੰ ਅਸੁਵਿਧਾ ਹੋਵੇਗੀ। ਦੇਸ਼ ਭਰ ਵਿੱਚ ਬਹੁਤ ਸਾਰੇ ਸੂਬਿਆਂ ਦੀਆਂ ਜ਼ਿਲ੍ਹਾ ਅਦਾਲਤਾਂ ਦਾ ਦੌਰਾ ਕਰਨ ਤੋਂ ਬਾਅਦ ਮੈਂ ਇਹ ਯਕੀਨ ਨਾਲ ਆਖ ਸਕਦਾ ਹਾਂ ਕਿ ਬੁਨਿਆਦੀ ਢਾਂਚੇ ਦੀਆਂ ਸਹੂਲਤਾਂ ਵਿੱਚ ਸੁਧਾਰ ਲਿਆਉਣ ਲਈ ਬਹੁਤ ਕੁਝ ਕਰਨ ਦੀ ਲੋੜ ਹੈ। ਇਹ ਠੀਕ ਹੈ ਕਿ ਦੇਸ਼ ਭਰ ਵਿੱਚ ਸੜਕਾਂ, ਇਮਾਰਤਾਂ ਆਦਿ ਦੇ ਰੂਪ ਵਿੱਚ ਬੁਨਿਆਦੀ ਢਾਂਚੇ ਵਿੱਚ ਸੁਧਾਰ ਲਿਆਉਣ ਲਈ ਵੱਡੇ ਯਤਨ ਕੀਤੇ ਜਾ ਰਹੇ ਹਨ ਪਰ ਵੱਡੇ ਸ਼ਹਿਰਾਂ ਨੂੰ ਛੱਡ ਕੇ ਦੇਸ਼ ਵਿੱਚ ਆਮ ਤੌਰ 'ਤੇ ਅਦਾਲਤਾਂ ਵਿੱਚ ਸੁਧਾਰ ਲਿਆਉਣ ਲਈ ਕੋਈ ਖ਼ਾਸ ਨਕਲੋ-ਹਰਕਤ ਦਿਖਾਈ ਨਹੀਂ ਦਿੰਦੀ। ਇਸ ਨੂੰ ਬਦਲਣ ਦੀ ਲੋੜ ਹੈ ਅਤੇ ਇਸ ਨੂੰ ਫੌਰੀ ਬਦਲਿਆ ਜਾਣਾ ਚਾਹੀਦਾ ਹੈ।

ਆਮ ਤੌਰ 'ਤੇ ਨਿਆਂ ਪ੍ਰਣਾਲੀ ਨੂੰ ਦਰਪੇਸ਼ ਸਮੱਸਿਆਵਾਂ 'ਚੋਂ ਇੱਕ ਸਮੱਸਿਆ ਲੋੜੀਂਦੇ ਬਜਟ ਦੀ ਘਾਟ ਹੈ। ਇੰਡੀਆ ਜਸਟਿਸ ਰਿਪੋਰਟ ਦੇ ਅਧਿਐਨ ਵਿੱਚ ਧਿਆਨ ਦਿਵਾਇਆ ਗਿਆ ਹੈ ਕਿ ਬਜਟ ਰਾਜ ਦੇ ਬਜਟ ਦੇ ਇੱਕ ਫ਼ੀਸਦੀ ਹਿੱਸੇ ਤੋਂ ਵੀ ਘੱਟ ਹੈ। ਇਹ ਗੱਲ ਸਭ ਜਾਣਦੇ ਹਨ ਕਿ ਬਜਟ ਦਾ ਵੱਡਾ ਹਿੱਸਾ ਤਨਖਾਹਾਂ 'ਤੇ ਖਰਚ ਹੋ ਜਾਂਦਾ ਹੈ। ਇਮਾਰਤਾਂ ਹੀ ਨਹੀਂ ਸਗੋਂ ਕੇਸ ਲੜਨ ਵਾਲਿਆਂ ਲਈ ਅਦਾਲਤਾਂ ਵਿੱਚ ਕੁਰਸੀਆਂ ਆਦਿ ਦੀ ਵਿਵਸਥਾ ਦੇ ਰੂਪ ਵਿੱਚ ਬੁਨਿਆਦੀ ਢਾਂਚੇ ਵਿੱਚ ਸੁਧਾਰ ਲਈ ਬਹੁਤ ਥੋੜ੍ਹੇ ਫੰਡ ਬਚਦੇ ਹਨ। ਇਹ ਬਹੁਤ ਵੱਡੀ ਸਮੱਸਿਆ ਹੈ ਅਤੇ ਕੇਸਾਂ ਦਾ ਸਾਹਮਣਾ ਕਰਨ ਵਾਲੇ ਹੀ ਦੱਸ ਸਕਦੇ ਹਨ ਕਿ ਉਨ੍ਹਾਂ ਨਾਲ ਕੀ ਬੀਤਦੀ ਹੈ। ਉਨ੍ਹਾਂ ਤੋਂ ਇਹ ਸਵਾਲ ਕੌਣ ਪੁੱਛੇਗਾ?

ਦੇਸ਼ ਦੇ ਸਾਬਕਾ ਚੀਫ ਜਸਟਿਸ ਨੇ ਦੇਸ਼ ਦੀ ਬਦਤਰ ਹਾਲਤ ਵੱਲ ਜਿਵੇਂ ਧਿਆਨ ਦਿਵਾਇਆ ਹੈ, ਉਸ ਦੇ ਮੱਦੇਨਜ਼ਰ ਸੰਭਾਵੀ ਹੱਲ ਕੀ ਹੋ ਸਕਦੇ ਹਨ? ਮੇਰਾ ਖਿਆਲ ਹੈ ਕਿ ਹਰੇਕ ਸੂਬੇ ਅੰਦਰ ਵਿਚਾਰ ਗੋਸ਼ਟੀਆਂ ਹੋਣੀਆਂ ਚਾਹੀਦੀਆਂ ਹਨ ਜਿਨ੍ਹਾਂ ਵਿੱਚ ਜੱਜਾਂ, ਵਕੀਲਾਂ, ਕੇਸ ਲੜਨ ਵਾਲਿਆਂ, ਨੌਕਰਸ਼ਾਹਾਂ ਤੇ ਵਿਧਾਇਕਾਂ ਨੂੰ ਹਿੱਸਾ ਲੈਣਾ ਚਾਹੀਦਾ ਅਤੇ ਉਜਾਗਰ ਹੋਈਆਂ ਸਮੱਸਿਆਵਾਂ ਦੇ ਹੱਲ ਤਲਾਸ਼ਣੇ ਚਾਹੀਦੇ ਹਨ। ਸਾਡੀ ਨਿਆਂ ਪ੍ਰਣਾਲੀ ਨੂੰ ਬਸਤੀਵਾਦ ਤੋਂ ਮੁਕਤ ਕਰਨ ਅਤੇ ਇਸ ਦੇ ਭਾਰਤੀਕਰਨ ਦੀਆਂ ਗੱਲਾਂ ਹੋ ਰਹੀਆਂ ਹਨ ਪਰ ਇਹ ਸਭ ਕੁਝ ਤਦ ਹੀ ਸੰਭਵ ਹੋ ਸਕੇਗਾ ਜਦੋਂ ਵੱਖੋ-ਵੱਖਰੀਆਂ ਧਿਰਾਂ ਦਰਮਿਆਨ ਚਰਚਾ ਅਤੇ ਸੰਵਾਦ ਹੋਵੇਗਾ।

ਮੁੱਦਾ ਸਿਰਫ਼ ਹੱਲ ਲੱਭਣ ਦਾ ਨਹੀਂ ਸਗੋਂ ਇਹ ਵੀ ਹੈ ਕਿ ਹੱਲ ਲੱਭ ਕੇ ਉਨ੍ਹਾਂ ਨੂੰ ਪੂਰੀ ਦਿਆਨਤਦਾਰੀ ਨਾਲ ਅਮਲ ਵਿੱਚ ਲਿਆਂਦਾ ਜਾਵੇ; ਨਹੀਂ ਤਾਂ ਉਹ ਉਵੇਂ ਹੀ ਲਾਂਭੇ ਪਏ ਰਹਿਣਗੇ ਜਿਵੇਂ ਬੀਤੇ ਵਿੱਚ ਕਈ ਸਕੀਮਾਂ ਨਾਲ ਹੋਇਆ ਹੈ ਜਿਵੇਂ ਫਾਸਟ ਟਰੈਕ ਕੋਰਟਾਂ, ਵਿਸ਼ੇਸ਼ ਅਦਾਲਤਾਂ, ਵਿਸ਼ੇਸ਼ ਫਾਸਟ ਟਰੈਕ ਕੋਰਟਾਂ ਜਿਹੀਆਂ ਹੋਰ ਕਈ ਸਕੀਮਾਂ। ਕਹਿਣੀ ਦੇ ਨਾਲ ਕਰਨੀ ਵੀ ਜੁੜਨੀ ਜ਼ਰੂਰੀ ਹੁੰਦੀ ਹੈ।

ਵਿਚਾਰ ਗੋਸ਼ਟੀਆਂ ਤੋਂ ਇਲਾਵਾ ਇਹ ਜ਼ਰੂਰੀ ਹੈ ਕਿ ਸਾਰੀਆਂ ਸਬੰਧਿਤ ਧਿਰਾਂ ਇਹ ਗੱਲ ਪ੍ਰਵਾਨ ਕਰਨ ਕਿ ਕੁਝ ਫ਼ਲਦਾਇਕ ਕੰਮ ਕਰਨ ਲਈ ਕੁਝ ਨਾ ਕੁਝ ਹਾਂ ਪੱਖੀ ਕੰਮ ਕੀਤਾ ਜਾਵੇ। 10 ਜਾਂ 15 ਸਾਲਾਂ ਬਾਅਦ ਨਿਆਂ ਹਾਸਿਲ ਕਰਨਾ ਹੀ ਕਾਫ਼ੀ ਨਹੀਂ ਹੁੰਦਾ। ਹਰ ਕੋਈ ਮਹਿਸੂਸ ਕਰ ਰਿਹਾ ਹੈ ਕਿ ਤੁਰਤ-ਫੁਰਤ ਨਿਆਂ ਜਿਹੀ ਕੋਈ ਗੱਲ ਨਹੀਂ ਹੁੰਦੀ ਸਗੋਂ ਨਿਆਂ ਦਿਵਾਉਣ ਵਾਲੀ ਪ੍ਰਣਾਲੀ ਦਾ ਚੁਸਤ-ਦਰੁਸਤ ਅਤੇ ਸਸਤਾ ਹੋਣਾ ਜ਼ਰੂਰੀ ਹੁੰਦਾ ਹੈ। ਜੇ ਅਸੀਂ ਉਸ ਟੀਚੇ ਲਈ ਕਾਰਜਸ਼ੀਲ ਨਹੀਂ ਹੋਵਾਂਗੇ ਤਾਂ ਸਾਬਕਾ ਚੀਫ ਜਸਟਿਸ ਦੇ ਪ੍ਰਗਟ ਕੀਤੇ ਵਿਚਾਰਾਂ ਬਾਰੇ ਅਖ਼ਬਾਰਾਂ ਵਿੱਚ ਚਰਚਾ ਤਾਂ ਹੁੰਦੀ ਰਹੇਗੀ ਤੇ ਕੁਝ ਦਿਨਾਂ ਬਾਅਦ ਸਭ ਕੁਝ ਭੁੱਲ ਭੁਲਾ ਦਿੱਤਾ ਜਾਵੇਗਾ।

*ਲੇਖਕ ਯੂਨਾਈਟਡ ਨੇਸ਼ਨਜ਼ ਇੰਟਰਨਲ ਜਸਟਿਸ ਕੌਂਸਲ ਦੇ ਚੇਅਰਮੈਨ ਅਤੇ ਭਾਰਤ ਦੀ ਸੁਪਰੀਮ ਕੋਰਟ ਦੇ ਸਾਬਕਾ ਜੱਜ ਹਨ।*

# ਇਟਲੀ ਦੇ ਨੋਵੇਲਾਰਾ ਵਿਖੇ ਖਾਲਸੇ ਦੇ ਸਿਰਜਣਾ ਦਿਹਾੜੇ ਨੂੰ ਸਮਰਪਿਤ ਸਜਾਏ ਗਏ ਨਗਰ ਕੀਰਤਨ ਨੇ ਸ਼ਹਿਰ ਨੂੰ ਰੰਗਿਆ ਖਾਲਸਾਈ ਰੰਗਾਂ ਵਿੱਚ

## *ਇਟਾਲੀਅਨ ਮੀਡੀਏ ਅਨੁਸਾਰ ਲਗਭਗ 15.000 ਸੰਗਤਾਂ ਨੇ ਕੀਤੀ ਸ਼ਮੂਲੀਅਤ *





ਰੋਮ ਇਟਲੀ- (ਗੁਰਸ਼ਰਨ ਸਿੰਘ ਸੋਨੀ) ਸਾਹਿਬ-ਏ-ਕਮਾਲ,ਸ਼ਾਹ-ਏ-ਸ਼ਹਿਨਸ਼ਾਹ, ਨੀਲੇ ਦੇ ਸ਼ਾਹ ਅਸਵਾਰ, ਸਰਬੰਸਦਾਨੀ ਦਸ਼ਮੇਸ਼ ਪਿਤਾ ਧੰਨ ਧੰਨ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ 1699 ਦੀ ਵਿਸਾਖੀ ਨੂੰ ਇੱਕ ਕ੍ਰਾਂਤੀਕਾਰੀ ਕਦਮ ਚੁੱਕਦਿਆਂ ਦੁਨੀਆਂ ਦੇ ਇਤਿਹਾਸ ਵਿੱਚ ਇੱਕ ਅਜਿਹੇ "ਖਾਲਸਾ ਪੰਥ" ਦੀ ਸਾਜਨਾ ਕੀਤੀ,ਜਿਸ ਨਾਲ ਗਰੀਬ ਅਤੇ ਲਿਤਾੜੇ ਹੋਏ ਸਿੱਖ ਅੰਮ੍ਰਿਤ ਦੀਆਂ ਬੂੰਦਾਂ ਛੱਕ ਕੇ ਗਿਦੜੋਂ ਸ਼ੇਰ,ਚਿੜੀਆਂ ਤੋਂ ਬਾਜ਼ ਅਤੇ ਕਾਇਰਤਾ ਨੂੰ ਛੱਡ ਕੇ ਸੂਰਬੀਰ ਬਲੀ ਯੋਧੇ ਬਣ ਗਏ। ਅਜੋਕੇ ਸਮੇਂ ਵਿੱਚ ਵਿਦੇਸ਼ਾਂ ਦੀ ਧਰਤੀ 'ਤੇ ਵੀ ਖਾਲਸੇ ਦਾ ਸਾਜਨਾ ਦਿਹਾੜਾ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਂਦਾ ਹੈ।

ਇਟਲੀ ਦੇ ਪ੍ਰਥਮ ਗੁਰਦੁਆਰਾ ਸਾਹਿਬ ਗੁਰਦੁਆਰਾ ਸਿੰਘ ਸਭਾ ਨੋਵੇਲਾਰਾ ਰੇਜੋ ਇਮੀਲੀਆ ਜੋ ਕਿ ਹਮੇਸ਼ਾ ਹੀ ਸਿੱਖ ਧਰਮ ਦੇ ਕਾਰਜਾਂ ਵਿਚ ਮੂਹਰਲੀ ਕਤਾਰ ਵਿੱਚ ਖੜ੍ਹਾ ਰਹਿੰਦਾ ਹੈ। ਗੁਰਦੁਆਰਾ ਸਾਹਿਬ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਖਾਲਸੇ ਦੇ ਸਿਰਜਣਾ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਪ੍ਰਬੰਧਕ ਕਮੇਟੀ ਅਤੇ ਸਮੂਹ ਇਲਾਕਾ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ ਪੂਰੇ ਖ਼ਾਲਸਾਈ ਜਾਹੋ-ਜਲਾਲ ਨਾਲ ਸਜਾਇਆ ਗਿਆ। ਨਗਰ ਕੀਰਤਨ ਦੀ ਆਰੰਭਤਾ ਗੁਰਦੁਆਰਾ ਸਾਹਿਬ ਤੋਂ ਲਗਭਗ ਦੁਪਹਿਰ 2.00 ਵਜੇ ਪੰਜ ਪਿਆਰੇ ਸਾਹਿਬਾਨਾਂ ਦੀ ਅਗਵਾਈ ਅਤੇ ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਹੋਈ। ਇਸ ਮੌਕੇ ਸੰਗਤਾਂ ਦੇ ਠਾਠਾਂ ਮਾਰਦੇ ਇਕੱਠ ਵੱਲੋਂ ਗੁਰੂ ਸਾਹਿਬ ਨਾਲ ਸੁਸ਼ੋਭਿਤ ਪਾਲਕੀ ਦੇ ਪਿੱਛੇ-ਪਿੱਛੇ ਗੁਰੂ ਜਸ ਕਰਦਿਆਂ ਨੋਵੇਲਾਰਾ ਸ਼ਹਿਰ ਦੇ ਸੈਂਟਰ ਵਿੱਚੋਂ ਹੁੰਦੇ ਹੋਏ ਨਗਰ ਦੀ ਪਰਿਕਰਮਾ ਕਰਦਿਆਂ ਨਗਰ ਕੀਰਤਨ ਦੀ ਸੰਪੂਰਨਤਾ ਗੁਰਦੁਆਰਾ ਸਾਹਿਬ ਵਿਖੇ ਹੋਈ। ਸ਼ਹਿਰ ਦੀਆਂ ਗਲੀਆਂ ਵਿੱਚੋਂ ਖਾਲਸਾਈ ਲਿਬਾਸ ਪਹਿਨੇ ਸਿੱਖ ਸੰਗਤਾਂ ਨੂੰ ਇਟਾਲੀਅਨ ਲੋਕ ਬਹੁਤ ਹੀ ਉਤਸੁਕਤਾ ਨਾਲ ਦੇਖ ਰਹੇ ਸਨ ਅਤੇ ਤਸਵੀਰਾਂ ਖਿੱਚ ਰਹੇ ਸਨ।

ਇਸ ਮੌਕੇ ਗਤਕਾ ਅਖਾੜੇ ਵਾਲੇ ਸਿੰਘਾਂ ਵੱਲੋਂ ਸਿੱਖ ਮਾਰਸ਼ਲ ਆਰਟ ਗਤਕੇ ਦੇ ਜੌਹਰ ਦਿਖਾਏ। ਇਟਾਲੀਅਨ ਮੀਡੀਆ ਰਿਪੋਰਟਾਂ ਅਨੁਸਾਰ ਇਸ ਮੌਕੇ ਲਗਭਗ 15.000 ਸੰਗਤਾਂ ਵੱਲੋਂ ਨਗਰ ਕੀਰਤਨ ਵਿੱਚ ਸ਼ਮੂਲੀਅਤ ਕੀਤੀ ਗਈ। ਸਹੋਤਾ ਬ੍ਰਦਰਜ਼ ਵੱਲੋਂ ਸਾਰੇ ਨਗਰ ਕੀਰਤਨ ਦਾ ਲਾਈਵ ਟੈਲੀਕਾਸਟ ਕੀਤਾ ਗਿਆ। ਇਸ ਮੌਕੇ ਧਰਮ ਪ੍ਰਚਾਰ ਸੰਸਥਾ ਕਲਤੂਰਾ ਸਿੱਖ ਅਤੇ ਸਿੱਖੀ ਸੇਵਾ ਸੁਸਾਇਟੀ ਵੱਲੋਂ ਸਿੱਖ ਧਰਮ ਪ੍ਰਤੀ ਇਟਾਲੀਅਨ ਲੋਕਾਂ ਨੂੰ ਜਾਗਰੂਕ ਕਰਨ ਲਈ ਇਟਾਲੀਅਨ ਭਾਸ਼ਾ ਵਿੱਚ ਕਿਤਾਬਾਂ ਭੇਟਾਂ ਰਹਿਤ ਵੰਡੀਆਂ ਗਈਆਂ। ਦੂਰੋਂ ਨੇੜਿਓ ਆਈਆਂ ਸੰਗਤਾਂ ਲਈ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਇਲਾਕਾ ਨਿਵਾਸੀ ਸੰਗਤਾਂ ਵੱਲੋਂ ਅਨੇਕਾਂ ਪ੍ਰਕਾਰ ਦੇ ਲੰਗਰ ਲਗਾਏ ਗਏ ਸਨ। ਸਮਾਪਤੀ ਵੇਲੇ ਵੱਖ ਵੱਖ ਬੁਲਾਰਿਆਂ ਨੇ ਸੰਗਤਾਂ ਨੂੰ ਸੰਬੋਧਨ ਕੀਤਾ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਈਆਂ ਸਾਰੀਆਂ ਹੀ ਸੰਗਤਾਂ ਨੂੰ ਜੀ ਆਇਆਂ ਨੂੰ ਆਖਿਆ ਗਿਆ ਅਤੇ ਸਭ ਦਾ ਧੰਨਵਾਦ ਕੀਤਾ ਗਿਆ।

ਪੁਲਿਸ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਸਨਮਾਨ ਚਿੰਨ੍ਹ ਅਤੇ ਵੱਖ ਵੱਖ ਸੇਵਾਵਾਂ ਕਰਨ ਵਾਲੇ ਸੇਵਾਦਾਰਾਂ ਨੂੰ ਸਿਰੁਪਾਉ ਦੀ ਬਖਸ਼ਿਸ਼ ਕੀਤੀ ਗਈ।

# ਗੁਰਦੁਆਰਾ ਸਾਹਿਬ ਗੁਰੂ ਰਾਮ ਦਾਸ ਦਰਬਾਰ,ਕੈਲਗਰੀ ਵਲੋਂ ਵਿਸਾਖੀ ਤੇ ਕਵੀ ਦਰਬਾਰ

**ਕੈਲਗਰੀ-(ਜਸਵਿੰਦਰ ਸਿੰਘ ਰੁਪਾਲ):- ਗੁਰੂ ਗੋਬਿੰਦ ਸਿੰਘ ਜੀ ਵਲੋਂ ਚਲਾਈ ਗਈ ਕਵੀ ਦਰਬਾਰ ਕਰਵਾਉਣ ਦੀ ਰੀਤ ਤੋਂ ਪ੍ਰੇਰਨਾ ਲੈ ਕੇ ਕੈਲਗਰੀ ਦੇ ਗੁਰਦੁਆਰਾ ਸਾਹਿਬ ਗੁਰੂ ਰਾਮਦਾਸ ਦਰਬਾਰ ਦੀ ਪ੍ਰਬੰਧਕ ਕਮੇਟੀ ਵਲੋਂ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਇੱਕ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ। ਸ਼ਾਮ ਦੇ ਨਿੱਤਨੇਮ ਰਹਿਰਾਸ ਸਾਹਿਬ ਦੀ ਸੰਪੂਰਨਤਾ ਉਪਰੰਤ ਇਸ ਦੀ ਸ਼ੁਰੂਆਤ ਬਕਾਇਦਾ ਅਰਦਾਸ ਕਰਕੇ ਕੀਤੀ ਗਈ। ਕਵੀ ਦਰਬਾਰ ਵਿੱਚ 40 ਦੇ ਕਰੀਬ ਕਵੀਆਂ ਨੇ ਹਿੱਸਾ ਲਿਆ।**





ਇਨ੍ਹਾਂ ਵਿਚੋਂ ਬਹੁਤੇ ਅਜਿਹੇ ਸਨ, ਜਿਨ੍ਹਾਂ ਨੇ ਆਪਣੀਆਂ ਲਿਖੀਆ ਕਵਿਤਾਵਾਂ ਸੁਣਾਈਆਂ ਜਦਕਿ ਕੁਝ ਕੁ ਅਜਿਹੇ ਵੀ ਸਨ, ਜਿਨ੍ਹਾਂ ਨੇ ਹੋਰ ਸਥਾਪਿਤ ਜਾਂ ਮੌਜੂਦਾ ਕਵੀਆਂ ਦੀਆ ਲਿਖੀਆਂ ਕਵਿਤਾਵਾਂ ਸੁਣਾਈਆਂ। ਸੁਣਾਈਆ ਗਈਆਂ ਕਵਿਤਾਵਾਂ ਵਿਚ ਲੱਗਭਗ ਹਰ ਰੰਗ ਹੀ ਮੌਜੂਦ ਸੀ - ਸਟੇਜੀ ਕਵਿਤਾ ਵਾਲਾ ਜੋਸ਼ੀਲਾ ਰੰਗ, ਤਰੰਨਮ ਵਿਚ ਗਾਈ ਜਾਣ ਵਾਲੀ ਗੀਤ ਵਾਲੀ ਕਵਿਤਾ ਦਾ ਰੰਗ, ਖੁੱਲ੍ਹੀ ਕਵਿਤਾ ਦਾ ਰੰਗ, ਛੰਦਾ ਬੰਦੀ ਵਿਚ ਪਰੁੱਚੀ ਕਵਿਤਾ ਦਾ ਰੰਗ, ਸਾਜਾਂ ਦੇ ਸੰਗੀਤ ਵਿਚ ਡੁੱਬੀ ਕਵਿਤਾ ਦਾ ਰੰਗ, ਹੇਕ ਵਾਲੀ ਕਵਿਤਾ ਦਾ ਰੰਗ ਅਤੇ ਜੋਸ਼ੀਲੀ ਵਾਰ ਦਾ ਰੰਗ । ਕਵਿਤਾਵਾਂ ਦੇ ਮੁੱਖ ਵਿਸ਼ੇ ਖਾਲਸਾ ਸਾਜਨ ਦਿਵਸ ਨਾਲ ਹੀ ਸੰਬੰਧਿਤ ਸਨ, ਜਿਸ ਵਿਚ ਗੁਰੂ ਗੋਬਿੰਦ ਸਿੰਘ ਜੀ ਵਲੋਂ ਨਿਵੇਕਲਾ ਕਦਮ ਚੁੱਕਦਿਆਂ ਨਵੇਂ ਖਾਲਸੇ ਨੂੰ ਸਾਜਣ ਦਾ ਬਿਰਤਾਂਤ, ਖਾਲਸੇ ਦਾ ਪ੍ਰੇਮ ਭਿੱਜਿਆ ਅਤੇ ਜੋਸ਼ੀਲਾ ਰੂਪ, ਗੁਰੂ ਸਾਹਿਬ ਜੀ ਵਲੋਂ ਸਮਾਨਤਾ, ਬਹਾਦਰੀ, ਅਤੇ ਨੀਵਿਆਂ ਨੂੰ ਉੱਚਾ ਕਰਨ ਦਾ ਚਮਤਕਾਰ, ਸ਼ਹੀਦਾਂ ਦੇ ਪ੍ਰਸੰਗ ,ਖਾਲਸੇ ਦੇ ਗੁਰੂ ਜੀ ਵਲੋਂ ਦਸੇ ਗਏ ਖਾਲਸੇ ਦੇ ਗੁਣ, ਆਧੁਨਿਕ ਖਾਲਸੇ ਦਾ ਕਿਰਦਾਰ, ਆਦਿ ਵਿਸ਼ੇ ਛੂਹ ਕੇ ਇਨ੍ਹਾਂ ਕਵੀਆਂ ਨੇ 1699 ਦੀ ਵਿਸਾਖੀ ਤੋਂ ਅੱਜ ਤੱਕ ਦਾ ਇਤਿਹਾਸ ਅੱਖਾਂ ਅੱਗੇ ਲੈ ਆਂਦਾ। ਇਸ ਕਵੀ ਦਰਬਾਰ ਵਿੱਚ ਹਿੱਸਾ ਲੈਣ ਵਾਲੇ ਕਵੀ ਸਨ - ਜਨਮਜੀਤ ਸਿੰਘ, ਮੰਗਲ ਸਿੰਘ ਚੱਠਾ, ਹਰਮਿੰਦਰਪਾਲ ਸਿੰਘ, ਮੋਹਕਮ ਸਿੰਘ ਚੌਹਾਨ, ਦਾਮਵੀ ਸਿੰਘ, ਸ਼ਮਿੰਦਰ ਸਿੰਘ ਕੰਗਵੀ, ਬਲਵੀਰ ਸਿੰਘ ਗੋਰਾ ਰਕਬੇ ਵਾਲਾ, ਪਰਮਜੀਤ ਸਿੰਘ ਭੰਗੂ, ਦੀਪ ਬਰਾੜ, ਤਾਰ ਬਰਾੜ, ਸੁਖਵਿੰਦਰ ਸਿੰਘ ਤੂਰ, ਗੁਰਦੀਸ਼ ਕੌਰ ਗਰੇਵਾਲ, ਗੁਰਚਰਨ ਕੌਰ ਥਿੰਦ, ਸੁਰਿੰਦਰ ਗੀਤ, ਸਰਬਜੀਤ ਕੌਰ ਉੱਪਲ, ਸਹਿਜ ਸਿੰਘ ਗਿੱਲ, ਗੁਰਮੀਤ ਕੌਰ ਸਰਪਾਲ, ਗਿੱਲ ਸੁਖਮੰਦਰ ਕੈਲਗਰੀ, ਗੁਰਜੀਤ ਜੱਸੀ, ਅਵਤਾਰ ਸਿੰਘ, ਜੋਗਾ ਸਿੰਘ ਸਹੋਤਾ, ਜਸਵੰਤ ਸਿੰਘ ਸੇਖੋਂ, ਸਰੂਪ ਸਿੰਘ ਮੰਡੇਰ, ਵਿਕਰਮ ਸਿੰਘ, ਅਸੀਸ ਕੌਰ, ਜਸਜੋਤ ਕੋਰ, ਗੁਰਜਿੰਦਰ ਸਿੰਘ ਧਾਲੀਵਾਲ, ਜਸ਼ਨਦੀਪ ਸਿੰਘ, ਜਸਵਿੰਦਰ ਸਿੰਘ ਰੁਪਾਲ, ਭੋਲਾ ਸਿੰਘ ਚੌਹਾਨ, ਤਰਲੋਚਨ ਸਿੰਘ ਸੈਂਹਭੀ, ਸਹਿਜਧੁਨ ਕੌਰ, ਡਾ.ਰਾਜਨ ਕੌਰ । ਕਿਸੇ ਮਜਬੂਰੀ ਕਾਰਨ ਕਵੀ ਦਰਬਾਰ ਵਿੱਚ ਹਾਜ਼ਰ ਨਾ ਹੋ ਸਕਣ ਵਾਲੇ ਸਨ ਗੁਰਸ਼ਾਨ ਚਾਹਲ, ਸਨੀ ਸਵੈਚ, ਹਰਸੀਰਤ ਕੌਰ, ਬਲਵੀਰ ਸਿੰਘ ਕਲਿਆਣੀ ਅਤੇ ਕੁਲਦੀਪ ਸਿੰਘ ਚਾਨੇ ।ਸ਼ਿਵਾਲਿਕ ਟੀਵੀ ਦੇ ਰਿਪੋਰਟਰ ਸ ਪਰਮਜੀਤ ਸਿੰਘ ਭੰਗੂ ਜੀ ਨੇ ਟੀਵੀ ਲਈ ਇਸ ਦੀ ਕਵਰੇਜ ਵੀ ਕੀਤੀ ਅਤੇ ਸਤਿੰਦਰ ਸਿੰਘ ਹੈਪੀ ਨੇ ਸਾਰਾ ਪ੍ਰੋਗਰਾਮ ਫੇਸਬੁੱਕ ਤੇ ਲਾਈਵ ਕਰਨ ਦੀ ਸੇਵਾ ਨਿਭਾਈ ।ਇਸ ਕਵੀ ਦਰਬਾਰ ਦੀ ਵਿਸ਼ੇਸ਼ਤਾ ਇਹ ਸੀ ਕਿ ਇਸ ਵਿਚ 8 ਸਾਲ ਦੇ ਬੱਚੇ ਤੋ ਲੈ ਕੇ 80 ਸਾਲ ਤੱਕ ਦੇ ਪ੍ਰੋੜ ਕਵੀ ਸ਼ਾਮਲ ਸਨ। ਸਟੇਜ ਸੰਚਾਲਨ ਦੀ ਸੇਵਾ ਗੁਰਦਆਰਾ ਰਾਮ ਦਾਸ ਦਰਬਾਰ, ਕੈਲਗਰੀ ਦੇ ਸਕੱਤਰ, ਜਿਹੜੇ ਖੁਦ ਵੀ ਕਵੀ ਹਨ, ਸ ਭੋਲਾ ਸਿੰਘ ਚੌਹਾਨ ਜੀ ਨੇ ਬਾਖੂਬੀ ਨਿਭਾਈ। ਪ੍ਰੋਗਰਾਮ ਦੇ ਅਖੀਰ ਤੇ ਗੁਰਦੁਆਰਾ ਸਾਹਿਬ ਵਲੋਂ ਸਾਰੇ ਸ਼ਾਮਲ ਕਵੀਆਂ ਨੂੰ ਸਿਰੋਪਾਓ, ਸਨਮਾਨ ਚਿੰਨ੍ਹ ਅਤੇ ਪੈਨ ਨਾਲ ਸਨਮਾਨਿਤ ਕੀਤਾ ਗਿਆ, ਜਿਹੜੇ ਕਿ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ ਰਾਮਰਣਜੀਤ ਸਿੰਘ ਮਾਨ ਜੀ ਵਲੋਂ ਤਕਸੀਮ ਕੀਤੇ ਗਏ। ਆਨੰਦ ਸਾਹਿਬ ਦਾ ਪਾਠ ਅਤੇ ਅਰਦਾਸ ਨਾਲ ਪ੍ਰੋਗਰਾਮ ਦੀ ਸਮਾਪਤੀ ਹੋਈ। ਤਿੰਨ ਘੰਟੇ ਨਿਰੰਤਰ ਚੱਲੇ ਇਸ ਕਵੀ ਦਰਬਾਰ ਦਾ ਸੰਗਤ ਨੇ ਖੂਬ ਅਨੰਦ ਮਾਣਿਆ ਅਤੇ ਸੰਗਤ ਦੀ ਬੇਨਤੀ ਤੇ ਪ੍ਰਬੰਧਕ ਕਮੇਟੀ ਨੇ ਭਵਿੱਖ ਵਿਚ ਵੀ ਅਜਿਹੇ ਪ੍ਰੋਗਰਾਮ ਉਲੀਕਣ ਦਾ ਭਰੋਸਾ ਦਿਵਾਇਆ।

# ਸਿੱਖਿਆ ਕ੍ਰਾਂਤੀ ਦੀ ਮੂੰਹੋਂ ਬੋਲਦੀ ਤਸਵੀਰ

ਸੰਦੀਪ ਕੁਮਾਰ
7009807121



ਸਿੱਖਿਆ ਕਿਸੇ ਵੀ ਰਾਜ ਦੀ ਤਰੱਕੀ ਦੀ ਮੂਲ ਕੁੰਜੀ ਹੁੰਦੀ ਹੈ। ਜੇਕਰ ਕਿਸੇ ਦੇਸ਼ ਜਾਂ ਸੂਬੇ ਨੇ ਅਸਲ ਤਰੱਕੀ ਕਰਨੀ ਹੈ, ਤਾਂ ਉਸ ਲਈ ਲਾਜ਼ਮੀ ਹੈ ਕਿ ਉਹ ਆਪਣੇ ਨੌਜਵਾਨਾਂ ਨੂੰ ਗੁਣਵੱਤਾਪੂਰਨ ਸਿੱਖਿਆ ਦੇ ਕੇ ਉਨ੍ਹਾਂ ਨੂੰ ਵਿਦਿਆ, ਵਿਵੇਕ ਅਤੇ ਸਮਝਦਾਰੀ ਨਾਲ ਭਰਪੂਰ ਕਰੇ। ਪੰਜਾਬ, ਜੋ ਕਿ ਕਈ ਸਾਲਾਂ ਤੋਂ ਸਿੱਖਿਆ ਦੇ ਖੇਤਰ ਵਿੱਚ ਪਿੱਛੇ ਰਿਹਾ ਸੀ, ਅੱਜ ਇੱਕ ਨਵੇਂ ਦੌਰ ਵਿੱਚ ਦਾਖ਼ਲ ਹੋ ਚੁੱਕਾ ਹੈ। ਇਹ ਸਭ ਕੁਝ ਸੰਭਵ ਹੋਇਆ ਹੈ ਮੌਜੂਦਾ ਪੰਜਾਬ ਸਰਕਾਰ ਦੀ ਦੂਰਦਰਸ਼ੀ, ਨਵੀਨਤਮ ਅਤੇ ਜੋਸ਼ੀਲੀ ਸੋਚ ਕਾਰਨ, ਜੋ ਸਿੱਖਿਆ ਨੂੰ ਕੇਵਲ ਇੱਕ ਵਿਭਾਗ ਨਹੀਂ, ਸਗੋਂ ਭਵਿੱਖ ਦੀ ਸੰਪੂਰਨ ਕਾਮਯਾਬੀ ਦੀ ਨੀਂਹ ਮੰਨਦੀ ਹੈ। ਇਸੇ ਲਈ ਮੌਜੂਦਾ ਪੰਜਾਬ ਸਰਕਾਰ ਸਿੱਖਿਆ ਦੇ ਖੇਤਰ ਨੂੰ ਵਿਕਾਸ ਦੇ ਮੁੱਖ ਖੇਤਰਾਂ ਵਿੱਚ ਰੱਖਦੀ ਹੋਈ ਕਾਰਜ ਕਰ ਰਹੀ ਹੈ।

ਜਦੋਂ 2022 ਵਿੱਚ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਵਿੱਚ ਸੱਤਾ ਸੰਭਾਲੀ, ਤਾਂ ਉਨਾਂ ਨੇ ਸਿੱਖਿਆ ਦੇ ਖੇਤਰ ਨੂੰ ਆਪਣੀ ਪ੍ਰਾਥਮਿਕਤਾ ਵਿੱਚ ਪਹਿਲੇ ਸਥਾਨ 'ਤੇ ਰੱਖਿਆ। ਉਨਾਂ ਦੀ ਸੋਚ ਸੀ ਕਿ ਜੇਕਰ ਅਸੀਂ ਨੌਜਵਾਨਾਂ ਨੂੰ ਚੰਗੀ ਸਿੱਖਿਆ ਦੇਣ ਵਿੱਚ ਕਾਮਯਾਬ ਹੋ ਜਾਂਦੇ ਹਾਂ, ਤਾਂ ਪੰਜਾਬ ਆਪਣੇ ਆਪ ਹੀ ਤਰੱਕੀ ਦੇ ਰਾਹਾਂ 'ਤੇ ਅੱਗੇ ਵਧ ਜਾਵੇਗਾ। ਇਸੇ ਦ੍ਰਿਸ਼ਟੀਕੋਣ ਹੇਠ ਉਨਾਂ ਨੇ ਇੱਕ ਤੋਂ ਵੱਧ ਕਦਮ ਚੁੱਕੇ, ਜੋ ਅੱਜ ਸਿੱਖਿਆ ਕ੍ਰਾਂਤੀ ਦੇ ਰੂਪ ਵਿੱਚ ਸਾਡੇ ਸਾਹਮਣੇ ਖੜੇ ਹਨ। ਭਗਵੰਤ ਮਾਨ ਸਰਕਾਰ ਨੇ ਸਿੱਖਿਆ ਮੰਤਰੀ ਸ੍ਰੀ ਹਰਜੋਤ ਸਿੰਘ ਬੈਂਸ ਜੀ ਨੂੰ ਇਸ ਖੇਤਰ ਦੀ ਜ਼ਿੰਮੇਵਾਰੀ ਸੌਂਪੀ। ਹਰਜੋਤ ਸਿੰਘ ਬੈਂਸ ਜੀ ਦੀ ਸੋਚ, ਜੋ ਆਧੁਨਿਕ, ਦੂਰਦਰਸ਼ੀ ਅਤੇ ਵਿਦਿਆਰਥੀ ਕੇਂਦਰਤ ਹੈ, ਨੇ ਸਿੱਖਿਆ ਨੂੰ ਇੱਕ ਨਵਾਂ ਰੂਪ ਦਿੱਤਾ। ਉਨਾਂ ਨੇ ਪੁਰਾਣੇ ਰਿਵਾਜੀ ਢਾਂਚੇ ਨੂੰ ਤੋੜ ਕੇ ਇੱਕ ਅਜਿਹੀ ਵਿਧੀ ਬਣਾਈ, ਜੋ ਬੱਚਿਆਂ ਨੂੰ ਸਮਝ, ਤਕਨਾਲੋਜੀ ਅਤੇ ਜੀਵਨ ਯੋਗਤਾ ਵਾਲੀ ਸਿੱਖਿਆ ਵੱਲ ਲੈ ਜਾਂਦੀ ਹੈ।

ਸਭ ਤੋਂ ਵੱਡਾ ਬਦਲਾਅ ਜੋ ਲੋਕਾਂ ਨੇ ਖੁਦ ਵੇਖਿਆ, ਉਹ ਸਰਕਾਰੀ ਸਕੂਲਾਂ ਦੀਆਂ ਇਮਾਰਤਾਂ ਅਤੇ ਕਲਾਸਰੂਮ ਦਾ ਨਵੀਨਤਮ ਰੂਪ ਸੀ। ਜਿੱਥੇ ਪਹਿਲਾਂ ਲੋਕ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲ ਵਿੱਚ ਪਾਉਣ ਤੋਂ ਹਿਚਕਿਚਾਉਂਦੇ ਸਨ, ਅੱਜ ਓਥੇ ਹਾਲਾਤ ਇਨ੍ਹਾਂ ਬਦਲੇ ਹਨ ਕਿ ਸਰਕਾਰੀ ਸਕੂਲਾਂ ਦੀ ਦਿੱਖ ਅਤੇ ਵਿਵਸਥਾ ਪ੍ਰਾਈਵੇਟ ਸਕੂਲਾਂ ਨੂੰ ਵੀ ਪਿੱਛੇ ਛੱਡ ਰਹੀ ਹੈ। ਸਮਾਰਟ ਕਲਾਸ ਰੂਮ, ਪ੍ਰੋਜੈਕਟਰ, ਇੰਟਰਐਕਟਿਵ ਪੈਨਲ, ਇ-ਕੰਟੈਂਟ ਅਤੇ ਡਿਜੀਟਲ ਪਾਠ-ਇਹ ਸਭ ਕੁਝ ਇੱਕ ਸੁਪਨੇ ਵਾਂਗ ਸੀ, ਜੋ ਹੁਣ ਹਕੀਕਤ ਬਣ ਚੁੱਕਾ ਹੈ। ਇਸ ਤਕਨੀਕੀ ਬਦਲਾਅ ਨਾਲ ਵਿਦਿਆਰਥੀਆਂ ਦਾ ਸਿੱਖਣ ਵਲ ਰੁਝਾਨ ਵਧਿਆ ਹੈ। ਉਹ ਬੋਰ ਹੋਣ ਦੀ ਬਜਾਏ, ਹੁਣ ਡਿਜ਼ੀਟਲ ਤਕਨੀਕਾਂ ਰਾਹੀ ਸਿੱਖਿਆ ਦੇ ਪਾਠਕ੍ਰਮਾਂ ਵਿੱਚ ਰੁਚੀ ਲੈ ਰਹੇ ਹਨ। ਇਸ ਨਾਲ ਪੜ੍ਹਾਈ ਦੀ ਗੁਣਵੱਤਾ ਵਿੱਚ ਵੀ ਬੇਹੱਦ ਸੁਧਾਰ ਆਇਆ ਹੈ। ਸਰਕਾਰ ਨੇ 2000 ਕਰੋੜ ਰੁਪਏ ਦੀ ਲਾਗਤ ਨਾਲ 12000 ਤੋਂ ਵੱਧ ਸਰਕਾਰੀ ਸਕੂਲਾਂ ਦਾ ਨਵੀਨੀਕਰਨ ਕੀਤਾ ਹੈ, ਜੋ ਕਿ ਸਿੱਖਿਆ ਖੇਤਰ ਵਿੱਚ ਇਨਕਲਾਬੀ ਕਦਮ ਹੈ।



ਇਸ ਦੇ ਨਾਲ ਹੀ ਪੰਜਾਬ ਸਰਕਾਰ ਨੇ ਸੂਬੇ ਵਿੱਚ 118 "ਸਕੂਲ ਆਫ ਐਮੀਨੈਂਸ" ਦੀ ਸ਼ੁਰੂਆਤ ਕਰਕੇ ਸਿੱਖਿਆ ਦੇ ਖੇਤਰ ਵਿੱਚ ਇੱਕ ਨਵਾਂ ਇਤਿਹਾਸ ਰਚਿਆ ਹੈ। ਇਨ੍ਹਾਂ ਸਕੂਲਾਂ ਵਿੱਚ ਨਾ ਸਿਰਫ਼ ਆਧੁਨਿਕ ਬੁਨਿਆਦੀ ਢਾਂਚਾ ਹੈ, ਸਗੋਂ ਉਨ੍ਹਾਂ ਵਿੱਚ ਸਿਖਲਾਈ ਦੇ ਵਧੀਆ ਮਾਪਦੰਡ ਵੀ ਲਾਗੂ ਕੀਤੇ ਗਏ ਹਨ। ਅਜਿਹੀ ਸਿੱਖਿਆ ਜੋ ਵਿਦਿਆਰਥੀ ਨੂੰ ਕੇਵਲ ਕਿਤਾਬਾਂ ਤੱਕ ਹੀ ਸੀਮਤ ਨਹੀਂ ਰੱਖਦੀ, ਸਗੋਂ ਉਨ੍ਹਾਂ ਨੂੰ ਸੋਚਣ, ਸਮਝਣ ਅਤੇ ਅਮਲ ਵਿੱਚ ਲਿਆਉਣ ਵਾਲਾ ਬਣਾਉਂਦੀ ਹੈ। ਇਸ ਦੇ ਨਾਲ ਨਾਲ ਖੇਡਾਂ ਦੇ ਖੇਤਰ ਵਿੱਚ ਵੀ ਪੰਜਾਬ ਸਰਕਾਰ ਨੇ ਵਿਸ਼ੇਸ਼ ਉਪਰਾਲੇ ਕੀਤੇ ਹਨ।

"ਖੇਡੋ ਵਤਨ ਪੰਜਾਬ" ਮੁਹਿੰਮ ਹੇਠ ਹਜ਼ਾਰਾਂ ਵਿਦਿਆਰਥੀਆਂ ਨੇ ਰਾਜ ਪੱਧਰੀ, ਰਾਸ਼ਟਰੀ ਪੱਧਰੀ ਅਤੇ ਅੰਤਰਰਾਸ਼ਟਰੀ ਪੱਧਰੀ ਮੁਕਾਬਲਿਆਂ ਵਿੱਚ ਭਾਗ ਲੈਣਾ ਸ਼ੁਰੂ ਕੀਤਾ ਹੈ। ਸਕੂਲਾਂ ਵਿੱਚ ਖੇਡ ਮੈਦਾਨ, ਉਪਕਰਣ, ਕੋਚ ਅਤੇ ਟ੍ਰੇਨਿੰਗ ਦੀ ਵਿਵਸਥਾ ਕਰਕੇ ਬੱਚਿਆਂ ਵਿੱਚ ਖੇਡਾਂ ਵਲ ਰੁਝਾਨ ਪੈਦਾ ਕੀਤਾ ਗਿਆ ਹੈ। ਖੇਡ ਅਤੇ ਸਿੱਖਿਆ-ਦੋਵੇਂ ਦਾ ਸੰਤੁਲਨ ਅੱਜ ਦੇ ਯੁਗ ਦੀ ਲੋੜ ਹੈ ਅਤੇ ਪੰਜਾਬ ਸਰਕਾਰ ਨੇ ਇਸ ਨੂੰ ਬਹੁਤ ਸਮਝਦਾਰੀ ਨਾਲ ਅਮਲ ਵਿੱਚ ਲਿਆਉਂਦਾ ਹੈ।

ਇਸ ਸਾਰੀ ਕਵਾਇਦ ਨੂੰ ਲੋਕਾਂ ਤੱਕ ਪਹੁੰਚਾਉਣ ਲਈ 7 ਅਪ੍ਰੈਲ ਤੋਂ "ਸਿੱਖਿਆ ਕ੍ਰਾਂਤੀ" ਮੁਹਿੰਮ ਦੀ ਸ਼ੁਰੂਆਤ ਹੋ ਰਹੀ ਹੈ। ਇਸ ਪ੍ਰੋਗਰਾਮ ਹੇਠ ਅੱਗਲੇ 54 ਦਿਨਾਂ ਤੱਕ ਸਰਕਾਰੀ ਸਕੂਲਾਂ ਦੀ ਨਵੀਂ ਦਿੱਖ, ਉਥੇ ਹੋ ਰਹੇ ਬਦਲਾਅ ਅਤੇ ਵਿਦਿਆਰਥੀਆਂ ਦੀਆਂ ਉਪਲਬਧੀਆਂ ਨੂੰ ਲੋਕਾਂ ਦੇ ਸਾਹਮਣੇ ਲਿਆਉਂਦਾ ਜਾਵੇਗਾ। ਇਹ ਨਾਂ ਸਿਰਫ਼ ਸਰਕਾਰ ਦੇ ਕੰਮ ਦੀ ਜਾਣਕਾਰੀ ਦੇਵੇਗਾ, ਸਗੋਂ ਲੋਕਾਂ ਨੂੰ ਵੀ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਪਾਉਣ ਵੱਲ ਪ੍ਰੇਰਿਤ ਕਰੇਗਾ। ਜਿਸ ਤਰ੍ਹਾਂ ਦੇ ਇਨਕਲਾਬੀ ਕਦਮ ਪੰਜਾਬ ਸਰਕਾਰ ਨੇ ਚੁੱਕੇ ਹਨ, ਉਹ ਦੇਸ਼ ਦੇ ਹੋਰ ਰਾਜਾਂ ਲਈ ਵੀ ਇੱਕ ਮਿਸਾਲ ਬਣੇ ਹਨ। ਮੁੱਖ ਮੰਤਰੀ ਪੰਜਾਬ ਸ਼੍ਰੀ ਭਗਵੰਤ ਸਿੰਘ ਮਾਨ ਜੀ ਅਤੇ ਸਿੱਖਿਆ ਮੰਤਰੀ ਪੰਜਾਬ ਸ਼੍ਰੀ ਹਰਜੋਤ ਸਿੰਘ ਬੈਂਸ ਜੀ ਦੇ ਅਣਥੱਕ ਯਤਨਾਂ ਸਦਕਾ, ਅੱਜ ਜਦੋਂ ਇੱਕ ਮੱਧਮ ਵਰਗ ਜਾਂ ਗਰੀਬ ਪਰਿਵਾਰ ਦਾ ਬੱਚਾ ਵੀ ਆਧੁਨਿਕ ਸਿੱਖਿਆ ਦੀ ਲਹਿਰ ਵਿੱਚ ਤੈਰਦਾ ਹੋਇਆ ਦਿਸਦਾ ਹੈ, ਤਾਂ ਇਹ ਸੱਚਮੁੱਚ ਮਾਣ ਵਾਲੀ ਗੱਲ ਹੈ।

ਸਿੱਖਿਆ ਮੰਤਰੀ ਪੰਜਾਬ ਸ਼੍ਰੀ ਹਰਜੋਤ ਸਿੰਘ ਬੈਂਸ ਜੀ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਜੇ ਇਰਾਦੇ ਨਿੱਘੇ ਹੋਣ, ਤਾਂ ਸਰਕਾਰੀ ਪੱਧਰ 'ਤੇ ਵੀ ਵਿਦਿਆਰਥੀਆਂ ਨੂੰ ਉਹ ਸਾਰੀਆਂ ਸਹੂਲਤਾਂ ਦਿੱਤੀਆਂ ਜਾ ਸਕਦੀਆਂ ਹਨ, ਜੋ ਇੱਕ ਸਮਰੱਥ ਪਰਿਵਾਰ ਆਪਣੇ ਬੱਚੇ ਨੂੰ ਪ੍ਰਾਈਵੇਟ ਸਕੂਲ ਵਿੱਚ ਦਿੰਦਾ ਹੈ। ਸਿੱਖਿਆ ਦੀ ਇਸ ਕ੍ਰਾਂਤੀ ਦੀ ਮੂੰਹੋਂ ਬੋਲਦੀ ਤਸਵੀਰ ਅੱਜ ਪੰਜਾਬ ਦੇ ਹਰੇਕ ਜ਼ਿਲ੍ਹੇ, ਹਰੇਕ ਕਸਬੇ ਅਤੇ ਹਰੇਕ ਪਿੰਡ ਦੇ ਸਰਕਾਰੀ ਸਕੂਲ ਵਿੱਚ ਦਿਸਦੀ ਹੈ। ਇੱਕ ਵਾਰ ਜੋ ਮਾਪੇ ਆਪਣੀਆਂ ਆਰਥਿਕ ਮਜ਼ਬੂਰੀਆਂ ਕਾਰਨ ਆਪਣੇ ਬੱਚਿਆਂ ਨੂੰ ਗੁਣਵੱਤਾ ਵਾਲੀ ਸਿੱਖਿਆ ਤੋਂ ਵਾਂਝਾ ਸਮਝਦੇ ਸਨ, ਅੱਜ ਉਹਨਾਂ ਦੀਆਂ ਅੱਖਾਂ ਵਿੱਚ ਨਵੇਂ ਸੁਪਨੇ ਹਨ। ਪੰਜਾਬ ਸਰਕਾਰ ਦੇ ਸਿੱਖਿਆ ਖੇਤਰ ਨੂੰ ਨਵੀਨਤਮ ਦਿੱਖ ਦੇਣ ਲਈ ਕੀਤੇ ਗਏ ਉਪਰਾਲੇ ਸ਼ਲਾਘਾਯੋਗ ਹਨ, ਇਸ ਲਈ ਸੂਬੇ ਦੇ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਵੀ ਉਤਸ਼ਾਹਿਤ ਹੋਕੇ ਸਰਕਾਰ ਦੇ ਇਸ ਉਪਰਾਲੇ ਵਿੱਚ ਭਾਗੀਦਾਰ ਬਣਨ। ਇਸ ਤਰ੍ਹਾਂ ਰਲ-ਮਿਲ ਕੇ ਹੀ ਸਮਾਜ ਦੀ ਤਰੱਕੀ ਦਾ ਨੀਂਹ ਪੱਥਰ ਰੱਖਿਆ ਜਾ ਸਕਦਾ ਹੈ।

ਇਸ ਇਨਕਲਾਬ ਲਈ ਮੁੱਖ ਮੰਤਰੀ ਪੰਜਾਬ ਸ਼੍ਰੀ ਭਗਵੰਤ ਸਿੰਘ ਮਾਨ ਜੀ ਅਤੇ ਸਿੱਖਿਆ ਮੰਤਰੀ ਪੰਜਾਬ ਸ਼੍ਰੀ ਹਰਜੋਤ ਸਿੰਘ ਬੈਂਸ ਜੀ ਵਧਾਈ ਦੇ ਪਾਤਰ ਹਨ। ਉਨਾਂ ਦੀ ਦੂਰਅੰਦੇਸ਼ੀ ਸੋਚ, ਨਿਰੰਤਰ ਮਿਹਨਤ ਅਤੇ ਸਿੱਖਿਆ ਪ੍ਰਤੀ ਸਮਰਪਣ ਨੇ ਅੱਜ ਪੰਜਾਬ ਦੇ ਲੱਖਾਂ ਬੱਚਿਆਂ ਦੀ ਜ਼ਿੰਦਗੀ ਬਦਲਣ ਦੀ ਆਸ ਜਗਾਈ ਹੈ।

ਅੱਜ ਸੂਬੇ ਵਿਚਲੀ ਸਿੱਖਿਆ ਕ੍ਰਾਂਤੀ ਦੇਸ਼ ਦੇ ਹੋਰ ਸੂਬਿਆਂ ਲਈ ਇੱਕ ਮਿਸਾਲ ਦਾ ਕੰਮ ਕਰ ਰਹੀ ਹੈ। ਅਸੀਂ ਉਮੀਦ ਕਰਦੇ ਹਾਂ ਕਿ ਇਹ ਲਹਿਰ ਹੋਰ ਵੀ ਜੋਸ਼ ਨਾਲ ਅੱਗੇ ਵਧੇਗੀ ਅਤੇ ਪੰਜਾਬ ਦੇ ਹਰ ਇੱਕ ਕੋਨੇ ਤੱਕ ਗੁਣਵੱਤਾਪੂਰਨ, ਆਧੁਨਿਕ ਅਤੇ ਲਾਈਫ ਸਕਿਲਜ਼ ਵਾਲੀ ਸਿੱਖਿਆ ਪਹੁੰਚੇਗੀ। ਸਿੱਖਿਆ ਕ੍ਰਾਂਤੀ ਸਿਰਫ਼ ਸ਼ਬਦ ਨਹੀਂ, ਸਗੋਂ ਇੱਕ ਹਕੀਕਤ ਬਣ ਚੁੱਕੀ ਹੈ-ਅਜਿਹੀ ਹਕੀਕਤ ਜੋ ਭਵਿੱਖ ਨੂੰ ਨਵੀਂ ਦਿਸ਼ਾ ਦੇ ਰਹੀ ਹੈ।

ਐਮ.ਸੀ.ਏ, ਐਮ.ਏ ਮਨੋਵਿਗਿਆਨ, ਰੂਪਨਗਰ
liberalthinker1621@gmail.com

# ਆਈ ਆਰ ਐਸ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਲੱਭਣ ਲਈ ਇਮੀਗ੍ਰੇਸ਼ਨ ਏਜੰਟਾਂ ਨਾਲ ਟੈਕਸ ਜਾਣਕਾਰੀ ਸਾਂਝੀ ਕਰਨ ਲਈ ਸਹਿਮਤ




ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਇੰਟਰਨਲ ਰੈਵਨਿਊ ਸਰਵਿਸ (ਆਈ ਆਰ ਐਸ) ਨੇ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਲੱਭਣ ਲਈ ਸੰਘੀ ਇਮੀਗ੍ਰੇਸ਼ਨ ਏਜੰਟਾਂ ਨਾਲ ਟੈਕਸ ਜਾਣਕਾਰੀ ਸਾਂਝੀ ਕਰਨ ਬਾਰੇ ਸਹਿਮਤੀ ਦੇ ਦਿੱਤੀ ਹੈ। ਇਹ ਜਾਣਕਾਰੀ ਅਦਾਲਤੀ ਦਸਤਾਵੇਜ਼ ਤੋਂ ਮਿਲੀ ਹੈ। ਅਮਰੀਕਾ ਵਿਚ ਗੈਰ ਕਾਨੂੰਨੀ ਤੌਰ 'ਤੇ ਰਹਿ ਰਹੇ ਲੱਖਾਂ ਪ੍ਰਵਾਸੀਆਂ ਕੋਲ ਸ਼ੋਸਲ ਸਕਿਉਰਿਟੀ ਨੰਬਰ ਨਹੀਂ ਹੈ ਤੇ ਉਹ ਹਰ ਸਾਲ ਟੈਕਸ ਭਰਨ ਲਈ ਵਿਅਕਤੀਗੱਤ ਟੈਕਸਦਾਤਾ ਪਛਾਣ ਨੰਬਰ (ਆਈ ਟੀ ਆਈ ਐਨ) ਦੀ ਵਰਤੋਂ ਕਰਦੇ ਹਨ। ਆਈ ਆਰ ਐਸ ਕੋਲ ਇਨਾਂ ਗੈਰ ਕਾਨੂੰਨੀ ਪ੍ਰਵਾਸੀਆਂ ਦੇ ਨਾਂ ਤੇ ਪਤੇ ਮੌਜੂਦ ਹਨ। ਇਸ ਸਾਲ ਫਰਵਰੀ ਦੇ ਸ਼ੁਰੂ ਵਿਚ ਹੋਮਲੈਂਡ ਸਕਿਉਰਿਟੀ ਸਕੱਤਰ ਕ੍ਰਿਸਟੀ ਨੋਏਮ ਨੇ ਖਜ਼ਾਨਾ ਵਿਭਾਗ ਜੋ ਇੰਟਰਨਲ ਰੈਵਨਿਊ ਸਰਵਿਸ ਦਾ ਕੰਮਕਾਜ਼ ਵੇਖਦਾ ਹੈ, ਨੂੰ ਪ੍ਰਵਾਸੀਆਂ ਨੂੰ ਲੱਭਣ ਵਿੱਚ ਮੱਦਦ ਕਰਨ ਦੀ ਬੇਨਤੀ ਕੀਤੀ ਸੀ। ਨਿਆਂ ਵਿਭਾਗ ਦੇ ਵਕੀਲਾਂ ਨੇ ਅਦਾਲਤ ਵਿਚ ਆਈ ਆਰ ਐਸ ਤੇ ਡਿਪਾਰਟਮੈਂਟ ਆਫ ਹੋਮਲੈਂਡ ਸਕਿਉਰਿਟੀ ਵਿਚਾਲੇ ਹੋਏ ਸੋਧੇ ਹੋਏ ਕਰਾਰ ਦੀ ਕਾਪੀ ਦਾਇਰ ਕੀਤੀ। ਇਸ ਸਮਝੌਤੇ ਤਹਿਤ ਇਮੀਗ੍ਰੇਸ਼ਨ ਐਂਡ ਕਸਟਮਜ ਇਨਫੋਰਸਮੈਂਟ ਗੈਰ ਕਾਨੂੰਨੀ ਪ੍ਰਵਾਸੀਆਂ ਦੇ ਪਤੇ ਤੇ ਹੋਰ ਵੇਰਵਾ ਲੈ ਸਕੇਗੀ। ਨਿਆਂ ਵਿਭਾਗ ਦੇ ਵਕੀਲਾਂ ਨੇ ਅਦਾਲਤ ਵਿਚ ਕਿਹਾ ਹੈ ਕਿ ਅਪਰਾਧਿਕ ਜਾਂਚ ਪੜਤਾਲ ਤਹਿਤ ਡੀ ਐਚ ਐਸ ਕਾਨੂੰਨੀ ਤੌਰ 'ਤੇ ਵਿਅਕਤੀਗੱਤ ਟੈਕਸ ਰਿਟਰਨ ਜਾਣਕਾਰੀ ਲੈਣ ਲਈ ਬੇਨਤੀ ਕਰ ਸਕਦੀ ਹੈ ਤੇ ਆਈ ਆਰ ਐਸ ਇਹ ਜਾਣਕਾਰੀ ਦੇਣ ਤੋਂ ਨਾਂਹ ਨਹੀਂ ਕਰ ਸਕਦੀ। ਦੂਸਰੇ ਪਾਸੇ ਫਲੋਰਿਡਾ ਇਮੀਗ੍ਰਾਂਟ ਕੋਲੀਸ਼ਨ ਜੋ ਇਕ ਪ੍ਰਵਾਸੀ ਸਮਰਥਕ ਸਮੂੰਹ ਹੈ, ਦੇ ਅਧਿਕਾਰੀ ਥਾਮਸ ਕੈਨੇਡੀ ਨੇ ਐਕਸ ਉਪਰ ਪਾਈ ਇਕ ਪੋਸਟ ਵਿਚ ਟਰੰਪ ਪ੍ਰਸ਼ਾਸਨ ਦੀ ਇਸ ਨੀਤੀ ਦਾ ਵਿਰੋਧ ਕਰਦਿਆਂ ਕਿਹਾ ਹੈ ਕਿ ਇਸ ਨਾਲ ਲੱਖਾਂ ਪ੍ਰਵਾਸੀ ਟੈਕਸ ਦੇਣਾ ਬੰਦ ਕਰ ਸਕਦੇ ਹਨ ਜਿਸ ਦਾ ਅਸਰ ਸਮੁੱਚੇ ਅਮਰੀਕੀਆਂ ਉਪਰ ਪਵੇਗਾ।

# ਮੁੱਖ ਮੰਤਰੀ ਦੀ ਕੁਰਸੀ ਇੱਕ : ਛੇ ਕਾਂਗਰਸੀ ਦਾਅਵੇਦਾਰ

ਉਜਾਗਰ ਸਿੰਘ



ਪੰਜਾਬ ਦੇ ਕਾਂਗਰਸੀ ਨੇਤਾ ਹਰਿਆਣਾ ਦੇ ਕਾਂਗਰਸੀ ਨੇਤਾਵਾਂ ਦੀਆਂ ਗ਼ਲਤੀਆਂ ਤੋਂ ਵੀ ਸਬਕ ਸਿੱਖਣ ਲਈ ਤਿਆਰ ਨਹੀਂ ਹਨ। 2024 ਵਿੱਚ ਹੋਈਆਂ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਸਮੇਂ ਮੁੱਖ ਮੰਤਰੀ ਦੀ ਕੁਰਸੀ ਪਿੱਛੇ ਲੜਦਿਆਂ ਕਾਂਗਰਸੀ ਨੇਤਾਵਾਂ ਨੇ ਜਿੱਤੀ ਹੋਈ ਬਾਜ਼ੀ ਗੁਆ ਲਈ ਸੀ। ਉਸ ਸਮੇਂ ਹਰਿਆਣਾ ਵਿੱਚ ਕਾਂਗਰਸ ਦੀ ਸਰਕਾਰ ਬਣਨ ਦੀ ਪੂਰੀ ਸੰਭਾਵਨਾ ਸੀ। ਇਸ ਸਮੇਂ ਵੀ ਪੰਜਾਬ ਦੇ ਲੋਕ 2027 ਵਿੱਚ ਫਿਰ ਬਦਲਾਓ ਲਿਆਉਣ ਬਾਰੇ ਸੋਚ ਰਹੇ ਹਨ ਕਿਉਂਕਿ ਆਮ ਆਦਮੀ ਪਾਰਟੀ ਨੇ ਗਰੰਟੀਆਂ ਜ਼ਿਆਦਾ ਕਰ ਲਈਆਂ ਸਨ, ਜਿਨ੍ਹਾਂ ਨੂੰ ਪੰਜਾਬ ਦੀ ਡਾਵਾਂਡੋਲ ਆਰਥਿਕ ਹਾਲਤ ਕਰਕੇ ਪੂਰਾ ਕਰਨਾ ਅਸੰਭਵ ਲੱਗਦਾ ਹੈ। ਪੰਜਾਬ ਵਿੱਚ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਅਜੇ ਲਗਪਗ ਦੋ ਸਾਲ ਬਾਕੀ ਹਨ ਪ੍ਰੰਤੂ ਪੰਜਾਬ ਦੇ ਕਾਂਗਰਸੀ ਨੇਤਾ ਮੁੱਖ ਮੰਤਰੀ ਦੀ ਕੁਰਸੀ ਲਈ ਪਹਿਲਾਂ ਹੀ ਲਟਾਪੀਂਘ ਹੋਏ ਪਏ ਹਨ। ਕਾਂਗਰਸੀ ਨੇਤਾ ਬਿਨਾ ਪਾਣੀ ਤੋਂ ਹੀ ਮੌਜੇ ਖੋਲ੍ਹੀ ਫਿਰਦੇ ਹਨ। ਮੁੱਖ ਮੰਤਰੀ ਦੀ ਕੁਰਸੀ ਅਜੇ ਖਾਲ੍ਹੀ ਵੀ ਨਹੀਂ ਪ੍ਰੰਤੂ ਛੇ ਕਾਂਗਰਸੀ ਨੇਤਾ ਪਹਿਲਾਂ ਹੀ ਮੁੱਖ ਮੰਤਰੀ ਦੀ ਕੁਰਸੀ ਦੀਆਂ ਲੱਤਾਂ ਨੂੰ ਚਿੰਬੜਕੇ ਖਿੱਚਣ ਲੱਗੇ ਪਏ ਹਨ। ਮੈਨੂੰ ਲੱਗਦਾ ਹੈ ਕਿ ਕਿਤੇ ਕੁਰਸੀ ਦੀਆਂ ਟੰਗਾਂ ਆਪੇ ਹੀ ਤੋੜ ਨਾ ਦੇਣ, ਇਹ ਉਨ੍ਹਾਂ ਨੂੰ ਵੀ ਪਤਾ ਹੈ ਕਿ ਇਸ ਤਰ੍ਹਾਂ ਪਾਰਟੀ ਲਈ ਲਾਹੇਬੰਦ ਨਹੀਂ ਪ੍ਰੰਤੂ ਕਾਂਗਰਸੀ ਆਪਣੀਆਂ ਆਦਤਾਂ ਤੋਂ ਬਾਜ਼ ਨਹੀਂ ਆ ਰਹੇ। ਇਨ੍ਹਾਂ ਛੇ ਕਾਂਗਰਸੀਆਂ ਦੇ ਨਾਮ ਦੱਸਣ ਦੀ ਕੋਈ ਲੋੜ ਨਹੀ, ਕਿਉਂਕਿ ਪੰਜਾਬੀ ਪੜ੍ਹੇ ਲਿਖੇ ਸੂਝਵਾਨ ਹਨ, ਹਰ ਰੋਜ਼ ਅਖ਼ਬਾਰਾਂ ਪੜ੍ਹਦਿਆਂ ਕਾਂਗਰਸੀਆਂ ਦੇ ਕਾਟੋ ਕਲੇਸ਼ ਤੋਂ ਵਾਕਫ਼ ਹਨ, ਕਿਵੇਂ ਉਹ ਇੱਕ ਦੂਜੇ ਨੂੰ ਠਿੱਬੀ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਕਾਂਗਰਸੀ ਨੇਤਾਵੋ ਕਿਤੇ ਇੰਜ ਹੀ ਨਾ ਹੋਵੇ, ਜਿਵੇਂ ਬਿਲੀਆਂ ਦੀ ਲੜਾਈ ਵਿੱਚ ਰੋਟੀ ਵੰਡਾਉਣ ਸਮੇਂ ਬਾਂਦਰੀ ਬਾਜ਼ੀ ਮਾਰ ਗਈ ਸੀ, ਪੰਜਾਬ ਦੀਆਂ ਚੋਣਾਂ ਵਿੱਚ ਕੋਈ ਹੋਰ ਤੀਜੀ ਧਿਰ ਕੁਰਸੀ ਖੋਹ ਲਵੇ, ਵਿਰੋਧੀ ਨੂੰ ਕਮਜ਼ੋਰ ਨਹੀਂ ਸਮਝਣਾ ਚਾਹੀਦਾ।

ਕਾਂਗਰਸੀ ਨੇਤਾ ਅਕਾਲੀ ਧੜਿਆਂ ਦੀ ਲੜਾਈ ਕਰਕੇ ਸਮਝਦੇ ਹਨ ਕਿ ਉਨ੍ਹਾਂ ਦੇ ਪੱਲੇ ਕੁਝ ਨਹੀਂ ਪ੍ਰੰਤੂ ਇਤਿਹਾਸ ਗਵਾਹ ਹੈ ਕਿ ਭਾਵੇਂ ਕਿਤਨੇ ਹੀ ਅਕਾਲੀ ਦਲ ਦੇ ਧੜੇ ਚੋਣ ਲੜਨ ਪ੍ਰੰਤੂ ਪੰਜਾਬੀਆਂ ਨੇ ਹਮੇਸ਼ਾ ਅਕਾਲੀ ਦਲ ਦੇ ਇੱਕੋ ਧੜੇ ਸਾਥ ਦਿੱਤਾ ਹੈ, ਇਹ ਵੀ ਜ਼ਰੂਰੀ ਨਹੀਂ ਉਸ ਧੜੇ ਨੂੰ ਸਿਆਸੀ ਤਾਕਤ ਦੇਣ, ਕਿਸੇ ਹੋਰ ਨਵੇਂ ਧੜੇ ਨੂੰ ਵੀ ਸਿਆਸੀ ਤਾਕਤ ਦੇ ਦੇਣ, ਜਿਵੇਂ 1985 ਵਿੱਚ ਸੁਰਜੀਤ ਸਿੰਘ ਬਰਨਾਲਾ ਪਰਕਾਸ਼ ਸਿੰਘ ਬਾਦਲ ਨੂੰ ਠਿੱਬੀ ਲਾ ਗਿਆ ਸੀ। ਇੱਕ ਵਾਰ ਮਾਨ ਅਕਾਲੀ ਦਲ ਨੂੰ ਨੌ ਲੋਕ ਸਭਾ ਦੀਆਂ ਸੀਟਾਂ ਜਿਤਾ ਦਿੱਤੀਆਂ ਸਨ। ਪਿਛਲੀਆਂ ਮਈ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਅੰਮ੍ਰਿਤਪਾਲ ਸਿੰਘ ਅਤੇ ਸਰਬਜੀਤ ਸਿੰਘ ਨੂੰ ਜਿੱਤਾਕੇ ਵੋਟਰਾਂ ਨੇ ਪੰਜਾਬੀਆਂ ਨੂੰ ਹੈਰਾਨ ਕਰ ਦਿੱਤਾ ਸੀ। ਆਮ ਆਦਮੀ ਪਾਰਟੀ 2022 ਦੀਆਂ ਵਿਧਾਨ ਸਭਾ ਵਿੱਚ ਜਿੱਤਾਕੇ ਸਥਾਪਤ ਪਾਰਟੀਆਂ ਗੁੱਠੇ ਲਾ ਦਿੱਤਾ ਸੀ। ਸਿਆਸਤਦਾਨਾ ਨੂੰ ਗੁਮਾਨ ਨਹੀਂ ਕਰਨਾ ਚਾਹੀਦਾ ਅਤੇ ਕਿਸੇ ਭੁਲੇਖੇ ਵਿੱਚ ਵੀ ਨਹੀਂ ਰਹਿਣਾ ਚਾਹੀਦਾ, ਕੋਈ ਵੀ ਚਮਤਕਾਰ ਹੋ ਸਕਦਾ ਹੈ। ਬਦਾਲਾਓ ਲਿਆਉਣਾ ਤੇ ਨਵੇਂ ਪੈਂਤੜੇ ਮਾਰਨੇ ਪੰਜਾਬੀਆਂ ਦੇ ਸੁਭਾਅ ਵਿੱਚ ਹੈ।

ਭਾਰਤੀ ਜਨਤਾ ਪਾਰਟੀ ਵੀ ਪੰਜਾਬ ਵਿੱਚ ਖੰਭ ਖਿਲਾਰ ਰਹੀ ਹੈ, ਜਿਹੜੀ ਹੁਣ ਤੱਕ ਸ਼ਹਿਰਾਂ ਦੀਆਂ 23 ਵਿਧਾਨ ਸਭਾ ਸੀਟਾਂ ਤੱਕ ਸੀਮਤ ਸੀ, ਹੁਣ ਉਹ ਪਿੰਡਾਂ ਵਿੱਚ ਆਪਣੀਆਂ ਯੂਨਿਟਾਂ ਬਣਾਕੇ ਆਪਣੇ ਪੈਰ ਪਸਾਰ ਚੁੱਕੀ ਹੈ। ਇੱਥੋਂ ਤੱਕ ਕਈ ਜ਼ਿਲ੍ਹਿਆਂ ਦੇ ਪ੍ਰਧਾਨ ਜੱਟ ਸਿੱਖ ਬਣਾਕੇ ਦਿਹਾਤੀ ਵੋਟਾਂ ਨੂੰ ਖ਼ੋਰਾ ਲਾ ਰਹੀ ਹੈ। ਪੰਜਾਬ ਦੇ ਇੱਕ ਨੌਜਵਾਨ ਰਵਨੀਤ ਸਿੰਘ ਬਿੱਟੂ ਨੂੰ ਲੋਕ ਸਭਾ ਦੀ ਚੋਣ ਹਾਰਨ ਤੋਂ ਬਾਅਦ ਕੇਂਦਰ ਵਿੱਚ ਮੰਤਰੀ ਬਣਾਕੇ ਰਾਜਸਥਾਨ ਤੋਂ ਰਾਜ ਸਭਾ ਦਾ ਮੈਂਬਰ ਬਣਾ ਲਿਆ। 2024 ਦੀਆਂ ਲੋਕ ਸਭਾ ਦੀਆਂ ਚੋਣਾਂ ਵਿੱਚ ਤਿੰਨ ਲੋਕ ਸਭਾ ਸੀਟਾਂ ਲੁਧਿਆਣਾ, ਗੁਰਦਾਸਪੁਰ ਅਤੇ ਜਲੰਧਰ ਵਿੱਚ ਦੂਜੇ ਨੰਬਰ ਰਹੀ, ਛੇ ਸੀਟਾਂ ਅੰਮ੍ਰਿਤਸਰ, ਆਨੰਦਪੁਰ ਸਾਹਿਬ, ਫ਼ਤਿਹਗੜ੍ਹ ਸਾਹਿਬ, ਫ਼ੀਰੋਜ਼ਪੁਰ, ਹੁਸ਼ਿਆਰਪੁਰ ਅਤੇ ਪਟਿਆਲਾ ਵਿੱਚ ਤੀਜੇ ਨੰਬਰ ਤੇ ਰਹੀ। ਅੰਮ੍ਰਿਤਸਰ, ਗੁਰਦਾਸਪੁਰ ਅਤੇ ਹੁਸ਼ਿਆਰਪੁਰ ਵਿੱਚੋਂ ਵੋਟ ਸ਼ੇਅਰ ਵੱਧ ਗਿਆ। ਬਠਿੰਡਾ ਉਮੀਦਵਾਰ ਚੌਥੇ ਨੰਬਰ ਤੇ ਰਿਹਾ। ਭਾਰਤੀ ਜਨਤਾ ਪਾਰਟੀ ਦੀ ਵੋਟ ਪ੍ਰਤੀਸ਼ਤ 18.56 ਫ਼ੀਸਦੀ ਰਹੀ ਜੋ ਪੰਜਾਬ ਦੀ ਸਭ ਤੋਂ ਪੁਰਾਣੀ ਰੀਜਨਲ ਪਾਰਟੀ ਸ਼੍ਰੋਮਣੀ ਅਕਾਲੀ ਦਲ ਤੋਂ ਵੱਧ ਹੈ। ਹਾਲਾਂ ਕਿ ਉਨ੍ਹਾਂ 1996 ਤੋਂ ਬਾਅਦ ਪਹਿਲੀ ਵਾਰ ਇਕੱਲਿਆਂ ਚੋਣ ਲੜੀ ਸੀ। 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਦੇ 46 ਉਮੀਦਵਾਰਾਂ ਨੇ 20-20 ਹਜ਼ਾਰ ਵੋਟਾਂ ਲਈਆਂ ਹਨ। ਇਸ ਲਈ ਭਾਰਤੀ ਜਨਤਾ ਪਾਰਟੀ ਬਾਰੇ ਕਾਂਗਰਸ ਨੂੰ ਅਵੇਸਲਾ ਨਹੀਂ ਹੋਣਾ ਚਾਹੀਦਾ, ਉਹ ਵੀ ਦਾਅ ਮਾਰ ਸਕਦੇ ਹਨ। ਲੁਧਿਆਣਾ ਪੱਛਵੀਂ ਵਿਧਾਨ ਸਭਾ ਸੀਟ ਦੀ ਉਪ ਚੋਣ ਕਿਸੇ ਮੌਕੇ ਵੀ ਹੋ ਸਕਦੀ ਹੈ। ਇਹ ਚੋਣ ਆਮ ਆਦਮੀ, ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ ਲਈ ਵਕਾਰ ਬਣੀ ਹੋਈ ਹੈ। ਭਾਰਤੀ ਜਨਤਾ ਪਾਰਟੀ ਤੋਂ ਬਿਨਾ ਆਮ ਆਦਮੀ ਪਾਰਟੀ ਅਤੇ ਕਾਂਗਰਸ ਨੇ ਉਮੀਦਵਾਰਾਂ ਦਾ ਐਲਾਨ ਵੀ ਕਰ ਦਿੱਤਾ ਹੈ। ਕਾਂਗਰਸ ਦਾ ਉਮੀਦਵਾਰ ਪੰਜਾਬ ਪ੍ਰਦੇਸ਼ ਕਾਂਗਰਸ ਦਾ ਐਕਟਿੰਗ ਪ੍ਰਧਾਨ ਅਤੇ ਸਾਬਕਾ ਮੰਤਰੀ ਭਾਰਤ ਭੂਸ਼ਨ ਆਸ਼ੂ ਹੈ, ਜਿਹੜਾ ਸਥਾਨਕ ਪ੍ਰਭਾਵਸ਼ਾਲੀ ਨੇਤਾ ਹੈ, ਪ੍ਰੰਤੂ ਉਸਦੇ ਉਮੀਦਵਾਰ ਬਣਦਿਆਂ ਹੀ ਆਪਸੀ ਫੁੱਟ ਦੀਆਂ ਖ਼ਬਰਾਂ ਅਖ਼ਬਾਰਾਂ ਦਾ ਸ਼ਿੰਗਾਰ ਬਣ



ਗਈਆਂ ਹਨ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਤੇ ਭਰਤ ਭੂਸ਼ਨ ਆਸ਼ੂ ਦੇ ਆਪਸੀ ਮਤਭੇਦਾਂ ਦੀਆਂ ਖ਼ਬਰਾਂ ਲੋਕ ਸਭਾ ਚੋਣਾਂ ਮੌਕੇ ਵੀ ਪੜ੍ਹਨ ਨੂੰ ਮਿਲਦੀਆਂ ਰਹੀਆਂ ਹਨ। ਭਾਰਤ ਭੂਸ਼ਨ ਆਸ਼ੂ ਨੂੰ ਕੇਂਦਰੀ ਕਾਂਗਰਸ ਦੇ ਵੱਡੇ ਨੇਤਾ ਦੀ ਅਸ਼ੀਰਵਾਦ ਪ੍ਰਾਪਤ ਹੈ। ਕਾਂਗਰਸ ਪਾਰਟੀ ਪ੍ਰਧਾਨ ਦੇ ਨਾਲ ਐਕਟਿੰਗ ਪ੍ਰਧਾਨ ਬਣਾਕੇ ਦੋ ਸਿਆਸੀ ਧੁਰੇ ਬਣਾ ਦਿੱਤੇ ਹਨ। ਪ੍ਰਧਾਨ ਅਤੇ ਐਕਟਿੰਗ ਪ੍ਰਧਾਨ ਦਾ ਹਮੇਸ਼ਾ ਹੀ ਸੇਹ ਦਾ ਤੱਕਲਾ ਗੱਡਿਆ ਰਹਿੰਦਾ ਹੈ। ਕੈਪਟਨ ਅਮਰਿੰਦਰ ਸਿੰਘ ਦੇ ਮੌਕੇ ਵੀ ਨਵਜੋਤ ਸਿੰਘ ਸਿੱਧੂ ਨੂੰ ਬਰਾਬਰ ਦੀ ਧਿਰ ਬਣਾਕੇ ਧੜੇਬੰਦੀ ਸਰਬ ਹਿੰਦ ਕਾਂਗਰਸ ਕਮੇਟੀ ਨੇ ਆਪ ਪੈਦਾ ਕੀਤੀ ਸੀ, ਜਿਸ ਕਰਕੇ ਪਾਰਟੀ ਨੂੰ ਹਾਰ ਦਾ ਮੂੰਹ ਵੇਖਣਾ ਪਿਆ ਸੀ। ਲੁਧਿਆਣਾ ਪੱਛਵੀਂ ਦਾ ਅਜੇ ਚੋਣ ਦੰਗਲ ਸ਼ੁਰੂ ਨਹੀਂ ਹੋਇਆ, ਪਾਰਟੀ ਦੀ ਫੁੱਟ ਦੀਆਂ ਖ਼ਬਰਾਂ ਫਿਰ ਅਖਬਾਰਾਂ ਵਿੱਚ ਲਗਾਤਾਰ ਆ ਰਹੀਆਂ ਹਨ। ਜਦੋਂ ਪ੍ਰਧਾਨ ਤੇ ਐਕਟਿੰਗ ਪ੍ਰਧਾਨ ਦੀ ਫੁੱਟ ਦੀਆਂ ਖ਼ਬਰਾਂ ਲੱਗੀਆਂ ਤਾਂ ਇਸਦੇ ਨਾਲ ਹੀ ਜਲੰਧਰ ਤੋਂ ਲੋਕ ਸਭਾ ਦੇ ਮੈਂਬਰ ਅਤੇ ਸਾਬਕਾ ਮੁੱਖ ਮੰਤਰੀ ਤੁਰੰਤ ਲੁਧਿਆਣਾ ਪਹੁੰਚ ਕੇ ਐਕਟਿੰਗ ਪ੍ਰਧਾਨ ਤੇ ਕਾਂਗਰਸ ਦੇ ਉਮੀਦਵਾਰ ਭਰਤ ਭੂਸ਼ਨ ਆਸ਼ੂ ਲਈ ਲੁਧਿਆਣਾ ਬੈਠਕੇ ਚੋਣ ਲੜਾਉਣ ਦਾ ਐਲਾਨ ਕਰਦੇ ਹਨ। ਇਨ੍ਹਾਂ ਖ਼ਬਰਾਂ ਦਾ ਅਰਥ ਲੋਕ ਸਮਝਦੇ ਹਨ। ਦੂਜੇ ਪਾਸੇ ਕਪੂਰਥਲਾ ਜ਼ਿਲ੍ਹੇ ਦੀ ਸਿਆਸਤ ਦਾ ਦੰਗਲ ਆਪਸੀ ਧੜੇਬੰਦੀ ਕਰਕੇ ਸ਼ੁਰੂ ਹੋ ਚੁੱਕਾ ਹੈ। ਇੱਕੋ ਦਿਨ ਇੱਕੋ ਹਲਕੇ ਵਿੱਚ ਦੋ ਜਲਸੇ ਹੁੰਦੇ ਹਨ। ਇੱਕ ਜਲਸੇ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ, ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਮੁੱਖੀ ਅਤੇ ਗੁਰਦਾਸਪੁਰ ਤੋਂ ਲੋਕ ਸਭਾ ਦੇ ਮੈਂਬਰ ਸੰਬੋਧਨ ਕਰਦੇ ਹਨ, ਜਿਹੜਾ ਕਾਂਗਰਸ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਦੇ ਹਾਰੇ ਹੋਏ ਉਮੀਦਵਾਰ ਨੇ ਆਯੋਜਤ ਕੀਤਾ ਸੀ। ਦੂਜਾ ਜਲਸਾ ਕਪੂਰਥਲੇ ਤੋਂ ਕਾਂਗਰਸੀ ਵਿਧਾਨਕਾਰ ਤੇ ਸਾਬਕਾ ਮੰਤਰੀ ਦੇ ਸਪੁੱਤਰ ਆਜ਼ਾਦ ਵਿਧਾਨਕਾਰ ਨੇ ਜਲਸਾ ਕੀਤਾ ਹੈ। ਭੁਲੱਥ ਤੋਂ ਵਿਧਾਨਕਾਰ ਤੇ ਕਪੂਰਥਲੇ ਹਲਕੇ ਦੇ ਵਿਧਾਨਕਾਰ ਦਾ ਛੱਤੀ ਦਾ ਅੰਕੜਾ ਪੰਜਾਬੀਆਂ ਨੂੰ ਪਤਾ ਹੀ ਹੈ। ਗੁਰਦਾਸਪੁਰ ਵਿੱਚ ਕਾਂਗਰਸ ਦੇ ਤਿੰਨ ਧੜੇ ਹਨ। ਇਸੇ ਤਰ੍ਹਾਂ ਰੋਪੜ, ਪਟਿਆਲਾ, ਫਰੀਦਕੋਟ ਦੀ ਪਾਟੋਧਾੜ ਜੱਗ ਜ਼ਾਹਰ ਹੈ। ਜਦੋਂ ਕਿ ਕਾਂਗਰਸੀਆਂ ਨੂੰ ਸੋਚ ਸਮਝਕੇ ਸਹਿੰਦੇ-ਸਹਿੰਦੇ ਕਦਮ ਚੁੱਕਣੇ ਚਾਹੀਦੇ ਹਨ ਪ੍ਰੰਤੂ ਉਹ ਤਾਂ ਇੱਕ ਦੂਜੇ ਨੂੰ ਅਸਿੱਧੇ ਢੰਗ ਨਾਲ ਦੱਬਕੇ ਮਾਰ ਰਹੇ ਹਨ। ਅਜਿਹੇ ਹਾਲਾਤ ਵਿੱਚ ਕਾਂਗਰਸ ਦਾ ਭਵਿਖ ਖ਼ਤਰੇ ਵਿੱਚ ਲੱਗਦਾ ਹੈ। ਜੇਕਰ ਕੇਂਦਰੀ ਕਾਂਗਰਸ ਨੇ ਨੇਤਾਵਾਂ ਦੀ ਧੜੇਬੰਦੀ ਖ਼ਤਮ ਕਰਨ ਲਈ ਕੋਈ ਸਾਰਥਿਕ ਕਦਮ ਨਾ ਚੁੱਕਿਆ ਤਾਂ ਕਾਂਗਰਸ ਨੂੰ ਕੰਧ 'ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ।

ਪੰਜਾਬ ਦੇ ਕਾਂਗਰਸੀ ਨੇਤਾਵਾਂ ਦੀ ਲੜਾਈ ਦੇ ਜ਼ਿੰਮੇਵਾਰ ਸਰਬ ਭਾਰਤੀ ਕਾਂਗਰਸ ਹੈ ਕਿਉਂਕਿ ਉਹ ਇਨ੍ਹਾਂ ਦੀ ਧੜੇਬੰਦੀ ਖ਼ਤਮ ਕਰਨ ਦੀ ਕੋਸ਼ਿਸ਼ ਨਹੀਂ ਕਰ ਰਹੀ। ਉਨ੍ਹਾਂ ਦੇ ਕੇਂਦਰੀ ਨੇਤਾ ਇਨ੍ਹਾਂ ਧੜਿਆਂ ਦੀ ਪੁਸ਼ਤ ਪਨਾਹੀ ਕਰ ਰਹੇ ਹਨ ਤਾਂ ਜੋ ਇਹ ਨੇਤਾ ਉਨ੍ਹਾਂ ਦੀ ਖਿਦਮਤ ਵਿੱਚ ਹਾਜ਼ਰੀ ਭਰਦੇ ਰਹਿਣ। ਕਾਂਗਰਸ ਦਾ ਮਾੜਾ ਹਾਲ ਵੀ ਕੇਂਦਰੀ ਕਾਂਗਰਸ ਦੇ ਨੇਤਾਵਾਂ ਦੀਆਂ ਗ਼ਲਤੀਆਂ ਦਾ ਨਤੀਜਾ ਹੈ। ਪੰਜਾਬ ਦੇ ਲੋਕ ਕਾਂਗਰਸ ਦਾ ਸਾਥ ਦੇਣਾ ਚਾਹੁੰਦੇ ਹਨ। ਓਧਰ ਕਾਂਗਰਸ ਹਾਈ ਕਮਾਂਡ ਗਹਿਰੀ ਨੀਂਦ ਵਿੱਚ ਸੁੱਤੀ ਪਈ ਹੈ। ਇਉਂ ਵੀ ਕਿਹਾ ਜਾ ਸਕਦਾ ਹੈ ਕਿ ਹਾਈ ਕਮਾਂਡ ਕਾਂਗਰਸੀਆਂ ਦੀ ਜ਼ੋਰ ਅਜਮਾਈ ਨੂੰ ਵੇਖ ਰਹੀ ਹੈ। ਕਾਂਗਰਸ ਹਾਈ ਕਮਾਂਡ ਪੰਜਾਬ ਦੇ ਕਾਂਗਰਸੀਆਂ ਦੀ ਧੜੇਬੰਦੀ ਬਾਰੇ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ, ਕਿਤੇ ਇਹ ਨਾ ਹੋਵੇ ਕਿ ਦੇਰੀ ਕਰਨ ਨਾਲ ਬਾਜ਼ੀ ਹੀ ਉਨ੍ਹਾਂ ਦੇ ਹੱਥੋਂ ਨਾ ਨਿਕਲ ਜਾਵੇ। ਕਾਂਗਰਸ ਹਾਈ ਕਮਾਂਡ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਉਹ ਸਰਕਾਰੀ ਦਫ਼ਤਰਾਂ ਦੀ ਤਰ੍ਹਾਂ ਕੰਮ ਕਰਦੀ ਹੈ। ਭਾਵ ਫਾਈਲ ਬਹੁਤ ਧੀਮੀ ਸਪੀਡ ਨਾਲ ਚਲਦੀ ਹੈ। ਪੰਜਾਬ ਦੇ ਕਾਂਗਰਸੀ ਇਸ ਕਰਕੇ ਇੱਕ ਦੂਜੇ ਨੂੰ ਦੁਰਗੇ ਮਾਰ ਰਹੇ ਹਨ ਕਿਉਂਕਿ ਕਾਂਗਰਸ ਕੰਮਜ਼ੋਰ ਹੋ ਚੁੱਕੀ ਹੈ, ਛੇਤੀ ਕੀਤਿਆਂ ਸਖ਼ਤ ਕਦਮ ਚੁੱਕਣ ਦੀ ਸਮਰੱਥਾ ਵਿੱਚ ਨਹੀਂ ਹੈ। ਇਸ ਕਰਕੇ ਉਹ ਆਪੋ ਆਪਣੇ ਘੋੜੇ ਦੁੜਾਉਂਦੇ ਫਿਰਦੇ ਹਨ।

ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com

# ਪਿੰਡ ਦੇ ਹਰ ਸਮਾਗਮ ਵਿੱਚ ਸਟੇਜ਼ ਸਕੱਤਰ ਦਾ ਫਰਜ਼ ਨਿਭਾਉਣ ਵਾਲਾ ਰਣਜੀਤ ਸਿੰਘ ਢੀਂਡਸਾ (ਸਰਪੰਚ)



ਮੇਜਰ ਸਿੰਘ ਨਾਭਾ
(ਦੰਦਰਾਲਾ ਢੀਂਡਸਾ)
ਮੋ: 9463553962

ਸ਼ਬਦਾਂ ਨੂੰ ਸਮੇਂ ਦੇ ਨਿਜਾਕਤ ਅਨੁਸਾਰ ਪਰੋਅ ਕੇ ਆਪਣੀ ਤਕਰੀਰ ਨੂੰ ਲੋਕਾ ਦੇ ਮਨਾਂ ਨੂੰ ਟੁੰਬਣ ਵਾਲੇ ਸਮਾਜ ਵਿੱਚ ਵਿਰਲੇ ਲੋਕ ਆਪਣੀ ਵਿਸ਼ੇਸ਼ ਥਾਂ ਬਣਾ ਲੈਂਦੇ ਹਨ। ਇਹੋ ਜਿਹੀ ਹੀ ਢੀਂਡਸਾ ਪਰਿਵਾਰ ਦੀ ਸ਼ਖਸ਼ੀਅਤ ਹੈ ਸ੍ਰ. ਰਣਜੀਤ ਸਿੰਘ ਢੀਂਡਸਾ, ਜਿਨ੍ਹਾਂ ਦਾ ਜਨਮ ਪਿੰਡ ਦੰਦਰਾਲਾ ਢੀਂਡਸਾ (ਪਟਿਆਲਾ) ਵਿਖੇ ਸਵ: ਸ੍ਰ. ਉਜਾਗਰ ਸਿੰਘ ਢੀਂਡਸਾ ਦੇ ਘਰ ਮਾਤਾ ਸਰਦਾਰਨੀ ਸੰਤ ਕੌਰ ਦੀ ਕੁੱਖੋਂ 10 ਮਈ 1964 ਨੂੰ ਹੋਇਆ। ਉਨ੍ਹਾਂ ਦੇ ਮਾਤਾ ਜੀ ਧਾਰਮਿਕ ਬਿਰਤੀ ਵਾਲੇ ਹੋਣ ਕਰਕੇ ਘਰ ਵਿੱਚਲੇ ਧਾਰਮਿਕ ਮਾਹੌਲ ਦੀ ਰੰਗਤ ਰਣਜੀਤ ਸਿੰਘ ਨੂੰ ਛੋਟੇ ਹੁੰਦਿਆਂ ਹੀ ਚੜ੍ਹ ਗਈ ਸੀ। ਉਸ ਨੇ ਦਸਵੀਂ ਤੱਕ ਦੀ ਵਿੱਦਿਆ ਪਿੰਡ ਦੇ ਸਰਕਾਰੀ ਹਾਈ ਸਕੂਲ ਤੋਂ ਸੰਨ 1980 ਤੱਕ ਪ੍ਰਾਪਤ ਕੀਤੀ। ਪੰਜਾਬ ਅੰਦਰ ਨੋਜਵਾਨਾਂ ਦੇ ਉਸ ਸਮੇਂ ਬੇਰੁਜ਼ਗਾਰੀ ਕਾਰਨ ਕੁਰਾਹੇ ਪੈਣ ਦੀ ਪਿਰਤ ਚਲ ਰਹੀ ਸੀ। ਪਿੰਡ ਵਿੱਚ ਨੌਜਵਾਨਾਂ ਨੂੰ ਖੇਡਾਂ ਨਾਲ ਜੌੜਨ ਲਈ ਪਿੰਡ ਦੇ ਸੂਝਵਾਨ ਨੋਜਵਾਨਾਂ ਵਲੋਂ ਢੀਂਡਸਾ ਯੂਥ ਕਲੱਬ ਦਾ ਗਠਨ ਕੀਤਾ ਗਿਆ ਅਤੇ ਹਰੇਕ ਸਾਲ ਟੂਰਨਾਮੈਂਟ ਕਰਵਾਏ ਜਾਣ ਲੱਗੇ। ਛੋਟੀ ਉਮਰੇ ਹੀ ਰਣਜੀਤ ਸਿੰਘ ਇਨ੍ਹਾਂ ਟੂਰਨਾਮੈਂਟ ਦੀ ਸਟੇਜ਼ ਸਕੱਤਰ ਦੀ ਭੂਮਿਕਾ ਬੜੇ ਸਲੀਕੇ ਨਾਲ ਨਿਭਾਉਣ ਲੱਗ ਗਿਆ ਕਿਉਂ ਕਿ ਉਹ ਇਸ ਕਲੱਬ ਨਾਲ ਅਗਾਂਊਵਧੂ ਸੋਚ ਕਰਕੇ ਜੁੜ ਗਿਆ ਸੀ। ਹੁਣ ਤਾਂ ਉਸ ਨੂੰ ਪਿੰਡ ਦੇ ਹਰੇਕ ਸਮਾਗਮ ਦੀ ਕਾਰਵਾਈ ਚਲਾਉਣ ਅਤੇ ਸੰਗਤ ਦਾ ਧੰਨਵਾਦ ਕਰਨ ਲਈ ਜ਼ਿੰਮੇਵਾਰੀ ਸੌਂਪੀ ਜਾਂਦੀ ਹੈ। ਉਸ ਨੂੰ ਸਬਦਾਂ ਨੂੰ ਸਮੇਂ ਅਨੁਸਾਰ ਢਾਲ ਕੇ ਸਮੇਂ ਦੇ ਹਾਣੀ ਬਣਾਉਣ ਦਾ ਵਲ ਆਉਂਦਾ ਹੈ। ਗੁਰਬਾਣੀ ਨਾਲ ਛੋਟੇ ਹੁੰਦੇ ਹੀ ਉਹ ਜੁੜ ਗਿਆ ਸੀ ਇਸੇ ਕਰਕੇ ਉਸ ਨੂੰ ਗੁਰਬਾਣੀ ਕੰਠ ਹੋ ਗਈ ਹੈ, ਭਾਸਣ ਦਿੰਦੇ ਸਮੇਂ ਉਹ ਗੁਰਬਾਣੀ ਦੀਆਂ ਤੁੱਕਾਂ ਦਾ ਹਵਾਲਾ ਵੀ ਅਕਸਰ ਦਿੰਦਾ ਹੈ। ਉਨ੍ਹਾ ਦਾ ਵਿਆਹ 1988 ਵਿੱਚ ਪਿੰਡ ਭੋੜੇ ਦੇ ਸਵ: ਸ੍ਰ. ਕਰਨੈਲ ਸਿੰਘ ਦੀ ਬੇਟੀ ਪਰਮਜੀਤ ਕੌਰ ਨਾਲ ਹੋਇਆ।




ਗੁਰਸਿੱਖੀ ਨਾਲ ਜੁੜੇ ਹੋਣ ਕਾਰਨ ਉਸ ਨੂੰ 1990 ਵਿੱਚ ਗੁਰਦੁਆਰਾ ਸਾਹਿਬ ਭਾਈ ਮੂਲ ਚੰਦ ਜੀ ਦੀ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਵਜੋਂ ਸੇਵਾ ਮਿਲ ਗਈ। ਇਸ ਸਮੇਂ ਦੌਰਾਨ ਉਸ ਨੇ ਗੁਰਦੁਆਰਾ ਸਾਹਿਬ ਦੀ ਜਮੀਨ ਉੱਪਰ ਨਜਾਇਜ਼ ਕਬਜ਼ਿਆਂ ਨੂੰ ਛੁੱਡਵਾ ਕੇ ਦੀਵਾਰ ਕੱਢਵਾ ਕੇ ਦੁਕਾਨਾਂ ਦੀ ਉਸਾਰੀ ਕਰਵਾਈ ਜੋ ਕਮੇਟੀ ਲਈ ਆਮਦਨ ਦਾ ਸਾਧਨ ਬਣ ਗਈਆਂ। ਪਿੰਡ ਦੇ ਸਰਪੰਚ ਸ੍ਰ. ਜਰਨੈਲ ਸਿੰਘ ਢੀਂਡਸਾ ਦੀ ਅਚਾਨਕ ਸ਼ੰਖੇਪ ਬਿਮਾਰੀ ਉਪਰੰਤ ਮੌਤ ਹੋਣ ਕਾਰਨ 21 ਦਸੰਬਰ 1994 ਨੂੰ ਜ਼ਿਮਨੀ ਚੋਣ ਵਿੱਚ ਸ੍ਰ. ਰਣਜੀਤ ਸਿੰਘ ਢੀਂਡਸਾ ਚੋਣ ਜਿੱਤ ਕੇ ਪਿੰਡ ਦੇ ਸਰਪੰਚ ਬਣ ਗਏ। ਉਹ ਇਸ ਚੋਣ ਦੀ ਟਰਮ ਜੋ ਕਿ 1997 ਤੱਕ ਸੀ ਦੇ ਸਰਪੰਚ ਰਹੇ। ਇਸ ਥੋੜੇ ਸਮੇਂ ਦੌਰਾਨ ਉਨ੍ਹਾਂ ਨੇ ਪਿੰਡ ਦੀਆਂ ਧਰਮਸ਼ਾਲਾਵਾਂ ਦੀਆਂ ਪੁਰਾਣੀਆਂ ਛੱਤਾਂ ਬਦਲਵਾ ਕੇ ਲੈਂਟਰ ਪੁਵਾਏ। ਗਲੀਆਂ, ਨਾਲੀਆਂ ਦੇ ਕੰਮ ਕੀਤੇ।

ਸਰਕਾਰੀ ਗ੍ਰਾਂਟ ਨਾਲ ਸਕੂਲ ਦੇ ਦੋ ਕਮਰੇ ਬਣਵਾਏ। ਸਕੂਲ ਦੇ ਨਾਲ ਲੱਗਦੀ ਜਗ੍ਹਾ ਨੂੰ ਖਰੀਦ ਕੇ ਸਕੂਲ਼ ਵਿੱਚ ਰਲਾਇਆ। ਫੋਕਲ ਪੁਆਇੰਟ ਬਸਤੀ ਵਿਖੇ ਧਰਮਸਾਲਾ ਅਤੇ ਗਲੀਆਂ ਨਾਲੀਆਂ ਬਣਵਾਈਆਂ। ਅਗਲੀ ਟਰਮ ਵਿੱਚ ਪਿੰਡ ਦੀ ਸਰਪੰਚੀ ਔਰਤ ਲਈ ਰਿਜ਼ਰਵ ਹੋ ਗਈ। ਇਨ੍ਹਾਂ ਹਾਲਾਤਾਂ 'ਚ ਉਨ੍ਹਾਂ ਦੇ ਦੋਸਤ ਸ੍ਰ. ਰਣਜੀਤ ਸਿੰਘ ਕਾਲਾ ਦੀ ਮਾਤਾ ਸਰਪੰਚ ਦੇ ਉਮੀਦਵਾਰ ਬਣਾਏ ਗਏ, ਉਨ੍ਹਾਂ ਦੇ ਨਾ ਚਾਹੁੰਦੇ ਹੋਏ ਵੀ ਉਨ੍ਹਾਂ ਨੂੰ ਮੈਂਬਰ ਵਜੋਂ ਉਮੀਦਵਾਰ ਬਣਨਾ ਪਿਆ ਅਤੇ ਉਹ ਸਭ ਤੋਂ ਵੱਧ ਵੋਟਾਂ ਲੈ ਕੇ ਜਿੱਤੇ। ਇਸ ਪੰਚਾਇਤ ਵਿੱਚ ਉਨ੍ਹਾਂ ਨੇ ਸਕੂਲ ਵਿੱਚ ਨਾਬਾਰਡ ਬਿਲਡਿੰਗ ਬਣਵਾਉਣ ਲਈ ਅਹਿਮ ਭੂਮਿਕਾ ਨਿਭਾਈ। ਪਿੰਡ ਤੋਂ ਸਿਵਗੜ੍ਹ ਨੂੰ ਸੜਕ ਅਤੇ ਫਿਰਨੀ ਦੀ ਸੜਕ ਅਥੇ ਸਕੂਲ ਤੱਕ ਸੜਕ ਵੀ ਇਸ ਪੰਚਾਇਤ ਨੇ ਬਣਵਾਈ। ਗਲੀਆਂ, ਨਾਲੀਆਂ ਦਾ ਰਹਿੰਦਾ ਕੰਮ ਵੀ ਹੋਇਆ। ਉਨ੍ਹਾਂ ਪਿੰਡ ਦੇ ਗੁਰਦੁਆਰੇ ਦੀ ਨਵੀਂ ਇਮਾਰਤ ਬਣਾਉਣ ਵਿੱਚ ਉਸ ਸਮੇਂ ਦੇ ਗੁਰਦੁਆਰਾ ਕਮੇਟੀ ਦੇ ਖਜਾਨਚੀ ਸ੍ਰ. ਹਰਬੰਸ ਸਿੰਘ (ਬਿਜਲੀ ਬੋਰਡ) ਨਾਲ ਪੂਰਨ ਸਹਿਯੋਗ ਦੇ ਕੇ ਅਹਿਮ ਭੂਮਿਕਾ ਨਿਭਾਈ। ਇਲਾਕੇ ਦੇ ਪਿੰਡਾਂ ਵਿੱਚੋਂ ਪਿੰਡ ਵਿੱਚ ਪਹਿਲਾ ਪੰਚਾਇਤੀ ਫੋਨ ਲੱਗਣ ਕਾਰਨ ਪਿੰਡ ਵਾਸੀਆਂ ਨੂੰ ਫੋਨ ਦੀ ਸਹੂਲਤ ਮਿਲੀ। ਇਸ ਤੋਂ ਬਾਅਦ ਪਿੰਡ ਵਿੱਚ ਉਨ੍ਹਾਂ ਵੱਧ ਤੋਂ ਵੱਧ ਟੈਲੀਫੋਨ ਕੁਨੇਕਸ਼ਨ ਅਪਲਾਈ ਕਰਵਾਕੇ ਟੈਲੀਫੋਨ ਐਕਸਚੈਂਜ਼ ਲਿਆਉਣ ਵਿੱਚ ਅਹਿਮ ਰੋਲ ਅਦਾ ਕੀਤਾ। ਇਲਾਕੇ ਵਿੱਚ ਉਨ੍ਹਾਂ ਦੀਆਂ ਵਿਲੱਖਣ ਗਤੀ ਵਿਧੀਆਂ ਕਰਕੇ ਉਨ੍ਹਾਂ ਨੂੰ ਧਾਰਮਿਕ, ਸਮਾਜਿਕ, ਰਾਜਨੀਤਕ ਆਦਿ ਪ੍ਰੋਗਰਾਮਾਂ / ਸਮਾਗਮਾਂ ਲਈ ਅਕਸਰ ਸੱਦਾ ਪੱਤਰ ਆਉਂਦੇ ਰਹਿੰਦੇ ਹਨ। ਉਹ ਲੋੜਵੰਦਾਂ ਦੇ ਕੰਮ ਕਰਾਉਣੂ ਲਈ ਨਾਲ ਵੀ ਜਾਂਦੇ ਰਹਿੰਦੇ ਹਨ। ਸਮਾਜ ਸੇਵੀ ਸਵ: ਬਾਬਾ ਬਿਸ਼ਨ ਸਿੰਘ ( ਵਾਤਾਵਰਣ ਪ੍ਰੇਮੀ ) ਦੀ ਸੰਗਤ ਦਾ ਉਨ੍ਹਾਂ ਉੱਪਰ ਡੂੰਘਾ ਅਸ਼ਰ ਪੈਣ ਕਾਰਨ ਰਣਜੀਤ ਸਿੰਘ ਦੀ ਸੋਚ ਵੀ ਸਮਾਜ ਲਈ ਕੁਝ ਨਾ ਕੁਝ ਕਰਨ ਲਈ ਤੱਤਪਰ ਰਹਿੰਦੀ ਹੈ। ਉਹ ਪਿੰਡ ਵਿੱਚ ਪਰਿਵਾਰਿਕ ਸਾਂਝ ਰੱਖਦੇ ਹੋਏ ਹਰੇਕ ਦੇ ਦੁੱਖ-ਸੁੱਖ ਵਿੱਚ ਸਰੀਕ ਹੁੰਦੇ ਹਨ। ਕਿਸਾਨੀ ਨਾਲ ਸਬੰਧਤ ਹੋਣ ਕਰਕੇ ਉਹ ਕਿਸਾਨੀ ਸੰਘਰਸ਼ ਵਿੱਚ ਵੀ ਪੂਰਾ ਸਹਿਯੋਗ ਦਿੰਦੇ ਰਹਿੰਦੇ ਹਨ। ਉਹ ਧਾਰਮਿਕ ਸਮਾਗਮਾਂ ਵਿੱਚ ਅਕਸਰ ਹਾਜ਼ਰੀ ਭਰਨ ਦੇ ਨਾਲ ਸਹਿਯੋਗ ਵੀ ਦਿੰਦੇ ਰਹਿੰਦੇ ਹਨ। ਉਨ੍ਹਾਂ ਦਾ ਸੁਭਾਅ ਮਿਲਣਸਾਰ, ਦੁੱਖ-ਸੁੱਖ ਦੇ ਸਾਂਝੀਵਾਲ, ਨਿਮਰਤਾ ਵਾਲਾ ਹੈ। ਪਿੰਡ ਦੇ ਸਕੂਲ਼ ਦੀ ਮਨੇਜਮੈਂਟ ਕਮੇਟੀ ਦੇ ਪ੍ਰਧਾਨ, ਪੀ.ਟੀ.ਏ. ਦੇ ਪ੍ਰਧਾਨ ਹੁੰਦੇ ਹਮੇਸ਼ਾ ਸਕੂਲ ਦੀ ਬਿਹਤਰੀ ਲਈ ਕੰਮ ਕਰਦੇ ਰਹੇ। ਉਹ ਸਕੂਲ ਅਤੇ ਬੱਚਿਆਂ ਦੀ ਭਲਾਈ ਲਈ ਸਕੂਲ ਦੇ ਪੁਰਾਣੇ ਵਿਦਿਆਰਥੀਆਂ ਵਲੋਂ ਬਣਾਈ 'ਮੇਰਾ ਸਕੂਲ ਵੈਲਫੇਅਰ ਸੋਸਾਇਟੀ (ਰਜ਼ਿ:)' ਦੇ ਪ੍ਰੈਸ ਸਕੱਤਰ ਵਜੋਂ ਕੰਮ ਕਰ ਰਹੇ ਹਨ ਅਤੇ ਪੂਰਾ ਸਹਿਯੋਗ ਦੇ ਰਹੇ ਹਨ। ਸ੍ਰ. ਰਣਜੀਤ ਸਿੰਘ ਢੀਂਡਸਾ ਦਾ ਬੇਟਾ ਸੁਖਵਿੰਦਰ ਸਿੰਘ ਢੀਂਡਸਾ ਪ੍ਰਾਈਵੇਟ ਜਾਬ ਕਰ ਰਿਹਾ ਹੈ। ਬੇਟੇ ਦੀ ਪਤਨੀ ਮਨਜੀਤ ਕੌਰ ਨਿੱਘੇ ਸੁਭਾਅ ਦੀ ਹੈ ਜੋ ਆਪਣੀਆਂ ਪੜ੍ਹ ਰਹੀਆਂ ਦੋ ਬੇਟੀਆਂ ਹਰਸਿਮਰਤ ਕੌਰ ਅਤੇ ਗੁਰਸੀਰਤ ਕੌਰ ਦਾ ਵਧੀਆ ਪਾਲਣ ਪੌਸ਼ਣ ਕਰ ਰਹੀ ਹੈ। ਸ੍ਰ. ਰਣਜੀਤ ਸਿੰਘ ਢੀਂਡਸਾ ਦੀ ਬੇਟੀ ਮਨਿੰਦਰ ਕੌਰ ਆਪਣੇ ਪਤੀ ਜਸਵੀਰ ਸਿੰਘ ਅਤੇ ਬੇਟੇ ਮਨਕੀਰਤ ਸਿੰਘ ਨਾਲ ਕਨੇਡਾ ਵਿਖੇ ਰਹਿ ਰਹੀ ਹੈ। ਉਹ ਆਪਣੇ ਮਾਤਾ ਜੀ ਅਤੇ ਪਰਿਵਾਰ ਸਮੇਤ ਆਪਣੇ ਪਿੰਡ ਦੰਦਰਾਲਾ ਢੀਂਡਸਾ ਵਿਖੇ ਰਹਿ ਕੇ ਖੇਤੀਬਾੜੀ ਦਾ ਕੰਮ ਕਰ ਰਹੇ ਹਨ। ਵਾਹਿਗੁਰੂ ਜੀ ਉਨ੍ਹਾਂ ਨੂੰ ਹੋਰ ਵਧੇਰੇ ਧਾਰਮਿਕ, ਸਮਾਜ ਭਲਾਈ ਕੰਮਾਂ ਨੂੰ ਕਰਨ ਲਈ ਤੰਦਰੁਸਤੀ, ਸੁਮੱਤ ਅਤੇ ਚੜ੍ਹਦੀਕਲਾ ਬਖਸ਼ਣ।

# ਪ੍ਰਧਾਨ ਕਹਾਉਣ ਦਾ ਚਾਅ ਕਿ ਚਸਕਾ ?

ਤਰਲੋਚਨ ਸਿੰਘ ਦੁਪਾਲ ਪੁਰ
78146-92724
tsdupalpuri@yahoo.com



ਸੰਨ 97-98 ਦੇ ਸਮਿਆਂ ਦੀ ਗੱਲ ਹੈ। ਮੈਂ ਢਾਹਾਂ-ਕਲੇਰਾਂ ਹਸਪਤਾਲ ਵਿਚ 'ਪਬਲਿਕ ਰਿਲੇਸ਼ਨ' ਵਿਭਾਗ ਵਿਚ ਜੌਬ ਕਰਦਾ ਹੁੰਦਾ ਸਾਂ। ਹਸਪਤਾਲ ਵਿਚ ਚਲਦੇ ਮਰੀਜਾਂ ਦੇ ਲੰਗਰ ਵਾਸਤੇ ਅਸੀਂ ਵਾਢੀਆਂ ਦੇ ਦਿਨੀਂ ਇਲਾਕੇ ਵਿਚ ਕਣਕ ਦੀ ਉਗਰਾਹੀ ਕਰਿਆ ਕਰਦੇ ਸਾਂ। ਰੋਜਾਨਾ ਹਸਪਤਾਲ਼ ਦੇ ਕੁੱਝ ਕਰਮਚਾਰੀ ਸੱਜਣ ਦੋ ਦੋ ਗੋਰਖਿਆਂ ਨੂੰ ਨਾਲ਼ ਲੈ ਕੇ ਵੱਖ ਵੱਖ ਪਿੰਡਾਂ 'ਚ ਸੁਵਖਤੇ ਨਿਕਲ਼ ਜਾਂਦੇ।


ਮੈਂ ਅਕਸਰ ਆਪਣੇ ਇਲਾਕੇ ਰਾਹੋਂ ਏਰੀਏ ਦੇ ਪਿੰਡਾਂ ਵਿਚ ਕਣਕ ਉਗਰਾਹੀ ਲਈ ਆਉਂਦਾ ਸਾਂ। ਘਟਾਰੋਂ ਪਿੰਡ ਰਹਿੰਦਾ ਹੱਦ ਸਿਰੇ ਦਾ ਸ਼ੁਗਲੀ ਸੁਭਾਅ ਇਕ ਡਾਕਟਰ, ਜੋ ਇਸ ਇਲਾਕੇ ਵਿਚ ਸਿਹਤ ਵਿਭਾਗ ਦੇ ਸਰਕਾਰੀ ਕਰਮਚਾਰੀ ਵਜੋਂ ਬਹੁਤ ਮਕਬੂਲ ਤੇ ਹਰਮਨਪਿਆਰਾ ਸੀ, ਮੇਰੇ ਨਾਲ ਨਿਸ਼ਕਾਮ ਸਹਾਇਕ ਵਜੋਂ ਉਗਰਾਹੀ ਕਰਵਾਉਂਦਾ ਹੁੰਦਾ ਸੀ। ਉਹ ਏਨਾ ਹਾਜ਼ਰ-ਜਵਾਬ ਤੇ ਲਤੀਫੇਬਾਜ਼ ਸੀ ਕਿ ਕਹਿਰਾਂ ਦੀ ਧੁੱਪ ਵਿਚ ਦਰ ਦਰ ਘੁੰਮਦਿਆਂ ਨੂੰ ਵੀ ਸਾਨੂੰ ਭੋਰਾ ਥਕਾਵਟ ਮਲੂਮ ਨਹੀਂ ਸੀ ਹੁੰਦੀ!

ਉਗਰਾਹੀ ਮਿਸ਼ਨ 'ਤੇ ਚੜ੍ਹੇ ਹੋਏ ਅਸੀਂ ਇਕ ਦਿਨ ਰਾਹੋਂ ਖੇਤਰ ਦੇ ਭਾਰੇ ਪਿੰਡ ਵਿਚ ਵੜੇ ਤਾਂ ਡਾਕਟਰ ਮੋਹਰੇ ਹੋ ਕੇ ਜਿਸ ਘਰ ਦਾ ਵੀ ਦਰਵਾਜਾ ਜਾਂ ਗੇਟ ਖੜਕਾਵੇ, 'ਪ੍ਰਧਾਨ ਜੀ?' ਜਾਂ 'ਪ੍ਰਧਾਨ ਸਾਹਬ ?' ਕਹਿ ਕੇ 'ਵਾਜ ਮਾਰਿਆ ਕਰੇ!

ਦੁਪਹਿਰ ਕੁ ਤੱਕ ਤਾਂ ਮੈਂ ਉਹਦਾ ਇਹ 'ਅਵਾਜਾ' ਸੁਣੀ ਗਿਆ....ਸੁਣੀ ਗਿਆ! ਹਰੇਕ ਨੂੰ 'ਪ੍ਰਧਾਨ ਜੀ' ਸੁਣ ਸੁਣ ਕੇ ਅੱਕਿਉ ਨੇ ਮੈਂ ਡਾਕਟਰ ਨੂੰ ਪਾਸੇ ਜਿਹੇ ਕਰਕੇ ਹੈਰਾਨੀ ਨਾਲ਼ ਪੁੱਛਿਆ ਕਿ ਮਾਰਾਜ ਜੀ, ਪਿੰਡਾਂ ਵਿਚ ਕੋਈ ਇਕ-ਅੱਧ ਬੰਦਾ ਤਾਂ ਕਿਸੇ ਸਭਾ-ਸੋਸਾਇਟੀ ਦਾ ਪ੍ਰਧਾਨ ਹੁੰਦਾ ਐ, ਪਰ ਏਸ ਇੱਕੋ ਪਿੰਡ ਵਿਚ ਐਨੇ ਪ੍ਰਧਾਨ? ਕਿਆ ਇਹ ਸਾਰਾ ਪਿੰਡ 'ਪ੍ਰਧਾਨਾਂ' ਦਾ ਹੀ ਐ ??

ਕੋਈ ਉੱਤਰ ਦੇਣ ਦੀ ਬਜਾਏ ਉਹ ਮਿੰਨ੍ਹਾਂ ਜਿਹਾ ਮੁਸਕ੍ਰਾ ਕੇ ਕਹਿੰਦਾ-

"ਇਹਦਾ ਜਵਾਬ ਵੀ ਦੇ ਦਿੰਨਾਂ ਤੁਹਾਨੂੰ.......!"




ਚਲੋ, ਦੁਪਹਿਰ ਦੇ ਪ੍ਰਸ਼ਾਦੇ ਪਾਣੀ ਤੋਂ ਬਾਅਦ ਪਿੰਡ ਦੇ ਬਾਕੀ ਰਹਿੰਦੇ ਘਰਾਂ ਵਿਚ ਉਗਰਾਹੀ ਮੌਕੇ ਉਹਦੀ 'ਪ੍ਰਧਾਨ ਸਾਬ੍ਹ......ਪ੍ਰਧਾਨ ਜੀ?' ਵਾਲ਼ੀ 'ਮੁਹਾਰਨੀ' ਫੇਰ ਚੱਲੀ ਗਈ। ਜਦ ਤਿੰਨ ਕੁ ਵਜੇ ਬਾਅਦ ਦਿਨ ਢਲ਼ਿਆ ਤਾਂ ਉਸਨੇ ਪਹਿਲਾਂ ਵਾਂਗ ਹੀ 'ਪ੍ਰਧਾਨ ਸਾਬ੍ਹ' ਕਹਿ ਕੇ ਇਕ ਘਰ ਦਾ ਦਰਵਾਜਾ ਖੜਕਾਇਆ। ਅੰਦਰੋਂ ਇਕ ਕਮਜ਼ੋਰ ਲਿੱਸਾ ਜਿਹਾ ਬੰਦਾ ਨਿਕਲ਼ਿਆ ਤੇ 'ਆਉ ਜੀ ਡਾਕਟਰ ਸਾਬ੍ਹ' ਕਹਿ ਕੇ ਉਹ ਹੱਥ ਜੋੜਦਿਆਂ ਬੋਲਿਆ-

"ਭਰਾਵਾ ਮੈਨੂੰ ਤਾਂ ਕੋਈ ਪਿੰਡ ਦਾ ਚੌਂਕੀਦਾਰ ਨੀ ਬਣਾਉਂਦਾ! ਮੈਨੂੰ ਕਾਹਨੂੰ ਭਰਦਾਨ ਸਾਬ੍ਹ ਕਹੀ ਜਾਨਾ ਐਂ ਮੁਫਤ ਦਾ..........?"

ਉਸ ਬੰਦੇ ਨੇ ਬੜੇ ਪ੍ਰੇਮ ਨਾਲ ਸਾਨੂੰ ਚਾਹ-ਪਾਣੀ ਵੀ ਪੁੱਛਿਆ ਤੇ ਸਾਡੀ ਬੋਰੀ 'ਚ ਦੋ ਪੀਪੇ ਦਾਣਿਆਂ ਦੇ ਉਲ਼ੱਦ ਦਿੱਤੇ!

ਉਹਦੇ ਘਰੋਂ ਨਿਕਲ਼ ਕੇ ਬਾਹਰ ਗਲ਼ੀ ਵਿਚ ਆਉਂਦਿਆਂ ਡਾਕਟਰ ਮੇਰੇ ਵੱਲ੍ਹ ਨੂੰ ਮੂੰਹ ਕਰਕੇ ਕਹਿੰਦਾ-"ਮਿਲ਼ ਗਿਆ ਜੀ ਜਵਾਬ ਤੁਹਾਨੂੰ ਆਪਣੇ ਸਵਾਲ ਦਾ?"

"ਇਸ ਪਿੰਡ ਵਿਚ ਵੱਡੇ ਵੱਡੇ ਮਹਿਲਾਂ ਵਰਗੀਆਂ ਕੋਠੀਆਂ ਵਾਲ਼ਿਆਂ ਵਿਚੋਂ ਕਿਸੇ ਇਕ ਜਣੇ ਨੇ ਵੀ ਆਹ ਭਾਈ ਵਾਲ਼ੀ ਗੱਲ ਕਹੀ ਐ?" ਡਾਕਟਰ ਮੈਨੂੰ ਹੋਰ ਖੋਲ੍ਹ ਕੇ ਸਮਝਾਉਂਦਿਆਂ ਕਹਿਣ ਲੱਗਾ-


"ਬਾਕੀ ਸਾਰੇ ਮੇਰੇ ਮੂੰਹੋਂ ਆਪਣੇ ਆਪ ਨੂੰ 'ਪ੍ਰਧਾਨ ਸਾਹਬ' ਕਹਿਆ ਸੁਣ ਕੇ ਫੁੱਲ ਕੇ ਕੁੱਪਾ ਹੋ ਜਾਂਦੇ ਸਨ! ਇਸੇ 'ਫੋਕੀ ਪ੍ਰਧਾਨਗੀ' ਕਰਕੇ ਹੀ ਉਹ ਦੋਂਹ ਦੀ ਬਜਾਏ ਚਾਰ-ਪੰਜ ਪੀਪੇ ਦਾਣਿਆਂ ਦੇ ਪਾਉਂਦੇ ਰਹੇ ਸਾਨੂੰ!"

o o o

## ਜਨਮ ਦਿਨ 'ਤੇ ਵਿਸ਼ੇਸ਼

# ਭੋਲਾ ਭਾਉ ਗੋਬਿੰਦ ਮਿਲਾਵੈ

ਰਮੇਸ਼ ਬੱਗਾ ਚੋਹਲਾ
ਮੋਬ:9463132719



ਭਗਤੀ ਦਾ ਮਾਰਗ ਵੇਹਲੜਾਂ, ਨਿਕੰਮਿਆਂ ਅਤੇ ਪਾਖੰਡੀਆਂ ਦਾ ਮਾਰਗ ਨਹੀਂ ਹੈ ਸਗੋਂ ਇਸ ਮਾਰਗ ਦੇ ਪਾਂਧੀਆਂ/ਭਗਤਾਂ ਨੇ ਕਿਰਤ ਨਾਲ ਜੁੜ ਕੇ ਹੀ ਕਰਤਾਰ ਨਾਲ ਜੁੜਨ ਦੀ ਹਾਮੀ ਭਰੀ ਹੈ। ਭਗਤ ਜਨਾਂ ਵੱਲੋਂ ਇਹ ਹਾਮੀ ਸਿਰਫ ਗੱਲੀਂਬਾਤੀ ਹੀ ਨਹੀਂ ਸਗੋਂ ਵਿਹਾਰਕ (ਹੱਥੀਂ ਕਿਰਤ ਕਰਕੇ) ਰੂਪ ਵਿਚ ਵੀ ਭਰੀ ਗਈ ਹੈ। ਮੱਧ ਕਾਲ ਵਿਚ ਉੱਭਰੀ ਭਗਤੀ ਲਹਿਰ ਨਾਲ ਜੁੜੇ ਭਗਤ ਸਾਹਿਬਾਨ ਸਰੀਰਕ ਤੌਰ 'ਤੇ ਕਿਰਤ ਨਾਲ ਅਤੇ ਮਾਨਸਿਕ ਤੌਰ 'ਤੇ ਪਰਮੇਸ਼ਰ ਨਾਲ ਜੁੜੇ ਰਹੇ ਹਨ। ਭਗਤੀ ਲਹਿਰ ਨਾਲ ਵਾਬਸਤਾ ਇਨ੍ਹਾਂ ਭਗਤਾਂ ਨੇ ਜਿਥੇ ਮਨੁੱਖ ਦੇ ਅਧਿਆਤਮਕ ਵਿਕਾਸ ਵਿਚ ਅਹਿਮ ਯੋਗਦਾਨ ਪਾਇਆ ਹੈ, ਉਥੇ ਆਪਣੇ ਸਮਾਜਿਕ ਸਰੋਕਾਰਾਂ ਨੂੰ ਵੀ ਬਣਾਈ ਰੱਖਿਆਂ ਹੈ। ਇਸ ਲਹਿਰ ਨਾਲ ਜੁੜੇ ਭਗਤ ਆਪਣੀ ਭਗਤੀ-ਭਾਵਨਾ ਸਦਕਾ ਅਕਾਲ ਪੁਰਖ ਦੀ ਕਿਰਪਾ ਦੇ ਵਿਸ਼ੇਸ਼ ਪਾਤਰ ਰਹੇ ਹਨ। ਇਲਾਕਾਈ ਅਤੇ ਭਾਸ਼ਾਈ ਹੱਦਬਸਤ ਤੋਂ ਉਪਰ ਉੱਠ ਕੇ ਵਿਚਰਨ ਵਾਲੇ ਇਹ ਮਹਾਂਪੁਰਖ ਆਪਣੀ ਸਰਬ ਕਲਿਆਣੀ ਸੋਚ ਸਦਕਾ ਆਪਸੀ ਭਾਈਚਾਰੇ ਅਤੇ ਬਰਾਬਰਤਾ ਦੇ ਹਾਮੀ ਰਹੇ ਹਨ।



ਅਥਾਹ ਸ਼ਰਧਾ ਅਤੇ ਦ੍ਰਿੜ ਇਰਾਦੇ ਦੇ ਮਾਲਕ ਇਨ੍ਹਾਂ ਭਗਤਾਂ ਨੇ ਆਪਣੀ ਰੂਹ ਨੂੰ ਰੱਬੀ ਰੰਗ ਵਿਚ ਰੰਗ ਕੇ ਅਜਿਹੇ ਵੱਡਮੁੱਲੇ ਅਤੇ ਪਵਿੱਤਰ ਬਚਨ ਉਚਾਰਣ ਕੀਤੇ ਹਨ ਜਿਨ੍ਹਾਂ ਨੂੰ ਪੜ੍ਹ-ਸੁਣ ਕੇ ਕੋਈ ਵੀ ਵਿਅਕਤੀ ਆਪਣੇ ਲੋਕ ਅਤੇ ਪ੍ਰਲੋਕ ਨੂੰ ਸੁਹੇਲਾ ਬਣਾ ਸਕਦਾ ਹੈ। ਸਮਾਜਿਕ ਅਤੇ ਸਭਿਆਚਾਰਕ ਵਖਰੇਵੇਂ ਦੇ ਬਾਵਜੂਦ ਇਨ੍ਹਾਂ ਭਗਤਾਂ ਦੀ ਟੇਕ ਹਮੇਸ਼ਾਂ ਇੱਕ ਅਕਾਲ ਪੁਰਖ 'ਤੇ ਰਹੀ ਹੈ। ਇਸ ਟੇਕ ਸਦਕਾ ਹੀ ਇਹ ਭਗਤ ਉਸ ਪਰਮ ਪਿਤਾ ਨਾਲ ਇਕਸੁਰ ਹੁੰਦੇ ਰਹੇ ਹਨ।

ਸੋਚ ਪੱਖੋਂ ਉੱਚੇ ਅਤੇ ਵਿਹਾਰ ਪੱਖੋਂ ਸੁੱਚੇ ਇਨ੍ਹਾਂ ਭਗਤਾਂ ਦੀ ਚਾਲ ਸੰਸਾਰੀਆਂ ਨਾਲੋਂ ਕੁੱਝ ਨਿਰਾਲੀ ਬਣੀ ਰਹੀ ਹੈ। ਇਸ ਚਾਲ ਦੀ ਗਵਾਹੀ ਤੀਸਰੇ ਪਾਤਸਾਹ ਸ੍ਰੀ ਗੁਰੂ ਅਮਰਦਾਸ ਜੀ ਆਪਣੀ ਪਾਵਨ ਬਾਣੀ ਆਨੰਦ ਸਾਹਿਬ ਦੀ 14ਵੀਂ ਪਾਉੜੀ ਵਿਚ ਇਸ ਤਰ੍ਹਾਂ ਭਰਦੇ ਹਨ:-

ਭਗਤਾ ਕੀ ਚਾਲ ਨਿਰਾਲੀ
ਚਾਲਾ ਨਿਰਾਲੀ ਭਗਤਾਹ ਕੇਰੀ
ਬਿਖਮ ਮਾਰਗਿ ਚਲਣਾ
ਲਬੁ ਲੋਭੁ ਅਹੰਕਾਰ ਤਜਿ ਤ੍ਰਿਸਨਾ
ਬਹੁਤੁ ਨਾਹੀ ਬੋਲਣਾ ॥
(ਅੰਗ-918)

ਇਸ ਨਿਰਾਲੀ ਚਾਲ ਕਾਰਨ ਭਗਤਾਂ ਅਤੇ ਸੰਸਾਰੀਆਂ ਦਾ ਜੋੜ ਘੱਟ ਹੀ ਆਉਂਦਾ ਰਿਹਾ ਹੈ। ਇਨ੍ਹਾਂ ਬਿਖਮ ਮਾਰਗ ਦੇ ਪਾਂਧੀ ਭਗਤਾਂ ਨੂੰ ਜਦੋਂ ਕਦੇ ਸੰਸਾਰੀ ਲੋਕਾਂ ਨੇ ਸਤਾਉਣ ਜਾਂ ਅਜਮਾਉਣ ਦਾ ਕੋਈ ਕੋਝਾ ਯਤਨ ਕੀਤਾ ਹੈ ਤਾਂ ਆਪਣੇ ਪਿਆਰੇ ਭਗਤਾਂ ਦੀ ਬਾਂਹ ਪ੍ਰਭੂ ਨੇ ਅੱਗੇ ਹੋ ਕੇ ਆਪ ਫੜੀ ਹੈ। ਇਸ ਗੱਲ ਨੂੰ ਤਸਦੀਕ ਕਰਦੇ ਹੋਏ ਚੌਥੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਇੰਝ ਫ਼ੁਰਮਾਉਂਦੇ ਹਨ :-

ਹਰਿ ਜੁਗ ਜੁਗ ਭਗਤ ਉਪਾਇਆ
ਪੈਜ ਰਖਦਾ ਆਇਆ ਰਾਮ ਰਾਜੇ ॥

ਸਿਦਕਦਿਲੀ ਅਤੇ ਸਮਰਪਣ ਦੀ ਭਾਵਨਾ ਨਾਲ ਕੀਤੀ ਪ੍ਰੇਮਾ-ਭਗਤੀ ਜਦੋਂ ਆਪਣੀ ਸਿਖ਼ਰ ਛੋਹ ਜਾਂਦੀ ਹੈ ਤਾਂ ਉਸ ਵਕਤ ਰੱਬ ਨੂੰ ਵੀ ਇਨ੍ਹਾਂ ਭਗਤਾਂ ਦੀ ਗ਼ੁਲਾਮੀ ਕਰਨੀ ਪੈ ਜਾਂਦੀ ਹੈ। ਅਜਿਹੀ ਹੀ ਗ਼ੁਲਾਮੀ ਰੱਬ ਨੂੰ ਧੰਨੇ ਭਗਤ ਦੀ ਵੀ ਕਰਨੀ ਪਈ ਸੀ ਜਦੋਂ ਉਸ ਨੇ ਆਪਣੇ ਭੋਲੇਪਨ ਅਤੇ ਦ੍ਰਿੜ ਵਿਸ਼ਵਾਸ ਨਾਲ ਉਸ ਨੂੰ ਆਪਣਾ ਸੱਜਣ ਬਣਾ ਲਿਆ ਸੀ।

ਜੱਟਕੀ ਜ਼ਿੱਦ ਤੇ ਅਟੱਲ ਭਰੋਸਤਾ ਨਾਲ ਰੱਬੀ ਬਖ਼ਸ਼ਿਸ਼ ਦਾ ਪਾਤਰ ਬਣਨ ਵਾਲੇ ਅਤੇ ਇਸ ਬਖ਼ਸ਼ਿਸ ਦੀ ਬਾਦੌਲਤ ਆਪਣੇ ਖੇਤਾਂ ਦੇ ਨੱਕੇ ਮੁੜਵਾਉਣ ਵਾਲੇ ਭਗਤ ਧੰਨਾ ਜੀ ਦਾ ਜਨਮ 20 ਅਪ੍ਰੈਲ ਸੰਨ 1416 ਨੂੰ ਰਾਜਸਥਾਨ ਦੇ ਟਾਂਕ ਇਲਾਕੇ ਦੇ ਪਿੰਡ ਧੁਆਨ ਵਿਖੇ ਹੋਇਆ। ਆਪ ਜੀ ਦੇ ਪਿਤਾ ਦਾ ਨਾਮ ਭਾਈ ਭੋਲਾ ਅਤੇ ਮਾਤਾ ਦਾ ਨਾਮ ਧੰਨੋ ਸੀ। ਆਪ ਦਾ ਸ਼ੁਮਾਰਉਨ੍ਹਾਂ ਸਿਦਕਵਾਨਾਂ ਵਿਚ ਕੀਤਾ ਜਾਂਦਾ ਹੈ 'ਜਿਹੜੇ ਆਪਣਾ ਹੱਥ ਕਾਰ (ਕਿਰਤ) ਵੱਲ ਅਤੇ ਦਿਲ ਯਾਰ (ਪ੍ਰਭੂ)' ਵੱਲ ਲਗਾਈ ਰੱਖਦੇ ਹਨ। ਇਸ ਲਗਨ ਸਦਕਾ ਉਨ੍ਹਾਂ ਨੇ ਉਸ ਪਰਮ ਪਿਤਾ ਦੇ ਨਾ ਸਿਰਫ ਦਰਸ਼ਨ ਹੀ ਕੀਤੇ ਸਗੋਂ ਉਸ ਨੂੰ ਆਪਣੇ ਕੰਮ-ਕਾਜ ਦਾ ਹਿੱਸਾ ਵੀ ਬਣਾ ਲਿਆ।

ਭਗਤ ਧੰਨਾ ਜੀ ਨਾਲ ਜੁੜੇ ਸਾਖੀ-ਸਾਹਿਤ ਨੂੰ ਪੜ੍ਹਨ ਤੋਂ ਬਾਅਦ ਜਿਹੜੀਆਂ ਗੱਲਾਂ ਪ੍ਰਮੁੱਖ ਰੂਪ ਵਿਚ ਉਭਰ ਕੇ ਸਾਹਮਣੇ ਆਉਂਦੀਆਂ ਹਨ, ਉਨ੍ਹਾਂ ਦੇ ਅਨੁਸਾਰ ਬਚਪਨ ਸਮੇਂ ਤੋਂ ਧਾਰਮਿਕ ਰੁਚੀਆਂ ਰੱਖਣ ਵਾਲੇ ਭਗਤ ਧੰਨਾ ਜੀ ਦਾ ਜੀਵਨ ਬਹੁਤ ਹੀ ਸਾਦਾ ਅਤੇ ਸੰਘਰਸ਼ਮਈ ਸੀ। ਇੱਕ ਦਿਨ ਉਨ੍ਹਾਂ ਨੇ ਇੱਕ ਪੰਡਿਤ ਨੂੰ ਠਾਕੁਰ ਦੀ ਪੂਜਾ ਕਰਦੇ ਹੋ ਬੜੇ ਧਿਆਨ ਨਾਲ ਦੇਖਿਆ। ਦੇਖਣ ਤੋਂ ਉਪਰੰਤ ਭਗਤ ਜੀ ਦੇ ਮਨ ਵਿਚ ਵੀ ਪੂਜਾਦੀ ਇੱਛਾ ਪ੍ਰਚੰਡ ਹੋ ਗਈ। ਆਪਣੀ ਇਸ ਪ੍ਰਚੰਡਿਤ ਇੱਛਾ ਕਾਰਨ ਉਨ੍ਹਾਂ ਨੇ ਉਸ ਪੰਡਿਤ ਜੀ ਤੋਂ ਠਾਕੁਰ ਦੀ ਮੰਗ ਕੀਤੀ। ਬਦਲੇ ਵਿਚ ਉਸ ਪੰਡਿਤ ਨੇ ਭਗਤ ਜੀ ਨੂੰ ਕੁੱਝ ਦੁਨਿਆਵੀ ਵਸਤਾਂ ਦਕਸ਼ਣਾ ਦੇ ਰੂਪ ਵਿਚ ਦੇਣ ਲਈ ਕਿਹਾ। ਜੋ ਭਗਤ ਜੀ ਨੇ ਸਹਿਜ ਨਾਲ ਹੀ ਦੇਣੀਆਂ ਪ੍ਰਵਾਨ ਕਰ ਲਈਆਂ। ਇਸ ਸਮਝੌਤੇ ਤੋਂ ਬਾਅਦ ਉਸ ਚੁਸਤ ਅਤੇ ਲਾਲਚੀ ਪੰਡਿਤ ਨੇ ਇਕ ਸਧਾਰਣ ਪੱਥਰ ਭਗਤ ਧੰਨਾ ਜੀ ਦੇ ਸਪੁਰਦ ਕਰ ਦਿੱਤਾ। ਸਿਦਕੀ ਭਾਵਨਾ ਅਤੇ ਸੱਚੀ ਲਗਨ ਵਾਲੇ ਭਗਤ ਨੇ ਉਸ ਸਧਾਰਣ ਪੱਥਰ (ਭਗਵਾਨ ਸਮਝ ਕੇ) ਦਾ ਇਸ਼ਨਾਨ ਕਰਾ ਕੇ ਉਸ ਦੀ ਪੂਜਾ ਕੀਤੀ ਅਤੇ ਉਸ ਨੂੰ ਪ੍ਰਸ਼ਾਦੇ-ਪਾਣੀ ਨੂੰ ਭੋਗ ਲਗਾਉਣ ਲਈ ਕਿਹਾ। ਪੱਥਰ ਵੱਲੋਂ ਕੋਈ ਹੁੰਗਾਰਾ ਨਾ ਮਿਲਦਾ ਦੇਖ ਕੇ ਭਗਤ ਨੇ ਆਪ ਵੀ ਕੁੱਝ ਖਾਣ ਤੋਂ ਇਨਕਾਰ ਕਰ ਦਿੱਤਾ। ਭਗਤ ਧੰਨਾ ਜੀ ਦੇਇਸ ਹੱਠ ਦੀ ਗਵਾਹੀ ਭਾਈ ਗੁਰਦਾਸ ਜੀ ਨੇ ਆਪਣੀ ਦਸਵੀਂ ਵਾਰ ਦੀ ਤੇਰਵੀਂ ਪਾਉੜੀ ਵਿਚ ਇਸ ਤਰ੍ਹਾਂ ਭਰੀ ਹੈ:-

ਠਾਕੁਰ ਨੋ ਨ੍ਹਾਵਾਲਿ ਕੈ ਛਾਹਿ
ਰੋਟੀ ਲੈ ਭੋਗੁ ਚੜ੍ਹਾਵੈ।
ਹਥਿ ਜੋੜਿ ਮਿਨਤਿ ਕਰੈ
ਪੈਰੀ ਪੈ ਪੈ ਬਹੁਤੁ ਮਨਾਵੈ।
ਹਉ ਭੀ ਮੁਹੁ ਨ ਜਠਾਲਾਸਾਂ
ਤੂ ਰੁਠਾ ਮੈ ਕਿਹੁ ਨਾ ਸੁਖਾਵੈ।
ਗੋਸਾਈ ਪਰਤਖਿ ਹੋਇ
ਰੋਟੀ ਖਾਹਿ ਛਾਹਿ ਮੁਹਿ ਲਾਵੈ।
ਭੋਲਾ ਭਾਉ ਗੋਬਿੰਦੁ ਮਿਲਾਵੈ।

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਬਸੰਤ ਰਾਗ ਦੇ ਇੱਕ ਸ਼ਬਦ ਵਿਚ ਜਿਥੇ ਹੋਰ ਬਹੁਤ ਸਾਰੇ ਭਗਤਾਂ ਦੀ ਕਰਜ਼ੀ ਕਮਾਈ ਦਾ ਜ਼ਿਕਰ ਕਰਦੇ ਹਨ ਓਥੇ ਭਗਤ ਧੰਨਾ ਜੀ ਨੂੰ 'ਧੰਨਾ ਸੇਵਿਆ ਬਾਲ ਬੁਧਿ' ਕਹਿ ਕੇ ਉਨ੍ਹਾਂ ਦੇ ਪ੍ਰਭੂ-ਮਿਲਾਪ ਦਾ ਹਵਾਲਾ ਵੀ ਦਿੰਦੇ ਹਨ। ਗੁਰੂ ਗ੍ਰੰਥ ਸਾਹਿਬ ਦੇ ਅੰਗ 487 ਉਪਰ ਸੁਸ਼ੋਭਿਤ ਆਪਣੇ ਇਕ ਹੋਰ ਪਾਵਨ ਸ਼ਬਦ ਦੀਆਂ ਅੰਤਲੀਆਂ ਪੰਕਤੀਆਂ ਵਿਚ ਪੰਜਵੇਂ ਨਾਨਕ ਫ਼ੁਰਮਾਉਂਦੇ ਹਨ:-

ਇਹ ਬਿਧਿ ਸੁਨਿ ਕੈ ਜਾਟਰੋ
ਉਠਿ ਭਗਤੀ ਲਾਗਾ ॥
ਮਿਲੇ ਪ੍ਰਤਖਿ ਗੁਸਾਈਆ
ਧੰਨਾ ਵਡਭਾਗਾ ॥

ਗੁਰੂ ਅਰਜਨ ਦੇਵ ਪਾਤਸ਼ਾਹ ਇਨ੍ਹਾਂ ਪਾਵਨ ਪੰਕਤੀਆਂ ਰਾਹੀਂ ਇਹ ਸੰਕੇਤ ਦੇ ਰਹੇ ਹਨ ਕਿ ਭਗਤ ਧੰਨਾ ਜੀ ਨੇ ਇਸ ਗੱਲ ਨੂੰ ਭਲੀ-ਭਾਂਤ ਸਮਝ ਲਿਆ ਸੀ ਕਿ ਪਰਮਾਤਮਾ ਨੂੰ ਹਿਰਦੇ ਵਿਚ ਵਸਾਉਣ ਨਾਲ ਜਿਥੇ ਉਸ ਤੋਂ ਪੂਰਵਕਾਲੀ ਭਗਤਾਂ (ਨਾਮਦੇਵ,ਰਵੀਦਾਸ ਅਤੇ ਸੈਣ ਆਦਿ) ਨੇ ਰੱਬੀ ਪਿਆਰ ਨੂੰ ਹਾਸਲ ਕਰ ਲਿਆ ਸੀ ਤਾਂ ਭਗਤੀ ਦੀ ਇਹ ਵਿਧੀ ਉਸ ਨੂੰ ਵੀ ਪਰਮੇਸ਼ਰ ਤੱਕ ਪਹੁੰਚਾ ਸਕਦੀ ਹੈ। ਤੇ ਉਸ ਦੀ ਇਸ ਸਮਰਪਣ ਦੀ ਭਾਵਨਾ ਵਾਲੀ ਭਗਤੀ ਨੇ ਉਸ ਨੂੰ ਸਾਖਿਆਤ ਰੂਪ ਵਿਚਪ੍ਰਭੂ ਦੇ ਦਰਸ਼ਨ-ਦੀਦਾਰੇ ਕਰਵਾ ਦਿੱਤੇ ਸਨ। ਗੱਲ ਸਿਰਫ ਦਰਸ਼ਨ-ਦੀਦਾਰੇ ਤੱਕ ਹੀ ਸੀਮਤ ਨਹੀਂ ਰਹੀ ਸਗੋਂ ਪ੍ਰਭੂ ਨੇ ਆਪਣੇ ਪਿਆਰੇ ਅਤੇ ਨਿਆਰੇ ਭਗਤ ਦੇ ਕਾਰਜ ਵੀ ਆਪਣੇ ਜ਼ਿੰਮੇ ਲੈ ਲਏ ਸਨ। ਗੋਪਾਲ ਵੱਲੋਂ ਨਿਭਾਏ ਜਾ ਰਹੇ ਇਸ ਜ਼ਿੰਮੇ ਨੂੰ ਦੇਖ ਕੇ ਹੀ ਭਗਤ ਧੰਨਾ ਜੀ ਉਚਾਰਦੇ ਹਨ:-

ਗੋਪਾਲ ਤੇਰਾ ਆਰਤਾ ॥
ਜੋ ਜਨ ਤੁਮਰੀ ਭਗਤਿ ਕਰੰਤੇ
ਤਿਨ ਕੇ ਕਾਜ ਸਵਾਰਤਾ ॥1 ॥ ਰਹਾਉ ॥

ਭਗਤ ਧੰਨਾ ਜੀ ਦੀ ਧੰਨਤਾ ਇਸ ਗੱਲ ਵਿਚ ਵੀ ਹੈ ਕਿ ਜਿਥੇ ਕੁੱਝ ਧਾਰਮਿਕ ਰਹਿਬਰ ਔਰਤ ਨੂੰ ਭਗਤੀ-ਮਾਰਗ ਲਈ ਬਾਧਾ ਮਹਿਸੂਸਦੇ ਹਨ ਉੱਥੇ ਉਹ ਧੜੱਲੇ ਨਾਲ ਆਖ ਰਹੇ :-


ਘਰ ਕੀ ਗੀਹਨਿ ਚੰਗੀ ॥
ਜਨੁ ਧੰਨਾ ਲੇਵੈ ਮੰਗੀ ॥

ਔਰਤ ਜਾਤੀ ਅਤੇ ਕਿਰਤ ਦੇ ਪ੍ਰਤੀ ਅਜਿਹੀ ਸਤਿਕਾਰਤ ਤੇ ਨੇਕ ਸੋਚ ਰੱਖਣ ਵਾਲੇ ਭਗਤ ਧੰਨਾ ਜੀ ਦਾ ਰੱਜਵਾਂ ਅਤੇ ਫਬਵਾਂ ਸਤਿਕਾਰ ਕਰਦਿਆਂ ਹੀ ਬਾਣੀ ਕੇ ਬੋਹਿਥ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਦੋਂ ਇਲਾਹੀ ਬਚਨਾਂ ਦਾ ਉਚਾਰਣ ਕਰਨ ਵਾਲੇ ਛੇ ਗੁਰੂ ਸਾਹਿਬਾਨਾਂ, ਗਿਆਰਾਂ ਭੱਟਾਂ, ਚਾਰ ਗੁਰੂ ਦੇ ਨਿਕਵਰਤੀਆਂ ਅਤੇ ਪੰਦਰਾਂ ਭਗਤਾਂ ਦੀ ਬਾਣੀ ਨੂੰ ਇਕ (ਆਦਿ ਗ੍ਰੰਥ ਸਾਹਿਬ ਦੇ ਰੂਪ ਵਿਚ) ਲੜੀ ਵਿਚ ਪਰੋਇਆ ਸੀ ਤਾਂ ਉਸ ਵਿਚ ਭਗਤ ਧੰਨਾ ਜੀ ਦੇ ਤਿੰਨ ਪਵਿੱਤਰ ਸ਼ਬਦ (ਦੋ ਰਾਗ ਆਸਾ ਅਤੇ ਇੱਕ ਰਾਗ ਧਨਾਸਰੀ) ਵੀ ਸ਼ਾਮਿਲ ਕਰ ਲਏ ਸਨ।

ਭਗਤੀ ਲਹਿਰ ਦੇ ਪ੍ਰਮੁੱਖ ਭਗਤ ਧੰਨਾ ਜੀ ਆਪਣੀ ਧਾਰਮਿਕ ਅਤੇ ਸਮਾਜਿਕ ਜ਼ਿੰਮੇਵਾਰੀ ਨੂੰ ਇਮਾਨਦਾਰੀ ਨਾਲ ਨਿਭਾਉਂਦੇ ਹੋਏ 15 ਦਸੰਬਰ 1502 ਈਸਵੀ ਨੂੰਪਰਲੋਕ ਸਿਧਾਰ ਗਏ। ਉਨ੍ਹਾਂ ਦੀ ਭਗਤੀ-ਭਾਵਨਾ ਜਿਥੇ ਪਖੰਡਵਾਦ ਤੋਂ ਨਿਰਲੇਪ ਹੈ ਉੱਥੇ ਸੱਚੀ ਤੇ ਸੁੱਚੀ ਕਿਰਤ ਕਰਦਿਆਂ ਕਰਤਾਰ ਨਾਲ ਜੁੜਨ ਦੀ ਇੱਕ ਅਤਿ ਉੱਤਮ ਮਿਸਾਲ ਵੀ ਹੈ।

# ਹੈਲਦੀ ਮੁਸਕਰਾਹਟ ਲਈ ਜਰੂਰੀ ਹੈ-ਦੰਦਾਂ ਅਤੇ ਮਸੂੜਿਆਂ ਦੀ ਡੇਲੀ ਦੇਖਭਾਲ

**ANIL DHEER**
Columnist. Alternative Therapist. Health Educator award winner Social activist. Certified by W.H.O & UNICEF: Global Health Reporter NTDP Skin Issues: Psoriasis- 2025. GNT Diseases-2023 Air Pollution n Health-2023. Monkey-pox Virus: Health Emergencies programme Writer: "Self-care Tips Encyclopedia"



"ਓਰਲ ਹੈਲਥ ਮਹੀਨਾ 2025 ਦਾ ਥੀਮ ਹੈ- ਹਰ ਵਿਅਕਤੀ ਦੀ ਹੈਲਦੀ ਮੁਸਕਰਾਹਟ" ਵਿਸ਼ਵ ਭਰ 'ਚ ਅੱਜ ਹੈਲਦੀ ਮੁਸਕਰਾਹਟ ਲਈ ਆਪਣੇ ਦੰਦਾਂ ਅਤੇ ਮਸੂੜਿਆਂ ਦੀ ਨਿਯਮਤ ਦੇਖਭਾਲ ਕਰਨੀ ਜਰੂਰੀ ਹੋ ਗਈ ਹੈ-

ਹੈਲਥ ਮੀਡੀਆ ਕੈਨੇਡਾ : ਅਪ੍ਰੈਲ 2025 ਮੂੰਹ ਦੀ ਹੈਲਥ ਪ੍ਰਤੀ ਜਾਗਰੂਕਤਾ ਦੇ ਮਹੀਨੇ ਦੇ ਤੌਰ 'ਤੇ ਕਮਿਊਨਿਟੀ ਦੇ ਨਾਲ-ਨਾਲ ਸਰਕਾਰੀ ਪੱਧਰ 'ਤੇ ਮਨਾਇਆ ਜਾ ਰਿਹਾ ਹੈ। ਇਸ ਮਹੀਨੇ ਦੌਰਾਣ ਲੋਕਾਂ ਨੂੰ ਮੂੰਹ ਦੀ ਅੰਦਰੂਨੀ ਸਫਾਈ ਅਤੇ ਮੂੰਹ ਦੇ ਰੋਗਾਂ ਤੋਂ ਬਚਾਅ ਬਾਰੇ ਦੰਦਾਂ ਦੇ ਮਾਹਿਰਾਂ ਦੁਆਰਾ ਜਾਗਰੁਕ ਕੀਤਾ ਜਾ ਰਿਹਾ ਹੈ। ਵਿਸ਼ਵ ਪੱਧਰ 'ਤੇ, ਮੂੰਹ ਦੀਆਂ ਬਿਮਾਰੀਆਂ, ਖਾਸ ਕਰਕੇ ਦੰਦਾਂ ਦੀ ਸੜਨ ਅਤੇ ਮਸੂੜਿਆਂ ਦੀ ਸਮੱਸਿਆ ਕਾਰਨ ਕਰੀਬਨ 3.6 ਬਿਲੀਅਨ ਲੋਕ ਅਸਰ ਹੇਠ ਹਨ, ਜੋ ਕਿ ਅੱਜ ਜਨਤਕ ਸਿਹਤ ਚੁਣੌਤੀ ਬਣ ਚੁੱਕੀ ਹੈ।



ਸਥਾਈ ਦੰਦਾਂ 'ਚ ਇਲਾਜ਼ ਨਾ ਕੀਤੇ ਜਾਣ ਵਾਲੇ ਦੰਦਾਂ ਦੀ ਸੜਨ ਦੀ ਸਮੱਸਿਆ ਵੱਧ ਕੇ ਕਰੀਬਨ 2.3 ਬਿਲੀਅਨ ਤੱਕ ਪਹੁੰਚ ਚੁੱਕੀ ਹੈ।

ਮੂੰਹ ਦੀਆਂ ਬਿਮਾਰੀਆਂ ਦਰਦ, ਬੇਆਰਾਮੀ, ਵਿਗਾੜ, ਖਾਣ-ਪੀਣ, ਬੋਲਣ ਅਤੇ ਸਮਾਜਿਕ ਆਪਸੀ ਅਸਰ ਨੂੰ ਪ੍ਰਭਾਵਿਤ ਹੋਣ ਨਾਲ ਡੇਲੀ ਲਾਈਫ ਸਟਾਈਲ 'ਤੇ ਮਾੜਾ ਅਸਰ ਪੈ ਰਿਹਾ ਹੈ।

ਹਰ ਉਮਰ 'ਚ ਦੰਦਾਂ ਦੇ ਰੋਗ ਵੱਧਣ ਦਾ ਆਮ ਕਾਰਨ ਹੈ- ਖੰਡ ਦੀ ਜ਼ਿਆਦਾ ਵਰਤੋਂ, ਚਾਕਲੇਟ, ਮਿਠਾਈਆਂ, ਕੈਂਡੀ, ਬੇਕਰੀ ਪ੍ਰਾਡਕਟਸ, ਸਿਗੇਟਨੋਸ਼ੀ, ਤੰਬਾਕੂ ਚਬਾਉਣਾ, ਅਤੇ ਅਲਕੋਹਲ ਦੀ ਵੱਧ ਵਰਤੋਂ ਦੁਨੀਆ ਦੇ ਦੰਦ ਖਰਾਬ ਕਰ ਰਹੇ ਹਨ।

ਦੰਦਾਂ ਦੀ ਸਫਾਈ ਦੇ ਸਹੀ ਅਭਿਆਸ, ਬੁਰਸ਼ ਕਰਨ, ਫਲਾਸਿੰਗ ਅਤੇ ਸਮੇਂ-ਸਮੇਂ ਤੇ ਨਿਯਮਤ ਜਾਂਚ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ।

ਡੇਲੀ ਫਲੋਰਾਈਡ ਟੱਥਪੇਸਟ, 'ਤੇ ਫਲੌਸ ਦੀ ਵਰਤੋਂ ਕਰਕੇ ਸਵੇਰੇ-ਸ਼ਾਮ ਆਪਣੇ ਦੰਦ ਬੁਰਸ਼ ਦੁਆਰਾ ਕਲੀਨ ਕਰੋ।

ਮਸੂੜਿਆਂ ਦੀ ਬਿਮਾਰੀ ਅਤੇ ਮੂੰਹ ਦੇ ਕੈਂਸਰ ਦੇ ਲੱਛਣਾਂ ਲਈ ਰੁਟੀਨ 'ਚ ਆਪਣੇ ਮੂੰਹ ਦੀ ਜਾਂਚ ਕਰਦੇ ਰਹੋ।

ਫਲੋਰਾਈਡ ਵਾਲਾ ਪਾਣੀ ਪੀਣ ਨਾਲ ਦੰਦਾਂ ਦੇ ਪਰਲੇ ਨੂੰ ਮਜ਼ਬੂਤੀ ਮਿਲਦੀ ਹੈ ਅਤੇ ਕੈਵੇਟੀਜ਼ ਦੇ ਖਤਰੇ ਨੂੰ ਘਟਾਇਆ ਜਾ ਸਕਦਾ ਹੈ।

ਹਰ ਉਮਰ ਦੇ ਵਿਅਕਤੀ ਨੂੰ ਹਮੇਸ਼ਾ ਪੌਸ਼ਟਿਕ ਖੁਰਾਕ ਲੈਣੀ ਚਾਹੀਦੀ ਹੈ।

ਰੁਟੀਨ 'ਚ ਫਿਲਟਰਡ ਪਾਣੀ 'ਚ ਲੌਂਗ, ਛੋਟੀ ਇਲਾਚੀ ਪਾ ਕੇ ਉਬਾਲਨ ਤੋਂ ਬਾਅਦ ਪੀਣ ਦੀ ਆਦਤ ਪਾ ਲੈਣੀ ਚਹੀਦੀ ਹੈ ।

ਸਮੋਕਿੰਗ, ਧੂੰਆ ਰਹਿਤ ਤੰਬਾਕੂ ਅਤੇ ਵੇਪਿੰਗ ਦੀ ਵਰਤੋਂ ਨਾ ਕਰੋ। ਸੁਪਾਰੀ-ਪਾਣ ਖਾਣ ਵਾਲੇ ਸਾਵਧਾਨ ਰਹਿਣ। ਜ਼ਿਆਦਾ ਮਾਤਰਾ 'ਚ ਅਲਕੋਹਲ ਨਾ ਲੈ ਕੇ, ਸੀਮਤ ਮਾਤਰਾ 'ਚ ਲੈਣੀ ਚਾਹੀਦੀ ਹੈ।

ਹਰ ਖਾਣ-ਪੀਣ ਵਾਲੀ ਚੀਜ਼ ਤੋਂ ਬਾਅਦ ਭੋਜਨ ਦੇ ਕਣਾਂ ਨੂੰ ਬਾਹਰ ਕੱਢਣ 'ਤੇ ਏਸਿਡ ਨੂੰ ਬੇਅਸਰ ਕਰਨ ਲਈ ਪਾਣੀ ਨਾਲ ਚੰਗੀ ਤਰਾਂ ਕੁਲੀ ਜਰੂਰ ਕਰੋ।


ਮੂੰਹ ਅੰਦਰ ਦੀ ਦਰਦ, ਸੋਜ, 'ਤੇ ਬਦਬੂ ਦੂਰ ਕਰਨ ਲਈ ਇੱਕ ਕੱਪ ਗਰਮ ਪਾਣੀ 1 ਚਮਚ ਨਮਕ ਮਿਲਾਓ 'ਤੇ 30 ਸਕਿੰਟਾਂ ਲਈ ਕੁਰਲੀ ਕਰੀ ਚਾਹੀਦੀ ਹੈ।

ਤੰਦਰੁਸਤ ਦੰਦਾਂ ਅਤੇ ਜਾਂਚ ਲਈ ਆਪਣੇ ਡਾਕਟਰ ਨੂੰ ਮਿਲਦੇ ਰਹੋ। ਗਰਭਵਤੀ ਔਰਤਾਂ ਆਪਣਾ ਖਾਸ ਧਿਆਣ ਰੱਖਣ।

## ਪੰਜਾਬੀ ਸੱਭਿਆਚਾਰ

# ਲੋਕ ਅਖਾਣ ਬਨਾਮ ਸਿਆਣਪਾਂ ਦੀ ਪਹਿਚਾਣ

ਰਮੇਸ਼ ਬੱਗਾ ਚੋਹਲਾ
ਮੋਬ:9463132719



ਸਦੀਆਂ ਤੋਂ ਪੰਜਾਬੀਆਂ ਦੁਆਰਾ ਬੋਲੇ ਜਾਂਦੇ ਅਖਾਣ ਨਾ ਸਿਰਫ ਪੰਜਾਬੀ ਬੋਲੀ ਦਾ ਸ਼ਿੰਗਾਰ ਹਨ ਸਗੋਂ ਇਸ ਦਾ ਵੱਡਮੁੱਲਾ ਸਰਮਾਇਆ ਵੀ ਹਨ। ਇਹ ਉਹ ਜਿਉਂਦੇ-ਜਾਗਦੇ ਪ੍ਰਤੀਬਿੰਬ ਹਨ ਜਿਨ੍ਹਾਂ ਦੁਆਰਾ ਕੋਈ ਵਿਅਕਤੀ ਆਪਣੇ ਸੰਦੇਸ਼ ਨੂੰ ਸੁਹਜਮਈ ਢੰਗ ਨਾਲ ਸੰਚਾਰਿਤ ਕਰ ਸਕਦਾ ਹੈ। ਇਹ ਅਖਾਣ ਤੀਖਣ-ਵਿਅੰਗ, ਗੁੱਝੀ ਚੋਟ ਅਤੇ ਉਚੇਚੇ ਉਪਦੇਸ਼ ਰਾਹੀਂ ਜੀਵਨ ਦੇ ਯਥਾਰਥ ਦੀ ਸੋਝੀ ਕਰਵਾਉਂਦੇ ਹਨ। ਬਿੰਬਾਤਮਕ ਪੇਸ਼ਕਾਰੀ, ਸੂਤਰ ਸ਼ੈਲੀ ਅਤੇ ਸੁਹਜਮਈ ਬਿਆਨ ਕਰਕੇ ਇਹ ਅਖਾਣ ਕਾਵਿ-ਗੁਣਾਂ ਨਾਲ ਵੀ ਭਰਪੂਰ ਹਨ। ਇਨ੍ਹਾਂ ਅਖਾਣਾਂ ਦੁਆਰਾ ਸੰਚਾਰਤ ਅਰਥ ਸਥਾਈ ਨਹੀਂ ਸਗੋਂ ਪ੍ਰਸਥਿਤੀਆਂ ਅਨੁਸਾਰੀ ਹੁੰਦੇ ਹਨ। ਕਈ ਅਖਾਣ ਆਪਣੇ ਅਰਥ ਸਿੱਧ-ਪੱਧਰੇ ਬਿਆਨ ਕਰ ਜਾਂਦੇ ਹਨ ਪਰ ਕਈਆਂ ਵਿਚ ਡੂੰਘੀਆਂ ਰਮਜ਼ਾਂ ਅਤੇ ਵਿਅੰਗ ਲੁਪਤ ਹੁੰਦਾ ਹੈ।

ਮਨੁੱਖ ਇਕ ਸਮਾਜਿਕ ਜੀਵ ਹੋਣ ਕਰਕੇ ਚੇਤੰਨਤਾ ਨਾਲ ਲਬਰੇਜ਼ ਹੁੰਦਾ ਹੈ। ਇਸ ਲਈ ਉਹ ਹਰ ਕੰਮ ਨਵੇਂ ਸਿਰਿਓਂ ਕਰਨ ਨਾਲੋਂ ਆਪਣੇ ਪੁਰਖਿਆਂ ਦੇ ਅਨੁਭਵਾਂ ਦਾ ਲਾਹਾ ਲੈਣਾ ਵਧੇਰੇ ਉਚਿਤ ਸਮਝਦਾ ਹੈ।

ਪੰਜਾਬੀ ਅਖਾਣ ਪੰਜਾਬੀ ਸਭਿਆਚਾਰ ਦਾ ਸ਼ੀਸ਼ਾ ਹੋਣ ਕਰਕੇ ਸਮੇਂ ਦੇ ਸੱਚ ਨੂੰ ਬਗੈਰ ਕਿਸੇ ਮੁਲੰਮੇ ਦੇ ਪੇਸ਼ ਕਰਦੇ ਹਨ। ਇਨ੍ਹਾਂ ਦੁਆਰਾ ਕਿਸੇ ਸੰਦੇਸ਼ ਦਾ ਸੰਜਮਮਈ ਅਤੇ ਸੁਹਜਮਈ ਢੰਗ ਨਾਲ ਸੰਚਾਰ ਕੀਤਾ ਜਾ ਸਕਦਾ ਹੈ। ਇਨ੍ਹਾਂ ਅਖਾਣਾਂ ਦੁਆਰਾ ਪ੍ਰਸਾਰਿਤ ਕੀਤਾ ਜਾਂਦਾ ਗਿਆਨ ਕੁੱਜੇ ਵਿਚ ਸਮੁੰਦਰ ਬੰਦ ਕਰਨ ਦੇ ਬਰਾਬਰ ਹੈ। ਹਰੇਕ ਪੜ੍ਹਿਆ, ਅੱਧ-ਪੜ੍ਹਿਆ ਅਤੇ ਅਨਪੜ੍ਹਿਆ ਮਨੁੱਖ ਆਪਣੀ ਰੋਜ਼-ਮੱਰਾ ਦੀ ਬੋਲਬਾਣੀ ਵਿਚ ਇਨ੍ਹਾਂ ਅਖਾਣਾਂ ਦੀ ਵਰਤੋਂ ਆਮ ਕਰਦਾ ਮਿਲ ਜਾਂਦਾ ਹੈ। ਪੇਸ਼ ਹਨ ਰੋਜ਼ਾਨਾ ਵਰਤੋਂ ਵਿਚ ਆਉਣ ਵਾਲੇ ਕੁੱਝ ਅਖਾਣ:-



- ਉਸ ਪੇਕੇ ਕੀ ਜਾਣਾ ਜਿਥੇ ਸਿਰ ਪਾਣੀ ਨਾ ਪਾਣਾ-ਪਿੰਡ ਭਾਵੇਂ ਪੇਕਿਆਂ ਦਾ ਹੀ ਹੋਵੇ ਪਰ ਸੁਖ-ਅਰਾਮ ਤੋਂ ਬਗੈਰ ਉਥੇ ਜਾਣਾ ਵੀ ਬੇਕਾਰ ਹੁੰਦਾ ਹੈ।
- ਉਜੜੀਆਂ ਭਰਜਾਈਆਂ ਵਲੀ ਜਿਨ੍ਹਾਂ ਦੇ ਜੇਠ-ਜੇਕਰ ਘਰ ਦੇ ਵੱਡ-ਵਡੇਰੇ ਹੀ ਨਿਕੰਮੇ ਹੋਣ ਤਾਂ ਉਨ੍ਹਾਂ ਦਾ ਆਸਰਾ ਭਾਲਣ ਵਾਲਿਆਂ ਦਾ ਹਾਲ ਵੀ ਮੰਦਾ ਹੀ ਹੁੰਦਾ ਹੈ।
- ਉਠ ਨੀ ਨੂੰਹੇਂ ਨਿਸਲ ਹੋ ਚਰਖਾ ਛੱਡ ਤੇ ਚੱਕੀ ਝੋ-ਜਦੋਂ ਹੁਸ਼ਿਆਰੀ ਨਾਲ ਕਿਸੇ ਨੂੰ ਸੌਖੇ ਕੰਮ ਦੀ ਥਾਂ ਕੋਈ ਔਖਾਂ ਕੰਮ ਕਰਨ ਲਈ ਕਿਹਾ ਜਾਵੇ।
- ਅੱਗੇ ਬੀਬੀ ਟੱਪਣੀ ਪਿੱਛੇ ਢੋਲਾਂ ਦੀ ਗੜਗੱਜ-ਜਦੋਂ ਕੋਈ ਬੇਕਾਬੂ ਸੁਭਾਅ ਦਾ ਮਾਲਕ ਹੋਵੇ, ਉਪਰੋਂ ਹਾਲਾਤ ਵੀ ਉਹੋ ਜਿਹੇ ਹੀ ਮਿਲ ਜਾਣ।
- ਅੰਨ੍ਹੀ ਕੁੱਤੀ ਜਲੇਬੀਆਂ ਦੀ ਰਾਖੀ-ਜਦੋਂ ਕਿਸੇ ਅਣਅਧਿਕਾਰੀ ਨੂੰ ਅਧਿਕਾਰ ਸੌਂਪ ਦਿੱਤਾ ਜਾਵੇ।
- ਆਪਣਾ ਹੀ ਨਾ ਭਰੇ ਤੇ ਕੁੜਮਾਂ ਅੱਗੇ ਕੀ ਧਰੇ-ਜਦੋਂ ਕਿਸੇ ਦਾ ਆਪਣਾ ਹੀ ਗੁਜ਼ਾਰਾ ਨਾ ਹੋਵੇ ਤਾਂ ਉਹ ਕਿਸੇ ਹੋਰ ਦੀ ਸਹਾਇਤਾ ਭਲਾ ਕਿਵੇਂ ਕਰ ਸਕਦਾ ਹੈ।
- ਆਪਣੀ ਅੱਖ ਪਰਾਇਆ ਡੇਲਾ-ਜਦੋਂ ਕੋਈ ਆਪਣੀ ਚੀਜ਼ ਨੂੰ ਦੂਜਿਆਂ ਦੇ ਮੁਕਾਬਲੇ ਬੇਹਤਰੀਨ ਬਿਆਨ ਕਰੀ ਜਾਵੇ।
- ਆਪਣੇ ਘਰ ਪਕਾਈਂ ਨਾ ਸਾਡੇ ਘਰ ਆਈਂ ਨਾ-ਇਹ ਅਖਾਣ ਲਾਰਾ-ਲੱਪਾ ਲਾਉਣ ਵਾਲੇ ਇਨਸਾਨਾਂ ਲਈ ਵਰਤਿਆ ਜਾਂਦਾ ਹੈ।
- ਆਇਆ ਬੀਬੀ ਦਾ ਵਾਰਾ ਉੱਜੜ ਗਿਆ ਤਖਤ ਹਜ਼ਾਰਾ-ਜਦੋਂ ਕਿਸੇ ਦੇ ਖਾਣ-ਪੀਣ ਜਾਂ ਲੈਣ ਦੀ ਵਾਰੀ ਆਉਣ 'ਤੇ ਕੋਈ ਵਸਤੂ ਖਤਮ ਹੋ ਜਾਵੇ।
- ਅਮੀਰ ਦੇ ਸਾਲੇ ਬਹੁਤ ਪਰ ਗਰੀਬ ਦਾ ਭਣਵਈਆ ਕੋਈ ਨਹੀਂ-ਗਰੀਬ ਬੰਦੇ ਨਾਲ ਕੋਈ ਵੀ ਸਾਂਝ ਰੱਖਣੀ ਪਸੰਦ ਨਹੀਂ ਕਰਦਾ।
- ਆਬ ਆਬ ਕਰ ਮੋਇਓਂ ਬੱਚਾ ਫ਼ਾਰਸੀਆਂ ਘਰ ਗਾਲ੍ਹੇ-ਜਦੋਂ ਕੋਈ ਵਿਅਕਤੀ ਆਪਣੀ ਬੋਲੀ ਛੱਡ ਕੇ ਓਪਰੀ ਬੋਲੀ ਬੋਲਣ ਲੱਗ ਪਏ।
- ਔਂਤਰ ਨਖੱਤਰ ਨਾ ਮੂਲੀ ਨਾ ਪੱਤਰ-ਇਹ ਆਖਣ ਸੰਤਾਨਹੀਣ ਮਨੁੱਖਾਂ ਲਈ ਵਰਤ ਲਿਆ ਜਾਂਦਾ ਹੈ।
- ਇਸ਼ਕ ਪ੍ਰਹੇਜ਼ ਮੁਹੰਮਦ ਬਖ਼ਸ਼ਾ ਕਦੇ ਨਹੀਂ ਰੱਲ ਬਹਿੰਦੇ-ਪਿਆਰ-ਮੁਹਬੱਤ ਵਿਚ ਸੰਗ-ਸਕੋਚ ਦਾ ਕੋਈ ਸਥਾਨ ਨਹੀਂ ਹੁੰਦਾ।
- ਇੱਲ ਦਾ ਨਨਾਣਵਈਆ ਕਾਂ-ਮਾੜੇ-ਮੋਟਿਆਂ ਦੇ ਸਾਕ-ਸਬੰਧੀ ਵੀ ਉਨ੍ਹਾਂ ਵਰਗੇ (ਮਾੜੇ) ਹੀ ਹੁੰਦੇ ਹਨ।

# • ਪੰਜਾਬੀ ਫ਼ਿਲਮ ਦਰਪਣ •

## ਫਿਰੋਜ਼ ਖਾਨ ਨੇ ਮੱਲ੍ਹੀ ਦੇ "ਯੁੱਧ ਨਸ਼ਿਆਂ ਵਿਰੁੱਧ" ਨੂੰ ਕੀਤਾ ਸ਼ੇਅਰ




ਫਿਰੋਜ਼ ਖਾਨ ਸਟਾਰ ਕਲਾਕਾਰ ਹੈ ਤੇ ਓਸ ਨੇ ਖਾਸ ਤੌਰ ਤੇ ਪੁਲਸੀਏ ਗਾਇਕ ਬਲਜਿੰਦਰ ਪੰਮਾ ਮੱਲ੍ਹੀ ਦੇ ਨਵੇਂ ਗੀਤ "ਯੁੱਧ ਨਸ਼ਿਆਂ ਵਿਰੁੱਧ" ਲਈ ਖਾਸ ਕਲਿਪ ਅੱਪਲੋਡ ਕੀਤੀ ਹੈ ਤੇ ਕਿਹਾ ਕਿ ਪੰਜਾਬ ਪੁਲਿਸ ਨੇ ਪੰਜਾਬ ਸਰਕਾਰ ਦੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਨੂੰ ਤੇਜ਼ੀ ਨਾਲ ਚਲਾ ਨਸ਼ਾ ਮੁਕਤ ਪੰਜਾਬ ਕਰਨਾ ਹੈ। ਪੰਮਾ ਮੱਲ੍ਹੀ ਨੇ ਬੀਟ ਅੰਦਾਜ਼ ਨਾਲ ਇਹ ਗੀਤ ਗਾ ਕਿ ਸਰਕਾਰ ਦੀ ਮੁਹਿੰਮ ਨੂੰ ਸਰਾਹਿਆ ਹੈ। ਫਿਰੋਜ਼ ਖਣੰਦਾ ਇਸ ਲਈ ਮੱਲ੍ਹੀ ਦੇ ਨਾਲ ਸਰਕਾਰੀ ਲੋਕਾਂ ਨੇ ਵੀ ਧੰਨਵਾਦ ਕੀਤਾ ਹੈ ਕਿ ਕਲਾਕਾਰ ਪੰਜਾਬ ਪੁਲਿਸ ਨੂੰ ਸਹਿਯੋਗ ਦੇ ਰਹੇ ਹਨ। ਪ੍ਰਤਾਪ ਪਾਰਸ ਜਿਹੜੇ ਪੰਜਾਬ ਪੁਲਿਸ ਮੁਲਾਜਿਮ ਨੇ ਗੀਤ ਲਿਖਿਆ ਤੇ ਜੱਸੀ ਬ੍ਰਦਰਸ ਦੇ ਸੰਗੀਤ ਨਾਲ ਪੰਮਾ ਮੱਲ੍ਹੀ ਦਾ ਇਹ ਗੀਤ ਮਨੋਰੰਜਕ ਬਣ ਲੋਕ ਮੂੰਹਾਂ ਤੇ ਵੀ ਆ ਗਿਆ ਹੈ ਤੇ ਸਾਰੇ ਮਾਡਲ ਮੁੰਡੇ ਕੁੜੀਆਂ ਤੇ ਵੀਡਿਓ ਨਿਰਦੇਸ਼ਕ ਲੋਕਾਂ ਨੇ ਵੀ ਬਲਜਿੰਦਰ ਪੰਮਾ ਮੱਲ੍ਹੀ ਦੇ ਇਸ ਗੀਤ ਨੂੰ ਸਮੇਂ ਦਾ ਹਾਣੀ ਗੀਤ ਦੱਸਿਆ ਹੈ।

## ਦਲੇਰ ਮਹਿਤਾ ਵੀਡਿਓ ਗੀਤ ਤੇ ਵੈੱਬ ਸੀਰੀਜ਼ ਕਰਨ ਲੱਗੇ



ਫ਼ਿਲਮ ਐਕਟਰ ਦਲੇਰ ਮਹਿਤਾ ਨੇ ਫ਼ਿਲਮਜ਼ ਦੇ ਨਾਲ ਨਾਲ ਹੁਣ ਵੀਡਿਓ ਗੀਤਾਂ ਲਈ ਮਾਡਲਿੰਗ ਸ਼ੁਰੂ ਕੀਤੀ ਹੈ ਤੇ ਓਹਨਾਂ ਕਿਹਾ ਕਿ ਗਾਣੇ ਜਿਆਦਾ ਆ ਰਹੇ ਹਨ ਤੇ ਵੀਡਿਓ ਮਾਡਲਿੰਗ ਨਾਲ ਇੱਕ ਤੇ ਚਿਹਰੇ ਦੀ ਪਹਿਚਾਣ ਵਧ ਜਾਂਦੀ ਹੈ ਤੇ ਪੈਸੇ ਵੀ ਮਿਲਦੇ ਹਨ, ਬਾਕੀ ਨਿਰਮਾਤਾ ਨਿਰਦੇਸ਼ਕ ਫ਼ਿਲਮ ਲਈ ਲੈਂਦੇ ਵਕਤ ਕਲਾਕਾਰ ਦੀ ਲੋਕ ਪ੍ਰਿਅ ਸ਼ੈਲੀ ਦੇਖਦੇ ਹਨ।ਦਲੇਰ ਮਹਿਤਾ ਨੂੰ ਐਡ ਫ਼ਿਲਮਾਂ ਵੀ ਮਿਲੀਆਂ ਹਨ ਤੇ ਇਸ ਤਰਾਂ ਓਹ ਆਪਣਾ ਫ਼ਿਲਮਜ਼ ਦਾ ਕੈਰੀਅਰ ਸ਼ਾਨਦਾਰ ਬਣਾਉਣ ਲਈ ਸਰਗਰਮ ਹਨ। ਓਹਨਾਂ ਕਿਹਾ ਕਿ ਓਹ ਵਿਦੇਸ਼ਾਂ ਵਿੱਚ ਫਿਲਮੀ ਸ਼ੋ ਕਰਨ ਬਾਬਤ ਵੀ ਸੋਚ ਰਹੇ ਹਨ ਤੇ ਮਲਵਿੰਦਰ ਭਾਜੀ ਨਾਲ ਅਗਲੀ ਫ਼ਿਲਮ ਵੀ ਕਰ ਰਹੇ ਹਨ ਜਦ ਕਿ ਐਕਟ੍ਰੈਸ ਸੁੱਚੀ ਬਿਰਗੀ ਨੇ ਵੀ ਦਲੇਰ ਮਹਿਤਾ ਨੂੰ ਸ਼ਾਨਦਾਰ ਐਕਟਰ ਕਿਹਾ ਹੈ।

## ਸਤਨਾਮ ਜੱਜ ਬੋਲੇ ਖਾਹਮ ਖਾਹ ਪ੍ਰੇਸ਼ਾਨ ਨਾ ਕਰੋ ਫ਼ਿਲਮ ਵਾਲਿਆਂ ਨੂੰ




ਸਤਨਾਮ ਜੱਜ ਦਾ ਚੋਟੀ ਦੇ। ਮੀਡੀਆ ਦਿੱਗਜ ਤੇ ਧਾਰਮਿਕ ਮਸਲਿਆਂ ਦੇ ਮਾਹਿਰ ਹਨ। ਆਪਣੀ ਸਰਦਾਰਨੀ ਨਾਲ ਇੱਕ ਸ਼ਾਨਦਾਰ ਸੰਗੀਤਕ ਪਾਰਟੀ ਤੇ ਮਿਲੇ ਜੱਜ ਨੇ ਕਿਹਾ ਕਿ "ਅਕਾਲ" ਫ਼ਿਲਮ ਨੂੰ ਉਤਸ਼ਾਹਿਤ ਕਰਨ ਦੀ ਲੋੜ ਪਰ ਅਸੀਂ ਕਿਰਦਾਰ ਘੋਨਾ ਮੋਨਾ ਜਿਹੇ ਤੰਗ ਸੋਚ ਚੱਕਰਾਂ ਵਿੱਚ ਹਾਂ ਜਦ ਕਿ ਅੱਧੇ ਤੋਂ ਜਿਆਦਾ ਸਿੰਘ ਨਾਮ ਵਾਲੇ ਅਜਿਹੀ ਦਿੱਖ ਵਿੱਚ ਹਨ। ਸਤਨਾਮ ਜੱਜ ਨੇ ਕਿਹਾ ਕਿ ਅੱਜ "ਅਕਾਲ" "ਰਜਨੀ" ਜਿਹੀਆਂ ਫ਼ਿਲਮਾਂ ਦੀ ਲੋੜ ਹੈ ਤਾਂ ਹੀ ਕਈ ਲੋਕ ਧਰਮ ਬਦਲੀ ਵੱਲ ਹਨ। ਸਤਨਾਮ ਜੱਜ ਨੇ ਦਮਦਮੀ ਟਕਸਾਲ ਨੂੰ ਬੇਨਤੀ ਕੀਤੀ ਕਿ ਉਹ ਅੱਗੇ ਆ ਕਿ ਇਤਿਹਾਸਕ ਫ਼ਿਲਮਾਂ ਕਰਨ ਵਾਲਿਆਂ ਨੂੰ ਉਤਸ਼ਾਹਿਤ ਕਰੇ। ਸਤਨਾਮ ਜੱਜ ਮਹਿਤਾ ਵਿਖੇ ਵੀ ਪੰਜਾਬੀ ਫ਼ਿਲਮਾਂ ਦੇ ਨਿਰਮਾਤਾ ਹੁਣ ਹਨ ਤੇ ਖੁਸ਼ ਹੋਏ ਤੇ ਓਹਨਾਂ ਜਲਦੀ ਇੱਕ ਫ਼ਿਲਮ ਮਿਊਜ਼ਿਕ ਈਵੈਂਟ ਕਰਵਾਓਣ ਦੀ ਗੱਲ ਵੀ ਆਖੀ ਹੈ।

## ਰਮੇਸ਼ ਨੂਸੀਵਾਲ ਨੇ ਮਨਾਈ ਡੀ ਡੀ ਪੰਜਾਬੀ ਨਾਲ 25 ਦੀ ਵੈਸਾਖੀ



ਸੂਫ਼ੀ ਗਾਇਕੀ ਤੇ ਕਲਾਸਿਕ ਗਾਇਕੀ ਦਾ ਰਾਜਾ ਹੈ ਗਾਇਕ ਰਮੇਸ਼ ਨੂਸੀਵਾਲ ਤੇ ਪਿਛਲੇ ਕੁੱਝ ਸਾਲਾਂ ਤੋਂ ਓਹ ਡੀ ਡੀ ਪੰਜਾਬੀ ਤੇ ਵਿਸ਼ੇਸ਼ ਨਵੇਂ ਸਾਲ ਤੇ ਵੈਸਾਖੀ ਪ੍ਰੋਗਰਾਮ ਬਣਾ ਕਿ ਕਾਮਯਾਬ ਨਿਰਮਾਤਾ ਵੀ ਹੈ। ਇਸ ਵਾਰ ਵੈਸਾਖੀ ਤੇ ਰਾਏ ਜੁਝਾਰ, ਅਮਨ ਕੌਰ ਸਤਪਾਲ ਬੱਲ, ਸੰਤਾ ਬੰਤਾ ਦੇ ਨਾਲ ਰਵਿੰਦਰ ਰਮਤਾ ਲੰਡਨ, ਦਿਆਲਪੁਰੀ, ਸਰਬਜੀਤ ਫੁੱਲ, ਪ੍ਰੀਤ ਸਮਰਾਲਾ ਤੇ ਖੁਦ ਗੀਤ ਗਾ ਕਿ ਓਸ ਨੇ ਡੀ ਡੀ ਪੰਜਾਬੀ ਤੇ ਸ਼ਾਨਦਾਰ ਵੈਸਾਖੀ 2025 ਦੀ ਮਨਾਈ। ਜਸਵਿੰਦਰ ਸਿੰਘ ਆਜ਼ਾਦ ਤੇ ਕੇ ਕੇ ਸੱਭਰਵਾਲ ਦੇ ਸਹਿਯੋਗ ਦੀ ਗੱਲ ਕਰਦੇ ਨੂਸੀਵਾਲ ਦੱਸਦੇ ਨੇ ਕਿ ਪੁਸ਼ਪਿੰਦਰ ਕੌਰ ਦੀ ਐਂਕਰਿੰਗ ਓਸ ਨੇ ਲਈ ਤੇ ਓਹ ਸੋਨੇ ਤੇ ਸੁਹਾਗਾ ਸਾਬਿਤ ਹੋਈ। ਮਜ਼ਬੂਰੀਆਂ ਨਾਂ ਮਾਰਦੀਆਂ ਤਾਂ ਹੰਸ ਰਾਜ ਹੰਸ ਤੇ ਸਾਬਰਕੋਟੀ ਪੱਧਰ ਦੇ ਇਸ ਗਾਇਕ ਨੇ ਬਾਲੀਵੁੱਡ ਜਾਣਾ ਸੀ ਖ਼ੈਰ ਬੱਚੇ ਸਥਾਪਿਤ ਤੇ ਸਰਗੁਨ ਮਿਊਜ਼ਿਕ ਦੇ ਸੀਈਓ ਅਤੇ ਡੀ ਡੀ ਪੰਜਾਬੀ ਦੇ ਸਫ਼ਲ ਪ੍ਰੋਗਰਾਮ ਨਿਰਮਾਤਾ ਬਣ ਰਮੇਸ਼ ਦੇ ਪ੍ਰੋਗਰਾਮ ਦਾ ਪੱਧਰ ਡੀ ਡੀ ਨੈਸ਼ਨਲ ਦੇ ਖਾਸ ਪ੍ਰੋਗਰਾਮਾਂ ਦੇ ਬਰਾਬਰ ਹੁੰਦਾ ਹੈ।ਅਸੀਂ ਗਿਣਤੀ ਨਹੀਂ ਵਧਾਉਂਦੇ ਇਕੱਲੇ ਨੋਟ ਕਮਾਉਣ ਲਈ ਬਲ ਕਿ ਪ੍ਰੋਗਰਾਮ ਗੁਣਵਤਾ ਵਾਲਾ ਉੱਚ ਪੱਧਰੀ ਕਰਦੇ ਹਾਂ ਰਮੇਸ਼ ਇਹ ਗੱਲ ਦਾਅਵੇ ਨਾਲ ਕਰਦੇ ਹਨ।ਟੀਵੀ ਪ੍ਰੋਗਰਾਮ ਨਿਰਮਾਤਾ ਤੇ ਗਾਇਕ ਰਮੇਸ਼ ਨੂਸੀਵਾਲ ਦੇ ਇਸ ਨਵੇਂ ਕੈਰੀਅਰ ਲਈ ਹੋਰ ਸ਼ੁੱਭ ਕਾਮਨਾਵਾਂ।

## ਅਸ਼ੋਕ ਪੁਰੀ ਭਾਰਤ ਭਰ ਵਿੱਚ "ਗੋਲਡ ਮੈਡਲ ਦਾ ਦਹੇਜ"



ਇੱਕ ਸ਼ਾਨਦਾਰ ਪੀ ਆਰ ਵੀ ਖੁਦ ਓਹੀ ਅਸ਼ੋਕ ਪੁਰੀ ਹੈ ਜਿਹੜਾ ਓ ਟੀ ਟੀ ਪੰਜਾਬੀ ਤੇ ਨਿਰਦੇਸ਼ਕ ਤੇ ਅਭਿਨੇਤਾ ਬਣ ਕਾਮਯਾਬ ਹੈ। ਸੰਸਦ ਮੈਂਬਰ ਰਹੇ ਬੀ ਜੇ ਪੀ ਦੇ ਕੱਦਾਵਰ ਨੇਤਾ ਅਵਿਨਾਸ਼ ਰਾਏ ਖੰਨਾ ਲਿਖਤ "ਗੋਲਡ ਮੈਡਲ ਦਾ ਦਹੇਜ" ਵੈੱਬ ਫ਼ਿਲਮ ਨਾਲ ਪੰਜਾਬ ਭਰ ਓਹਨਾਂ ਦੀ ਚਰਚਾ ਹੈ ਤੇ ਹੁਣ ਗੁਜਰਾਤ, ਓੜੀਸਾ ਤੇ ਲਖਨਵੀ ਲੋਕਾਂ ਤੱਕ ਓਹਨਾਂ ਦੀ ਇਹ ਫ਼ਿਲਮ ਪਹੁੰਚੀ ਹੈ। ਫਿਲਮੀ ਮੇਲੇ ਇਸ ਫ਼ਿਲਮ ਨੂੰ ਉਤਸ਼ਾਹਿਤ ਕਰ ਰਹੇ ਹਨ। ਅਸ਼ੋਕ ਪੁਰੀ "ਗੋਲਡ ਮੈਡਲ ਦਾ ਦਹੇਜ" ਜਲਦੀ ਟੀਵੀ ਦੇ ਪ੍ਰਮੁੱਖ ਚੈਨਲਾਂ ਤੇ ਲਿਆ ਸਕਦੇ ਹਨ ਤੇ ਸਾਊਥ ਲਈ ਇਹ ਵੱਖ ਵੱਖ ਭਾਸ਼ਾਵਾਂ ਵਿੱਚ ਡੱਬ ਹੋ ਰਹੀ ਹੈ। ਅਸ਼ੋਕ ਪੁਰੀ ਇਸ ਫ਼ਿਲਮ ਨਾਲ ਕਾਂਸ ਫ਼ਿਲਮ ਉਤਸਵ ਤੇ ਪੂਨਾ ਫ਼ਿਲਮ ਫੈਸਟੀਵਲ ਤੱਕ ਦਿਖਾਈ ਦੇ ਸਕਦੇ ਹਨ। ਐਕਟ੍ਰੈਸ ਆਰਤੀ ਸਿੰਘ ਨਾਲ ਪਰਦੇ ਤੇ ਪੁਰੀ ਦੀ ਕੇਮਿਸਟਰੀ ਸ਼ਾਨਦਾਰ ਹੈ। ਨੈਂਸੀ ਅਰੋੜਾ, ਵਿਨੀਤ ਅਟਵਾਲ, ਗੁਰਮੇਲ ਧਾਲੀਵਾਲ, ਰੇਣੁਕਾ ਓਹਨਾਂ ਨੇ ਆਪਣੀ ਇਸ ਚਰਚਿਤ ਫ਼ਿਲਮ ਵਿੱਚ ਕਲਾਕਾਰ ਲਏ ਸਨ।

## ਦੀਪ ਮਾਂਡੀਆ ਬੋਲੇ "ਅੱਜ ਦੇ ਲਫੰਗੇ" ਆਉਣ ਦਿਓ ਫ਼ਿਰ ਦੇਖਣਾ ਦੋ ਦੋ ਪੰਜ ਹੁੰਦੇ



ਲੁਧਿਆਣਾ ਦਾ ਮੁੰਡਾ ਦੀਪ ਮਾਂਡੀਆ ਫ਼ਿਲਮ ਨਾਇਕ ਬਣ ਸਾਹਮਣੇ ਆਏਗਾ ਹਾਲਾਂ ਕਿ ਕੁੱਝ ਕਾਰਨ ਕਿ ਓਸ ਦੀ ਫ਼ਿਲਮ "ਅੱਜ ਦੇ ਲਫੰਗੇ" ਲੇਟ ਹੈ। ਦੀਪ ਨੇ ਇਸ ਫ਼ਿਲਮ ਵਿੱਚ ਜ਼ਰਯਾਲ ਦੀਪ ਤੇ ਪੂਨਮ ਸੂਦ ਨਾਲ ਕੰਮ ਕੀਤਾ ਹੈ। ਓਸ ਦੇ ਪਿਤਾ ਬਲਦੇਵ ਰਾਜ ਫ਼ਿਲਮ ਮੇਕਰ ਹਨ ਤੇ ਓਹ ਬੂਟਾ ਸਿੰਘ ਤੇ ਰਾਜਨ ਬੱਤਰਾ ਨਾਲ ਫ਼ਿਲਮਾਂ ਕਰ ਚੁੱਕੇ ਹਨ। ਦੀਪ ਨੇ ਕਿਹਾ ਕਿ ਓਹ ਕਨੇਡਾ ਤੇ ਲੰਡਨ ਵਿੱਚ ਫਿਲਮੀ ਤਜ਼ਰਬੇ ਸਿੱਖ ਰਹੇ ਹਨ ਤੇ ਨਾਲ ਹੀ ਫ਼ਿਲਮ ਨਿਰਦੇਸ਼ਨ ਵਿੱਚ ਓਹਨਾਂ ਦੀ ਦਿਲਚਸਪੀ ਹੈ। ਦੀਪ ਆਸਵੰਦ ਨੇ ਕਿ ਜਦ ਵੀ "ਅੱਜ ਦੇ ਲਫੰਗੇ" ਆਈ ਓਹਨਾਂ ਦੀ ਗੱਲ ਬਣ ਜਾਣੀ ਹੈ। ਦੀਪ ਦਾ ਕੱਦ ਕਾਠ ਉੱਚਾ ਤੇ ਲੰਬਾ ਹੈ ਅਤੇ ਦਿੱਖ ਵੀ ਰੋਮਾਂਟਿਕ ਹੈ। ਵੈਸੇ ਦੀਪ ਆਖਦੇ ਨੇ ਕਿ ਓਹ ਐਕਸ਼ਨ ਫ਼ਿਲਮਾਂ ਕਰਨ ਦੇ ਵੀ ਸਮਰਥ ਹਨ ਤੇ ਨਿਰਦੇਸ਼ਕ ਬਲਜਿੰਦਰ ਸਿੱਧੂ ਓਹਨਾਂ ਦੇ ਕੈਰੀਅਰ ਨੂੰ ਸ਼ਹਿ ਦੇ ਕਿ ਅੱਗੇ ਵਧਾ ਕਿ ਕਾਮਯਾਬੀ ਦੇ ਦਰਸ਼ਨ ਕਰਵਾ ਸਕਦੇ ਹਨ।

-ਅੰਮ੍ਰਿਤ ਪਵਾਰ

# ਬੰਗਲਾਦੇਸ਼: ਸ਼ੇਖ ਹਸੀਨਾ ਤੇ ਧੀ ਖ਼ਿਲਾਫ਼ ਗ੍ਰਿਫ਼ਤਾਰੀ ਵਾਰੰਟ ਜਾਰੀ




ਇੱਥੋਂ ਦੀ ਇਕ ਅਦਾਲਤ ਨੇ ਸਾਬਕਾ ਪ੍ਰਧਾਨ ਮੰਤਰੀ ਤੇ ਆਵਾਮੀ ਲੀਗ ਦੀ ਆਗੂ ਸ਼ੇਖ ਹਸੀਨਾ, ਉਨ੍ਹਾਂ ਦੀ ਧੀ ਸਾਇਮਾ ਵਾਜੇਦ ਪਤੁਲ ਅਤੇ 17 ਹੋਰਾਂ ਖ਼ਿਲਾਫ਼ ਭ੍ਰਿਸ਼ਟਾਚਾਰ ਦੇ ਇਕ ਮਾਮਲੇ ਵਿੱਚ ਅੱਜ ਨਵਾਂ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤਾ ਹੈ। ਉਨ੍ਹਾਂ ਤੇ ਧੋਖਾਧੜੀ ਨਾਲ ਇਕ ਰਿਹਾਇਸ਼ੀ ਪਲਾਟ ਹਾਸਲ ਕਰਨ ਦਾ ਦੋਸ਼ ਹੈ। ਢਾਕਾ ਮੈਟਰੋਪੋਲੀਟਿਨ ਦੇ ਸੀਨੀਅਰ ਵਿਸ਼ੇਸ਼ ਜੱਜ ਜ਼ਾਕਿਰ ਹੁਸੈਨ ਗ਼ਾਲਿਬ ਨੇ ਭ੍ਰਿਸ਼ਟਾਚਾਰ ਰੋਕਥਾਮ ਕਮਿਸ਼ਨ ਵੱਲੋਂ ਦਾਖ਼ਲ ਦੋਸ਼ ਪੱਤਰ ਨੂੰ ਸਵੀਕਾਰ ਕਰ ਲਿਆ ਕਿਉਂਕਿ ਮੁਲਜ਼ਮ ਫ਼ਰਾਰ ਹਨ, ਇਸ ਵਾਸਤੇ ਅਦਾਲਤ ਨੇ ਉਨ੍ਹਾਂ ਖ਼ਿਲਾਫ਼ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤਾ।

## ਜਨਮ ਦਿਨ 'ਤੇ ਵਿਸ਼ੇਸ਼

# ਕਲਗੀਧਰ ਦਾ ਜੁਝਾਰੂ ਪੁੱਤਰ : ਸਾਹਿਬਜ਼ਾਦਾ ਜੁਝਾਰ ਸਿੰਘ


ਰਮੇਸ਼ ਬੱਗਾ ਚੋਹਲਾ
ਮੋਬ:9463132719



ਸਿੱਖ ਇਤਿਹਾਸ ਜਿਥੇ ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਜੀ ਨੂੰ ਸੰਤ-ਸਿਪਾਹੀ ਦੇ ਲ਼ਕਬ ਨਾਲ ਨਿਵਾਜ਼ਦਾ ਉੱਥੇ ਪੁੱਤਰਾਂ ਦਾ ਦਾਨੀ ਕਹਿ ਕੇ ਵੀ ਅਥਾਹ ਮਾਣ-ਸਤਿਕਾਰ ਬਖ਼ਸ਼ਦਾ ਹੈ। ਉਨ੍ਹਾਂ ਦੇ ਇਸ (ਪੁੱਤਰ) ਦਾਨ ਦੀ ਗਵਾਹੀ ਸਿੱਖ ਇਤਿਹਾਸ ਦੇ ਦੋ ਖ਼ੂਨੀ ਸਾਕੇ, ਸਾਕਾ ਚਮਕੌਰ ਸਾਹਿਬ ਅਤੇ ਸਾਕਾ ਸਰਹਿੰਦ ਰਹਿੰਦੀ ਦੁਨੀਆਂ ਤੱਕ ਭਰਦੇ ਰਹਿਣਗੇ। ਇਨ੍ਹਾਂ ਸਾਕਿਆਂ ਵਿਚੋਂ ਸਾਕਾ ਚਮਕੌਰ ਸਾਹਿਬ ਇੱਕ ਅਜਿਹਾ ਵਿਲੱਖਣ ਸਾਕਾ ਹੈ ਜਿਸ ਵਿਚ ਮੁਗਲਾਂ ਅਤੇ ਪਹਾੜੀ ਰਾਜਿਆਂ ਦੀ ਬੇਵਸਾਹੀ ਦਾ ਸ਼ਿਕਾਰ ਹੋਏ ਕਲਗੀਧਰ ਪਾਤਸ਼ਾਹ ਦੇ ਮੁੱਠੀ ਭਰ ਸਿੰਘਾਂ ਨੇ ਹਜ਼ਾਰਾਂ ਦੀ ਤਦਾਦ ਵਿਚਲੀਆਂ ਫੌਜਾਂ ਨੂੰ 'ਲੋਹ ਦੇ ਚਨੇ' ਚਬਾ ਕੇ ਸ਼ਹਾਦਤ ਦੇ ਜਾਮ ਪੀਤੇ ਸਨ। ਸ਼ਹਾਦਤ ਦੇ ਇਸ ਜਾਮ ਨੂੰ ਪੀਣ ਵਾਲੇ ਮਰਜੀਵੜਿਆਂ ਵਿਚ ਜਿਥੇ ਦਸਮ ਪਿਤਾ ਦੇ ਸਿਦਕੀ ਸਿੱਖਾਂ, ਤਿੰਨ ਪਿਆਰਿਆਂ ਅਤੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਦਾ ਨਾਮ ਵਰਨਣਯੋਗ ਹੈ, ਉੱਥੇ ਦੂਸਰੇ ਸਾਹਿਬਜ਼ਾਦੇ ਬਾਬਾ ਜੁਝਾਰ ਸਿੰਘ ਦਾ ਨਾਂਅ ਵੀ ਬੜੇ ਫ਼ਖਰ ਨਾਲ ਲਿਆ ਜਾਂਦਾ ਹੈ।

ਸਾਹਿਬਜ਼ਾਦਾ ਜੁਝਾਰ ਸਿੰਘ ਦਾ ਜਨਮ ਬਿਕ੍ਰਮੀ 1747 (21 ਚੇਤ 1690) ਨੂੰ ਗੁਰੂ ਸਾਹਿਬ ਦੇ ਮਹਿਲ ਮਾਤਾ ਜੀਤੋ ਜੀ ਦੀ ਕੁੱਖੋਂ ਸ੍ਰੀ ਆਨੰਦਪੁਰ ਸਾਹਿਬ ਵਿਖੇ ਹੋਇਆ। ਗੁਰੂ ਸਾਹਿਬ ਨੇ ਆਪਣੇ ਦੂਸਰੇ ਸਪੁੱਤਰ ਜੁਝਾਰ ਸਿੰਘ ਦੀ ਪਾਲਣਾ-ਪੋਸ਼ਣਾ ਵੀ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਵਾਂਗ ਹੀ ਪੂਰੀ ਤਨਦੇਹੀ ਅਤੇ ਯੋਗ ਅਗਵਾਈ ਨਾਲ ਕੀਤੀ। ਵੱਡੇ ਵੀਰ ਅਜੀਤ ਸਿੰਘ ਦੀ ਤਰ੍ਹਾਂ ਹੀ ਜੁਝਾਰ ਸਿੰਘ ਨੂੰ ਵੀ ਜਿਸਮਾਨੀ ਕਰਤੱਬਾਂ, ਘੋੜ-ਸਵਾਰੀ, ਤੀਰਅੰਦਾਜ਼ੀ, ਨੇਜੇ-ਭਾਲੇ ਅਤੇ ਤਲਵਾਰਬਾਜ਼ੀ ਵਿਚ ਨਿਪੁੰਨ ਸੈਨਿਕ ਬਣਾਇਆ ਗਿਆ। ਗੁਰੂ ਪਿਤਾ ਵੱਲੋਂ ਆਪਣੇ ਇਸ ਪੁੱਤਰ ਨੂੰ ਫੌਜ਼ੀ ਮੁਹਿੰਮਾ ਦਾ ਹਿੱਸੇਦਾਰ ਬਣਨ ਲਈ ਵੀ ਅਕਸਰ ਹੀ ਭੇਜਿਆ ਜਾਂਦਾ ਸੀ। ਇਸ ਹਿੱਸੇਦਾਰੀ ਅਤੇ ਗੁਰੂ ਪਿਤਾ ਦੀ ਯੋਗ ਰਾਹਨੁਮਾਈ ਕਾਰਨ ਸਾਹਿਬਜ਼ਾਦਾ ਜੁਝਾਰ ਸਿੰਘ ਜੂਝਣ ਲਈ ਹਮੇਸ਼ਾਂ ਤਿਆਰ-ਬਰ-ਤਿਆਰ ਰਹਿੰਦੇ ਸਨ।

ਇਸ ਜੂਝਣ ਵਾਲੀ ਬਿਰਤੀ ਕਾਰਨ ਹੀ ਚਮਕੌਰ ਸਾਹਿਬ ਦੇ ਮੈਦਾਨ-ਏ-ਜੰਗ ਵਿਚ ਆਪਣੇ ਵੱਡੇ ਵੀਰ ਅਜੀਤ ਸਿੰਘ ਨੂੰ ਦੁਸ਼ਮਣ ਦਲ ਨਾਲ ਲੋਹਾ ਲੈਂਦਾ ਦੇਖ ਕੇ ਸਾਹਿਬਜ਼ਾਦਾ ਜੁਝਾਰ ਸਿੰਘ ਦਾ ਖ਼ੂਨ ਵੀ ਉਬਾਲੇ ਖਾਣ ਲੱਗ ਪਿਆ। ਰਣ ਵਿਚ ਵੈਰੀਆਂ ਦੇ ਆਹੂ ਲਾਹੁੰਦਿਆਂ ਜਦੋਂ (2) ਸਾਹਿਬਜ਼ਾਦਾ ਅਜੀਤ ਸਿੰਘ ਸ਼ਹਾਦਤ ਦਾ ਜਾਮ ਪੀ ਗਏ ਤਾਂ ਜੁਝਾਰ ਸਿੰਘ ਨੇ ਗੁਰੂ ਪਿਤਾ ਕੋਲ ਆ ਕੇ ਬੇਨਤੀ ਕੀਤੀ ਕਿ "ਪਿਤਾ ਜੀ! ਮੈਨੂੰ ਵੀ ਆਗਿਆ ਬਖ਼ਸ਼ੋ ਤਾਂ ਜੋ ਮੈਂ ਵੀ ਗੁਰਸਿੱਖਾਂ ਦੇ ਮੋਢੇ ਨਾਲ



ਮੋਢੇ ਜੋੜ ਕੇ ਵੀਰ ਅਜੀਤ ਸਿੰਘ ਵਾਂਗ ਦੁਸ਼ਮਣ ਦੇ ਨਾਲ ਦੋ ਹੱਥ ਕਰ ਸਕਾਂ। ਮੇਰੀ ਉਮਰ ਭਾਵੇਂ ਛੋਟੀ ਹੈ ਪਰ ਦੇਖਿਉ ਮੈਂ ਦੁਸ਼ਮਣਾਂ ਦੇ ਦੰਦ ਕਿਵੇਂ ਖੱਟੇ ਕਰਦਾ ਹਾਂ। ਪਿਤਾ ਜੀ ! ਜਲਦੀ ਕਰੋ, ਮੈਂ ਵੀ ਆਪਣੇ ਵੱਡੇ ਵੀਰ ਕੋਲ ਜਾਣਾ ਹੈ। " ਸਾਹਿਬਜ਼ਾਦਾ ਜੁਝਾਰ ਸਿੰਘ ਵੱਲੋ ਦਿਖਾਏ ਇਸ ਜੋਸ਼ ਅਤੇ ਉਤਸ਼ਾਹ ਨੂੰ ਕਵੀ ਸੈਨਾਪਤਿ ਇੰਝ ਬਿਆਨ ਕਰਦਾ ਹੈ:-

ਜਬ ਦੇਖਿਓ ਜੁਝਾਰ ਸਿੰਘ
ਸਮਾਂ ਪਹੁਚਿਓ ਆਨ।
ਦੌਰਿਓ ਦਲ ਮੈਂ ਧਾਇ ਕੈ
ਕਰ ਮੈਂ ਗਹੀ ਕਮਾਨ।

ਸਾਹਿਬਜ਼ਾਦਾ ਜੁਝਾਰ ਸਿੰਘ ਦੇ ਯੁੱਧ-ਚਾਅ ਨੂੰ ਕਵੀ ਰਤਨ ਸਿੰਘ ਭੰਗੂ ਕੁੱਝ ਇਸ ਤਰ੍ਹਾਂ ਬਿਆਨ ਕਰਦਾ ਹੈ:-

ਐਸੇ ਰੌਰੇ ਜਬ ਉਹਾਂ ਭਯੋ।
ਸਾਹਬ ਜੁਝਾਰ ਸਿੰਘ ਮਨ ਮੈਂ ਠਯੋ।
ਅਬ ਜੀਵਨ ਕੋ ਕੁਛ ਧ੍ਰਮ ਨਾਹੀਂ।
ਪੁਤ੍ਰ ਜੀਵੈ ਲੜ ਪਿਤਾ ਮਰਾਹੀ।

ਪੁੱਤਰ ਦੇ ਜੰਗੀ-ਜੋਸ਼ ਨੂੰ ਦੇਖ ਕੇ ਹਜ਼ੂਰ ਨੇ ਜੁਝਾਰ ਸਿੰਘ ਦੇ ਨਾਲ ਭਾਈ ਹਿੰਮਤ ਸਿੰਘ, ਭਾਈ ਸਾਹਿਬ ਸਿੰਘ (ਦੋਵੇਂ ਪਿਆਰੇ) ਭਾਈ ਮੋਹਰ ਸਿੰਘ ਅਤੇ ਭਾਈ ਲਾਲ ਸਿੰਘ ਨੂੰ (ਜਥੇ ਦੇ ਰੂਪ ਵਿਚ) ਚਮਕੌਰ ਦੀ ਗੜ੍ਹੀ ਤੋਂ ਬਾਹਰ ਭੇਜ ਦਿੱਤਾ। ਜਿਉਂ ਹੀ ਇਹ ਪੰਜ ਸ਼ੇਰ ਗੜ੍ਹੀ ਵਿਚੋ ਬਾਹਰ ਨੂੰ ਆਏ ਤਾਂ ਇਨ੍ਹਾਂ ਨੇ ਵੈਰੀ ਦੀ ਫੌਜ 'ਤੇ ਹੱਲਾ ਬੋਲ ਦਿੱਤਾ। ਇਧਰ ਜੁਝਾਰ ਸਿੰਘ ਆਪਣੇ ਸਾਥੀਆਂ ਸਮੇਤ ਜੂਝ ਰਿਹਾ ਸੀ ਉਧਰ ਗੁਰੂ ਗੋਬਿੰਦ ਸਿੰਘ ਜੀ ਗੜ੍ਹੀ 'ਚੋਂ ਤੀਰਾਂ ਦੀ ਬੁਛਾੜ ਕਰ ਰਹੇ ਸਨ। ਉਮਰ ਪੱਖੋਂ ਨਿੱਕੇ ਪਰ ਯੁੱਧ ਕਲਾ ਪੱਖੋਂ ਤਿੱਖੇ ਇਸ ਸੂਰਮੇ ਦੀ ਸੂਰਮਤਾਈ ਨੂੰ ਦੇਖ ਕੇ ਵੈਰੀ ਵੀ ਦੰਗ ਰਹਿ ਗਏ ਸਨ। ਸਵਾ ਲੱਖ ਨਾਲ ਏਕ ਲੜਾਊਂ ਵਾਲੀ ਨੀਤੀ/ਮੇਹਰ ਸਦਕਾ ਸਾਹਿਬਜ਼ਾਦਾ ਜੁਝਾਰ ਸਿੰਘ ਆਪਣੇ ਸਾਥੀਆਂ ਸਮੇਤ ਕਈ-ਕਈ ਮੁਗਲ ਸਿਪਾਹੀਆਂ 'ਤੇ ਭਾਰੀ ਪੈਂਦੇ ਹੋਏ ਅਖੀਰ 8 ਪੋਹ ਸੰਮਤ 1761 ਮੁਤਾਬਕ 22 ਦਸੰਬਰ 1704 ਈ. ਨੂੰ ਸ਼ਹੀਦੀਆਂ ਪਾ ਗਏ।

# ਆਸ਼ੀ ਈਸਪੁਰੀ ਦੀ ਗਿਆਰਵੀਂ ਪੁਸਤਕ ਮੇਰਾ ਰੁਬਾਈਨਾਮਾ ਹੋਈ ਲੋਕ ਅਰਪਣ



## ✪ ਹਰਜਿੰਦਰ ਸਿੰਘ ਅਟਵਾਲ ਅਤੇ ਪ੍ਰੇਮ ਪ੍ਰਕਾਸ਼ ਨੂੰ ਦਿੱਤੀ ਸ਼ਰਧਾਂਜਲੀ

ਜਲੰਧਰ (ਤੇਜਿੰਦਰ ਮਨਚੰਦਾ)-ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ ਰਜਿ ਵਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਰਜਿ ਦੇ ਸਹਿਯੋਗ ਨਾਲ ਪੰਜਾਬ ਪ੍ਰੈਸ ਕਲੱਬ ਜਲੰਧਰ ਵਿਖੇ ਇਕ ਸ਼ਾਨਦਾਰ ਸਾਹਤਿਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਜਿਸ ਦੇ ਪ੍ਰਧਾਨਗੀ ਮੰਡਲ ਵਿੱਚ ਪ੍ਰੋ. ਸੰਧੂ ਵਰਿਆਣਵੀ, ਜਗਦੀਸ਼ ਰਾਣਾ, ਆਸ਼ੀ ਈਸਪੁਰੀ, ਸਵਿੰਦਰ ਸੰਧੂ, ਗੁਰਦੀਪ ਸਿੰਘ ਸੈਣੀ ਅਤੇ ਲੈਕ. ਬਲਬੀਰ ਕੌਰ ਰਾਏਕੋਟੀ ਵਿਰਾਜਮਾਨ ਹੋਏ।

ਪ੍ਰੋਗਰਾਮ ਦੇ ਸ਼ੁਰੂ ਵਿੱਚ ਪਿਛਲੇ ਦਿਨੀਂ ਪ੍ਰਲੋਕ ਸਿਧਾਰ ਗਏ ਲੇਖਕਾਂ ਪ੍ਰੋ.ਹਰਜਿੰਦਰ ਸਿੰਘ ਅਟਵਾਲ ਅਤੇ ਪ੍ਰੇਮ ਪ੍ਰਕਾਸ਼ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ। ਲੈਕ. ਬਲਬੀਰ ਕੌਰ ਰਾਏਕੋਟੀ ਨੇ ਪੁਸਤਕ ਬਾਰੇ ਵਿਸਥਾਰ ਵਿੱਚ ਪਰਚਾ ਪੜ੍ਹਦਿਆਂ ਕਿਹਾ ਕਿ ਸਾਹਿਤ ਦੀ ਵਿਧਾ ਰੁਬਾਈ ਤੇ ਕਿਤਾਬ ਪ੍ਰਕਾਸ਼ਿਤ ਕਰ ਕੇ ਵਧੀਆ ਉਪਰਾਲਾ ਕੀਤਾ ਹੈ। ਪ੍ਰੋ.ਸੰਧੂ ਵਰਿਆਣਵੀ, ਗੁਰਦੀਪ ਸਿੰਘ ਸੈਣੀ ਅਤੇ ਸਵਿੰਦਰ ਸੰਧੂ ਨੇ ਆਸ਼ੀ ਨੂੰ ਵਧਾਈਆਂ ਦਿੰਦਿਆਂ ਹੋਇਆਂ ਆਪਣੀਆਂ ਰਚਨਾਵਾਂ ਵੀ ਸਾਂਝੀਆਂ ਕੀਤੀਆਂ। ਜਗਦੀਸ਼ ਰਾਣਾ ਨੇ ਕਿਹਾ ਕਿ ਆਸ਼ੀ ਬਹੁਵਿਧਾਵੀ ਸ਼ਾਇਰ ਹੈ ਤੇ ਹੰਸ ਰਾਜ ਹੰਸ, ਸਾਬਰਕੋਟੀ ਤੇ ਹੋਰ ਪ੍ਰਸਿੱਧ ਗਾਇਕਾਂ ਨੇ ਆਸ਼ੀ ਦੇ ਲਿਖੇ ਗੀਤ ਗਾਏ ਹਨ। ਪ੍ਰਸਿੱਧ ਗੀਤਕਾਰ ਹਰਵਿੰਦਰ ਸਿੰਘ ਵੀਰ ਨੇ ਵੀ ਆਸ਼ੀ ਨੂੰ ਵਧਾਈਆਂ ਦਿੱਤੀਆਂ। ਆਸ਼ੀ ਈਸਪੁਰੀ ਨੇ ਲੋਕ ਅਰਪਣ ਹੋਈ ਪੁਸਤਕ ਚੋਂ ਆਪਣੀਆਂ ਤਿੰਨ ਰਚਨਾਵਾਂ ਸੁਣਾ ਕੇ ਖ਼ੂਬ ਤਾੜੀਆਂ ਬਟੋਰੀਆਂ। ਇਸ ਮੌਕੇ ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ ਵਲੋਂ ਆਸ਼ੀ ਈਸਪੁਰੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਇਸ ਉਪਰੰਤ ਹੋਏ ਕਵੀ ਦਰਬਾਰ ਵਿੱਚ ਮਾਧਵੀ ਅੱਗਰਵਾਲ, ਸਵਿੰਦਰ ਸੰਧੂ, ਜਗਦੀਸ਼ ਰਾਣਾ, ਕੁਲਵਿੰਦਰ ਗਾਖਲ, ਵਿਜੈ ਵਾਜਿਦ, ਤਰਸੇਮ ਜਲੰਧਰੀ, ਸਾਹਿਬਾ ਜੀਟਨ ਕੌਰ, ਮਨਜੀਤ ਕੌਰ ਮੀਸ਼ਾ,ਰੀਤੂ ਕਲਸੀ, ਸੁਖਦੇਵ ਭੱਟੀ, ਮਨੋਜ ਫਗਵਾੜਵੀ, ਸੁਖਦੇਵ ਸਿੰਘ ਗੰਢਵਾਂ, ਹਰਜਿੰਦਰ ਜਿੰਦੀ, ਅਮਰ ਸਿੰਘ ਅਮਰ, ਮਿੱਤਰ ਮਨਜੀਤ, ਕੀਮਤੀ ਕੈਸਰ, ਲਾਲੀ ਕਰਤਾਰਪੁਰੀ, ਦਲਜੀਤ ਮਹਿਮੀ, ਰੋਹਿਤ ਸਿੱਧੂ ਅਲਗ, ਸੁਰਜੀਤ ਸਾਜਨ, ਸੋਹਣ ਸਹਿਜਲ, ਵਿਜੈ ਫ਼ਿਰਾਕ, ਉਰਮਿਲਜਿਤ ਸਿੰਘ, ਸੀਰਤ ਸਿਖਿਆਰਥੀ, ਅਵਤਾਰ ਸਿੰਘ ਬੈਂਸ, ਅਸ਼ੋਕ ਟਾਂਡੀ, ਦਰਸ਼ਨ ਸਿੰਘ ਨੰਦਰਾ, ਮੋਹਨ ਸਿੰਘ ਮੋਤੀ, ਦਿਲਬਹਾਰ ਸ਼ੌਕਤ, ਸੋਢੀ ਸੱਤੋਵਾਲੀ ਅਤੇ ਮੁਖਤਿਆਰ ਸਿੰਘ ਸ਼ਿਵਾਂਨ, ਨਗੀਨਾ ਸਿੰਘ ਬਲੱਗਣ ਆਦਿ ਕਵੀਆਂ ਨੇ ਆਪਣੀਆਂ ਰਚਨਾਵਾਂ ਰਾਹੀਂ ਖ਼ੂਬ ਰੰਗ ਬੰਨ੍ਹਿਆ।

ਇਸ ਮੌਕੇ ਜਿੱਥੇ ਗੁਰਨਾਮ ਬਾਵਾ ਅਤੇ ਜਗਦੀਸ਼ ਡਾਲੀਆ ਨੇ ਆਪਣੇ ਵਿਚਾਰ ਸਾਂਝੇ ਕੀਤੇ ਓਥੇ ਹੀ ਕਰਨਲ ਜਗਬੀਰ ਸਿੰਘ ਸੰਧੂ, ਰਛਪਾਲ ਬੱਧਣ, ਬਹਾਦਰ ਸਿੰਘ ਚੱਢਾ, ਪੰਥਕ ਕਥਾਵਾਚਕ ਕੁਲਵਿੰਦਰ ਸਿੰਘ ਘੁੰਮਣ, ਗੁਰਚਰਨ ਸਿੰਘ ਚੀਮਾ, ਗੀਤਾ ਵਰਮਾ ਅਤੇ ਆਸ਼ੀ ਈਸਪੁਰੀ ਦੀ ਜੀਵਨ ਸਾਥਣ ਸ਼੍ਰੀਮਤੀ ਬਲਬੀਰ ਕੌਰ ਅਤੇ ਬੇਟੀਆਂ ਸੁਖਦੀਪ ਕੌਰ ਅਤੇ ਲਵਦੀਪ ਕੌਰ (ਸਰਪੰਚ ਪਿੰਡ ਕੁਤਬੇਵਾਲ) ਅਤੇ ਜਵਾਈ ਪ੍ਰੋ. ਕ੍ਰਾਂਤੀ ਕੁਮਾਰ ਗਿੱਦੜਾ ਵਿਸ਼ੇਸ਼ ਤੌਰ ਤੇ ਉਪਸਥਿਤ ਰਹੇ।